# TO THE READER

KINDLY use this book very carefully. If the book is disfigured or marked or written on while in your possession the book will have to be replaced by a new copy or paid for. In case the book be a volume of set of which single volumes are not available the price of the whole set will be realized.

AMARSINGH COLLEGE

Library 8 ?

Checked

Class No....G83....

Book No....S31M....

Acc. No....3472....

152

# ਪ੍ਰਵੇਸ਼

ਜਨਮ
੨੬ ਫਰਵਰੀ ੧੮੦੨

ਮੌਤ
੨੨ ਮਈ ੧੮੮੫

ਇਸ ਸਿਆਣਪ ਦੇ ਯੁਗ ਵਿਚ ਲੋਕੀਂ ਦਸਤਾਵੇਜ਼ਾਂ ਤੋਂ, ਪੁਰਾਣੇ ਕੱਪੜਿਆਂ ਤੋਂ, ਦੱਬੇ ਹੋਏ ਖੰਡਰਾਤ ਤੋਂ ਬੀਤ ਚੁਕੀ ਸਭਿਅਤਾ ਤੇ ਜੀਵਨੀਆਂ ਨੂੰ ਹੂ-ਬ-ਹੂ ਅਖਾਂ ਅਗੇ ਲੈ ਆਉਂਦੇ ਹਨ। ਵਿਕਟਰ ਹੀਊਗੋ ਸਬੰਧੀ ਸਾਨੂੰ ਅਜੇਹੀਆਂ ਚੀਜ਼ਾਂ ਲੱਭਣ ਲਈ ਕਿਸੇ ਅਜਾਇਬ ਘਰ ਵਿਚ ਨਹੀਂ ਜਾਣਾ ਪੈਂਦਾ। ਲਗਪਗ ਤੀਹ ਹਜ਼ਾਰ ਰਾਤਾਂ ਤੇ ਦਿਨ ਵਿਕਟਰ ਹੀਊਗੋ ਦੀ ਜ਼ਿੰਦਗੀ ਵਿਚ ਆਏ ਤੇ ਇਸ ਨੇ ਹਰ ਇਕ ਪਲ ਨੂੰ ਸੰਜਮ ਨਾਲ ਵਰਤਿਆ। ਉਸ ਦੀਆਂ ਰੋਜ਼ਾਨਾ ਡਾਇਰੀਆਂ, ਸਾਤਿਆਂ ਤੇ ਵਿਚਾਰ-ਭਰੇ ਨੋਟ, ਚਲੰਤ ਲਹਿਰਾਂ ਤੇ ਲੇਖ ਤੇ ਹਰ ਸਾਲ ਦੀ ਕੋਈ ਨਾ ਕੋਈ ਲਿਖੀ ਕਿਤਾਬ ਸਾਡੇ ਸਾਹਮਣੇ ਹੋਨ। ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਵਿਕਟਰ ਹੀਊਗੋ ਜਿੰਨਾਂ ਉੱਚਾ ਤੇ ਬਹੁਤਾ ਸਾਹਿਤ ਅਜ ਤਕ ਕਿਸੇ ਨੇ ਵੀ ਨਹੀਂ ਲਿਖਿਆ। ਉਸ ਦਾ ਸਾਹਿਤ ਹੈ ਕਵਿਤਾ, ਨਾਵਲ, ਨਾਟਕ, ਲੇਖ ਤੇ ਉਲੱਥੇ।

ਪਹਿਲੇ ਅਸੀਂ ਵਿਕਟਰ ਦਾ ਆਲਾ ਦੁਵਾਲਾ ਵੇਖ ਲਈਏ। ਸ਼ਾਇਦ ਕੁਝ ਸੂਰਜ ਦੀਆਂ ਕਿਰਨਾਂ, ਕੁਝ ਉਡਦੀ ਧੂੜ ਦੇ ਅਸਰ, ਤੇ ਕੁਝ ਸਵੇਰ ਦੇ ਝੋਂਕੇ ਵਿਕਟਰ ਹੀਊਗੋ ਦੇ ਜੀਵਨ ਵਿਚੋਂ ਲੱਭ ਸੱਕਣ।

ਅਠਾਰਵੀਂ ਸਦੀ ਨੂੰ ਫ੍ਰਾਂਸੀਸੀ, ਭੁਖ, ਖੂਨ ਤੇ ਲੋਹੇ ਦੀ ਸਦੀ

ਆਖਦੇ ਹਨ। ਭੁਖ ਏਨੀ ਕਿ ਰਾਜੇ ਦੇ ਘਰੋਗੀ ਕੰਮਾਂ ਲਈ ਵੀ ਖ਼ਜ਼ਾਨੇ ਵਿਚ ਪੈਸਾ ਨ ਰਿਹਾ ਤੇ ਗਰੀਬਾਂ ਵਿਚਾਰਿਆਂ ਦਾ ਤਾਂ ਰੱਬ ਹੀ ਰਾਖਾ ਸੀ। ਭਿਆਨਕ ਭੁਖ ਨੇ ਲੋਹੇ ਦੀ ਢੂੰਡ ਕੀਤੀ ਤੇ ਲੋਹੇ ਨੇ ਖ਼ੂਨ ਦੀ। ਫ਼ਰਾਂਸ ਦੀ ਹਰ ਕੁੜੀ, ਮੁਟਿਆਰ ਤੇ ਬੁਢੀ ਹੱਥ ਵਿਚ ਛੁਰਾ ਲੈ ਕੇ ਇਧਰ ਉਧਰ ਫਿਰਦੀ ਸੀ। ਇਸ ਦਾ ਸਿੱਟਾ ਬਰਬਾਦੀ ਸੀ ਤੇ ਬਰਬਾਦੀ ਰੱਜ ਕੇ ਹੋਈ। ਸਾਰਾ ਫ਼ਰਾਂਸ ਖ਼ੂਨ ਨਾਲ ਧੋਤਾ ਗਿਆ। ਇਸ ਸਮੇਂ ਨੇ ਔਣ ਵਾਲੀਆਂ ਨਸਲਾਂ ਨੂੰ ਬਹਾਦਰ ਬਣਾਇਆ ਤੇ ਇਸ ਦੇਸ਼ ਨੂੰ ਕਈ ਵਡੇ ਆਦਮੀ ਦਿੱਤੇ—ਨਿਪੋਲੀਅਨ ਜਹੇ। ਵਿਕਟਰ ਹੀਊਗੋ ਦਾ ਪਿਤਾ ਵੀ ਫ਼ੌਜ ਵਿਚ ਨਿਪੋਲੀਅਨ ਦੇ ਨਾਲ ਹੀ ਵਧ ਫੁਲ ਰਿਹਾ ਸੀ।

ਜਦੋਂ ਜੋਸਫ ਹੀਊਗੋ ਜਨਰਲ ਬਣ ਰਿਹਾ ਸੀ, ਉਸ ਦੇ ਘਰ ਤੀਜੇ ਥਾਂ, ਇਕ ਕਮਜ਼ੋਰ ਜਿਹਾ ਬਚਾ ਬੇਸਿਨਕਨ ਨਾਮੇਂ ਸ਼ਹਿਰ ਵਿਚ ੨੬ ਫਰਵਰੀ ੧੮੦੨ ਨੂੰ ਪੈਦਾ ਹੋਇਆ। ਨਾਮ ਰਖਣ ਦੀ ਰਸਮ ਕਰਨ ਪਿਛੋਂ ਇਸਦਾ ਨਾਮ ਵਿਕਟਰ ਹੀਊਗੋ ਰਖਿਆ ਗਿਆ। ਕਮਜ਼ੋਰ ਜਹੇ ਬੱਚੇ ਦਾ ਨਾਮ ਵਿਕਟਰ (ਜੇਤੂ) ਰਖਣਾਂ ਠੀਕ ਸੀ? ਵਿਕਟਰ ਦੀਆਂ ਆਪਣੀਆਂ ਪਾਲਾਂ ਪੜ੍ਹੋ।

> "ਉਨਵੀਂ ਸਦੀ ਦੀ ਉਮਰ ਕੇਵਲ ਦੋ ਸਾਲ ਦੀ ਸੀ, ਜਦੋਂ ਪਹਿਲਾ ਨਿਪੋਲੀਅਨ, ਸ਼ਹਿਨਸ਼ਾਹ ਨਿਪੋਲੀਅਨ ਵਿਚ ਆਪਣੀਆਂ ਜਿੱਤਾਂ ਕਰਕੇ ਬਦਲ ਰਿਹਾ ਸੀ। ਬੇਸਿਨਕਨ ਸ਼ਹਿਰ ਵਿਚ ਇਕ ਬੱਚਾ ਆਇਆ, ਜਿਸਦੇ ਖ਼ੂਨ ਵਿਚ ਦੋ ਵਖ ਵਖ ਸੂਬਿਆਂ ਦਾ ਅਸਰ ਸੀ। ਉਸਦੇ ਮੂੰਹ ਤੇ ਨ ਭੜਕੀਲਾ ਰੰਗ ਸੀ ਤੇ ਨ ਮਨ ਮੋਹਣੇ ਨਕਸ਼ ਨੈਣ। ਉਹ ਅੰਨ੍ਹਾ ਤੇ ਗੁੰਗਾ ਸੀ। ਉਸ ਦੀ ਮਾਂ ਤੋਂ ਬਿਨਾਂ ਕਿਸੇ ਵੀ ਡਾਕਟਰ ਨੂੰ ਯਕੀਨ ਨਹੀਂ ਸੀ ਕਿ ਇਹ ਬੱਚਾ ਬਚ

ਰਹੇਗਾ, ਪਰ ਉਸਦੀ ਮਾਂ ਨੇ ਛਾਤੀ ਨਾਲ ਬੱਚਾ ਲਾਕੇ ਡਾਕਟਰ ਨੂੰ ਕਿਹਾ, 'ਇਹ ਨੂੰ ਬਚਣਾ ਪਵੇਗਾ, ਮੈਂ ਇਸ ਨੂੰ ਨਹੀਂ ਮਰਨ ਦੇਣਾ।' ਜ਼ਿੰਦਗੀ ਦੇ ਹਥ ਵਿਚ ਅਕਾਸ਼ ਦੇ ਸਫਿਆਂ ਵਾਲੀ ਕਤਾਬ ਸੀ ਤੇ ਉਹ ਫ਼ਰਾਂਸ ਦੇ ਵਸਨੀਕਾਂ ਦੇ ਹਜ਼ਾਰਾਂ ਨਾਮ ਮਿਟਾਉਂਦੀ ਹੋਈ ਇਸ ਬੱਚੇ ਦੇ ਨਾਮ ਨੂੰ ਵੀ ਸਫੇ ਤੋਂ ਮਿਟਾਉਣ ਲੱਗੀ। ਪਰ ਇਸਦੀ ਸਿਆਹੀ ਕੁਝ ਪੱਕੀ ਸੀ। ਉਸਦੀ ਜੀਵਨੀ ਦਾ ਨਿੱਕਾ ਜਿਹਾ ਪ੍ਰਛਾਵਿਆਂ ਭਰਿਆ ਦਿਨ, ਕਾਲੀ ਬੋਲੀ ਰਾਤ ਆਪਣੀ ਬੁਕਲ ਵਿਚ ਲੈਣ ਲਈ ਅਗੇ ਵਧ ਰਹੀ ਸੀ ਤੇ ਚਾਹੁੰਦੀ ਸੀ ਇਸ ਦਿਨ ਦੀ ਕੋਈ ਹੋਰ ਪ੍ਰਭਾਤ ਨਾ ਆਵੇ। ਪਰ ਮਾਂ ਦੇ ਫੌਲਾਦੀ ਹਥਾਂ ਵਿਚੋਂ ਕੋਈ ਬੱਚੇ ਨੂੰ ਖੋਹ ਨਾ ਸਕਿਆ।''

ਉਪਰਲੀਆਂ ਪਾਲਾਂ ਫ਼ਰਾਂਸੀਸੀਆਂ ਨੂੰ ਅੰਜੀਲ ਦੇ ਮੰਤਰਾਂ ਵਾਂਗ ਯਾਦ ਹਨ, ਤੇ ਉਹ ਗੱਡੀਆਂ, ਸਿਨਮਿਆਂ, ਘਰਾਂ ਤੇ ਖੇਤਾਂ ਵਿਚ ਉਚੀ ਉਚੀ ਗਾਉਂਦੇ ਗਾਉਂਦੇ ਮਸਤ ਹੋ ਜਾਂਦੇ ਹਨ। ਹੁਣ ਤੁਸੀਂ ਦੱਸੋ ਵਿਕਟਰ ਹੀਊਗੋ ਜੇਤੂ ਸੀ ਕਿ ਨਹੀਂ? ਉਸਨੇ ਕਮ-ਜ਼ੋਰ ਹੁੰਦਿਆਂ ਹੋਇਆਂ ਮੌਤ ਨੂੰ ਜਿੱਤਿਆ ਕਿ ਨਹੀਂ? ਪਰ ਇਸ ਜੰਗ ਦੇ ਜਿੱਤਣ ਵਿਚ ਹੋਰ ਕਿਸ ਨੇ ਸਹਾਇਤਾ ਕੀਤੀ? ਮਾਵਾਂ ਤੋਂ ਬਿਨਾਂ ਪੁਤਰਾਂ ਦੀ ਸਹਾਇਤਾ ਕੋਈ ਨਹੀਂ ਕਰ ਸਕਦਾ।

ਤਬਦੀਲੀ ਦੇ ਤੇ ਖਤਰੇ ਵਾਲੇ ਸਮੇਂ ਵਿਚ ਫੌਜੀਆਂ ਦੇ ਨਿੱਤ ਨਵੇਂ ਘਰ ਹੁੰਦੇ ਹਨ, ਤੇ ਉਹ ਆਪਣੇ ਮੁਲਕ ਦੇ ਬਚਾਉਣ ਲਈ ਨਿੱਤ ਨਵੇਂ ਥਾਂ ਬਦਲਦੇ ਹਨ। ਜਨਰਲ ਜੋਸਫ ਦੇ ਪੰਧਾਂ ਭਰੇ ਜੀਵਨ ਦੇ ਨਾਲ ਨਾਲ ਵਿਕਟਰ ਹੀਊਗੋ ਦਾ ਪੰਘੂੜਾ ਵੀ ਸਫਰ ਕਰਦਾ ਸੀ। ਵਿਕਟਰ ਹੀਊਗੋ ਆਪ ਹੀ ਲਿਖਦਾ ਹੈ,

## ਸ]                    ਮਾਂ

"ਇਸ ਲੋਹੇ ਤੇ ਖ਼ੂਨ ਦੀ ਸਦੀ ਦਾ ਪਿਤਾ ਇਕ ਕਾਮਯਾਬ ਖਿਡਾਰੀ ਸੀ ਤੇ ਪੁਤਰ ਫੌਜੀ ਕੈਂਪ ਵਿਚ ਪਸਤੌਲਾਂ ਤੇ ਹਥਿਆਰਾਂ ਨਾਲ ਖੇਡਦਾ ਸੀ । ਨਗਾਰੇ ਦਾ ਖੋਲ ਉਸ ਬੱਚੇ ਲਈ ਪੰਘੂੜਾ ਸੀ ਤੇ ਤੇਹ ਲਗਣ ਤੇ ਸਿਪਾਹੀ ਆਪਣੀ ਖੋਦ ਵਿਚ ਨਦੀ ਦਾ ਪਾਣੀ ਭਰਕੇ ਇਸ ਬੱਚੇ ਲਈ ਲਿਆਉਂਦੇ ਸਨ। ਫਟੇ ਝੰਡਿਆਂ ਦੇ ਪੋਤੜੇ ਬਣਾਕੇ ਇਸ ਬੱਚੇ ਲਈ ਵਰਤੇ ਜਾਂਦੇ ਸਨ। ਕਵਾਇਦ ਵੇਲੇ ਪੈਰਾਂ ਦੀ ਅਵਾਜ਼ ਤੇ ਚਾਂਦਮਾਰੀ ਦੀ ਅਵਾਜ਼ ਉਸ ਬੱਚੇ ਲਈ ਰੋਜ਼ ਦੀਆਂ ਖੁਸ਼ ਕਰਨ ਵਾਲੀਆਂ ਅਵਾਜ਼ਾਂ ਸਨ। ਖ਼ੂਨ ਦੀ ਦੇਵੀ ਵੱਡੇ ਵੱਡੇ ਸ਼ਹਿਰਾਂ ਨੂੰ, ਦੂਰ ਦੂਰ ਤੱਕ ਫੈਲੇ ਜੰਗਲਾਂ ਨੂੰ, ਮੇਲੇ ਤੇ ਰੌਣਕਾਂ ਨੂੰ ਇਕੋ ਝਪਟ ਨਾਲ ਬਰਬਾਦ ਕਰ ਦੇਂਦੀ ਸੀ, ਰਾਤ ਨੂੰ ਥੱਕ ਕੇ ਇਸ ਕੈਂਪ ਵਿਚ ਆਕੇ ਕਵੀ ਬੱਚੇ ਨੂੰ ਗੋਦੀ ਵਿਚ ਲੈਂਦੀ ਤੇ ਜੀਵਨ ਵਧਾਉਣ ਵਾਲੀਆਂ ਲੋਰੀਆਂ ਦੇਂਦੀ।

ਉਨ੍ਹੀਂ ਦਿਨੀ ਡਾਕੂ ਤੇ ਧਾੜਵੀ ਫਰਾਂਸ ਵਿਚ ਬਘਿਆੜਾਂ ਵਾਂਗ ਹਰਲ ਹਰਲ ਕਰਦੇ ਫਿਰਦੇ ਸਨ । ਫਰਾਂਸ ਦੇ ਵੱਡੇ ਵੱਡੇ ਡਾਕੂ ਫੜਨੇ ਤੇ ਉਨ੍ਹਾਂ ਨੂੰ ਸੜਕਾਂ ਤੇ ਲੱਗੇ ਬ੍ਰਿਛਾਂ ਨਾਲ ਲਟਕਾ ਦੇਣਾ ਜੋਸਫ ਦਾ ਜ਼ਰੂਰੀ ਕੰਮ ਸੀ । ਇਹ ਟੰਗੇ ਮੁਰਦੇ, ਸੜਕਾਂ ਉਤੇ ਅੰਧੇਰੀਆਂ ਵਿਚ ਝੂਲਦੇ, ਮੀਹਾਂ ਵਿਚ ਭਿਜਦੇ, ਤੇ ਏਨ੍ਹਾਂ ਦੇ ਚੁਫੇਰੇ ਕਾਵਾਂ ਤੇ ਇੱਲਾਂ ਦੇ ਚੀਕ ਚਿਹਾੜੇ ਦੀ ਅਵਾਜ਼ ਔਂਦੀ। ਇਹ ਸਭ ਕੁਝ ਕਿਉਂ ਕੀਤਾ ਜਾਂਦਾ ਸੀ ? ਕੇਵਲ ਲੋਕਾਂ ਨੂੰ ਸਿਖਿਆ ਦੇਣ ਲਈ। ਪਰ ਕਵੀ ਬੱਚਾ, ਵਿਕਟਰ ਹੀਊਗੋ, ਇਨ੍ਹਾਂ ਅਸਰਾਂ ਨੂੰ ਲੈਂਦਾ, ਇਨ੍ਹਾਂ ਦੇ ਕਾਰਣ ਸੋਚਦਾ ਤੇ ਆਪਣੀ ਨਿਆਣੀ ਰਾਇ ਨੂੰ ਪੱਕਿਆਂ ਕਰਦਾ ਗਿਆ—ਕਿਸੇ ਔਣ ਵਾਲੇ ਸਮੇਂ ਲਈ।

ਜੰਗੀ ਕੰਮਾਂ ਕਰਕੇ ਜੋਸਫ ਨੇ ਆਪਣੇ ਬੱਚਿਆਂ ਤੇ ਤੀਵੀਂ ਨੂੰ ਪੈਰਸ ਭੇਜ ਦਿੱਤਾ। ਪੈਰਸ ਵਿਚ ਜੇਹੜਾ ਮਕਾਨ ਇਨ੍ਹਾਂ ਨੂੰ ਮਿਲਿਆ, ਉਹ ਬਹੁਤ ਵੱਡਾ ਸੀ ਤੇ ਉਸ ਵਿਚਲਾ ਬਾਗ਼ ਇਕ ਵੱਡਾ ਜੰਗਲ

ਸੀ। ਇਸ ਵਿਚ ਭੂਤਨੇ ਤੇ ਚੁੜੇਲਾਂ ਰੋਜ਼ ਗਾਉਂਦੇ, ਨਚਦੇ; ਤੇ ਮੁੰਡੇ ਤੇ ਬੁਢੇ ਘਰਾਂ ਵਿਚ ਬਹਿਕੇ ਇਨ੍ਹਾਂ ਦੀਆਂ ਸੁਣੀਆਂ ਸੁਣਾਈਆਂ ਬਾਤਾਂ ਸੁਣਾਉਂਦੇ। ਵਿਕਟਰ ਹੀਊਗੋ ਦੀ ਮਾਂ, ਮਾਂ ਸੀ ਤੇ ਉਸ ਤੇ ਵਹਿਮਾਂ ਦਾ ਕੋਈ ਅਸਰ ਨਹੀਂ ਸੀ। ਇਸ ਜੰਗਲ ਵਿਚ ਅਖਰੋਟਾਂ ਦੇ ਬੂਟੇ ਬੜੇ ਸਨ ਤੇ ਮਾਂ ਆਪਣੇ ਬੱਚਿਆਂ ਨੂੰ ਕਈ ਵਾਰ ਅਖਰੋਟ ਤੋੜ ਤੋੜ ਕੇ ਦਿਆ ਕਰਦੀ ਸੀ। ਉਸ ਵੇਲੇ ਦੇ ਕਈ ਡਾਕੂ ਤੇ ਬਾਗ਼ੀ ਇਸ ਲੁਕਵੀਂ ਥਾਂ ਤੇ ਰਹਿੰਦੇ ਸਨ। ਉਨ੍ਹਾਂ ਵਿੱਚੋਂ ਇਕ ਜਨਰਲ ਲੇਹੋਰੀ ਵੀ ਸੀ। ਨਿਪੋਲੀਅਨ ਤੇ ਲੇਹੋਰੀ ਫੌਜ ਵਿਚ ਇਕੋ ਜਹੀ ਪਦਵੀ ਤੇ ਸਨ, ਸਮੇਂ ਨੇ ਨਿਪੋਲੀਅਨ ਨੂੰ ਸ਼ਹਿਨਸ਼ਾਹ ਬਣਾਇਆ ਤੇ ਉਹ ਲੇਹੋਰੀ ਨੂੰ ਕਿਸੇ ਬਿੱਲੇ ਲਾਉਣ ਲਈ ਸੋਚਦਾ ਸੀ, ਜੋ ਲੇਹੋਰੀ ਰੂਮ ਹੋ ਗਿਆ। ਇਹ ਸਾਰੀ ਕਹਾਣੀ ਵਿਕਟਰ ਹੀਊਗੋ ਦੀ ਮਾਂ ਨੇ ਸੁਣੀ ਤੇ ਲੇਹੋਰੀ ਨੂੰ ਆਪਣੇ ਬਾਗ਼–ਜੰਗਲ ਵਿਚ ਰਹਿਣ ਲਈ ਆਗਿਆ ਦੇ ਦਿੱਤੀ।

ਵਿਕਟਰ ਹੀਊਗੋ ਨਾਲ ਇਸ ਬਾਗ਼ੀ ਦਾ ਬੜਾ ਪਿਆਰ ਸੀ। ਹਰ ਰਾਤ ਨੂੰ ਜਨਰਲ ਲੇਹੋਰੀ ਨੇ ਬਹਾਦਰਾਂ ਦੀਆਂ ਸੱਚੀਆਂ ਕਹਾਣੀਆਂ ਸੁਣਾਉਣੀਆਂ ਤੇ ਵਿਕਟਰ ਨੇ ਇਕ ਕਹਾਣੀ ਖਤਮ ਹੋਣ ਤੇ ਕਹਿਣਾ, "ਇਕ ਹੋਰ ਸੁਣਾਵੋ–ਊਂ ਊਂ, ਮੈਂ ਇਕ ਹੋਰ ਸੁਣਨੀ ਏਂ।"

ਰਾਤਾਂ ਵੱਡੀਆਂ ਹੁੰਦੀਆਂ ਗਈਆਂ ਤੇ ਕਹਾਣੀਆਂ ਵੀ ਬਦਲਦੀਆਂ ਗਈਆਂ। ਵਿਕਟਰ ਹੀਊਗੋ ਦਾ ਬਚਪਨ ਸੱਚੀਆਂ ਘਟਨਾਵਾਂ ਨਾਲ ਉਸਰਦਾ ਗਿਆ। ਕੀ ਵਿਕਟਰ ਹੀਊਗੋ ਸਕੂਲ ਤੋਂ ਪਹਿਲਾਂ ਇਕ ਬਾਗ਼ੀ ਕੋਲੋਂ ਪੜ੍ਹਿਆ ਸੀ ? ਹਾਂ, ਤੇ ਏਹੋ ਕਹਾਣੀਆਂ, ਇਹੋ ਲਹੂ ਦਾ ਸੇਕ, ਇਹੋ ਦਿਲਬਰੀਆਂ, ਇਹੋ ਬਰੂਦੇ ਗੋਲੇ, ਵਿਕਟਰ ਦੇ ਸ਼ਬਦ ਬਣੇ ਤੇ ਉਸ ਨੇ ਇਨ੍ਹਾਂ ਸ਼ਬਦਾਂ ਨਾਲ ਫ਼ਰਾਂਸ ਨੂੰ ਅੱਗ ਲਾਈ। 'ਕਲਮ ਤੇ ਤਲਵਾਰ ਦਾ ਟਾਕਰਾ ਕਰੋ' ਇਹ

ਵਾਕ ਵਿਕਟਰ ਦੇ ਜੀਵਨ ਵਿਚੋਂ ਹੀ ਪ੍ਰਚਲਤ ਹੋਇਆ।

ਜਦੋਂ ਨਿੱਕੇ ਨਿੱਕੇ ਮੁੰਡੇ ਬਸਤੇ ਫੜੀ ਸਕੂਲਾਂ ਨੂੰ ਜਾ ਰਹੇ ਹੁੰਦੇ ਸਨ, ਉਦੋਂ ਵਿਕਟਰ ਹੀਊਗੋ ਪੰਛੀਆਂ ਦੀਆਂ ਭਾਂਤਭਾਂਤ ਦੀਆਂ ਬੋਲੀਆਂ ਸੁਣਦਾ। ਜਦੋਂ ਰਾਤ ਨੂੰ ਦੀਵੇ ਦੇ ਚਾਨਣੇ ਵਿਚ ਨਿਆਣੇ ਨੀਂਦਰ ਭਰੀਆਂ ਅੱਖਾਂ ਨਾਲ ਸੁਵਾਲ ਕਢਦੇ ਤੇ ਇਕ ਇਕ ਅਖਰ ਦੇ ਕਈ ਕਈ ਅਖਰ ਬਣਦੇ ਵੇਖਦੇ ਜਾਂ ਸਾਰਾ ਸਫ਼ਾ ਚਿੱਟੇ ਕਾਗਜ਼ ਵਿਚ ਤਬਦੀਲ ਹੁੰਦਾ ਤੱਕਦੇ, ਵਿਕਟਰ ਹੀਊਗੋ ਉਸ ਵੇਲੇ ਚਾਨਣੀ ਰਾਤ ਵਿਚ ਘੁੰਮਦਾ ਤੇ ਕਿਸੇ ਚਾਅ ਨਾਲ ਭਰ ਜਾਂਦਾ। ਇਨ੍ਹਾਂ ਚਾਨਣੀਆਂ ਰਾਤਾਂ ਤੇ ਪੰਛੀਆਂ ਦੀਆਂ ਬੋਲੀਆਂ ਨੇ ਵਿਕਟਰ ਦੀਆਂ ਕਵਿਤਾਵਾਂ ਵਿਚ ਪਾਲਾਂ ਬਣਨਾ ਮਨਜ਼ੂਰ ਕਰ ਲਿਆ। ਲੋਕੀ ਪੜ੍ਹਦੇ ਤੇ ਆਖਦੇ, "ਇਸ ਕਵਿਤਾ ਵਿਚ ਪ੍ਰਭਾਤ ਵਰਗਾ ਅਸਰ ਹੈ, ਇਸ ਕਵਿਤਾ ਵਿਚ ਚੰਦ ਦੀ ਚਾਨਣੀ ਇਕੱਠੀ ਹੋਕੇ ਪਾਲਾਂ ਬਣ ਗਈ ਹੈ।"

ਵਿਕਟਰ ਹੀਊਗੋ ਸਕੂਲੇ ਵੀ ਪੜ੍ਹਨੇ ਪਿਆ, ਮੁੰਡਿਆਂ ਵਿਚੋਂ ਫਸਟ ਵੀ ਰਿਹਾ, ਇਨਾਮ ਤੇ ਵਜ਼ੀਫੇ ਭੀ ਲਏ ਤੇ ਬੱਚਿਆਂ ਵਾਂਗ ਕਈ ਕਵਿਤਾਵਾਂ ਦੇ ਖਿਡਾਉਣੇ ਬਣਾਏ ਤੇ ਤੋੜੇ। ਲਿਖ ਲਿਖ ਕੱਟਣ ਨਾਲ, ਤੇ ਕੱਟ ਕੱਟ ਲਿਖਣ ਨਾਲ ਵਿਕਟਰ ਦੀ ਲਿਖਤ ਫਲ ਵਾਂਗ ਪੱਕਦੀ ਗਈ। ਵਿਕਟਰ ਜੀਨੀਅਸ ਸੀ, ਪਰ ਮੇਹਨਤੀ ਦਸਣ ਨਾਲ ਜੀਨੀਅਸ ਦੀ ਹੱਤਕ ਨਹੀਂ ਹੋ ਜਾਂਦੀ।

ਨਿਪੋਲੀਅਨ ਬੋਨਾਪਾਰਟ ਦੀਆਂ 'ਜਿੱਤਾਂ-ਹਾਰਾਂ' ਵਿਕਟਰ ਹੀਊਗੋ ਦੇ ਗੀਤ ਬਣਦੇ ਗਏ ਤੇ ਜੈਕਾਰਿਆਂ ਦੀ ਗੂੰਜ ਵਾਂਗ ਫ਼ਰਾਂਸੀਸੀ ਵਿਕਟਰ ਦੇ ਗੀਤਾਂ ਨਾਲ ਉਠਦੇ ਤੇ ਮੈਦਾਨਾਂ ਵਿਚ ਵਧਦੇ ਗਏ।

ਲਾਹੋਵੀਯੋਰ ਪਾਦਰੀ, ਜਿਸਨੇ ਡਰਦਿਆਂ ਪਿੱਛੋਂ ਵਿਆਹ ਕਰ ਲਿਆ ਸੀ, ਵਿਕਟਰ ਹੀਊਗੋ ਦਾ ਵਿਦਿਆ ਗੁਰੂ ਬਣਿਆ।

ਉਸ ਨੇ ਸੰਸਕਾਰਾਂ ਦੀਆਂ ਜ਼ੰਜੀਰਾਂ ਵਿਚ ਵਿਕਟਰ ਹੀਊਗੋ ਦੀ ਨਿਆਣੀ ਆਤਮਾ ਜਕੜ ਦਿੱਤੀ। ਉਸ ਨੇ ਵਿਕਟਰ ਨੂੰ ਖੜਾ ਕੁਝ ਦਿੱਤਾ, ਪਰ ਕਈ ਗੱਲਾਂ ਉਸਨੇ ਠੀਕ ਨਾ ਦੱਸੀਆਂ। ਏਸੇ ਕਰਕੇ ਵਿਕਟਰ ਪਹਿਲੋਂ ਰਾਜ ਤੰਤਰ ਦੇ ਹੱਕ ਵਿਚ ਸੀ ਤੇ ਪਿੱਛੋਂ ਲੋਕ-ਰਾਜ ਦੇ ਹੱਕ ਵਿਚ ਹੋਇਆ। ਵਿਕਟਰ ਆਪ ਲਿਖਦਾ ਹੈ, "ਮੈਂ ਮੰਨਦਾ ਹਾਂ ਕਿ ਹੇਠੋਂ ਉਪਰ ਜਾਣਾ ਬੜਾ ਔਖਾ ਹੈ, ਪਰ ਕੀ ਉਪਰ ਜਾਕੇ ਫਿਰ ਹੇਠਾਂ ਆ ਜਾਣਾ ਕੋਈ ਮਮੂਲੀ ਘਟਨਾ ਹੈ? ਮੈਂ ਮਰਦਾਂ ਵਾਂਗ ਆਪਣੀਆਂ ਭੁੱਲਾਂ ਮੰਨਦਾ ਹਾਂ, ਮੈਂ ਬਹਾਦਰਾਂ ਵਾਂਗ ਆਪਣੇ ਬਚਪਨ ਦੇ ਸੰਸਕਾਰਾਂ ਨੂੰ ਤੋੜਦਾ ਹਾਂ। ਮੈਂ ਆਪ-ਣੀਆਂ ਲਿਖਤਾਂ ਵਿਚ ਪਾਦਰੀਆਂ ਨੂੰ ਅਕਾਸ਼ ਤੇ ਚੜ੍ਹਾਇਆ ਤੇ ਮੈਂ ਹੀ ਉਨ੍ਹਾਂ ਨੂੰ ਨਫਰਤ ਦੇ ਡੂੰਘੇ ਟੋਏ ਵਿਚ ਸੁਟਿਆ। ਪਾਦਰੀ ਮੇਰੇ ਮੂੰਹ ਵੱਲ ਵੇਖਦੇ ਤੇ ਕਹਿੰਦੇ, 'ਓਇ ਇਹ ਕੀ ਬਣ ਗਿਆ।' "

ਵਿਕਟਰ ਦੀ ਮਾਂ ਹਰ ਤਰ੍ਹਾਂ ਦੇ ਵਿਚਾਰਾਂ ਦਾ ਸਤਿਕਾਰ ਕਰਦੀ ਸੀ। ਉਹ ਕਈ ਵਾਰ ਨਿਕਲਦੀ ਧੁੱਪੇ ਬੈਠੀ, ਵਿਕਟਰ ਹੀਊਗੋ ਤੇ ਇਸ ਦੇ ਭਰਾਵਾਂ ਨੂੰ ਕਹਿੰਦੀ, "ਵਿਚਾਰ ਕਦੀ ਮਾੜਾ ਹੋ ਈ ਨਹੀਂ ਸਕਦਾ, ਭਾਵੇਂ ਉਹ ਵੈਰੀ ਦਾ ਹੀ ਕਿਉਂ ਨਾ ਹੋਵੇ। ਉਲਟ ਪੁਲਟ ਵਿਚਾਰਾਂ ਦੇ ਅਸਰਾਂ ਨਾਲ ਨਵੇਂ ਵਿਚਾਰ ਪੈਦਾ ਹੁੰਦੇ ਹਨ। ਮੈਂ ਚਾਹੁੰਦੀ ਹਾਂ, ਸਭ ਕੁਝ ਪੜ੍ਹੋ, ਕੇਵਲ ਪੜ੍ਹਨ ਲਈ ਨਹੀਂ, ਸਗੋਂ ਕੁਝ ਲੈਣ ਲਈ।" ਉਹ ਵਾਲਟੇਅਰ ਤੇ ਰੂਸੋ ਦੀਆਂ ਕਿਤਾਬਾਂ ਆਪ ਖ੍ਰੀਦਕੇ ਬੱਚਿਆਂ ਨੂੰ ਦੇਂਦੀ। (ਫਰਾਂਸ ਦੀ ਭਿਆਨਕ ਤਬ-ਦੀਲੀ ਦੇ ਇਹ ਪਿਤਾ ਮੰਨੇ ਗਏ ਹਨ।)

ਸੁਤੰਤਰ ਵਿਚਾਰਾਂ ਦਾ ਸਿੱਟਾ ਇਹ ਨਿਕਲਿਆ ਕਿ ਵਿਕਟਰ ਨੇ ਆਪਣੀ ਬੋਲੀ ਨੂੰ ਆਪਣੇ ਵਿਚਾਰਾਂ ਅਨੁਸਾਰ ਮਰੋ-ੜਿਆ ਤੋੜਿਆ ਤੇ ਢਾਲਿਆ। ਉਸ ਵੇਲੇ ਦੇ ਲਿਖਾਰੀ ਆਪਣੀ ਆਦਤ ਵਾਂਗ ਉਡਣੇ ਸੱਪਾਂ ਵਾਂਗ ਵਿਕਟਰ ਦੇ ਡੰਗ ਮਾਰਨ ਲੱਗੇ।

ਕਿਸੇ ਨੇ ਕਿਹਾ, "ਇਸ ਨੂੰ ਬੋਲੀ ਤੇ ਮੁਹਾਵਰੇ ਦੇ ਠੁੱਕ ਦਾ ਪਤਾ ਹੀ ਨਹੀਂ।"

ਕਿਸੇ ਨੇ ਕਿਹਾ, "ਇਹ ਬਨਾਉਟੀ ਲਿਖਾਰੀ ਹੈ, ਤੇ ਇਸ ਦੀਆਂ ਨੱਟਾਂ ਵਾਂਗ ਜੀਵਨ-ਹੀਨ ਕ੍ਰਿਆਂ ਹਨ।"

ਕਿਸੇ ਨੇ ਕਿਹਾ, "ਇਸ ਦੀ ਕਹਾਣੀ ਦੀ ਕੰਗਰੋੜ ਪਤਲੀ ਹੈ।"

ਇਹ ਰਾਵਾਂ ਵੀ ਵਿਕਟਰ ਨੇ ਉਸੇ ਤਰ੍ਹਾਂ ਬਦਲ ਦਿੱਤੀਆਂ, ਜਿਵੇਂ ਬਚਪਨ ਵੇਲੇ ਇਸ ਦੀ ਮੌਤ ਸੰਬੰਧੀ ਰਾਵਾਂ ਬਦਲੀਆਂ ਸਨ। ਉਹ ਰਾਵਾਂ ਮਾਂ ਨੇ ਬਦਲੀਆਂ ਸਨ ਤੇ ਇਹ ਮਾਂ ਦੀ ਦਿੱਤੀ ਹੋਈ ਸੁਤੰਤਰ ਵਿਚਾਰਾਂ ਦੀ ਕਲਮ ਨੇ। ਜੋਸਫ ਦੀਆਂ ਤਲਵਾਰਾਂ ਨੇ ਉਸਨੂੰ ਅਖੀਰ ਗਵਰਨਰ ਬਣਾ ਦਿੱਤਾ ਤੇ ਵਿਕਟਰ ਹੀਊਗੋ ਦੀ ਕਲਮ ਨੇ ਇਸ ਨੂੰ ਆਪਣੀ ਸਦੀ ਦਾ ਸਭ ਤੋਂ ਵੱਡਾ ਲਿਖਾਰੀ।

ਹਰ ਇਕ ਵੱਡੇ ਆਦਮੀ ਦੀ ਜ਼ਿੰਦਗੀ ਵਿਚ ਇਕ ਲੀਕ ਹੁੰਦੀ ਹੈ, ਜੇਹੜੀ ਉਸਦੀ ਤਿਆਰੀ ਤੇ ਕੰਮ ਨੂੰ ਵਖ ਕਰਦੀ ਹੈ। ਜਿਵੇਂ ਬਚਪਨ ਤੇ ਜੁਵਾਨੀ ਦੇ ਵਿਚਕਾਰ ਇਕ ਪਗਡੰਡੀ ਹੈ, ਤੇ ਜੁਵਾਨੀ ਤੇ ਬੁਢੇਪੇ ਦੇ ਵਿਚਕਾਰ ਇਕ ਸੜਕ। ਪਰ ਵਿਕਟਰ ਹੀਊਗੋ ਦਾ ਸਾਰਾ ਜੀਵਨ ਤਿਆਰੀ ਹੈ, ਤੇ ਸਾਰਾ ਜੀਵਨ ਮੁੜਕੋ ਮੁੜਕੀ ਹੋਣ ਵਾਲੇ ਕੰਮਾਂ ਨਾਲ ਭਰਿਆ ਹੋਇਆ ਹੈ।

ਇਸ ਦੀ ਯਾਦ ਸੰਬੰਧੀ ਇਕ ਅਨੋਖੀ ਗੱਲ ਹੈ। ਜਦੋਂ ਇਹ ਨਿੱਕਾ ਜੇਹਾ ਸੀ, ਇਸਨੇ ਆਪਣੇ ਘਰ ਤੇ ਮੰਜੇ, ਬਿਸਤਰੇ ਤੇ ਰਸੋਈ ਵਿਚ ਪਏ ਭਾਂਡੇ, ਮੂੰਹ ਧੋਣ ਵੇਲੇ ਮਾਂ ਦੇ ਢੰਗ ਤੇ ਆਪਣੇ ਭਰਾ ਦੇ ਸਕੂਲ ਜਾਣ ਸਮੇਂ ਲੰਮਾਂ ਥੈਲਾ ਲਮਕਾਕੇ ਚਲਣ ਵਾਲੀ ਚਾਲ ਤੇ ਇਕ ਨੋਟ ਲਿਖਿਆ। ਇਨ੍ਹਾਂ ਹੀ ਦਿਨਾਂ ਵਿਚ ਪ੍ਰਸਿਧ ਇਤਹਾਸਕਾਰ ਇਨ੍ਹਾਂ ਦੇ ਘਰ ਆਇਆ ਤੇ ਉਸਨੇ ਇਨ੍ਹਾਂ ਦੀ ਘਰੋਗੀ ਜਿੰਦਗੀ ਆਪਣੇ ਸ਼ਬਦਾਂ ਵਿਚ ਲਿਖੀ। ਚਾਲੀ ਸਾਲਾਂ ਦੇ ਪਿਛੋਂ ਵਿਕਟਰ

ਦਾ ਤੇ ਇਤਹਾਸ ਕਾਰ ਦਾ ਮੇਲ ਹੋਇਆ।ਉਸਨੇ ਵਿਕਟਰ ਦੇ ਬਚਪਨ ਸੰਬੰਧੀ ਲਿਖਿਆ ਲੇਖ ਲਿਆਂਦਾ, ਵਿਕਟਰ ਨੇ ਆਪਣੀ ਪੁਰਾਣੀ ਲਿਖੀ ਕਾਪੀ ਕਢੀ। ਇਤਹਾਸਕਾਰ ਨੇ ਮੂੰਹ ਵਿਚ ਉਂਗਲਾਂ ਪਾਈਆਂ ਤੇ ਉਜਲੀ ਯਾਦ ਦੀ ਸਿਫਤ ਕੀਤੀ। ਕਾਰਣ? ਦੋਵਾਂ ਨੇ ਜੋ ਲਿਖਿਆ ਸੀ, ਉਸ ਵਿਚ ਸ਼ਬਦ ਤੇ ਵਾਕਾਂ ਦਾ ਢੰਗ ਤੇ ਵਖਰਾ ਸੀ, ਪਰ ਗੱਲਾਂ ਇਕੋ ਸਨ।

ਵਿਕਟਰ ਹੀਊਗੋ ਨੇ ਤ੍ਰਿਆਸੀ ਸਾਲ ਦੁਨੀਆਂ ਜਾਗ ਕੇ ਕੱਟੇ ਤੇ ਉਸ ਦੀਆਂ ਲਿਖਤਾਂਨੇ ਲੋਕਾਂ ਨੂੰ ਜਗਾਇਆ। ਇਸ ਦੀਆਂਪੰਜਾਹ ਤੋਂ ਬਹੁਤੀਆਂ ਕਤਾਬਾਂ ਹਨ। ਕੋਈ ਇਸ ਨੂੰ ਨਾਟਕਕਾਰ ਦੇ ਰੂਪ ਵਿਚ ਦੂਜਾ ਸ਼ੇਕਸਪੀਅਰ ਮੰਨਦੇ ਹਨ। ਕਈ ਇਸ ਨੂੰ ਨਵੀਂ ਕਵਿਤਾ ਦਾ ਮੋਢੀ ਕਹਿੰਦੇ ਹਨ। ਕਈ ਏਸ ਦੀਆਂ ਐਸੰਬਲੀ ਦੀਆਂ ਸਪੀਚਾਂ ਪੜ੍ਹਕੇ ਇਸਨੂੰ ਲਾਸਾਨੀ ਲੈਕਚਰਾਰ ਮੰਨਦੇ ਹਨ। ਮੂੰਹ ਤੇ ਖਰੀਆਂ ਖਰੀਆਂ ਸੁਣਾਉਣ ਵਾਲੀ ਖੂਬੀ ਤੋਂ ਕਈ ਵਿਕ ਜਾਂਦੇ ਹਨ। ਕਈ ਇਸ ਦੇ ਦੇਸ਼ ਨਿਕਾਲੇ ਤੋਂ ਇਸਦੀ ਦੇਸ਼ ਭਗਤੀ ਦਾ ਫਰਾਂਸ ਦੇ ਵੱਡੇ ਵੱਡੇ ਲੀਡਰਾਂ ਨਾਲ ਮੁਕਾਬਲਾ ਕਰਦੇ ਹਨ।

ਵਿਕਟਰ ਹੀਊਗੋ ਚਿੱਤਰਕਾਰ ਵੀ ਸੀ। ਇਸਨੇ ਇਕ ਡਾਕੂ ਦੀ ਤਸਵੀਰ ਬਣਾਈ ਹੈ: ਇਕ ਵੱਡੇ ਸਰੀਰ ਤੇ ਸੁਹਣੀਆਂ ਅੱਖਾਂ ਵਾਲਾ ਆਦਮੀ ਦਰਖਤ ਨਾਲ ਗਲ ਵਿਚ ਰਸਾ ਪਾਕੇ ਲਟਕਾਇਆ ਹੈ। ਲਾਗਲੇ ਬ੍ਰਿਛਾਂ ਦੇ ਪਤੇ ਪੀਲੇ ਹੋਏ ਹਨ। ਪੰਛੀਆਂ ਨੇ ਅਖਾਂ ਮੀਟੀਆਂ ਹਨ ਤੇ ਹਉਕੇ ਲੈ ਰਹੇ ਜਾਪਦੇ ਹਨ। ਸੜਕ ਦੂਰ ਤੱਕ ਬੜੀ ਉਦਾਸ ਜੇਹੀ ਹੈ, ਪਾਂਧੀ ਥੱਕੇ ਟੁਟੇ ਜਾ ਰਹੇ ਹਨ। ਸੂਰਜ ਦੀਆਂ ਛੇਕੜਲੀਆਂ ਕਿਰਨਾਂ ਡਾਕੂ ਦੀਆਂ ਅਖਾਂ ਤੇ ਬੁਲ੍ਹਾਂ ਤੇ ਹਨ, ਤੇ ਉਸ ਦੀ ਨਜ਼ਰ ਦੂਰ ਕਿਤੇ ਆਪਣੇ ਭੁਖੇ ਬੱਚਿਆਂ ਤੇ ਲਗੀ ਹੈ। ਅਜ ਤੱਕ ਡਾਕੂ ਦੀ ਤਸਵੀਰ ਬਣਾਕੇ ਡਾਕੂਆਂ ਨਾਲ ਕੋਈ ਏਨੀ ਹਮਦਰਦੀ ਨਹੀਂ ਵਿਖਾ ਸੱਕਿਆ ਜਿੰਨੀ ਵਿਕਟਰ ਹੀਊਗੋ ਦੀ ਤਸਵੀਰ ਪ੍ਰਗਟ

ਕਰਦੀ ਹੈ। ਤੇ ਇਹ ਵਿਕਟਰ ਹੀਊਗੋ ਦੀ ਨਿਆਣੀ ਰਾਇ ਅੰਤ ਨੂੰ ਇਕ ਚਿੱਤਰ ਬਣ ਨਿਕਲੀ। ਕਈ ਐਸੇ ਤਸਵੀਰ ਨੂੰ ਲੈਕੇ ਵਿਕਟਰ ਹੀਊਗੋ ਦਾ ਚਿਤ੍ਰਕਾਰਾਂ ਵਿਚ ਦਰਜਾ ਉਲੀਕਦੇ ਹਨ।

ਵਿਕਟਰ ਬੀਬਾ ਪੁਤਰ ਤੇ ਸੁਚੱਜਾ ਬਾਪ ਸੀ, ਨਿਘਾ ਪਤੀ ਤੇ ਦੋਸਤਾਂ ਦਾ ਦੋਸਤ ਸੀ। ਵਿਕਟਰ ਹੀਊਗੋ ਨੂੰ ਰਬ ਨੇ ਬਹੁਤ ਕੁਝ ਦਿੱਤਾ,ਉਸਨੇ ਸਭਕੁਝ ਮਨੁਖਤਾ ਨੂੰ।ਵਿਕਟਰ ਹੀਊਗੋ ਦੀਹਰ ਕਿਤਾਬ ਉਸਦਾ ਆਪਣਾ ਜੀਵਨ ਹੈ। ਉਸਦਾ ਜੀਵਨ ਸਾਗਰ ਵਾਂਗ ਹੈ, ਤੇ ਕਿਤਾਬਾਂ ਜੁਵਾਰਭਾਟੇ ਵਾਂਗ, ਡੂੰਘੀਆਂ ਨੀਲਾਣਾਂ ਵਾਂਗ ਤੇ ਕਦੀ ਕਦੀ ਖੇਡ ਦੀਆਂ ਲਹਿਰਾਂ ਵਾਂਗ। ਵਿਕਟਰ ਦੇ ਜੀਵਨ ਦੀਆਂ ਮੈਂ ਕੇਵਲ ਉਹੋ ਗੱਲਾਂ ਦਿੱਤੀਆਂ ਹਨ,ਜਿਨ੍ਹਾਂ ਦਾਨਾਵਲ'ਮਾਂ'ਨਾਲ ਡੂੰਘਾ ਸੰਬੰਧ ਹੈ। ਕਿਸ ਕਿਸ ਘਟਨਾ ਨੇ ਕੇਹੜੇ ਪਾਤਰ ਨੂੰ ਜੀਵਨ ਦਿੱਤਾ ਹੈ ? ਇਹ ਲੱਭਣ ਦੀ ਖੇਚਲ ਸਿਆਣੇ ਪਾਠਕਾਂ ਨੂੰ ਦੇਂਦਾ ਹਾਂ।

'Ninet ythree' ਦਾ ਉਲਥਾ ਕਰਨ ਲਈ ਮੇਰੇ ਪਰਮ ਮਿੱਤ੍ਰਾਂ ਸ: ਅਜਮੇਰ ਸਿੰਘ ਇੰਸਪੈਕਟਰ ਨੇ ਕਿਹਾ ਸੀ। ਮੈਨੂੰ ਬੜੀ ਖੁਸ਼ੀ ਹੈ ਜੋ ਮਿੱਤਰ ਦੇ ਹੁਕਮ ਦੀ ਪਾਲਨਾ ਕਰ ਸੱਕਿਆ ਹਾਂ।

ਮੈਂ ਆਪਣੇ ਹੈਡ ਮਾਸਟਰ ਸ: ਬੀਰ ਸਿੰਘ ਐਮ. ਏ. ਦਾ ਦਿਲੋਂ ਧੰਨਵਾਦੀ ਹਾਂ, ਜੇਹੜੇ ਸਦਾ ਤੋਂ ਮੇਰੀਆਂ ਸਾਹਿੱਤਕ ਰੋਕਾਂ ਦੇ ਰੋੜੇ ਚੁਕਕੇ ਪਰੇ ਕਰਦੇ ਆਏ ਹਨ ਤੇ ਅਜ ਚੀਕੂੰ ਚੀਕੂੰ ਕਰਦਾ ਕਮਜ਼ੋਰ ਢੱਗਿਆਂ ਵਾਲਾ ਗੱਡਾ ਤੋੜ ਪਹੁੰਚ ਗਿਆ ਹੈ।

ਨਾਵਲ 'ਮਾਂ' ਵੀ ਸ: ਬ: ਗੁਰਦਿੱਤ ਸਿੰਘ ਜੀ ਦੇ ਵਿਦਿਅਕ ਦੀਵੇ ਦੀ ਲੋਅ ਹੇਠ ਬਹਿਕੇ ਲਿਖਿਆ ਗਿਆ,ਜਿਸਨੂੰ ਆਰਥਕ ਝਖੜਾਂ ਦੇ ਵਗਦਿਆਂਵੀ ਸਰਦਾਰ ਹੋਰੀ ਜਾਨ ਵਾਂਗ ਲਈ ਫਿਰਦੇ ਰਹੇ।

ਕੋਇਟਾ
੧-੧੨-੪੦ ਸਵੇਰੇ ਪੰਜ ਵਜੇ

ਨਰਿੰਦਰ ਸਿੰਘ 'ਸੋਚ'

# ਯਤੀਮ

ਸਾਡੇ ਜੀਵਨ ਵਿਚ ਲੋਹਾ ਲਾਖਾ ਹੋਇਆ ਮਈ ਦਾ ਮਹੀਨਾ ਕਈ ਵਾਰ ਆਇਆ ਤੇ ਝਟ ਲੰਘ ਗਿਆ, ਉਸੇ ਤਰ੍ਹਾਂ ਜਿਸ ਤਰ੍ਹਾਂ ਕਿਸੇ ਦਿਨ ਸਾਡੇ ਜੀਵਨ ਵਿਚ ਗੁਸੇ ਦੇ ਕੁਝ ਪਲ ਔਂਦੇ ਤੇ ਚਲੇ ਜਾਂਦੇ ਹਨ। ਆਦਮੀ ਆਪਣੇ ਜੀਵਨ ਨੂੰ ਸਾਲਾਂ ਤੇ ਮਹੀਨਿਆਂ ਨਾਲ ਮਿਣਦਾ ਹੈ, ਤੇ ਕਈ ਵਾਰ ਦਿਨਾਂ ਤੇ ਘੜੀਆਂ ਨਾਲ ਵੀ; ਪਰ ਇਕ ਮੁਲਕ ਦੀ ਯਾਦ ਵਿਚ ਸਦੀਆਂ ਵੀ ਨਿੱਕੇ ਟਿਮਕਣਿਆਂ ਜਿੰਨਾ ਥਾਂ ਮੱਲਦੀਆਂ ਹਨ। ਪਰ ਸੰਨ ੧੭੯੩ ਦਾ ਮਈ ਦਾ ਮਹੀਨਾ, ਫਰਾਂਸ ਨੂੰ ਕਦੀ ਵੀ ਨਹੀਂ ਭੁਲਣਾ—ਮਨੁਖ ਦੀ ਦੁਖੀ ਯਾਦ ਵਾਂਗ। ਅਜ ਵੀ ਵਡਾ ਪਾਦਰੀ ਗਿਰਜੇ ਵਿਚ, ਕਿਸਾਨ ਖੇਤਾਂ ਵਿਚ, ਤੇ ਪਾਣੀ-ਘਾਟ ਤੇ ਕਪੜੇ ਧੋਣ ਵਾਲਾ ਧੋਬੀ, ਘਾਟ ਤੇ ਕਪੜੇ ਛਡ ਕੇ, ਪ੍ਰਾਰਥਨਾ ਕਰਨ ਲਗ ਪੈਂਦਾ ਹੈ—"ਐ ਈਸ਼ਵਰ ! ਬੇਸ਼ਕ ਮੌਸਮਾਂ ਦੀ ਮਾਲਾ ਘੁੰਮਦੀ ਰਹੇ, ਪਰ ਉਹ ਖੂਨ ਦੀਆਂ ਟਿੰਡਾਂ, ਜੇਹੜੀਆਂ ਫਰਾਂਸ ਵਿਚ ਮਈ ਦੇ ਮਹੀਨੇ ਡੁੱਲ੍ਹੀਆਂ ਸਨ, ਹੁਣ ਨ ਡੁੱਲ੍ਹਣ; ਸਾਡੀਆਂ ਮਿਠੀਆਂ ਆਵਾਜ਼ਾਂ ਕਦੀ ਚੀਕਾਂ ਨ ਬਣਨ; ਅਸੀਂ ਮਨੁਖ ਬਣ ਸਕੀਏ, ਤੇ ਦੂਜੇ ਨੂੰ ਮਨੁਖ ਜਾਣ ਸਕੀਏ।"

ਏਸੇ ਮਈ ਦੇ ਮਹੀਨੇ ਲੋਕ-ਰਾਜ ਦਾ ਇਕ ਫੌਜੀ ਜੱਥਾ ਫਰਾਂਸ ਦੇ ਉਘੇ ਜੰਗਲ ਸੋਨਡਰਾਈ ਵਿਚ ਘੁੰਮ ਰਿਹਾ ਹੈ। ਸਿਪਾ-ਹੀਆਂ ਦੀ ਗਿਣਤੀ ਤਿੰਨ ਸੌ ਤੋਂ ਵੀ ਬਹੁਤੀ ਹੈ। ਫਰਾਂਸ ਦੇ ਪਿੰਡਾਂ ਨੇ ਜੇਹੜੇ ਚੌੜੀਆਂ ਛਾਤੀਆਂ ਤੇ ਵਡੇ ਦਿਲਾਂ ਵਾਲੇ ਆਦਮੀ ਪੈਦਾ

ਕੀਤੇ, ਉਨ੍ਹਾਂ ਵਿੱਚੋਂ ਵੀ ਚੁਣ ਕੇ ਕਢੇ ਹੋਏ ਇਹ ਫੌਜੀ ਸਨ। ਲੰਮੇ ਕਦ ਤੇ ਵਡੀਆਂ ਉਲਾਂਘਾਂ ਨਾਲ ਸਿਪਾਹੀ, ਸਦਾ ਤੋਂ, ਮੁਲਕਾਂ ਦੀਆਂ ਕਿਸਮਤਾਂ ਮਿਣਦੇ ਆਏ ਹਨ। ਹਰ ਸਰਹੱਦ ਤੇ ਮੁਹਰਾਂ ਵਾਂਗ ਇਨ੍ਹਾਂ ਦੇ ਪੈਰ ਲਗੇ ਹੋਏ ਹਨ। ਸਿਪਾਹੀਆਂ ਦੇ ਪੈਰਾਂ ਦੀਆਂ ਰੇਖਾਂ ਮਿਲ ਕੇ ਤਾਜ ਵਿਚਲੀ ਮੀਨਾਕਾਰੀ, ਕਾਨੂਨ, ਤੇ ਮੁਲਕਾਂ ਦੇ ਪੁਲੀਟੀਕਲ ਨਕਸ਼ ਬਣਦੇ ਹਨ। ਇਨ੍ਹਾਂ ਸਾਰਿਆਂ ਦੇ ਹਥੀਂ ਸੰਗੀਨਾਂ, ਗਾਤਰਿਆਂ ਵਿਚ ਪਾਣੀ ਦੀਆਂ ਬੋਤਲਾਂ, ਅਰ ਝੋਲਿਆਂ ਵਿਚ ਭੁਜੇ ਹੋਏ ਛੋਲੇ ਹਨ।

ਪੁਰਾਣੇ ਤੋਂ ਪੁਰਾਣੇ ਰੁਖ ਇਸ ਜੰਗਲ ਵਿਚ ਹਨ। ਜੰਗਲ ਇਤਨਾ ਸੰਘਣਾ ਹੈ ਕਿ ਸੂਰਜ ਨਹੀਂ ਨਜ਼ਰ ਆਉਂਦਾ। ਸਿਪਾਹੀ ਝੁਕ ਝੁਕ ਕੇ, ਸੱਪਾਂ ਵਾਂਗ ਵਿੰਗੇ ਟੇਢੇ ਹੋ, ਪਤਲੀਆਂ ਟਹਿਣੀਆਂ ਨੂੰ ਇਧਰ ਉਧਰ ਮਰੋੜਦੇ, ਅਗੇ ਲੰਘ ਰਹੇ ਹਨ। ਪੁਰਾਣੇ ਰੁਖ ਕੁੱਬਾਂ ਤੇ ਢੋਹ ਲਾਕੇ ਸੁੱਤੇ ਹੋਏ ਹਨ, ਕਈ ਹਵਾ ਵਗਣ ਕਰਕੇ ਪਾਸੇ ਮੋੜ ਰਹੇ ਹਨ, ਤੇ ਕੁਝ ਫੁਲਾਂ ਦੀਆਂ ਅਖਾਂ ਮਲ ਰਹੇ ਹਨ, ਤੇ ਕਈ ਬੁਢੇ ਰੁਖ ਸਿਪਾਹੀਆਂ ਨੂੰ ਵੇਖਕੇ ਮੁਸਕਰਾਂਦੇ ਤੇ ਕਿਸੇ ਅ-ਸਪਸ਼ਟ ਬੋਲੀ ਵਿਚ ਕਹਿ ਰਹੇ ਹਨ, "ਅਸੀਂ ਮਨੁਖਤਾ ਦਾ ਮੂਲ ਹਾਂ ਤੇ ਤੁਸੀਂ ਸਾਥੋਂ ਬੜੀ ਦੂਰ ਜਾਕੇ ਮਨੁਖ ਬਣ ਗਏ ਹੋ। ਪਰ ਤੁਹਾਡੇ ਸਾਡੇ ਵਿਚ ਫਰਕ ਕੀ ਹੈ? ਸਾਨੂੰ ਕੰਢੇ ਲਗੇ ਹਨ, ਮਾਰੂ ਜਾਨਵਰਾਂ ਨੂੰ ਤਿਖੀਆਂ ਨੌਂਦਰਾਂ ਮਿਲੀਆਂ ਹਨ, ਤੇ ਤੁਹਾਡੇ ਹਥਾਂ ਵਿਚ ਚਮਕਦੀਆਂ ਸੰਗੀਨਾਂ ਹਨ। ਵਡੇ ਰੁਖ ਨਿੱਕੇ ਨੂੰ ਖਿਚ ਕੇ ਖਾ ਜਾਂਦੇ ਹਨ; ਚੀਤਾ ਤੇ ਸ਼ੇਰ ਆਪਣੇ ਸ਼ਿਕਾਰ ਤੇ ਟੁਟ ਪੈਂਦੇ ਹਨ, ਤੇ ਤੁਸੀਂ ਵੀ ਮਨੁਖੀ ਸ਼ਿਕਾਰ ਨੂੰ ਢੂੰਡਦੇ ਹੋ। ਕਈ ਚਿਰਾਂ ਤੋਂ ਇਸ ਜੰਗਲ ਵਿਚ ਆਦਮੀਆਂ ਦਾ ਸ਼ਿਕਾਰ ਖੇਡਿਆ ਜਾ ਰਿਹਾ ਹੈ। ਕੋਈ ਕਿਰਚਾਂ ਵਿਚ ਪ੍ਰੋਤਾ ਗਿਆ ਤੇ ਕੋਈ ਗੋਲੀਆਂ ਨਾਲ ਛਾਨਣੀ ਛਾਨਣੀ ਹੋ ਗਿਆ। ਅਗੇ ਸ਼ੇਰ ਦਾੜਿਆ ਕਰਦੇ ਸੀ; ਹੁਣ ਉਨ੍ਹਾਂ

ਦੇ ਥਾਂ ਬੰਦੂਕਾਂ। ਕੁਝ ਚਿਰ ਤੋਂ ਮਾਰੂ ਜਾਨਵਰ ਘੁਰਨਿਆਂ ਵਿਚ ਭੁਖੇ ਹੀ ਲੁਕੇ ਬੈਠੇ ਹਨ। ਕਾਰਣ ? ਉਨ੍ਹਾਂ ਤੋਂ ਵੀ ਵਡੇ ਜਾਨਵਰ ਜੰਗਲ ਵਿਚ ਆ ਗਏ ਹਨ।"

ਫੌਜੀ ਦਸਤਾ ਤਪਦਿਕ ਵਾਂਗ ਅਗੇ ਅਗੇ ਵਧਦਾ ਗਿਆ। ਕਿਤੇ ਉਨ੍ਹਾਂ ਅਧ-ਸੜੀਆਂ ਲਕੜਾਂ ਵੇਖੀਆਂ ਤੇ ਕਿਹਾ, "ਏਥੇ ਵੈਰੀਆਂ ਨੇ ਰਾਤ ਕਟੀ ਹੋਵੇਗੀ"; ਤੇ ਲਾਗੇ ਪਈਆਂ ਹੱਡੀਆਂ ਤੋਂ ਉਨ੍ਹਾਂ ਤੱਕ ਲਈ ਕਿ ਪੇਟ ਨੂੰ ਝੁਲਕਾ ਦੇਣ ਲਈ, ਦੁਸ਼ਮਣਾਂ ਪਾਸ ਜੰਗਲੀ ਜਾਨਵਰਾਂ ਤੋਂ ਬਿਨਾਂ ਹੋਰ ਕੁਝ ਨਹੀਂ ਰਿਹਾ। ਕਿਤੇ ਉਨ੍ਹਾਂ ਫਟੀਆਂ ਹੋਈਆਂ ਤੇ ਲਹੂ ਨਾਲ ਭਰੀਆਂ ਹੋਈਆਂ ਪੱਟੀਆਂ ਡਿੱਠੀਆਂ। ਇਸ ਤੋਂ ਉਨ੍ਹਾਂ ਤਕ ਲਾਈ ਕਿ ਏਥੇ ਅਗਲਿਆਂ ਨੇ ਮਲ੍ਹਮ ਪਟੀ ਕੀਤੀ ਹੋਵੇਗੀ। ਕਈਆਂ ਨੇ ਆਪਣੇ ਆਪ ਨੂੰ ਅਕਲੱਈਆ ਦਸਣ ਲਈ ਕਿਹਾ, "ਜਿਸ ਨੇ ਇਹ ਪੱਟੀ ਬਧੀ ਹੋਵੇਗੀ, ਉਸ ਦਾ ਸਾਰਾ ਖ਼ੂਨ ਛੇਤੀ ਹੀ ਨਿਕਲ ਜਾਵੇਗਾ ਤੇ ਉਹ ਬਹੁਤਾ ਚਿਰ ਜੀਉਂਦਾ ਨਹੀਂ ਰਹਿ ਸਕਦਾ।" ਲਾਗਦਾ ਸਿਪਾਹੀ ਅਰਕ ਮਾਰ ਕੇ ਆਖਦਾ, "ਜੇ ਅਜੇ ਤਕ ਖ਼ੂਨ ਘਟ ਵੀ ਨਿਕਲਿਆ ਹੋਇਆ ਤਾਂ ਸੰਗੀਨਾਂ ਕਿਸ ਮਰਜ਼ ਦੀ ਦਵਾ ਹਨ ?"

ਇਨ੍ਹਾਂ ਦੇ ਨਾਲ ਹੀ ਪੂਣੀਆਂ ਵਰਗੇ ਚਿਟੇ ਕਪੜੇ ਪਾਈ ਇਕ ਤੇਜਸਵੀ ਚੇਹਰੇ ਵਾਲੀ ਇਸਤ੍ਰੀ ਜਾ ਰਹੀ ਸੀ। ਫੌਜੀਆਂ ਦੀਆਂ ਗੱਲਾਂ ਸੁਣਕੇ ਇਸ ਦਾ ਦਿਲ ਘਿਰਨਾ ਨਾਲ ਭਰ ਜਾਂਦਾ ਸੀ, ਪਰ ਥੋੜੇ ਕੀਤੇ ਇਹ ਪ੍ਰਗਟ ਨਹੀਂ ਸੀ ਹੋਣ ਦੇਂਦੀ। ਕਦੀ ਕਦੀ ਹਾਸੇ ਭਾਣੇ ਆਖ ਦੇਂਦੀ-"ਤੁਹਾਡਾ ਤੇ ਮੇਰਾ ਸਾਥ ਵੀ ਅਨੋਖਾ ਹੈ। ਤੁਸੀਂ ਹਰ ਅਗੇ ਆਏ ਆਦਮੀ ਨੂੰ ਜ਼ਖਮੀ ਕਰਕੇ ਸੁਟਣਾ ਹੈ, ਮੈਂ ਫੱਟ ਬੰਨ ਕੇ ਉਸ ਦੇ ਰਾਜ਼ੀ ਹੋਣ ਲਈ ਪ੍ਰਾਰਥਨਾਂ ਕਰਨੀਆਂ ਹਨ। ਤੁਹਾਡੀ ਬਹਾਦਰੀ ਹੈ ਕਿ ਤੁਸੀਂ ਵਧ ਤੋਂ ਵਧ ਆਦਮੀ ਸਮਾਪਤ ਜਾਂ ਜ਼ਖ਼ਮੀ ਕਰੋ, ਮੇਰੀ ਬਹਾਦਰੀ ਹੈ ਕਿ ਮੈਂ ਜਗਰਾਤੇ

ਕਟ ਕਟਕੇ ਵਧ ਤੋਂ ਵਧ ਓਪਰਿਆਂ ਬੰਦਿਆਂ ਨੂੰ ਬਚਾਕੇ, ਉਨ੍ਹਾਂ ਨੂੰ ਆਪਣੇ ਬੱਚੇ ਖਿਡਾਉਣ ਦਾ ਸਮਾਂ ਦੇਵਾਂ। ਤੁਹਾਡੀ ਨਜ਼ਰ ਹਰ ਵੇਲੇ ਗਾਤਰੇ ਵਿਚ ਪਈਆਂ ਗੋਲੀਆਂ ਦੀਆਂ ਮਾਲਾਂ ਤੇ ਰਹਿੰਦੀ ਹੈ, ਤੇ ਮੇਰੀ, ਝੋਲੇ ਵਿਚ ਪਈਆਂ ਹੋਈਆਂ ਪੱਟੀਆਂ, ਮਲ੍ਹਮਾਂ ਤੇ ਦੁਵਾਈਆਂ ਤੇ। ਮੈਂ ਆਦਰਸ਼ ਕਰਕੇ ਤੁਹਾਥੋਂ ਕੇਡੀ ਦੂਰ ਹਾਂ ਤੇ ਤੁਸੀਂ ਮੈਥੋਂ ਕੇਡੀ ਦੂਰ ਹੋ, ਪਰ ਅਸੀਂ ਦਿਨ ਰਾਤ ਫਿਰ ਭੀ ਇਕੱਠੇ ਸਫਰ ਕਰਦੇ ਹਾਂ।"

ਜਿਸ ਪਾਸੇ ਇਹ ਦਸਤਾ ਜਾਂਦਾ ਸੀ, ਨਿੱਕੀਆਂ ਨਿੱਕੀਆਂ ਚਿੜੀਆਂ ਨਿੱਕੀਆਂ ਨਿੱਕੀਆਂ ਉਡਾਰੀਆਂ ਮਾਰਕੇ ਉਡ ਰਹੀਆਂ ਸਨ। ਕਈ ਸੰਗੀਨਾਂ ਨਾਲ ਟਕਰਾ ਜਾਂਦੀਆਂ ਸਨ।

ਤੀਹ ਜੁਵਾਨ ਇਕ ਪਾਸੇ ਨੂੰ ਅਗੇ ਵਧੇ, ਜਿਨ੍ਹੀ ਛੋਤੀ ਸ਼ਕ ਦੇ ਕਦਮ ਅੱਗੇ ਵਧਦੇ ਹਨ। ਸੰਘਣੀ ਝੰਗੀ ਵਿਚ ਇਨ੍ਹਾਂ ਨੂੰ ਸ਼ਕ ਪਿਆ। ਘੁਸਰ ਮੁਸਰ ਬੜੀ ਮਧਮ ਹੋਈ ਸੀ, ਪਰ ਬਿੜਕਾਂ ਲੈਣ ਵਾਲੇ ਕੰਨ, ਉਹ ਕੁਝ ਵੀ ਸੁਣ ਸਕਦੇ ਹਨ, ਜੋ ਬੋਲੀ ਤੇ ਅਵਾਜ਼ ਤੋਂ ਵੀ ਮਧਮ ਹੁੰਦਾ ਹੈ। ਤੀਹ ਸਿਪਾਹੀਆਂ ਨੇ ਉਸ ਸੰਘਣੇ ਝਾੜ ਨੂੰ ਸੰਗੀਨਾਂ ਨਾਲ ਘੇਰ ਲਿਆ। ਸੰਗੀਨਾਂ ਦਾ ਇਕ ਤਿਖਾ ਬੂਟਾ ਬਣ ਗਿਆ; ਮੌਤ ਦੇ ਆਰਾਮ ਕਰਨ ਲਈ ਸੰਗੀਨਾਂ ਦੀ ਠੰਢੀ ਛਾਂ ਬਣ ਗਈ।

ਨਰਸ ਆਪਣੇ ਦੁਵਾਈਆਂ ਵਾਲੇ ਝੋਲੇ ਨੂੰ ਰਖਕੇ ਅੱਗੇ ਵਧੀ ਤੇ ਸਿਪਾਹੀਆਂ ਦੀਆਂ ਉਂਗਲਾਂ ਘੋੜੇ ਦਬਾਉਣ ਲਈ ਤਿਆਰ ਹੋਈਆਂ। ਸਰਦਾਰ "ਚਲਾ ਦਿਓ" ਕਹਿਣ ਹੀ ਵਾਲਾ ਸੀ ਕਿ ਨਰਸ ਨੇ ਕਿਹਾ—"ਠਹਿਰ ਜਾਓ।"

ਸਰਦਾਰ ਨੇ ਆਪਣੀ ਬੰਦੂਕ ਨੀਵੀਂ ਕਰ ਲਈ। ਸਾਰੇ ਸਿਪਾਹੀਆਂ ਨੇ ਵੀ ਬੰਦੂਕਾਂ ਮੋਢਿਆਂ ਨਾਲ ਲਾ ਲਈਆਂ। ਇਸ ਤਰ੍ਹਾਂ ਜਾਪਦਾ ਸੀ, ਜਿਵੇਂ ਸਰਦਾਰ ਦੇ ਹਥ ਵਿਚ ਕੁੰਜੀ ਸੀ, ਤੇ

ਇਹ ਸਾਰੀ ਮਨੁਖੀ ਮਸ਼ੀਨਰੀ, ਸਰਦਾਰ ਦੇ ਇਸ਼ਾਰੇ ਤੇ, ਮੌਤ ਦਾ ਨਾਚ ਨਚ ਰਹੀ ਸੀ।

ਅਗੇ ਨਰਸ, ਪਿਛੇ ਸਰਦਾਰ, ਤੇ ਉਸਤੋਂ ਪਿਛੇ ਸਾਰੇ ਸਿਪਾਹੀ ਝੁੱਗੀ ਦੇ ਵਿਚ ਗਏ। ਨਰਸ ਨੇ ਵੇਖਿਆ–ਇਕ ਇਸਤ੍ਰੀ ਪੁਰਾਣੇ ਕਰੀਰ ਦੇ ਮੁੱਢ ਨਾਲ ਢੋਅ ਲਾਕੇ ਬੈਠੀ ਹੋਈ ਹੈ, ਨਿਕਾ ਬੱਚਾ ਆਪਣੀ ਮਾਂ ਦੇ ਢਿਲਕੇ ਮੰਮੇ ਨੂੰ ਚੁੰਘ ਰਿਹਾ ਹੈ। ਮਾਂ ਦੇ ਚੇਹਰੇ ਤੇ ਬੜਾ ਦੁਖ ਸੀ। ਦੁਧ ਤੋਂ ਬਿਨਾਂ ਚੁੰਘੀਦਾ ਚੁੰਘੀਦਾ ਮੰਮਾਂ ਅੰਬ ਗਿਆ ਸੀ। ਦੋ ਬੱਚੇ ਗੋਡਿਆਂ ਤੇ ਸਿਰ ਰਖਕੇ ਸੁਤੇ ਹੋਏ ਸਨ, ਤੇ ਮਾਂ ਵੇਖ ਰਹੀ ਸੀ ਸਮੇਂ ਦੇ ਰੰਗ।

ਸੁਖਾਂ ਵਿਚ ਬੈਠਿਆਂ ਦੇ ਲਾਗਦੀ ਸਮਾਂ ਉਡਕੇ ਲੰਘਦਾ ਹੈ, ਤੇ ਦੁਖਾਂ ਵਾਲਿਆਂ ਦੇ ਕੋਲੋਂ ਦੀ ਘਸੀਟਣੀਆਂ ਲੈਕੇ। ਨਵੀਂ ਬਿਪਤਾ, ਸਿਪਾਹੀਆਂ ਦੇ ਰੂਪ ਵਿਚ, ਵੇਖਕੇ ਮਾਂ ਡਰ ਗਈ–ਇੰਨੀ ਡਰੀ ਕਿ ਮੂੰਹੋਂ ਗਲ ਨਾ ਨਿਕਲੇ। ਬਿਟਰ ਬਿਟਰ ਪਾਗਲਾਂ ਵਾਂਗ ਮਾਂ ਸਭ ਨੂੰ ਵੇਖ ਰਹੀ ਸੀ।

ਸਰਦਾਰ ਬੋਲਿਆ, "ਅਸੀਂ ਵੀਰਾਂ ਦੀ ਫੌਜ ਦੇ ਕੁਝ ਆਦਮੀ ਹਾਂ, ਤੂੰ ਡਰ ਨਾ।"

ਮਾਂ, ਸਿਰ ਤੋਂ ਲੈਕੇ ਪੈਰਾਂ ਤੱਕ, ਕੰਬ ਉਠੀ। ਸਰਦਾਰ ਦੀਆਂ ਲੰਮੀਆਂ ਮੁੱਛਾਂ ਦੇ ਵਾਲ ਉਸ ਨੂੰ ਤੀਰਾਂ ਵਰਗੇ ਲਗਦੇ ਸਨ, ਲਾਲ ਅੱਖਾਂ ਅੰਗਾਰਿਆਂ ਦੀ ਤਰ੍ਹਾਂ ਦੱਗਦੀਆਂ ਸਨ। ਪ੍ਰਤੀਤ ਹੁੰਦਾ ਸੀ ਜਿਸ ਤਰ੍ਹਾਂ ਇਹ ਅੱਖਾਂ ਸਾਰੇ ਜੰਗਲ ਨੂੰ ਅੱਗ ਲਾਉਣ ਆਈਆਂ ਹਨ। ਮਾਂ ਫਿਰ ਸਿਰ ਤੋਂ ਪੈਰਾਂ ਤੱਕ ਕੰਬ ਗਈ, ਬੱਚਾ ਛਾਤੀ ਨਾਲ ਹੋਰ ਘੁਟਕੇ ਲਾ ਲਿਆ ਤੇ ਬੋਲੀ–"ਵੀਰਾ, ਤੁਸੀਂ ਕੌਣ ਹੋ?"

ਸਰਦਾਰ ਨੂੰ, ਤੀਆਂ ਵਿਚ ਪੇਕੇ ਆਕੇ, ਆਪਣੀ ਭੈਣ ਦਾ ਮਿਲਣਾ ਯਾਦ ਆਇਆ ਤੇ ਸਤਾਰ ਵਾਂਗ ਮਿੱਠਾ ਸ਼ਬਦ ਕੰਨਾਂ ਵਿਚ ਗੂੰਜਣ ਲਗ ਪਿਆ–ਵੀਰਾ, ਵੀਰਾ, ਵੀਰਾ, ਵੀਰਾ......

ਸਰਦਾਰ ਨੇ ਇਸਤ੍ਰੀ ਵਲ ਫਿਰ ਵੇਖਿਆ, ਤੇ ਕਿਸੇ ਤਰਸ ਵਿਚ ਆਕੇ ਉਸਨੇ ਫਿਰ ਤੱਕਿਆ—ਪੈਰਾਂ ਤੋਂ ਨੰਗੀ, ਠੇਢੇ ਵਜ ਵਜ ਕੇ ਸੁਜੇ ਹੋਏ, ਕੰਡਿਆਂ ਨਾਲ ਪ੍ਰੋਤੇ ਤੇ ਲਹੂ ਦੀਆਂ ਘਰਾਲਾਂ ਵਗਾ ਰਹੇ ਪੈਰ ! ਸਿਰ ਦੀਆਂ ਮੀਡੀਆਂ ਰਸੀਆਂ ਵਰਗੀਆਂ ਤੇ ਵਾਲਾਂ ਵਿਚ ਮਿੱਟੀ ਘੱਟਾ, ਟੁਟੀਆਂ ਹੋਈਆਂ ਸੂਲਾਂ ਤੇ ਪੱਤੇ ਅੜੇ ਹੋਏ ! ਸਾਰੇ ਸਰੀਰ ਨੂੰ ਲੀਰਾਂ ਵਿਚ ਢੱਕਿਆ ਹੋਇਆ ! ਉਹ ਮੁਟਿਆਰ ਸੀ, ਪਰ ਉਸਦੀ ਝੋਲੀ ਵਿਚ ਤਿੰਨ ਬੱਚੇ ਸਨ । ਉਹ ਸੁਹਣੀ ਸੀ, ਪਰ ਮਾਂ । ਉਹ ਜਵਾਨ ਸੀ, ਪਰ ਮਾਂ । ਉਹ ਵਾਲ ਵਾਲ ਦੁਖੀ, ਪਰ ਮਾਂ । ਉਸਦੇ ਪਾਸ ਕੁਝ ਭੀ ਨਹੀਂ ਸੀ, ਪਰ ਉਹ ਮਾਂ ਸੀ । ਉਹ ਡਰ ਰਹੀ ਸੀ, ਆਪਣੀ ਮੌਤ ਕਰਕੇ ਨਹੀਂ, ਮਾਂ ਹੋਣ ਕਰਕੇ । ਸਰਦਾਰ, ਨਰਸ ਵਲ ਮੂੰਹ ਕਰਕੇ, ਤਰਸ ਨਾਲ ਫੁਰਕਦੇ ਬੁੱਲਾਂ ਵਿੱਚੋਂ ਬੋਲਿਆ—"ਇਸ ਤਰ੍ਹਾਂ ਜਾਪਦਾ ਹੈ ਕਿ ਇਹ ਭਿਖਾਰਨ ਹੈ ।"

ਨਰਸ ਦਿਲ ਹੀ ਦਿਲ ਕਹਿਣ ਲਗੀ—"ਹਾਂ, ਹਾਂ, ਇਹ ਭਿਖਾਰਨ ਹੈ, ਪਰ ਫੌਜੀਆਂ ਕੋਲੋਂ ਆਪਣੇ ਬੱਚਿਆਂ ਦੀ ਜ਼ਿੰਦਗੀ ਦੀ ਖੈਰ ਮੰਗ ਰਹੀ ਹੈ"; ਅਗੇ ਵਧੀ ਤੇ ਲਾਗੇ ਬੈਠਕੇ ਬੋਲੀ—"ਭੈਣ, ਤੇਰਾ ਕੀ ਨਾਂ ਏ ?"

ਜਿਸ ਤਰ੍ਹਾਂ ਦਰਦ ਭਰੇ ਜ਼ਖਮ ਤੇ ਕੋਈ ਦੁਵਾਈ ਠੰਢ ਪਾ ਦੇਵੇ, 'ਭੈਣ' ਸ਼ਬਦ ਨੇ ਉਸ ਨੂੰ ਕੁਝ ਹੌਸਲਾ ਦਿਤਾ ਤੇ ਉਹ ਬੋਲੀ—"ਮੇਰਾ ਨਾਮ ਫਲੋਸ਼ਾਰਡ ਹੈ ।"

ਨਰਸ ਨੇ ਛੋਟੇ ਬਚੇ ਦੇ ਸਿਰ ਤੇ ਹਥ ਫੇਰਕੇ ਉਸਦੇ ਵਾਲ ਸਵਾਰਨੇ ਸ਼ੁਰੂ ਕਰ ਦਿਤੇ । ਮਾਂ ਇਹ ਵੇਖਕੇ ਇਸ ਤਰ੍ਹਾਂ ਖੁਸ਼ ਹੋ ਰਹੀ ਸੀ, ਜਿਸ ਤਰ੍ਹਾਂ ਫੁਲ ਸਵੇਰ ਦੀ ਹਵਾ ਨਾਲ ਖਿੜਦੇ ਹਨ । ਨਰਸ ਨੇ ਹਛਾ ਅਸਰ ਤਾੜਕੇ ਕਿਹਾ, "ਭੈਣ, ਇਸ ਨਿਕੇ ਜਿਹੇ ਬਚੂੰਗੜੇ ਦੀ ਕਿੰਨੀ ਉਮਰ ਹੈ ?"

ਮਾਂ ਕਿੰਨਾਂ ਚਿਰ ਉਂਗਲਾਂ ਤੇ ਹਿਸਾਬ ਕਰਦੀ ਰਹੀ ਤੇ ਠਹਿਰਕੇ ਬੋਲੀ, "ਦਸ ਮਹੀਨੇ ਇਕ ਤੇ ਅੱਠ ਮਹੀਨੇ ਇਕ," ਉਂਗਲਾਂ ਦੇ ਵਧਿਆਂ ਵਲ ਇਸ਼ਾਰਾ ਕਰਕੇ ਉਸ ਨੇ ਕਿਹਾ। ਇਸ ਸਮੇਂ ਅੰਦਰ ਉਸਦੇ ਚੇਹਰੇ ਤੇ ਅਠਾਰਾਂ ਮਹੀਨਿਆਂ ਵਿਚ ਪਏ ਅਸਰਾਂ ਦੀਆਂ ਲਹਿਰਾਂ ਆਈਆਂ ਤੇ ਝਟ ਪਟ ਲੰਘ ਗਈਆਂ। ਨਰਸ ਨੇ ਸਭ ਕੁਝ ਪੜ੍ਹ ਲਿਆ ਤੇ ਪਿਆਰ ਨਾਲ ਕਿਹਾ—"ਇਹ ਬੜਾ ਬੀਬਾ ਬਚਾ ਹੈ, ਪਰ ਹੁਣ ਤਾਂ ਇਹ ਬਹੁਤ ਵੱਡਾ ਹੋ ਗਿਆ ਹੈ। ਏਡੇ ਬੱਚੇ ਨੂੰ ਦੁਧ ਨਹੀਂ ਚੁੰਘਾਉਣਾ ਚਾਹੀਦਾ, ਬੱਚੇ ਦੀ ਸੇਹਤ ਖਰਾਬ ਹੋ ਜਾਂਦੀ ਹੈ।"

ਕੰਬਦੀ ਕੰਬਦੀ ਇਸਤ੍ਰੀ ਬੋਲੀ, "ਕੀ ਮੈਂ ਵੀ ਤੁਹਾਨੂੰ ਭੈਣ ਆਖ ਸਕੱਦੀ ਹਾਂ ?"

"ਹਾਂ, ਹਾਂ, ਤੁਸੀਂ ਮੈਨੂੰ ਭੈਣ ਆਖੋ, ਮੈਂ ਸੱਚਮੁੱਚ ਤੁਹਾਡੀ ਭੈਣ ਹਾਂ।"

"ਮੇ...ਰੀ ਭੈ...ਣ, ਮੇਰੀ ਮਾਂ ਦੇ ਘਰ..............."

"ਪਰ ਕੀ, ਭੈਣ ਹੋਣ ਲਈ, ਇਹ ਜ਼ਰੂਰੀ ਹੈ ਕਿ ਉਹ ਮਾਂ ਦੇ ਘਰ ਹੀ ਪੈਦਾ ਹੋਵੇ। ਸਾਰੀ ਇਸਤ੍ਰੀ ਜਾਤ, ਆਪਸ ਵਿਚ ਦੀ, ਭੈਣਾਂ ਦੇ ਧਾਗੇ ਵਿਚ ਪ੍ਰੋਤੀ ਹੋਈ ਹੈ।"

"ਚੰਗੀ ਭੈਣ, ਇਹ ਕਿੱਡੀ ਸੁਹਣੀ ਗਲ ਹੈ, ਸਾਰੀ ਦੁਨੀਆਂ ਇਕੋ ਧਾਗੇ ਵਿਚ ਹੈ,ਪਿਆਰ ਦੇ ਧਾਗੇ ਵਿਚ। ਹਾਂ, ਚੰਗੀ ਭੈਣ, ਇਹ ਮੈਂ ਭੀ ਜਾਣਦੀ ਹਾਂ ਕਿ ਵਡੇ ਬੱਚੇ ਨੂੰ ਦੁਧ ਨਹੀਂ ਦੇਣਾ ਚਾਹੀਦਾ। ਮੈਂ ਦੁਧ ਨਹੀਂ ਦੇਂਦੀ, ਬਚੇ ਦੀ ਭੁਖ ਨੂੰ ਧੋਖਾ ਦੇਂਦੀ ਹਾਂ। ਮੇਰੇ ਪਾਸ ਦੁਧ ਹੈ ਈ ਕਿੱਥੇ ? ਭੁਖੇ ਬਚਿਆਂ ਪਾਸ ਮਾਂ ਹੈ ਤੇ ਮਾਂ ਪਾਸ ਪਿਆਰ ਨਾਲ ਭਰੀਆਂ, ਪਰ ਦੁਧੋਂ ਖਾਲੀ, ਛਾਤੀਆਂ ਹਨ। ਭੁਖਾ ਬੱਚਾ ਪਿਆਰ ਚੁੰਘ ਕੇ ਸਬਰ ਕਰ ਰਿਹਾ ਹੈ !"

ਨਰਸ ਨੇ ਆਪਣੇ ਝੋਲੇ ਵਿੱਚੋਂ ਡਬਾ ਖੋਲ੍ਹਿਆ। ਉਸ ਵਿੱਚੋਂ

ਸ਼ੋਰਬਾ ਕਢ ਕੇ ਬਚੇ ਨੂੰ ਚਟਾਉਣ ਲੱਗੀ। ਬਚੇ ਦੀ ਭੁਖੀ ਜ਼ੁਬਾਨ ਸਪਦੀ ਜੀਭ ਵਾਂਗ ਕੰਬ ਰਹੀ ਸੀ; ਤੇ ਬਿੱਲੀਆਂ ਅੱਖਾਂ ਨਰਸ ਦੇ ਚੇਹਰੇ ਨੂੰ, ਪੁਸ਼ਾਕ ਨੂੰ, ਤੇ ਸੁਭਾਵ ਨੂੰ ਪੜ੍ਹ ਰਹੀਆਂ ਸਨ। ਬਚੇ ਜੇਡੀ ਛੇਤੀ, ਵਡੇ ਆਦਮੀ ਕਦੀ ਚੇਹਰੇ ਨਹੀਂ ਪੜ੍ਹ ਸਕਦੇ। ਬਚੇ ਤਾਂ ਸੱਪਾਂ ਦੀਆਂ ਸਿਰੀਆਂ ਫੜਕੇ ਚੁੰਘਣ ਲਗ ਪੈਂਦੇ ਹਨ। ਇਹ ਤਾਂ ਨਰਸ ਅੱਧੀ ਮਾਂ ਸੀ। ਬੱਚੇ ਨੂੰ ਸ਼ੋਰਬਾ ਚੱਟਦਾ ਵੇਖਕੇ ਮਾਂ ਦੇ ਅੰਦਰ ਇਕ ਜੀਵਨ ਰੌ ਦੌੜ ਗਈ ਤੇ ਸ਼ਾਇਦ ਉਹ ਬੱਚਿਆਂ ਅੰਦਰ ਵੀ ਚਲੀ ਗਈ। ਵਡੇ ਬੱਚੇ ਵੀ ਜਾਗ ਪਏ। ਮਾਂ ਨੇ ਉਨ੍ਹਾਂ ਦੇ ਮੂੰਹ ਚੁੰਮੇ। ਦੋਹਾਂ ਬੱਚਿਆਂ ਨੇ ਚਾਰ ਬਾਹਵਾਂ ਨਾਲ ਮਾਂ ਨੂੰ ਘੁਟ ਲਿਆ। ਮਾਂ ਦੀ ਭੁਖ ਮਰ ਗਈ। ਬੱਚੇ ਸਿਪਾਹੀਆਂ ਵਲ ਵੇਖਕੇ ਡਰ ਗਏ।

ਸਰਦਾਰ ਬੋਲਿਆ—"ਅਸੀਂ ਬੱਚਿਆਂ ਨੂੰ, ਖਾਣ ਨੂੰ, ਬੜਾ ਕੁਝ ਦਿਆਂਗੇ, ਪਰ ਤੂੰ ਇਹ ਦਸ, ਤੇਰਾ ਕੇਹੜਾ ਮਤ ਹੈ ਤੇ ਤੂੰ ਕਿਸ ਨੂੰ ਮੰਨਦੀ ਏਂ ?"

"ਮੈਂ, ਮੈਂ ਕੇਵਲ ਬੱਚਿਆਂ ਨੂੰ ਮੰਨਦੀ ਹਾਂ", ਮਾਂ ਨੇ ਠੀਕ ਉਤਰ ਦਿਤਾ।

"ਮੇਰੀਆਂ ਗੱਲਾਂ ਦੇ ਮਾਫਕ ਠੀਕ ਠੀਕ ਉੱਤਰ ਦੇ", ਸਰਦਾਰ ਨੇ ਜ਼ਰਾ ਘੂਰ ਕੇ ਕਿਹਾ; "ਮੈਂ ਪੁਛਦਾ ਹਾਂ, ਤੁਸਾਡਾ ਕਿਹੜਾ ਮਤ ਹੈ ?"

ਇਸਤ੍ਰੀ ਨੇ, ਬਿਨਾਂ ਸੋਚੇ ਸੁਆਲ ਦਾ ਜੁਆਬ ਦੇਣ ਵਾਲੇ ਵਿਦਿਆਰਥੀ ਵਾਂਗ, ਕਿਹਾ—"ਜਦ ਮੈਂ ਛੋਟੀ ਜਿਹੀ ਸਾਂ ਤਾਂ ਸਾਧੂਆਂ ਦੇ ਮਠ ਵਿਚ ਭੇਜ ਦਿਤੀ ਗਈ ਸਾਂ। ਪਰ ਮੈਂ ਬ੍ਰਹਮਚਰਜ ਨੂੰ ਹਰ ਵੇਲੇ ਦੀ ਲੜਾਈ ਸਮਝਿਆ ਤੇ ਵਿਆਹ ਕਰ ਲਿਆ ਤੇ ਹੁਣ ਮੈਂ ਮਾਂ ਹਾਂ, ਸਾਧਣੀ ਨਹੀਂ। ਸਾਰੇ ਪਿੰਡ ਨੂੰ ਕਿਸੇ ਨੇ ਅੱਗ ਲਾ ਦਿਤੀ, ਮੈਂ ਬੱਚਿਆਂ ਨੂੰ ਚੁਕ ਕੇ ਜੰਗਲ ਵਲ ਦੌੜ ਆਈ। ਠਿੱਬੀ ਜੁਤੀ ਨਾਲ ਦੌੜਿਆ ਨਹੀਂ ਸੀ ਜਾਂਦਾ, ਇਸ ਕਰਕੇ ਮੈਂ ਜੁਤੀ

ਸੁੱਟ ਦਿੱਤੀ ਤੇ ਨੰਗੇ ਪੈਰੀਂ ਇਧਰ ਦੌੜ ਆਈ,'' ਅੰਗੂਠੇ ਨੂੰ ਘੁੱਟਕੇ, ਦਰਦ ਨੂੰ ਰੋਕਦਿਆਂ ਹੋਇਆਂ, ਇਸਤ੍ਰੀ ਨੇ ਕਿਹਾ।

ਨਰਸ ਨੇ ਦਵਾਈਆਂ ਵਾਲਾ ਡੱਬਾ ਖੋਲ੍ਹਿਆ ਤੇ ਜ਼ਖਮਾਂ ਨੂੰ ਤੱਕ ਤੱਕ ਕੇ ਲੀਰਾਂ ਪਾੜਨੀਆਂ ਸ਼ੁਰੂ ਕਰ ਦਿੱਤੀਆਂ।

"ਮੈਂ ਤੇਰਾ ਕੇਵਲ ਰਾਜਸੀ ਮੱਤ ਪੁਛਦਾ ਹਾਂ । ਜੋ ਕੁਝ ਤੂੰ ਦਸਦੀ ਏਂ, ਇਹ ਸਭ ਬੜਾ ਦੁਖ ਭਰਿਆ ਹੈ, ਪਰ ਇਸ ਵੇਲੇ ਮੈਨੂੰ ਇਸਦੀ ਲੋੜ ਨਹੀਂ।''

"ਮੈਂ ਜੋ ਕੁਝ ਦਸ ਰਹੀ ਹਾਂ, ਏਹੋ ਹੀ ਸਭ ਕੁਝ ਹਾਂ। ਮੈਂ ਸਮਝ ਨਹੀਂ ਸਕੀ, ਤੁਸੀਂ ਮੈਨੂੰ ਕੀ ਪੁਛਦੇ ਹੋ? ਕੀ ਜੋ ਕੁਝ ਮੈਂ ਹਾਂ ਉਹੋ ਕੁਝ ਹੀ ਤੁਹਾਨੂੰ ਨਹੀਂ ਪੁਛਣਾ ਚਾਹੀਦਾ ?'' ਤਰਸ ਭਰੇ ਲਹਿਜੇ ਵਿਚ ਇਸਤ੍ਰੀ ਨੇ ਕਿਹਾ।

ਸਰਦਾਰ ਬੋਲਿਆ, "ਅਜ ਕਲ ਤੀਵੀਆਂ ਵੀ ਜਾਸੂਸ ਹੁੰਦੀਆਂ ਹਨ। ਤੈਨੂੰ ਪਤਾ ਏ ਅਸੀਂ ਜਾਸੂਸ ਨੂੰ ਕੀ ਕਰਦੇ ਹਾਂ ?'' ਸਰਦਾਰ ਨੇ ਹਵਾ ਵਿਚ ਗੋਲੀ ਛਡਕੇ ਕਿਹਾ, "ਇਸ ਤਰ੍ਹਾਂ ਗੋਲੀਆਂ ਸੀਨੇ ਵਿਚ ਮਾਰ ਮਾਰ ਕੇ ਛਾਨਣੀ ਛਾਨਣੀ ਕਰ ਦੇਂਦੇ ਹਾਂ।''

ਸ਼ੋਰਬਾ ਚੱਟ ਰਿਹਾ ਬੱਚਾ, ਸਹਿਮ ਕੇ ਮਾਂ ਦੇ ਗਲ ਨਾਲ ਚਿੰਬੜ ਗਿਆ । ਵੱਡੇ ਬੱਚੇ ਵੀ ਗੋਲੀ ਦੇ ਖੜਾਕ ਨਾਲ ਤ੍ਰਬ੍ਹਕ ਗਏ। ਆਪਣੇ ਬਚਿਆਂ ਨੂੰ ਲੀਰਾਂ ਹੇਠ ਢੱਕਦੀ ਹੋਈ ਇਸਤ੍ਰੀ ਬੋਲੀ, "ਮੈਂ ਮਾਂ ਹਾਂ, ਮੇਰੇ ਸਾਹਮਣੇ ਮੇਰੇ ਬੱਚਿਆਂ ਨੂੰ ਕੁਝ ਨਾ ਕਹਿਣਾ।''

"ਮੈਂ ਕੁਝ ਨਹੀਂ ਕਹਾਂਗਾ, ਪਰ ਤੂੰ ਦੱਸ ਤੇਰਾ ਮੱਤ ਕੀ ਹੈ?''

ਬੜਾ ਚਿਰ ਇਸਤ੍ਰੀ ਸੋਚਦੀ ਰਹੀ, ਤੇ ਅਖੀਰ ਉਸ ਨੇ ਉੱਤਰ ਲੱਭ ਲਿਆ ਤੇ ਬੋਲੀ, "ਮੈਂ ਨਹੀਂ ਜਾਣਦੀ।''

"ਹਨੇਰ ਸਾਈਂ ਦਾ !" ਸਰਦਾਰ ਨੇ ਕਿਹਾ, "ਕੀ ਤੂੰ ਆਪਣੇ ਦੇਸ਼ ਨੂੰ ਵੀ ਨਹੀਂ ਜਾਣਦੀ ?"

"ਆਪਣਾ ਦੇਸ਼", ਮਾਂ ਆਪਣੇ ਬੱਚੇ ਨੂੰ ਥਾਪੀਆਂ ਦੇਂਦੀ ਬੋਲੀ, "ਉਹ ਕੌਣ ਹੈ, ਜੋ ਆਪਣੇ ਵਤਨ ਨੂੰ ਨਹੀਂ ਜਾਣਦਾ ?"

ਹਾਂ, ਉਹ ਕਿਹੜਾ ਹੈ ਤੇ ਕਿਥੇ ਹੈ ?"

"ਆਜ਼ੇ ਜ਼ਿਲੇ ਵਿਚ, ਸਿਸਕੋ ਨਾਮ ਦਾ ਇਕ ਪਿੰਡ ਹੈ।"

ਸਰਦਾਰ ਕੁਝ ਚਿਰ ਚੁਪ ਰਿਹਾ, ਰੁਕ ਕੇ ਬੋਲਿਆ—"ਉਹ ਦੇਸ਼ ਨਹੀਂ, ਉਹ ਤਾਂ ਫਰਾਂਸ ਦਾ ਇਕ ਛੋਟਾ ਜਿਹਾ ਟੁਕੜਾ ਹੈ, ਤੇ ਉਸ ਵਿਚ ਸਿਸਕੋ ਇਕ ਨਿਕਾ ਜੇਹਾ ਪਿੰਡ ਹੈ। ਕਦੀ ਕਿਸੇ ਨੇ ਪਿੰਡਾਂ ਦੇ ਦੇਸ਼ ਸੁਣੇ ਜੇ ?" ਸਿਪਾਹੀਆਂ ਵੱਲ ਵੇਖਕੇ ਸਰਦਾਰ ਨੇ ਕਿਹਾ।

"ਤੁਸੀਂ ਨਹੀਂ ਸੁਣੇ ਤੇ ਵੇਖੇ ਹੋਣਗੇ। ਮੈਂ ਤਾਂ ਆਪਣੇ ਦੇਸ਼ ਨੂੰ ਚੰਗੀ ਤਰ੍ਹਾਂ ਜਾਣਦੀ ਹਾਂ। ਉਹੋ ਨਿੱਕਾ ਜੇਹਾ ਪਿੰਡ ਮੇਰਾ ਦੇਸ਼ ਹੈ। ਕੀ ਜਿਥੇ ਮੈਂ ਜੰਮੀਂ, ਪਲੀ, ਖੇਲੀ ਤੇ ਵਸੀ, ਉਹ ਮੇਰਾ ਦੇਸ਼ ਨਹੀਂ ?" ਇਸਤ੍ਰੀ ਦੇ ਚਿਹਰੇ ਤੇ ਮਾਣ ਦੇ ਕੁਝ ਚਿਨ੍ਹ ਸਨ, ਜਿਹੜੇ ਸਹੀ ਉਤਰ ਦੇਣ ਵੇਲੇ ਵਿਦਿਆਰਥੀ ਦੇ ਬੁਲ੍ਹਾਂ ਤੇ ਦੋੜਦੇ ਹਨ।

"ਚਲੋ, ਮੈਂ ਮੰਨ ਲੈਂਦਾ ਹਾਂ ਕਿ ਇਕ ਨਿੱਕਾ ਜੇਹਾ ਪਿੰਡ ਤੇਰਾ ਦੇਸ਼ ਹੈ ਤੇ ਫ੍ਰਾਂਸ ਵਿਚ ਅਜੇਹੇ ਲੱਖਾਂ ਦੇਸ਼ ਹਨ, ਪਰ ਤੂੰ ਇਹ ਦਸ ਤੁਹਾਡਾ ਪ੍ਰਵਾਰ ਵੀ ਉਥੇ ਰਹਿੰਦਾ ਸੀ ?"

"ਹਾਂ, ਅਸੀਂ ਉਥੇ ਰਹਿੰਦੇ ਸਾਂ।" ਇਸਤ੍ਰੀ ਦੀਆਂ ਅੱਖਾਂ ਵਿਚ ਬੀਤ ਗਏ ਦਿਨ ਸਨ।"

"ਉਨ੍ਹਾਂ ਦਾ ਪੇਸ਼ਾ ਕੀ ਸੀ ?"

"ਪੇਸ਼ਾ ? ਹਾਂ, ਉਹ ਸਭ ਮਰ ਖਪ ਗਏ, ਕੋਈ ਨਹੀਂ ਬਚਿਆ।"

ਮਰ ਗਏ ਉਨ੍ਹਾਂ ਦਾ ਪੇਸ਼ਾ ਤਾਂ ਨਹੀਂ ਸੀ," ਸਰਦਾਰ ਨੇ

ਦਿਲ ਵਿਚ ਕਿਹਾ ਤੇ ਫਿਰ ਇਸਤ੍ਰੀ ਨੂੰ ਸੰਬੋਧਨ ਕਰਕੇ ਬੋਲਿਆ, "ਉਨ੍ਹਾਂ ਵਿੱਚੋਂ ਕੋਈ ਤਾਂ ਬਚਿਆ ਹੋਵੇਗਾ, ਠੀਕ ਠੀਕ ਦੱਸ ?" ਸਰਦਾਰ ਦੀਆਂ ਅਖਾਂ ਕੁਝ ਲਾਲ ਹੋ ਗਈਆਂ, ਜਿਸ ਤਰ੍ਹਾਂ ਫੌਜੀ ਛੇਤੀ ਛਿਥੇ ਪੈ ਜਾਂਦੇ ਹਨ।

ਨਰਸ ਨੇ ਵੇਖਿਆ ਕਿ ਬਣਿਆ ਕੰਮ ਫਿਰ ਨ ਵਿਗੜ ਜਾਏ, ਉਸ ਨੇ ਬੱਚਿਆਂ ਦੇ ਸਿਰ ਤੇ ਹਥ ਫੇਰਨਾ ਅਰੰਭ ਕਰ ਦਿਤਾ ਤੇ ਪਿਆਰ ਨਾਲ ਬੋਲੀ, "ਕਿਸੇ ਦਿਨ ਨੂੰ ਇਹ ਵਡਾ ਹੋਕੇ ਬੜਾ ਹੁਸ਼ਿਆਰ ਹੋਵੇਗਾ, ਇਹ ਵਡਾ ਆਦਮੀ ਬਣੇਗਾ। ਕੀ ਜਿੱਡਾ ਇਹ ਸੁਹਣਾ ਹੈ, ਓਡਾ ਇਸ ਦਾ ਨਾਮ ਵੀ ਸੁਹਣਾ ਰਖਿਆ ਹੈ, ਕਿ ਨਹੀਂ ?"

ਮਾਂ ਦਾ ਚੇਹਰਾ ਖਿੜ ਗਿਆ, ਲੜਕੀ ਨੂੰ ਸੁੱਕੇ ਬੁਲ੍ਹਾਂ ਨਾਲ ਚੁੰਮਕੇ ਬੋਲੀ, "ਇਸ ਦਾ ਨਾਮ ਹੈ ਜੈਂਟ।" ਮਾਂ ਦੇ ਬੁਲ੍ਹ ਪਿਆਰ ਦੇ ਮਾਖਿਓ ਨਾਲ ਭਰ ਗਏ।

"ਬੜਾ ਸੁਹਣਾ ਨਾਂ ਹੈ, ਲੜਕੀ ਦੇ ਨਾਲ ਪੂਰਾ ਪੂਰਾ ਢੁਕਦਾ ਹੈ। ਤੁਸੀਂ ਬੜੇ ਸੁਹਣੇ, ਮਿਠੇ ਤੇ ਪਿਆਰੇ ਪਿਆਰੇ ਨਾਂ ਬਚਿਆਂ ਦੇ ਰਖੇ ਹੋਏ ਹਨ। ਸਭ ਤੋਂ ਵਡੇ ਲੜਕੇ ਦਾ ਕੀ ਨਾਂ ਹੈ ?" ਨਰਸ ਨੇ ਇਸ਼ਾਰਾ ਕਰਕੇ ਕਿਹਾ।

ਉਸ ਦਾ ਮੂੰਹ ਵੀ ਚੁੰਮਕੇ ਮਾਂ ਨੇ ਕਿਹਾ—"ਜੀਨ"।

"ਤੇ ਵਿਚਕਾਰਲੇ ਬਚੇ ਦਾ ?"

ਉਸ ਦਾ ਮੂੰਹ ਵੀ ਚੁੰਮ ਕੇ ਮਾਂ ਨੇ ਕਿਹਾ "ਲੇਨ"। ਹਰ ਬਚੇ ਦਾ ਮੂੰਹ ਚੁੰਮਕੇ, ਮਾਂ ਨੂੰ ਉਸੇ ਤਰ੍ਹਾਂ ਦੀ ਤਸਲੀ ਹੁੰਦੀ ਸੀ, ਜਿਸ ਤਰ੍ਹਾਂ ਦੀ ਦੁਕਾਨਦਾਰ ਨੂੰ ਗਾਹਕ ਅਗੇ ਸਾਫ ਚੀਜ਼ ਰਖਕੇ।

"ਬੜੇ ਸੁਹਣੇ ਬਚੇ ਹਨ। ਆਪਣੀ ਮਾਂ ਦਾ ਨਾਮ ਦੁਨੀਆਂ ਤੇ ਰੋਸ਼ਨ ਕਰਨਗੇ। ਮੇਰਾ ਜੀਅ ਕਰਦਾ ਹੈ, ਸਾਰੀ ਦਿਹਾੜੀ ਇਨ੍ਹਾਂ ਨੂੰ ਪਿਆਰ ਹੀ ਕਰਦੀ ਰਹਾਂ," ਨਰਸ ਨੇ ਇਕ ਨਜ਼ਰ ਸਰਦਾਰ

ਵਲ ਸੁੱਟੀ ਤੇ ਇਸ਼ਾਰੇ ਨਾਲ ਹੋਰ ਹਾਲ ਪੁੱਛਣ ਲਈ ਕਿਹਾ।

"ਤੁਹਾਡਾ ਕੋਈ ਘਰ ਹੈ ?" ਸਰਦਾਰ ਨੇ ਪੁਛਿਆ।

"ਹਾਂ, ਹਾਂ, ਸਾਡਾ ਘਰ ਹੈ, ਦੋ ਕਮਰੇ..............."

"ਕਿਥੇ ਹੈ ?"

"ਸਾਡੇ ਦੇਸ਼ ਵਿੱਚ।"

"ਤੁਹਾਡਾ ਦੇਸ਼ ਕਿਥੇ ਹੈ ?"

"ਸਾਡੇ ਘਰ ਲਾਗੇ।"

"ਤੂੰ ਆਪਣੇ ਘਰ ਕਿਉਂ ਨਹੀਂ ਰਹੀ ?"

"ਮੈਨੂੰ ਰਹਿਣ ਨਹੀਂ ਦਿਤਾ।"

"ਕਿਸ ਨੇ ?"

"ਅੱਗ ਨੇ।"

"ਅੱਗ ਕਿਥੋਂ ਆਈ ਸੀ ?"

"ਤੀਲੀ ਵਿੱਚੋਂ।"

"ਤੀਲੀ ਕਿਸ ਨੇ ਲਾਈ ਸੀ ?"

"ਮੈਂ ਨਹੀਂ ਜਾਣਦੀ—ਇਕ ਲੜਾਈ ਨੇ।"

"ਤੂੰ ਹੁਣ ਕਿਥੋਂ ਆ ਰਹੀ ਏਂ ?"

"ਉਥੋਂ—ਆਪਣੇ ਦੇਸ਼ ਤੋਂ।"

"ਜਾਣਾ ਕਿਥੇ ਹੈ ?"

"ਉਥੇ—ਜਿਥੇ ਲੜਾਈ ਨ ਹੋਵੇ।"

"ਕਿਸ ਰਾਹੇ ਜਾਵੇਂਗੀ ?"

"ਜਿਥੇ ਸਿਪਾਹੀ ਨ ਹੋਣਗੇ।"

"ਸਿਪਾਹੀ ਕਿਥੇ ਨਹੀਂ ਹੁੰਦੇ ?"

"ਪਹਿਲੇ ਮੇਰਾ ਖਿਆਲ ਸੀ, ਜੰਗਲ ਵਿਚ ਨਹੀਂ ਹੁੰਦੇ, ਪਰ ਹੁਣ ਤਾਂ ਇਹ ਸਾਰੀ ਥਾਈਂ ਹੁੰਦੇ ਹਨ।"

"ਸਿਪਾਹੀਆਂ ਨੂੰ ਤੂੰ ਜਾਣਦੀ ਏਂ ?"

"ਹਾਂ, ਜਾਣਦੀ ਹਾਂ।"

"ਕਦ ਤੋਂ ?"

"ਜਦ ਤੋਂ ਲੜਾਈ ਸ਼ੁਰੂ ਹੋਈ ਹੈ।"

"ਤੂੰ ਕੌਣ ਏਂ ?"

"ਮੈਂ ਨਹੀਂ ਜਾਣਦੀ।"

"ਤੂੰ ਇਹ ਵੀ ਨਹੀਂ ਜਾਣਦੀ ਤੂੰ ਕੌਣ ਏਂ ?"

"ਹਾਂ, ਜਾਣਦੀ ਹਾਂ, ਘਰ ਛਡਕੇ ਦੌੜੀ ਹੋਈ ਇਸਤ੍ਰੀ।"

"ਤੂੰ ਲੋਕ-ਰਾਜ ਦੇ ਨਾਲ ਏਂ ਕਿ ਰਾਜ ਤੰਤਰ ਦੇ ਨਾਲ ?"

"ਮੈਂ ਦੋਹਾਂ ਦੇ ਨਾਲ ਨਹੀਂ, ਮੈਂ ਆਪਣੇ ਤਿੰਨਾਂ ਬਚਿਆਂ ਦੇ ਨਾਲ ਹਾਂ।"

ਸਰਦਾਰ ਕੁਝ ਚਿਰ ਚੁਪ ਕਰ ਰਿਹਾ। ਠਹਿਰ ਕੇ ਬੋਲਿਆ, "ਤੇਰੇ ਮਾਂ-ਪਿਉ ਦਾ ਕੀ ਨਾਂ ਹੈ ? ਠੀਕ ਠੀਕ ਦੱਸਣਾ। ਮੇਰਾ ਨਾਮ ਰੇਡੋ ਹੈ, ਮੇਰੇ ਮਾਂ-ਪਿਉ ਪੀਡੀ ਪਿੰਡ ਵਿਚ ਰਹਿੰਦੇ ਹਨ, ਮੈਂ ਇਨ੍ਹਾਂ ਸਾਰੇ ਸਿਪਾਹੀਆਂ ਦਾ ਸਰਦਾਰ ਹਾਂ, ਆਪਣੇ ਮਾਂ ਬਾਪ ਦੀਆਂ ਸਭ ਗੱਲਾਂ ਜਾਣਦਾ ਹਾਂ। ਕੀ ਤੂੰ ਨਹੀਂ ਜਾਣਦੀ ?"

"ਹਾਂ, ਹਾਂ, ਕਿਉਂ ਨਹੀਂ ਜਾਣਦੀ, ਮਾਂ ਬਾਪ ਨੂੰ ਕੌਣ ਨਹੀਂ ਜਾਣਦਾ ? ਮਾਂ ਬਾਪ ਨੂੰ ਭਲਾ ਕੋਈ ਭੁਲਾ ਹੀ ਕਿਸ ਤਰ੍ਹਾਂ ਸਕਦਾ ਹੈ ? ਇਹ ਵੀ ਕੋਈ ਭੁਲਣ ਵਾਲੀ ਚੀਜ਼ ਹੈ ? ਉਨ੍ਹਾਂ ਦਾ ਪਵਿਤ੍ਰ ਨਾਮ ਸ਼ਾਰਡ ਸੀ", ਇਸਤ੍ਰੀ ਨੇ ਸਿਰ ਝੁਕਾਇਆ ਜਿਸ ਤਰ੍ਹਾਂ ਸਾਹਮਣੇ ਮਾਂ ਬਾਪ ਖੜੋਤਾ ਹੋਵੇ।

ਉਹ ਕੀ ਕੰਮ ਕਰਦੇ ਸਨ ?"

"ਮਜ਼ਦੂਰੀ ਕਰਦੇ ਸਨ। ਪਰ ਉਹ ਬੀਮਾਰ ਸੀ, ਫਿਰ ਚੰਗੀ ਤਰ੍ਹਾਂ ਮਜ਼ਦੂਰੀ ਨਹੀਂ ਸੀ ਕਰ ਸਕਦਾ। ਉਸ ਨੂੰ ਸੱਟ ਬੜੀ ਲਗੀ ਸੀ। ਮਾਲਕ-ਉਸ ਦੇ ਮਾਲਕ ਨੇ, ਸਾਰੇ ਮਜ਼ਦੂਰਾਂ ਦੇ ਮਾਲਕ ਨੇ-ਮਾਰ ਮਾਰ ਕੇ ਉਸ ਦੀ ਲੱਤ ਦੀ ਹੱਡੀ ਤੋੜ ਦਿਤੀ

ਸੀ। ਮਾਲਕ ਬੜੇ ਚੰਗੇ ਹੁੰਦੇ ਨੇ। ਉਸ ਨੇ ਬੜੀ ਦਇਆ ਕੀਤੀ ਸੀ, ਕਿਉਂਕਿ ਮੇਰੇ ਪਿਤਾ ਨੇ ਬੜਾ ਭਾਰੀ ਪਾਪ ਕੀਤਾ ਸੀ। ਦੋ ਦਿਨ ਰੋਟੀ ਨ ਮਿਲਣ ਕਰਕੇ ਉਸ ਨੇ ਆਪਣੇ ਮਾਲਕ ਦੇ ਘਰੋਂ ਸਹਿਆ ਚੋਰੀ ਚੁੱਕ ਲਿਆਂਦਾ ਸੀ। ਇਸ ਅਪਰਾਧ ਦੀ ਸਜ਼ਾ ਮੌਤ ਸੀ, ਪਰ ਮਾਲਕ ਨੇ ਹੱਡੀ ਤੋੜਕੇ ਆਪਣੇ ਕ੍ਰਿਪਾਲੂ ਸੁਭਾ ਦਾ ਸਬੂਤ ਦਿਤਾ। ਹੱਡੀ ਮਾਲਕ ਨੇ ਨਹੀਂ ਤੋੜੀ; ਮਾਲਕ ਨੇ ਕੇਵਲ ਸੌ ਬੈਂਤ ਮਾਰਨ ਲਈ ਕਿਹਾ ਸੀ। ਹਥ ਦੋਵੇਂ ਵੀ ਪਿਤਾ ਦੀ ਗਲਤੀ ਨਾਲ ਟੁਟੇ; ਬੈਂਤ ਖਾਣ ਵੇਲੇ ਮੇਰਾ ਪਿਤਾ ਅਗੇ ਹੱਥ ਕਰ ਦੇਂਦਾ ਸੀ।'' ਇਸਤ੍ਰੀ ਦੇ ਹਥ ਲਾਲ ਹੋ ਗਏ। ਇਸ ਤਰ੍ਹਾਂ ਮਲੂਮ ਹੁੰਦਾ ਸੀ, ਜਿਸ ਤਰ੍ਹਾਂ ਟੁਟਦੇ ਜਾਂਦੇ ਹਨ।

ਸਰਦਾਰ ਦੀਆਂ ਅਖਾਂ ਵਿੱਚੋਂ ਅਥਰੂ ਆਕੇ ਉਸ ਦੀਆਂ ਤਿਖੀਆਂ ਮੁਛਾਂ ਦੇ ਵਾਲਾਂ ਵਿਚ ਪ੍ਰੋਏ ਗਏ। ਸੂਲੀ ਤੇ ਰਹਿਮ ਤੜਫ ਰਿਹਾ ਸੀ। ਭਰੇ ਗਲੇ ਵਿੱਚੋਂ ਸਰਦਾਰ ਨੇ ਰੁਕ ਕੇ ਕਿਹਾ–''ਫਿਰ ?''

''ਮੇਰੇ ਬਾਬਾ ਜੀ ਵੀ ਬੜੇ ਚੰਗੇ ਸਨ, ਪਰ ਉਨ੍ਹਾਂ ਦਾ ਜਨਮ ਚੰਗੀ ਸੰਪ੍ਰਦਾਇ ਵਿਚ ਨਹੀਂ ਹੋਇਆ, ਇਸ ਲਈ ਉਨ੍ਹਾਂ ਨੂੰ ਉਮਰ ਕੈਦ ਹੋ ਗਈ, ਸਾਰਾ ਜੀਵਨ ਰੋਣ ਤੇ ਸੜਨ ਵਾਸਤੇ। ਭਾਵੇਂ ਪ੍ਰੋਟੈਸਟੈਂਟ ਵੀ ਚੰਗੇ ਸਨ, ਪਰ ਜਿਥੇ ਕੈਥਲਕਾਂ ਦਾ ਜ਼ੋਰ ਹੋਵੇ, ਉਹ ਉਥੇ ਭੈੜੇ ਗਿਣੇ ਜਾਂਦੇ ਸਨ। ਉਸ ਨੂੰ ਕੈਥਲਕ ਪਾਦਰੀ ਨੇ ਇਤਨੀ ਸਖਤ ਸਜ਼ਾ ਦੇ ਕੇ ਵੀ ਕਿਹਾ, 'ਮੈਂ ਤੇਰੇ ਤੇ ਤਰਸ ਕਰਦਾ ਹਾਂ।' ''

ਹੋਰ

''ਮੇਰੇ ਸਹੁਰੇ ਨੇ ਲੂਣ ਦੀ ਚੋਰੀ ਕੀਤੀ ਸੀ, ਰਾਜੇ ਨੇ ਉਸ ਨੂੰ ਫਾਂਸੀ ਦੇ ਦਿਤੀ।''

''ਤੇਰੇ ਪਤੀ ਨੇ ਕੀ ਕੀਤਾ ਸੀ ?''

"ਲੜਾਈ ਕੀਤੀ ਸੀ।"

"ਕਿਸ ਲਈ ?"

"ਪੇਟ ਲਈ, ਨਹੀਂ, ਰਾਜੇ ਵਾਸਤੇ ਪਹਿਲਾਂ।"

"ਅਤੇ ਫਿਰ ?"

"ਦੂਜੀ ਵਾਰ ਇਕ ਜ਼ਿਮੀਦਾਰ ਵਾਸਤੇ।"

"ਫਿਰ ?"

"ਫਿਰ ਤੀਜੀ ਵਾਰ ਆਪਣੇ ਪਾਦਰੀ ਵਾਸਤੇ।"

ਸਰਦਾਰ ਚਮਕ ਪਿਆ, "ਇਕੋ ਤਰ੍ਹਾਂ ਦੇ ਪਸ਼ੂਆਂ ਵਾਸਤੇ ਉਹ ਕਈ ਵਾਰੀ ਲੜਿਆ–ਰਾਜਾ, ਜ਼ਿਮੀਦਾਰ, ਪਾਦਰੀ। ਇਕੋ ਨੂੰ ਤਿੰਨ ਵਾਰ ਲੜਨਾ ਪਿਆ ਤੇ ਤਿੰਨੇ ਕਿਉਂ ਨਾ ਆਪਸ ਵਿੱਚ ਦੀ ਲੜਕੇ ਮਰੇ ?"

ਇਸਤ੍ਰੀ ਤ੍ਰਬ੍ਰਕ ਪਈ ਤੇ ਬੋਲੀ, "ਇਸ ਤਰ੍ਹਾਂ ਨ ਆਖੋ। ਇਹ ਖ਼ੁਦਾ ਦੇ ਭੇਜੇ ਹੋਏ ਬੰਦੇ ਹਨ, ਤੇ ਸਾਡੇ ਨਾਲੋਂ ਉੱਚੇ ਹਨ। ਸਾਡੇ ਪਾਪਾਂ ਦੀ ਸਜ਼ਾ ਦੇਣ ਦਾ ਹਕ ਇਨ੍ਹਾਂ ਨੂੰ ਹੈ।"

"ਠੀਕ ਹੈ, ਸਾਰੇ ਗੁਨਾਹ ਇਨ੍ਹਾਂ ਕਰਕੇ ਹੁੰਦੇ ਹਨ। ਸਭ ਤੋਂ ਵਡਾ ਗੁਨਾਹ ਇਹੋ ਹੈ ਕਿ ਸਾਨੂੰ ਇਹ ਲੋਕ ਖ਼ੁਦਾ ਦੇ ਬੰਦੇ ਹੀ ਨਹੀਂ ਸਮਝਦੇ।"

ਭਾਵੇਂ ਇਸਤ੍ਰੀ ਦਾ ਸਾਰਾ ਪਰਵਾਰ ਇਨ੍ਹਾਂ ਬਘਿਆੜਾਂ ਦੇ ਮੂੰਹ ਵਿਚ ਪਿਆ ਸੀ, ਫਿਰ ਭੀ ਉਸ ਨੂੰ ਬੜਾ ਦੁਖ ਹੋਇਆ। ਬਣੇ ਹੋਏ ਖਿਆਲ, ਕਿਸੇ ਕੀਮਤ ਤੇ ਕੋਈ ਨਹੀਂ ਵੇਚਦਾ। ਇਸਤ੍ਰੀ ਬੋਲੀ, "ਤੁਸੀਂ ਕੌਣ ਹੋ ?"

"ਅਸੀਂ ਪੈਰਸ ਵਾਲੇ ਹਾਂ।"

ਇਸਤ੍ਰੀ ਨੇ ਬਚਿਆਂ ਤੋਂ ਹਬ ਹਟਾਕੇ ਅਕਾਸ਼ ਵੱਲ ਕੀਤੇ ਤੇ ਕਿਹਾ, "ਭਗਵਾਨ, ਰਖਿਆ ਕਰੋ, ਮੈਂ ਰਬ ਦੇ ਬੰਦਿਆਂ ਦੇ ਉਲਟ ਕੀ ਸੁਣ ਰਹੀ ਹਾਂ !"

ਸਰਦਾਰ ਬੋਲਿਆ, "ਗਲਤ ਅਧਾਰਾਂ ਤੇ ਬਣੀਆਂ ਪ੍ਰਾਰਥਨਾਂ ਢੰਗੋਸਲਿਆਂ ਤੋਂ ਵਧੇਰੀ ਕੀਮਤ ਨਹੀਂ ਰਖਦੀਆਂ।"

ਇਹ ਦਰਦਨਾਕ ਕਾਂਡ ਕਰੀਰ ਦੀ ਢੋਅ ਲਾਕੇ ਬੈਠੀ ਇਸਤਰੀ ਨੇ ਸੁਣਾਇਆ। ਸਾਰੇ ਸਿਪਾਹੀ ਬੁਲ੍ਹ ਟੁਕ ਰਹੇ ਸਨ। ਕਿਸੇ ਦੇ ਮੂੰਹੋਂ ਨਿਕਲਦਾ "ਰਾਜਾ" ਕੋਈ ਕਹਿੰਦਾ, "ਨਹੀਂ, ਪਾਦਰੀ"; ਕੋਈ ਕਹਿੰਦਾ, "ਇਹ ਦੋਵੇਂ ਨਹੀਂ, ਸਗੋਂ ਜਿਮੀਦਾਰ ਹੈ।" ਇਕ ਨੇ ਗੁਸੇ ਵਿਚ ਕਿਹਾ, "ਇਹ ਸਾਰੇ ਲੜਾਈਆਂ ਦੀ ਜੜ੍ਹ ਹਨ।" ਇਕ ਸਿਪਾਹੀ ਸਰਦਾਰ ਦੇ ਸਾਹਮਣੇ ਹੋਕੇ ਬੋਲਿਆ, "ਕਿੰਨੀ ਨਿਰਦੋਤਾ ਹੈ! ਸਹੁਰੇ ਨੂੰ ਇਕ ਜ਼ਿਮੀਦਾਰ ਲੂਲਾ ਕਰ ਦੇਵੇ, ਬਾਬੇ ਨੂੰ ਪਾਦਰੀ ਸਾਹਿਬ ਜਨਮ ਭਰ ਕਾਲ ਕੋਠੜੀ ਵਿਚ ਬੰਦ ਕਰ ਦੇਣ, ਪਿਤਾ ਨੂੰ ਰਾਜਾ ਫਾਂਸੀ ਦੇ ਦੇਵੇ, ਫਿਰ ਵੀ ਉਨ੍ਹਾਂ ਦੇ ਪੁਤਰ ਨੂੰ ਇਨ੍ਹਾਂ ਪਿਛੇ ਲੜਨਾ ਪਏ! ਉਹ ਆਪਣੀ ਜਾਨ ਤਲੀ ਤੇ ਰਖਕੇ ਇਨ੍ਹਾਂ ਦੀ ਮਦਦ ਕਰੇ!"

ਸਰਦਾਰ ਨੇ ਸਿਰ ਹਿਲਾਇਆ ਤੇ ਇਸਤਰੀ ਨੂੰ ਸੰਬੋਧਨ ਕਰਕੇ ਬੋਲਿਆ, "ਤੇਰੇ ਪਤੀ ਨਾਲ ਕੀ ਗੁਜ਼ਰੀ?"

"ਉਨ੍ਹਾਂ ਨਾਲ ਗੁਜ਼ਰੀ ਨਹੀਂ, ਉਹ ਆਪ ਹੀ ਗੁਜ਼ਰ ਗਏ।" ਇਸਤ੍ਰੀ ਦੀਆਂ ਅਖਾਂ ਵਿਚ ਇਕ ਤੜਪਕੇ ਠੰਢੀ ਹੋਈ ਲਾਸ਼ ਸੀ।

"ਕਿਥੇ ਮਾਰੇ ਗਏ?"

"ਇਕ ਝਾੜੀ ਵਿਚ।"

"ਕਦੋਂ?"

"ਸਾਲਾਂ ਵਰਗੇ ਤਿੰਨ ਦਿਨ ਤੇ ਸਦੀਆਂ ਵਰਗੀਆਂ ਤਿੰਨ ਰਾਤਾਂ ਹੋ ਗਈਆਂ ਹਨ।"

"ਕਿਸ ਨੇ ਮਾਰਿਆ ਸੀ?"

"ਪਹਿਲੋਂ ਇਕ ਗੋਲੀ ਨੇ ਤੇ ਫਿਰ ਇਕ ਸੰਗੀਨ ਨੇ।"

"ਮਾਰਨ ਵਾਲਾ ਲੋਕ ਰਾਜ ਵਾਲਾ ਸੀ ਕਿ ਰਾਜ

ਤੰਤਰ ਵਾਲਾ ?"

"ਇਨ੍ਹਾਂ ਦੋਹਾਂ ਵਿੱਚੋਂ ਕੋਈ ਨਹੀਂ ਸੀ, ਉਹ ਇਕ ਬੰਦੂਕ ਵਾਲਾ ਸੀ।"

"ਤਿੰਨ ਦਿਨਾਂ ਦੀ ਕੀ ਕਰਦੀ ਏਂ ?"

"ਆਪਣੇ ਬੱਚਿਆਂ ਨੂੰ ਲਈ ਫਿਰਦੀ ਆਂ ।"

"ਇਨ੍ਹਾਂ ਨੂੰ ਕਿੱਥੇ ਲੈ ਜਾਵੇਂਗੀ ?"

"ਜਿੱਥੇ ਜੀਊਂਦੇ ਰਹਿਣ ਲਈ ਥਾਂ ਮਿਲੇ।"

"ਕਿਥੇ ਰਹਿੰਦੀ ਏਂ ਤੇ ਕਿਵੇਂ ?"

"ਕਿਸੇ ਘੁਰਨੇ ਵਿਚ, ਬੱਚਿਆਂ ਨੂੰ ਲੈ ਕੇ।"

ਵੱਡੇ ਬੱਚੇ ਨੇ ਚਿਚਲਾ ਕੇ ਕਿਹਾ, "ਮਾਂ, ਮੈਨੂੰ ਡਾਢੀ ਭੁੱਖ ਲੱਗੀ ਏ।"

ਸਰਦਾਰ ਨੇ ਆਪਣੇ ਝੋਲੇ ਵਿੱਚੋਂ ਇਕ ਰੋਟੀ ਕਢੀ ਤੇ ਮਾਂ ਦੇ ਹਥ ਤੇ ਧਰ ਦਿੱਤੀ। ਮਾਂ ਨੇ ਦੋ ਇਕੋ ਜੇਹੇ ਟੁਕੜੇ ਕਰਕੇ ਬੱਚਿਆਂ ਦੇ ਹਥ ਵਿਚ ਫੜਾ ਦਿੱਤੇ। ਬੱਚੇ ਵੱਡੇ ਵੱਡੇ ਚੱਕ ਵੱਡ ਕੇ ਖਾਣ ਲਗ ਪਏ। ਮਾਂ ਦਾ ਚੇਹਰਾ ਖਿੜ ਗਿਆ।

ਇਕ ਸਿਪਾਹੀ ਬੋਲਿਆ, "ਇਸ ਨੇ ਆਪਣੇ ਪਾਸ ਕੁਝ ਵੀ ਨਹੀਂ ਰਖਿਆ।"

ਦੂਜਾ ਬੋਲਿਆ, "ਇਸ ਨੂੰ ਭੁੱਖ ਨਹੀਂ ਲਗੀ ਹੋਣੀ।"

ਤੀਜਾ ਕਹਿਣ ਲਗਾ, "ਇਸ ਦੀ ਭੁੱਖ ਨਾਲ ਜਾਨ ਨਿਕਲ ਰਹੀ ਹੈ, ਪਰ ਇਹ ਮਾਂ ਹੈ, ਮਾਂ।"

"ਹੁਣ ਤੂੰ ਕੀ ਕਰੇਂਗੀ ?" ਸਰਦਾਰ ਨੇ ਫੇਰ ਗੱਲ ਚਲਾਈ।

"ਫਿਰ ਬੱਚਿਆਂ ਨੂੰ ਚੁੱਕ ਕੇ ਦੌੜ ਜਾਵਾਂਗੀ।"

"ਕਿਧਰ ?"

"ਜਿਧਰ ਜੰਗਲੀ ਪਗ-ਡੰਡੀਆਂ ਦਿਸਣਗੀਆਂ।"

"ਫਿਰ ?"

"ਜਦ ਥਕ ਜਾਵਾਂਗੀ, ਫਿਰ ਬੈਠ ਜਾਵਾਂਗੀ।"

"ਇਸ ਦਾ ਲਾਭ ਕੀ ?"

"ਤੇ ਹੋਰ ਮੈਂ ਕਰ ਹੀ ਕੀ ਸਕਦੀ ਹਾਂ ? ਵੀਰਾ, ਤੂੰ ਈ ਦੱਸ ਲੋਕੀਂ ਕੀ ਕਰਦੇ ਹਨ ? ਹਰ ਇਕ ਦੇ ਹਥ ਵਿਚ ਬੰਦੂਕਾਂ, ਛੁਰੇ ਤੇ ਗੰਡਾਸੇ ਕਿਉਂ ਹਨ ?"

"ਤੂੰ ਕੀ ਸਮਝਦੀ ਏਂ ?"

"ਮੈਂ ਇਤਨਾ ਸਮਝਦੀ ਹਾਂ ਕਿ ਇਹ ਇਸਤ੍ਰੀਆਂ ਦੇ ਪਤੀ ਮਰਦੇ ਫਿਰਦੇ ਹਨ, ਤੇ ਬੱਚਿਆਂ ਦੇ ਪਿਤਾ ਮਾਰ ਕੇ, ਉਨ੍ਹਾਂ ਨੂੰ ਯਤੀਮ ਬਣਾਂਦੇ ਫਿਰਦੇ ਹਨ। ਮੇਰੇ ਬੱਚੇ ਤਿੰਨਾਂ ਦਿਨਾਂ ਤੋਂ ਯਤੀਮ ਹੋ ਗਏ ਹਨ, ਤਿੰਨੇ ਬੱਚੇ !"

ਸਰਦਾਰ ਨੇ ਬੰਦੂਕ ਭਵਾ ਕੇ ਪਰੇ ਮਾਰੀ ਤੇ ਬੋਲਿਆ, "ਲੜਾਈ ਵੀ ਸ਼ੈਤਾਨੀਆਂ ਤੋਂ ਪੈਦਾ ਹੁੰਦੀ ਹੈ। ਪੱਗਾਂ ਵਾਲੇ ਸ਼ਰੀਫ ਕਦੀ ਨਹੀਂ ਲੜਦੇ, ਪਰ ਗੁੰਡੇ ਚੌਂਕਾਂ ਵਿਚ ਲੜਨਾ ਵੀ ਆਪਣੀ ਸ਼ਾਨ ਸਮਝਦੇ ਹਨ।"

ਸਰਦਾਰ ਦੀਆਂ ਅੱਖਾਂ ਵਿੱਚੋਂ ਹੰਝੂਆਂ ਨੇ ਵਗ ਵਗ ਅਖਾਂ ਦੀ ਅੱਗ ਬੁਝਾ ਦਿੱਤੀ। ਉਸ ਦੇ ਬੁਲ੍ਹ ਫੁਰਕ ਰਹੇ ਸਨ। ਉਹ ਅੱਗੇ ਵਧਿਆ ਤੇ ਵੱਡੇ ਦੋਹਾਂ ਬੱਚਿਆਂ ਨੂੰ ਦੋਹਾਂ ਬਾਹਵਾਂ ਵਿਚ ਲੈ ਲਿਆ। ਬੱਚਿਆਂ ਦੇ ਸਿਆਣੇ ਦਿਲ ਨੇ ਆਪਣੇ ਹਮਦਰਦ ਨੂੰ ਝੱਟ ਪਛਾਣ ਲਿਆ। ਇਕ ਨੇ ਸਰਦਾਰ ਦੇ ਕੰਨ ਵਿਚ ਪਤਲੀ ਜੇਹੀ ਉਂਗਲ ਪਾ ਦਿੱਤੀ ਤੇ ਦੂਜੇ ਨੇ ਲੰਮੀਆਂ ਲੰਮੀਆਂ ਮੁੱਛਾਂ ਨੂੰ ਨਿਕੀਆਂ ਨਿਕੀਆਂ ਉਂਗਲਾਂ ਨਾਲ ਇਧਰ ਉਧਰ ਕਰ ਕੇ ਖੇਡਣਾ ਸ਼ੁਰੂ ਕਰ ਦਿਤਾ।

ਸਰਦਾਰ ਬੋਲਿਆ, "ਬਹਾਦਰੋ, ਇਹ ਯਤੀਮ ਬੱਚੇ ਨਿਆਸਰੇ ਹਨ, ਪਰ ਇਨ੍ਹਾਂ ਦਾ ਪਿਤਾ ਵੀ ਤੁਹਾਡੇ ਵਰਗਾ ਬਹਾਦਰ ਸਿਪਾਹੀ ਸੀ। ਸਾਰਾ ਖਾਨਦਾਨ ਕਸਾਈਆਂ ਦੀਆਂ ਛੁਰੀਆਂ ਹੇਠ

ਆ ਕੇ, ਇਕ ਇਕ ਕਰਕੇ, ਕਟਿਆ ਗਿਆ। ਕੀ ਸਾਡੀ ਸਾਰੀ ਸੈਨਾ, ਇਨ੍ਹਾਂ ਬੱਚਿਆਂ ਦਾ ਪਿਤਾ ਬਣਨਾ ਸਵੀਕਾਰ ਕਰੇਗੀ ?"

ਸਾਰੇ ਸਿਪਾਹੀ ਇਕ ਆਵਾਜ਼ ਵਿਚ ਬੋਲੇ, "ਬੇਸ਼ਕ"।

ਇਕ ਸਿਪਾਹੀ ਬੋਲਿਆ, "ਫੌਜਾਂ ਦੀ ਝੋਲੀ ਵਿਚ ਤਾਂ ਮੁਲਕਾਂ ਦੇ ਬੱਚੇ ਪਲਦੇ ਹਨ, ਇਹ ਤਾਂ ਇਕ ਮਨੁੱਖ ਦੇ ਬੱਚੇ ਹਨ।"

ਸਰਦਾਰ ਦੀਆਂ ਅਖਾਂ ਵਿੱਚੋਂ ਕਈ ਹੰਝੂ ਡਿਗ ਪਏ। ਇਹ ਦਸਣਾ ਕਠਨ ਹੈ ਕਿ ਕੇਹੜੇ ਹੰਝੂ ਕਬਰਾਂ ਵਿਚ ਪੈ ਚੁਕੇ ਇਸ ਖਾਨਦਾਨ ਦਿਆਂ ਮਨੁੱਖਾਂ ਲਈ ਸਨ, ਕੇਹੜੇ ਪਿਤਾ ਬਣਨ ਦੇ ਚਾਅ ਵਿਚ, ਤੇ ਕੇਹੜੇ ਸੈਨਕਾਂ ਦੀ ਮਨਜ਼ੂਰੀ ਦੇਣ ਕਰਕੇ ਸੀ। ਮਾਂ ਦੇ ਮੂੰਹ ਤੇ ਇਕ ਅਨੋਖੀ ਚਮਕ ਆਈ ਤੇ ਪਤਾ ਵੀ ਨ ਲਗਾ, ਉਹ ਕਿਸ ਵੇਲੇ ਉਠ ਕੇ ਖੜੀ ਹੋ ਗਈ। ਉਸ ਦੇ ਦਿਲੋਂ ਆਪੇ ਇਕ ਅਰਦਾਸ ਬਣ ਨਿਕਲੀ, "ਹੇ ਮੇਰੇ ਰਬ, ਤੂੰ ਬੜਾ ਚੰਗਾ ਏਂ, ਯਤੀਮਾਂ ਨੂੰ ਆਸਰਾ ਦਿੰਦਾ ਏਂ। ਰੁਲ ਰਿਹਾਂ ਨੂੰ ਝੋਲੀ ਪਾ ਕੇ ਸੁਖ ਦਿੰਦਾ ਏਂ। ਰਾਹ ਜਾਂਦੇ ਵੈਰੀ ਮਿਤਰ ਕਰਦਾ ਏਂ। ਚੌੜੇ ਸੀਨਿਆਂ ਵਾਲੇ ਬੰਦੇ ਪੈਦਾ ਕਰਦਾ ਏਂ, ਜੇਹੜੇ ਆਪਣੇ ਬੱਚਿਆਂ ਵਾਂਗੂ ਦੂਜੇ ਦੇ ਬੱਚਿਆਂ ਦੇ ਵੀ ਧਰਮੀ ਪਿਤਾ ਬਣ ਸਕਦੇ ਹਨ।"

ਨਰਸ ਕਿਸੇ ਹੋਰ ਹੀ ਰੰਗ ਵਿਚ ਸੀ ਤੇ ਦਿਲ ਵਿਚ ਕਹਿ ਰਹੀ ਸੀ, "ਮਨੁਖ ਸੁਭਾਵ ਦੇ ਥੋੜੇ ਜੇਹੇ ਇਧਰ ਉਧਰ ਹੋਣ ਨਾਲ ਸਦੀਵੀ ਮਿਤ੍ਰਤਾ ਤੇ ਸਦੀਵੀ ਵੈਰ ਬਣ ਜਾਂਦੇ ਹਨ। ਮਨੁਖ ਦੀ ਘਾੜਤ ਕਿਸੇ ਅਨੋਖੇ ਹਥਿਆਰਾਂ ਨਾਲ ਘੜੀ ਗਈ ਹੈ।"

ਇਕ ਸਿਪਾਹੀ ਅੱਗੇ ਵਧਿਆ ਤੇ ਬੱਚਿਆਂ ਨੂੰ ਕੁਛੜ ਚੁੱਕ ਕੇ ਬੋਲਿਆ, "ਲੋਕ ਰਾਜ ਦੀ–"

ਪਿੱਛੇ ਸਾਰਿਆਂ ਨੇ ਕਿਹਾ "ਜੈ।"

"ਬੀਰ ਫੌਜ ਦੀ–"

"ਜੈ"

"ਵਡੇ ਪੁਤਰ ਜੀਨ ਦੀ–"
"ਜੈ"
"ਵਿਚਕਾਰਲੇ ਪੁੱਤਰ ਲੇਨ ਦੀ–"
"ਜੈ"
"ਛੋਟੀ ਲੜਕੀ ਜੈਂਟ ਦੀ–"
"ਜੈ"
"ਮਾਂ ਦੀ"–
"ਜੈ"

ਸਰਦਾਰ ਨੇ ਬੱਚਿਆਂ ਦੀ ਮਾਂ ਨੂੰ ਕਿਹਾ, "ਆਓ ਸ਼ਹਿਰੀ ਜੀ।"

ਸ਼ੁਕਰ ਭਰੀ ਮਾਂ ਦੇ ਮੂੰਹੋਂ ਸ਼ਬਦ ਨਿਕਲੇ: "ਮੌਤ ਵੱਲ ਜਾਂਦਿਆਂ ਨੂੰ ਜੀਵਨ ਮਿਲ ਗਿਆ।"

# ਸਰਦਾਰ

ਸਮੁੰਦਰ ਵਿਚ ਜਹਾਜ਼ ਏਧਰ ਉਧਰ ਉਸੇ ਤਰ੍ਹਾਂ ਤੁਰੇ ਫਿਰਦੇ ਹਨ, ਜਿਸ ਤਰ੍ਹਾਂ ਮਗਰ ਮਛ ਆਪਣੇ ਸ਼ਿਕਾਰ ਲਈ। ਸਮੁੰਦਰ ਵੀ ਗੁੱਸੇ ਤੋਂ ਖਾਲੀ ਨਹੀਂ। ਪੁੰਨਿਆਂ ਵਾਲੀ ਰਾਤ, ਜਦ ਚੰਦ ਨੂੰ ਆਪਣੇ ਨਾਲੋਂ ਵਖ ਕੀਤਾ ਵੇਖਦਾ ਹੈ, ਤਾਂ ਉਸ ਦੇ ਲਹਿਰਾਂ ਦੇ ਬੁੱਲ੍ਹ ਗੁਸੇ ਨਾਲ ਕੰਬ ਉਠਦੇ ਹਨ! ਸਦੀਆਂ ਦੀਆਂ ਘਟਨਾਂ ਅਜੇ ਤੱਕ ਸਾਗਰ ਨੂੰ ਯਾਦ ਹਨ।

ਸਾਗਰ ਦੇ ਸੀਨੇ ਤੇ ਜ਼ਹਾਜ਼ਾਂ ਨੇ ਸੈਂਕੜੇ ਲੀਕਾਂ ਉੱਕਰੀਆਂ, ਪਰ ਅਖੀਰ ਸਭ ਮਿਟ ਜਾਂਦੀਆਂ ਰਹੀਆਂ—ਆਦਮੀ ਦੀਆਂ ਨਾਕਾਮ ਕੋਸ਼ਿਸ਼ਾਂ ਵਾਂਗ।

ਸ਼ਾਮ ਦੇ ਅੰਧੇਰੇ ਵਿਚ, ਇਕ ਜਹਾਜ਼ ਇੰਗਲੈਂਡ ਦੀ ਬੰਦਰਗਾਹ ਤੋਂ ਫਰਾਂਸ ਨੂੰ ਤੁਰ ਪਿਆ। ਉੱਪਰੋਂ ਵੇਖਣ ਨੂੰ ਇਹ ਬਿਉਪਾਰੀ ਜਹਾਜ਼ ਜਾਪਦਾ ਸੀ, ਪਰ ਇਸ ਦੀ ਹੇਠਲੀ ਮੰਜ਼ਲ ਵਿਚ ਤੀਹ ਤੋਪਾਂ ਸੰਗਲ ਪਾਕੇ ਜੰਗਲੀ ਸ਼ੇਰਾਂ ਵਾਂਗ ਬਧੀਆਂ ਹੋਈਆਂ ਸਨ। ਉਪਰਲੀ ਸ਼ਕਲ ਇਸ ਜਹਾਜ਼ ਦੀ ਵੀ ਧੋਖਾ ਦੇ ਸਕਦੀ ਹੈ, ਜਿਵੇਂ ਪਖੰਡੀ ਆਦਮੀ ਦੇ ਉਪਰਲੇ ਚੋਗੇ।

ਸਭ ਮੁਸਾਫਰ ਫਰਾਂਸੀਸੀ ਸਨ, ਕੁਝ ਜਹਾਜ਼ਾਂ ਦੀ ਨੌਕਰੀ ਛਡਕੇ ਭੱਜੇ ਹੋਏ ਮਲਾਹ, ਤੇ ਕੁਝ ਆਪਣੇ ਮੁਲਕ ਤੇ ਪਈ ਬਿਪਤਾ ਵੇਲੇ ਦੇ ਭਗੌੜੇ ਰਾਜ-ਭਗਤ।

ਥੇਲੋ ਇਸ ਜਹਾਜ਼ ਦਾ ਵਡਾ ਕਪਤਾਨ ਸੀ; ਤੇ ਇਕ ਨਿਕਾ ਕਪਤਾਨ। ਇਕ ਹੋਰ ਆਦਮੀ ਵਡੀ ਉਮਰ ਦਾ ਸੀ, ਤੇ ਲੰਮਾ ਇਤਨਾਂ ਸੀ ਕਿ ਲਾਗੇ ਖੜ੍ਹੋਤੇ ਆਦਮੀ ਨੂੰ ਜੇ ਗੱਲ ਕਰਨੀ ਪਏ ਤਾਂ ਮੂੰਹ ਉੱਚਾ ਕਰਨਾ ਪੈਂਦਾ ਸੀ। ਹਰ ਇਕ ਆਦਮੀ ਉਸ ਦੇ ਨਾਲ ਤੁਰਨ ਵੇਲੇ ਝਿਝਕਦਾ ਸੀ। ਬਹੁਤ ਲੰਮੇ ਮਨੁੱਖ ਨਾਲ ਸਿਆਣੇ ਆਦਮੀ ਕਦੀ ਵੀ ਨਹੀਂ ਤੁਰਦੇ, ਜਿਸ ਤਰ੍ਹਾਂ ਬਹੁਤ ਮੋਟੇ ਨਾਲ। ਉਸ ਦੇ ਭਾਵੇਂ ਵਾਲ ਸੁਫੈਦ ਸਨ, ਪਰ ਚੇਹਰਾ ਸਿਉ ਵਾਂਗ ਲਾਲ ਸੀ। ਅੱਖਾਂ ਨਿਰਮਲ ਧੋਤੀਆਂ ਹੋਈਆਂ ਤੇ ਉਨ੍ਹਾਂ ਵਿਚ ਅਨੋਖੀ ਜੋਤ ਸੀ। ਚੌੜੀ ਛਾਤੀ ਤੇ ਕਿਸਾਨਾਂ ਵਰਗੇ ਉਸ ਨੇ ਕੱਪੜੇ ਪਾਏ ਹੋਏ ਸਨ। ਲੰਮੀ ਟੋਪੀ ਦੀ ਛਾਂ ਉਸ ਦੇ ਬੁਲ੍ਹਾਂ ਤੇ ਪੈਂਦੀ ਸੀ। ਕੱਪੜਿਆਂ ਤੋਂ, ਉਸ ਨੂੰ ਕੋਈ ਮਲਾਹ ਕਹਿ ਸਕਦਾ ਸੀ ਤੇ ਕੋਈ ਕਿਸਾਨ। ਸ਼ਾਇਦ ਜੈਸਾ ਇਹ ਆਪ ਸੀ, ਉਹੋ ਜਿਹਾ ਜਹਾਜ਼ ਸੀ। ਲੱਕੜੀ ਦੇ ਜਹਾਜ਼ ਤੇ ਲੋਹੇ ਦੀਆਂ ਤੋਪਾਂ ਦਾ ਕੀ ਕਸੂਰ? ਇਹ ਆਦਮੀ ਦੇ ਦਿਮਾਗ ਦੀਆਂ ਕਾਢਾਂ ਹਨ। ਭਿਆਨਕ ਕਾਢਾਂ ਆਦਮੀ ਦੇ ਲੁਕੇ ਹੋਏ ਅਚੇਤ ਮਨ ਤੇ ਲਗਾਤਾਰ ਪਏ ਦੁਖੜਿਆਂ ਦਾ ਬਦਲਾ ਲੈਣ ਲਈ ਹੁੰਦੀਆਂ ਹਨ। ਹੋਣੀ ਨੂੰ ਮਨੁਖ ਨਹੀਂ ਜਾਣਦਾ, ਜਿਵੇਂ ਅਸੀਂ ਨਿਕੇ ਮਨ ਵਿਚ ਇਕੱਠੀਆਂ ਹੋਈਆਂ ਗੱਲਾਂ ਨੂੰ ਨਹੀਂ ਜਾਣਦੇ।

ਇਹ ਕੋਈ ਵੱਡਾ ਆਦਮੀ ਹੈ, ਜਿਸ ਨੂੰ ਬੰਦਰਗਾਹ ਤੋਂ ਤੁਰਨ ਵੇਲੇ ਇੰਗਲੈਂਡ ਦੇ ਦੋ ਵੱਡੇ ਆਦਮੀ ਤੋਰਨ ਲਈ ਆਏ, ਇਕ ਰਾਜ ਕੁਮਾਰ, ਜੋ ਸਮੁੰਦਰੀ ਬੇੜੇ ਦਾ ਸੈਨਾਪਤੀ ਸੀ ਤੇ ਦੂਜਾ ਗਵਰਨਰ।

ਗਵਰਨਰ ਨੇ ਫੌਜੀ ਸਲਾਮ ਕੀਤਾ ਤੇ ਕਿਹਾ, "ਲਾਸਾਨੀ ਜਰਨੈਲ, ਰੱਬ ਤੈਨੂੰ ਤੇਰਾ ਤਖ਼ਤ ਵਾਪਸ ਦੇਵੇ।"

ਰਾਜ ਕੁਮਾਰ ਨੇ ਦੋ ਤਿੰਨ ਵਾਰ 'ਭਰਾ' ਕਹਿ ਕੇ ਬੁਲਾਇਆ।

ਤੇ ਹੈ ਵੀ ਠੀਕ, ਰਾਜੇ ਰਾਜਿਆਂ ਦੇ ਭਰਾ ਹੀ ਹੁੰਦੇ ਹਨ, ਭਾਵੇਂ ਉਨ੍ਹਾਂ ਦੇ ਤਖ਼ਤ ਤਾਜ ਕੋਲ ਹੋਣ, ਭਾਵੇਂ ਨਾ ਹੋਣ।

ਜਹਾਜ਼ ਚੱਲ ਪਿਆ। ਜਹਾਜ਼ ਨਾਲੋਂ ਵੀ ਤੇਜ਼, ਸੁਨੇਹਾ ਰਾਜ ਤੰਤਰ ਵਾਲਿਆਂ ਕੋਲ ਪਹੁੰਚ ਗਿਆ–"ਤੋਪਾਂ ਨਾਲ ਭਰਿਆ ਜਹਾਜ਼ ਚੱਲ ਪਿਆ ਹੈ। ਅੱਠਾਂ ਦਿਨਾਂ ਦੇ ਅੰਦਰ ਅੰਦਰ ਫਰਾਂਸ ਦਾ ਸਮੁੰਦਰੀ ਕੰਢਾ ਤੋਪਾਂ ਦੀ ਅੱਗ ਨਾਲ ਮਚ ਉਠੇਗਾ। ਤੋਪਾਂ ਦੇ ਮੂੰਹ ਵਿੱਚੋਂ ਨਿਕਲੇ ਅਲੰਬੇ, ਸਾਡੇ ਲਈ ਜੀਵਨ ਜੋਤ ਹੋਵੇਗੀ, ਤੇ ਦੁਸ਼ਮਣ ਲਈ ਕਬਰ ਦਾ ਦੀਵਾ।"

ਇਕ ਹੋਰ ਸੁਨੇਹਾ, ਦੋ ਚਾਰ ਮਿੰਟ ਦੇ ਅੱਗੇ ਪਿਛੇ ਨਾਲ, ਲੋਕ ਰਾਜ ਵਾਲਿਆਂ ਕੋਲ ਪਹੁੰਚ ਗਿਆ–"ਪਹਿਲੀ ਜੂਨ ਨੂੰ ਇਕ ਜਹਾਜ਼ ਫ਼ਰਾਂਸ ਦੀ ਬੰਦਰਗਾਹ ਤੇ ਪੁਜ ਰਿਹਾ ਹੈ। ਇਸ ਵਿਚ ਜ਼ੰਜੀਰਾਂ ਹਨ, ਜਿਨ੍ਹਾਂ ਨਾਲ ਇਕ ਮੁਲਕ ਨੂੰ ਸਦੀਆਂ ਤੱਕ ਬੰਨ੍ਹ ਕੇ ਗੁਲਾਮ ਰਖਿਆ ਜਾ ਸਕਦਾ ਹੈ। ਇਸ ਜਹਾਜ਼ ਵਿਚ ਇਕ ਲੰਮਾ, ਬੁੱਢਾ, ਕਿਸਾਨਾਂ ਵਰਗੀ ਪੁਸ਼ਾਕ ਵਾਲਾ ਆਦਮੀ ਆ ਰਿਹਾ ਹੈ। ਇਹ ਉਨ੍ਹਾਂ ਆਦਮੀਆਂ ਵਿੱਚੋਂ ਹੈ, ਜਿਨ੍ਹਾਂ ਨੂੰ ਨਵੀਂ ਸਭਿਅਤਾ ਦੇ ਉੱਚੇ ਹੋ ਰਹੇ ਕਿੰਗਰੇ ਢਾਹ ਕੇ ਪੁਰਾਣੇ ਖੰਡਰਾਤ ਵਿਚ ਬਦਲਣ ਦੀ ਲਗਨ ਰਹਿੰਦੀ ਹੈ। ਇਨ੍ਹਾਂ ਦੀ ਖੋਪਰੀ ਵਿਚ ਇਕ ਤਿੱਖੇ ਮੂੰਹ ਵਾਲਾ ਕੀੜਾ ਹੁੰਦਾ ਹੈ, ਜੋ ਹਰ ਸਮੇਂ ਡੰਗ ਮਾਰ ਕੇ ਜਗਾਈ ਰਖਦਾ ਹੈ, ਤੇ ਕਰੱਖ਼ਤ ਆਵਾਜ਼ ਵਿਚ ਕਹਿੰਦਾ ਰਹਿੰਦਾ ਹੈ, 'ਰਾਜੇ ਰਬ ਵਲੋਂ ਹੁੰਦੇ ਹਨ। ਅਮੀਰੀ ਗਰੀਬੀ ਕਿਸੇ ਗਲਤ ਫਿਲਸਫੇ ਕਰਕੇ ਨਹੀਂ, ਸਗੋਂ ਇਹ ਰੱਬੀ ਨੇਮ ਹੈ। ਰੱਬੀ ਨੇਮ ਦੀ ਰਖਿਆ ਕਰਨ ਲਈ, ਜੋ ਭੀ ਧੋਖਾ, ਫਰੇਬ, ਕਤਲ, ਖ਼ੂਨ ਕਰੋ, ਉਸ ਨਾਲ ਜ਼ਿੰਦਗੀ ਹੁਸੀਨ ਬਣਦੀ ਹੈ।' ਪਰ ਸੱਚ ਇਹ ਹੈ ਕਿ ਨਿਸਚਿਤ ਕੁਝ ਭੀ ਨਹੀਂ। ਸਾਡਾ ਜਨਮ ਰਾਹ ਜਾਂਦੀ ਟੱਕਰ ਹੈ। ਅਚਾਨਕ ਟੱਕਰ ਵਿੱਚੋਂ ਨਿਕਲੇ ਅਸੀਂ ਚੰਗਿਆੜੇ ਹਾਂ–ਕਿੰਨੀਆਂ ਮਾਵਾਂ ਜਾਂ

ਸੁਫ਼ੈਦ ਦਾੜ੍ਹੀਆਂ ਵਾਲੇ ਪਿਤਾਵਾਂ ਨੂੰ ਪਤਾ ਹੈ ਕਿ ਉਨ੍ਹਾਂ ਨੇ ਬੱਚੇ ਦੀ ਨੀਂਹ ਉਸੇ ਤਰ੍ਹਾਂ ਸੋਚ ਕੇ ਰਖੀ ਹੈ, ਜਿਸ ਤਰ੍ਹਾਂ ਇਕ ਚੰਗੇ ਮਹੱਲ ਦੀ ਨੀਂਹ ?"

ਕਾਲੀ ਬੋਲੀ ਰਾਤ ਸਾਰੇ ਸਮੁੰਦਰ ਤੇ ਫੈਲ ਗਈ। ਇਹ ਜਹਾਜ਼ ਵੀ ਫ਼ਰਾਂਸ ਦੇ ਲੋਕਾਂ ਤੇ ਦੁਬਾਰਾ ਗੁਲਾਮੀ ਦੀ ਰਾਤ ਪੌਣ ਲਈ ਅੱਗੇ ਵਧਣ ਲੱਗਾ। ਝਖੜ ਵੀ ਅੰਧੇਰੇ ਦੇ ਪਿੱਛੇ ਪਿੱਛੇ ਆ ਕੇ ਅੰਧੇਰੇ ਨਾਲ ਮਿਲ ਗਿਆ। ਜਹਾਜ਼ ਹੋਰ ਤੇਜ਼ ਹੋ ਗਿਆ ਤੇ ਕੋਠੇ ਕੋਠੇ ਜੇਡੀਆਂ ਲਹਿਰਾਂ ਨੂੰ ਪਛਾੜ ਕੇ ਸੁੱਟਣ ਲੱਗਾ।

ਛਤ ਤੇ ਖੜੋਤਾ ਸਰਦਾਰ ਇਹ ਸਭ ਕੁਝ ਵੇਖ ਰਿਹਾ ਸੀ, ਤੇ ਕਿੰਨੇ ਚਿਰ ਤੋਂ ਚੁਪ ਸੀ। ਵਾਹਰੂ ਬੱਦਲਾਂ ਵਾਂਗ ਉਸ ਦੇ ਇਰਾਦੇ ਫ਼ਰਾਂਸ ਵਿਚ ਵਰ੍ਹਨ ਵਾਲੇ ਸਨ। ਕਪਤਾਨ ਨੂੰ ਬੋਲਿਆ, "ਕੁਦਰਤ ਸਾਡੇ ਹਕ ਵਿਚ ਹੈ, ਤੇ ਹਵਾ ਵਗਾ ਕੇ ਦੱਸ ਰਹੀ ਹੈ ਕਿ ਮੈਂ ਤੁਹਾਡੀ ਮਦਦਗੀਰ ਹਾਂ," ਸਰਦਾਰ ਨੇ ਖੁਸ਼ੀ ਨਾਲ ਕਿਹਾ

"ਕੁਦਰਤ ਦਿਨੋਂ ਦਿਨ ਨਿਮਾਣੀ ਹੋ ਰਹੀ ਹੈ। ਜਿਵੇਂ ਚੰਗੇ ਮਾਪੇ ਵਡੇ ਬੱਚਿਆਂ ਦੇ ਕੰਮਾਂ ਵਿਚ ਦਖਲ ਨਹੀਂ ਦੇਂਦੇ, ਉਸੇ ਤਰ੍ਹਾਂ ਹੁਣ ਦੇ ਸਿਆਣੇ ਮਨੁਖ ਨੂੰ ਵੇਖਕੇ, ਕੁਦਰਤ ਵੀ ਚੁੱਪ ਹੈ।" ਕਪਤਾਨ ਦੀ ਆਵਾਜ਼ ਵਿਚ ਸਿਆਣਪ ਦਾ ਗਰਭ ਸੀ।

"ਮੈਂ ਲਹਿਰਾਂ ਨੂੰ ਜਹਾਜ਼ ਨਾਲ ਟਕਰਾ ਕੇ ਡਿਗਦੀਆਂ ਵੇਖਕੇ, ਭਵਿਖ ਦੇ ਪਰਦੇ ਤੇ ਵੇਖ ਰਿਹਾ ਹਾਂ, ਲੋਕ ਰਾਜ ਦੀਆਂ ਪਲਟਣਾਂ ਪਿਛਲੇ ਪੈਰੀਂ ਨਠ ਰਹੀਆਂ," ਸਰਦਾਰ ਨੇ ਕਪਤਾਨ ਦੇ ਹੋਰ ਲਾਗੇ ਹੋ ਕੇ ਕਿਹਾ। ਉਸ ਦਾ ਸਾਰਾ ਸਰੀਰ ਫੁਰਕ ਰਿਹਾ ਸੀ।

"ਜੇਸੀ ਆਦਮੀ ਦੀ ਹਾਲਤ ਹੁੰਦੀ ਹੈ ਤੇ ਜਿਹੋ ਜਹੇ ਖਿਆਲ ਤੇ ਇਰਾਦੇ ਹੁੰਦੇ ਹਨ, ਕੁਦਰਤ ਦੀ ਕਿਤਾਬ ਵਿੱਚੋਂ ਉਹੋ ਕੁਝ ਉਹ ਆਦਮੀ ਪੜ੍ਹ ਸਕਦਾ ਹੈ। ਕੁਦਰਤ ਦੀ ਕਿਤਾਬ,ਮੌਸਮਾਂ ਦੇ

ਨਾਲ ਹੀ, ਨਵੀਂ ਛਪ ਕੇ ਆ ਜਾਂਦੀ ਹੈ, ਤੇ ਉਸ ਦੇ ਨਾਲ ਹੀ ਉਸ ਦੇ ਨਵੇਂ ਅਰਥ ਤੇ ਨਵੀਆਂ ਟਿਪਣੀਆਂ।''

''ਤੁਸੀਂ ਕੇਵਲ ਜਹਾਜ਼ ਦੇ ਕਪਤਾਨ ਹੀ ਨਹੀਂ, ਸਗੋਂ ਇਕ ਮੁਲਕ ਦੇ ਜੀਵਨ ਨੂੰ ਵੀ ਝੱਖੜਾਂ ਤੋਂ ਬਚਾਉਣ ਦੀ ਸਮਰੱਥਾ ਰਖਦੇ ਹੋ,'' ਸਰਦਾਰ ਨੇ ਕਪਤਾਨ ਦੀਆਂ ਗੱਲਾਂ ਤੋਂ ਉਸ ਦਾ ਜੀਵਨ ਪੜ੍ਹਦੇ ਹੋਏ ਕਿਹਾ।

''ਬਹਾਦਰ ਆਦਮੀ ਆਪਣੀ ਤਲਵਾਰ ਵਿਚ ਬਿਜਲੀਆਂ ਚਮਕਦੀਆਂ ਵੇਖਦਾ ਹੈ; ਤੇ ਕਮਜ਼ੋਰ, ਅੰਧੇਰੇ ਵਿਚ, ਮਨ-ਘੜਤ ਫਿਰਦੀਆਂ ਮੂਰਤਾਂ। ਭੱਜੂ, ਅਪਣੇ ਪੈਰਾਂ ਦੀ ਪੈਛੜ ਵਿਚ, ਘੋੜਿਆਂ ਦੀਆਂ ਟਾਪਾਂ ਸੁਣਦਾ ਹੈ। ਤੁਸੀਂ ਆਪਣਾ ਆਪ ਹੀ ਮੇਰੇ ਵਿਚੋਂ ਪੜ੍ਹ ਰਹੇ ਹੋ,'' ਕਪਤਾਨ ਨੇ ਜ਼ੋਰ ਦੇ ਕੇ ਕਿਹਾ।

ਸਰਦਾਰ ਚੁਪ ਹੋ ਗਿਆ ਤੇ ਇਧਰ ਉਧਰ ਟਹਿਲਣ ਲਗ ਪਿਆ। ਕਪਤਾਨ ਆਪਣੇ ਜਹਾਜ਼ ਨੂੰ, ਧਿਆਨ ਨਾਲ, ਇਧਰ ਉਧਰ ਘੁੰਮ ਕੇ ਵੇਖਣ ਲੱਗਾ। ਜਹਾਜ਼, ਦੈਂਤ ਵਾਂਗ, ਪਾਣੀ ਨੂੰ ਚੀਰਦਾ ਜਾ ਰਿਹਾ ਸੀ।

ਸਰਦਾਰ, ਕੁਝ ਚਿਰ ਪਿਛੋਂ, ਫਿਰ ਕਪਤਾਨ ਦੇ ਲਾਗੇ ਆਕੇ ਬੋਲਿਆ, ''ਤੈਨੂੰ ਪਤਾ ਹੈ, ਤੇਰੇ ਬਿਨਾਂ ਮੈਨੂੰ ਕੋਈ ਭੀ ਨਹੀਂ ਜਾਣਦਾ। ਮੈਂ ਚਾਹੁੰਦਾ ਹਾਂ, ਜਿੰਨਾਂ ਚਿਰ ਘਟਨਾ ਘਟ ਨਾ ਜਾਵੇ, ਉੱਨਾਂ ਚਿਰ ਕਿਸੇ ਨੂੰ ਵੀ ਪਤਾ ਨਾਂ ਲੱਗੇ।''

''ਰਬ ਨੇ ਸਰੀਰ ਵਿਚ ਦਿਲ ਲੁਕਾ ਕੇ ਰਖਿਆ ਹੈ, ਤੇ ਦਿਲ ਵਿਚ ਲੁਕਾ ਕੇ ਭੇਤ। ਕਿਸ ਕਰਕੇ? ਕੇਵਲ ਇਸ ਲਈ ਕਿ ਭੇਤ ਨੂੰ ਬਾਹਰ ਨਾ ਕਢਿਆ ਜਾਵੇ। ਭੇਤ ਕਢਣਾ ਇਕ ਗੁਨਾਹ ਹੈ, ਤੇ ਜਦੋਂ ਇਹ ਪਾਪ ਜ਼ਬਾਨ ਕਰਦੀ ਹੈ, ਥਿੜਕਦੀ ਹੈ, ਦਿਲ ਧੜਕਦਾ ਹੈ ਤੇ ਰੂਹ ਸ਼ੋਰ ਮਚਾਉਂਦੀ ਹੈ, ਆਵਾਜ਼ ਮਧਮ ਹੁੰਦੀ ਹੈ ਤੇ ਮੂੰਹ ਕੰਨਾਂ ਕੋਲ ਜਾ ਕੇ ਬੜੀ ਔਖਿਆਈ ਨਾਲ ਪਰਦੇ ਹਿਲਾਉਂਦਾ ਹੈ,''

ਕਪਤਾਨ ਨੇ ਮਾਨਸਕ ਵਿਦਿਆ ਵਿਚ ਡੁੱਬ ਕੇ ਕਿਹਾ।

"ਤੁਸੀਂ ਸ਼ੁਰੂ ਤੋਂ ਜਹਾਜ਼ ਚਲਾਉਂਦੇ ਰਹੇ ਹੋ ਸਿਆਣੇ ਕਹਿੰਦੇ ਹਨ, 'ਚਾਨਣ ਮੁਨਾਰੇ ਤੇ ਰਹਿਣ ਵਾਲੇ ਪੂਰੇ ਮਰੇ ਹੁੰਦੇ ਹਨ ਤੇ ਜਹਾਜ ਚਲਾਉਣ ਵਾਲੇ ਅੱਧੇ।' ਤੁਸਾਂ ਇਤਨੀਆਂ ਡੂੰਘਾਈਆਂ ਕਦੋਂ ਤਾੜੀਆਂ ਜੇ ?" ਹੈਰਾਨ ਹੋ ਕੇ ਸਰਦਾਰ ਬੋਲਿਆ।

"ਸ੍ਰੀ ਮਾਨ ਜੀ, ਜੋ ਕੁਝ ਇਕ ਮੁਲਕ ਵਿਚੋਂ ਦੂਜੇ ਮੁਲਕ ਨੂੰ ਜਾਂਦਾ ਹੈ ਤੇ ਦੂਜੇ ਤੋਂ ਤੀਜੇ ਨੂੰ, ਉਹ ਸਭ ਜਹਾਜ਼ਾਂ ਰਾਹੀਂ ਆਉਂਦਾ ਜਾਂਦਾ ਹੈ। ਅਸੀਂ ਸਮੁੰਦਰਾਂ ਵਿਚ ਸਭ ਕੁਝ ਪਹਿਲੇ ਹੀ ਵੇਖ ਲੈਂਦੇ ਹਾਂ, ਜੋ ਕਿਸੇ ਮੁਲਕ ਦੇ ਕੰਢੇ ਤੇ ਜਾ ਕੇ, ਕਦੇ ਉਤਰਦਾ ਹੈ। ਤੁਸੀਂ ਜਾਣਦੇ ਹੋ, ਡੂੰਘਾਈਆਂ ਹੁੰਦੀਆਂ ਈ ਸਮੁੰਦਰਾਂ ਵਿਚ ਨੇ।" ਕਪਤਾਨ ਦੀਆ ਅੱਖਾਂ ਵਿਚ ਸਾਗਰ ਦੀਆਂ ਡੂੰਘਾਈਆਂ ਸਨ।

"ਡੂੰਘਾਣਾਂ ਦੇ ਜਾਣੂਆ, ਤੂੰ ਦੱਸ ਸਾਨੂੰ ਕੀ ਕੁਝ ਵੇਖਣਾ ਪਵੇਗਾ ?" ਸਰਦਾਰ ਨੇ ਮੁਸਕ੍ਰਾਂਦਿਆਂ ਹੋਇਆਂ ਪ੍ਰਸ਼ਨ ਕੀਤਾ।

"ਮੈਨੂੰ ਇਸ ਦਾ ਠੀਕ ਉੱਤਰ ਦੇਣਾ ਤਾਂ ਨਹੀਂ ਆਉਂਦਾ, ਪਰ ਮੈਂ ਇਹ ਜਾਣਦਾ ਹਾਂ, ਇਕ ਸਿਪਾਹੀ ਨੂੰ ਸਭ ਕੁਝ ਵੇਖਣ ਲਈ ਤਿਆਰ ਹੋਣਾ ਚਾਹੀਦਾ ਹੈ। ਇਹ ਹੋ ਸਕਦਾ ਹੈ ਕਿ ਜਿਤ ਪਿਛੋਂ ਉਸ ਦੇ ਗਲ ਵਿਚ ਫੁਲਾਂ ਦੇ ਹਾਰ ਪਾਕੇ ਜਲੂਸ ਕਢਿਆ ਜਾਵੇ; ਤੇ ਇਹ ਵੀ ਹੋ ਸਕਦਾ ਹੈ ਕਿ ਉਸ ਨੂੰ, ਤਿਖੇ ਨੇਜ਼ੇ ਨਾਲ ਜਾਂ ਸ਼ੂਕਦੀ ਗੋਲੀ ਨਾਲ ਮਰਨ ਪਿਛੋਂ, ਮਿਟੀ ਦੀ ਨਿਕੀ ਤੋਂ ਨਿਕੀ ਤਹਿ, ਉਪਰ ਲੈਣ ਨੂੰ, ਨ ਮਿਲੇ," ਕਪਤਾਨ ਨੇ ਜਜ਼ਬੇ ਵਿਚ ਆ ਕੇ ਕਿਹਾ।

"ਤੂੰ ਕਦੀ ਸਿਪਾਹੀ ਵੀ ਰਿਹਾ ਏਂ ?"

"ਹਰ ਉਹ ਆਦਮੀ, ਜੋ ਮੁਸੀਬਤਾਂ ਵਿਚ ਦੀ ਲੰਘਿਆ ਹੋਵੇ, ਚੰਗੇ ਤੋਂ ਚੰਗਾ ਸਿਪਾਹੀ, ਸਿਆਣੇ ਤੋਂ ਸਿਆਣਾ ਪੰਡਤ ਤੇ ਬਜ਼ੁਰਗਾਂ ਦਾ ਮਹਾਂ ਬਜ਼ੁਰਗ ਹੁੰਦਾ ਹੈ। ਮੈਂ, ਭੈੜੀ ਕਿਸਮਤ ਕਰਕੇ

ਆਖੋ ਜਾਂ ਚੰਗੇ ਭਾਗਾਂ ਕਰਕੇ ਆਖੋ, ਇਹਨਾਂ ਸਕੂਲਾਂ ਵਿਚ ਪੜ੍ਹਦਾ ਰਿਹਾ ਹਾਂ।'' ਕਪਤਾਨ ਦੀਆਂ ਅੱਖਾਂ ਵਿਚ ਲੰਘ ਚੁਕੇ ਦੁਖ ਸਨ।

''ਕਿਡਾ ਚੰਗਾ ਹੋਵੇ, ਜੇ ਸਭ ਬੱਚੇ ਇਨ੍ਹਾਂ ਹੀ ਸਕੂਲਾਂ ਵਿਚ ਪੜ੍ਹਨੇ ਪਾਏ ਜਾਣ'', ਸਰਦਾਰ ਦੇ ਮੂੰਹੋਂ, ਬਿਨਾਂ ਸੋਚਣ ਤੋਂ, ਨਿਕਲ ਗਿਆ।

''ਠੀਕ ਹੈ, ਪਰ ਇਨ੍ਹਾਂ ਸਕੂਲਾਂ ਵਿਚ ਪਾਸ ਬੜੇ ਘੱਟ ਹੁੰਦੇ ਹਨ। ਘੰਟੀਆਂ ਵੱਜਣ ਤੇ ਜਦੋਂ ਜਮਾਤਾਂ ਬਦਲਦੀਆਂ ਹਨ, ਉਸ ਵੇਲੇ ਕਈ ਲਾਸ਼ਾਂ, ਮੇਜ਼ਾਂ ਤੇ ਸਿਰ ਰਖਕੇ, ਹਮੇਸ਼ਾਂ ਲਈ ਸੋਚਣ ਲਗ ਪੈਂਦੀਆਂ ਹਨ; ਕਈ 'ਹਾਜ਼ਰ ਜਨਾਬ' ਕਹਿਣ ਲਗੇ ਡਿਗ ਪੈਂਦੇ ਹਨ; ਤੇ ਕਈ, ਬਸਤਾ ਖੋਲਦਿਆਂ ਖੋਲਦਿਆਂ ਸਵਾਸਾਂ ਦੀ ਗੰਢ ਖੋਲਕੇ ਖਿਲਾਰ ਬਹਿੰਦੇ ਹਨ। ਕਿਸ ਦਾ ਦਿਲ ਕਰਦਾ ਹੈ, ਅਜੇਹੇ ਥਾਂ ਆਪਣੇ ਬੱਚੇ ਘੱਲਣ ਨੂੰ ? ਇਥੇ ਕਿਤਾਬਾਂ, ਸਫੇ ਪਲਟਕੇ, ਨਹੀਂ ਪੜ੍ਹੀਆਂ ਜਾਂਦੀਆਂ। ਸਗੋਂ ਮੂੰਧੇ ਮੂੰਹ ਡਿਗ ਡਿਗ, ਠੇਡੇ ਖਾ, ਖਾ, ਮੁਸੀਬਤਾਂ ਝੱਲ ਝੱਲ ਕੇ, ਸਬਕ ਯਾਦ ਹੀ ਨਹੀਂ ਕਰਾਏ ਜਾਂਦੇ, ਸਗੋਂ ਰੋਮ ਰੋਮ ਵਿਚ, ਨਾੜ ਨਾੜ ਵਿਚ ਤੇ ਹੱਡੀਆਂ ਵਿਚ ਪਾ ਪਾ ਕੇ ਰੁੰਜਾਏ ਜਾਂਦੇ ਹਨ।'' ਕਪਤਾਨ ਦੀਆਂ ਅੱਖਾਂ ਵਿਚ ਨਾ-ਭੁਲਣ-ਵਾਲਾ ਦੁਖ ਸੀ।

''ਇਹ ਤਾਂ ਸੁਣਦਿਆਂ ਸੁਣਦਿਆਂ ਕੰਬਾ ਦੇਣ ਵਾਲਾ ਸਕੂਲ ਹੈ, ਵੇਖਣਾ ਤੇ ਪੜ੍ਹਨਾ ਤੇ ਦੂਰ ਰਿਹਾ,'' ਸਰਦਾਰ ਨੇ ਕਿਹਾ।

''ਸ੍ਰੀ ਮਾਨ ਜੀ, ਮਨੁਖਤਾ ਏਡੀ ਛੇਤੀ ਘੜੀ ਜਾਣ ਵਾਲੀ ਚੀਜ਼ ਨਹੀਂ। ਪੱਥਰ ਦਾ ਬੁਤ ਘੜ ਲੈਣਾ ਕੋਈ ਵਡੀ ਚੀਜ਼ ਨਹੀਂ, ਧਾਤਾਂ ਦੇ ਬੁਤ ਢਾਲ ਲੈਣੇ ਵੀ ਸੌਖੀ ਚੀਜ਼ ਹੈ, ਪਰ ਮਨੁਖਤਾ ਘੜਨੀ ਜਾਂ ਢਾਲਣੀ ਬੜੀ ਕਠਨ ਤੇ ਬੜੀ ਹੀ ਔਖੀ। ਸੁਭਾਵਾਂ ਦੀਆਂ ਬਰੀਕ ਜਾਲੀਆਂ, ਫੁਰਨਿਆਂ ਦੇ ਝਰਨੇ, ਵਿਰਸੇ ਦੀ ਦੌਲਤ, ਖੁਰਾਕ ਵਿਚੋਂ ਨਿਕਲੇ ਉਤਸ਼ਾਹ, ਤੇ ਪੌਣ ਪਾਣੀ ਦੇ ਹਥਿਆਰ,

ਸਮੇਂ ਦੀ ਚਾਲ ਨਾਲ ਮਿਲਕੇ, ਪਤਾ ਨਹੀਂ ਕਿਸੇ ਨੂੰ ਕੀ ਬਣਾ ਦਿੰਦੇ ਹਨ। ਤੁਸੀਂ ਜਾਣਦੇ ਹੋ, ਇਕ ਬੀਜ ਨੂੰ ਫਲ ਬਣਨ ਵਿਚ ਕਿਤਨੀ ਮੇਹਨਤ, ਕਿੰਨੀ ਤੇ ਕਿੰਨਿਆਂ ਦੀ ਮਦਦ ਲੈਣੀ ਪੈਂਦੀ ਹੈ; ਤੇ ਫਿਰ ਫਲ ਖਾਣ ਪਿਛੋਂ, ਕਿੰਨੇ ਚਿਰ ਨੂੰ ਲਹੂ, ਮਾਸ ਤੇ ਹੱਡੀ ਬਣਦਾ ਹੈ, ਕਿੰਨੀਆਂ ਮਸ਼ੀਨਾਂ ਵਿਚ ਦੀ ਲੰਘਦਿਆਂ, ਕਿੰਨਾਂ ਕੁਝ ਹੋਰ ਮਿਲਾਉਣ ਪਿਛੋਂ ਸਿਖਰ ਤੇ ਚੜ੍ਹਦਾ ਹੈ।" ਕਪਤਾਨ, ਰਵਾਂ-ਰਵੀਂ, ਬਿਨਾਂ ਰੁਕਣ ਤੋਂ, ਕਹਿ ਗਿਆ।

"ਤੁਸੀਂ ਅਜ ਮੈਨੂੰ ਬੜਾ ਕੁਝ ਦੱਸਿਆ ਤੇ ਸਿਖਾਇਆ ਹੈ," ਸਰਦਾਰ ਨੇ ਧਨਵਾਦ ਭਰੇ ਲਹਿਜੇ ਵਿਚ ਕਿਹਾ।

"ਜ਼ਿੰਦਗੀ ਵਿਚ ਬੜੀਆਂ ਥੋੜੀਆਂ ਬਾਰੀਆਂ ਹਨ ਤੇ ਉਹ ਕਦੀ ਕਦਾਈਂ ਖੁਲਦੀਆਂ ਹਨ। ਜੀਵਨ ਮੰਦਰ ਵਿਚ ਚਾਨਣ ਜਾਂ ਹਵਾ ਦਾ ਜਾਣਾ ਬੜੀ ਟੇਢੀ ਖੀਰ ਹੈ। ਅਸੀਂ ਸੁਣਦੇ ਵੇਖਦੇ ਤਾਂ ਬੜਾ ਹਾਂ, ਪਰ ਉਸ ਨੂੰ ਜੀਵਨ ਦੀਆਂ ਹੇਠਲੀਆਂ ਤੈਹਾਂ ਵਿਚ ਪਹੁੰਚਾਉਣਾ ਬੜਾ ਔਖਾ ਹੈ। ਮੇਰੇ ਮਾਸਟਰ ਨੇ ਇਕ ਵੇਰ ਕਿਹਾ ਸੀ, 'ਜਦ ਜ਼ਿੰਦਗੀ ਦੇ ਬੋਟ ਨੇ ਚੁੰਝ ਅੱਡੀ ਹੋਵੇ, ਉਸ ਸਮੇਂ ਉਸ ਦੇ ਮੂੰਹ ਵਿਚ, ਜੋ ਕੁਝ ਤੁਹਾਡੇ ਪਾਸ ਚੰਗਾ ਹੋਵੇ ਪਾ ਦਿਉ ਤੇ ਉਸਦੇ ਉਗ ਰਹੇ ਪਰਾਂ ਨੂੰ ਚੁੰਜ ਨਾਲ ਸੁਵਾਰ ਦਿਓ।' ਕਪਤਾਨ ਦੀਆਂ ਅੱਖਾਂ ਵਿਚ ਡੂੰਘੀ ਮੁਸਕ੍ਰਾਹਟ ਸੀ।

ਸਰਦਾਰ, ਕਿਸੇ ਡੂੰਘੀ ਚਿੰਤਾ ਵਿਚ ਡੁੱਬਾ, ਆਪਣੇ ਕਮਰੇ ਵਿਚ ਚਲਿਆ ਗਿਆ। ਇਸ ਤੋਂ ਪਿਛੋਂ ਕਪਤਾਨ ਤੇ ਛੋਟਾ ਕਪਤਾਨ ਸਹਿਜੇ ਸਹਿਜੇ ਗੱਲਾਂ ਕਰਨ ਲੱਗੇ।

ਛੋਟਾ ਕਪਤਾਨ ਬੋਲਿਆ, "ਵੇਖੀਏ ਇਹ ਅਸਲ ਅਰਥਾਂ ਵਿਚ ਲੀਡਰ ਸਾਬਤ ਹੋਵੇ ਜਾਂ ਨਾ।"

ਕਪਤਾਨ ਬੋਲਿਆ, "ਹੈ ਤਾਂ ਇਹ ਰਾਜ ਕੁਮਾਰ। ਰਾਜਿਆਂ ਦਿਆਂ ਪੁੱਤਰਾਂ ਨੂੰ ਪਹਿਲੇ ਦਿਨ ਤੋਂ ਹਕੂਮਤ ਕਰਨ ਦੇ ਢੰਗ ਦੱਸੇ

ਜਾਂਦੇ ਹਨ। ਰਾਜੇ ਇੱਨੇ ਅੱਖਾਂ ਤੋਂ ਅੰਨ੍ਹੇ ਤੇ ਕੰਨਾਂ ਦੇ ਕੱਚੇ ਨਹੀਂ ਹੁੰਦੇ, ਜਿੰਨਾਂ ਅਸੀਂ ਖਿਆਲ ਕਰਦੇ ਹਾਂ। ਉਨ੍ਹਾਂ ਦਾ ਭਲਾ ਹੀ ਇਸੇ ਤਰ੍ਹਾਂ ਬਣਨ ਵਿਚ ਹੁੰਦਾ ਹੈ। ਆਪਣਾ ਭਲਾ ਕੌਣ ਨਹੀਂ ਚਾਹੁੰਦਾ?" ਵੱਡੇ ਕਪਤਾਨ ਬੇਲੋ ਨੇ ਕਿਹਾ।

"ਮੈਨੂੰ ਇਕ ਬੜਾ ਦੁਖ ਹੈ। ਕੀ ਇਹ ਜ਼ਰੂਰੀ ਹੈ ਕਿ ਜੇ ਫਰਾਂਸ ਦਾ ਰਾਜਾ ਖਤਮ ਹੋ ਜਾਵੇ ਤਾਂ ਬਰਤਾਨੀਆਂ ਦੇ ਰਾਜ ਕੁਮਾਰ ਨੂੰ ਫਰਾਂਸ ਦੀ ਗੱਦੀ ਤੇ ਬਿਠਾਇਆ ਜਾਵੇ?" ਛੋਟੇ ਕਪਤਾਨ ਨੇ ਮੱਥੇ ਤੇ ਵਟ ਪਾ ਕੇ ਕਿਹਾ।

"ਤੈਨੂੰ ਪਤਾ ਹੈ, ਰਾਜੇ ਸਾਰੇ ਸੰਬੰਧੀ ਹੁੰਦੇ ਹਨ, ਉਹ ਭਾਵੇਂ ਕਿਸੇ ਮੁਲਕ ਵਿਚ ਰਾਜ ਕਰਦੇ ਹੋਣ। ਰਾਜ ਦੀ ਬੋਲੀ ਵਿਚ ਇਕ ਮੁਹਾਵਰਾ ਹੈ: 'ਰਾਜੇ ਰਾਜਿਆਂ ਦੇ ਬਹੁਤ ਨੇੜੇ ਹੁੰਦੇ ਹਨ, ਪਰ ਪਰਜਾ ਦੇ ਨਹੀਂ, ਭਾਵੇਂ ਉਹ ਸਦੀਆਂ ਤਕ ਉਨ੍ਹਾਂ ਤੇ ਰਾਜ ਕਰਦੇ ਰਹਿਣ,' ਕਪਤਾਨ ਨੇ ਕਿਹਾ।

"ਐਸ ਵੇਲੇ ਸਾਨੂੰ ਇਕ ਬਾਜ ਦੀ ਲੋੜ ਹੈ, ਜੋ ਇਹ ਨਾ ਵੇਖੇ ਕਿ ਪੰਛੀ ਆਂਡਿਆਂ ਤੇ ਬੈਠੇ ਹਨ, ਜਾਂ ਚੋਗਾ ਚੁਗਦੇ ਹਨ; ਉਸ ਨੂੰ ਕੇਵਲ ਇਕ ਵੱਲ ਆਉਂਦਾ ਹੋਵੇ, ਕਿ ਗਿੱਚੀਆਂ ਕਿਵੇਂ ਮਰੋੜੀਦੀਆਂ ਹਨ ਤੇ ਆਪਣੀ ਚੁੰਜ ਖੂਨ ਨਾਲ ਕਿਵੇਂ ਭਰ ਸਕੀਦੀ ਹੈ," ਛੋਟੇ ਕਪਤਾਨ ਨੇ ਜੋਸ਼ ਨਾਲ ਕਿਹਾ।

"ਮੇਰੇ ਜੋਸ਼ੀਲੇ ਮਿਤ੍ਰ! ਰਾਜ ਨੀਤਕ ਕੰਮਾਂ ਵਿਚ ਏਨੀ ਬਾਜ਼ਾਂ ਦੀ ਲੋੜ ਨਹੀਂ ਹੁੰਦੀ ਨੀਤੱਗਾਂ ਨੂੰ ਕੇਵਲ ਲਕੜਾਂ ਦੇ ਮੁਹਰੇ ਚਾਹੀਦੇ ਹਨ; ਚਾਲਾਂ ਚੱਲਣ ਵਾਲੇ ਹੋਰ ਹੋਣ, ਤੇ ਕਹਿਣ, 'ਘੋੜੇ ਨੇ ਮਾਰ ਲਿਆ,' 'ਪਿਆਦੇ ਨੇ, ਰਾਜੇ ਨੂੰ ਬੰਦ ਕਰ ਦਿਤਾ,' 'ਵਜ਼ੀਰ ਫੀਲੇ ਦੀ ਮਾਰ ਹੇਠ ਆ ਗਿਆ।' ਕਈ ਵਾਰ ਇਤਹਾਸ ਵਿਚ ਤੁਸੀਂ ਸ਼ਤਰੰਜ ਦੀ ਬਾਜ਼ੀ ਵਾਂਗੂ ਸਭ ਕੁਝ ਵੇਖੋਗੇ।" ਕਪਤਾਨ, ਪਾਣੀ ਦੀਆਂ ਲਹਿਰਾਂ ਵਲ ਵੇਖਦਾ, ਬੇ-ਧਿਆਨ ਕਹੀ ਗਿਆ।

"ਤੁਹਾਡੇ ਖਿਆਲ ਵਿਚ, ਏਹੋ ਜਹੇ ਸਮੇਂ ਅੰਦਰ, ਕਿਹੋ ਜਿਹਾ ਆਦਮੀ ਚਾਹੀਦਾ ਹੈ?" ਛੋਟੇ ਕਪਤਾਨ ਨੇ ਪ੍ਰਸ਼ਨ ਕੀਤਾ।

"ਮੇਰੇ ਸਾਹਮਣੇ ਐਸ ਸਮੇਂ ਦੋ ਲੀਡਰ ਹਨ, ਇਕ ਉਹ, ਜਿਸ ਦੀ ਸਾਨੂੰ ਲੋੜ ਹੈ, ਦੂਜਾ ਉਹ, ਜਿਸਦੀ ਸਾਡੇ ਦੁਸ਼ਮਨ ਨੂੰ ਲੋੜ ਹੈ। ਅਸੀਂ ਦੋਵੇਂ ਚੰਗੇ ਲੀਡਰਾਂ ਦੀ ਮੰਗ ਕਰਦੇ ਹਾਂ। ਕੋਈ ਸੱਚਾ, ਵਤਨ ਦਾ ਪਿਆਰਾ, ਕੁਰਬਾਨੀ ਦਾ ਪੁਤਲਾ, ਰਾਜ ਨੀਤਕ ਚਾਲਾਂ ਦਾ ਜਾਣੂ, ਲੋਕਾਂ ਨੂੰ ਝਟ ਪਿਛੇ ਲਾ ਲੈਣ ਵਾਲਾ ਹੋਵੇ; ਖੂਨ ਦੀਆਂ ਨਦੀਆਂ ਵਗਣ ਤੇ ਦੁਸ਼ਮਣ ਦਾ ਬੀਜ ਨਾਸ ਹੋਵੇ; ਮੁੜ ਕੋਈ ਸਿਰ ਚੁੱਕਣ ਜੋਗਾ ਨਾ ਰਹਿ ਜਾਵੇ। ਏਹੋ ਜਹੇ ਸਮੇਂ, ਨਦੀਆਂ, ਨਾਲੇ, ਜੰਗਲ, ਬੇਲੇ, ਟੋਏ, ਟਿੱਬੇ, ਪਹਾੜ ਤੇ ਸਮੁੰਦਰ, ਸਭ ਨੂੰ ਕਿਲ੍ਹੇ ਬਣਾ ਸਕਦਾ ਹੋਵੇ। ਵੈਰੀ ਦੇ ਪੈਰ ਪੈਰ ਤੇ ਦੰਦ ਖੱਟੇ ਕਰੇ। ਅਜਿਹਾ ਸੈਨਾ ਪਤੀ ਦੋਹਾਂ ਨੂੰ ਚਾਹੀਦਾ ਹੈ। ਅਗੇ ਰਬ ਨੂੰ ਮਨਜ਼ੂਰ ਜੋ ਉਹ ਸੈਨਾਪਤੀ ਕਿਸ ਪਾਸੇ ਨੂੰ ਮਿਲੇ," ਕਪਤਾਨ ਨੇ ਗੰਭੀਰਤਾ ਨਾਲ ਆਖਿਆ।

"ਜੋ ਲਛਣ ਲੀਡਰ ਦੇ ਤੁਸਾਂ ਦਸੇ ਹਨ, ਉਹ ਤਾਂ ਇਸ ਸਮੇਂ ਕਿਸੇ ਆਦਮੀ ਵਿਚ ਭੀ ਨਹੀਂ ਹਨ," ਛੋਟੇ ਕਪਤਾਨ ਨੇ ਨਿਰਾਸਤਾ ਨਾਲ ਕਿਹਾ।

"ਨਿਰਾਸ ਹੋਣ ਦੀ ਕੋਈ ਲੋੜ ਨਹੀਂ। ਜੰਗ ਵਿਚ ਤੇ ਮੁੱਕਦਮੇ ਵਿਚ ਕਦੀ ਆਸ਼ਾ ਦਾ ਲੜ ਨਹੀਂ ਛਡਣਾ ਚਾਹੀਦਾ, ਭਾਵੇਂ ਇਹ ਦੋਵੇਂ ਭੈੜੀਆਂ ਗੱਲਾਂ ਹਨ। ਜੇਹੜਾ ਪਾਸਾ ਜਿਤ ਜਾਵੇ, ਉਸੇ ਪਾਸੇ ਦਾ ਸੈਨਾਪਤੀ ਤੇ ਵਕੀਲ ਸਿਆਣਾ; ਤੇ ਜੇਹੜਾ ਹਾਰ ਜਾਵੇ, ਉਹ ਬਿਲਕੁਲ ਅਨਜਾਣ ਤੇ ਬੁਧੂ," ਕਪਤਾਨ ਨੇ ਕਿਹਾ।

"ਮੈਨੂੰ ਤਾਂ ਰਹਿ ਰਹਿਕੇ ਗੁੱਸਾ ਆਉਂਦਾ ਹੈ, ਕਿ ਲੋਕ ਰਾਜੇ ਵਾਲਿਆਂ ਦੇ ਜੇਹੜੇ ਨਾਈ ਤੇ ਧੋਬੀ ਹਨ, ਉਹ ਤਖਤਾਂ ਦੇ ਮਾਲਕ,

ਤੇ ਜੇਹੜੇ ਰਈਸਾਂ ਦੇ ਪੁੱਤਰ ਹਨ, ਉਹ ਉਨ੍ਹਾਂ ਦੇ ਚੋਬਦਾਰ। ਹੈ ਨ ਹੇਠਲੀ ਉੱਤੇ ਹੋਣ ਵਾਲੀ ਗੱਲ ! ਕੀ ਇਹੋ ਕਲਜੁਗ ਨਹੀਂ ?" ਛੋਟੇ ਕਪਤਾਨ ਨੇ, ਬੁਲ੍ਹਾਂ ਨੂੰ ਟੁਕਦੇ ਹੋਏ ਕਿਹਾ।

"ਕਲਜੁਗ ਆਦਿ ਕਾਲ ਤੋਂ ਸ਼ੁਰੂ ਹੈ ਤੇ ਸਤਿਜੁਗ ਵੀ ਆਰੰਭ ਤੋਂ ਤੁਰਿਆ ਆ ਰਿਹਾ ਹੈ। ਜੋ ਸਾਡੇ ਲਈ ਚੰਗਾ ਹੈ, ਉਸ ਦੀ ਵਰਤੋਂ ਸਤਿਜੁਗ ਹੈ, ਤੇ ਜੋ ਸਾਨੂੰ ਬੁਰਾ ਲੱਗੇ, ਉਹ ਘੋਰ ਕਲਜੁਗ ਹੈ। ਇਕੋ ਰਾਤ, ਕਈਆਂ ਮੁਲਕਾਂ ਤੇ, ਹਜ਼ਾਰਾਂ ਸੂਬਿਆਂ ਤੇ, ਲਖਾਂ ਜ਼ਿਲਿਆਂ ਤੇ, ਕਰੋੜਾਂ ਪਿੰਡਾਂ ਤੇ ਛਾ ਜਾਂਦੀ ਹੈ; ਬੋਟ ਨੂੰ ਮੂੰਹ ਅਡਣਾ ਤੇ ਕਲੀ ਨੂੰ ਖਿੜਨਾ ਸਿਖਾ ਜਾਂਦੀ ਹੈ; ਹਰ ਇਕ ਤੇ ਵਖ ਵਖ ਅਸਰ ਪਾ ਜਾਂਦੀ ਹੈ। ਸਮੇਂ ਦੇ ਹਥ ਵਿਚ ਅਨੇਕਾਂ ਸਿੱਟੇ ਹਨ ਤੇ ਉਹ ਹਰ ਇਕ ਨੂੰ, ਮਿਹਨਤ ਤੇ ਲਗਨ ਦਾ ਖਿਆਲ ਰਖ ਕੇ, ਵਖ ਵਖ ਸਿੱਟੇ ਦੇਂਦਾ ਹੈ। ਭਾਵੇਂ ਅਸੀਂ ਉਸ ਮੌਕੇ ਦਾ ਨਾਮ ਰਾਤ ਰਖ ਦੇਈਏ ਤੇ ਭਾਵੇਂ ਦਿਨ, ਤੇ ਚਾਹੇ ਇਕ ਘੜੀ। ਜੇ ਤੂੰ ਮੈਨੂੰ ਪੁਛੇਂ ਕਿ ਅਸਲ ਕਲਜੁਗ ਕੇਹੜਾ ਹੈ ? ਤਾਂ ਮੈਂ ਆਖਾਂ ਗਾ, 'ਲੜਾਈ ਦਾ ਹਰ ਸਮਾਂ ਕਲਜੁਗ ਹੈ। ਜਿਸ ਦੇ ਹਥ ਵਿਚ ਹਥਿਆਰ ਹੁੰਦੇ ਹਨ, ਉਹ ਅੱਖੋਂ ਅੰਨ੍ਹਾ ਤੇ ਕੰਨਾਂ ਤੋਂ ਬੋਲਾ ਹੁੰਦਾ ਹੈ। ਨਾ ਉਹ ਅਰਾਮ ਕਰਦਾ ਹੈ ਤੇ ਨਾ ਕਰਨ ਦੇਂਦਾ ਹੈ। ਦਇਆ ਤੇ ਮੁਆਫ਼ ਕਰਨਾ, ਉਹ ਜਾਣਦਾ ਈ ਨਹੀਂ, ਕਿਸ ਬਲਾ ਦਾ ਨਾਮ ਹੁੰਦਾ ਹੈ।' ਦੂਜਾ, ਜੋ ਤੂੰ ਨਾਈਆਂ ਧੋਬੀਆਂ ਦੀ ਗੱਲ ਕੀਤੀ ਹੈ, ਮੈਂ ਇਤਹਾਸ ਦੇ ਪੰਨਿਆਂ ਤੇ ਵੇਖਦਾ ਹਾਂ, ਗੁਲਾਮਾਂ ਨੇ ਤਖਤ ਮੱਲੇ ਤੇ ਤਖਤਾਂ ਵਾਲਿਆਂ ਨੇ ਘਾਹ ਖੋਤੇ।"

"ਮੈਂ ਹੈਰਾਨ ਹਾਂ ਕਿ ਵਾਲ ਸੁਆਰਨ ਵਾਲੇ ਕੀ ਜਾਣਨ, ਜੋ ਫੌਜਾਂ ਦਾ ਸੰਚਾਲਨ ਕਿਵੇਂ ਕਰੀਦਾ ਹੈ ? ਇਹ ਵਡੇ ਕੰਮ ਵਡਿਆਂ ਪਾਸ ਹੀ ਸੁਹਣੇ ਲਗਦੇ ਨੇ। ਧੋਬੀ, ਪਾਣੀ ਘਾਟ ਤੇ ਛੂ ਛੂ ਕਰਦੇ ਫਬਦੇ ਹਨ, ਨਾਈਆਂ ਦੇ ਹਥ ਵਿਚ ਨੇਰਨਾ ਤੇ ਕੱਛ ਵਿਚ

ਬੋਲਾ ਹੀ ਸੋਭਾ ਪਾਉਂਦਾ ਹੈ,'' ਛੋਟੇ ਕਪਤਾਨ ਨੇ, ਬਹਿਸ ਕਰਨ ਤੇ ਤੁਲ ਕੇ, ਕਿਹਾ।

''ਤੁਸੀਂ ਠੀਕ ਕਹਿੰਦੇ ਹੋ। ਤੁਸੀਂ ਇਕ ਰਈਸ ਦੇ ਲੜਕੇ ਹੋ। ਤੁਹਾਡੀ ਸਰਦਾਰੀ ਖੋਹੀ ਗਈ ਹੈ। ਤੁਸੀਂ ਬਚਪਨ ਤੋਂ ਹੁਕਮ ਕਰਨੇ ਸਿਖੇ ਹਨ। ਮੈਂ, ਇਤਿਹਾਸ ਦੇ ਸਫੇ ਪੜ੍ਹਨ ਵਾਲਾ, ਇਕ ਕਮਜ਼ੋਰ ਜਿਹਾ ਵਿਦਿਆਰਥੀ ਹਾਂ। ਪਰ ਮੈਂ ਇੱਨਾਂ ਜ਼ਰੂਰ ਜਾਣਦਾ ਹਾਂ, ਜਿਵੇਂ ਸੂਰਜ ਦੇ ਚੜ੍ਹਨ ਵੇਲੇ, ਸਿਖਰ ਤੇ ਔਣ ਵੇਲੇ ਤੇ ਛਿਪਣ ਵੇਲੇ, ਪਰਛਾਵੇਂ ਬਦਲਦੇ ਹਨ, ਏਸੇ ਤਰ੍ਹਾਂ ਸਦੀਆਂ ਦੇ ਚੜ੍ਹਨ ਤੇ ਛਿਪਣੇ ਵੇਲੇ, ਸ਼ਹਿਨਸ਼ਾਹੀਆਂ ਦੇ ਪਰਛਾਵੇਂ ਭੀ ਬਦਲ ਜਾਂਦੇ ਹਨ। ਕੀ ਦਰਜੀ ਤੇ ਕੀ ਭੰਗੀ ਤੇ ਮਾਸ਼ਕੀ, ਜਿਸ ਦੇ ਹਥ ਵਿਚ ਤਲਵਾਰ ਹੋਵੇ, ਉਹੋ ਬਹਾਦਰ ਬਣ ਜਾਂਦਾ ਹੈ। ਕਿਸੇ ਡੂੰਘੀ ਸਿਆਣਪ ਵਿਚੋਂ ਨਿਕਲੇ ਸ਼ਬਦ ਹਨ, 'ਕਿਸੇ ਨੂੰ ਕੋਈ ਕੰਮ ਦੇ ਦਿਉ; ਕੁਝ ਚਿਰ ਪਿਛੋਂ, ਉਸ ਵਿਚ ਹੈਰਾਨ ਕਰਨ ਵਾਲੀ ਯੋਗਤਾ ਆ ਜਾਵੇਗੀ।''

ਕਪਤਾਨ ਦੀ ਗਲ ਖਤਮ ਹੋਈ ਹੀ ਸੀ ਕਿ ਜਹਾਜ਼ ਦੇ ਹੇਠੋਂ ਪਹਿਲੇ ਤਿਖੀਆਂ ਚੀਕਾਂ ਦੀ ਆਵਾਜ਼ ਤੇ ਫਿਰ ਜ਼ੋਰ ਨਾਲ 'ਠਾਹ' ਦੀ ਅਵਾਜ਼ ਆਈ! ਕਪਤਾਨ, ਛੋਟਾ ਕਪਤਾਨ ਤੇ ਸਰ-ਦਾਰ, ਆਪੋ ਆਪਣੇ ਥਾਂ ਤੋਂ ਇਕ ਦਮ ਜਹਾਜ਼ ਦੇ ਹੇਠਾਂ ਵਲ ਨੂੰ ਗਏ। ਥੱਲਿਉਂ, ਗੋਲੰਦਾਜ਼ ਉਪਰ ਨੂੰ ਨਠੇ ਆ ਰਹੇ ਸਨ। ਸਾਰੇ ਗੋਲਚੀ ਹੈਰਾਨ ਤੇ ਹਫੇ ਹੋਏ ਸਨ। ਗੱਲ ਇਹ ਹੋਈ ਕਿ ਇਕ ਤੋਪ ਦਾ ਜ਼ੰਜ਼ੀਰ ਖੁੱਲ ਗਿਆ; ਤੇ ਉਹ ਜਹਾਜ਼ ਦੇ ਇਧਰ ਉਧਰ ਡੋਲਣ ਨਾਲ, ਜੁਲਾਹੇ ਦੀ ਨਾਲ ਵਾਂਗ, ਕਦੀ ਜਹਾਜ਼ ਦੇ ਇਕ ਪਾਸੇ ਆਕੇ ਵੱਜਦੀ, ਕਦੀ ਦੂਜੇ ਪਾਸੇ ਜਾਕੇ ਵੱਜਦੀ। ਜਹਾਜ਼ ਤੇ ਜਹਾਜ਼ ਦੀਆਂ ਸੁਵਾਰੀਆਂ ਕੰਬ ਰਹੀਆਂ ਸਨ। ਜਹਾਜ਼ ਡੋਲਦਾ ਹੈ, ਤੋਪ ਟੱਕਰਾਂ ਮਾਰਦੀ ਹੈ।

ਜਹਾਜ਼ ਨੂੰ ਪਾਣੀ ਦੀਆਂ ਲਹਿਰਾਂ ਡੁਲਾਉਂਦੀਆਂ ਹਨ ਹਵਾ ਸਮੁੰਦਰ ਵਿਚੋਂ ਲਹਿਰਾਂ ਪੈਦਾ ਕਰਦੀ ਹੈ। ਹਵਾ ਨੂੰ ਜੂਨ ਦੇ ਮਹੀਨੇ ਦੀ ਗਰਮੀ ਨੇ ਪੈਦਾ ਕੀਤਾ ਹੈ ਤੇ ਜੂਨ ਦੇ ਮਹੀਨੇ ਨੂੰ ਸੂਰਜ ਦੀਆਂ ਸਿੱਧੀਆਂ ਕਿਰਨਾਂ ਨੇ ਜੋਸ਼ੀਲਾ ਬਣਾਇਆ ਹੈ। ਕੋਹੜਾ ਆਦਮੀ ਹੈ, ਜੇਹੜਾ ਇੰਨੀਆਂ ਸ਼ਕਤੀਆਂ ਨੂੰ ਰੋਕ ਸਕੇ ?

ਜਹਾਜ਼ ਤੇ ਤੋਪ ਖੁਲ੍ਹ ਜਾਣ ਨਾਲੋਂ ਹੋਰ ਕੋਈ ਭੈੜੀ ਘਟਨਾ ਨਹੀਂ ਹੋ ਸਕਦੀ। ਤੋਪ ਦੇ ਪਹੀਏ ਭੰਭੀਰੀ ਵਾਂਗ ਘੁੰਮਦੇ ਹਨ। ਕਦੀ ਗੇਂਦ ਵਾਂਗ ਉਛਲਦੀ ਹੈ, ਕਦੀ ਚੀਤੇ ਵਾਂਗ ਛਾਲ ਮਾਰਦੀ ਹੈ। ਚੂਹੇ ਵਾਂਗ ਚੁਸਤੀ ਨਾਲ ਝਟ ਇਧਰ ਉਧਰ ਘੁੰਮ ਜਾਂਦੀ ਹੈ। ਹਾਥੀ ਦੀ ਤਰ੍ਹਾਂ ਲਤਾਂ ਵਧਾ ਕੇ ਬਹਿੰਦੀ ਹੈ, ਫਿਰ ਕੁਝ ਰੁਕ ਜਾਂਦੀ ਹੈ, ਮੁੜ ਹਮਲਾ ਕਰਦੀ ਹੈ। ਕੁਹਾੜੇ ਦੇ ਮੂੰਹ ਵਾਂਗ, ਲਕੜ ਵਢਦੀ ਹੈ ਤੇ ਆਪ ਹੋਰ ਤਿਖੀ ਹੁੰਦੀ ਜਾਂਦੀ ਹੈ। ਸਵਾ ਸੌ ਮਣ ਦੀ ਭਾਰੀ ਤੋਪ ਨੂੰ ਹੁਣ ਰੋਕੇ ਕੌਣ ?

ਇਹ ਗਲਤੀ ਸਾਰੀ ਤੋਪਚੀ ਦੀ ਸੀ। ਉਸ ਨੇ ਤੋਪ ਬੰਨ੍ਹਣ ਵੇਲੇ ਜ਼ੰਜੀਰ ਢਿਲੇ ਰਹਿਣ ਦਿੱਤੇ। ਉਹ ਖੱਬੇ ਪਾਸੇ ਬੈਠਾ ਹੋਇਆ ਸੀ ਤੇ ਬਾਕੀ ਤੋਪਚੀ ਇਕ ਪਾਸੇ ਬੈਠੇ ਗੱਪਾਂ ਛਡ ਰਹੇ ਸਨ। ਜਹਾਜ਼ ਜਦੋਂ ਡੋਲਿਆ, ਤੋਪ ਦੇ ਝਟਕੇ ਨਾਲ ਜ਼ੰਜੀਰ ਟੁਟ ਗਏ। ਤੋਪ ਨੇ ਤੋਪਚੀਆਂ ਦੇ ਝੁੰਡ ਤੇ ਹਮਲਾ ਕੀਤਾ ਤੇ ਚਾਰ ਆਦਮੀ ਪੈਰਾਂ ਹੇਠ ਲੈ ਲਏ। ਪਿਛੇ ਮੁੜਨ ਲੱਗੀ ਨੇ ਇਕ ਹੋਰ ਕੁਚਲ ਦਿਤਾ। ਗੋਲਚੀ ਚੀਕਾਂ ਮਾਰਕੇ ਉਪਰ ਨੂੰ ਦੌੜੇ। ਇਧਰ ਕਪਤਾਨ ਤੇ ਸਰਦਾਰ ਦੌੜਕੇ ਉਥੇ ਪਹੁੰਚ ਗਏ। ਚਾਰ ਚੁਫੇਰੇ ਘੇਰਾ ਪਾਕੇ, ਸਭ ਆਪਣੀ ਮੌਤ ਦੇ ਨਾਚ ਨੂੰ ਵੇਖਣ ਲਗੇ।

ਇਸ ਤਰ੍ਹਾਂ ਜਾਪਦਾ ਸੀ, ਜਿਸ ਤਰ੍ਹਾਂ ਜਹਾਜ਼ ਵਿਚ ਬਿਜਲੀ ਬੰਦ ਹੋ ਗਈ ਹੈ ਤੇ ਉਹ ਇਧਰ ਉਧਰ ਦੌੜਕੇ ਰਸਤਾ ਲਭਦੀ ਹੈ।

ਤੋਪ, ਸ਼ੇਰ ਤੇ ਚੀਤੇ ਵਾਂਗ ਹਮਲਾ ਕਰਦੀ, ਪਰ ਉਹ ਕੰਨਾਂ

ਤੋਂ ਬੋਲੀ ਤੇ ਜ਼ਬਾਨੋਂ ਗੁੰਗੀ ਸੀ। ਜੇ ਤੋਪ ਦੀਆਂ ਅਖਾਂ ਤੇ ਕੰਨ ਹੁੰਦੇ, ਤਾਂ, ਟੁਕੜੇ ਹੋ ਕੇ ਉਡਦੀਆਂ ਲਾਸ਼ਾਂ ਤੇ ਵਿਲਕਦੇ ਅਧ ਮੋਏ ਵੇਖਕੇ, ਢਲ ਜਾਂਦੀ। ਜੇ ਇਸ ਤਰ੍ਹਾਂ ਹੁੰਦਾ ਤਾਂ ਤੋਪ ਬਣਾਉਣ ਵਾਲੇ ਦਾ ਉੱਦੇਸ਼ ਕਿਵੇਂ ਪੂਰਾ ਹੁੰਦਾ?

ਜਹਾਜ਼ ਵਿਚ ਮੋਰੀਆਂ ਹੋ ਜਾਣ ਤਾਂ ਬੰਦ ਕੀਤੀਆਂ ਜਾ ਸਕਦੀਆਂ ਹਨ, ਅਗ ਲਗ ਜਾਵੇ ਤਾਂ ਬੁਝਾ ਦਿਤੀ ਜਾ ਸਕਦੀ ਹੈ। ਪਰ ਇਸ ਧਾਤਾਂ ਤੋਂ ਬਣੇ ਦੈਂਤ ਦਾ ਕੀ ਇਲਾਜ ਹੋ ਸਕਦਾ ਹੈ?

ਹਾਥੀ ਨੂੰ ਗੋਲੀ ਮਾਰੋ, ਉਹ ਚੀਕਾਂ ਮਾਰਨ ਲਗ ਪਏਗਾ। ਸ਼ੇਰ ਨੂੰ ਨਿਸ਼ਾਨਾ ਬਣਾਉ, ਉਹ ਘਬਰਾ ਉਠੇਗਾ। ਪਰ ਤੋਪ ਤੇ ਕਿਸ ਚੀਜ਼ ਨਾਲ ਵਾਰ ਕੀਤਾ ਜਾਵੇ? ਮਾਰੇ ਤੋਪ ਨੂੰ ਕੌਣ? ਉਹ ਪਹਿਲੇ ਹੀ ਮੁਰਦਾ ਹੈ। ਬਚੇ ਉਸ ਤੋਂ ਕੌਣ? ਉਹ ਮੌਤ ਨਾਲੋਂ ਵੀ ਡਰਾਉਣੀ ਹੈ।

ਤੋਪ ਇਕ ਮਿੰਟ ਰੁਕੀ ਤੇ ਦੂਜੀਆਂ ਉਣੱਤੀ ਤੋਪਾਂ ਵਲ ਮੂੰਹ ਕਰਕੇ ਤਕਣ ਲਗੀ; ਉਹ ਜ਼ੰਜੀਰਾਂ ਵਿਚ ਬਧੀਆਂ ਹੋਈਆਂ ਸਨ। ਕੋਹੜਾ ਹੈ, ਜੋ ਆਪਣੀ ਸ੍ਰੇਣੀ ਨੂੰ ਕੈਦ ਵਿਚ ਵੇਖਣਾ ਚਾਹੁੰਦਾ ਹੈ। ਤੋਪ ਉਛਲੀ ਤੇ, ਮਰੇ ਆਦਮੀਆਂ ਦੇ ਖ਼ੂਨ ਵਿਚ ਦੀ ਪਹੀਏ ਘੁਮਾਂਦੀ, ਤੋਪਾਂ ਵਲ ਵਧੀ, ਠਾਹ ਦੇ ਕੇ ਦੋ ਤੋਪਾਂ ਤੇ ਵੱਜੀ। ਉਨ੍ਹਾਂ ਦੀ ਸੰਗਲਾਂ ਤੋਂ ਬੰਦ ਖਲਾਸੀ ਤਾਂ ਹੋਈ ਨਾ, ਪਰ ਦੋਵੇਂ ਤੋਪਾਂ ਬੇਕਾਰ ਹੋ ਗਈਆਂ। ਸਰਦਾਰ ਨੇ ਦੋ ਵਾਰ ਬੁਲ੍ਹ ਟੁਕੇ। ਤੋਪ ਨੇ ਵੀ ਅਗ ਭੰਬੂਲਾ ਹੋ ਕੇ ਤਿੰਨ ਹਮਲੇ ਝਟ ਪਟ ਕਰ ਦਿਤੇ। ਦਸ ਤੋਪਾਂ ਹੋਰ ਬੇਕਾਰ ਕਰ ਦਿਤੀਆਂ। ਜ਼ਹਾਜ ਦੇ ਕਪਤਾਨ ਨੇ ਕਿਹਾ, "ਜੋ ਕੁਝ ਤੁਹਾਡੇ ਕੋਲ ਹੈ, ਸਭ ਕੁਝ ਤੋਪ ਦੇ ਪਹੀਆਂ ਅਗੇ ਸੁਟ ਦਿਓ।"

ਮਲਾਹਾਂ ਨੇ ਰੱਸੇ, ਕਪੜੇ ਤੇ ਹੋਰ ਜੋ ਕੁਝ ਹਥ ਵਿਚ ਆਇਆ ਝਟਾ ਪਟ ਸੁਟਣਾ ਸ਼ੁਰੂ ਕਰ ਦਿਤਾ। ਤੋਪ ਦੇ ਇਧਰ ਉਧਰ, ਚੀਜ਼ਾਂ ਦੇ ਢੇਰ ਲਗ ਗਏ। ਕਪੜਿਆਂ ਨਾਲ ਤੋਪ ਦਾ ਟਾਕਰਾ ਕੀ

ਹੋਇਆ ? ਮਰੇ ਹੋਏ ਮਲਾਹਾਂ ਦੇ ਟੁਕੜੇ, ਹੋਏ ਸਰੀਰਾਂ ਤੇ, ਤੋਪ ਕਪੜਿਆਂ ਨਾਲ ਪੱਟੀਆਂ ਬੰਨ੍ਹ ਰਹੀ ਸੀ, ਜਾਂ ਅਖੀਰ ਵੇਲੇ ਕਫਨ ਪਾ ਰਹੀ ਸੀ ।

ਹੁਣ ਲੋੜ ਸੀ ਜੋ ਉਨ੍ਹਾਂ ਸਾਰੀਆਂ ਚੀਜ਼ਾਂ ਨੂੰ ਕੋਈ ਇਕੱਠੀਆਂ ਕਰਕੇ ਤੋਪ ਦੇ ਪਹੀਆਂ ਅੱਗੇ ਰੱਖੇ ।

ਇਕ ਲੰਮਾ ਮਲਾਹ, ਹਥ ਵਿਚ ਲੋਹੇ ਦਾ ਛੜ ਲੈ ਕੇ, ਬਿਨਾਂ ਕਿਸੇ ਨੂੰ ਕੁਝ ਕਹੇ ਸੁਣੇ ਦੇ, ਹੇਠਾਂ ਉਤਰ ਗਿਆ ।

ਤੋਪ ਰੁਕ ਗਈ; ਸ਼ਾਇਦ ਪੁਰਾਣੇ ਮਾਲਕ ਨੂੰ ਪਛਾਣਨ ਲਗ ਪਈ । ਮਲਾਹ ਨੇ ਸਿਰ ਤੇ ਹਥ ਫੇਰਿਆ ਤੇ ਤੋਪ ਨੂੰ ਧਿਆਨ ਨਾਲ ਵੇਖਣ ਲਗ ਪਿਆ ।

ਤੋਪ ਬਿਜਲੀ ਵਾਂਗ ਉਛਲੀ; ਤੇ ਮਲਾਹ, ਪਾਰੇ ਵਾਂਗ, ਦੂਜੇ ਪਾਸੇ ਹੋ ਗਿਆ ਤੇ ਸਾਰੀਆਂ ਚੀਜ਼ਾਂ ਨੂੰ ਇਕ ਥਾਂ ਇਕੱਠੀਆਂ ਕਰਨ ਦਾ ਯਤਨ ਕਰਨ ਲੱਗਾ । ਤੋਪ, ਆਪਣੇ ਬੰਧਨਾਂ ਨੂੰ ਵੇਖਕੇ, ਹੋਰ ਗੁੱਸੇ ਵਿਚ ਆ ਗਈ ਤੇ ਲੱਗੀ ਬਰਬਾਦ ਕਰਨ । ਛੇ ਤੋਪਾਂ ਹੋਰ ਬਰਬਾਦ ਕਰ ਦਿਤੀਆਂ ।

ਕਪਤਾਨ ਨੇ ਸਰਦਾਰ ਦੇ ਕੰਨ ਲਾਗੇ ਮੂੰਹ ਕਰਕੇ ਕਿਹਾ, "ਤੁਸੀਂ ਰਬ ਤੇ ਯਕੀਨ ਕਰਦੇ ਹੋ ਕਿ ਨਹੀਂ ?"

"ਹਾਂ—ਨਹੀਂ—ਕਦੇ ਕਦੇ," ਸਰਦਾਰ ਨੇ ਥਿੜਕਦਿਆਂ ਥਿੜਕਦਿਆਂ ਕਿਹਾ ।

"ਕੀ ਜੁਵਾਰ ਭਾਟੇ ਵੇਲੇ, ਭੂਚਾਲ ਵੇਲੇ......ਤੇ......"

"ਹਾਂ ਏਹੋ ਜਹੇ ਸਮੇਂ—ਬਿਪਤਾ ਵੇਲੇ—ਜਦੋਂ ਕੋਈ ਸਮਝ ਨਾ ਆਵੇ," ਸਰਦਾਰ ਨੇ ਕਿਹਾ ।

"ਇਸ ਵੇਲੇ ਰਬ ਈ ਹੈ, ਜੋ ਸਾਡੀ ਰਖਿਆ ਕਰੇ । ਉਹ ਮੌਤ ਦੀਆਂ ਦਾੜ੍ਹਾਂ ਹੇਠੋਂ ਕਢ ਲੈਂਦਾ ਹੈ," ਕਪਤਾਨ ਨੇ ਕਿਹਾ । "ਤੁਹਾਨੂੰ ਯਾਦ ਹੈ, ਜਦੋਂ ਜਹਾਜ ਚੱਲਿਆ ਸੀ, ਤਾਂ ਤੁਸੀਂ ਹਵਾ

ਤੇਜ਼ ਚਲਦੀ ਵੇਖਕੇ ਕਿਹਾ ਸੀ, 'ਕੁਦਰਤ ਸਾਡੇ ਹਕ ਵਿਚ ਹੈ।' ਹੁਣ ਉਹੋ ਹਵਾ ਸਾਨੂੰ ਬਰਬਾਦ ਕਰ ਰਹੀ ਹੈ। ਕੁਦਰਤ ਦਾ ਹਰ ਕਦਮ ਸਾਡਾ ਮਿਤਰ ਬਣ ਸਕਦਾ ਹੈ ਤੇ ਹਰ ਕਦਮ ਵੈਰੀ। ਪਾਣੀ ਸਾਡੀ ਤੇਹ ਦੂਰ ਕਰਦਾ ਹੈ, ਪਰ ਜੇ ਪਾਣੀ ਅੰਦਰ ਜਾ ਕੇ ਅਟਕ ਜਾਵੇ, ਤਾਂ ਇਸ ਤੋਂ ਵਡਾ ਦੁਖ ਕੋਈ ਨਹੀਂ।''

ਹੁਣ ਤਕ ਤਾਂ ਤੋਪ ਨਾਲ ਟੁਟੇ ਹੋਏ ਸੰਗਲ ਦੇ ਟੋਟੇ, ਕਿਸੇ ਚੀਜ ਨਾਲ ਅਟਕੇ ਹੋਏ ਸਨ। ਹੁਣ ਉਹ ਦੋਵੇਂ ਖੁਲ ਗਏ। ਇਹ ਤੋਪ ਦੀਆਂ ਪਤਲੀਆਂ ਪਤਲੀਆਂ ਬਾਂਹਵਾਂ ਸਨ, ਕਦੀ ਕਿਸੇ ਤੋਪ ਨੂੰ ਮਿਲਦੀਆਂ ਸਨ ਤੇ ਕਦੀ ਕਿਸੇ ਨੂੰ। ਮਲਾਹ ਲਗਾਤਾਰ ਪੈਂਤੜੇ ਬਦਲ ਕੇ ਬਚ ਰਿਹਾ ਸੀ। ਕਈਆਂ ਸਾਲਾਂ ਤੋਂ ਉਹ ਤੋਪ ਦੇ ਮੂੰਹ ਵਿਚ ਹਥ ਪਾਉਂਦਾ ਰਿਹਾ ਸੀ। ਉਸ ਦੇ ਪੇਟ ਵਿਚ, ਬਰਬਾਦੀ ਕਰਨ ਲਈ, ਦਾਰੂ ਭਰਦਾ ਸੀ। ਪਰ ਅਜ ਉਹ ਸਭ ਕੁਝ ਭੁਲ ਚੁਕੀ ਸੀ। ਸੰਗਲਾਂ ਦੀਆਂ ਘੂਕਾਂ ਬੜਾ ਡਰ ਪੈਦਾ ਕਰਦੀਆਂ ਸਨ।

ਇਕ ਵਾਰ ਮਲਾਹ ਨੇ ਉਲਟਾ ਪੈਂਤੜਾ ਬਦਲਿਆ। ਤੋਪ ਆਈ, ਮਲਾਹ ਪੌੜੀ ਦੇ ਡੰਡਿਆਂ ਵਲ ਵਧਿਆ, ਸਾਰੇ ਹਾ ਹਾ ਕਾਰ ਮਚ ਗਿਆ, ਮਲਾਹ ਗਿਆ ਕਿ ਗਿਆ ਸੀ।

ਸਰਦਾਰ ਨੇ ਇਕ ਗਠੜੀ ਹਥ ਵਿਚ ਫੜੀ ਤੇ ਝਟ ਤੋਪ ਦੇ ਪਹੀਏ ਦੇ ਠੀਕ ਅਗੇ ਮਾਰੀ। ਨਿਸ਼ਾਨਾ ਠੀਕ ਲਗਾ, ਤੋਪ ਰੁਕ ਗਈ। ਮਲਾਹ ਨੇ ਪਿਛੇ ਹੋ ਕੇ ਝਟ ਛੜ ਤੋਪ ਦੇ ਪਹੀਆਂ ਵਿਚ ਅੜਾ ਦਿਤਾ। ਸਾਰੇ ਮਲਾਹ ਸੰਗਲ ਲੈ ਕੇ ਤੋਪ ਵਲ ਦੌੜੇ, ਕੁੰਡਿਆਂ ਵਿਚ ਸੰਗਲ ਪਾ ਕੇ ਤੋਪ ਨੂੰ ਬੰਨ੍ਹ ਦਿਤਾ। ਇਹ ਵੀ ਤੋਪ ਨਿਕੰਮੀ ਹੋ ਚੁਕੀ ਸੀ। ਸਾਰੇ ਖੁਸ਼ੀ ਦੇ ਮਾਰੇ ਨੱਚ ਉਠੇ।

ਕਈ ਵੇਰਾਂ ਹਾਰਾਂ ਦੀਆਂ ਨੀਹਾਂ ਉਤੇ ਜਿਤ ਉਸਰਦੀ ਹੈ; ਤੇ ਸਚ ਮੁਚ ਇਹ ਵਡੀ ਜਿਤ ਸੀ ਕਿ, ਆਪਣੀ ਜਾਨ ਜੋਖੋਂ ਵਿਚ ਪਾ ਕੇ, ਤੋਪ ਨੂੰ ਕੈਦ ਕਰ ਲਿਆ। ਕੁਝ ਚਿਰ ਲਈ ਸਭ ਨੂੰ ਭੁਲ

ਗਿਆ, ਜੋ ਜਹਾਜ਼ ਵਿਚ ਪਾਣੀ ਪੈ ਰਿਹਾ ਹੈ, ਤੋਪਾਂ ਬਰਬਾਦ ਹੋ ਗਈਆਂ ਹਨ, ਜਹਾਜ਼ ਪਤਾ ਨਹੀਂ ਕਿਥੇ ਚਲਿਆ ਗਿਆ ਹੈ, ਬਚੀਆਂ ਤਿੰਨ ਤੋਪਾਂ ਕੀ ਕਰ ਸਕਣਗੀਆਂ। ਸਾਰੇ ਇਰਾਦੇ ਮਿੱਟੀ ਵਿਚ ਮਿਲ ਗਏ।

ਮਲਾਹ, ਮੁੜਕਾ ਪੂੰਝਦਾ, ਸਰਦਾਰ ਦੇ ਲਾਗੇ ਆਇਆ ਤੇ ਬੋਲਿਆ, "ਮਾਨ ਯੋਗ ਜੀਉ, ਤੁਸੀਂ ਮੈਨੂੰ ਅਜ ਜ਼ਿੰਦਗੀ ਦਾ ਦਾਨ ਦਿਤਾ ਹੈ, ਮੇਰਾ ਅਜ ਤੋਂ ਨਵਾਂ ਜੀਵਨ ਅਰੰਭ ਹੋਇਆ ਹੈ।"

ਸਰਦਾਰ ਨੇ ਤਿੱਖੀ ਨਿਗਾਹ ਨਾਲ ਵੇਖਿਆ ਤੇ ਪੌੜੀਆਂ ਚੜ੍ਹ ਕੇ, ਆਪਣੇ ਕਮਰੇ ਵਲ ਨੂੰ, ਬਿਨਾਂ ਉਤਰ ਦਿੱਤੇ, ਚਲਿਆ ਗਿਆ।

ਸਾਰੇ ਮਲਾਹ ਤੇ ਕਪਤਾਨ ਜਹਾਜ਼ ਦੀਆਂ ਮੋਰੀਆਂ ਬੰਦ ਕਰਨ ਲਗ ਪਏ। ਕਪਤਾਨ ਇਧਰੋਂ ਵੇਹਲਾ ਹੋ ਕੇ, ਬੁਢੇ ਮਲਾਹ ਨੂੰ ਨਾਲ ਲੈ ਕੇ, ਸਰਦਾਰ ਦੇ ਕਮਰੇ ਵਿਚ ਆਇਆ। ਪਿਛੋ ਪਿਛੋ ਬਾਕੀ ਮਲਾਹ ਵੀ ਆਣ ਪਹੁੰਚੇ। ਕਪਤਾਨ ਨੇ ਸਰਦਾਰ ਨੂੰ ਫੌਜੀ ਸਲਾਮ ਕੀਤਾ ਤੇ ਦੂਜੇ ਮਲਾਹ ਨੇ ਵੀ।

ਕਪਤਾਨ ਨੇ ਕਿਹਾ, "ਸ੍ਰੀ ਮਾਨ ਜੀ, ਇਸ ਚਿਟੇ ਵਾਲਾਂ ਵਾਲੇ ਬੁਢੇ ਨੇ ਬਹਾਦਰੀ ਦਾ ਕੰਮ ਕੀਤਾ ਹੈ, ਇਸ ਨੂੰ ਇਨਾਮ ਮਿਲਣਾ ਚਾਹੀਦਾ ਹੈ।"

ਸਰਦਾਰ ਚੁਪ ਰਿਹਾ।

ਕਪਤਾਨ ਨੇ ਫਿਰ ਕਿਹਾ, "ਇਨਾਮ ਕੋਈ ਵਡੀ ਚੀਜ਼ ਨਹੀਂ ਤੇ ਜ਼ਿੰਦਗੀ ਤੋਂ ਕੋਈ ਇਨਾਮ ਵਡਾ ਨਹੀਂ ਹੋਂਦਾ, ਪਰ ਫਿਰ ਵੀ ਅਨੇਕਾਂ ਆਦਮੀ ਇਨਾਮ ਲਈ ਬੜਾ ਕੁਝ ਕਰ ਸਕਦੇ ਹਨ।"

ਸਰਦਾਰ ਦੀ ਗੰਭੀਰਤਾ ਟੁਟੀ ਤੇ ਬੋਲਿਆ, "ਜ਼ਰੂਰ, ਜ਼ਰੂਰ, ਇਨਾਮ ਨਾਲ ਦੂਜਿਆਂ ਦੇ ਭੀ ਹੌਸਲੇ ਵਧਦੇ ਹਨ। ਹੁਕਮ ਕਰੋ ਕੀ ਦਿਤਾ ਜਾਵੇ?"

"ਹੁਕਮ ਤੁਸੀਂ ਕਰੋ, ਤੁਸੀਂ ਸਰਦਾਰ ਹੋ," ਕਪਤਾਨ

ਨੇ ਕਿਹਾ ।

"ਚੰਗਾ" ਕਹਿ ਕੇ, ਸਰਦਾਰ ਨੇ ਵਿਕਟੋਰੀਆ ਕਰਾਸ, ਝਮ ਝਮ ਕਰਦਾ, ਮਲਾਹ ਦੇ ਸੀਨੇ ਤੇ ਲਾ ਦਿੱਤਾ। ਮਲਾਹਾਂ ਨੇ ਜ਼ੋਰ ਦੀ ਨਾਹਰਾ ਲਾਇਆ ਤੇ ਸਾਰੇ ਨਚ ਉੱਠੇ, ਇਤਨਾ ਵੱਡਾ ਇਨਾਮ ਵੇਖਕੇ। ਸਭ ਤੋਂ ਵਡਾ ਇਜ਼ਤ ਦਾ ਦਰਜਾ, ਇਜ਼ਤ ਦੇ ਵੀ ਮਨੁਖ ਨੇ ਨਕਸ਼ ਨੈਣ ਬਣਾ ਲਏ ਹਨ।

ਮਲਾਹ ਦੇ ਕਪੜੇ ਅਜੇ ਮੁੜ੍ਹਕੇ ਨਾਲ ਭਿਜੇ ਹੋਏ ਸਨ। ਬੁਢਾ ਹੋਣ ਕਰਕੇ, ਅਜੇ ਦਮ ਨਾਲ ਦਮ ਨਹੀਂ ਸੀ ਮਿਲਿਆ।

ਵਿਕਟੋਰੀਆ ਕਰਾਸ ਚਮਕ ਰਿਹਾ ਸੀ, ਉਸ ਦੀ ਚਮਕ ਸਭ ਮਲਾਹਾਂ ਦੀਆਂ ਅਖਾਂ ਖੁਸ਼ ਕਰ ਰਹੀ ਸੀ, ਕਿ ਸਰਦਾਰ ਨੇ ਕਿਹਾ, "ਇਸ ਮਲਾਹ ਨੂੰ ਗੋਲੀ ਨਾਲ ਮਾਰ ਦਿਉ।"

ਇਕ ਦਮ ਸੱਨਾਟਾ ਛਾ ਗਿਆ—ਸਾਰੇ ਮਲਾਹ ਕੰਬ ਗਏ। ਇੱਨਾ ਵਡਾ ਇਨਾਮ ਤੇ ਫਿਰ ਮੌਤ! ਕਬਰ ਵਰਗੀ, ਸਾਰੇ, ਚੁਪ ਸੀ ।

ਸਰਦਾਰ ਬੋਲਿਆ, "ਸੁਣੋ! ਮੇਰੇ ਹਥ ਵਿਚ ਇਕ ਤਕੜੀ ਹੈ, ਮੈਂ ਉਸ ਵਿਚ ਪਾਕੇ ਹਰ ਇਕ ਚੀਜ਼ ਤੋਲਦਾ ਹਾਂ। ਇਸ ਨੇ ਬਹਾਦਰੀ ਕੀਤੀ, ਮੈਂ ਇਸ ਨੂੰ ਫੌਜ ਦਾ ਸਭ ਤੋਂ ਵਡਾ ਤਕਮਾ ਦਿਤਾ। ਇਸ ਨੇ ਗਲਤੀ ਕੀਤੀ, ਉਸ ਦੀ ਸਜ਼ਾ ਮੌਤ ਹੈ। ਚਾਹੀਦਾ ਤਾਂ ਇਹ ਸੀ ਕਿ ਜਿਸ ਨੰਬਰ ਨਾਲ ਇਸ ਨੇ ਭੁਲ ਤੇ ਬਹਾਦਰੀ ਕੀਤੀ ਹੈ, ਉਸੇ ਤਰ੍ਹਾਂ ਇਸ ਨੂੰ ਪਹਿਲੇ ਮਾਰਿਆ ਜਾਂਦਾ ਤੇ ਫਿਰ ਵਿਕਟੋਰੀਆ ਕਰਾਸ ਇਸ ਦੇ ਸੀਨੇ ਤੇ ਲਾਇਆ ਜਾਂਦਾ। ਪਰ ਇਸ ਤਰ੍ਹਾਂ ਕਰਨ ਨਾਲ ਇਸ ਦੀ ਆਤਮਾ ਨੂੰ ਇਜ਼ਤ ਦਾ ਗਰਵ ਨਹੀਂ ਸੀ ਹੋ ਸਕਦਾ। ਤੁਹਾਨੂੰ ਪਤਾ ਹੈ, ਜਦੋਂ ਇਹ ਤੋਪ ਦੀ ਲਪੇਟ ਵਿਚ ਆ ਚਲਿਆ ਸੀ, ਮੈਂ ਹੀ ਇਸ ਦੇ ਪ੍ਰਾਣ ਬਚਾਏ ਸਨ। ਮੈਂ ਭਾਵੇਂ ਲਖਾਂ ਯਤਨ ਕਰਾਂ, ਭੁੱਲਾਂ ਆਪਣੀ ਸਜ਼ਾ ਦਿਤੇ

ਬਗੈਰ ਕਿਸੇ ਪਾਸੇ ਨਹੀਂ ਹਿਲਦੀਆਂ, ਪਰ ਕਈ ਵਾਰ ਚਿਰ ਲਾ ਕੇ ਆਉਂਦੀਆਂ ਹਨ।

"ਇਸ ਦੀ ਭੁੱਲ—ਭਿਆਨਕ ਭੁੱਲ—ਨੇ ਸਾਡੀਆਂ ਸਾਰੀਆਂ ਸਕੀਮਾਂ ਤੇ ਪਾਣੀ ਫੇਰ ਦਿਤਾ। ਜਹਾਜ਼ ਵੀ ਕੁਝ ਘੜੀਆਂ ਦਾ ਪ੍ਰਾਹੁਣਾ ਹੈ। ਅਸੀਂ ਸਾਰੇ ਭਾਵੇਂ ਧਰਤੀ ਤੇ ਰਹਿਣ ਵਾਲੇ ਹਾਂ, ਪਰ ਸਾਡੀਆਂ ਕਬਰਾਂ ਸਮੁੰਦਰ ਵਿਚ ਹੀ ਬਣਨਗੀਆਂ! ਕਿਉਂ? ਕੇਵਲ ਇਸ ਬੁਢੇ ਗੋਲੰਦਾਜ਼ ਦੀ ਭੁੱਲ ਕਰਕੇ।"

ਗੋਲੰਦਾਜ਼, ਨੀਵੀਂ ਪਾਕੇ, ਪਥਰ ਦੇ ਬੁਤ ਵਾਂਗ ਖੜਾ ਸੀ। ਉਸਦੀ ਛਾਤੀ ਤੇ ਤਕਮਾ ਲਿਸ਼ਕ ਰਿਹਾ ਸੀ। ਮਲਾਹਾਂ ਨੂੰ ਉਸ ਵਿਚ ਮੌਤ ਦੀਆਂ ਤਕਣੀਆਂ ਨਜ਼ਰੀਂ ਪੈਂਦੀਆਂ ਸਨ।

ਸਰਦਾਰ ਕੜਕ ਕੇ ਬੋਲਿਆ, "ਦੇਰੀ ਕਿਉਂ ਕਰ ਰਹੇ ਹੋ? ਹੁਕਮ ਦੇ ਨਾਲ ਫਾਇਰ ਹੋ ਜਾਣਾ ਚਾਹੀਦਾ ਸੀ। ਹਾਂ, ਪਾਦਰੀ ਨੂੰ ਬੁਲਾਉ।"

ਹਥ ਵਿਚ ਕਰਾਸ ਲੈ ਕੇ ਪਾਦਰੀ ਆਇਆ ਤੇ ਉਸ ਨੇ ਗੋਲੰਦਾਜ਼ ਪਾਸ ਖੜੋ ਕੇ ਉਸ ਦੇ ਗੁਨਾਹ ਮੁਆਫ ਕੀਤੇ। ਬਾਰਾਂ ਮਲਾਹ, ਛੇ ਛੇ ਦੀ ਕਤਾਰ ਬਣਾ ਕੇ, ਪਹਿਲੋਂ ਅਗੇ ਵਧੇ ਤੇ ਫਿਰ ਪਿਛੇ ਹਟੇ—ਅੰਧਕਾਰ ਵਿਚ ਵੀ ਤਕਮਾ ਚਮਕ ਰਿਹਾ ਸੀ। ਹਨੇਰੇ ਵਿਚ ਦੂਜੇ ਪਾਸੇ, ਪਹਿਲੇ ਚਾਨਣ ਹੋਇਆ ਤੇ ਫਿਰ 'ਠਾਹ' ਦਾ ਖੜਾਕ ਹੋਇਆ। ਗੋਲੰਦਾਜ਼ ਜਹਾਜ਼ ਤੇ ਧੈ ਕਰਕੇ ਡਿਗ ਪਿਆ। ਥੋੜੇ ਚਿਰ ਪਿਛੋਂ ਪਾਣੀ ਵਿਚ ਕੁਝ ਡਿਗਣ ਦੀ ਆਵਾਜ਼ ਆਈ। ਇਹ ਗੋਲੰਦਾਜ਼ ਦੀ ਲਾਸ਼ ਪਾਣੀ ਵਿਚ ਸੁਟੀ ਗਈ ਸੀ।

ਬੁਢਾ ਸਰਦਾਰ ਜਹਾਜ਼ ਤੇ ਢੋਹ ਲਾਕੇ ਕੁਝ ਸੋਚ ਰਿਹਾ ਸੀ। ਕਪਤਾਨ ਨੇ, ਉਂਗਲ ਨਾਲ ਇਸ਼ਾਰਾ ਕਰਕੇ, ਛੋਟੇ ਕਪਤਾਨ ਨੂੰ ਕਿਹਾ, "ਜਰਨੈਲ ਬੜੇ ਘੱਟ ਬਣਦੇ ਹਨ। ਹਾਂ, ਕਦੀ ਕਦੀ ਪੈਦਾ ਹੁੰਦੇ ਹਨ। ਜਦ ਕਿਸੇ ਮੁਲਕ ਦੀ ਕਿਸਮਤ ਬਦਲਣੀ ਹੋਵੇ ਤਾਂ ਉਹ

ਧਰਤੀ ਜਰਨੈਲ ਪੈਦਾ ਕਰਦੀ ਹੈ।"

ਨਿਕੇ ਕਪਤਾਨ ਨੇ ਜੋਸ਼ ਵਿਚ ਕਿਹਾ, "ਤਾਂ ਤੇ ਜਿਤ ਸਾਡੀ ਹੈ।"

"ਤੈਨੂੰ ਪਤਾ ਹੈ, ਛੇ ਚੀਜਾਂ ਰਬ ਨੇ ਆਪਣੇ ਹਥ ਵਿਚ ਰਖੀਆਂ ਹਨ ?"

"ਕੇਹੜੀਆਂ ?"

"ਜੀਵਨ, ਮੌਤ, ਦੁਖ, ਸੁਖ, ਜਿਤ ਤੇ ਹਾਰ।"

ਛੋਟੇ ਕਪਤਾਨ ਨੇ ਸਿਰ ਹਿਲਾਇਆ ਤੇ ਕਿਹਾ, "ਸੱਚੀ !"

"ਹਾਂ, ਮੇਰੇ ਮਿਤ੍ਰ, ਇਹ ਸਭ ਤੋਂ ਵਡਾ ਸਚ ਹੈ। ਇਸ ਨੂੰ ਕਈ ਵਾਰ ਇਤਹਾਸ ਦੀ ਦੇਵੀ ਨੇ ਪਰਖ ਕੇ ਵੇਖਿਆ ਹੈ।"

# ਏਧਰ ਕਬਰ–ਉਧਰ ਚਿਖਾ

ਸਾਗਰ ਵਿਚੋਂ ਕੋਠੇ ਜੇਡੀਆਂ ਲਹਿਰਾਂ ਮੂੰਹ ਅੱਡਕੇ ਜਹਾਜ ਨੂੰ ਨਿਗਲ ਜਾਣਾ ਚਾਹੁੰਦੀਆਂ ਸਨ। ਉਤੋਂ ਅੰਧੇਰੇ ਨਾਲ ਭਰਿਆ ਅਕਾਸ਼ ਖਾਣ ਨੂੰ ਪੈਂਦਾ ਸੀ। ਕਹਿੰਦੇ ਹਨ: "ਆਸ਼ਾ ਦੀ ਬੱਤੀ ਵਿਚੋਂ, ਆਦਿ ਜੁਗਾਦਿ ਤੋਂ ਲੈ ਕੇ, ਕਦੀ ਤੇਲ ਨਹੀਂ ਮੁਕਿਆ," ਪਰ ਅਜ ਉਹ ਬੁਝ ਗਈ ਸੀ। ਸਾਗਰ ਦੀਆਂ ਲਹਿਰਾਂ ਵਿਚ ਇਕ ਮਧਮ ਬੱਤੀ ਹੋਰ ਕੀ ਕਰ ਸਕਦੀ ਸੀ ? ਜਹਾਜ ਵਿਚ ਕਈਆਂ ਛੇਕਾਂ ਰਾਹੀਂ ਪਾਣੀ ਆ ਰਿਹਾ ਸੀ। ਤੋਪ ਦੀਆਂ ਟੱਕਰਾਂ ਨੇ ਜਹਾਜ ਨੂੰ ਨਿਕੰਮਾਂ ਕਰ ਦਿਤਾ ਸੀ। ਕਪਤਾਨ ਨੇ ਸਭ ਬਰਬਾਦ ਹੋਈਆਂ ਤੋਪਾਂ ਨੂੰ ਵੇਖਿਆ ਤੇ ਇਕ ਹੋਕਾ ਭਰਿਆ। ਹੁਣ ਇਹ ਤੋਪਾਂ ਜਹਾਜ ਤੇ ਭਾਰ ਰੂਪ ਸਨ। ਜੇ ਕਿਤੇ ਇਹ ਰਣਭੂਮੀ ਵਿਚ ਪਹੁੰਚ ਜਾਂਦੀਆਂ ਤਾਂ ਇਨ੍ਹਾਂ ਦੀ ਗੜ ਗੜ ਦੀ ਅਵਾਜ਼ ਵਿਚ ਅਨੇਕਾਂ ਵਿਧਵਾਂ ਤੇ ਯਤੀਮਾਂ ਦੇ ਵੈਣ ਅਰੰਭ ਹੋਣੇ ਸਨ।

ਸਾਰਾ ਸਮਾਨ ਤੇ ਬੇਕਾਰ ਹੋਈਆਂ ਤੋਪਾਂ ਜਹਾਜ ਤੋਂ ਚੁਕਕੇ ਸਾਗਰ ਵਿਚ ਸੁਟ ਦਿਤੀਆਂ ਗਈਆਂ। ਸਾਲਾਂ ਦੀਆਂ ਬਰੂਦ ਨਾਲ ਸੜਦੀਆਂ ਤੋਪਾਂ ਦੀਆਂ ਛਾਤੀਆਂ, ਸਮੁੰਦਰ ਦੀਆਂ ਠੰਢੀਆਂ ਤੈਹਾਂ ਵਿਚ ਠਰਨ ਲਗੀਆਂ। ਭਾਰ ਲਾਹੁਣ ਨਾਲ ਜਹਾਜ ਹਲਕਾ ਹੋ ਗਿਆ ਤੇ ਉਸ ਵਿਚ ਜ਼ਿੰਦਗੀ ਦੀ ਰੌ ਦੌੜ ਗਈ। ਅਨੇਕਾਂ ਮੌਤਾਂ ਕੇਵਲ ਇਸ ਕਰਕੇ

ਹੁੰਦੀਆਂ ਹਨ ਕਿ ਜਿੰਨਾ ਕੋਈ ਬੋਝ ਚੁਕ ਸਕਦਾ ਹੈ, ਅਸੀਂ ਉਸਤੋਂ ਬਹੁਤਾ ਭਾਰ ਧਿੰਗੋ ਜੋਰੀ ਉਸ ਦੇ ਸਿਰ ਤੇ ਰਖ ਦਿੰਦੇ ਹਾਂ। ਕਪਤਾਨ ਦਾ ਚਿਹਰਾ ਗੰਭੀਰ ਸੀ, ਤੇ ਉਹ ਸਾਰੇ ਕੰਮ ਝਟ ਪਟ ਕਰਵਾ ਰਿਹਾ ਸੀ।

ਛੋਟਾ ਕਪਤਾਨ ਘਾਬਰਿਆ ਹੋਇਆ ਆਇਆ ਤੇ ਲਾਗੇ ਹੋ ਕੇ ਪੁੱਛਣ ਲਗਾ—"ਐਸ ਵੇਲੇ ਅਸੀਂ ਕਿਥੇ ਕੁ ਹੋਵਾਂਗੇ ?"

ਕਪਤਾਨ ਨੇ ਸਿਰ ਉਚਾ ਕੀਤਾ ਤੇ ਮੁਸਕ੍ਰਾਂਦਿਆਂ ਹੋਇਆਂ ਕਿਹਾ, "ਪਾਣੀ ਦੀ ਅਤ ਡੂੰਘੀ ਕਬਰ ਵਿਚ।"

"ਏਥੋਂ ਕਿਸੇ ਪਾਸੇ ਦਾ ਰਾਹ ਲਭ ਸਕਦਾ ਹੈ ਕਿ ਨਹੀਂ ?" ਛੋਟੇ ਕਪਤਾਨ ਨੇ ਜੀਵਨ ਲੈਣ ਦੇ ਤਰਲੇ ਨਾਲ ਪੁਛਿਆ।

"ਹਾਂ ਇਕ ਰਾਹ ਬੜਾ ਹੀ ਚੰਗਾ ਹੈ। ਮੇਰਾ ਯਕੀਨ ਹੈ ਕਿ ਦੁਨੀਆਂ ਵਿਚ ਇਸ ਤੋਂ ਚੰਗਾ ਰਾਹ ਹੋਰ ਕੋਈ ਨਹੀਂ।" ਕਪਤਾਨ ਦੀਆਂ ਅੱਖਾਂ ਵਿਚ ਉਸ ਸ਼ਾਹ ਰਾਹ ਦੀ ਠੰਡੀ ਛਾਂ ਸੀ।

"ਕੇਹੜਾ ?" ਛੋਟੇ ਕਪਤਾਨ ਨੇ ਨਵ-ਆਸ਼ਾ ਦੇ ਨਿਰਮਲ ਨੈਣ ਵੇਖਕੇ ਕਿਹਾ।

"ਮੌਤ ਪਿਛੋਂ ਪਰਮੇਸ਼ਰ ਦੀ ਫੁੱਲਾਂ ਨਾਲ ਭਰੀ ਹੋਈ ਸਦੀਵੀ ਸ਼ਾਂਤ ਗੋਦੀ," ਕਹਿ ਕੇ ਕਪਤਾਨ ਕਿਸੇ ਆਤਮਕ ਰੰਗ ਵਿਚ ਰੰਗਿਆ ਗਿਆ।

"ਤੁਹਾਨੂੰ ਇਸ ਵੇਲੇ ਵੀ ਮੁਸਕ੍ਰਾਂਦਿਆਂ ਵੇਖਕੇ ਮੈਨੂੰ ਬੜਾ ਦੁਖ ਹੁੰਦਾ ਹੈ," ਛੋਟੇ ਕਪਤਾਨ ਨੇ, ਦਿਲ ਵਿਚ ਰਿਝਦਿਆਂ ਹੋਇਆਂ, ਕਿਹਾ।

"ਮੇਰੇ ਨਿੱਕੇ ਵੀਰ, ਜ਼ਿੰਦਗੀ ਵਿਚ ਮੁਸਕ੍ਰਾਹਟ ਤੋਂ ਵੱਡੀ ਕੋਈ ਚੀਜ਼ ਨਹੀਂ। ਜਿਹੜੀ ਚੀਜ਼ ਮੈਂ ਸਾਰੀ ਜਿੰਦਗੀ ਵੰਡਦਾ ਰਿਹਾ ਹਾਂ, ਹੁਣ ਵੀ ਵੰਡਾਂਗਾ ਤੇ ਝੋਲੀਆਂ ਭਰ ਭਰ ਕੇ ਵੰਡਾਂਗਾ। ਸਾਨੂੰ ਜੋ ਕੁਝ ਵੀ ਚੰਗਾ ਮਿਲਿਆ ਹੈ, ਸਭ ਵੰਡਣ ਲਈ ਹੈ। ਜਿਹੜੀ

ਨਦੀ ਵੰਡੀਂਦੀ ਵੰਡੀਂਦੀ ਕਿਸੇ ਸਹਿਰਾ ਵਿਚ ਜਾਕੇ ਸਾਰੀ ਗੁੰਮ ਹੋ ਜਾਂਦੀ ਹੈ, ਉਹ ਚੰਗੀ ਹੈ। ਮੈਂ ਉਸ ਨਦੀ ਦਾ ਸਤਕਾਰ ਨਹੀਂ ਕਰਦਾ, ਜਿਹੜੀ ਵਗਣ ਵੇਲੇ ਪਾਣੀ ਨੂੰ ਬੜੇ ਸੰਕੋਚ ਨਾਲ ਵਰਤਦੀ ਹੈ, ਅਖੀਰ ਭਰੀ ਭਰਾਈ ਖਾਰੇ ਸਮੁੰਦਰ ਵਿਚ ਡੁਬਕੇ ਖਾਰੀ ਬਣ ਜਾਂਦੀ ਹੈ।

"ਰੋਣਾ, ਰੋਣਾ ਇਸ ਵੇਲੇ ਸਭ ਨੂੰ ਪਿਆ ਹੋਇਆ ਹੈ। ਜੇ ਮੈਂ ਵੀ ਤੁਹਾਡੇ ਵਾਂਗ ਅੱਖਾਂ ਵਿਚ ਹੰਝੂ ਭਰ ਲਏ ਤਾਂ ਤੁਹਾਡਾ ਭਾਰ ਹਲਕਾ ਨਹੀਂ, ਸਗੋਂ ਹੋਰ ਭਾਰਾ ਹੋ ਜਾਵੇਗਾ। ਡਰੂ ਆਦਮੀ ਮੌਤ ਤੋਂ ਡਰਦਾ ਹੈ, ਪਰ ਆਪ ਹੀ ਕਈ ਵਾਰ ਮਰ ਮਰ ਕੇ ਆਪਣੀ ਮੌਤ ਨੂੰ ਵੇਖਦਾ ਹੈ। ਬਹਾਦਰ ਆਦਮੀ ਮੌਤ ਦੀ ਘੜੀ ਵੀ ਜੀਵਨ ਵਾਂਗ ਲੰਘਾਉਂਦਾ ਹੈ," ਕਪਤਾਨ ਨੇ ਆਪਣੇ ਛੋਟੇ ਕਪਤਾਨ ਦਾ ਗੁੱਸਾ ਦੂਰ ਕਰਨ ਲਈ ਕਿਹਾ।

"ਤੁਸੀਂ ਕਿਸੇ ਗਿਰਜੇ ਵਿਚ ਪਾਦਰੀ ਹੋਣੇ ਚਾਹੀਦੇ ਸੀ, ਅਜੇਹੀਆਂ ਗੱਲਾਂ ਕੇਵਲ ਮੰਦਰਾਂ ਵਿਚ ਬਹਿਕੇ ਕਰਨ ਲਈ ਹੁੰਦੀਆਂ ਹਨ," ਨਿੱਕੇ ਕਪਤਾਨ ਨੇ ਚਿੜਾਉਣ ਲਈ ਕਿਹਾ।

"ਆਪੋ ਆਪਣਾ ਖਿਆਲ ਹੈ। ਮੈਂ ਚਾਹੁੰਦਾ ਹਾਂ, ਅਜੇਹੀਆਂ ਗੱਲਾਂ ਤੇ ਅਜੇਹੇ ਆਦਮੀ ਸਭ ਕਾਮਿਆਂ ਦੀ ਸਰੇਣੀ ਵਿਚ ਹੋਣ; ਫੌਜੀਆਂ ਤੇ ਮਲਾਹਾਂ ਵਿਚ, ਮਜ਼ਦੂਰਾਂ ਤੇ ਕਿਸਾਨਾਂ ਵਿਚ। ਗਿਰਜੇ ਸਾਡੀ ਜ਼ਿੰਦਗੀ ਦੀ ਤਸਵੀਰ ਹਨ। ਰੱਬ ਦੇ ਗਿਰਜੇ ਮਨੁਖੀ ਮੰਦਰ ਹਨ। ਕਿੰਨੀਆਂ ਕੀਮਤੀ ਚੀਜ਼ਾਂ ਇਸ ਮੰਦਰ ਨੂੰ ਲੱਗੀਆਂ ਹਨ।" ਕਪਤਾਨ ਨੇ ਪਿਆਰ ਵਿਚ ਆਕੇ ਕਿਹਾ।

"ਜੇ ਤੁਹਾਡਾ ਏਡਾ ਸਰਬ ਸਾਂਝਾ ਦਿਲ ਹੈ, ਫਿਰ ਤੁਸੀਂ ਰਾਜ ਤੰਤਰ ਵਾਲਿਆਂ ਵਲ ਹੋਕੇ, ਲੋਕ ਰਾਜ ਵਾਲਿਆਂ ਨਾਲ ਕਿਉਂ ਲੜ ਰਹੇ ਹੋ ?" ਛੋਟੇ ਕਪਤਾਨ ਦੀ ਆਤਮਾ ਵਿਚੋਂ ਪ੍ਰਸ਼ਨ ਉੱਠਿਆ ਤੇ ਉਸ ਨੇ ਕਪਤਾਨ ਅਗੇ ਰੱਖ ਦਿਤਾ।

"ਤੁਸੀਂ ਠੀਕ ਕਿਹਾ ਹੈ, ਪਰ ਮੈਂ ਵੇਖਦਾ ਹਾਂ, ਦੁਨੀਆਂ ਵਿਚ ਆਕੇ ਹਰ ਚੀਜ ਵੰਡੀ ਜਾਂਦੀ ਹੈ। ਪਾਣੀ ਵੰਡਿਆ ਗਿਆ ਹੈ, ਅਕਾਸ਼ ਵੰਡਿਆ ਜਾ ਰਿਹਾ ਹੈ, ਧਰਤੀਆਂ ਤੇ ਪੱਥਰ ਗੱਡਕੇ ਵੰਡੀਆਂ ਪਾਈਆਂ ਗਈਆਂ ਹਨ। ਵੱਡੇ ਵੱਡੇ ਪੈਗੰਬਰ ਕੌਮਾਂ ਨੇ ਵੰਡ ਲਏ ਹਨ। ਕਦੀ ਸਮਾਂ ਆਵੇਗਾ ਜਦ ਵੰਡਣਾ ਪਾਪ, ਤੇ ਮਿਲਣਾ ਪੁੰਨ ਹੋਵੇਗਾ। ਜਿੰਨਾ ਚਿਰ ਧੜੇ ਵੱਖ ਵੱਖ ਹਨ, ਸਾਡੇ ਦਿਲ ਧੜਕਦੇ ਕੋਈ ਸੁਣ ਹੀ ਨਹੀਂ ਸਕਦਾ। ਮੇਰੇ ਮੌਢਿਆਂ ਤੇ ਜਿਹੜਾ ਜੁੱਲਾ ਰੱਖਿਆ ਹੈ, ਮੈਂ ਇਸ ਨੂੰ ਖਿਚਣਾ ਹੈ। ਅਸੀਂ ਅਨੰਤ ਝਾਕੀਆਂ ਵਾਲੇ ਨਾਟਕ ਦੇ ਨੱਟ ਹਾਂ। ਸਾਨੂੰ ਦਿਆਨਤਦਾਰ ਬਣਕੇ ਆਪਣੀ ਖੇਡ ਖੇਡਣੀ ਚਾਹੀਦੀ ਹੈ। ਕਿੱਡੀ ਬੁਰੀ ਗੱਲ ਹੈ ਕਿ ਅਸੀਂ ਖੇਡਾਂ ਨੂੰ ਕੰਮ ਸਮਝਣ ਲਗ ਪਈਏ। ਧੰਨ ਹਨ ਉਹ, ਜੇਹੜੇ ਜਿੰਦਗੀ ਨੂੰ ਨਾਟਕ ਸਮਝਦੇ ਹਨ, ਤੇ ਆਪਣੇ ਆਪ ਨੂੰ ਖਿਲਾੜੀ।" ਕਪਤਾਨ ਦਾ ਦਿਲ ਜੀਵਨ ਖੇਡਾਂ ਨਾਲ ਭਰਿਆ ਪਿਆ ਸੀ।

"ਬਹੁਤ ਹਛਾ, ਨੱਟ ਜੀ, ਤੁਸੀਂ ਆਪਣਾ ਮੌਤ ਦਾ ਨਾਟਕ ਸ਼ੁਰੂ ਕਰੋ। ਮਗਰ ਮੱਛ ਤੇ ਸੰਸਾਰ ਤੁਹਾਡਾ ਨਾਟਕ ਵੇਖਣ ਲਈ ਜਹਾਜ਼ ਦੇ ਇਧਰ ਉਧਰ ਫਿਰ ਰਹੇ ਹਨ," ਛੋਟੇ ਕਪਤਾਨ ਨੇ ਚੋਟ ਲਾਂਦਿਆਂ ਹੋਇਆਂ ਕਿਹਾ।

"ਵੇਖੋ!" ਕਪਤਾਨ ਨੇ ਚੰਦ ਵੱਲ ਸੈਨਤ ਕਰਕੇ ਕਿਹਾ, "ਜਿਹੜਾ ਰਾਤ ਸੁਹਣਾ ਲਗਦਾ ਸੀ, ਉਹ ਹੁਣ ਫਿੱਕਾ ਪੈ ਰਿਹਾ ਹੈ, ਰਾਤ ਭਰ ਆਪਣੀ ਖੇਡ ਖੇਡਕੇ ਹੁਣ ਸਟੇਜ ਤੋਂ ਦੂਰ ਜਾ ਰਿਹਾ ਹੈ। ਅਨੇਕਾਂ ਪੰਛੀਆਂ ਨੇ ਸੀਟੀਆਂ ਮਾਰਕੇ ਉਸ ਦੇ ਕੰਮ ਦੀ ਸਲਾਹੁਤਾ ਕੀਤੀ, ਅਨੇਕਾਂ ਬ੍ਰਿਛਾਂ ਨੇ ਪੱਤਿਆਂ ਦੀਆਂ ਤੋੜੀਆਂ ਮਾਰੀਆਂ। ਇਸ ਦੀ ਥਾਂ ਤੇ ਹੁਣ ਇਕ ਖਿੜੇ ਮੱਥੇ ਵਾਲਾ ਹੋਰ ਖਿਡਾਰੀ ਆ ਰਿਹਾ ਹੈ। ਉਸ ਨੇ ਪਹਿਲੇ ਸਾਰੇ ਰੰਗ ਬਦਲ ਦਿਤੇ ਹਨ। ਵੇਖ ਕਿਵੇਂ ਅੰਧੇਰਾ ਦੂਰ ਕਰ ਰਿਹਾ ਹੈ। ਸਾਗਰ ਦਾ ਸਾਰਾ

ਪਾਣੀ ਸੁਨਹਿਰੀ ਹੋ ਗਿਆ ਹੈ। ਮੇਰੇ ਸਾਹਮਣੇ ਇਹ ਦੋਵੇਂ ਖਿਡਾਰੀ ਹਰ ਇਕ ਦਿਨ ਔਂਦੇ ਤੇ ਖੇਡ ਪੂਰੀ ਕਰਕੇ ਜਾਂਦੇ ਹਨ। ਜਾਣ ਲਗੇ ਇਕ ਸੁਨੇਹਾ ਦੇ ਜਾਂਦੇ ਹਨ: 'ਰਬ ਮੁੜ ਮੁੜ ਕੇ ਉਨ੍ਹਾਂ ਨੂੰ ਜ਼ਿੰਦਗੀ ਦੇਂਦਾ ਹੈ,ਜਿਹੜੇ ਆਪਣੇ ਫਰਜ਼ਾਂ ਨੂੰ ਸਾਡੇ ਵਾਂਗਖੇਡਦਿਆਂ ਖੇਡਦਿਆਂ ਪੂਰਾ ਕਰਨ,' ਕਪਤਾਨ ਨੇ ਜੀਵਨ ਫਿਲੋਸਫੀ ਸਮਝਾਂਦਿਆਂ ਕਿਹਾ।

"ਹੁਣ ਕੀ ਬਣੇਗਾ ?"

"ਮੇਰੇ ਭੋਲੇ ਮਿੱਤ੍ਰ, ਬਣੇਗਾ ਕੁਝ ਵੀ ਨਹੀਂ। ਕੇਵਲ ਉਹ ਕੁਝ ਸਾਹਮਣੇ ਆਵੇਗਾ ਜੋ ਕੁਝ ਅਸੀਂ ਹੁਣ ਤੋਂ ਪਹਿਲਾਂ ਬਣਾ ਚੁਕੇ ਹਾਂ। ਤੈਨੂੰ ਪਤਾ ਹੈ, ਪਹਿਲੇ ਨਟ ਪਰਦੇ ਦੇ ਉਹਲੇ ਝਾਕੀਆਂ ਤਿਆਰ ਕਰਦੇ ਹਨ; ਜਦ ਤਿਆਰ ਹੋ ਜਾਂਦੀਆਂ ਹਨ, ਤਾਂ ਪਰਦਾ ਉਠਾ ਦੇਂਦੇ ਹਨ। ਸਾਡੀ ਜ਼ਿੰਦਗੀ ਵਿਚ ਉਹੋ ਕੁਝ ਔਂਦਾ ਹੈ, ਜਿਸ ਨੂੰ ਅਸੀਂ ਬੇ-ਪ੍ਰਵਾਹੀ ਨਾਲ ਬਣਾਉਂਦੇ ਹਾਂ, ਤੇ ਕਦੀ ਖਿਆਲ ਨਹੀਂ ਕਰਦੇ ਕਿ ਇਹ ਸਭ ਕੁਝ ਨੁਮਾਇਸ਼ ਵਿਚ ਰੱਖਿਆ ਜਾਣਾ ਹੈ। ਹਰ ਇਕ ਆਦਮੀ ਨੇ ਨੁਮਾਇਸ਼ ਵਿਚ ਔਣਾ ਹੈ, ਹਰ ਪਈ ਚੀਜ਼ ਨੂੰ ਉਲਟਾ ਪੁਲਟਾ ਕੇ ਵੇਖਣਾ ਹੈ, ਵਿੰਗੇ ਟੇਢੇ ਕਈ ਪ੍ਰਸ਼ਨ ਕਰਨੇ ਹਨ," ਕਪਤਾਨ ਨੇ ਅੱਖਾਂ ਤੇ ਦੂਰਬੀਨ ਰੱਖਦਿਆਂ ਹੋਇਆਂ ਕਿਹਾ।

"ਤੁਸੀਂ ਬੜੀਆਂ ਅਨੋਖੀਆਂ ਗੱਲਾਂ ਕਰਦੇ ਹੋ," ਨਿੱਕੇ ਕਪਤਾਨ ਨੇ ਕਿਹਾ।

"ਅਨੋਖਾ ਦੁਨੀਆਂ ਤੇ ਕੁਝ ਵੀ ਨਹੀਂ। ਜੋ ਕੁਝ ਸਾਡੀ ਜ਼ਿੰਦਗੀ ਵਿਚ ਨਹੀਂ ਆਇਆ, ਉਹ ਅਨੋਖਾ ਹੈ, ਤੇ ਜਦੋਂ ਆ ਗਿਆ, ਉਹ ਅਨੇਕਾਂ ਪਹਿਲੇ ਆਈਆਂ ਘਟਨਾਂ ਵਾਂਗ ਹੋ ਜਾਵੇਗਾ। ਮੈਂ ਵੇਖਦਾ ਹਾਂ, ਲੋਕ ਰਾਜ ਵਾਲਿਆਂ ਦਾ ਜੰਗੀ ਬੇੜਾ ਕੰਢੇ ਤੇ ਖੜੋਤਾ ਹੈ, ਅਠ ਜਹਾਜ਼ ਅਗੇ ਹਨ, ਦੂਜੇ ਸ਼ਾਇਦ ਪਿਛੇ ਹੋਣ। ਪੰਜਾਹ ਤੇ ਸੋ ਅਰ ਇਕ ਸੋ ਨੱਵੇ ਤੋਪਾਂ ਹਨ ਤੇ, ਪਿਛਲੇ ਜਹਾਜ਼ਾਂ

ਦੀਆਂ ਵਕਰੀਆਂ। ਲੈ, ਦੂਰ ਬੀਨ ਤੂੰ ਵੀ ਵੇਖ ਲੈ।'' ਕਪਤਾਨ ਨੇ ਨਿੱਕੇ ਕਪਤਾਨ ਦੇ ਹਥ ਵਿਚ ਦੂਰ ਬੀਨ ਫੜਾ ਦਿੱਤੀ।

ਉਸ ਨੇ ਅੱਖਾਂ ਤੇ ਲਾਈ ਤੇ ਉਸੇ ਤਰ੍ਹਾਂ ਕਿਹਾ, ''ਪੰਜਾਹ ਤੇ ਸੌ ਅਰ ਇਕ ਸੌ ਨੱਵੇ। ਬਾਕੀ ਜਹਾਜ਼ ਪਿਛੇ ਕਿਉਂ ਖੜੇ ਹਨ ?''

''ਕੈਂਢੇ ਦੀ ਰਾਖੀ ਕਰਨ ਲਈ ਹੋਣਗੇ,'' ਵੱਡੇ ਕਪਤਾਨ ਨੇ ਕਿਹਾ।

''ਲੌ, ਇਹ ਤਾਂ ਹਿਲ ਰਹੇ ਹਨ। ਸ਼ਾਇਦ ਉਨ੍ਹਾਂ ਵੀ ਸਾਨੂੰ ਵੇਖ ਲਿਆ ਹੈ।''

ਵੱਡਾ ਕਪਤਾਨ ਉਥੋਂ ਸਿਧਾ ਸਰਦਾਰ ਦੇ ਕਮਰੇ ਵਿਚ ਆ ਗਿਆ। ਉਹ ਕਿਸੇ ਡੂੰਘੀ ਸੋਚ ਵਿਚ ਸੀ। ਕਪਤਾਨ ਨੇ ਫੌਜੀ ਸਲੂਟ ਦਿੱਤਾ ਤੇ ਕਿਹਾ, ''ਮੈਂ ਤੁਹਾਨੂੰ ਇਕ ਗੱਲ ਮਨਾਉਣੀ ਹੈ।''

ਸਰਦਾਰ ਖਿੜ ਖਿੜਾਕੇ ਹਸ ਪਿਆ ਤੇ ਬੋਲਿਆ, ''ਮੇਰੇ ਰਾਤ ਭਰਦੇ ਸਾਥੀ, ਮੈਂ ਜਾਣਦਾ ਹਾਂ, ਤੁਸੀਂ ਦੁਨੀਆਂ ਵਿਚ ਕੇਵਲ ਕਹਿਣ ਲਈ ਨਹੀਂ ਆਏ, ਸਗੋਂ ਮਨਾਉਣ ਲਈ। ਮੈਂ ਮੰਨਾਂਗਾ ਤੇ ਸਿਰ ਦੇ ਤਾਣ ਮੰਨਾਂਗਾ। ਜੇਹੜੀ ਰਾਤ ਮੈਂ ਤੁਹਾਡੇ ਨਾਲ ਕੱਟੀ ਹੈ, ਇਹ ਜੀਵਨ ਭਰ ਯਾਦ ਰਹੇਗੀ। ਕਿਤੇ ਸਾਰੀ ਜ਼ਿੰਦਗੀ ਉਹੋ ਜੇਹੀ ਰਾਤ ਬਣ ਸਕਦੀ,'' ਸਰਦਾਰ ਨੇ ਪਿਆਰ ਵਿਚ ਆਕੇ ਕਿਹਾ।

''ਸ੍ਰੀ ਮਾਨ ਜੀ, ਜਿਡੀ ਰਾਤ ਹੈ, ਜ਼ਿੰਦਗੀ ਲਈ ਉਡੀ ਰਾਤ ਹੀ ਠੀਕ ਹੈ। ਖਿਆਲ ਕਰੋ, ਧਰਤੀ ਦੇ ਧੁਰਿਆਂ ਵਾਲੀਆਂ ਛੇ ਛੇ ਮਹੀਨੇ ਦੀਆਂ ਰਾਤਾਂ ਵੱਲ। ਲੰਮੀਆਂ ਰਾਤਾਂ ਉਜਾੜ ਦੇਂਦੀਆਂ ਹਨ। ਖ਼ੁਸ਼ੀ ਭਰੇ ਦਿਨ, ਰਾਤਾਂ ਬਣਾਕੇ, ਵਰਤੇ ਜਾ ਸਕਦੇ ਹਨ, ਪਰ ਦੁਖਾਂ ਦੀਆਂ ਰਾਤਾਂ, ਕਬਰ ਦੇ ਲੰਮਿਆਂ ਪ੍ਰਛਾਵਿਆਂ ਵਰਗੀਆਂ, ਕਦੀ ਵੀ ਕਿਸੇਦੇ ਜੀਵਨ ਵਿਚ ਨ ਆਉਣ। ਜੇ ਆਉਣ ਵੀ ਤਾਂ ਪਿਛੇ ਪਿਛੇ ਝਟ ਪਟ ਸੂਰਜ ਆ ਜਾਵੇ,'' ਕਪਤਾਨ ਨੇ ਕਿਹਾ।

"ਤੁਸੀਂ ਹੁਕਮ ਕਰੋ।"

"ਸਾਡੀ ਬੇਨਤੀ ਹੈ ਕਿ ਤੁਸੀਂ ਫਰਾਂਸ ਦੀ ਧਰਤੀ ਤੇ ਪਹੁੰਚ ਜਾਵੋ। ਸਾਡੇ ਜ਼ੁੰਮੇ ਇਹ ਕੰਮ ਲਾਇਆ ਗਿਆ। ਵੇਂਨੀ ਦੀ ਫੌਜ ਮੂੰਹ ਚੁਕ ਚੁਕ ਕੇ ਤੁਹਾਡਾ ਰਾਹ ਵੇਖ ਰਹੀ ਹੋਵੇਗੀ। ਲਾੜੇ ਤੋਂ ਬਿਨਾਂ ਜੰਞ ਤੇ ਸਰਦਾਰ ਤੋਂ ਬਿਨਾਂ ਫੌਜਾਂ ਰੰਡੀਆਂ ਹੋ ਜਾਂਦੀਆਂ ਹਨ। ਸਾਡਾ ਕੋਈ ਫਿਕਰ ਨਾ ਕਰਨਾ, ਅਸੀਂ ਮਰਨਾ ਜਾਣਦੇ ਹਾਂ"–ਕਪਤਾਨ ਨੇ ਤਰਲੇ ਨਾਲ ਕਿਹਾ, "ਜੇ ਤੁਸੀਂ ਜਾਨ ਬਚਾਕੇ ਨ ਜਾ ਸਕੇ ਤਾਂ ਹੁਣ ਤੱਕ ਕੀਤਾ ਕਰਾਇਆ ਸਭ ਮਿੱਟੀ ਵਿਚ ਮਿਲ ਜਾਵੇਗਾ। ਵੇਖੋ ਸੂਰਜ ਦੀਆਂ ਕਿਰਨਾਂ ਕੇਡੀ ਦੂਰੋਂ ਦੌੜਕੇ ਸਾਡੇ ਲਾਗੇ ਆ ਗਈਆਂ ਹਨ; ਤੁਹਾਨੂੰ ਦੌੜਕੇ ਆਪਣੀ ਥਾਂ ਤੇ ਜਾਣਾ ਚਾਹੀਦਾ ਹੈ," ਕਪਤਾਨ ਨੇ ਸੂਰਜ ਵੱਲ ਸੈਨਤ ਕਰਕੇ ਕਿਹਾ।

"ਮੇਥੋਂ ਬੜੇ ਉਚੇ ਕਪਤਾਨ, ਮੈਂ ਤੁਹਾਡੀ ਹਰ ਗੱਲ ਨੂੰ ਸਿਰ ਝੁਕਾ ਝੁਕਾ ਕੇ ਮੰਨਦਾ ਹਾਂ। ਜੇਵੇਂ ਕਹੋਗੇ, ਕਰਾਂਗਾ। ਪਰ ਤੁਸੀਂ ਹੀ ਦਸੋ, ਫਿਰ ਮੈਂ ਤੁਹਾਨੂੰ ਕਿਥੋਂ ਲਭਾਂਗਾ, ਤੇ ਕਦੋਂ ਵੇਖਾਂਗਾ?" ਸਰਦਾਰ ਦੀਆਂ ਅੱਖਾਂ ਵਿਚੋਂ ਅਥਰੂ ਵਗ ਰਹੇ ਸਨ।

"ਮੇਰੇ ਜਹੇ ਅਨੇਕਾਂ ਸਮੁੰਦਰ ਦੀਆਂ ਤੈਹਾਂ ਵਿਚ ਪਏ ਹਨ। ਕਿਸੇ ਵੇਲੇ ਉਨ੍ਹਾਂ ਦੇ ਸਾਥੀ ਵੀ ਉਨ੍ਹਾਂ ਤੋਂ ਤੁਹਾਡੇ ਵਾਂਗ ਰੋ ਰੋ ਕੇ ਵਿਛੜੇ ਸਨ। ਦੁਨੀਆਂ ਤੇ ਅੱਧੇ ਕੰਮ ਮਿਲਣ ਤੇ ਬਣਦੇ ਹਨ, ਤੇ ਅਧੇ ਕੰਮ ਵਿਛੜਨ ਤੇ। ਜਦੋਂ ਤੁਸੀਂ ਫਰਾਂਸ ਦੀ ਧਰਤੀ ਤੇ ਜਾਕੇ ਸਫਰ ਕਰੋਗੇ, ਕਈ ਵਾਰ ਦੂਰ ਤਕ ਕਬਰਾਂ ਵੇਖੋਗੇ। ਉਨ੍ਹਾਂ ਵਿਚ ਅਨੇਕਾਂ ਮੇਰੇ ਨਾਲੋਂ ਸਿਆਣੇ ਸੁੱਤੇ ਹਨ; ਉਨ੍ਹਾਂ ਦੇ ਸਿਰਹਾਣੇ ਕਦੀ ਕਦੀ ਦੀਵੇ ਭੀ ਬਾਲੇ ਜਾਂਦੇ ਹਨ, ਪਰ ਉਨ੍ਹਾਂ ਦੇ ਚਾਨਣੇ ਵਿਚ ਬਹਿਕੇ ਕਦੀ ਵੀ ਕਿਸੇ ਨੇ ਪੜ੍ਹਨ ਦਾ ਯਤਨ ਨਹੀਂ ਕੀਤਾ। ਉਹ ਦੀਵੇ ਕੇਡੇ ਚੰਗੇ ਹਨ, ਜਿਨ੍ਹਾਂ ਦੀ ਲੋਅ ਹੇਠ ਅਸੀਂ ਜਿੰਦਗੀ ਦੇ

ਇਮਤਿਹਾਨ ਦੀ ਤਿਆਰੀ ਕਰਦੇ ਹਾਂ। ਚੰਗਿਆਈ ਨਾਲ ਜ਼ਮੀਨ ਅਸਮਾਨ ਭਰਿਆ ਪਿਆ ਹੈ, ਪਰ ਰੁਝੀ ਜਿੰਦੜੀ ਨੂੰ ਵੇਖਣ ਸੁਣਨ ਦੀ ਵੇਹਲ ਨਹੀਂ।"

ਕਪਤਾਨ ਨੇ ਘੰਟੀ ਖੜਕਾਈ। ਸਾਰੇ ਮਲਾਹ ਇਕੱਠੇ ਹੋ ਗਏ। ਕਪਤਾਨ ਨੇ ਉਚੀ ਅਵਾਜ਼ ਵਿਚ ਕਿਹਾ, "ਸਾਡਾ ਅੰਤਮ ਸਮਾਂ ਆ ਗਿਆ ਹੈ, ਜਿਹੜਾ ਹਰ ਜੀਉਣ ਵਾਲੇ ਦੀ ਜਿੰਦਗੀ ਵਿਚ ਇਕ ਦਿਨ ਜਰੂਰ ਔਣਾ ਹੈ। ਮੈਂ ਚਾਹੁੰਦਾ ਹਾਂ, ਸਾਡੀ ਜਿੰਦਗੀ ਦੀ ਅਖੀਰਲੀ ਤਸਵੀਰ ਬੜੀ ਸ਼ਾਂਤ, ਬੜੀ ਅਡੋਲ ਹੋਵੇ। ਇਕ ਕੰਮ ਹੋਰ ਹੈ, ਅਸੀਂ ਆਪਣੇ ਸਰਦਾਰ ਨੂੰ ਫਰਾਂਸ ਦੇ ਕੰਢੇ ਜ਼ਰੂਰ ਪਹੁੰਚਾਉਣਾ ਹੈ। ਮੈਨੂੰ ਇਕ ਐਸਾ ਮਲਾਹ ਚਾਹੀਦਾ ਹੈ, ਜੇਹੜਾ ਇਸ ਪਾਸੇ ਦਾ ਚੰਗੀ ਤਰ੍ਹਾਂ ਜਾਣੂ ਹੋਵੇ, ਜਿਸ ਦੀਆਂ ਬਾਹਾਂ ਵਿਚ ਅਮੁਕ ਬਲ ਹੋਵੇ ਤੇ ਜੇਹੜਾ ਕਿਸ਼ਤੀ ਚਲਾਉਣ ਵਿਚ ਬੜਾ ਹੀ ਤਾਕ ਹੋਵੇ।"

ਇਕ ਭਰਵੇਂ ਤੇ ਗੱਠੂ ਸਰੀਰ ਵਾਲਾ ਮਲਾਹ ਅਗੇ ਆਇਆ ਤੇ ਬੋਲਿਆ, "ਇਹ ਕੰਮ ਮੈਂ ਕਰ ਸਕਦਾ ਹਾਂ।"

"ਸ਼ਾਬਾਸ਼," ਕਪਤਾਨ ਨੇ ਕਿਹਾ, "ਤੇਰੀ ਮਦਦ ਅਸੀਂ ਵੀ ਕਰਾਂਗੇ। ਵੈਰੀ ਤੇ ਗੋਲੇ ਚਲਾਕੇ ਉਸ ਦਾ ਧਿਆਨ ਆਪਣੇ ਵਲ ਖਿਚ ਲਵਾਂਗੇ, ਤਾਕਿ ਉਹ ਨਿੱਕੀਆਂ ਨਿੱਕੀਆਂ ਚੀਜਾਂ ਵਲ ਧਿਆਨ ਨ ਦੇ ਸਕੇ।" ਕਪਤਾਨ ਨੇ ਆਪਣੇ ਗਾਤਰੇ ਵਿਚੋਂ ਦੋਵੇਂ ਪਸਤੌਲ ਲਾਹਕੇ ਮਲਾਹ ਦੇ ਗਲ ਪਾ ਦਿੱਤੇ, ਜਹਾਜ ਦੇ ਪਿਛਲੇ ਪਾਸੇ ਕਿਸ਼ਤੀ ਉਤਾਰ ਦਿਤੀ, ਕੁਝ ਖਾਣ ਪੀਣ ਦੀਆਂ ਚੀਜ਼ਾਂ ਉਸ ਵਿਚ ਰੱਖੀਆਂ। ਜਹਾਜ਼ ਅਗੇ ਵਧਣ ਲਗਾ ਤੇ ਕਿਸ਼ਤੀ ਜਹਾਜ਼ ਦੇ ਉਹਲੇ ਉਹਲੇ ਦੂਰ ਪਿਛੇ ਹਟ ਗਈ। ਲਹਿਰਾਂ ਨੇ ਉਸ ਨੂੰ ਆਪਣੀ ਉਚਾਈ ਦੇ ਉਹਲੇ ਲੁਕਣ ਦਾ ਸਮਾਂ ਦਿੱਤਾ। ਬਚੀਆਂ ਤੋਪਾਂ ਠੀਕ ਕਰਕੇ ਰੱਖੀਆਂ ਗਈਆਂ। ਬਰੂਦ ਖਾਨਾ ਖੋਲ੍ਹਕੇ ਹਰ ਇਕ ਮਲਾਹ ਨੂੰ ਬੰਦੂਕਾਂ ਤੇ

ਗੋਲੀਆਂ ਵੰਡ ਦਿੱਤੀਆਂ ਗਈਆਂ।

ਕਪਤਾਨ ਨੇ, ਸਭ ਕੁਝ ਠੀਕ ਕਰਕੇ, ਦੂਰਬੀਨ ਨਾਲ ਵੈਰੀ ਨੂੰ ਵੇਖਿਆ। ਲੋਕ ਰਾਜ ਦਾ ਜੰਗੀ ਬੇੜਾ, ਕਮਾਨ ਵਾਂਗ, ਅਗੇ ਵਧ ਰਿਹਾ ਸੀ। ਸਭ ਦਾ ਨਿਸ਼ਾਨਾ ਕਪਤਾਨ ਦਾ ਜਹਾਜ ਸੀ। ਕਪਤਾਨ ਨੇ ਕੁਝ ਚਿਰ ਪਿਛੋਂ ਘੰਟੀ ਖੜਕਾਈ, ਜਿਸ ਦਾ ਅਰਥ ਸੀ—"ਚਲਾ ਦਿਓ।" ਤੋਪਾਂ ਦੇ ਗੋਲੇ ਦੋਵਾਂ ਪਾਸਿਆਂ ਤੋਂ ਚੱਲੇ। ਅਕਾਸ਼ ਧੂੰਏ ਨਾਲ ਭਰ ਗਿਆ ਤੇ ਗੋਲੇ ਗੜੰਮ ਗੜੰਮ ਕਰਕੇ ਸਮੁੰਦਰ ਵਿਚ ਡਿਗਣ ਲਗ ਪਏ। ਤੋਪਾਂ ਜੁਵਾਲਾ ਮੁਖੀ ਵਾਂਗ ਅੱਗ ਉਗਲੱਛ ਰਹੀਆਂ ਸਨ।

ਕਿਸ਼ਤੀ, ਲਹਿਰਾਂ ਨਾਲ ਲੜਦੀ, ਹਵਾ ਨਾਲ ਡੋਲਦੀ, ਇਧਰ ਉਧਰ ਘੁੰਮਦੀ ਦੂਰ ਚਲੀ ਗਈ। ਮਲਾਹ ਦੇ ਫੋਲਾਦੀ ਬਾਜੂ ਕਈ ਵਾਰ ਥੱਕੇ, ਕਈ ਵਾਰ ਮਲਾਹ ਮੁੜ੍ਹਕੋ ਮੁੜ੍ਹਕੀ ਹੋਇਆ, ਕਈ ਵਾਰ ਉਸ ਨੂੰ ਭੁਖ ਲੱਗੀ ਤੇ ਕੁਝ ਖਾ ਕੇ ਫਿਰ ਚੱਪੇ ਫੜ ਲੈਂਦਾ ਰਿਹਾ। ਛੱਤੀ ਘੰਟੇ ਪਿਛੋਂ, ਉਨ੍ਹਾਂ ਦੀ ਕਿਸ਼ਤੀ ਕੰਢੇ ਵਲ ਨੂੰ ਆਈ। ਸਾਗਰ ਦੇ ਨਾਲ ਨਾਲ ਪਹਾੜ ਸਨ। ਮਲਾਹ ਕਿਸ਼ਤੀ ਨਾਲ ਨਾਲ ਹੇਠਾਹਾਂ ਨੂੰ ਲਈ ਜਾਂਦਾ। ਅਖੀਰ ਪਹਾੜਾਂ ਵਿਚ ਥੋੜਾ ਜੇਹਾ ਰਾਹ ਦਿੱਸਿਆ। ਮਲਾਹ ਦਾ ਚੇਹਰਾ ਖਿੜ ਗਿਆ। ਮਲਾਹ ਨੇ ਉੱਚੀ ਸਾਰੀ ਕਿਹਾ: "ਆ ਗਿਆ।"

ਸਰਦਾਰ ਕਿਸੇ ਡੂੰਘੀ ਸੋਚ ਵਿਚੋਂ ਉਠਿਆ ਤੇ ਬੋਲਿਆ "ਕੰਢਾ?"

"ਨਹੀਂ।"

"ਦੁਸ਼ਮਣ?"

"ਨਹੀਂ।"

"ਹੋਰ ਕੀ?"

"ਬਦਲਾ ਦੇਣ ਦਾ ਸਮਾਂ।"

"ਕੀ ਆਖਿਆ ਈ?"

"ਮੈਂ ਉਸ ਮਲਾਹ ਦਾ ਭਰਾ ਹਾਂ, ਜਿਸ ਨੂੰ ਤੁਸਾਂ ਗੋਲੀ ਮਾਰਕੇ ਮਾਰ ਦਿੱਤਾ ਸੀ।" ਮਲਾਹ ਦੀਆਂ ਅੱਖਾਂ ਵਿਚੋਂ ਗੁੱਸੇ ਨਾਲ ਚੰਗਿਆੜੇ ਨਿਕਲ ਰਹੇ ਸਨ। ਚੱਪਿਆਂ ਦੀ ਥਾਂ, ਉਸ ਦੇ ਦੋਹਾਂ ਹਥਾਂ ਵਿਚ ਦੋ ਪਸਤੌਲ ਸਨ।

# ਹਲਮਲੋ

ਸਰਦਾਰ ਕਿੰਨਾ ਚਿਰ ਉਸ ਵਲ ਡੂੰਘੀ ਨਜ਼ਰ ਨਾਲ ਵੇਖਦਾ ਰਿਹਾ। ਉਸਦੇ ਚੇਹਰੇ ਤੇ ਪੇਂਡੂ ਜੀਵਨ ਦੀ ਝਲਕ ਸਾਫ ਦਿਸਦੀ ਸੀ। ਸਰਦਾਰ ਨੇ ਮੌਤ ਵਰਗੀ ਚੁਪ ਪਿਛੋਂ ਕਿਹਾ, "ਤੂੰ ਕੌਣ ਏਂ ?"

"ਮੈਂ—ਮੈਂ ਇੱਕ ਭਰਾ ਹਾਂ ਤੇ ਤੁਹਾਡੇ ਲਈ ਇੱਕ ਮੌਤ," ਮਲਾਹ ਨੇ ਕਿਹਾ।

"ਤੂੰ ਕੀ ਚਾਹੁੰਦਾ ਏਂ ?" ਸਰਦਾਰ ਨੇ ਪੁਛਿਆ।

"ਮੈਂ ਭਰਾ ਚਾਹੁੰਦਾ ਹਾਂ, ਪਰ ਉਹ ਮਰ ਚੁਕਾ ਹੈ, ਹੁਣ ਭਰਾ ਦਾ ਬਦਲਾ—ਖ਼ੂਨ ਮੰਗਦਾ ਹਾਂ," ਮਲਾਹ ਨੇ ਅਟੱਲ ਇਰਾਦੇ ਨਾਲ ਕਿਹਾ ।

"ਖ਼ੂਨ ਨੂੰ ਲੈ ਕੇ ਕੀ ਕਰੇਂਗਾ ? ਇਹ ਕੋਈ ਚੰਗੀ ਚੀਜ ਨਹੀਂ"—ਸਰਦਾਰ ਨੇ ਮਲਾਹ ਦਾ ਖਿਆਲ ਹੋਰ ਪਾਸੇ ਲੈ ਜਾਣ ਲਈ, ਉਸ ਨੂੰ ਗੱਲੀਂ ਪੌਣ ਦਾ ਹੀਲਾ ਕੀਤਾ।

"ਇਹ ਠੀਕ ਹੈ, ਖ਼ੂਨ ਲੈਣਾ ਬੁਰੀ ਗੱਲ ਏ; ਪਰ ਖ਼ੂਨ ਨਾਲ ਕੋਈ ਚੀਜ ਤੋਲਕੇ ਵੀ ਨਹੀਂ ਦਿਤੀ ਜਾ ਸਕਦੀ। ਕੀ ਤੇਰਾ ਕੋਈ ਭਰਾ ਹੈ ?" ਰੁਕ ਕੇ ਬੋਲਿਆ, "ਮਾਂ ਜਾਏ ਕਿੱਡੇ ਪਿਆਰੇ ਹੁੰਦੇ ਹਨ, ਪਰ ਮੈਂ ਤੇਥੋਂ ਕੁਝ ਵੀ ਪੁਛਣਾ ਨਹੀਂ ਚਾਹੁੰਦਾ। ਪਹਿਲੇ ਦਸ ਦਿੱਤਾ ਹੈ, ਮੈਂ ਉਸ ਮਲਾਹ ਦਾ ਭਰਾ ਹਾਂ। ਤਿਆਰ ਹੋ ਜਾਓ।"

"ਕਿਸ ਵਾਸਤੇ ?" ਸਰਦਾਰ ਨੇ ਕਿਹਾ।

"ਮਰਨ ਲਈ, ਗੋਲੀ ਦਾ ਨਿਸ਼ਾਨਾ ਹੋਣ ਲਈ," ਮਲਾਹ ਨੇ ਕਿਹਾ ।

"ਕਿਉਂ ?"

ਮਲਾਹ ਕੋਈ ਉੱਤਰ ਨਾ ਦੇ ਸਕਿਆ, ਉਹ ਗੁਸੇ ਨਾਲ ਬੋਲਿਆ, "ਝਟ ਪਟ ਤਿਆਰ ਹੋ ਜਾਉ।" ਮਲਾਹ ਦੇ ਮੱਥੇ ਤੇ ਵੱਟ ਸਨ ।

"ਮੈਂ ਪੁਛਦਾ ਹਾਂ, ਕਿਉਂ ?" ਉਸੇ ਜੋਸ਼ ਨਾਲ ਸਰਦਾਰ ਨੇ ਕਿਹਾ ।

"ਕਿਉਂਕਿ ਤੁਸਾਂ ਮੇਰੇ ਭਰਾ ਨੂੰ ਮਾਰਿਆ ਹੈ।" ਮਲਾਹ ਦੀਆਂ ਅੱਖਾਂ ਵਿਚ ਭਰਾ ਸੀ।

ਸਰਦਾਰ ਦੇ ਬੁੱਲ੍ਹਾਂ ਤੇ ਅੱਖਾਂ ਵਿੱਚ ਮੁਸਕਰਾਹਟ ਆਈ ਤੇ ਉਹ ਬੋਲਿਆ—"ਮੈਂ ਤਾਂ ਤੇਰੇ ਭਰਾ ਦੀ ਜਾਨ ਬਚਾਈ ਸੀ।"

"ਠੀਕ ਹੈ। ਪਹਿਲੇ ਜਾਨ ਬਚਾਈ ਸੀ ਅਤੇ ਫਿਰ ਲੈ ਲਈ," ਮਲਾਹ ਨੇ ਦੋਵੇਂ ਗੱਲਾਂ ਦੁਹਰਾਕੇ ਕਿਹਾ।

"ਤੇ ਜੇ ਮੈਂ ਉਸਦੀ ਜਾਨ ਨਾ ਬਚਾਉਂਦਾ, ਫਿਰ ਕੀ ਹੁੰਦਾ?"

ਮਲਾਹ ਚੁਪ ਕਰ ਗਿਆ ਤੇ ਰੁਕਕੇ ਬੋਲਿਆ, "ਫਿਰ ਇਹੋ ਹੀ ਹੁੰਦਾ ਕਿ ਉਹ ਵੀ ਪਹਿਲੇ ਪੰਜਾਂ ਮਲਾਹਾਂ ਵਾਂਗ ਤੋਪ ਹੇਠਾਂ ਆਕੇ ਆਟੇ ਵਾਂਗ ਪਿਸੀਂਦਾ। ਤੁਸਾਂ ਪਹਿਲੇ ਮੇਰੇ ਭਰਾ ਦੀ ਜਾਨ ਬਚਾਈ, ਇਹ ਠੀਕ ਹੈ। ਪਰ ਸ਼ੇਰ ਤੇ ਚੀਤੇ ਦੇ ਹਮਲੇ ਹੋਣ ਤੇ ਇੱਨਾ ਦੁਖ ਨਹੀਂ ਹੁੰਦਾ ਜਿੰਨਾ ਮਨੁਖ ਦੇ ਮਾਰਨ ਤੇ," ਮਲਾਹ ਨੇ ਕਿਹਾ।

"ਪਰ ਤੂੰ ਮੇਰੇ ਤੇ ਯਕੀਨ ਕਰ, ਮੈਂ ਤੇਰੇ ਭਰਾ ਨੂੰ ਨਹੀਂ ਮਾਰਿਆ," ਸਰਦਾਰ ਨੇ ਕਿਹਾ।

"ਮੈਂ ਤੇਰੇ ਤੇ ਯਕੀਨ ਕਰਾਂ ਕਿ ਆਪਣੀਆਂ ਅਖਾਂ ਤੇ ?" ਮਲਾਹ ਨੇ ਕਿਹਾ;"ਤੁਸੀਂ ਹੀ ਦੱਸੋ ਹੋਰ ਉਸਨੂੰ ਕਿਸ ਨੇ ਮਾਰਿਆ ?"

"ਉਸਨੂੰ ਮੈਂ ਤਾਂ ਇਨਾਮ ਦਿਤਾ ਸੀ, ਪਰ ਉਸ ਦੀ ਭੁੱਲ ਤੇ

ਲਾ ਪ੍ਰਵਾਹੀ ਨੇ ਉਸ ਨੂੰ ਮੌਤ ਦੀ ਸਜ਼ਾ ਦਿਤੀ।"

ਮਲਾਹ ਚੁਪ ਕਰ ਗਿਆ; ਪਰ ਉਸ ਦੇ ਚੇਹਰੇ ਉਪਰ ਬੋਲੀ ਦਾ ਤੂਫਾਨ ਸੀ ਤੇ ਮੱਥੇ ਉਪਰ ਵੱਟਾਂ ਦੀਆਂ ਲਹਿਰਾਂ ਨੇ ਇਸ ਤਰ੍ਹਾਂ ਘੇਰਾ ਪਾਇਆ ਹੋਇਆ ਸੀ, ਜਿਵੇਂ ਕਿਸੇ ਜਹਾਜ ਨੂੰ ਸਾਗਰ ਵਿੱਚ ਲਹਿਰਾਂ ਨੇ।

ਸਰਦਾਰ ਨੇ ਉਸ ਦੀ ਹਾਲਤ ਤਾੜ ਲਈ ਤੇ ਉਸ ਨੂੰ ਬੁਲਾਉਣਾ ਜ਼ਰੂਰੀ ਸਮਝਿਆ। ਅਜੇਹੇ ਸਮੇਂ ਮਨੁਖ ਨੂੰ ਨਾ ਬੁਲਾਉਣ ਕਰਕੇ ਕਈ ਵਾਰ ਬੜੇ ਭਿਆਨਕ ਸਿੱਟੇ ਨਿਕਲਦੇ ਹਨ।

"ਤੇਰਾ ਨਾਮ ਕੀ ਹੈ?" ਸਰਦਾਰ ਨੇ ਪੁਛਿਆ।

"ਮਰ ਜਾਣ ਵਾਲੇ ਨੂੰ ਮਾਰਨ ਵਾਲੇ ਦਾ ਨਾਮ ਪੁਛਣ ਵਿੱਚ ਭਲਾ ਕੀ ਲਾਭ?" ਭਿਆਨਕ ਹਾਸਾ ਹਸਦਿਆਂ ਮਲਾਹ ਨੇ ਕਿਹਾ।

"ਕੀ ਤੂੰ ਰਬ ਤੇ ਯਕੀਨ ਰਖਦਾ ਏਂ?" ਸਰਦਾਰ ਨੇ ਕਿਹਾ।

ਮਲਾਹ ਨੇ ਮਾਲਾ ਹਥ ਵਿੱਚ ਲੈ ਕੇ, ਕਰਾਸ ਬਣਾਕੇ ਕਿਹਾ, "ਹਾਂ।"

"ਕੀ ਤੇਰੀ ਮਾਂ ਜੀਉਂਦੀ ਹੈ ਕਿ ਨਹੀਂ?" ਸਰਦਾਰ ਨੇ ਪ੍ਰਸ਼ਨ ਕੀਤਾ।

"ਮੈਂ ਆਪਣੇ ਖਾਨਦਾਨ ਦਾ ਤੁਹਾਥੋਂ ਇਤਿਹਾਸ ਨਹੀਂ ਲਿਖਵਾਉਣਾ, ਤਿਆਰ ਹੋ ਜਾਓ। ਕੇਵਲ ਇੱਕ ਮਿੰਟ ਦਾ ਸਮਾਂ ਤੁਹਾਨੂੰ ਦੇ ਰਿਹਾ ਹਾਂ," ਮਲਾਹ ਨੇ ਡਾਂਟਕੇ ਕਿਹਾ।

"ਤੂੰ ਮੈਨੂੰ ਆਦਰ ਭਰੇ ਸ਼ਬਦਾਂ ਨਾਲ ਕਿਉਂ ਬੁਲਾਉਂਦਾ ਹੈਂ?"

"ਕਿਉਂਕਿ ਆਪ ਵੱਡੇ ਹੋ, ਸਰਦਾਰ ਹੋ। ਮੇਰਾ ਧਰਮ ਮੈਨੂੰ ਬਚਪਨ ਤੋਂ ਦਸਦਾ ਆਇਆ ਹੈ, ਸਭ ਤੋਂ ਵੱਡਾ ਰਬ, ਉਸ ਤੋਂ ਨਿੱਕਾ ਮੇਰਾ ਹਜ਼ਰਤ ਈਸਾ, ਤੇ ਹਜ਼ਰਤ ਈਸਾ ਦੇ ਸਮਾਨ ਰਾਜਾ ਤੇ ਰਾਜੇ ਦੇ ਵਰਗਾ ਸਰਦਾਰ। ਫਰਾਂਸ ਵਿੱਚ ਹਰ ਇੱਕ ਆਦਮੀ ਦਾ ਕੋਈ ਨਾ ਕੋਈ ਸਰਦਾਰ ਹੁੰਦਾ ਹੈ।"

"ਕੀ ਤੇਰਾ ਵੀ ਕੋਈ ਸਰਦਾਰ ਹੈ ?"

"ਹਾਂ, ਕਿਉਂ ਨਹੀਂ ? ਮੇਰਾ ਸਰਦਾਰ ਤਾਂ ਸੱਤਾਂ ਜੰਗਲਾਂ ਦਾ ਮਾਲਕ ਹੈ। ਉਹ ਇੰਗਲੈਂਡ ਵਿਚ ਰਹਿੰਦਾ ਹੈ। ਉਹ ਬੜਾ ਚੰਗਾ ਹੈ, ਉਸਦਾ ਨਾਮ ਮਾਰਕੁਈਸ ਲਾਟੈਨਕ ਹੈ। ਉਹ ਬ੍ਰਤਾਨੀਆਂ ਦਾ ਰਾਜ ਕੁਮਾਰ ਹੈ। ਮੈਂ ਭਾਵੇਂ ਅਜ ਤੀਕ ਉਸ ਨੂੰ ਨਹੀਂ ਵੇਖਿਆ, ਫਿਰ ਭੀ ਉਹੋ ਮੇਰਾ ਸਰਦਾਰ ਹੈ ਤੇ ਮੈਂ ਉਸਦਾ ਸੇਵਕ," ਮਲਾਹ ਨੇ ਸਤਕਾਰ ਭਰੇ ਦਿਲ ਨਾਲ ਕਿਹਾ।

"ਜੇ ਤੂੰ ਉਸ ਨੂੰ ਵੇਖ ਲਏਂ ਤਾਂ ਕੀ ਉਸਦਾ ਹੁਕਮ ਮੰਨੇਗਾ?"

"ਕਿਉਂ ਨਹੀਂ, ਸਰਦਾਰ ਦੇ ਹੁਕਮ ਨੂੰ ਕੌਣ ਨਹੀਂ ਮੰਨਦਾ ? ਪਰ ਇਹ ਸਭ ਗੱਲਾਂ ਫਜ਼ੂਲ ਹਨ। ਮੈਂ ਹੁਣ ਤੁਹਾਨੂੰ ਜ਼ਰੂਰ ਮਾਰਨਾ ਹੈ। ਮੈਨੂੰ ਮੇਰਾ ਭਰਾ ਮੁੜ ਮੁੜ ਕੇ ਕਹਿੰਦਾ ਹੈ, 'ਕੀ ਤੂੰ ਆਪਣੇ ਭਰਾ ਦੇ ਵੈਰੀ ਨੂੰ ਸਮੁੰਦਰ ਵਿਚੋਂ ਜੀਉਂਦਾ ਬਾਹਰ ਜਾਣ ਦੇਵੇਂਗਾ ?"

"ਚੰਗਾ, ਤੇਰੀ ਜੋ ਮਰਜ਼ੀ ਹੈ ਕਰ। ਮੈਂ ਜੋ ਕੁਝ ਕੀਤਾ ਹੈ, ਉਹ ਠੀਕ ਕੀਤਾ ਹੈ।" ਸਰਦਾਰ ਨੇ ਸਤਕੇ ਕਿਹਾ।

"ਰਬ ਨੂੰ ਯਾਦ ਕਰ, ਮੈਂ ਭੀ ਹੁਣ ਜੋ ਕੁਝ ਕਰਨ ਲੱਗਾ ਹਾਂ, ਠੀਕ ਹੀ ਕਰਨ ਲੱਗਾ ਹਾਂ," ਮਲਾਹ ਨੇ ਨਿਸ਼ਾਨਾ ਠੀਕ ਕਰਕੇ ਕਿਹਾ।

"ਪਾਦਰੀ ਕਿੱਥੇ ਹੈ ?"

"ਕੇਹੜਾ ਪਾਦਰੀ ?"

"ਜੇਹੜਾ ਮੇਰੇ ਮਰਨ ਵੇਲੇ ਲਾਗੇ ਖੜੋਵੇ ਤੇ ਮੇਰੇ ਪਾਪ ਖਿਮਾ ਕਰੇ" ਸਰਦਾਰ ਨੇ ਕਿਹਾ; "ਜੰਗ ਵਿੱਚ ਮਰ ਰਿਹਾਂ ਕੋਲ ਵੀ ਪਾਦਰੀ ਹੈ; ਮੈਂ ਤੇਰੇ ਭਰਾ ਨੂੰ ਮਰਨ ਵੇਲੇ ਪਾਦਰੀ ਦਿੱਤਾ ਸੀ। ਜੇ ਤੂੰ ਭਰਾ ਦੇ ਮਾਰਨ ਕਰਕੇ ਮੈਨੂੰ ਮਾਰਨ ਲੱਗਾ ਏਂ, ਤਾਂ ਉਹ ਸਭ ਕੁਝ ਮੈਨੂੰ ਦੇਹ, ਜੋ ਕੁਝ ਮੈਂ ਤੇਰੇ ਭਰਾ ਨੂੰ ਦਿੱਤਾ ਸੀ।"

"ਮੈਂ ਤੁਹਾਨੂੰ ਸਭ ਕੁਝ ਦੇ ਦਿੱਤਾ ਹੈ।"

"ਹੈਂ—ਕਿਵੇਂ ?"

"ਤੁਸੀਂ ਮੇਰੇ ਭਰਾ ਨੂੰ ਪਹਿਲੇ ਮਰਨ ਤੋਂ ਬਚਾਇਆ ਸੀ, ਸੋ ਮੈਂ ਤੁਹਾਨੂੰ ਵੀ ਮੌਤ ਦੇ ਮੂੰਹ ਵਿਚੋਂ ਕਢਕੇ ਲੈ ਆਂਦਾ ਹੈ।"

"ਚੰਗਾ, ਮੈਂ ਤੇਰੀ ਇਹ ਗਲ ਮੰਨ ਜਾਂਦਾ ਹਾਂ, ਭਾਵੇਂ ਮੇਰੀ ਇਸ ਮੌਤ ਦਾ ਕਾਰਨ ਵੀ ਤੇਰਾ ਭਰਾ ਹੈ। ਜੇ ਉਹ ਸੁਸਤੀ ਨ ਕਰਦਾ, ਤਾਂ ਹੁਣ ਨੂੰ ਅਸੀਂ ਸਾਰੇ ਸ਼ਹੀ ਸਲਾਮਤ ਕੰਢੇ ਤੇ ਬੈਠੇ ਹੁੰਦੇ। ਸਾਗਰ ਵਿੱਚ ਸਾਡੀਆਂ ਕਬਰਾਂ ਨਾ ਬਣਦੀਆਂ। ਛੱਡੋ ਇਹ ਗੱਲਾਂ ਪੁਰਾਣੀਆਂ ਹਨ, ਤੇ ਤੈਨੂੰ ਇਹਨਾਂ ਨਾਲ ਕੋਈ ਦਿਲਚਸਪੀ ਨਹੀਂ। ਤੂੰ ਮੇਰੇ ਸਰੀਰ ਨੂੰ ਮਾਰਨਾ ਹੈ ਕਿ ਮੇਰੀ ਆਤਮਾਂ ਨੂੰ ਵੀ। ਇਸ ਵਿੱਚ ਮੇਰਾ ਹੀ ਸਰਬ ਨਾਸ਼ ਨਹੀਂ, ਤੇਰੀ ਆਤਮਾਂ ਦਾ ਵੀ ਵਿਨਾਸ਼ ਹੈ। ਜੇਹੜਾ ਕਿਸੇ ਦੀ ਆਤਮਾ ਸਾੜੇ, ਤੈਨੂੰ ਪਤਾ ਹੈ, ਉਸਦੀ ਆਤਮਾ ਵੀ ਸੜਦੀ ਹੈ। ਮੈਂ ਤੇਰੀ ਆਤਮਾ ਦੀ ਭੀ, ਤੇਰੇ ਭਰਾ ਦੀ ਆਤਮਾ ਵਾਂਗ, ਰੱਖਿਆ ਕਰ ਰਿਹਾ ਹਾਂ," ਸਰਦਾਰ ਨੇ ਜੋਸ਼ ਨਾਲ ਕਿਹਾ।

ਮਲਾਹ ਚਿੰਤਾ ਵਿੱਚ ਪੈ ਗਿਆ ਤੇ ਅਖੀਰ ਤੇ ਉਸ ਨੇ ਸਿਰ ਝੁਕਾ ਦਿਤਾ।

ਬੁਢੇ ਸਰਦਾਰ ਦੀ ਅਵਾਜ਼ ਹੋਰ ਉੱਚੀ ਹੋ ਗਈ ਤੇ ਉਹ ਬੋਲਿਆ, "ਤੋਪਾਂ ਦਿਆਂ ਗੋਲਿਆਂ ਨਾਲ ਜੇਹੜੀ ਬਰਬਾਦੀ ਹੋ ਰਹੀ ਹੈ, ਉਹ ਸਭ ਤੇਰੇ ਭਰਾ ਕਰਕੇ ਹੈ। ਫਰਾਂਸ ਵਿੱਚ ਜਿਨ੍ਹਾਂ ਸੈਨਕਾਂ ਨੂੰ ਸਮੇਂ ਸਿਰ ਮਦਦ ਨਹੀਂ ਮਿਲ ਸਕੀ, ਉਸਦਾ ਕਾਰਨ ਵੀ ਤੇਰਾ ਭਰਾ ਹੀ ਹੈ। ਕਿੰਨੇ ਆਦਮੀ ਮਰੇ, ਤੇ ਇਸਤ੍ਰੀਆਂ ਰੰਡੀਆਂ ਹੋਕੇ ਵੈਣ ਪਾ ਰਹੀਆਂ ਹਨ ? ਇਹਨਾਂ ਦਾ ਜ਼ੁੰਮੇਵਾਰ ਤੇਰਾ ਭਰਾ ਹੈ। ਕਈ ਪਿਤਾ ਮਰੇ ਤੇ ਉਨ੍ਹਾਂ ਦੇ ਅਨਾਥ ਬੱਚੇ ਭੁੱਖੇ ਵਿਲਕਦੇ ਨੇ ? ਇਹ ਸਭ ਕੁਝ ਤੇਰੇ ਭਰਾ ਦੀ ਬੇਪ੍ਰਵਾਹੀ ਕਰਕੇ ਹੋਇਆ।"

ਸਰਦਾਰ ਹੋਰ ਉਚੀ ਅਵਾਜ਼ ਵਿਚ ਬੋਲਿਆ, "ਤੈਨੂੰ ਪਤਾ ਹੈ ਇਸ ਸਮੇਂ ਰਬ ਕਿੰਨੀਆਂ ਤਕਲੀਫਾਂ ਪਾ ਰਿਹਾ ਹੈ। ਮਹਾਤਮਾ ਈਸਾ ਦਾ ਰੂਪ, ਰਾਜਾ ਮਾਰਕੁਈਸ, ਜੋ ਇਸ ਸਮੇਂ ਟੈਂਪਲ ਕਿਲੇ ਵਿੱਚ ਦੁਖ ਪਾ ਰਿਹਾ ਹੈ, ਸਭ ਕੁਝ ਤੇਰੇ ਭਰਾ ਦੀ ਭੁੱਲ ਕਰਕੇ ਹੈ। ਗਿਰਜਾ-ਘਰਾਂ ਨੂੰ, ਜੋ ਖੁਦਾ ਦੇ ਘਰ ਹਨ, ਅਪਮਾਨਤ ਕੀਤਾ ਜਾ ਰਿਹਾ ਹੈ, ਇਹ ਤੇਰੇ ਭਰਾ ਦੀ ਭੁੱਲ ਦੇ ਸਿੱਟੇ ਹਨ। ਘੰਟਾ ਘਰਾਂ ਦੇ ਪਿੱਤਲ ਢਾਲਕੇ ਵੈਰੀ ਤੋਪਾਂ ਢਾਲ ਰਹੇ ਹਨ। ਇਸ ਤਰ੍ਹਾਂ ਕਰਨ ਨਾਲ ਈਸਾਈਆਂ ਦੇ ਪਵਿਤ੍ਰ ਰਥ, ਜੋ ਲੋਕਾਂ ਨੂੰ ਹਲੂਣ ਹਲੂਣ ਕੇ ਜਗਾਉਂਦੇ ਸਨ, ਲਹੂ ਨਾਲ ਲਥ ਪਥ ਹੋ ਰਹੇ ਹਨ। ਸਭ ਅੱਤਿਆਚਾਰ ਦੂਰ ਕਰਨ ਦਾ ਕੰਮ ਮੈਨੂੰ ਸੌਂਪਿਆ ਗਿਆ ਹੈ। ਮੈਂ ਆਪਣੇ ਫਰਜ਼ ਦਾ ਹਰ ਸਮੇਂ ਪਾਲਣ ਕਰਦਾ ਆਇਆ ਹਾਂ—ਤੇਰੇ ਭਰਾ ਨੂੰ ਬਚਾਉਣ ਵੇਲੇ, ਇਨਾਮ ਦੇਣ ਵੇਲੇ, ਮਾਰਨ ਵੇਲੇ ਤੇ ਕਿਸ਼ਤੀ ਵਿੱਚ ਬੈਠਕੇ ਏਧਰ ਆਉਣ ਵੇਲੇ। ਤੂੰ ਵੀ ਆਪਣੇ ਭਰਾ ਵਰਗਾ ਏਂ। ਪਹਿਲੇ ਤੂੰ ਆਪਣੇ ਕਪਤਾਨ ਨੂੰ ਧੋਖਾ ਦਿੱਤਾ, ਉਸ ਦੇਵਤੇ ਅਗੇ ਝੂਠ ਬੋਲਿਆ, ਹੁਣ ਮੇਰੀ ਜਾਨ ਲੈਣ ਲਈ ਤੁਲ ਗਿਆ ਏਂ। ਜੋ ਕੁਝ ਇਸ ਸਮੇਂ ਸ਼ੈਤਾਨ ਕਰਨਾ ਚਾਹੁੰਦਾ ਹੈ, ਤੁਸੀਂ ਦੋਵੇਂ ਭਰਾ ਉਸ ਦੀ ਮਦਦ ਕਰ ਰਹੇ ਹੋ। ਕਰ, ਛੇਤੀ ਕਰ, ਦੋਵਾਂ ਪਿਸਤੌਲਾਂ ਦੀਆਂ ਗੋਲੀਆਂ ਮੇਰੇ ਸੀਨੇ ਵਿਚੋਂ ਪਾਰ ਕਰ। ਝੱਟ ਕਰ, ਮੇਰੇ ਹਥ ਵਿੱਚ ਕੋਈ ਹਥਿਆਰ ਨਹੀਂ। ਤੂੰ ਬੇ ਫਿਕਰ ਹੋਕੇ ਗੋਲੀਆਂ ਦਾ ਨਿਸ਼ਾਨਾ ਬਣਾ ਦੇਹ।" ਇਹ ਗੱਲਾਂ ਬੁੱਢੇ ਸਰਦਾਰ ਨੇ ਬੜੀ ਉੱਚੀ ਤੇ ਕਿਸੇ ਅਨੋਖੇ ਰੰਗ ਵਿਚ ਆਖੀਆਂ।

ਹਲਮਲੋ ਦੇ ਹੱਥੋਂ ਦੋਵੇਂ ਪਸਤੌਲ ਡਿਗ ਪਏ। ਉਹ ਗੋਡਿਆਂ ਭਾਰ ਹੋ ਗਿਆ ਤੇ ਲਗਾ ਵਾਸਤੇ ਪੌਣ! "ਦਇਆ ਕਰ, ਗਿਰਜੇ ਦੇ ਰਖਵਾਲੇ! ਦਇਆ ਕਰ। ਤੇਰੀ ਜ਼ਬਾਨ ਤੇ ਹਜ਼ਰਤ ਈਸਾ ਬੈਠਾ ਹੋਇਆ, ਤੇਰੇ ਸ਼ਬਦਾਂ ਰਾਹੀਂ, ਮੈਨੂੰ ਈਸ਼੍ਵਰ ਬੋਲਦਾ ਜਾਪਦਾ ਹੈ।

ਮੈਨੂੰ ਖਿਮਾ ਕਰ। ਮੈਂ ਪਾਪ ਕੀਤਾ ਹੈ, ਮੇਰੇ ਭਾਈ ਨੇ ਪਾਪ ਕੀਤਾ; ਤੁਸੀਂ ਈਸਾ ਦੇ ਰੂਪ ਹੋ, ਮੈਨੂੰ ਖਿਮਾਂ ਕਰ ਦਿਓ। ਮੈਨੂੰ ਹੁਣ ਕੋਈ ਹੁਕਮ ਦਿਓ, ਮੈਂ ਵਜਾਕੇ ਲਿਆਵਾਂਗਾ। ਮੈਂ ਆਪਣੀ ਵਫਾਦਾਰੀ ਨਾਲ ਆਪਣੇ ਤੇ ਆਪਣੇ ਭਰਾ ਦੇ ਸਾਰੇ ਪਾਪ ਧੋਵਾਂਗਾ।"

ਬੁਢੇ ਸਰਦਾਰ ਨੇ ਹਥ ਸਿਰ ਤੇ ਰਖਿਆ ਤੇ ਕਿਹਾ, "ਮੈਂ ਤੈਨੂੰ ਖਿਮਾ ਕਰਦਾ ਹਾਂ, ਤੇਰੇ ਪਿਛਲੇ ਸਾਰੇ ਗੁਨਾਹ ਮੁਆਫ਼ ਕਰਦਾ ਹਾਂ।"

ਮਲਾਹ ਦੇ ਮਥੇ ਉਪਰ ਇੱਕ ਲਾਲੀ ਜੇਹੀ ਲੰਘੀ। ਉਸ ਨੂੰ ਆਪਣਾ ਆਪ ਕੁਝ ਹਲਕਾ ਹਲਕਾ ਲੱਗਣ ਲੱਗਾ। ਭਾਵੇਂ ਪਾਪਾਂ ਤੋਂ ਰਿਹਾਈ ਕੇਵਲ ਮਨੁਖ ਆਪ ਹੀ ਲੈ ਸਕਦਾ ਹੈ, ਪਰ ਗਲਤ ਫਿਲਸਫੇ ਕੌਮਾਂ ਦੇ ਖੂਨਾਂ ਵਿਚੋਂ ਛੇਤੀ ਛੇਤੀ ਨਹੀਂ ਜਾ ਸਕਦੇ।

ਸਵੇਰੇ ਮਲਾਹ ਨੇ ਕਿਸ਼ਤੀ ਕੰਢੇ ਲਾ ਦਿੱਤੀ। ਬੁੱਢਾ ਸਰਦਾਰ ਮਲਾਹ ਦੀ ਸਿਆਣਪ ਤੇ ਜ਼ੋਰ ਨੂੰ ਵੇਖਕੇ ਹੈਰਾਨ ਸੀ। ਕਿਸ ਤਰ੍ਹਾਂ ਉਹ ਲਹਿਰਾਂ ਤੋਂ ਬਚਦਾ, ਕਿਵੇਂ ਕਪਰਾਂ ਦੇ ਉਪਰ ਕਿਸ਼ਤੀ ਚਾੜ੍ਹ ਦੇਂਦਾ ਤੇ ਵਹੇਰਿਆਂ ਦੀ ਡੂੰਘਾਈ ਤੇ ਭਿਆਨਕਤਾ ਦੂਰੋਂ ਤਾੜਕੇ ਕਿਸ਼ਤੀ ਨੂੰ ਪਿਛੇ ਹਟਾ ਲੈਂਦਾ। ਬਿਨਾਂ ਕਿਸੇ ਦਿਸ਼ਾ-ਸੂਚਕ-ਯੰਤਰ ਤੋਂ ਹਲਮਲੋ ਨੇ ਛੱਤੀ ਘੰਟੇ ਦੇ ਪਿਛੋਂ ਕਿਸ਼ਤੀ ਕਨਾਰੇ ਲਾ ਦਿਤੀ। ਕੀ ਇਹ ਜਾਦੂਗਰੀ ਤੋਂ ਘੱਟ ਸੀ ?

ਦੋਵੇਂ ਕਿਸ਼ਤੀ ਤੋਂ ਉਤਰੇ। ਦਿਨ ਦੇ ਬਾਰਾਂ ਵਜੇ ਦਾ ਸਮਾਂ ਸੀ, ਜਦੋਂ ਇਹ ਕੰਢੇ ਲਗੇ। ਇਧਰ ਉਧਰ ਫਿਰਦਿਆਂ ਸਮਾਂ ਲੰਘਦਾ ਗਿਆ। ਸੂਰਜ ਇੱਕ ਮਨਜ਼ਲ ਤੈਹ ਕਰਨ ਵਾਲਾ ਸੀ ਤੇ ਦੂਜੀ ਥੋੜੇ ਚਿਰ ਪਿਛੋਂ ਅਰੰਭ ਕਰਨ ਵਾਲਾ ਸੀ। ਖਾਣ ਪੀਣ ਦਾ ਸਾਰੇ ਦਾ ਸਾਰਾ ਸਾਮਾਨ ਹਲਮਲੋ ਦੇ ਝੋਲੇ ਵਿੱਚ ਸਰਦਾਰ ਨੇ ਪਾ ਦਿਤਾ ਤੇ ਕਿਹਾ, "ਜੇਹੜਾ ਬਹੁਤਾ ਕੰਮ ਕਰੇ, ਉਹੋ ਹੀ ਬਹੁਤਾ ਖਾਵੇ।" **ਕਿਸ਼ਤੀ**, ਮਲਾਹ ਨੇ ਆਪਣੀ ਹਥੀਂ ਡੋਬ ਦਿੱਤੀ, ਜਿਸ ਨੂੰ

ਉਹ ਛੱਤੀ ਘੰਟੇ ਜ਼ਿੰਦਗੀ ਵਾਂਗ ਬਚਾਉਂਦਾ ਰਿਹਾ ਸੀ। ਹੁਣ ਉਸ ਨੂੰ ਡੋਬ ਕੇ ਮਲਾਹ ਨੇ ਸੁਖ ਦਾ ਸਾਹ ਲਿਆ, ਤਾਕਿ ਕੋਈ ਕਿਸ਼ਤੀ ਵੇਖਕੇ ਇਹ ਨਾ ਪਤਾ ਕਰ ਲਵੇ ਕਿ ਦੁਸ਼ਮਨ ਫਰਾਂਸ ਦੇ ਕੰਢੇ ਤੇ ਪਹੁੰਚ ਗਿਆ ਹੈ।

ਹਲਮਲੋ ਨੇ ਕਿਹਾ, "ਹਜ਼ੂਰ, ਹੁਣ ਤੁਹਾਨੂੰ ਮੈਂ ਅਗੇ ਲਗਕੇ ਜਿੱਥੇ ਦਿਲ ਕਰੇ ਲੈ ਜਾਣਾ ਹੈ, ਜਾਂ ਤੁਸੀਂ ਅਗੇ ਅਗੇ ਤੁਰਨਾ ਹੈ ਤੇ ਮੈਂ ਮਗਰ ਮਗਰ ਆਉਣਾ ਹੈ?"

"ਨਹੀਂ, ਮੇਰੇ ਸੁਜਾਨ ਹਲਮਲੋ, ਹੁਣ ਦੋਵਾਂ ਗੱਲਾਂ ਵਿਚੋਂ ਕੋਈ ਵੀ ਨਹੀਂ ਹੋ ਸਕਦੀ। ਤੈਨੂੰ ਕਿਸੇ ਹੋਰ ਪਾਸੇ ਜਾਣਾ ਪਵੇਗਾ ਤੇ ਮੈਨੂੰ ਕਿਸੇ ਹੋਰ ਪਾਸੇ। ਮੁਲਕਾਂ ਦੀਆਂ ਕਿਸਮਤਾਂ ਬਦਲਨ ਵੇਲੇ ਇੱਕ ਆਦਮੀ ਦੇ ਸਾਥ ਹੋਣ ਨਾਲ ਕੁਝ ਨਹੀਂ ਬਣਦਾ। ਜਾਂ ਹਜਾਰਾਂ ਆਦਮੀ ਹਥਿਆਰ ਬੰਦ ਆਪਣੇ ਨਾਲ ਲੈਕੇ ਚਲਾਂਗਾ; ਜਾਂ ਇਕੱਲਾ ਜੰਗਲਾਂ ਵਿੱਚ ਘੁਮਾਂਗਾ।" ਇਹ ਕਹਿੰਦਿਆਂ, ਬੁੱਢੇ ਸਰਦਾਰ ਨੇ ਆਪਣੀ ਜੇਬ ਵਿਚੋਂ ਇੱਕ ਰੇਸ਼ਮੀ ਰੁਮਾਲ ਕਢਿਆ, ਜਿਸ ਤੇ ਪੱਟ ਨਾਲ ਸ਼ਾਹੀ ਝੰਡੇ ਦਾ ਨਿਸ਼ਾਨ ਕਢਿਆ ਹੋਇਆ ਸੀ। ਰੁਮਾਲ ਹਲਮਲੋ ਦੇ ਸਾਹਮਣੇ ਖੋਲ੍ਹ ਦਿੱਤਾ ਤੇ ਕਿਹਾ, "ਕੀ ਤੂੰ ਪੜ੍ਹਿਆ ਹੋਇਆਂ ਏ? ਪੜ੍ਹ,ਇਹ ਕੀ ਲਿਖਿਆ ਏ?"

"ਹਜ਼ੂਰ, ਮਲਾਹਾਂ ਦੇ ਪੁਤਰ, ਕ੍ਰਿਸਾਨਾਂ ਦੇ ਬੱਚੇ ਤੇ ਮਜ਼-ਦੂਰਾਂ ਦੇ ਬੇਟੇ ਵੀ ਕਦੀ ਪੜ੍ਹੇ ਹੁੰਦੇ ਹਨ? ਕਈ ਤਾਂ ਜੰਮਣ ਵੇਲੇ ਤੋਂ ਲੈਕੇ ਬੱਚੇ ਦੇ ਦਿਨ ਗਿਣਦੇ ਰਹਿੰਦੇ ਹਨ, ਕਦੋਂ ਇਹ ਮਾਲ ਚਾਰਨ ਜੋਗਾ ਤੇ ਖੇਤਾਂ ਦੀ ਰਾਖੀ ਕਰਨ ਜੋਗਾ ਹੋਵੇਗਾ, ਕਦੋਂ ਇਹ ਬੇੜੀ ਬੰਨ੍ਹ ਸੱਕੇਗਾ। ਗਰੀਬਾਂ ਦੇ ਬਚਿਆਂ ਦਾ ਬਚਪਨ ਵੀ ਬੋਝ ਹੁੰਦਾ ਹੈ।" ਦੁਖੀ ਹੋਕੇ ਹਲਮਲੋ ਨੇ ਆਪਣੇ ਆਪ ਨੂੰ ਬੇ ਕਸੂਰ ਦਸਿਆ ਕਿ ਪੜ੍ਹੇ ਨਾ ਹੋਣਾ ਮੇਰਾ ਕਸੂਰ ਨਹੀਂ।

"ਇਹ ਬੜੀ ਹੀ ਚੰਗੀ ਗੱਲ ਹੈ, ਜੋ ਤੂੰ ਅਨਪੜ੍ਹ ਏਂ।

ਮੁਲਕਾਂ ਦੇ ਇਨਕਲਾਬ ਵਿਚ, ਜਿੰਨਾਂ ਅਨਪੜ੍ਹਾਂ ਦਾ ਕੰਮ ਹੈ, ਉੱਨਾ ਪੜ੍ਹਿਆਂ ਦਾ ਨਹੀਂ। ਹਰ ਰਾਜ ਨੂੰ ਕਾਇਮ ਜਾਂ ਬਰਬਾਦ ਕਰਨ ਵਾਲੇ ਅਨਪੜ੍ਹ ਹੀ ਹੁੰਦੇ ਹਨ," ਸਰਦਾਰ ਨੇ ਕਿਹਾ।

ਹਲਮਲੋ ਬੜਾ ਖੁਸ਼ ਹੋਇਆ ਤੇ ਆਪਣੀ ਅਨਪੜ੍ਹਤਾ ਤੇ ਮਾਣ ਕਰਕੇ ਫੁੱਲ ਗਿਆ।

"ਤੇਰੀ ਯਾਦ ਕੈਸੀ ਹੈ?"

"ਮੈਂ ਬਚਪਨ ਤੋਂ ਲਗਕੇ ਜੋ ਕੁਝ ਵੇਖਿਆ ਜਾਂ ਸੁਣਿਆ ਹੈ, ਮੈਨੂੰ ਸਾਰੇ ਦਾ ਸਾਰਾ ਯਾਦ ਹੈ। ਜਿਹੜੇ ਰਿਸ਼ਤੇਦਾਰ ਗਰੀਬੀ ਕਰਕੇ ਮਰੇ, ਉਹਨਾਂ ਦੀਆਂ ਹੂ-ਬ-ਹੂ ਸ਼ਕਲਾਂ, ਤਸਵੀਰਾਂ ਵਾਂਗ, ਮੇਰੀਆਂ ਅੱਖਾਂ ਅਗੇ ਫਿਰਦੀਆਂ ਹਨ। ਅੱਜ ਤਕ ਜਿਤਨੇ ਪੈਸੇ ਮੈਂ ਤੇ ਮੇਰੇ ਭਰਾ ਨੇ ਕਮਾਏ ਹਨ, ਮੈਨੂੰ ਯਾਦ ਹਨ। ਮੈਂ........."

"ਸ਼ਾਬਾਸ਼! ਇਸ ਗੱਲ ਦਾ ਮੈਨੂੰ ਪਹਿਲੇ ਹੀ ਪਤਾ ਸੀ ਕਿ ਅਨਪੜ੍ਹ ਦੀ ਯਾਦ ਚੰਗੀ ਹੁੰਦੀ ਹੈ। ਪੜ੍ਹਿਆਂ ਦੀ ਯਾਦ ਜ਼ਰੂਰ ਹੀ ਖਰਾਬ ਹੁੰਦੀ ਹੈ। ਬਦੋ ਬਦੀ ਜੋ ਦਿਮਾਗ ਵਿੱਚ ਬੈਠਾਇਆ ਜਾਂਦਾ ਹੈ, ਉਹ ਚੰਗੀਆਂ ਚੀਜ਼ਾਂ ਭੀ ਨਾਲ ਲੈਕੇ ਡੁਬਦਾ ਹੈ। ਹੁਣ ਤੂੰ ਚੰਗੀ ਤਰ੍ਹਾਂ ਤਿਆਰ ਏਂ?"

ਮੈਂ ਹਮੇਸ਼ਾ ਤਿਆਰ ਹਾਂ, ਜਿਵੇਂ ਕਿ ਮਜ਼ਦੂਰਾਂ ਨੂੰ ਰਹਿਣਾ ਪੈਂਦਾ ਹੈ।" ਮਲਾਹ ਨੇ ਚੁਸਤ ਹੋਕੇ ਕਿਹਾ।

"ਸ਼ਾਬਾਸ਼! ਹੁਣ ਕੰਮ ਦੀਆਂ ਗੱਲਾਂ ਸੁਣ। ਤੂੰ ਏਥੋਂ ਸੱਜੇ ਹੱਥ ਨੂੰ ਜਾਵੀਂ, ਮੈਂ ਖੱਬੇ ਹੱਥ ਵਲ ਦੀ ਜਾਵਾਂਗਾ। ਬੇਲੇ ਨੂੰ ਲਮਕਾ ਲਵੀਂ। ਇਸ ਨਾਲ ਤੂੰ ਕਿਸਾਨ ਜਾਪੇਂਗਾ। ਰਸਤੇ ਵਿਚੋਂ ਕੋਈ ਡੰਡਾ ਛਾਂਗ ਲਈਂ, ਇਸ ਤੋਂ ਤੂੰ ਡੰਗਰ ਚਾਰਨ ਵਾਲਾ ਦਿਸੇਂਗਾ। ਕਿਸੇ ਥੱਕ ਟੁਟਕੇ ਪਏ ਹੋਏ ਮਜ਼ਦੂਰ ਦੀ ਟੋਪੀ ਚੁਰਾਕੇ ਆਪਣੇ ਸਿਰ ਤੇ ਰਖ ਲਈਂ ਤੇ ਆਪਣੇ ਹਥਿਆਰ ਲੁਕਾਕੇ ਰਖੀਂ। ਕਪੜੇ ਥੋੜੇ ਜਹੇ ਹੋਰ ਪਾੜ ਲੈ, ਤਾਕਿ ਤੂੰ ਮੰਗਤਾ ਵੀ ਜਾਪੇਂ।

ਇਹ ਸਾਰੀਆਂ ਚੀਜ਼ਾਂ ਤੈਨੂੰ ਬੜੀ ਮਦਦ ਦੇਣਗੀਆਂ। ਲੋਕਾਂ ਦੀ ਨਜ਼ਰ ਕਪੜਿਆਂ ਤੇ ਰੰਗਾਂ ਤੇ ਹੀ ਜਾਂਦੀ ਹੈ। ਕਿਸੇ ਨੇ ਬਹੁਤੀ ਮੱਲ ਮਾਰੀ, ਆਦਮੀ ਦੇ ਨਾਮ ਤਕ ਪਹੁੰਚ ਗਿਆ। ਬੜੇ ਘੱਟ ਆਦਮੀ ਹੁੰਦੇ ਹਨ, ਜਿਹੜੇ ਕਿਸੇ ਦੀ ਆਤਮਾ ਵਿੱਚ ਪਈਆਂ ਚੀਜ਼ਾਂ ਨੂੰ ਤਾੜ ਸਕਦੇ ਹਨ। ਪਰ ਫਿਰ ਭੀ ਤੂੰ ਸੜਕਾਂ ਦੇ ਰਾਹੀਂ ਨਾ ਜਾਵੀਂ। ਸੜਕਾਂ ਦੇ ਉਤੇ, ਕਿਤੇ ਕਿਤੇ ਪਛਾਣਨ ਵਾਲੀਆਂ ਅੱਖਾਂ ਤਕਦੀਆਂ ਹੁੰਦੀਆਂ ਹਨ। ਦਰਿਆਵਾਂ ਤੇ ਨਹਿਰਾਂ ਦੇ ਪੁਲਾਂ ਤੋਂ ਵੀ ਨਾ ਲੰਘੀਂ। ਏਨੀਂ ਥਾਈਂ ਕਈ ਪ੍ਰਕਾਰ ਦੇ ਕਾਗਜ਼ ਹੁੰਦੇ ਹਨ, ਜਿਹੜੇ ਆਦਮੀ ਨੂੰ ਬੜੀ ਦੂਰੀ ਤੇ ਹੁੰਦਿਆਂ ਵੀ ਪਛਾਣ ਸਕਦੇ ਹਨ। ਲਗਦੀ ਵਾਹ, ਸ਼ਹਿਰਾਂ ਤੇ ਮੇਲਿਆਂ ਤੋਂ ਬਚਣਾ। ਘੋੜੇ ਵਾਲਿਆਂ ਦੇ ਲਾਗਦੀ ਨਾ ਲੰਘਣਾ। ਪਿੰਡ ਵਿੱਚ ਜਾਕੇ ਜੋ ਤੇਰਾ ਦਿਲ ਕਰੇ ਮੰਗ ਲਈਂ, ਪਰ ਯਾਦ ਰੱਖੀਂ, ਪੱਕੇ ਘਰਾਂ ਵਿੱਚ ਜਾਕੇ ਬਿਲਕੁਲ ਨਾ ਮੰਗੀਂ। ਕਿਤੇ ਐਸਾ ਨਾ ਹੋਵੇ, ਉਥੇ ਤੈਨੂੰ ਰੋਟੀ ਪਿਛੇ ਆਪਣੀ ਜਾਨ ਦੇਣੀ ਪਵੇ। ਸਾਡੇ ਜਿਹਾਂ ਦੇ ਲੁਕਣ ਲਈ ਬੜੇ ਬੜੇ ਪ੍ਰਬੰਧ ਹਨ, ਭਿਆਨਕ ਜੰਗਲ, ਕਿਸਾਨਾਂ ਦੇ ਦੂਰ ਦੂਰ ਤਕ ਫੈਲੇ ਹੋਏ ਖੇਤ, ਰਾਤ ਦਾ ਅਨ੍ਹੇਰਾ, ਪਹਾੜਾਂ ਦੀਆਂ ਕੰਦਰਾਂ।" ਸਰਦਾਰ ਨੇ ਸਭ ਕੁਝ ਕਹਿਕੇ ਡੂੰਘੀ ਨਜ਼ਰ ਨਾਲ ਹਲਮਲੇ ਨੂੰ ਵੇਖਿਆ।

ਉਹ ਹਰ ਇੱਕ ਗੱਲ ਨੂੰ ਚੰਗੀ ਤਰ੍ਹਾਂ ਸਮਝ ਰਿਹਾ ਸੀ ਤੇ ਉਸਦੇ ਦਿਮਾਗ ਵਿੱਚ ਸਭ ਕੁਝ ਆ ਗਿਆ ਸੀ, ਉਹ ਕੁੱਬਾ ਹੋ ਹੋ ਕੇ ਖਿਆਲਾਂ ਵਿੱਚ ਹੀ ਕਿਸਾਨਾਂ ਦੇ ਖੇਤਾਂ ਵਿੱਚ ਦੀ ਲੰਘਦਾ ਜਾ ਰਿਹਾ ਸੀ।

ਸਰਦਾਰ ਨੇ ਪ੍ਰਸ਼ਨ ਕੀਤਾ—"ਜਦ ਰਾਤ ਪਵੇਗੀ ਤਾਂ ਕਿੱਥੇ ਸਵੇਂਗਾ?"

"ਕਿਸੇ ਦਰਖਤ ਦੀ ਖੋੜ ਵਿੱਚ, ਜਾਂ ਕਿਸੇ ਕਿਸਾਨ ਦੇ

ਖਲਵਾੜਿਆਂ ਵਿਚ," ਹਲਮਲੋ ਨੇ ਕਿਹਾ।

"ਸ਼ਾਬਾਸ਼! ਤੂੰ ਦੁਨੀਆਂ ਦਾ ਹਰ ਇੱਕ ਕੰਮ ਕਰ ਸਕਦਾ ਏਂ। ਜਿਸ ਨੂੰ ਬਚਣਾ ਆਉਂਦਾ ਹੈ, ਉਹ ਮਰਦਾ ਨਹੀਂ। ਤੇ ਜੋ ਮਰੇ ਨਾ, ਉਸ ਨੂੰ ਜੀਵਣ ਦਾ ਵਲ ਭੀ ਖ਼ੂਬ ਆਉਂਦਾ ਹੈ। ਹਾਂ, ਇਹ ਦੱਸ, ਇਧਰਲੇ ਜੰਗਲਾਂ ਦੇ ਨਾਮ ਜਾਣਦਾ ਏਂ ?" ਸਰਦਾਰ ਨੇ ਕਿਹਾ।

"ਮੇਰੀ ਜੁਵਾਨੀ ਇਹਨਾਂ ਜੰਗਲਾਂ ਵਿੱਚ ਪਲੀ ਹੈ। ਮੈਂ ਕੇਵਲ ਨਾਮ ਹੀ ਨਹੀਂ ਜਾਣਦਾ, ਸਗੋਂ ਹਰ ਵੱਡੇ ਬ੍ਰਿਛ ਹੇਠ ਮੈਂ ਥੱਕ ਟੁਟਕੇ ਸਾਹ ਲਿਆ ਹੋਇਆ ਹੈ, ਬੜੇ ਸੁਹਣੇ ਜੰਗਲ ਹਨ," ਹਲਮਲੋ ਨੇ ਕਿਹਾ।

"ਸ਼ਾਬਾਸ਼। ਹੁਣ ਇਹ ਦੱਸ, ਦਿਨ ਭਰ ਵਿੱਚ ਕਿਤਨੇ ਮੀਲ ਚਲ ਸਕੇਂਗਾ ?" ਸਰਦਾਰ ਨੇ ਕਿਹਾ।

"ਮੀਲ ? ਮੈਨੂੰ ਮੀਲਾਂ ਦਾ ਹਿਸਾਬ ਨਹੀਂ ਆਉਂਦਾ। ਪਰ ਇੱਕ ਦਿਨ ਅੰਦਰ ਤੀਹ ਪੈਂਤੀ ਪਿੰਡ ਲੰਘ ਸਕਦਾ ਆਂ, ਤੇ ਵਾਧੂ ਲੋੜ ਪਏ ਤਾਂ ਇੰਨੇ ਰਾਤ ਨੂੰ ਵੀ।"

ਸਰਦਾਰ ਸਮਝ ਗਿਆ ਕਿ ਲਗ ਪਗ ਮੀਲ ਮੀਲ ਦੀ ਵਿਥ ਤੇ ਪਿੰਡ ਹੁੰਦੇ ਹਨ ਤੇ ਜਿਹੜਾ ਰਾਹ ਇਸ ਨੂੰ ਮੈਂ ਦੱਸਿਆ ਹੈ; ਉਹ ਸੜਕਾਂ ਨਹੀਂ, ਸਗੋਂ ਖੇਤ, ਨਹਿਰਾਂ, ਦਰਿਆ ਤੇ ਪਹਾੜ ਹਨ। "ਇਹ ਬੜਾ ਪੈਂਡਾ ਹੈ," ਸਰਦਾਰ ਨੇ ਹਲਮਲੋ ਦੇ ਕੰਢੇ ਤੇ ਥਾਪੀ ਦਿਤੀ।

ਹਲਮਲੋ ਦਾ ਤਨ ਮਨ ਖਿੜ ਗਿਆ, ਉਸ ਨੂੰ ਤਖਤ ਮਿਲ ਜਾਣ ਜਿੰਨੀ ਖੁਸ਼ੀ ਹੋਈ।

"ਬਹਾਦਰ ਹਲਮਲੋ, ਕੀ ਤੂੰ ਜਾਨਵਰਾਂ ਦੀ ਬੋਲੀ ਬੋਲ ਸਕਦਾ ਏਂ ?"

"ਕਿਉਂ ਨਹੀਂ, ਮੈਂ ਉੱਲੂ ਵਾਂਗ ਬੋਲ ਸਕਦਾ ਹਾਂ," ਇਹ

ਕਹਿਕੇ ਹਲਮਲੋ ਨੇ ਮੂੰਹ ਫੁਲਾਕੇ ਉੱਲੂ ਵਾਂਗ ਬੋਲਣਾ ਸ਼ੁਰੂ ਕੀਤਾ। ਰੁਕਕੇ ਕਹਿਣ ਲਗਾ, "ਮੈਂ ਕੁੱਤੇ ਵਾਂਗ ਵੀ ਭੌਂਕ ਸਕਦਾ ਹਾਂ," ਤੇ ਉਹ ਕੁੱਤੇ ਵਾਂਗ ਭੌਂਕਣ ਲਗ ਪਿਆ। ਇਸ ਤੋਂ ਪਿਛੋਂ ਅਜੇ ਪਤਾ ਨਹੀਂ ਉਹ ਹੋਰ ਕਿੰਨੀਆਂ ਬੋਲੀਆਂ ਬੋਲਦਾ ਕਿ ਸਰਦਾਰ ਨੇ ਕਿਹਾ: "ਸ਼ਾਬਾਸ਼।"

ਹਲਮਲੋ ਕਹਿਣ ਲੱਗਾ, "ਮੈਂ ਅਜੇਹੀਆਂ ਅਨੇਕਾਂ ਬੋਲੀਆਂ ਬੋਲਕੇ ਪਿੰਡਾਂ ਦੇ ਮੁੰਡੇ ਤੇ ਤੀਵੀਆਂ ਨੂੰ ਡਰਾ ਸਕਦਾ ਹਾਂ।"

"ਤੂੰ ਹਰ ਜੰਗਲ ਵਿਚ ਜਾਕੇ ਉਲੂ ਦੀ ਬੋਲੀ ਬੋਲੀਂ। ਤਿੰਨ ਵਾਰ ਬੋਲ ਕੇ ਚੁਪ ਕਰ ਜਾਵੀਂ; ਫਿਰ ਤਿੰਨ ਵਾਰ ਬੋਲੀਂ। ਮੇਰੇ ਆਦਮੀ ਤੇਰੇ ਪਾਸ ਆਉਣਗੇ, ਉਹਨਾਂ ਨੂੰ ਇਹ ਰੁਮਾਲ ਵਖਾ ਦੇਵੀਂ। ਇਹ ਉਹ ਰੁਮਾਲ ਹੈ, ਜੋ ਮਹਾਰਾਣੀ ਨੇ ਕੈਦ ਵਿੱਚ ਪਿਆਂ ਹੋਇਆਂ ਆਪਣੇ ਖ਼ੂਨ ਨਾਲ ਧਾਗੇ ਰੰਗ ਕੇ ਕਢਿਆ ਹੈ। ਇਸ ਤੇ ਲਿਖਿਆ ਹੋਇਆ ਹੈ, 'ਸੁਤੇ ਹੋ ਤਾਂ ਜਾਗੋ, ਜਾਗੇ ਹੋ ਤਾਂ ਹਥਿਆਰ ਫੜੋ, ਹਥਿਆਰ ਫੜੇ ਹੋਏ ਹੋ ਤਾਂ ਜੰਗ ਕਰੋ, ਊਧਮ ਮਚਾ ਦਿਓ, ਅੰਧੇਰੀ ਵਾਂਗ, ਸਾਰੇ ਫਰਾਂਸ ਤੇ ਫੈਲ ਜਾਓ ਤੇ ਕਿਸੇ ਨੂੰ ਆਸਰਾ ਨ ਦਿਓ।' ਲੈ ਇਹ ਪਵਿਤ੍ਰ ਰਾਜ-ਨਿਸ਼ਾਨ।" ਸਰਦਾਰ ਨੇ ਰੁਮਾਲ ਹਲਮਲੋ ਅਗੇ ਕਰ ਦਿਤਾ।

ਹਲਮਲੋ ਨੇ ਦੋਵੇਂ ਗੋਡੇ ਟੇਕਕੇ ਕੰਬਦੇ ਹਥ ਨਾਲ ਰੁਮਾਲ ਫੜਿਆ ਤੇ ਫਰਕਦੇ ਬੁੱਲਾਂ ਨਾਲ ਤਿੰਨ ਵਾਰ ਚੁਮਿਆ।

ਸਰਦਾਰ ਨੇ ਕਿਹਾ, "ਕੀ ਤੂੰ ਲਾਲ ਕਿਲੇ ਨੂੰ ਜਾਣਦਾ ਏਂ?"

"ਚੰਗੀ ਤਰ੍ਹਾਂ ਹਜ਼ੂਰ, ਮੇਰੇ ਬਾਪ ਦੀ ਉਸੇ ਕਿਲੇ ਵਿਚ ਨੌਕਰੀ ਸੀ ਤੇ ਨਾਲੇ ਉਹ ਕਿਲਾ ਮੇਰੇ ਮਾਲਕ ਦਾ ਹੈ।" ਉਸ ਨੇ ਸਿਰ ਝੁਕਾਕੇ ਸਲਾਮ ਕੀਤੀ, ਜਿਵੇਂ ਉਸਦਾ ਮਾਲਕ ਸਾਹਮਣੇ ਖਲੋਤਾ ਹੋਵੇ। ਰੁਕਕੇ ਬੋਲਿਆ, "ਉਸ ਦਾ ਇੱਕ ਜਹਾਜ ਜੇਡਾ ਲੋਹੇ ਦਾ ਦਰਵਾਜ਼ਾ ਹੈ, ਜਿਸ ਨਾਲ ਨਵਾਂ ਤੇ ਪੁਰਾਣਾ ਹਿੱਸਾ ਵਖ ਹੋ ਜਾਂਦਾ

ਹੈ। ਹਜ਼ੂਰ ਉਹ ਕਿੱਲਾ ਬਹੁਤ ਵੱਡਾ ਹੈ, ਮੇਰੇ ਮਾਲਕ ਜੇਡਾ। ਕਿਲੇ ਦੇ ਬਾਹਰਲੇ ਪਾਸੇ ਨਾਲ ਨਾਲ ਇਕ ਡੂੰਘੀ ਖਾਈ ਹੈ। ਉਸ ਵਿੱਚ ਪਾਣੀ ਭਰਿਆ ਰਹਿੰਦਾ ਹੈ। ਪਾਣੀ ਵਿੱਚ ਬੜੇ ਡੱਡੂ ਹਨ। ਨਿੱਕਾ ਹੁੰਦਾ ਮੈਂ ਉਹਨਾਂ ਨੂੰ ਢੀਮਾਂ ਮਾਰ ਮਾਰ ਕੇ ਤੰਗ ਕਰਿਆ ਕਰਦਾ ਸਾਂ। ਜਿਸ ਪਾਸੇ ਵੀ ਮੈਂ ਇੱਟੇ ਲੇ ਕੇ ਦੌੜਦਾ ਸਾਂ, ਸੈਂਕੜੇ ਡੱਡੂ ਛਾਲਾਂ ਮਾਰ ਮਾਰ ਕੇ ਪਾਣੀ ਵਿੱਚ ਜਾ ਲੁਕਦੇ ਸਨ; ਉਹ ਮੇਰੇ ਅੱਗੇ ਠਹਿਰ ਹੀ ਨਹੀਂ ਸੀ ਸਕਦੇ।"

"ਸ਼ਾਬਾਸ਼ ! ਤੂੰ ਬੜਾ ਬਹਾਦਰ ਏਂ, ਤੇ ਕਿਲੇ ਨੂੰ ਚੰਗੀ ਤਰ੍ਹਾਂ ਜਾਣਦਾ ਏਂ। ਡੱਡੂ ਕੀ, ਤੇਰੇ ਅਗੇ ਮੱਛਰ ਵੀ ਦੌੜ ਸਕਦੇ ਹਨ," ਹਸਦਿਆਂ ਸਰਦਾਰ ਨੇ ਕਿਹਾ।

"ਹਜ਼ੂਰ, ਜਿੰਨੀਆਂ ਕਿਲੇ ਸੰਬੰਧੀ ਗੱਲਾਂ ਦਾ ਮੈਨੂੰ ਪਤਾ ਹੈ, ਉੱਨੀਆਂ ਮੇਰੇ ਮਾਲਕ ਨੂੰ ਵੀ ਨਹੀਂ ਮਾਲੂਮ। ਇੱਕ ਉਸਦੇ ਵਿੱਚ ਗੁਪਤ ਸੁਰੰਗ ਹੈ, ਜੋ ਜੰਗਲ ਵਲ ਨੂੰ ਨਿਕਲ ਜਾਂਦੀ ਹੈ। ਉਸ ਨੂੰ ਇੱਕ ਗੋਲ ਪੱਥਰ ਨਾਲ ਬੰਦ ਕੀਤਾ ਹੋਇਆ ਹੈ।" ਉਸ ਪੱਥਰ ਦੇ ਇੱਕ ਰੋਬੜੇ ਨੂੰ ਦਬਾਇਆਂ, ਪਥਰ ਘੁੰਮ ਜਾਂਦਾ ਹੈ ਤੇ ਰਸਤਾ ਦਿਸ ਪੈਂਦਾ ਹੈ।

ਸਰਦਾਰ ਹਸ ਪਿਆ ਤੇ ਬੋਲਿਆ, "ਮੈਂ ਸੁਣਿਆਂ ਹੈ, ਉਹ ਪਥਰ ਬੜੇ ਬੜੇ ਸੁਹਣੇ ਗੀਤ ਗੌਂਦਾ ਹੈ; ਤੇ ਜਦੋਂ ਗੀਤ ਗੌਂਦਾ ਗੌਂਦਾ ਥੱਕ ਜਾਂਦਾ ਹੈ, ਫਿਰ ਬਾਹਰਲੀ ਖਾਈ ਵਿਚੋਂ ਪਾਣੀ ਪੀਣ ਆਉਂਦਾ ਹੈ; ਤੇ ਕਦੀ ਕਦੀ ਡੱਡੂਆਂ ਨੂੰ ਇੱਟਾਂ ਮਾਰਕੇ ਪਾਣੀ ਵਿਚ ਛਾਲਾਂ ਲਾਉਣ ਲਈ ਮਜਬੂਰ ਕਰ ਦੇਂਦਾ ਹੈ। ਕੀ ਇਹ ਠੀਕ ਏ ?"

"ਹਜ਼ੂਰ ! ਤੁਸੀਂ ਤਾਂ ਮਖੌਲ ਕਰਦੇ ਹੋ। ਪਰ ਮੈਂ ਤੁਹਾਨੂੰ ਸਚ ਦੱਸਦਾ ਹਾਂ ਤੇ ਅੱਖੀਂ ਵੇਖੀ ਗਲ ਕਰਦਾ ਹਾਂ। ਇਸ ਸੁਰੰਗ ਦਾ ਕੇਵਲ ਮੇਰੇ ਪਿਤਾ ਨੂੰ ਹੀ ਪਤਾ ਸੀ ਤੇ ਉਸਨੇ ਮੈਨੂੰ ਆਪ ਸਭ

ਕੁਝ ਵਿਖਾਇਆ ਸੀ। ਉਹ ਬਣਾਈ ਏਸੇ ਲਈ ਗਈ ਸੀ ਕਿ ਜੇ ਕਦੀ ਕਿਲਾ ਘਿਰ ਜਾਵੇ, ਤਾਂ ਕਿਲੇ ਵਾਲੇ ਆਦਮੀ ਜੰਗਲ ਵਿਚ ਨਿਕਲ ਜਾਣ; ਜਾਂ ਲੋੜ ਪੈਣ ਤੇ ਜੰਗਲ ਰਾਹੀਂ ਆਦਮੀ ਹੋਰ ਕਿਲੇ ਵਿਚ ਪਹੁੰਚਾਏ ਜਾਣ, ਮੈਨੂੰ ਚੰਗੀ ਤਰ੍ਹਾਂ ਨਕਸ਼ਾ ਯਾਦ ਹੈ ਤੇ ਮੈਂ ਹੁਣ ਵੀ ਕਿਲੇ ਅੰਦਰ ਜਾ ਸਕਦਾ ਹਾਂ।''

''ਹੁਣ ਖੈਹੜਾ ਛੱਡ ਸੁਰੰਗ ਦਾ ਤੇ ਕੰਮ ਦੀ ਗਲ ਸੁਣ। ਇਹ ਲੈ ਬਟੂਆ, ਇਸ ਵਿਚ ਤੀਹ ਹਜ਼ਾਰ ਪੌਂਡ ਦੇ ਨੋਟ ਹਨ, ਪਰ ਇਹ ਅਸਲੀ ਨਹੀਂ ਤੇ ਇੱਨ੍ਹੂੰ ਰਾਜੇ ਤੋਂ ਬਿਨਾਂ ਕੋਈ ਬਜ਼ਾਰ ਵਿਚ ਚਲਾ ਵੀ ਨਹੀਂ ਸਕਦਾ। ਇਹ ਲੈ ਹੋਰ ਥੈਲੀ, ਇਸ ਵਿਚ ਮੋਹਰਾਂ ਹਨ, ਜਿਨ੍ਹਾਂ ਨੂੰ ਰਾਜਾ ਆਪਣੇ ਹੁਕਮਾਂ ਹੇਠ ਲਾਕੇ ਪਰਜਾ ਨੂੰ ਭੇਜਦਾ ਹੈ। ਭਾਵੇਂ ਤੇਰਾ ਪਰੀ–ਕਹਾਣੀਆਂ ਤੇ ਯਕੀਨ ਹੈ, ਜਿਵੇਂ ਕਿ ਪੇਂਡੂ ਕਿਸਾਨਾਂ ਦਾ ਹੁੰਦਾ ਹੈ, ਫਿਰ ਵੀ ਤੂੰ ਬੜਾ ਹੁਸ਼ਿਆਰ ਏਂ। ਜਿਵੇਂ ਤੂੰ ਸਮੁੰਦਰ ਵਿਚੋਂ ਲਹਿਰਾਂ ਤੋਂ ਕਿਸ਼ਤੀ ਬਚਾਕੇ ਕੰਢੇ ਲਾਈ ਸੀ, ਇਹ ਰਾਜੇ ਦੀ ਦੂਜੀ ਕਿਸ਼ਤੀ ਹੈ ਤੇ ਇਹ ਵੀ ਤੂੰਹੀਏਂ ਬੰਨ੍ਹੇ ਲਾਉਣੀ ਹੈ। ਮੈਨੂੰ ਯਕੀਨ ਹੈ ਤੂੰ ਕਾਮਯਾਬ ਹੋਵੇਂਗਾ। ਮਿਲਨ ਵਾਲੇ ਹਰ ਇਕ ਨੂੰ ਕਹਿਣਾ ਕਿ ਇਕ ਮਹੀਨੇ ਦੇ ਅੰਦਰ ਅੰਦਰ ਪੰਜ ਲੱਖ ਬਹਾਦਰ ਇਕੱਠੇ ਹੋਣ। ਮੈਂ ਮੈਦਾਨ ਵਿਚ ਆਪਣੇ ਜੁਵਾਨਾਂ ਨੂੰ ਲੈ ਜਾਕੇ, ਮੌਤ ਦੇ ਮੂੰਹ ਨਹੀਂ ਪੌਣਾ। ਮੈਂ ਸਾਰੇ ਸਿਪਾਹੀ ਜੰਗਲਾਂ ਵਿਚ ਰੱਖਾਂਗਾ ਤੇ ਛਾਪੇ ਮਾਰ ਮਾਰ ਕੇ ਲੋਕ ਰਾਜ ਵਾਲਿਆਂ ਦੀ ਹੋਸ਼ ਟਿਕਾਣੇ ਲੈ ਆਵਾਂਗਾ, ਤੂੰ ਬਚਕੇ ਜਾਵੀਂ, ਅਜ ਕਲ ਪੈਰ ਪੈਰ ਤੇ ਖਤਰਾ ਹੈ।''

''ਹਜ਼ੂਰ ! ਮੈਂ ਅਜ ਤਕ ਖਤਰਾ ਕਦੀ ਵੇਖਿਆ ਹੀ ਨਹੀਂ। ਲੋਕ ਕਹਿੰਦੇ ਹਨ, ਕੋਈ ਇਸ ਨਾਮ ਦੀ ਚੀਜ਼ ਹੁੰਦੀ ਹੈ, ਪਰ ਮੈਨੂੰ ਯਕੀਨ ਨਹੀਂ ਆਉਂਦਾ, ਜਿਵੇਂ ਸੁਰੰਗ ਦਾ ਤੁਹਾਨੂੰ। ਮੈਂ ਇੱਕ ਗਲ ਜਾਣਦਾ ਹਾਂ।ਜੇ ਕੋਈ ਜਰਾ ਕੁ ਵਿੰਗਾ ਟੇਡਾ ਹੋਵੇ ਤਾਂ ਬੰਨ੍ਹੇ ਲਾ ਦਿਓ।''

"ਸ਼ਾਬਾਸ਼ੇ ' ਹਲਮਲੋ ! ਜਾਹ, ਰਬ ਤੈਨੂੰ ਕਾਮਯਾਬ ਕਰੇ।"

ਪੰਜ ਦਸ ਤਿੱਖੇ ਕਦਮ ਪੁਟਕੇ ਹਲਮਲੋ ਫਿਰ ਪਿਛੇ ਮੁੜਕੇ ਆਇਆ ਤੇ ਕਹਿਣ ਲੱਗਾ, "ਸ੍ਰੀ ਮਾਨ ਜੀ, ਜੇ ਕਿਸੇ ਆਦਮੀ ਨੇ ਤੁਹਾਡਾ ਨਾਮ ਪੁਛਿਆ ?"

ਸਰਦਾਰ ਹਸ ਪਿਆ ਤੇ ਦਿਲ ਵਿੱਚ ਕਹਿਣ ਲੱਗਾ, "ਕਿਤਨਾ ਭੋਲਾ ਪੇਂਡੂ ਹੈ, ਇੱਨੀਆਂ ਗਲਾਂ ਸੁਣਕੇ ਵੀ ਸਮਝ ਨਹੀਂ ਸਕਿਆ, ਜੋ ਮੈਂ ਇਸਦਾ ਮਾਲਕ ਹਾਂ। ਰੁਕ ਕੇ ਬੋਲਿਆ, "ਕਿਸੇ ਨੂੰ ਨਾਮ ਦਸਣ ਦੀ ਲੋੜ ਨਹੀਂ। ਏਸੇ ਸਾਤੇ, ਹਰ ਸ਼ਹਿਰ, ਹਰ ਪਿੰਡ ਤੇ ਹਰ ਪਰੇ ਵਿਚ ਮੇਰੇ ਸੰਬੰਧੀ ਚਰਚਾ ਛਿੜ ਜਾਵੇਗੀ। ਤੂੰ ਕਈ ਵਾਰ ਨਾਮ ਸੁਣੇਗਾ ਤੇ ਹੈਰਾਨ ਹੋਵੇਂਗਾ। ਹੁਣ ਦੌੜ ਜਾ, ਪੈਂਡਾ ਖੋਟਾ ਨਾ ਕਰ।"

"ਸ੍ਰੀ ਮਾਨ ਜੀ, ਜੇ ਮੈਂ ਕਾਮਯਾਬ ਹੋਇਆ ਤਾਂ ਤੁਸੀਂ ਮੈਨੂੰ........."

ਗਲ ਟੋਕ ਕੇ ਸਰਦਾਰ ਨੇ ਕਿਹਾ, "ਵਿਕਟੋਰੀਆ ਕਰਾਸ।"

"ਤੇ ਜੇ ਮੈਂ ਸਫਲ ਨਾ ਹੋ ਸਕਿਆ, ਫਿਰ ?"......

"ਤੇਰੇ ਭਰਾ ਵਾਂਗ ਗੋਲੀ ਦਾ ਨਿਸ਼ਾਨਾ।"

ਸੂਰਜ ਦੀਆਂ ਅਖੀਰੀ ਕਿਰਨਾਂ ਦੋਨਾਂ ਦੇ ਮੂੰਹ ਤੇ ਪੈ ਰਹੀਆਂ ਸਨ। ਦੋਵੇਂ ਆਪੋ ਆਪਣੇ ਰਾਹੀਂ ਪੈ ਗਏ ਤੇ ਸੂਰਜ ਆਪਣੇ ਰਾਹ।

# ਭਿਖਾਰੀ

ਸਾਗਰ ਦੇ ਕੰਢੇ ਤੋਂ ਦੂਰ ਇਕ ਉਚਾ ਟਿੱਲਾ ਸੀ। ਬੁੱਢਾ ਸਰਦਾਰ ਪੌੜੀ ਵਾਂਗ ਉਸ ਤੇ ਚੜ੍ਹ ਗਿਆ। ਟਿੱਲੇ ਦੇ ਉਤੇ ਇਕ ਪੱਥਰ ਦਾ ਥੱਮ ਸੀ। ਸਰਦਾਰ ਨੇ ਉਸ ਤੇ ਢੋਅ ਲਾਕੇ ਚਾਰ ਚੁਫੇਰੇ ਨਜ਼ਰ ਦੌੜਾਈ ਤੇ ਬਾਰਾਂ ਤੇਰਾਂ ਪਿੰਡ ਗਿਣ ਦਿਤੇ। ਬੁਢਾ ਜੰਗ ਦੇ ਖਿਆਲ ਨਾਲ ਇਸ ਮੈਦਾਨ ਨੂੰ ਵੇਖ ਰਿਹਾ ਸੀ। ਉਸ ਦੇ ਮੂੰਹੋਂ ਉਚੀ ਸਾਰੀ ਨਿਕਲ ਗਿਆ "ਸੂਰਜ ਕੇਵਲ ਉਨ੍ਹਾਂ ਵਾਸਤੇ ਛਿਪਦਾ ਹੈ, ਜਿਹੜੇ ਨੀਵੀਂ ਥਾਈਂ ਲੇਟੇ ਹੋਣ; ਜਿਹੜੇ ਹੌਂਸਲਾ ਕਰਕੇ ਟਿੱਲੇ ਤੇ ਚੜ੍ਹ ਜਾਣ, ਉਨ੍ਹਾਂ ਨੂੰ ਛਿਪੇ ਸੂਰਜ ਦੀਆਂ ਕਿਰਨਾਂ ਇਕ ਵਾਰ ਫਿਰ ਦਿਸ ਪੈਂਦੀਆਂ ਹਨ।"

ਸਰਦਾਰ ਦੀਆਂ ਅਖਾਂ ਵਿਚ ਹੁਣ ਆਸ਼ਾ ਸੀ। ਉਸ ਨੂੰ ਇਸ ਤਰ੍ਹਾਂ ਪ੍ਰਤੀਤ ਹੁੰਦਾ ਸੀ, ਮੇਰਾ ਚਾਰ ਚੁਫੇਰੇ ਰਾਜ ਹੈ, ਉਹ ਸੋਚਣ ਲਗਾ, ਮੈਂ ਫਰਾਂਸ ਦੀ ਧਰਤੀ ਤੇ ਪਹੁੰਚ ਗਿਆ, ਪਰ ਕਿਸੇ ਨੂੰ ਪਤਾ ਤੱਕ ਨਹੀਂ। ਸਭ ਸਮਝਦੇ ਹੋਣਗੇ ਕਿ ਮੈਂ ਜਹਾਜ਼ ਦੇ ਨਾਲ ਹੀ ਸਮੁੰਦਰ ਦੀਆਂ ਹੇਠਲੀਆਂ ਤੈਹਾਂ ਵਿਚ ਜਾ ਸੁਤਾ ਹੋਵਾਂਗਾ, ਮੇਰੇ ਤੇ ਕਿਸੇ ਨੂੰ ਜ਼ਰਾ ਭੀ ਸ਼ਕ ਨਹੀਂ ਹੋਵੇਗਾ। ਫਿਰ ਉਸ ਨੂੰ ਕਪਤਾਨ ਯਾਦ ਆਇਆ; ਉਸ ਦੀਆਂ ਅੱਖਾਂ ਵਿਚ ਹੰਝੂ ਆ ਗਏ, ਉਸ ਤੋਂ ਪਿਛੋਂ ਗੋਲੰਦਾਜ਼ ਦੀ ਛਾਤੀ ਤੇ ਵਿਕਟੋਰੀਆ ਕਰਾਸ ਚਮਕਦਾ ਦਿਸਿਆ ਤੇ ਫਿਰ ਉਸ ਦੀ ਲੋਥ ਸਾਗਰ ਵਿਚ

ਡਿਗਦੀ ਦੀ ਅਵਾਜ਼। ਉਹ ਤ੍ਰਬ੍ਰਕ ਪਿਆ ਤੇ ਮੂੰਹ ਵਿਚ ਬੁੜ ਬੁੜਾਉਣ ਲਗ ਪਿਆ, "ਮੈਂ ਕੀ ਨਿਕੰਮੀਆਂ ਚੀਜ਼ਾਂ ਸੋਚਦਾ ਹਾਂ; ਇਕ ਰਾਜ ਨੂੰ ਬਦਲਨ ਵੇਲੇ ਕੀ ਕੁਝ ਨਹੀਂ ਹੁੰਦਾ ? ਸਰਦਾਰ ਨੇ ਇਸ ਪਰਦੇ ਨੂੰ ਬੰਦ ਕਰਕੇ ਫਿਰ ਨਵੀਂ ਸ੍ਰਿਸ਼ਟੀ ਰਚਣੀ ਸ਼ੁਰੂ ਕਰ ਦਿਤੀ, ਥੋੜੇ ਦਿਨਾਂ ਨੂੰ ਮੇਰੀ ਜੈ ਦੇ ਨਾਹਰੇ ਲਗਣਗੇ।"

ਉਸ ਨੂੰ ਸਰੂਰ ਜੇਹਾ ਆ ਗਿਆ; ਉਸ ਦੀ ਚੰਚਲ ਨਜ਼ਰ ਸਮੁੰਦਰ ਦੇ ਕੰਢੇ ਨਾਲ ਪਾਲ ਦੀ ਪਾਲ ਬਣਾਈਆਂ ਹੋਈਆਂ ਘੰਟਾ ਘਰਾਂ ਦੀਆਂ ਚੋਟੀਆਂ ਤੇ ਪਈ; ਉਨ੍ਹਾਂ ਵਿਚੋਂ ਕਦੀ ਚਾਨਣਾ ਔਂਦਾ ਤੇ ਕਦੀ ਬੰਦ ਹੋ ਜਾਂਦਾ, ਉਸ ਨੇ ਹਰ ਇਕ ਘੰਟਾ ਘਰ ਵਲ ਵੇਖਿਆ, ਸਾਰਿਆਂ ਤੇ ਏਸੇ ਤਰ੍ਹਾਂ ਹੋ ਰਿਹਾ ਸੀ, ਪਰ ਉਹ ਕੁਝ ਨ ਸਮਝਿਆ।

ਉਸ ਤੋਂ ਪਿਛੋਂ ਉਸਨੇ ਇਕ ਪਿੰਡ ਉਤੇ ਚਿਟੀ ਜੇਹੀ ਚੀਜ਼ ਹਵਾ ਦੇ ਜ਼ੋਰ ਕਰਕੇ ਹਿਲਦੀ ਵੇਖੀ, ਪਰ ਉਹ ਉਸ ਨੂੰ ਭੀ ਸਮਝ ਨ ਸਕਿਆ। ਹਵਾ ਜ਼ੋਰ ਦੀ ਵਗ ਰਹੀ ਸੀ। ਥਕਾਵਟ ਤੇ ਖੁਸ਼ੀ ਕਰਕੇ ਸਰਦਾਰ ਨੀਂਦਰ ਦੇ ਬਿਸਤਰੇ ਵਲ ਕਦਮ ਪੁਟ ਰਿਹਾ ਸੀ, ਕਿ ਖੜ ਖੜ ਦੀ ਅਵਾਜ਼ ਨੇ ਉਸ ਨੂੰ ਚੁਸਤ ਕਰ ਦਿਤਾ। ਉਸ ਨੇ ਅਖਾਂ ਮਲੀਆਂ ਤੇ ਇਧਰ ਉਧਰ ਵੇਖਣ ਲਗਾ। ਉਸ ਨੇ ਵੇਖਿਆ ਕਿ ਢੋਅ ਵਾਲੇ ਥੰਮ ਨਾਲ ਇਕ ਕਾਗਜ਼ ਅਧਾ ਜੁੜਿਆ ਹੋਇਆ ਹੈ ਤੇ ਅਧਾ ਹਵਾ ਦੇ ਵਗਣ ਨਾਲ ਲਹਿ ਗਿਆ, ਤੇ ਉਹ ਪੰਛੀ ਦੇ ਖੰਭਾਂ ਵਾਂਗ ਫੜ ਫੜਾ ਰਿਹਾ ਹੈ।

ਸਰਦਾਰ ਉਠਿਆ ਤੇ ਬੜੀ ਔਖਿਆਈ ਨਾਲ ਮੋਟੇ ਮੋਟੇ ਅਖਰਾਂ ਨੂੰ ਪੜ੍ਹਿਆ:—

ਲੋਕ-ਰਾਜ ਵਾਲਿਆਂ ਦੀ ਆਗਿਆ ਨਾਲ—ਜੋ ਪਰਜਾ ਦੀ ਆਪਣੀ ਸਰਕਾਰ ਹੈ—ਅਸੀਂ ਪ੍ਰਗਟ ਕਰਦੇ ਹਾਂ ਕਿ ਬਰਤਾਨੀਆਂ ਦਾ ਰਾਜ ਕੁਮਾਰ ਅਤੇ ਆਪਣੇ ਆਪ ਨੂੰ

ਲਾਟੈਨਕ ਨਾਮ ਨਾਲ ਸਦਵਾਉਣ ਵਾਲਾ ਆਦਮੀ, ਚੁਪ ਚਾਪ ਸਮੁੰਦਰ ਦੇ ਕੰਢੇ ਤੇ ਉਤਰ ਆਇਆ ਹੈ। ਇਹ ਦੁਬਾਰਾ ਖ਼ੂਨ ਦੀਆਂ ਨਦੀਆਂ ਵਗਾਏਗਾ, ਬਚੇ ਯਤੀਮ ਕਰੇਗਾ ਤੇ ਗਰੀਬਾਂ ਨੂੰ—ਜੋ ਬੜੀ ਔਖਿਆਈ ਨਾਲ ਸਿਰਾਂ ਤੋਂ ਗੁਲਾਮੀ ਦਾ ਭਾਰ ਲਾਹ ਕੇ ਸੁਟ ਚੁਕੇ ਹਨ—ਦੁਬਾਰਾ ਗੁਲਾਮ ਬਣਾਏਗਾ। ਜਿਹੜਾ ਉਸ ਨੂੰ ਜੀਉਂਦਾ ਜਾਂ ਮੁਰਦਾ ਫੜਕੇ ਲੋਕ-ਰਾਜ ਵਾਲਿਆਂ ਦੇ ਹਵਾਲੇ ਕਰੇਗਾ, ਉਸ ਨੂੰ ਸਠ ਹਜ਼ਾਰ ਰੁਪਯਾ ਇਨਾਮ ਦਿਤਾ ਜਾਵੇਗਾ। ਉਸ ਨੂੰ ਪਕੜਨ ਲਈ ਛੇਤੀ ਤੋਂ ਛੇਤੀ ਫੌਜਾਂ ਸਮੁੰਦਰ ਦੇ ਕਨਾਰੇ ਪਹੁੰਚ ਰਹੀਆਂ ਹਨ। ਪਿੰਡਾਂ ਵਾਲਿਆਂ ਨੂੰ ਚਾਹੀਦਾ ਹੈ ਕਿ ਉਹ ਮਦਦ ਦੇਣ।

ਦਸਤਖਤ—ਲੋਕ ਰਾਜ ਦਾ ਪ੍ਰਧਾਨ

ਇਸ ਤੋਂ ਹੇਠਾਂ ਹੋਰ ਕੁਝ ਲਿਖਿਆ ਹੋਇਆ ਸੀ, ਪਰ ਨਿਕੇ ਅਖਰ ਹੋਣ ਕਰਕੇ ਸਰਦਾਰ ਪੜ੍ਹ ਨਾ ਸਕਿਆ। ਹੁਣ ਉਸ ਨੂੰ ਸਮਝ ਪਈ ਕਿ ਘੰਟੇ ਘਰਾਂ ਵਿਚੋਂ ਜਿਹੜੀ ਰੌਸ਼ਨੀ ਆਉਂਦੀ ਸੀ ਉਹ ਘੰਟੇ ਵਜਣ ਕਰਕੇ ਸੀ। ਸਰਦਾਰ ਨੂੰ ਇਸ ਤਰ੍ਹਾਂ ਮਲੂਮ ਹੁੰਦਾ ਸੀ ਕਿ ਜਿਹੜੀ ਸਾਂ ਸਾਂ ਕਰਕੇ ਹਵਾ ਚਲਦੀ ਹੈ, ਇਹ ਵੀ ਮੇਰੀ ਜਾਨ ਦੇ ਵੈਰੀਆਂ ਨੂੰ ਜਾਕੇ ਮੇਰਾ ਪਤਾ ਦਸ ਰਹੀ ਹੈ। ਸਰਦਾਰ ਰੇਤ ਦੇ ਟਿਲੇ ਤੇ ਬੈਠਾ ਹੋਇਆ ਸੀ, ਉਥੇ ਉਸ ਨੇ ਮਹੱਲ ਬਣਾਏ ਤੇ ਅਖੀਰੀ ਸਭ ਢਹਿ ਗਏ।

ਚੰਦ ਚੜ੍ਹ ਪਿਆ। ਸਰਦਾਰ ਨੂੰ ਇਸ ਤਰ੍ਹਾਂ ਜਾਪਿਆ, ਇਹ ਚਾਨਣ ਕੇਵਲ ਇਸ ਕਰਕੇ ਕਰ ਰਿਹਾ ਹੈ ਕਿ ਮੈਨੂੰ ਲੋਕ ਦੂਰੋਂ ਵੇਖਕੇ ਗੋਲੀ ਦਾ ਨਿਸ਼ਾਨਾ ਬਣਾ ਸਕਣ।

ਉਸ ਦੇ ਚਾਰ ਚੁਫੇਰੇ ਮੌਤ ਹੀ ਮੌਤ ਸੀ, ਬ੍ਰਿਛ ਬੂਟੇ ਜਦ ਝੂਲਦੇ ਝੂਲਦੇ ਇਕ ਦੂਜੇ ਨਾਲ ਮਿਲਦੇ, ਸਰਦਾਰ ਨੂੰ ਪ੍ਰਤੀਤ ਹੁੰਦਾ

ਸੀ, ਇਹ ਸਭ ਮੇਰੇ ਮਾਰਨ ਲਈ ਗੋਂਦਾਂ ਗੁੰਦ ਰਹੇ ਹਨ।

ਸਰਦਾਰ ਇਕ ਲਾਗਲੇ ਪਿੰਡ ਨੂੰ ਜਾ ਰਹੀ ਪਗਡੰਡੀ ਤੇ ਤੁਰ ਪਿਆ। ਜਿਉਂ ਜਿਉਂ ਰਾਤ ਪੈ ਰਹੀ ਸੀ, ਚੰਦ ਦਾ ਚਾਨਣਾ ਵਧੇਰੇ ਹੋ ਰਿਹਾ ਜਾਪਦਾ ਸੀ। ਚਲਦਿਆਂ ਚਲਦਿਆਂ ਉਹ ਸੜਕ ਤੇ ਜਾ ਚੜ੍ਹਿਆ। ਹੋਰ ਅਗੇ ਜਾਣ ਤੇ ਉਸ ਨੇ ਵੇਖਿਆ ਕਿ ਉਸ ਸੜਕ ਵਿਚੋਂ ਦੋ ਸੜਕਾਂ ਫੱਟਦੀਆਂ ਹਨ। ਇਕ ਮਿੰਟ ਉਹ ਰੁਕ ਗਿਆ ਤੇ ਝਟ ਫੌਜੀਆਂ ਵਾਂਗ ਫੈਸਲਾ ਕਰਕੇ ਇਕ ਪਾਸੇ ਨੂੰ ਲੰਮੀਆਂ ਲੰਮੀਆਂ ਉਲਾਂਘਾਂ ਪੁੱਟਦਾ ਤੁਰ ਪਿਆ। ਸੜਕ ਦੇ ਖਬੇ ਪਾਸੇ ਪਥਰ ਦੇ ਖੰਭੇ ਨਾਲ ਉਸ ਨੇ ਇਕ ਚਿਟੀ ਚੀਜ਼ ਵੇਖੀ ਤੇ ਕੰਬ ਗਿਆ। ਇਹ ਵੀ ਇਕ ਇਸ਼ਤਿਹਾਰ ਸੀ, ਪਰ ਉਸਨੇ ਲਾਗੇ ਹੋਕੇ ਪੜ੍ਹਨ ਦਾ ਉਕਾ ਯਤਨ ਨ ਕੀਤਾ। ਪਿਛੋਂ ਇਕ ਜ਼ੋਰ ਦੀ ਅਵਾਜ਼ ਆਈ।

"ਕਿਥੇ ਜਾ ਰਹੇ ਹੋ?"

ਸਰਦਾਰ ਨੇ ਆਪਣਾ ਆਪ ਸੰਭਾਲਿਆ ਤੇ ਬੋਲਿਆ, "ਪਹਿਲੇ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਮੈਂ ਐਸ ਵੇਲੇ ਕਿਥੇ ਹਾਂ?"

"ਤੁਸੀਂ ਐਸ ਵੇਲੇ ਫਰਾਂਸ ਦੀ ਭਿਆਨਕ ਧਰਤੀ ਤੇ ਹੋ।"

"ਮੈਨੂੰ ਕਦੀ ਭਿਆਨਕ ਧਰਤੀਆਂ ਤੋਂ ਡਰ ਨਹੀਂ ਲਗਦਾ ਪਰ ਮੈਂ ਇਹ ਪੁਛਦਾ ਹਾਂ ਕਿ ਮੈਂ ਕੇਹੜੀ ਥਾਂ ਤੇ ਹਾਂ?"

ਝਾੜੀਆਂ ਵਿਚੋਂ ਇਕ ਪਾਟਿਆਂ ਕਪੜਿਆਂ ਵਾਲਾ ਆਦਮੀ ਅਗੇ ਆਇਆ। ਉਹ ਵੀ ਠੀਕ ਸਰਦਾਰ ਵਾਂਗ ਉਚਾ ਲੰਮਾ ਸੀ। ਕਪੜੇ ਫਟੇ ਹੋਏ, ਚਿਟੇ ਵਾਲ ਤੇ ਉਸ ਦੇ ਹਥ ਵਿਚ ਇਕ ਖੂੰਡੀ ਸੀ, ਖੂੰਡੀ ਟੇਕਦਾ ਟੇਕਦਾ ਲਾਗੇ ਆਕੇ ਕਹਿਣ ਲਗਾ, "ਤੁਸੀਂ ਟਾਨਕ ਪਿੰਡ ਦੇ ਲਾਗੇ ਹੋ, ਜਿਸ ਪਿੰਡ ਦੇ ਤੁਸੀਂ ਮਾਲਕ ਹੋ ਤੇ ਜਿਸ ਪਿੰਡ ਦਾ ਮੈਂ ਪੰਜਾਹ ਸਾਲ ਤੋਂ ਮੰਗਤਾ ਹਾਂ।"

ਸਰਦਾਰ ਨੇ ਡੂੰਘੀ ਨਜ਼ਰ ਨਾਲ ਭਿਖਾਰੀ ਨੂੰ ਵੇਖਿਆ ਤੇ ਬੋਲਿਆ, "ਮੈਂ, ਅਤੇ ਮਾਲਕ ?"

"ਹਾਂ, ਹਾਂ, ਤੁਸੀਂ ਅਤੇ ਸਤਾਂ ਜੰਗਲਾਂ ਦੇ ਮਾਲਕ" ਭਿਖਾਰੀ ਨੇ ਜ਼ੋਰ ਨਾਲ ਕਿਹਾ।

"ਇਸ ਦਾ ਸਬੂਤ ?" ਸਰਦਾਰ ਨੇ ਕਿਹਾ।

"ਇਸ ਦੇ ਸਬੂਤ ਕਈ ਹਨ, ਪਹਿਲਾ ਮੇਰੀਆਂ ਨ ਭੁਲਣ ਵਾਲੀਆਂ ਅਖਾਂ, ਦੂਜਾ ਕੁਦਰਤ ਦਾ ਇਕ ਆਦਮੀ ਵਰਗਾ ਦੂਜੇ ਨੂੰ ਬਨਾਉਣਾ। ਤੀਜਾ ਤੁਹਾਡੇ ਮਥੇ ਦੀ ਜੋਤੀ, ਚੌਥਾ ਤੁਹਾਡਾ ਨਾਮ ਲੈਂਟੇਨਕ ਹੋਣਾ।"

"ਠੀਕ ਹੈ, ਤੈਨੂੰ ਇਹ ਸਾਰੇ ਸਬੂਤ ਸਾਂਭ ਕੇ ਰਖਣ ਦਾ ਬਹੁਤ ਲਾਭ ਹੋਵੇਗਾ, ਮੈਨੂੰ ਪਕੜ ਲੈ ਅਤੇ 'ਲੋਕ-ਰਾਜ' ਦੀ ਸਰਕਾਰ ਕੋਲੋਂ ਇਨਾਮ ਪਾ" ਸਰਦਾਰ ਨੇ ਕਿਹਾ।

ਸਰਦਾਰ ਦੀ ਗੱਲ ਅਣਸੁਣੀ ਕਰਕੇ ਭਿਖਾਰੀ ਨੇ ਕਿਹਾ, "ਆਪ ਟਾਂਨਕ ਪਿੰਡ ਵਲ ਨੂੰ ਜਾ ਰਹੇ ਸੀ।"

"ਹਾਂ।"

"ਉਥੇ ਨ ਜਾਣਾ।"

"ਕਿਉਂ ?"

"ਉਥੇ ਲੋਕ ਰਾਜ ਵਾਲੇ ਆ ਗਏ ਹਨ।"

"ਕਦ ਤੋਂ ?"

"ਤਿੰਨ ਦਿਨ ਤੋਂ।"

"ਪਿੰਡ ਵਾਲਿਆਂ ਨੇ ਚੰਗੀ ਤਰ੍ਹਾਂ ਮੁਕਾਬਲਾ ਕੀਤਾ ਹੋਵੇਗਾ?"

"ਜੀ-ਹਾਂ, ਉਨ੍ਹਾਂ ਨੇ ਨਗਾਰਿਆਂ ਤੇ ਵਾਜਿਆਂ ਨਾਲ ਸੁਆਗਤ ਕੀਤਾ।"

"ਸੁਆਗਤ ?" ਸਰਦਾਰ ਨੇ ਭੁਜਦੇ ਹੋਏ ਕਿਹਾ।

"ਕਿਉਂ ਨਹੀਂ, ਹਰ ਆਦਮੀ ਨਵੀਨਤਾ ਨੂੰ ਚੰਗਾ ਜਾਣਦਾ

ਹੈ, ਜਿਵੇਂ ਬਚਾ ਨਵੇਂ ਖਡੌਣੇ, ਨੌਕਰ ਨਵੇਂ ਮਾਲਕ ਤੇ ਸ਼ੌਕੀਨ ਨਵੇਂ ਕਪੜੇ, ਏਸੇ ਤਰ੍ਹਾਂ ਮੁਲਕ ਨਵੀਆਂ ਸਰਕਾਰਾਂ ਮੰਗਦੇ ਹਨ।"

"ਨਵੀਆਂ ਸਰਕਾਰਾਂ ਕਿਉਂ ?"

"ਕੇਵਲ ਇਸ ਕਰਕੇ ਕਿ ਸਰਕਾਰਾਂ ਦੀਆਂ ਚੰਗੀਆਂ ਕਤਾਬਾਂ, ਸਜ਼ਾਵਾਂ ਤੇ ਸੁਰੀਲੀਆਂ ਅਵਾਜ਼ਾਂ ਗੋਲੀਆਂ ਹੁੰਦੀਆਂ ਹਨ, ਸੁਹਣੇ ਕਮਰੇ ਫਾਂਸੀ ਦੇ ਤੇ ਸਭ ਤੋਂ ਵਡੀ ਆਦਤ ਹੁੰਦੀ ਹੈ ਡੰਡੇ ਨਾਲ ਹਕੂਮਤ ਕਰਨ ਦੀ। ਇਹ ਚੀਜ਼ਾਂ ਪਰਜਾ ਦੇ ਦਿਲ ਅੰਦਰ ਸਹਿਜੇ ਸਹਿਜੇ ਕੁਝ ਉਸਾਰੀ ਜਾਂਦੀਆਂ ਹਨ, ਜਿਸ ਦਾ ਨਾਮ ਹੈ–ਬਰਬਾਦੀ, ਤਬਾਹੀ ਤੇ ਅੰਧਾ ਧੁੰਦ, ਰਾਜੇ ਦੀ ਵੀ ਤੇ ਪਰਜਾ ਦੀ ਵੀ।

ਲੰਟੇਨਕ ਨੇ ਇਕ ਵਾਰ ਫਿਰ ਡੂੰਘੀ ਨਜ਼ਰ ਨਾਲ ਤਕਿਆ ਤੇ ਭਿਖਾਰੀ ਦੀ ਗਲ ਅਨ–ਸੁਣੀ ਕਰਕੇ ਬੋਲਿਆ, "ਟਾਨਕ ਪਿੰਡ ਦੇ ਉਪਰ ਚਿਟਾ ਚਿਟਾ ਕੀ ਹਿਲਦਾ ਹੈ ?"

"ਲੋਕ ਰਾਜ ਦਾ ਤ੍ਰੈਰੰਗਾ ਝੰਡਾ।"

ਲੰਟੇਨਕ ਨੇ ਕਿਹਾ, "ਕੀ ਘੰਟੇ ਘਰਾਂ ਤੇ ਘੰਟੇ ਵਜਾਏ ਜਾ ਰਹੇ ਹਨ ?"

"ਜੀ–ਹਾਂ।"

"ਕਿਉਂ ?"

"ਤੁਹਾਡੇ ਫੜਨ ਲਈ।"

"ਪਰ ਉਨ੍ਹਾਂ ਦੀ ਅਵਾਜ਼ ਕਿਉਂ ਨਹੀਂ ਸੁਣੀਂਦੀ ?"

"ਚੰਗਾ ਹੈ ਕਿ ਖਤਰੇ ਦੀਆਂ ਘੰਟੀਆਂ ਸਾਡੇ ਜੀਵਨ ਵਿਚ ਨ ਵਜਨ। ਹਵਾ ਦੂਜੇ ਪਾਸੇ ਹੈ, ਜਿੰਨੀ ਅਵਾਜ਼ ਸਾਡੇ ਵਲ ਨਹੀਂ ਆ ਰਹੀ, ਉਸ ਤੋਂ ਕਈ ਗੁਣਾਂ ਦੂਜੇ ਪਾਸੇ ਦੂਰ ਤਕ ਜਾ ਰਹੀ ਹੈ। ਕੀ ਤੁਸੀਂ ਇਸ਼ਤਿਹਾਰ ਵੇਖੇ ਹਨ ?"

"ਹਾਂ, ਵੇਖੇ ਹਨ।"

"ਪੜ੍ਹ ਵੀ ਹਨ?"

"ਪੜ੍ਹ ਵੀ ਹਨ।"

"ਤੁਹਾਡਾ ਪਿਛਾ ਕੀਤਾ ਜਾ ਰਿਹਾ ਹੈ, ਕੁਝ ਫੌਜ ਵੀ ਆ ਗਈ ਹੈ।"

"ਬਹੁਤ ਹਛਾ," ਕਹਿ ਕੇ ਲੰਟੈਨਕ ਪਿੰਡ ਵਲ ਤੁਰ ਪਿਆ।

ਭਿਖਾਰੀ ਨੇ ਖੂੰਡੀ ਟੇਕਦੇ ਹੋਏ ਬਿਜਲੀ ਵਾਂਗ ਉਲਾਂਘਾਂ ਪੁਟੀਆਂ ਤੇ ਲੰਟੈਨਕ ਨੂੰ ਦੋਹਾਂ ਹਥਾਂ ਨਾਲ ਫੜ ਲਿਆ।

ਲੰਟੈਨਕ ਨੇ ਫਿਰ ਡੂੰਘੀ ਨਜ਼ਰ ਨਾਲ ਵੇਖਿਆ ਤੇ ਕਿਹਾ, "ਤੁਸੀਂ ਕੀ ਚਾਹੁੰਦੇ ਹੋ?"

"ਜ਼ਿੰਦਗੀ," ਭਿਖਾਰੀ ਨੇ ਕਿਹਾ।

"ਜ਼ਿੰਦਗੀ ਕਿ ਮੌਤ?" ਲੰਟੈਨਕ ਨੇ ਕਾਂਬੇ ਨੂੰ ਰੋਕ ਕੇ ਕਿਹਾ।

"ਮੌਤ ! ਕੀ ਕਹਿੰਦੇ ਹੋ?" ਭਿਖਾਰੀ ਹੈਰਾਨੀ ਨਾਲ ਬੋਲਿਆ।

"ਤੁਸੀਂ ਮੈਨੂੰ ਫੜਦੇ ਕਿਉਂ ਜੇ?"

"ਇਸ ਪਿੰਡ ਵਲ ਨ ਜਾਓ।"

"ਹੋਰ ਕਿਧਰ ਜਾਵਾਂ?"

"ਜਾਓ ਨ, ਸਗੋਂ ਮੇਰੇ ਨਾਲ ਆਓ।"

"ਕਿਥੇ?"

"ਮੇਰੇ ਘਰ।"

"ਤੇਰਾ ਘਰ ਕਿਥੇ ਹੈ?"

"ਜੰਗਲ ਵਿਚ।"

"ਜੰਗਲ ਵਿਚ ਘਰ" ਲੰਟੈਨਕ ਨੇ ਹੈਰਾਨਗੀ ਨਾਲ ਕਿਹਾ।

"ਹੈਰਾਨ ਹੋਣ ਵਾਲੀ ਕਿਹੜੀ ਗੱਲ ਹੈ, ਜੰਗਲ ਵਿਚ ਜੰਗਲੀ ਜਾਨਵਰਾਂ ਵਾਂਗ ਅਨੇਕਾਂ ਆਦਮੀ ਘੁਰਨਿਆਂ ਵਿਚ ਰਹਿੰਦੇ ਹਨ, ਅਜ ਕਲ ਲੜਾਈ ਦੇ ਸਮੇਂ ਤਾਂ ਕਮਜ਼ੋਰ ਮਨੁਖਾਂ ਦੀ ਅਬਾਦੀ

ਜੰਗਲ ਵਿਚ ਦਿਨੋ ਦਿਨ ਵਧ ਰਹੀ ਹੈ। ਥੋੜੇ ਦਿਨ ਹੋਏ ਹਨ, ਮੈਂ ਇਕ ਬਚਿਆਂ ਨੂੰ ਲੈਕੇ ਮਾਂ ਜਾਂਦੀ ਵੇਖੀ ਸੀ, ਉਸ ਦੇ ਪੈਰ ਲਹੂ ਲੁਹਾਨ ਹੋਏ ਹੋਏ ਸਨ। ਮੈਂ ਉਸ ਨੂੰ ਅਵਾਜ਼ ਤੱਕ ਨਹੀਂ ਦਿਤੀ, ਕਾਰਣ ? ਮੈਂ ਸੋਚਿਆ ਉਹ ਹੋਰ ਡਰ ਜਾਵੇਗੀ। ਸ੍ਰੀ ਮਾਨ ਜੀ ! ਇਕ ਹੋਰ ਬੇਨਤੀ ਹੈ।"

"ਉਹ ਕੀ ?"

"ਮੇਰੀ ਕੁਟੀਆ ਮਹੱਲਾਂ ਜੇਡੀ ਚੌੜੀ ਤੇ ਸੁਹਣੀ ਨਹੀਂ, ਪਰ ਤੁਸੀਂ ਉਥੇ ਨਿਰਭੈ ਹੋ ਕੇ ਰਹਿ ਸਕਦੇ ਹੋ। ਅਜ ਕਲ ਮਖਮਲੀ ਗਦੇਲਿਆਂ ਵਾਲੇ ਰਾਤ ਨੂੰ ਬਿਸਤ੍ਰਿਆਂ ਤੋਂ ਤ੍ਰਬਕ ਤ੍ਰਬਕ ਕੇ ਉਠ ਦੌੜਦੇ ਹਨ, ਪਰ ਮੇਰੀ ਕੁਟੀਆ ਵਿਚਲੇ ਕਖਾਂ ਦੇ ਬਿਸਤਰੇ ਤੇ ਤੁਸੀਂ ਬੇਫਿਕਰ ਹੋ ਕੇ ਪੂਰਾ ਸੌਂ ਸਕਦੇ ਹੋ। ਕੇਵਲ ਅਜ ਦੀ ਰਾਤ ਅਰਾਮ ਕਰੋ, ਲੋਕ-ਰਾਜ ਦੇ ਸਿਪਾਹੀ ਕਲ ਅਗੇ ਚਲੇ ਜਾਣਗੇ, ਫਿਰ ਜਿਧਰ ਤੁਹਾਡਾ ਦਿਲ ਕਰੇ ਚਲੇ ਜਾਣਾ।"

"ਤੁਸੀਂ ਕਿਸ ਪਾਸੇ ਦੇ ਹੋ ?"

"ਜੰਗਲ ਦੇ ਪਾਸੇ ਦਾ" ਭਿਖਾਰੀ ਨੇ ਉੱਤਰ ਦਿਤਾ।

"ਨਹੀਂ, ਨਹੀਂ, ਮੇਰਾ ਭਾਵ ਸੀ ਜੋ ਤੁਸੀਂ ਰਾਜ ਤੰਤਰ ਵਾਲਿਆਂ ਵਲ ਹੋ ਕਿ ਲੋਕ-ਰਾਜ ਵਾਲਿਆਂ ਵਲ" ਮੁਸਕਰਾਂਦਿਆਂ ਲੰਟੈਨਕ ਨੇ ਕਿਹਾ।

"ਮੈਂ ਤਾਂ ਭੁਖਿਆਂ ਵਲ ਦਾ ਹਾਂ, ਤੁਹਾਨੂੰ ਪਤਾ ਹੈ, ਹਰ ਆਦਮੀ ਮਰਦੇ ਹਨ ਤੇ ਕਿੰਨੇ ਸਾਲ ਸਾਡੇ ਮੁਲਕ ਵਿਚ ਭੁਖ ਦੇ ਦੁਖੋਂ, ਕਿੰਨੇ ਦਵਾਈ ਨ ਮਿਲਣ ਕਰਕੇ। ਕਿੰਨੇ ਅਨਪੜ੍ਹ ਹੋਣ ਕਰਕੇ ਆਪੇ ਬਿਮਾਰੀਆਂ ਚਮੇੜ ਕੇ ਮਰਦੇ ਹਨ ਤੇ ਕਿੰਨੇ ਕਪੜੇ ਨ ਮਿਲਣ ਕਰਕੇ ਨਮੂਨੀਏ ਨਾਲ ਮਰਦੇ ਹਨ, ਮੈਂ ਜੰਗਲ ਦੇ ਰਹਿਣ ਵਾਲਾ ਹਾਂ, ਮੇਰੇ ਚਾਰ ਚੁਫੇਰੇ ਪਿੰਡਾਂ ਵਾਲੇ ਹਨ, ਉਹ ਮਰਦੇ ਹਨ, ਮੈਂ ਵੇਖਦਾ ਹਾਂ ਤੇ ਮੌਤ ਦੇ ਕਾਰਣਾਂ ਵਲ ਵੇਖਕੇ ਝੂਰਦਾ ਹਾਂ," "ਹਾਇ ਗਰੀਬੀ

ਭਿਖਾਰੀ ਦੀਆਂ ਅਖਾਂ ਵਿਚੋਂ ਚਾਨਣੀ ਰਾਤ ਵਿਚ ਹੰਝੂ ਤਰੇਲ ਦਿਆਂ ਕਤਰਿਆਂ ਵਾਂਗ ਡਿਗ ਪਏ ਤੇ ਮਿਟ ਗਏ।"

"ਤੂੰ ਰਾਜੇ ਨੂੰ ਚਾਹੁੰਦਾ ਹੈਂ ਕਿ ਲੋਕ-ਰਾਜ ਨੂੰ ?"

"ਮੈਂ ਰੋਟੀ ਨੂੰ ਚਾਹੁੰਦਾ ਹਾਂ ਤੇ ਚੰਗੇ ਬੰਦਿਆਂ ਨੂੰ।"

"ਜੋ ਕੁਝ ਅਜ ਕਲ ਹੋ ਰਿਹਾ ਹੈ, ਤੇਰੇ ਇਸ ਸਬੰਧੀ ਕੀ ਵਿਚਾਰ ਹਨ ?"

"ਇਹ ਨ ਵਿਚਾਰਵਾਨ ਹੋਣ ਦੇ ਸਿਟੇ ਹਨ, ਪਰ ਭਿਖਾਰੀਆਂ ਦੇ ਵਿਚਾਰਾਂ ਨੂੰ ਦਰਬਾਰਾਂ ਵਿਚ ਕੌਣ ਪੁਛਦਾ ਹੈ? ਤੁਸੀਂ ਦਸੋ ਜਿਸ ਨੇ ਦਰਵਾਜ਼ੇ ਦੇ ਬਾਹਰਵਾਰ ਖੜੋਕੇ ਮੰਗਣਾ ਹੈ, ਝੋਲੀ ਅਡਣੀ ਹੈ, ਉਸ ਭਿਖ ਮੰਗੇ ਤੇ ਦਰ ਖੜੇ ਨੂੰ ਵਿਚਾਰਨ ਦਾ ਸਮਾਂ ਕਿਥੇ? ਉਸਦੇ ਵਿਚਾਰਾਂ ਦੀ ਕੀਮਤ ਕੀ ਹੈ? ਕੀਮਤ ਹੈ ਉਚਾਈ ਦੀ। ਉਚੇ ਥਾਂ ਤੇ ਖੜੋਤਾ ਹੋਇਆ ਆਦਮੀ ਨਿਕਾ ਜਿਹਾ ਰੋੜਾ ਵੀ ਤਲਾਬ ਵਿਚ ਸੁਟੇ ਤਾਂ ਉਹ ਬਹੁਤਾ ਪਾਣੀ ਹਿਲਾਉਂਦਾ ਹੈ ਤੇ ਜੇ ਪਾਣੀ ਵਿਚ ਡੁਬੇ ਹੋਏ ਪਥਰ ਨੂੰ ਇਧਰ ਉਧਰ ਵੀ ਕਰੇ ਤਾਂ ਵੀ ਪਾਣੀ ਨਹੀਂ ਹਿਲਦਾ," ਭਿਖਾਰੀ ਨੇ ਅਗੇ ਅਗੇ ਖੂੰਡੀ ਟੇਕਦੇ ਚਲਦਿਆਂ ਕਿਹਾ।"

"ਤੁਸੀਂ ਮੇਰੀ ਮਦਦ ਕਿਉਂ ਕਰਦੇ ਹੋ? ਜੇ ਕਿਸੇ ਵੀ ਪਾਸੇ ਦੇ ਨਹੀਂ ?"

"ਮੈਂ ਵੇਖਦਾ ਹਾਂ, ਥੋੜਾ ਕਾਗ਼ਜ਼ ਲਿਖਕੇ ਤੇ ਕੁਝ ਮੁਹਰਾਂ ਲਾਕੇ ਤੁਹਾਡੇ ਜੀਵਨ ਦਾ ਹਕ ਖੂਹ ਲਿਆ ਗਿਆ ਹੈ, ਜਿਸ ਤਰ੍ਹਾਂ ਕਿ ਮੁਢ ਤੋਂ ਕਈਆਂ ਨਾਲ ਹੁੰਦਾ ਆਇਆ ਹੈ। ਮੈਂ ਅਜ ਤਕ ਨਹੀਂ ਸਮਝ ਸਕਿਆ, ਜੋ ਜ਼ਿੰਦਗੀ ਨਾਲੋਂ ਕਾਗ਼ਜ਼ਾਂ ਦੀ ਕੀਮਤ ਕਿਵੇਂ ਬਹੁਤੀ ਹੁੰਦੀ ਹੈ। ਉਹ ਆਦਮੀ, ਜਿਦੇ ਹਥ ਵਿਚ ਤਾਕਤ ਆਵੇ, ਉਹ ਦੂਜੀ ਧਿਰ ਨੂੰ ਬਾਗ਼ੀ ਕਿਉਂ ਬਣਾ ਦਿੰਦਾ ਹੈ। ਪਹਿਲੇ ਤੁਸੀਂ ਰਾਜੇ ਸੀ, ਅਜ ਤੁਸੀਂ ਬਾਗ਼ੀ ਹੋ, ਰਾਤ ਬਾਗ਼ੀ ਤੇ ਸਵੇਰੇ ਰਾਜਾ, ਇਹ

ਕੀ ਬਕਬਕ ਹੈ ? ਮੈਂ ਅਜੇਹੇ ਕਨੂੰਨ ਤੋਂ ਨਫ਼ਰਤ ਕਰਦਾ ਹਾਂ ਤੇ ਇਸ ਤੇ ਮੇਰਾ ਯਕੀਨ ਨਹੀਂ'' ਭਿਖਾਰੀ ਨੇ ਕਿਹਾ।

''ਸਿਆਣੇ ਭਿਖਾਰੀ, ਕਾਨੂੰਨ ਉਹ ਧਾਗਾ ਹੈ, ਜਿਸ ਵਿਚ ਸਾਰੇ ਆਦਮੀ ਮਾਲਾ ਦੇ ਮਣਕਿਆਂ ਵਾਂਗ ਪ੍ਰੋਤੇ ਜਾਂਦੇ ਹਨ, ਪ੍ਰੋਤੇ ਜਾਣ ਨਾਲ ਹੀ ਸੁਖ ਮਿਲ ਸਕਦਾ ਹੈ।'' ਲੰਟੈਨਕ ਨੇ ਕਿਹਾ।

''ਸੁਖ ਮਿਲਦਾ ਹੈ ? ਮਿਲਦਾ ਹੋਵੇਗਾ, ਪਰ ਮੈਂ ਅਜ ਤੱਕ ਨਹੀਂ ਵੇਖਿਆ ! ਕੀ ਅਸੀਂ ਮਾਲਾ ਦੇ ਮਣਕਿਆਂ ਵਾਂਗ ਇਕ ਜਹੇ ਹਾਂ ? ਕੀ ਕਰੋੜਾਂ ਆਦਮੀ ਕਨੂੰਨ ਦੀਆਂ ਰੇਸ਼ਮੀ ਰਸੀਆਂ ਨਾਲ ਬੱਧੇ ਹੋਏ ਭੁਖੇ ਨਹੀਂ ਮਰਦੇ ? ਬੋਰੀਆਂ ਨਹੀਂ ਢੋਂਦੇ ? ਵਗਾਰ ਨਹੀਂ ਕੱਟਦੇ ? ਜਿਨ੍ਹਾਂ ਦੇ ਹਥ ਵਿਚ ਪੱਟ ਦੇ ਰਸੇ ਹੋਣਗੇ, ਹੋ ਸਕਦਾ ਹੈ ਉਨ੍ਹਾਂ ਨੂੰ ਸੁਹਣੇ ਲਗਦੇ ਹੋਣ। ਇਹ ਸੁਹਣੇ ਹਨ ਕਿ ਭੈੜੇ ਹਨ, ਉਨ੍ਹਾਂ ਕੋਲੋਂ ਪੁਛੋ ਜਿਨ੍ਹਾਂ ਦੇ ਗਲ ਵਿਚ ਪਏ ਹਨ ਤੇ ਤੋਰੀ ਵਾਂਗ ਲਟਕ ਰਹੇ ਹਨ।''

''ਤੂੰ ਕਾਨੂੰਨ ਤੋਂ ਉਲਟ ਕਿਉਂ ਏਂ ?''

''ਮੈਂ ਭੁਖਾ ਹਾਂ।''

''ਕਦ ਤੋਂ ?''

''ਆਪਣੇ ਜਨਮ ਤੋਂ ਲੈ ਕੇ''

''ਤੇ ਹੋਰ ?''

''ਮੇਰਾ ਪਿਤਾ ਵੀ ਜਨਮ ਤੋਂ ਲੈ ਕੇ।''

''ਬੱਸ ?''

''ਬਸ ਕਿਥੇ ? ਮੇਰਾ ਬਾਬਾ ਵੀ ਜਨਮ ਤੋਂ ਲੈ ਕੇ, ਤੇ ਏਸੇ ਤਰ੍ਹਾਂ ਅਨੇਕਾਂ ਬਾਬੇ, ਅਨੇਕਾਂ ਪੁਤਰ ਤੇ ਅਨੇਕਾਂ ਪੋਤਰੇ ਸਦੀਆਂ ਤੋਂ ਭੁਖੇ ਤੁਰੇ ਆ ਰਹੇ ਹਨ, ਜੇ ਤੁਸੀਂ ਭੁਖੇ ਵੇਖਣੇ ਹੋਣ ਤਾਂ ਪਿੰਡਾਂ ਵਿਚ ਜਾਣਾ। ਜੇ ਸ਼ਹਿਰ ਵਿਚ ਹੀ ਵੇਖਣੇ ਹਨ, ਤਾਂ ਉਨ੍ਹਾਂ ਦੇ ਮਹੱਲੇ ਜਾ ਕੇ ਵੇਖਣੇ, ਜੇਹੜੇ ਸਾਡੇ ਵੇਹੜੇ ਧੋ ਕੇ ਜਾਂਦੇ ਹਨ, ਸੜਕਾਂ ਤੋਂ ਇਕ ਇਕ

ਛਿਲੜ ਚੁਕ ਚੁਕ ਕੇ ਪੀਪਿਆਂ ਵਿਚ ਪੌਂਦੇ ਹਨ। ਹਰ ਸ਼ਹਿਰ ਵਿਚ ਇਕ ਪਾਸੇ ਕੋਹੜ ਮਹੱਲ ਹੁੰਦਾ ਹੈ,ਇਹ ਹੈ ਸਾਡਾ ਸਮਾਜਕ ਕੋਹੜ। ਇਹੋ ਜਹੇ ਸਰੀਰ ਕਿੰਨਾਂ ਕੁ ਚਿਰ ਸੁਹਣੇ ਰਹਿ ਸਕਦੇ ਹਨ ?"

"ਏਨੇ ਦੁਖੀ ਹੋਣ ਤੇ ਵੀ ਤੁਸੀਂ ਮੈਨੂੰ ਬਚਾਉਂਦੇ ਹੋ ?"

"ਹਾਂ"

"ਕਿਉਂ ?"

ਇਕ ਇਸ ਕਰਕੇ ਕਿ ਗਰੀਬਾਂ ਨੂੰ ਮੌਤ ਦਾ ਪਤਾ ਹੁੰਦਾ ਹੈ, ਉਹ ਕਿਸੇ ਨੂੰ ਮਰਨ ਵਾਲਾ ਵੇਖਣ ਤਾਂ ਉਨ੍ਹਾਂ ਦੇ ਦਿਲ ਕੰਬਜਾਂਦੇ ਹਨ।

"ਦੂਜਾ ?"

"ਦੂਜਾ ਇਸ ਕਰਕੇ ਕਿ ਮੈਂ ਕਿਸੇ ਭਿਖਾਰੀ ਨੂੰ ਮੰਗਦਾ ਨਹੀਂ ਵੇਖ ਸਕਦਾ।"

"ਕੌਣ ਭਿਖਾਰੀ...ਕੀ ਮੰਗਦਾ ?" ਲੈਂਟੇਨਕ ਨੇ ਕਿਹਾ।

"ਤੁਸੀਂ ਅਜ ਭਿਖਾਰੀ ਹੋ ਤੇ ਜਿੰਦਗੀ ਦੀ ਭਿੱਖਿਆ ਮੰਗਦੇ ਫਿਰਦੇ ਹੋ, ਰੋਟੀ ਕਪੜਾ ਮੰਗਿਆਂ ਮਿਲ ਸਕਦਾ ਹੈ, ਪਰ ਜਿੰਦਗੀ ਜਿਨ੍ਹਾਂ ਦੇ ਹਥ ਵਸ ਹੋ ਜਾਂਦੀ ਹੈ, ਉਹ ਪੱਥਰ ਹੁੰਦੇ ਹਨ। ਮੈਂ ਭਿਖਾਰੀ ਹਾਂ, ਪਰ ਮੈਨੂੰ ਜੀਉਣ ਦਾ ਪੂਰਾ ਹੱਕ ਹੈ, ਮੈਂ ਹਰ ਦਰਵਾਜ਼ੇ ਅਗੇ ਜਾਕੇ ਉੱਚੀ ਬੋਲ ਸਕਦਾ ਹਾਂ, ਪਰ ਤੁਹਾਨੂੰ...ਤੁਸੀਂ ਆਪਣੇ ਸੰਬੰਧੀ ਬਹੁਤਾ ਜਾਣਦੇ ਹੋ। ਤੁਸੀਂ ਤੇ ਮੈਂ ਦੋਵੇਂ ਭਰਾ ਹਾਂ, ਮੈਂ ਨਿਰਭੈ ਹਾਂ ਤੇ ਰੋਟੀਆਂ ਮੰਗਦਾ ਹਾਂ, ਤੁਸੀਂ ਡਰਦੇ ਹੋ ਤੇ ਪ੍ਰਾਣਾਂ ਦੀ ਖੈਰ ਮੰਗਦੇ ਹੋ। ਇਸ ਵੇਲੇ ਅਸੀਂ ਇਕੋ ਸ੍ਰੇਣੀ ਦੇ ਹਾਂ।"

"ਤੈਨੂੰ ਪਤਾ ਹੈ, ਮੈਨੂੰ ਫੜਨ ਵਾਲੇ ਨੂੰ ਇਨਾਮ ਮਿਲ ਸਕਦਾ ਹੈ।"

"ਹਾਂ, ਮੈਨੂੰ ਇਹ ਵੀ ਪਤਾ ਹੈ ਕਿੰਨਾਂ!"

"ਤੈਨੂੰ ਕਿਵੇਂ ਪਤਾ ਲੱਗਾ ?"

"ਜਿਵੇਂ ਤੁਹਾਨੂੰ।"

"ਤੁਸੀਂ ਇਸ਼ਤਿਹਾਰ ਪੜ੍ਹਿਆ ਹੈ ?"

"ਹਾਂ, ਤੁਹਾਡੇ ਔਣ ਤੋਂ ਪਹਿਲੇ।"

"ਇਨਾਮ ਦੀ ਬੜੀ ਵੱਡੀ ਰਕਮ ਹੈ।"

"ਏਨੀ ਬਹੁਤੀ ਕਿ ਇਕ ਭਿਖਾਰੀ ਸ਼ਾਹੂਕਾਰ ਬਣ ਸਕਦਾ ਹੈ।"

ਸਿਆਣਾ ਆਦਮੀ ਅਜੇਹਾ ਵੇਲਾ ਹਥੋਂ ਨਹੀਂ ਜਾਣ ਦੇਂਦਾ।" ਲੰਟੈਨਕ ਨੇ ਵਿਅੰਗ ਨਾਲ ਕਿਹਾ।

"ਸਿਆਣਪ ਕਦੀ ਵੀ ਜਿੰਦਗੀ ਨੂੰ ਚਾਂਦੀ ਸੋਨੇ ਦਿਆਂ ਵੱਟਿਆਂ ਨਾਲ ਨਹੀਂ ਤੋਲਦੀ।"

"ਅਕਲ ਤੋਂ ਬਿਨਾਂ ਦੌਲਤ ਕਦੀ ਵੀ ਇਕੱਠੀ ਨਹੀਂ ਕੀਤੀ ਜਾ ਸਕਦੀ"

"ਪਰ ਉਹ ਅਕਲ ਜੇਹੜੀ ਰੁਪੈ ਦੀ ਛੁਣਕਾਰ ਵਿਚ ਆਤਮਾ ਦੀਆਂ ਚੀਕਾਂ ਸੁਣਦੀ ਹੈ ਤੇ ਉਸਦੀ ਮੀਨਾਕਾਰੀ ਤੇ ਗੋਲਾਈ ਵਿਚ ਭੁਖੇ ਮਿਹਨਤੀ ਦੇ ਹਥੌੜੇ ਦੀਆਂ ਸੱਟਾਂ ਤੱਕਦੀ ਹੈ, ਉਹ ਦੌਲਤ ਤੋਂ ਨਫਰਤ ਕਰਦੀ ਹੈ। ਮੈਂ ਡਰਦਾ ਹਾਂ, ਜੇਹੜੀ ਸਿਆਣਪ ਤੇ ਤੁਸੀਂ ਆਸ਼ਕ ਹੋ, ਉਹੋ ਜਿਹੇ ਸਿਆਣੇ ਕਿਤੇ ਤੁਹਾਨੂੰ ਨ ਮਿਲ ਪੈਣ। ਮੈਂ ਤੁਹਾਨੂੰ ਉਨ੍ਹਾਂ ਸਿਆਣੀਆਂ ਅੱਖਾਂ ਦੀ ਪਛਾਣ ਤੋਂ ਪਰੇ ਕਰਨ ਲਈ ਗੁਫਾ ਵਿਚ ਲੁਕਾਉਣਾ ਚਹੁੰਦਾ ਹਾਂ।" ਭਿਖਾਰੀ ਨੇ ਕਾਹਲੇ ਕਾਹਲੇ ਪੈਰ ਪੁਟਦਿਆਂ ਕਿਹਾ।"

ਜੰਗਲੀ ਪਗਡੰਡੀਆਂ ਫੜਦੇ ਛਡਦੇ ਅਖੀਰ ਇਕ ਵੱਡੇ ਦਰਖਤ ਹੇਠਾਂ ਜਾਕੇ ਦੋਵੇਂ ਖੜੋ ਗਏ।

"ਤੇਰਾ ਘਰ ਆ ਗਿਆ ਹੈ" ਲੰਟੈਨਕ ਨੇ ਕਿਹਾ।

"ਹਾਂ, ਹਰ ਭਿਖ ਮੰਗਦਾ ਘਰ ਇਹੋ ਜੇਹਾ ਹੁੰਦਾ ਹੈ, ਤੇ ਜਦੋਂ ਉਹ ਦੁਨੀਆਂ ਤੋਂ ਚਲਿਆ ਜਾਂਦਾ ਹੈ, ਉਸਦਾ ਪੱਕਾ ਮਕਾਨ ਕਬਰ ਦਾ ਹੁੰਦਾ ਹੈ।"

ਭਿਖਾਰੀ ਨੇ ਇਕ ਛਾਪਾ ਪਰੇ ਕਰ ਦਿੱਤਾ, ਗੁਫਾ ਦੀ ਮੋਰੀ ਵਿਚ ਬਕਰੀ ਬਣਕੇ ਅਗੇ ਜਾਣ ਲਗਾ ਤੇ ਲੰਟੈਨਕ ਨੂੰ ਪਿਛੇ ਔਣ ਲਈ ਕਿਹਾ।

ਲੰਟੈਨਕ ਵੀ ਟੁੰਹਦਾ ਟੁੰਹਦਾ ਅਗੇ ਅਗੇ ਜਾ ਰਿਹਾ ਸੀ। ਅਖੀਰ ਭਿਖਾਰੀ ਨੇ ਕਿਹਾ ਬੱਸ ਹੁਣ ਸਾਡਾ ਘਰ ਆ ਗਿਆ ਹੈ, ਅਰਾਮ ਨਾਲ ਬੈਠ ਜਾਓ। ਹੁਣ ਥਾਂ ਖੁਲ੍ਹਾ ਸੀ, ਲੰਟੈਨਕ ਬੈਠ ਗਿਆ। ਅੰਧੇਰੇ ਵਿਚ ਉਸ ਦਾ ਦਿਲ ਕਾਹਲਾ ਪੈਣ ਲਗਾ ਤੇ ਲੰਟੈਨਕ ਨੇ ਕਿਹਾ, "ਹੁਣ ਦੀਵਾ ਜਗਾਓ।"

"ਬਹੁਤੇ ਦੀਵੇ ਸ਼ਹਿਰਾਂ ਵਿਚ ਹੁੰਦੇ ਹਨ, ਜੰਗਲਾਂ ਵਿਚ ਧੂਆਂ ਜਾਂ ਅੰਧੇਰਾ ਹੁੰਦਾ ਹੈ।" ਭਿਖਾਰੀ ਨੇ ਡੰਗੋਰੀ ਸਾਂਭ-ਦਿਆਂ ਕਿਹਾ।

"ਤੁਸੀਂ ਅੰਧੇਰੇ ਵਿਚ ਹੀ ਰਹਿੰਦੇ ਹੋ?"

"ਨਹੀਂ, ਮੈਂ ਚਾਨਣ ਵਿਚ ਹਾਂ, ਬਾਹਰਲੇ ਦੀਵੇ ਵੀ ਜਗਾਉਂਦਾ ਹਾਂ, ਪਰ ਕਦੇ ਕਦੇ।"

"ਮਹੀਨੇ ਵਿਚ ਕਿੰਨੇ ਦਿਨ?"

"ਪੰਦਰਾਂ ਦਿਨ।"

"ਕੇਹੜੇ ਦਿਨ ਤੋਂ ਸ਼ੁਰੂ ਕਰਦੇ ਹੋ?"

"ਏਕਮ ਤੋਂ" ਕਹਿੰਦਿਆਂ ਭਿਖਾਰੀ ਨੇ ਇਕ ਟੀਨ ਦਾ ਟੁਕੜਾ ਛੱਤ ਤੋਂ ਪਰੇ ਕੀਤਾ, ਝੀਤ ਵਿਚ ਦੀਂ ਚੰਦ ਦਾ ਚਾਨਣ ਲੀਰ ਜੇਹੀ ਬਣਕੇ ਅੰਦਰ ਆ ਗਿਆ। ਭਿਖਾਰੀ ਬੋਲਿਆ "ਇਹ ਹੈ ਮੇਰਾ ਪੰਦਰਾਂ ਰੋਜ਼ਾ ਦੀਵਾ।"

ਪਹਿਲੋਂ ਤਾਂ ਲੰਟੈਨਕ ਨੂੰ ਅੰਧੇਰਾ ਬਹੁਤਾ ਜਾਪਦਾ ਸੀ, ਪਰ ਹੁਣ ਚੰਦ ਕਰਕੇ ਤੇ ਕੁਝ ਚਿਰ ਗੁਫਾ ਵਿਚ ਬੈਠਣ ਕਰਕੇ ਚਾਨਣ ਜਾਪਣ ਲਗਾ। ਲੰਟੈਨਕ ਦੀਆਂ ਨਜ਼ਰਾਂ ਚਾਨਣ ਤੇ ਸੀ ਤੇ ਉਹ ਸੋਚ ਰਿਹਾ ਸੀ "ਬਹੁਤੀ ਮੁਸੀਬਤ ਵਿਚ ਥੋੜੀ ਤਕਲੀਫ ਸੁਖ ਵਾਂਗ

ਜਾਪਣ ਲਗ ਪੈਂਦੀ ਹੈ।''

"ਹੁਣ ਸੋਚਾਂ ਛਡੋ ਤੇ ਰੋਟੀ ਖਾਓ, ਸੋਚਣ ਲਈ ਮਹੱਲ ਹੁੰਦੇ ਹਨ, ਗੁਫਾ ਨਹੀਂ।'' ਭਿਖਾਰੀ ਨੇ ਦੋ ਰੋਟੀਆਂ ਕਢੀਆਂ, ਟੋਹਕੇ ਜੇਹੜੀ ਕੁਝ ਕੂਲੀ ਸੀ, ਉਹ ਲੰਟੈਨਕ ਦੇ ਹਥ ਫੜਾ ਦਿੱਤੀ ਤੇ ਦੂਜੀ ਆਪ ਲੈ ਲਈ। ਮਿੱਟੀ ਦਾ ਕਸੋਰਾ ਠੰਢੇ ਪਾਣੀ ਦਾ ਭਰਕੇ ਪ੍ਰਾਹੁਣੇ ਦੇ ਅਗੇ ਰੱਖ ਦਿੱਤਾ। ਭਿਖਾਰੀ ਕੜੱਕ ਕੜੱਕ ਕਰਕੇ ਮਜ਼ੇ ਨਾਲ ਰੋਟੀ ਖਾ ਰਿਹਾ ਸੀ। ਲੰਟੈਨਕ ਨੇ ਜੇਰਨੈਲਾਂ ਵਾਂਗ ਸਾਰੀ ਰੋਟੀ ਝਟ ਪਟ ਖਾ ਲਈ ਤੇ ਦੋ ਤਿੰਨ ਕਸੋਰੇ ਪਾਣੀ ਦੇ ਪੀਤੇ। ਲੰਟੈਨਕ ਵੇਹਲਾ ਹੋ ਗਿਆ ਸੀ, ਭਿਖਾਰੀ ਪਾਸ ਨ ਹੋਰ ਰੋਟੀ ਸੀ ਤੇ ਨ ਉਸ ਨੇ ਹੋਰ ਖਾਣ ਸੰਬੰਧੀ ਪ੍ਰਾਹੁਣੇ ਨੂੰ ਪੁਛਿਆ।

ਲੰਟੈਨਕ ਬੋਲਿਆ "ਦੁਨੀਆਂ ਵਿਚ ਕੁਝ ਬਣੇ ਕੁਝ ਢਹਿ ਜਾਵੇ, ਤੈਨੂੰ ਕੋਈ ਦੁਖ ਨਹੀਂ ?''

"ਮੈਨੂੰ ਬਹੁਤ ਦੁਖ ਹੁੰਦਾ ਹੈ, ਜਦੋਂ ਪੁੰਨਿਆਂ ਪਿਛੋਂ ਚੰਦ ਘਟਣ ਲਗ ਪੈਂਦਾ ਹੈ, ਮੈਂ ਨੱਚਦਾ ਨਹੀਂ ਰਜਦਾ ਜਦੋਂ ਚੰਦ ਵਧਣਾ ਸ਼ੁਰੂ ਹੋ ਜਾਂਦਾ ਹੈ'', ਝੀਤ ਵਿਚ ਦੀ ਚੰਦ ਵਲ ਤੱਕਦਿਆਂ ਭਿਖਾਰੀ ਨੇ ਕਿਹਾ।

"ਮੈਂ ਸਰਕਾਰਾਂ ਦੇ ਸੰਬੰਧ ਵਿਚ ਪੁਛਦਾ ਹਾਂ, ਕੁਦਰਤ ਸੰਬੰਧੀ ਨਹੀਂ'' ਲੰਟੈਨਕ ਨੇ ਸਮਝਾਉਣ ਲਈ ਕਿਹਾ।

"ਸਰਕਾਰ ਦਰਬਾਰ ਦੀਆਂ ਗੱਲਾਂ ਨਾਲ ਮੈਨੂੰ ਕੀ ਲੱਗੇ ? ਮੇਰੀ ਸਰਕਾਰ ਰੱਬ ਦੀ ਕੁਦਰਤ ਹੈ, ਮੈਨੂੰ ਇੰਨਾ ਪਤਾ ਹੈ ਕਿ ਬਹੁਤੇ ਮੀਂਹ ਪੈਣ ਨਾਲ ਮੇਰੀ ਗੁਫਾ ਵਿਚ ਪਾਣੀ ਆ ਜਾਂਦਾ ਹੈ। ਬਹੁਤੇ ਝਖੜਾਂ ਨਾਲ ਮੇਰੀ ਗੁਫਾ ਡਿੱਗੇ ਹੋਏ ਬ੍ਰਿਛਾਂ ਹੇਠਾਂ ਆ ਜਾਂਦੀ ਹੈ। ਮੈਨੂੰ ਨਹੀਂ ਪਤਾ, ਉਹ ਕੇਹੜੇ ਮੀਂਹ ਤੇ ਝਖੜ ਹਨ, ਜੋ ਸਦੀਆਂ ਤੋਂ ਲੱਗੀਆਂ ਸਰਕਾਰਾਂ ਨੂੰ ਜੜ੍ਹਾਂ ਤੋਂ ਪੁਟ ਕੇ ਸੁਟ ਦਿੰਦੇ ਹਨ।'' ਖੰਘਦਿਆਂ ਹੋਇਆਂ ਭਿਖਾਰੀ ਨੇ ਕਿਹਾ।

"ਕੀ ਅੱਖਾਂ ਸਾਹਮਣੇ ਹੋ ਰਹੀਆਂ ਘਟਨਾ ਤੇਰੇ ਤੇ ਕੋਈ ਅਸਰ ਨਹੀਂ ਪੌਂਦੀਆਂ ?" ਲੰਟੈਨਕ ਨੇ ਕਿਹਾ।

"ਅੱਖਾਂ ਸਾਹਮਣੇ ਔਣ ਵਾਲੀਆਂ ਘਟਨਾਂ ਨਾਲੋਂ ਪੇਟ ਦੀਆਂ ਘਟਨਾਂ ਬਹੁਤਾ ਅਸਰ ਕਰਦੀਆਂ ਹਨ, ਬਾਹਰ ਆਦਮੀ ਉਸ ਵੇਲੇ ਹੀ ਵੇਖ ਸਕਦਾ ਹੈ, ਜਦੋਂ ਅੰਦਰ ਵਲੋਂ ਵੇਹਲਾ ਹੋ ਜਾਵੇ।" ਪਾਣੀ ਦਾ ਲੋਟਾ ਪੀਕੇ ਭਿਖਾਰੀ ਨੇ ਕਿਹਾ, "ਤੁਹਾਡੇ ਤੇ ਠੰਢੇ ਪਾਣੀ ਦਾ ਕੁਝ ਅਸਰ ਹੋਇਆ ਹੈ ਕਿ ਨਹੀਂ ?" ਪਾਣੀ ਵਰਗੀ ਚੀਜ਼ ਦੁਨੀਆਂ ਤੇ ਕੋਈ ਨਹੀਂ।

"ਤੇਰਾ ਨਾਮ ਕੀਹ ਹੈ ?"

"ਮੇਰੇ ਕਈ ਨਾਮ ਹਨ ਤੇ ਕਈ ਹਰ ਨਵੇਂ ਦਿਨ ਹੋਰ ਰਖੇ ਜਾਂਦੇ ਹਨ। ਦਰਵਾਜ਼ੇ ਅਗੇ ਖੜੇ ਮੰਗਤੇ ਦੇ ਨਾਮ ਦੀ ਕਿਸੇ ਨੂੰ ਕੀ ਪ੍ਰਵਾਹ ਹੁੰਦੀ ਹੈ। ਜਿਸ ਨਾਮ ਨਾਲ ਦਾਤੇ ਦਾ ਦਿਲ ਕਰੇ, ਬੁਲਾ ਲਏ। ਮੇਰੇ ਚਾਰ ਨਾਮ ਪ੍ਰਸਿੱਧ ਹਨ—ਭਿਖਾਰੀ, ਮੰਗਤਾ, ਬੁੱਢਾ ਤੇ ਫਕੀਰ।"

"ਮਾਪਿਆਂ ਨੇ ਬੀ ਤਾਂ ਕੋਈ ਨਾਮ ਰੱਖਿਆ ਹੋਵੇਗਾ ?"

"ਚੰਗੇ ਤੋਂ ਚੰਗੇ ਨਾਮ ਵੀ ਮਾਪੇ ਆਪਣੇ ਬੱਚਿਆਂ ਦੇ ਟਾਕਰੇ ਤੇ ਭੈੜੇ ਸਮਝਦੇ ਹਨ, ਉਹ ਮੈਨੂੰ ਟੈਲੀ ਮਾਰਚ ਕਹਿ ਕੇ ਬੁਲਾਉਂਦੇ ਸਨ, ਪਰ ਲੋਕੀ ਉਸ ਵੇਲੇ ਵੀ ਮੈਨੂੰ ਮੰਗਤੇ ਦਾ ਪੁਤਰ ਆਖਦੇ ਸਨ।"

"ਕੋਈ ਜੁਵਾਨੀ ਦੇ ਦਿਨਾਂ ਦੀ ਗੱਲ ਸੁਣਾ।"

"ਕੋਈ ਭੁਖਾ ਜੁਵਾਨ ਨਹੀਂ ਹੁੰਦਾ, ਜਿਸ ਦੇ ਪੇਟ ਵਿਚ ਭੁਖ ਨਾਲ ਕੜੱਲਾਂ ਪੈਂਦੀਆਂ ਹੋਣ, ਉਸ ਤੇ ਜੁਵਾਨੀ ਕਿਵੇਂ ਆ ਸਕਦੀ ਹੈ। ਜੁਵਾਨ ਹੁੰਦੇ ਹਨ ਅਮੀਰ, ਜਿਨ੍ਹਾਂ ਨੂੰ ਖੁਲ੍ਹਾ ਖਾਣ ਤੇ ਗੁਵਾਉਣ ਲਈ ਮਿਲਦਾ ਹੈ, ਸਿਆਣੇ ਕਹਿੰਦੇ ਹਨ "ਅਖੇ ਅਮੀਰ ਕੀ ਕਰੇ ਤੇ ਕੀ ਖਾਵੇ ? ਅਖੇ ਜੋ ਦਿਲ ਕਰੇ; ਤੇ ਗਰੀਬ ਕੀ ਖਾਵੇ ਤੇ ਕੀ ਕਰੇ, ਅਖੇ ਜੋ ਮਿਲ ਜਾਵੇ ਤੇ ਜੋ ਮਾਲਕ ਕਹੇ। ਮੈਨੂੰ ਚੰਗੀ ਤਰ੍ਹਾਂ

ਪਤਾ ਹੈ,ਤੁਸੀਂ ਮੇਰੇ ਹਾਣੀ ਹੋ,ਮੈਂ ਬੁੱਢਾ ਹਾਂ ਤੇ ਤੁਸੀਂ ਤੀਹਾਂ ਵਰ੍ਹਿਆਂ ਦੇ ਜੁਵਾਨ, ਤੁਸੀਂ ਦੂਰ ਤਕ ਵੇਖ ਸਖਦੇ ਹੋ, ਇਸ ਕਰਕੇ ਕਿ ਤੁਹਾਡੀ ਜਿੰਦਗੀ ਵਿਚ ਰੋਣ ਦੇ ਪਲ ਔਂਦੇ ਹੀ ਨਹੀਂ ਤੇ ਗਰੀਬਾਂ ਦੀ ਜਿੰਦਗੀ ਵਿਚੋਂ ਰੋਣ ਜਾਂਦਾ ਹੀ ਨਹੀਂ। ਰੋਂਦਿਆਂ ਨਜ਼ਰ ਗੁਵਾ ਬੈਠਾ ਹਾਂ, ਦੂਰੋਂ ਕੁਝ ਨਹੀਂ ਵੇਖ ਸਕਦਾ। ਥੋੜ੍ਹਾ ਜਿਹਾ ਚੱਲਾਂ ਤਾਂ ਥੱਕ ਜਾਂਦਾ ਹਾਂ। ਕਈ ਕਈ ਦਿਨ ਮੰਗਣ ਨਹੀਂ ਜਾਂਦਾ, ਥਕਾਵਟ ਕਰਕੇ ਭੁਖਾ ਲੇਟ ਰਹਿੰਦਾ ਹਾਂ। ਖੰਘੂਰਾ ਮਾਰ ਕੇ ਭਿਖਾਰੀ ਨੇ ਕਿਹਾ, ''ਸਭ ਲੜਾਈ ਝਗੜਿਆਂ ਦੀ ਜੜ ਗਰੀਬੀ ਤੇ ਅਮੀਰੀ ਹੈ। ਗਰੀਬ, ਅਮੀਰਾਂ ਨੂੰ ਐਸ਼ ਕਰਦੇ ਵੇਖਕੇ ਉਹੋ ਜੇਹੇ ਬਣਨਾ ਚਾਹੁੰਦੇ ਹਨ। ਗਰੀਬ, ਅਮੀਰ ਤਾਂ ਬਣ ਸਕਦੇ ਹਨ, ਜੇ ਕੁਝ ਅਮੀਰ ਗਰੀਬ ਹੋਣਾ ਪਰਵਾਨ ਕਰ ਲੈਣ। ਪਰ ਅਮੀਰ ਥਾਂ ਬਦਲਣ ਲਈ ਕਦੀ ਵੀ ਤਿਆਰ ਨਹੀਂ ਹੋ ਸਕਦੇ। ਇਹ ਬੜਾ ਚੰਗਾ ਸੀ, ਲੋਕ ਰਾਜੇ ਨੂੰ ਨ ਮਾਰਦੇ। ਬਦਲਾ ਬੜੀ ਭੈੜੀ ਚੀਜ਼ ਹੈ ਤੇ ਇਹ ਕਦੀ ਵੱਟਿਆਂ ਨਾਲ ਤੋਲਿਆ ਨਹੀਂ ਜਾ ਸਕਦਾ। ਇਕ ਬਦਲਾ ਦੋ ਹੋਰ ਬਦਲੇ ਪੈਦਾ ਕਰਦਾ ਹੈ। ਮੈਨੂੰ ਯਾਦ ਹੈ, ਇਕ ਵਾਰ ਇਕ ਗਰੀਬ ਆਦਮੀ ਨੇ ਰਾਜੇ ਦਾ ਸਹਿਆ ਚੁਕ ਲਿਆ ਸੀ, ਉਸਦੇ ਬਦਲੇ ਉਸ ਨੂੰ ਡੰਡੇ ਮਾਰ ਮਾਰ ਕੇ ਲੂਲ੍ਹਾ ਕਰ ਦਿੱਤਾ ਗਿਆ, ਉਸ ਦੀ ਲਤ ਦੀ ਹੱਡੀ ਤੋੜ ਦਿੱਤੀ ਗਈ। ਇਕ ਨੇ ਕਣਕ ਦੀ ਚੋਰੀ ਕੀਤੀ, ਉਸ ਦੇ ਸਤ ਬੱਚੇ ਦੋ ਦਿਨਾਂ ਤੋਂ ਭੁਖੇ ਸਨ, ਉਸ ਨੂੰ ਫਾਂਸੀ ਤੇ ਲਟਕਾ ਦਿੱਤਾ। ਸੱਤੇ ਬੱਚੇ ਪਿਤਾ ਦੀਆਂ ਲਤਾਂ ਨੂੰ ਚਿੰਬੜੇ ਹੋਏ ਸਨ, ਪਰ ਕਿਸੇ ਨੇ ਫਰਿਆਦ ਨ ਸੁਣੀ।''

''ਉਨ੍ਹਾਂ ਬੱਚਿਆਂ ਦਾ ਕੀ ਬਣਿਆ ?''

''ਯਤੀਮਾਂ ਦਾ ਮਾਪਿਆਂ ਬਿਨਾਂ ਕੀ ਬਣਦਾ ਹੁੰਦਾ ਹੈ? ਉਨ੍ਹਾਂ ਦਾ ਜੀਵਨ ਵਿਗੜ ਗਿਆ। ਪਹਿਲੇ ਉਹ ਸਾਰੇ ਮੰਗਤੇ ਬਣੇ।

ਕੁਝ ਹੁਲਕੇ ਮਰ ਗਏ, ਬਚੇ ਹੋਏ ਚੋਰ ਜੁਆਰੀਏ ਤੇ ਡਾਕੂ ਬਣੇ। ਉਨ੍ਹਾਂ ਦੇ ਭੈੜੇ ਹੋਣ ਦਾ ਜ਼ੁਮੇਵਾਰ ਕੌਣ ਹੋਇਆ ? ਫਾਂਸੀ, ਤੇ ਫਾਂਸੀ ਤੇ ਚੜ੍ਹਾਉਣ ਦਾ ਜ਼ੁਮੇਵਾਰ ਕੌਣ ? ਕਾਨੂੰਨ। ਭੁਖ ਦਾ ਜ਼ੁਮੇਵਾਰ ਕੌਣ ?"

"ਤੇਰਾ ਮਕਸਦ ਕੀ ਹੈ ?"

"ਮੈਨੂੰ ਰੋਟੀ ਦੇ ਫ਼ਿਕਰ ਤੋਂ ਵੇਹਲਾ ਹੋਕੇ ਕਦੀ ਮਕਸਦ ਸੋਚਣ ਦਾ ਸਮਾਂ ਹੀ ਨਹੀਂ ਮਿਲਿਆ। ਅਮੀਰਾਂ ਲਈ ਰਾਤ ਐਸ਼ ਕਰਨ ਲਈ ਔਂਦੀ ਹੈ, ਪਰ ਗਰੀਬਾਂ ਲਈ ਔਣ ਵਾਲੇ ਦਿਨ ਨੂੰ ਕੇਵੇਂ ਜੀਉਂਦੇ ਰਹਿ ਸਕਦੇ ਹਾਂ, ਇਹ ਸੋਚਣ ਲਈ। ਮੈਂ ਕੁਝ ਜੜ੍ਹੀ ਬੂਟੀ ਦਾ ਕੰਮ ਜਾਣਦਾ ਹਾਂ, ਟੁਟੀਆਂ ਹੱਡੀਆਂ ਨੂੰ ਗੰਢ ਪੌਣੇ ਜਾਣਦਾ ਹਾਂ। ਫੋੜੇ ਦੀ ਮਲ੍ਹਮ ਤੇ ਬੁਖਾਰ ਦੀ ਦੁਵਾਈ ਵੀ ਜਾਣਦਾ ਹਾਂ। ਪੇਂਡੂ ਸਮਝਦੇ ਹਨ, ਮੈਂ ਜਾਦੂ ਨਾਲ ਰਾਜ਼ੀ ਕਰ ਦੇਂਦਾ ਹਾਂ, ਕਈ ਮੈਨੂੰ ਜਾਦੂਗਰ ਸਮਝਦੇ ਹਨ ਤੇ ਮੇਰੇ ਸੰਬੰਧੀਆਂ ਨੇ ਕਈ ਕਹਾਣੀਆਂ ਵੀ ਪ੍ਰਚਲਤ ਕੀਤੀਆਂ ਹੋਈਆਂ ਹਨ।"

"ਤੂੰ ਏਸੇ ਪਾਸੇ ਦੇ ਰਹਿਣ ਵਾਲਾ ਏਂ ?"

"ਮੈਂ ਕਿੰਨੇ ਚਿਰ ਤੋਂ ਇਸ ਗੁਫਾ ਦਾ ਵਸਨੀਕ ਹਾਂ।"

"ਤੂੰ ਮੈਨੂੰ ਜਾਣਦਾ ਏਂ ?"

"ਬੜੇ ਚਿਰ ਤੋਂ।"

"ਚਿਰ ਤੋਂ ?"

"ਕਈਆਂ ਸਾਲਾਂ ਤੋਂ।"

"ਪਰ ਮੈਂ ਤੈਨੂੰ ਨਹੀਂ ਜਾਣਦਾ।"

"ਮੈਨੂੰ ਜਾਣਨ ਦੀ ਤੁਹਾਨੂੰ ਕੀ ਲੋੜ ਹੈ ? ਮੈਨੂੰ ਹਰ ਸਵੇਰੇ ਲੋੜ ਪੈਂਦੀ ਸੀ, ਤੁਸੀਂ ਲੰਘਦੇ ਸੀ, ਮੈਂ ਝੋਲੀ ਜਾਂ ਹਥ ਅਗੇ ਅੱਡ ਦੇਂਦਾ ਸਾਂ। ਤੁਸੀਂ ਇਕ ਪੈਸਾ ਸੁਟ ਜਾਂਦੇ ਸੀ। ਇਕ ਪੈਸੇ ਦੇ ਦਾਣੇ ਖਾਕੇ ਹਰ ਭਿਖਾਰੀ ਜੀਉਂਦਾ ਰਹਿ ਸਕਦਾ ਹੈ। ਭਿਖ ਮੰਗੇ ਦੀਆਂ ਅੱਖਾਂ ਤੇ ਦਾਤੇ ਦੀਆਂ ਅੱਖਾਂ ਵਿਚ ਬੜਾ ਫਰਕ ਹੁੰਦਾ ਹੈ।

ਦਾਨੀ ਭਿਖਾਰੀ ਦੇ ਕਪੜੇ ਵੇਖਦਾ ਹੈ, ਜਾਂ ਭਿਖਾਰੀ ਦੀ ਅਵਾਜ਼ ਸੁਣਦਾ ਹੈ, ਪਰ ਮੰਗਤਾ ਦਾਤੇ ਦੀ ਆਤਮਾਂ ਪਛਾਣ ਲੈਂਦਾ ਹੈ। ਦਾਤਾ ਭਿਖਾਰੀ ਨੂੰ ਯਾਦ ਨਹੀਂ ਰਖ ਸਕਦਾ ਤੇ ਭਿਖਾਰੀ ਦਾਤੇ ਨੂੰ ਭੁਲਾ ਈ ਨਹੀਂ ਸਕਦਾ। ਮੈਂ ਅਜ ਤੁਹਾਡਾ ਦਾਨ ਤੁਹਾਡੀ ਝੋਲੀ ਵਿਚ ਪਾਉਂਦਾ ਹਾਂ, ਤੁਹਾਡੀ ਜਿੰਦਗੀ ਬਚਾਉਂਦਾ ਹਾਂ, ਪਰ ਇਕ ਸੂਰਤ ਤੇ।"

"ਉਹ ਕੀ ?"

"ਜੋ ਕੁਝ ਤੁਹਾਡੇ ਸੰਬੰਧੀ ਇਸ਼ਤਿਹਾਰ ਤੇ ਲਿਖਿਆ ਹੈ, ਉਹ ਨ ਕਰਨਾ।"

"ਮੈਂ ਲੋਕਾਂ ਨੂੰ ਸੁਖ ਦੇਣ ਲਈ ਆਇਆ ਹਾਂ, ਈਸ਼੍ਵਰ ਤੇ ਪਈ ਬਿਪਤਾ ਨੂੰ ਦੂਰ ਕਰਨ ਲਈ ਆਇਆ ਹਾਂ।"

"ਹੈਂ ! ਕੀ ਈਸ਼੍ਵਰ ਤੇ ਵੀ ਬਿਪਤਾ ਪੈ ਸਕਦੀ ਹੈ ?"

"ਕਿਉਂ ਨਹੀਂ, ਇਸ ਸਮੇਂ ਈਸ਼੍ਵਰ ਬਹੁਤ ਦੁਖੀ ਹੈ।"

"ਤੁਸੀਂ ਠੀਕ ਕਹਿੰਦੇ ਹੋਵੋਗੇ, ਸਾਨੂੰ ਭਿਖਾਰੀਆਂ ਨੂੰ ਵੱਡੀਆਂ ਵੱਡੀਆਂ ਗੱਲਾਂ ਦਾ ਕੀ ਪਤਾ, ਅਸੀਂ ਤਾਂ ਅਜ ਤੱਕ ਏਹੋ ਸਮਝਦੇ ਆ ਰਹੇ ਸਾਂ, ਈਸ਼੍ਵਰ ਸਾਡੇ ਦੁਖ ਦੂਰ ਕਰਨ ਲਈ ਹੈ। ਰਾਤ ਬਹੁਤ ਬੀਤ ਚੁਕੀ ਹੈ, ਹੁਣ ਤੁਸੀਂ ਅਰਾਮ ਕਰੋ"। ਭਿਖਾਰੀ ਲੇਟ ਗਿਆ ਤੇ ਪੈਂਦਾ ਪੈਂਦਾ ਸੌਂ ਗਿਆ।

ਲੈਂਟੇਨਕ ਕਈ ਤਰ੍ਹਾਂ ਦੀਆਂ ਸੋਚਾਂ ਸੋਚਦਾ, ਕਦੀ ਡੁਬਦਾ ਤੇ ਕਦੀ ਤਰਦਾ, ਅਖੀਰ ਉਹ ਵੀ ਸੌਂ ਗਿਆ।

ਚੰਦ ਦਾ ਚਾਨਣ ਘੁੰਮਦਾ ਘੁੰਮਦਾ ਦੋਹਾਂ ਦੇ ਮੂੰਹਾਂ ਤੇ ਆ ਗਿਆ। ਭਿਖਾਰੀ ਦਾ ਮਥਾ ਖਿੜਿਆ ਹੋਇਆ ਸੀ ਤੇ ਲੈਂਟੇਨਕ ਦਾ ਚੇਹਰਾ ਮੁਰਦੇ ਵਰਗਾ। ਸੁਤੇ ਆਦਮੀ ਦੇ ਮੂੰਹ ਤੋਂ ਉਸ ਦੇ ਅਸਲੀ ਜੀਵਨ ਦਾ ਪਤਾ ਲਗ ਜਾਂਦਾ ਹੈ।

# ਪਛਤਾਵਾ

ਪ੍ਰਭਾਤ ਹੁੰਦਿਆਂ ਟੈਲੀਮਾਰਚ ਪੰਛੀਆਂ ਦੇ ਨਾਲ ਹੀ ਜਾਗ ਪਿਆ। ਪੰਛੀ ਆਲ੍ਹਣਿਆਂ ਵਿਚ ਬੈਠੇ ਮਿੱਠੇ ਮਿੱਠੇ ਗਾਣੇ ਗਾ ਰਹੇ ਸਨ। ਭਾਂਤ ਭਾਂਤ ਦੀਆਂ ਬੋਲੀਆਂ ਬੋਲ ਰਹੇ ਸਨ। ਉਡਣ ਵਾਸਤੇ ਖੰਭ ਸੁਵਾਰਦੇ, ਬੋਟ ਦੀਆਂ ਚੁੰਜਾਂ ਵਿਚ ਚੁੰਜਾ ਪੌਂਦੇ। ਜਿੰਨੀ ਪ੍ਰਭਾਤ ਪੰਛੀ ਤੇ ਫੁਲ ਮਨਾਉਂਦੇ ਹਨ, ਉੱਨ੍ਹੀ ਆਦਮੀ ਨਹੀਂ ਮਨਾਉਂਦੇ।

ਟੈਲੀਮਾਰਚ ਮੂੰਹ ਵਿਚ ਹੀ ਕੁਝ ਗੁਣਗੁਣਾਉਂਦਾ ਸੀ—ਗੁਫਾ ਵਿਚੋਂ ਬਾਹਰ ਨਿਕਲਿਆ, ਤੇ ਦੂਰ ਤੱਕ ਧਰਤੀ ਦੇ ਸੋਨੇ ਤੇ ਮਸਤੀ ਵਿਚ ਝੂਮਦੀ ਕੁਦਰਤ ਵੇਖਣ ਲਗਾ। ਇਧਰ ਉਧਰ ਘੁੰਮਕੇ ਉਸਨੇ ਕੁਝ ਜੰਗਲੀ ਫਲ ਤੋੜੇ ਤੇ ਗੁਫਾ ਵਲ ਆ ਗਿਆ। ਲੰਟੈਨਕ ਨੂੰ ਜਗਾਇਆ, ਉਹ ਰਾਤ ਦਾ ਥੱਕਿਆ ਹੋਇਆ ਸੀ। ਜਿੰਨੀ ਚਿੰਤਾ ਤੇ ਫਿਕਰ ਨਾਲ ਥਕਾਵਟ ਹੁੰਦੀ ਹੈ, ਉਤਨੀ ਵੱਡੀ ਤੋਂ ਵਡੀ ਮੰਜ਼ਲ ਤਹਿ ਕਰਨ ਨਾਲ ਨਹੀਂ ਹੁੰਦੀ। ਨਦੀ ਸੁਕ ਜਾਵੇ, ਤਾਂ ਉਸਨੂੰ ਸੋਮੇਂ ਭਰ ਦੇਂਦੇ ਹਨ, ਤੇ ਜੇ ਸੋਮੇਂ ਸੁਕ ਜਾਣ ਫਿਰ ਨਦੀ ਵਿਚਾਰੀ ਕੀ ਕਰੇ ? ਸਰੀਰ ਥੱਕ ਜਾਵੇ, ਤਾਂ ਮਨ ਉਸਨੂੰ ਹਲਕਾ ਹਰ ਲੈਂਦਾ ਹੈ ਜੇ ਮਨ ਦੱਬਿਆ ਜਾਵੇ ਤਾਂ ਸਰੀਰ ਦੀ ਬਹੁੜੀ ਕੌਣ ਕਰੇ।

ਲੰਟੈਨਕ ਨੇ ਅੱਖਾਂ ਮਲੀਆਂ, ਸਿਰਤੇ ਟੋਪੀ ਰੱਖੀ ਤੇ ਪ੍ਰਸੰਨ ਭਰੀ ਨਜ਼ਰ ਨਾਲ ਟੈਲੀਮਾਰਚ ਵੱਲ ਵੇਖਿਆ।

"ਦਿਨ ਚੜ੍ਹ ਗਿਆ ਹੈ, ਸੂਰਜ ਦੀਆਂ ਕਿਰਨਾਂ ਕਰੋੜਾਂ

ਦਾ ਪੰਧ ਮਾਰਕੇ ਸਾਡੇ ਪਾਸ ਆਈਆਂ ਹਨ ਤੇ ਸਾਨੂੰ ਚਲੋ ਚਲੀ ਦਾ ਸੁਨੇਹਾ ਦੇ ਰਹੀਆਂ ਹਨ''। ਟੇਲੀਮਾਰਚ ਨੇ ਗੁਫਾ ਦੀ ਮੋਰੀ ਵਲ ਇਸ਼ਾਰਾ ਕਰਕੇ ਆਖਿਆ।

"ਹੁਣ ਤਾਂ ਕੋਈ ਖਤਰਾ ਨਹੀਂ ?''ਲੰਟੈਨਕ ਨੇ ਪ੍ਰਸ਼ਨ ਕੀਤਾ। ਖਤਰਿਆਂ ਦੀਆਂ ਮਾਲਾਂ ਸਦਾ ਸਾਡੇ ਵਿਚ ਘੁੰਮਦੀਆਂ ਰਹਿੰਦੀਆਂ ਹਨ, ਜਿਵੇਂ ਨਾੜਾਂ ਵਿਚਦੀ ਖ਼ੂਨ। ਇਕ ਆਦਮੀ ਵਿਚ ਜਿੰਨੇ ਲਹੂ ਦੇ ਤੁਪਕੇ ਹੁੰਦੇ ਹਨ, ਉਸਤੋਂ ਵੀ ਬਹੁਤੇ ਉਸ ਦੀ ਜ਼ਿੰਦਗੀ ਵਿਚ ਖਤਰੇ। ਬੱਚਾ ਜੰਮਦਾ ਖਤਰਿਆਂ ਵਿਚ ਹੈ, ਪਲਦਾ ਖਤਰਿਆਂ ਵਿਚ ਹੈ, ਜੀਵਨ ਖਤਰਿਆਂ ਨੂੰ ਲਤਾੜ ਦੇ ਕਦਮ ਹਨ'', ਟੈਲੀਮਾਰਚ ਨੇ ਤਸੱਲੀ ਦੇ ਖਿਆਲ ਨਾਲ ਆਖਿਆ।

"ਹੁਣ ਰੌਲਾ ਤਾਂ ਕੋਈ ਨਹੀਂ ਹੋਵੇਗਾ?''ਲੰਟੈਨਕ ਨੇ ਪੁਛਿਆ।

"ਮੇਰਾ ਖਿਆਲ ਹੈ, ਹੁਣ ਵੈਰੀ ਦੀ ਫੌਜ ਚਲੀ ਗਈ ਹੋਵੇਗੀ।''"ਅਜ ਕਲ ਤੇ ਜੰਗਲਾਂ ਵਿਚ ਦਿਨ ਰਾਤ ਰੌਲਾ ਰਹਿੰਦਾ ਹੈ, ਰਾਤੀ ਮਾਰੂ ਜਾਨਵਰ ਹਮਲੇ ਕਰਦੇ ਰਹਿੰਦੇ ਹਨ ਤੇ ਦਿਨੇ ਬੰਦੂਕਾਂ ਵਾਲੇ ਸਿਪਾਹੀ,'' ਟੈਲੀਮਾਰਚ ਬੋਲਿਆ, "ਮੇਰੀ ਗੁਫਾ ਇਕ ਮਨੁਖੀ ਆਲਣਾ ਹੈ, ਜਿਸ ਤੇ ਕੇਵਲ ਰਾਤ ਕਟੀ ਜਾ ਸਕਦੀ ਹੈ। ਹੁਣ ਚਾਰ ਚੁਫੇਰੇ ਸ਼ਾਂਤੀ ਹੈ, ਤੁਸੀਂ ਬੇਫਿਕਰ ਹੋਕੇ ਜਾ ਸਕਦੇ ਹੋ, ਮੈਂ ਭੀ ਜੰਗਲੀ ਬੂਟੀਆਂ ਲੱਭਣ ਲਈ ਜਾਣਾ ਹੈ। ਤੁਸੀਂ ਲੋਕ ਕਦੀ ਖਿਆਲ ਨਹੀਂ ਕਰਦੇ, ਬੂਟੀਆਂ ਗਾਂਦੀਆਂ ਹਨ ਤੇ ਕਦੀ ਰੋਂਦੀਆਂ ਹਨ, ਕਦੀ ਸੌਂਦੀਆਂ ਤੇ ਕਦੀ ਜਾਗਦੀਆਂ ਹਨ, ਸ਼ਕਾਰ ਖੇਡਦੀਆਂ, ਬਰਤ ਰੱਖਦੀਆਂ ਤੇ ਕਦੀ ਇਕ ਦੂਜੀ ਨਾਲ ਰੁਸਦੀਆਂ ਤੇ ਮੰਨਦੀਆਂ ਹਨ ਟੈਲੀਮਾਰਚ ਦੀਆਂ ਅਖਾਂ ਵਿਚ ਅਨੇਕਾਂ ਬੂਟੀਆਂ ਸਨ।

ਦੋਵੇਂ ਗੁਫਾ ਵਿਚੋਂ ਬਾਹਰ ਨਿਕਲੇ, ਲੰਟੈਨਕ ਪਿੰਡ ਵਲ ਤੁਰ ਪਿਆ ਅਤੇ ਟੈਲੀਮਾਰਚ ਜੰਗਲ ਵਲ। ਲੰਟੈਨਕ ਨੇ ਬੂਟੀਆਂ ਦੀਆਂ ਗਲਾਂ ਦੀ ਉਤਨੀ ਸਚਾਈ ਸਮਝੀ, ਜਿੰਨੀ ਹਲਮਲੋ ਦੀ ਕਹੀ ਹੋਈ

ਕਿਲੇ ਦੀ ਸੁਰੰਗ ਦੀ।

ਲੰਟੈਨਕ ਕੁਝ ਅਗੇ ਜਾਕੇ ਰਾਤ ਵਾਲੇ ਸੜਕ ਦੇ ਮੋੜ ਤੇ ਪਹੁੰਚਾ। ਇਸ਼ਤਿਹਾਰ ਹੁਣ ਦੂਰ ਤੋਂ ਦਿਸਦਾ ਸੀ, ਲੰਟੈਨਕ ਨੇ ਉਸਨੂੰ ਫਿਰ ਪੜ੍ਹਿਆ ਤੇ ਜੇਹੜਾ ਹਿਸਾ ਨਿੱਕੇ ਅੱਖਰਾਂ ਕਰਕੇ ਰਾਤ ਨਹੀਂ ਸੀ ਪੜ੍ਹ ਸੱਕਿਆ ਉਸਨੂੰ ਪੜ੍ਹਿਆ।

"ਗ੍ਰਿਫਤਾਰੀ ਦੇ ਪਿੱਛੋਂ ਸ਼ਨਾਖਤ ਹੋਣ ਤੇ ਲੰਟੈਨਕ ਨੂੰ ਉਸੇ ਵੇਲੇ ਗੋਲੀ ਮਾਰ ਕੇ ਮਾਰ ਦਿਤਾ ਜਾਵੇਗਾ।"

ਦਸਖਤ ਗਾਵੇਨ ਸੈਨਾਪਤੀ

ਲੰਟੈਨਕ ਨੇ ਦੋ ਤਿੰਨ ਵਾਰ ਗਾਵੇਨ ਸ਼ਬਦ ਵੇਖਿਆ ਬੁੜ-ਬੁੜਾਇਆ ਤੇ ਕੁਝ ਉਲਾਂਘਾਂ ਪੁਟਕੇ ਫਿਰ ਮੁੜਕੇ ਪੜ੍ਹਿਆ "ਗਾਵੇਨ"। ਲੰਟੈਨਕ ਦੇ ਕੰਨਾਂ ਵਿਚ ਗੋਲੀਆਂ ਦੀ ਆਵਾਜ਼ ਆ ਰਹੀ ਸੀ ਤੇ ਜੰਗਲ ਦਾ ਹਰ ਇਕ ਪੱਤਾ ਉਸ ਨੂੰ ਇਸ ਤਰ੍ਹਾਂ ਵੇਖਦਾ ਨਜ਼ਰ ਔਂਦਾ ਸੀ ਜਿਵੇਂ ਪਛਾਣ ਰਿਹਾ ਹੈ। ਉਹ ਛੇਤੀ ਛੇਤੀ ਚਲਣ ਲਗਾ ਤੇ ਰਾਤ ਵਾਲੇ ਟਿਲੇ ਤੇ ਜਾ ਚੜ੍ਹਿਆ। ਉਸਦੇ ਕੰਨਾਂ ਵਿਚ ਢੋਲ ਦੀ ਕੜਕੁਟ ਪੈ ਰਹੀ ਸੀ ਅਤੇ ਨਾਲ ਹੀ ਤਿੱਖੀਆਂ ਚੀਕਾਂ ਵੀ। ਉਸਨੇ ਪਿੰਡ ਤੇ ਧੂੰਏਂ ਦੇ ਬੱਦਲ ਵੇਖੇ, ਅੱਗ ਦੀਆਂ ਲਾਟਾਂ ਆਕਾਸ਼ ਵਲ ਵਧ ਰਹੀਆਂ ਸਨ। ਸੈਂਕੜੇ ਆਵਾਜ਼ਾਂ ਮਿਲਕੇ ਸ਼ੋਰ ਮਚਿਆ ਹੋਇਆ ਸੀ, ਰੌਲੇ ਦਾ ਕੋਈ ਅਰਥ ਨਹੀਂ ਹੁੰਦਾ, ਇਹ ਫਿਰ ਵੀ ਭਿਆਨਕ ਹੁੰਦਾ ਹੈ। ਲੰਟੈਨਕ ਸੋਚਣ ਲਗਾ "ਇਹ ਕਿਸ ਨੇ ਹੱਲਾ ਕੀਤਾ ਹੈ? ਕਲ ਲੋਕ-ਰਾਜ ਵਾਲਿਆਂ ਨੂੰ ਇਸ ਪਿੰਡ ਨੇ ਬੜਾ ਆਦਰ ਦਿਤਾ ਸੀ, ਉੱਚਾ ਤਿੰਨ ਰੰਗਾ ਝੰਡਾ ਝੂਲ ਰਿਹਾ ਸੀ, ਰਾਤ ਰਾਤ ਵਿਚ ਦੀ ਕੀ ਹੋ ਗਿਆ?" ਫਿਰ ਉਸ ਨੂੰ ਇਕ ਲੋਕ-ਰਾਜ ਵਾਲਿਆਂ ਦਾ ਹੁਕਮ ਯਾਦ ਆਇਆ 'ਹਰ ਇਕ ਪਿੰਡ ਦੇ ਵਸਨੀਕਾਂ ਨੂੰ ਪ੍ਰਗਟ ਕੀਤਾ ਜਾਂਦਾ ਹੈ ਕਿ ਜਦੋਂ ਲੋਕ-ਰਾਜ ਦੇ ਸਿਪਾਹੀ ਔਣ ਤਾਂ ਉਨ੍ਹਾਂ ਦੇ ਘੋੜਿਆਂ ਨੂੰ ਪੱਠੇ ਦਾਣੇ, ਤੇ ਸਿਪਾਹੀਆਂ ਨੂੰ ਲੋੜੀਂਦਾ ਖਾਣਾ ਤੇ

ਕਪੜਾ ਦੇਣਾ ਜ਼ਰੂਰੀ ਹੈ। ਜੰਗਲਾਂ ਦੇ ਨੇੜੇ ਰਹਿਣ ਵਾਲਿਆਂ ਲਈ ਬੜਾ ਜ਼ਰੂਰੀ ਹੈ ਕਿ ਜੰਗਲ ਦੀਆਂ ਝਾੜੀਆਂ ਕੱਟ ਕੇ ਰਾਹ ਬਣਾਉਣ, ਜਿਥੋਂ ਦੀ ਫੌਜੀ ਸੌਖੇ ਲੰਘ ਸਕਣ। ਲੰਟੈਨਕ ਨੂੰ ਯਕੀਨ ਹੋ ਗਿਆ ਕਿ ਲੋਕਰਾਜ ਵਾਲਿਆਂ ਪਿੰਡ ਸਾੜ ਦਿਤਾ ਹੈ। ਲੰਟੈਨਕ ਪਹਿਲੋਂ ਤਾਂ ਕੁਝ ਵੇਖਣ ਲਈ ਟਿਲੇ ਤੇ ਚੜ੍ਹਿਆ ਸੀ, ਪਰ ਪਹਿਲੀ ਝਾਕੀ ਵੇਖ ਕੇ ਉਹ ਰੱਜ ਗਿਆ ਤੇ ਗੋਡਿਆਂ ਵਿਚ ਸਿਰ ਪਾ ਕੇ ਗੁਵਾਚ ਗਿਆ।

ਕਈ ਵਾਰ ਆਦਮੀ ਸਮੇਂ ਤੋਂ ਪਰੇ ਚਲਿਆ ਜਾਂਦਾ ਹੈ। ਉਥੇ ਉਹ ਘੜੀਆਂ, ਜਿਹੜੀਆਂ ਮਿੰਟ ਤੇ ਘੰਟੇ ਗਿਣਨ ਵਾਲੀਆਂ ਹੁੰਦੀਆਂ ਹਨ, ਉਹਨਾਂ ਦੀ ਟਿੱਕ ਵੀ ਟਿੱਕ ਜਾਂਦੀ ਹੈ। ਲੰਟੈਨਕ ਟਿੱਕ ਗਿਆ, ਪਰ ਢੋਲ ਦੀ ਢੱਮਾ ਢੱਮ, ਢੱਮਾ ਢੱਮ ਦੀ ਆਵਾਜ਼ ਨੇ ਉਸ ਨੂੰ ਆਪਣੇ ਵਲ ਖਿਚ ਲਿਆ। ਲੰਟੈਨਕ ਉਠਿਆ. ਉਸ ਨੇ ਸਾਹਮਣੇ ਵੇਖਿਆ ਇਕ ਬੜੀ ਵਡੀ ਸੈਨਾ ਉਸ ਟਿੱਲੇ ਵਲ ਆ ਰਹੀ ਹੈ।

ਢੋਲਾਂ ਦੀ ਆਵਾਜ਼ ਲੋਕਾਂ ਵਿਚ ਜੋਸ਼ ਭਰ ਰਹੀ ਸੀ। ਪ੍ਰਤੀਤ ਹੁੰਦਾ ਸੀ ਜਿਨ੍ਹਾਂ ਜਾਨਵਰਾਂ ਦੇ ਗਲੇ ਤੇ ਆਦਮੀ ਨੇ ਕਦੀ ਛੁਰੀ ਰਖੀ ਸੀ, ਓਹ ਹੁਣ ਉਚੀ ਉਚੀ ਆਵਾਜ਼ਾਂ ਦੇ ਕੇ ਬਦਲਾ ਲੈਣ ਲਈ ਉਭਾਰ ਰਹੇ ਹਨ। ਨੇੜੇ ਆਉਣ ਤੇ ਲੰਟੈਨਕ ਨੂੰ ਢੋਲਾਂ ਨਾਲੋਂ ਵੀ ਡਰਾਉਣੀ ਆਵਾਜ਼ ਆਉਣ ਲਗੀ, 'ਲੰਟੈਨਕ ! ਲੰਟੈਨਕ !! ਲੰਟੈਨਕ !!!'

ਲੰਟੈਨਕ ਪੱਥਰ ਦਾ ਬੁਤ ਬਣ ਗਿਆ। ਉਸ ਨੂੰ ਮੌਤ ਸੈਂਕੜੇ ਜ਼ਬਾਨਾਂ ਨਾਲ ਬੁਲਾ ਰਹੀ ਸੀ। ਲੰਟੈਨਕ ਨੇ ਥੱਲੇ ਵੇਖਿਆ ਚਮਕਦੀਆਂ ਤਲਵਾਰਾਂ, ਲਿਸ਼ਕਦੀਆਂ ਬੰਦੂਕਾਂ ਤੇ ਜੰਗਾਲੇ ਹੋਏ ਟਕੂਏ ਤੇ ਕੁਹਾੜੀਆਂ ਘੇਰਾ ਪਾ ਕੇ ਉਸ ਵਲ ਵਧ ਰਹੀਆਂ ਸਨ। ਸਾਰੇ ਆਦਮੀ ਉਸ ਨੂੰ ਵੇਖ ਰਹੇ ਸਨ। ਲੰਟੈਨਕ ਇਸ ਵੇਲੇ ਚਾਂਦਮਾਰੀ ਦੇ ਤਖਤੇ

ਵਾਂਗ ਸੀ, ਜਿਸ ਨੂੰ ਹਜ਼ਾਰਾਂ ਅੱਖਾਂ ਨਿਸ਼ਾਨਾ ਬਣਾ ਰਹੀਆਂ ਸਨ।

ਲੰਟੈਨਕ ਨੇ ਜਰਨੈਲਾਂ ਵਾਲੀ ਸ਼ਰਤ ਨਾਲ ਸੋਚਿਆ ਤੇ ਲਾਗਲੀ ਝਾੜੀ ਨਾਲੋਂ ਇਕ ਦੁਸਾਂਗਾ ਕੰਢਾ ਤੋੜਿਆ, ਰਾਜ-ਚਿੰਨ੍ਹ ਨੂੰ ਖੀਸੇ ਵਿਚੋਂ ਕਢਕੇ ਟੋਪੀ ਦੇ ਅਗਲੇ ਹਿਸੇ ਤੇ ਲਾ ਲਿਆ, ਟੋਪੀ ਸਿਰ ਤੇ ਰਖ ਲਈ ਤੇ ਉਠ ਕੇ ਖੜਾ ਹੋ ਗਿਆ, ਕੁੜਤੇ ਦੇ ਬਟਨ ਖੋਲ੍ਹ ਕੇ ਲੰਟੈਨਕ ਨੇ ਛਾਤੀ ਨੰਗੀ ਕਰ ਲਈ,ਤੇ ਗੂੰਜਵੀਂ ਆਵਾਜ਼ ਵਿਚ ਬੋਲਿਆ, "ਜਿਸ ਨੂੰ ਢੂੰਡਨ ਲਈ ਤੁਸੀਂ ਮਾਰੇ ਮਾਰੇ ਫਿਰਦੇ ਹੋ, ਉਹ ਮੈਂ ਹਾਂ। ਮੇਰੇ ਕੋਲ ਨ ਕੋਈ ਹਥਿਆਰ ਹੈ ਤੇ ਨ ਰਖਿਆ ਕਰਨ ਵਾਲੀ ਢਾਲ। ਤੰਦਾਂ ਦੇ ਜਾਲ ਨੂੰ ਵੀ ਮੈਂ ਪਾੜ ਦਿਤਾ ਹੈ ਤਾਂਕਿ ਤੁਹਾਡੇ ਤਿਖੇ ਛੁਰਿਆਂ ਨੂੰ ਜਾਂ ਸ਼ੂਕਦੀ ਗੋਲੀ ਨੂੰ ਕੋਈ ਰੋਕ ਨ ਪਵੇ,ਪਰ ਮੈਂ ਉਹ ਹਾਂ,ਜਿਸ ਨੂੰ ਤੁਸੀਂ ਕੁਝ ਚਿਰ ਪਹਿਲੇ ਝੁਕ ਕੇ ਸਲਾਮਾਂ ਕਰਦੇ ਸੀ, ਪੈਰਾਂ ਦੀ ਮਿੱਟੀ ਨੂੰ ਚਰਨ-ਧੂੜ ਆਖਦੇ ਸੀ, ਮੈਂ ਅੱਜ ਦੁਨੀਆਂ ਨੂੰ ਜਾਣ ਗਿਆ ਹਾਂ, ਜਿਸਦੇ ਪੈਰਾਂ ਦੀ ਮਿੱਟੀ ਨੂੰ ਲੋਕ-ਸਵੇਰੇ ਅਕ-ਸੀਰ ਸਮਝਦੇ ਹਨ, ਸ਼ਾਮ ਨੂੰ ਓਸੇ ਮਿੱਟੀ ਦੇ ਢੁਕ ਭਰ ਕੇ ਉਸਦੇ ਸਿਰਵਿਚ ਪਾਉਂਦੇ ਹਨ,ਛੇਤੀ ਅਗੇ ਵਧੋ ਤੇ ਮੈਨੂੰ ਕਿਸੇ ਬਿਲੇ ਲਾਓ।"

ਲੋਕਾਂ ਨੇ ਆਕਾਸ਼ ਗੁੰਜਾਊ ਨਾਹਰੇ ਸੁਣੇ ਤੇ ਸੋਚਣ ਲਗਾ 'ਇਹ ਸਭ ਸ਼ਿਕਾਰ ਦੀ ਖੁਸ਼ੀ ਵਿਚ ਨਿਕਲੀਆਂ ਆਵਾਜ਼ਾਂ ਹਨ।'

ਲੰਟੈਨਕ ਨੇ ਥੱਲੇ ਵਲ ਵੇਖਿਆ ਉਨ੍ਹਾਂ ਹਥਿਆਰਾਂ ਨੂੰ ਤੱਕਣ ਲਈ, ਜਿਨ੍ਹਾਂ ਨੇ ਉਸ ਨੂੰ ਕੀਮਾਂ ਕੀਮਾਂ ਜਾਂ ਛਾਣਨੀ ਛਾਨਣੀ ਕਰਨਾ ਸੀ। ਉਸ ਨੂੰ ਇਹ ਵੇਖ ਕੇ ਬੜਾ ਅਚੰਭਾ ਹੋਇਆ, ਜੁ ਸਾਰੇ ਸਿਪਾਹੀ ਗੋਡਿਆਂ ਭਾਰ ਹੋ ਕੇ ਉਸ ਨੂੰ ਮੱਥਾ ਟੇਕ ਰਹੇ ਹਨ ਤੇ ਨਾਹਰੇ ਲਾ ਰਹੇ ਹਨ "ਲੰਟੈਨਕ ਦੀ ਜੈ, ਰਾਜਕੁਮਾਰ ਦੀ ਜੈ।"

ਲੰਟੈਨਕ ਨੇ ਵੇਣੀ ਦੇ ਕਸਾਨਾਂ ਦੀਆਂ ਬੇਢੱਬ ਟੋਪੀਆਂ ਨੂੰ ਵੇਖਿਆ, ਜਿਨ੍ਹਾਂ ਉਤੇ ਪੇਂਡੂ ਕੁੜੀਆਂ ਨੇ ਅਜੋੜ ਰੰਗਾਂ ਨਾਲ ਰਾਜ-ਚਿੰਨ੍ਹ ਕਢਿਆ ਹੋਇਆ ਸੀ। ਲੰਟੈਨਕ ਦਿਲ ਵਿਚ ਕਹਿਣ

ਲਗਾ "ਜਿਹੜੀ ਲਹਿਰ ਪੇਂਡੂ ਕੁੜੀਆਂ ਦੀਆਂ ਸੂਈਆਂ ਅਤੇ ਗੀਤਾਂ ਵਿਚ ਆ ਜਾਵੇ ਉਸ ਨੂੰ ਰੱਬ ਵੀ ਨਹੀਂ ਮਾਰ ਸਕਦਾ, ਲੀਰਾਂ ਵਾਲਿਆਂ ਦੇ ਕਪੜੇ ਭਾਵੇਂ ਫਟ ਜਾਣ, ਪਰ ਇਹਨਾਂ ਦੇ ਪ੍ਰਣ-ਪਤਰ ਨਹੀਂ ਫਟਦੇ, ਇਹਨਾਂ ਲੋਕਾਂ ਦੀ ਬੋਲੀ ਦਾ ਮੁਹਾਵਰਾ ਹੈ "ਲਾਈਏ ਤੇ ਤੋੜ ਨਭਾਈਏ।"

ਏਨੇ ਚਿਰ ਨੂੰ ਇਕ ਆਦਮੀ ਅੱਗੇ ਵਧਿਆ, ਹਾਥੀ ਦੇ ਸੁੰਡਾਂ ਵਰਗੇ ਉਸਦੇ ਡੌਲੇ ਸਨ, ਸੋਨੇ ਦੀ ਮੁੱਠ ਵਾਲੀ ਤਲਵਾਰ ਲੈਂਟੇਨਕ ਦੀ ਭੇਟ ਕਰ ਕੇ ਬੋਲਿਆ—"ਇਹ ਲਉ ਜਰਨੈਲੀ ਦੀ ਤਲਵਾਰ, ਹੁਣ ਤਕ ਫੌਜ ਦਾ ਮੈਂ ਸਰਦਾਰ ਸਾਂ, ਪਰ ਹੁਣ ਮੈਂ ਵੀ ਦੂਜੇ ਸਿਪਾਹੀਆਂ ਵਾਂਗ ਇਕ ਸਿਪਾਹੀ ਹਾਂ" ਇਹ ਕਹਿਕੇ ਉਸਨੇ ਆਪਣੇ ਸਿਪਾਹੀਆਂ ਨੂੰ ਸੈਨਤ ਕੀਤੀ। ਸਾਰੇ ਸਿਪਾਹੀ ਇਕ ਪਾਲ ਵਿਚ ਖੜੇ ਗਏ, ਸਰਦਾਰ ਬੋਲਿਆ—"ਸੈਨਾ-ਪਤੀ ਜੀ! ਭਾਵੇਂ ਇਨ੍ਹਾਂ ਦੀ ਵਰਦੀ ਇਕ ਨਹੀਂ, ਹਥਿਆਰ ਸਰਕਾਰੀ ਨਹੀਂ, ਉਚਾਈ ਤੇ ਉਮਰ ਵਿਚ ਵੀ ਇਕੋ ਜਿਹੇ ਨਹੀਂ, ਤਾਂ ਵੀ ਇਹਨਾਂ ਵਿਚ ਇਕ ਗੱਲ ਇਕੋ ਜਿਹੀ ਹੈ।"

"ਓਹ ਕੀ?"

"ਮਰਨਾ ਤੇ ਜੀਉਣਾ ਇਕੋ ਥਾਂ।"

ਲੈਂਟੇਨਕ ਨੇ ਸਿਰ ਹਿਲਾ ਕੇ ਕਿਹਾ—"ਇਹ ਓਹ ਗੁਣ ਹੈ ਜੋ ਆਦਿ ਜੁਗਾਦ ਤੋਂ ਕਿਰਸਾਨਾਂ ਨੂੰ ਵਿਰਸੇ ਵਿਚ ਮਿਲਦਾ ਆ ਰਿਹਾ ਹੈ, ਹਾਂ ਬਹਾਦਰ! ਤੇਰਾ ਨਾਂ ਕੀ ਹੈ?"

"ਮੇਰਾ ਠੀਕ ਨਾਂ ਸਿਪਾਹੀ ਹੈ, ਪਰ ਲੋਕ ਮੈਨੂੰ ਗੇਂਵਾਰਡ ਆਖਦੇ ਹਨ।"

ਲੈਂਟੇਨਕ ਤਲਵਾਰ ਨੂੰ ਗਾਤਰੇ ਪਾਉਂਦਾ ਬੋਲਿਆ—"ਜਿਸ ਸੈਨਾਪਤੀ ਦੇ ਸਰਦਾਰ ਵੀ ਆਪਣੇ ਆਪ ਨੂੰ ਸਿਪਾਹੀ ਸਮਝਣ ਵਾਲੇ ਹੋਣ, ਉਹ ਕਦੇ ਹਾਰ ਨਹੀਂ ਸਕਦਾ, ਤੁਸੀਂ ਸਾਰੇ ਕਿੰਨੇ ਹੋ?"

"ਸਤ ਹਜ਼ਾਰ।"

"ਸਤ ਹਜ਼ਾਰ?"

"ਸਤ ਹਜ਼ਾਰ ਤੇ ਉਹ ਵੀ ਕਿਸਾਨ ਸਿਪਾਹੀ, ਜਿਨ੍ਹਾਂ ਨੂੰ ਉਨ੍ਹਾਂ ਦੀਆਂ ਮਾਵਾਂ ਅਤੇ ਭੈਣਾਂ ਨੇ ਗਾਨੇ ਬੰਨ੍ਹਕੇ ਆਪਣੇ ਹਥੀਂ ਤੋਰਿਆ ਹੈ।"

"ਤੁਸੀਂ ਇਤਨੇ ਆਦਮੀ ਕਿਵੇਂ ਇਕੱਠੇ ਕੀਤੇ?"

"ਸ੍ਰੀ ਮਾਨ ਜੀ! ਜਿਹੜੀ ਲਹਿਰ ਪਿੰਡਾਂ ਵਿੱਚ ਚਲੀ ਜਾਵੇ ਉਸ ਪਿਛੇ ਕੁਰਬਾਨ ਹੋਣ ਲਈ ਖੁੰਭਾਂ ਵਾਂਗ ਆਦਮੀ ਪੈਦਾ ਹੋ ਜਾਂਦੇ ਹਨ। ਕੱਲ ਲੋਕ-ਰਾਜ ਵਾਲਿਆਂ ਤੁਹਾਨੂੰ ਫੜਨ ਲਈ ਘੰਟੇ ਬਜਾਏ, ਇਸ਼ਤਿਹਾਰ ਛਪਾਕੇ ਲਾਏ ਤੇ ਤੁਹਾਡੇ ਸਿਰ ਕੱਟਣ ਵਾਲੇ ਲਈ ਇਨਾਮ ਰਖਿਆ ਸੀ। ਜਿਥੇ ਜਿਥੇ ਘੰਟਿਆਂ ਦੀ ਘੰਟਾਰ ਗਈ ਤੁਹਾਡੇ ਪੱਖ ਵਿੱਚ ਲੋਕ ਉਠਦੇ ਗਏ ਤੇ ਜਥੇ ਬੰਨ੍ਹ ਬੰਨ੍ਹ ਕੇ ਤੁਹਾਨੂੰ ਇਧਰ ਉਧਰ ਢੂੰਡਣ ਲੱਗੇ।"

ਸੈਨਤ ਕਰਕੇ ਗੇਵਾਰਡ ਬੋਲਿਆ, "ਇਸ ਲਾਗਲੇ ਪਿੰਡ ਲੋਕ-ਰਾਜ ਦੇ ਸਿਪਾਹੀ ਸੁਤੇ ਹੋਏ ਸਨ, ਪਿੰਡ ਵਾਲਿਆਂ ਨੇ ਭੀ ਉਨ੍ਹਾਂ ਵਾਸਤੇ ਦੁਧ ਘਿਓ ਦੇ ਹੜ ਵਗਾ ਦਿਤੇ। ਰਾਤੋ ਰਾਤ ਅਸੀਂ ਉਨ੍ਹਾਂ ਨੂੰ ਆ ਦਬਾਇਆ, ਕਈਆਂ ਦੀਆਂ ਜਦੋਂ ਅੱਖਾਂ ਖੁਲੀਆਂ ਤਾਂ ਉਨ੍ਹਾਂ ਦਾ ਸਿਰ ਧੜ ਤੋਂ ਵੱਖ ਸੀ, ਦੋ ਤਿੰਨ ਵਾਰੀ ਅੱਖਾਂ ਇਧਰ ਉਧਰ ਘੁੰਮੀਆਂ ਤੇ ਨਿਰਾਸ ਹੋਕੇ ਰੁਕ ਗਈਆਂ।"

"ਤੈਨੂੰ ਪਤਾ ਹੈ ਸਾਡਾ ਵੱਡੇ ਦੁਸ਼ਮਣ ਨਾਲ ਮੁਕਾਬਲਾ ਹੈ, ਕੀ ਸਾਨੂੰ ਫੌਜੀ ਮਦਦ ਆਮ ਮਿਲ ਜਾਵੇਗੀ?"

"ਹਜ਼ੂਰ ਪੇਂਡੂ ਕੁੜੀਆਂ ਦੇ ਗੀਤ ਜਿਨਾਂ ਚਿਰ ਜੀਉਂਦੇ ਹਨ, ਉਨਾਂ ਚਿਰ ਮਰ ਮਿਟਣ ਵਾਲੇ ਬਹਾਦਰ ਪਿੰਡਾਂ ਵਿਚੋਂ ਪੈਦਾ ਹੁੰਦੇ ਰਹਿਣਗੇ। ਜਿਨਾਂ ਚਿਰ ਵੇਣੀ ਦਾ ਇਕ ਵੀ ਪੱਗ-ਬੰਨ੍ਹ ਹੈ, ਉਹ ਸਾਡੇ ਵਾਸਤੇ ਮਰਨ ਲਈ ਤਿਆਰ ਰਹੇਗਾ। ਇਸ ਇਲਾਕੇ ਵਿਚ

ਪੈਂਦਾ ਹੀ ਸਿਪਾਹੀ ਹੁੰਦੇ ਹਨ। ਸ੍ਰੀ ਮਾਨ ਜੀ ਦੇ ਰਹਿਣ ਦੀ ਥਾਂ ਕੇਹੜੀ ਹੋਵੇਗੀ ?"

"ਮੇਰੇ ਰਹਿਣ ਦੀ ਥਾਂ ਤਲਵਾਰਾਂ ਦੀ ਧਾਰ, ਤੇ ਸੌਣ ਲਈ ਮੇਰੇ ਸਤੇ ਜੰਗਲ।"

ਇਨੇ ਚਿਰ ਨੂੰ ਇਕ ਕਿਸਾਨ ਮੁੰਡਾ ਚਿਟਾ ਘੋੜਾ ਲੈ ਕੇ ਆ ਗਿਆ ਤੇ ਬੋਲਿਆ—"ਸ੍ਰੀ ਮਾਨ ਜੀ ! ਇਸ ਉਤੇ ਅਜੇ ਤੱਕ ਕਾਠੀ ਨਹੀਂ ਪਾਈ, ਇਹ ਆਪ ਦੀ ਭੇਟਾ ਹੈ, ਤੇ ਮੈਨੂੰ ਵੀ ਦੂਜੇ ਵੇਣੀ ਦੇ ਕਿਸਾਨਾਂ ਵਾਂਗ ਆਪਣੇ ਨਾਲ ਮਿਲਾ ਲਓ ਤੇ ਲੜ ਕੇ ਮਰਨ ਦਾ ਸਮਾਂ ਦਿਓ।"

ਲੰਟੇਨਕ ਹੈਰਾਨ ਹੋ ਕੇ ਬੋਲਿਆ, "ਕਾਕਾ ਤੇਰੀ ਉਮਰ ਬੜੀ ਛੋਟੀ ਹੈ ਲੜਾਈ ਬੜੀ ਡਰਾਉਣੀ ਚੀਜ ਹੈ।"

"ਹੋਵੇਗੀ," ਮੁੰਡਾ ਮੁਸਕਰਾਕੇ ਕਹਿਣ ਲਗਾ "ਜਿਹੜੇ ਗਦੇਲਿਆਂ ਤੇ ਲੇਟੇ ਰਹਿੰਦੇ ਹਨ, ਉਨ੍ਹਾਂ ਲਈ ਮੈਂ ਕਿਸਾਨ ਦਾ ਪੁਤਰ ਹਾਂ ਤੇ ਸੱਪਾਂ ਦੀਆਂ ਸਿਰੀਆਂ ਮਿਧਕੇ ਏਡਾ ਹੋਇਆ ਹਾਂ।"

"ਸ਼ਾਬਾਸ਼" ਲੰਟੇਨਕ ਨੇ ਕਿਹਾ "ਤੇਰੀ ਮਾਸੂਮ ਛਾਤੀ ਵਿਚ ਬਹਾਦਰ ਦਿਲ ਹੈ" ਗੇਵਾਰਡ ਵਲ ਮੂੰਹ ਕਰਕੇ ਸੈਨਾਪਤੀ ਬੋਲਿਆ "ਤੁਹਾਡੇ ਨਾਲ ਕੋਈ ਪਾਦਰੀ ਹੈ ?"

"ਹਾਂ ਇਕ ਹੈ।"

"ਉਸ ਨੂੰ ਛੇਤੀ ਬੁਲਾਓ, ਹਾਲਾਂ ਇਕ ਨਾਲ ਗੁਜਾਰਾ ਕਰਾਂਗੇ, ਛੇਤੀ ਹੀ ਸਾਨੂੰ ਸੈਂਕੜੇ ਪਾਦਰੀ ਬੁਲਾਉਣੇ ਪੈਣਗੇ, ਜਦੋਂ ਹਜਾਰਾਂ ਦੀ ਗਿਣਤੀ ਵਿੱਚ ਸਿਪਾਹੀ ਮਰਨਗੇ। ਉਸ ਤੋਂ ਪਿਛੋਂ ਹਜਾਰਾਂ ਪਾਦਰੀਆਂ ਦੀ ਲੋੜ ਪਏਗੀ, ਜਦੋਂ ਲਖਾਂ ਸਿਪਾਹੀ ਰਣ-ਭੂਮੀ ਵਿੱਚ ਮਰਨ ਲਈ ਜਾਣਗੇ।"

ਇਕ ਪੇਂਡੂ ਪਾਦਰੀ ਲਾਗੇ ਆ ਖੜਾ ਹੋਇਆ, ਲੰਟੇਨਕ ਨੇ ਕਿਹਾ, "ਤੈਨੂੰ ਪਤਾ ਹੈ, ਮਰਨ ਵਾਲੇ ਆਦਮੀ ਲਾਗੇ ਖੜੇ ਹੋ ਕੇ

ਤੈਨੂੰ ਕੀ ਕਰਨਾ ਪਵੇਗਾ ?''

"ਜੀ ਹਾਂ, ਪਰ ਮੈਨੂੰ ਸ਼ਹਿਰੀਆਂ ਦੇ ਮਰਨ ਵੇਲੇ ਲਾਗੇ ਨਹੀਂ ਖੜੋਣਾ ਔਂਦਾ।''

ਲੰਟੈਨਕ ਨੇ ਕਿਹਾ "ਕੀ ਪੇਂਡੂ ਤੇ ਸ਼ਹਿਰੀਆਂ ਦੇ ਮਰਨ ਦੇ ਢੰਗ ਵੀ ਵਖਰੇ ਹਨ ?''

"ਜੀ ਹਾਂ, ਬਹੁਤ ਫਰਕ ਹੈ। ਇਕ ਵਾਰ ਮੈਂ ਛੋਟਾ ਜੇਹਾ ਸਾਂ ਤਾਂ ਇਕ ਸ਼ਹਿਰੀ ਪਾਦਰੀ ਮੇਰੇ ਬਾਬੇ ਨੂੰ ਕਹਿ ਰਿਹਾ ਸੀ, 'ਕਿ ਸ਼ੁਕਰ ਹੈ ਤੁਸੀਂ ਪਿੰਡ ਵਿਚ ਹੋ ਜੇ ਕਿਤੇ ਸ਼ਹਿਰ ਵਿਚ ਹੁੰਦੇ ਤਾਂ ਮਰਨ ਵਾਲੇ ਆਦਮੀ ਵੀ ਤੈਨੂੰ ਵੇਖਕੇ ਹੱਸ ਪਿਆ ਕਰਦੇ ਤੇ ਮਰਨ ਵਲੋਂ ਕੰਨਾਂ ਨੂੰ ਹੱਥ ਲਾਉਂਦੇ।''

"ਤੂੰ ਬਹੁਤ ਸਿਆਣਾ ਪਾਦਰੀ ਏਂ।'' ਗੱਲ ਟਾਲਣ ਲਈ ਲੰਟੈਨਕ ਨੇ ਗੇਵਾਰਡ ਨੂੰ ਪੁਛਿਆ, "ਜਿਸ ਘਰ ਵਿਚ ਲੋਕ ਰਾਜ ਵਾਲਿਆਂ ਨੂੰ ਸਤਕਾਰ ਦਿੱਤਾ ਸੀ, ਉਹ ਘਰ ਸਾੜ ਦਿੱਤਾ ਹੈ ਕਿ ਨਹੀਂ ?''

"ਸੁਆਹ ਦੀ ਢੇਰੀ ਕਰ ਦਿੱਤਾ ਹੈ।''

"ਉਸ ਸਾਰੇ ਪਿੰਡ ਨੂੰ ਵੀ ਸਾੜ ਦਿੱਤਾ ਹੈ ?''

"ਸਾਰੇ ਪਿੰਡ ਨੂੰ ?......ਨਹੀਂ।''

"ਸਭ ਨੂੰ ਸਾੜ ਦਿਓ।''

ਸਿਪਾਹੀਆਂ ਨੇ ਸੁੱਕੇ ਕੱਖ ਫੜ ਲਏ ਤੇ ਪਿੰਡ ਵਲ ਦੌੜੇ। ਪਿੰਡ ਦੇ ਲਾਗੇ ਜਾਂਦਿਆਂ ਸਾਰਿਆਂ ਦੇ ਹੱਥ ਵਿੱਚ ਲਾਂਬੂ ਸਨ ਤੇ ਕਈ ਕਈ ਸਿਪਾਹੀ ਇਕ ਘਰ ਦੇ ਚੁਫੇਰੇ ਫਿਰਦੇ ਸਨ। ਪਿੰਡ ਵਾਲਿਆਂ ਬਥੇਰੀ ਹਾਲ ਪਾਹਰਿਆ ਕੀਤੀ, ਪਰ ਇਕ ਸਰਦਾਰ ਦੇ ਹੁਕਮ ਨੇ ਸਭ ਨੂੰ ਬੋਲਾ ਕੀਤਾ ਹੋਇਆ ਸੀ।

"ਗੇਵਾਰਡ ! ਉਹ ਕਿਸਦੇ ਆਦਮੀ ਸਨ, ਜਿਨ੍ਹਾਂ ਨੇ ਸੁਵਾਗਤ ਕੀਤਾ ਸੀ ?''

"ਸੰਟੋਰੇ ਦੇ।"

"ਉਸ ਸੰਟੋਰੇ ਦੇ, ਜਿਸ ਨੇ ਬਾਦਸ਼ਾਹ ਦੇ ਸਿਰ ਕਟੇ ਜਾਣ ਵੇਲੇ ਢੋਲ ਵਜਵਾਏ ਸਨ ਤੇ ਕਹਿੰਦਾ ਸੀ, 'ਕਈ ਕਈ ਐਸੇ ਸਿਰ ਹੁੰਦੇ ਹਨ, ਜਿਨ੍ਹਾਂ ਨੂੰ ਕਾਇਮ ਰੱਖਣ ਲਈ ਆਦਮੀਆਂ ਨੂੰ ਬੱਕ-ਰੀਆਂ ਵਾਂਗ ਕਟਵਾਇਆ ਜਾਂਦਾ ਹੈ।' ਹਾਂ, ਇਸ ਫੌਜ ਦਾ ਕੀ ਨਾਮ ਸੀ?"

"ਬੀਰਾਂ ਦੀ ਫੌਜ; ਹੁਣ ਬੀਰਾਂ ਦੀ ਫੌਜ ਦੇ ਕੁਝ ਆਦਮੀ ਜ਼ਖਮੀ ਹਨ ਅਤੇ ਕੁਝ ਕੈਦੀ ਹਨ; ਉਨ੍ਹਾਂ ਦਾ ਕੀ ਕੀਤਾ ਜਾਵੇ?"

"ਸਫਾਇਆ ਕਰ ਦਿਓ।"

"ਸ੍ਰੀ ਮਾਨ ਜੀ, ਜੇਹੜੇ ਜ਼ਖਮੀ ਹਨ?"

"ਉਹ ਛੇਤੀ ਮਾਰੇ ਜਾ ਸਕਦੇ ਹਨ।"

"ਤੇ ਸ੍ਰੀ ਮਾਨ ਜੀ! ਅੱਸੀ ਕੁ ਆਦਮੀ ਕੈਦ ਹਨ।"

"ਉਹ ਵੀ ਬੜੀ ਬੇਫਿਕਰੀ ਨਾਲ ਮਾਰੇ ਜਾ ਸਕਦੇ ਹਨ।"

"ਸ੍ਰੀ ਮਾਨ ਜੀ ਉਨ੍ਹਾਂ ਨਾਲ ਦੋ ਇਸਤਰੀਆਂ ਵੀ ਹਨ।"

"ਇਸਤ੍ਰੀਆਂ ਮਾਰਨੀਆਂ ਤਾਂ ਛੋਹਿਰਆਂ ਨਾਲੋਂ ਵੀ ਸੋਖੀਆਂ ਹਨ।"

"ਤੇ ਤਿੰਨ ਬੱਚੇ ਵੀ ਨਾਲ ਹਨ।"

"ਉਨ੍ਹਾਂ ਨੂੰ ਨਾਲ ਲੈ ਆਉਣਾ, ਬਾਕੀ ਸਭ ਝਾੜੂ ਦੇ ਦੇਣਾ, ਸਫਾਈ ਬੜੀ ਚੰਗੀ ਚੀਜ਼ ਹੈ।"

* * * * * *

ਟੈਲੀ ਮਾਰਚ ਸ਼ਾਮ ਵੇਲੇ ਫਿਰਦਾ ਫਿਰਾਂਦਾ ਇਸ ਪਿੰਡ ਵਲ ਆ ਨਿਕਲਿਆ। ਸਾਰੇ ਪਿੰਡ ਤੇ ਧੂੰਆਂ ਹੀ ਧੂੰਆਂ ਸੀ। ਟੈਲੀਮਾਰਚ ਦਾ ਮਥਾ ਠਣਕਿਆ, ਕਿਉਂਕਿ ਉਹ ਹਰ ਪ੍ਰਕਾਰ ਦੇ ਧੂਏਂ ਤੋਂ ਜਾਣੂ ਸੀ, ਯੱਗ ਦੀ ਅਗ ਦਾ ਧੂੰਆਂ, ਭਠਿਆਂ ਦਾ ਧੂੰਆਂ, ਲੋਦੇ ਪਹਿਰ ਭੜੋਲੀਆਂ ਵਿਚੋਂ ਨਿਕਲਦਾ ਧੂਆਂ ਤੇ ਮਰ ਗਏ

ਪ੍ਰਾਣੀ ਦਾ ਧੂਆਂ। ਟੈਲੀਮਾਰਚ ਨੇ ਵੇਖਿਆ ਧੂਏਂ ਵਿੱਚ ਕਦੀ ਕਦੀ ਅੱਗ ਦੀ ਲਾਟ ਉਚੀ ਨਿਕਲਦੀ, ਉਹ ਛੇਤੀ ਛੇਤੀ ਪਿੰਡ ਵਲ ਨੂੰ ਵਧਿਆ। ਜੋ ਕੁਝ ਉਸ ਨੇ ਆਕੇ ਵੇਖਿਆ, ਉਸ ਦਾ ਸਿਰ ਚਕਰਾ ਗਿਆ। ਛੱਨਾਂ ਤੇ ਢਾਹਿਆਂ ਤੋਂ ਲੱਗ ਕੇ ਪੱਕੇ ਘਰਾਂ ਤੱਕ ਸਭ ਦੇ ਸਭ ਸੜ ਰਹੇ ਸਨ। ਵੱਡੀਆਂ ਵੱਡੀਆਂ ਲੱਕੜਾਂ ਤਿੜਕ ਰਹੀਆਂ ਸਨ, ਭਾਂਡੇ ਅੱਗ ਦੇ ਸੇਕ ਨਾਲ ਪਿਘਲ ਕੇ ਪਾਣੀ ਵਾਂਗ ਇਧਰ ਉਧਰ ਵਗ ਰਹੇ ਸਨ, ਵੇਹੜਿਆਂ ਵਿੱਚ ਲੱਗੇ ਹੋਏ ਬ੍ਰਿਛ ਵੀ ਮੱਚ ਰਹੇ ਸਨ। ਟੈਲੀ ਮਾਰਚ ਨੂੰ ਦੂਰੋਂ ਸੇਕ ਆ ਰਿਹਾ ਸੀ। ਉਹ ਆਪਣੇ ਫਟੇ ਕਪੜੇ ਨਾਲੋਂ ਇਕ ਲੀਰ ਲਾਹਕੇ ਪਾਣੀ ਨਾਲ ਗਿੱਲੀ ਕਰਨ ਲਈ ਇਕ ਟੋਭੇ ਵਲ ਵਧਿਆ, ਉਸ ਨੂੰ ਪਾਣੀ ਦਾ ਰੰਗ ਲਾਲ ਲਾਲ ਜਾਪਿਆ, ਪਰ ਉਸ ਨੇ ਖਿਆਲ ਕੀਤਾ ਇਹ ਅੱਗ ਦੇ ਪ੍ਰਛਾਵੇਂ ਕਰਕੇ ਲਾਲ ਹੈ। ਪਾਣੀ ਵਿੱਚ ਹਥ ਪੌਂਦਿਆਂ ਟੈਲੀ-ਮਾਰਚ ਤ੍ਰਬ੍ਹਕ ਪਿਆ, ਇਹ ਬੀਰਾਂ ਦੀ ਫੌਜ ਦਾ ਲਹੂ ਸੀ। ਉਸਨੇ ਆਪਣੇ ਸਾਹਮਣੇ ਵਲ ਵੇਖਿਆ, ਰਸਿਆਂ ਨਾਲ ਪਿਛੇ ਬੱਧੀਆਂ ਹੋਈਆਂ ਬਾਹਵਾਂ ਵਾਲੇ ਆਦਮੀਆਂ ਦਾ ਢੇਰ ਲਗ਼ਾ ਪਿਆ ਸੀ, ਕਿਸੇ ਦਾ ਸਿਰ ਵਖ ਤੇ ਕਿਸੇ ਦੀ ਬਾਂਹ ਵਖ, ਇਹ ਸਾਰੀ ਬੀਰਾਂ ਦੀ ਫੌਜ ਦਾ ਢੇਰ ਸੀ।

ਟੈਲੀ ਮਾਰਚ ਅੱਗੇ ਵਧਿਆ ਤੇ ਇਕ ਇਕ ਲਾਸ਼ ਨੂੰ ਵੇਖਣ ਲਗਾ। ਨੀਲੀਆਂ ਬਰਦੀਆਂ ਉਤੇ ਲੋਕ-ਰਾਜ ਦਾ ਚਿੰਨ੍ਹ ਸੀ; ਕਿਸੇ ਦੇ ਪੈਰਾਂ ਵਿਚ ਨ ਬੂਟ ਸਨ ਤੇ ਨ ਹਥਿਆਰ। ਗੇਵਾਰਡ ਨੂੰ ਇਤਨੀ ਕਾਹਲ ਸੀ ਕਿ ਉਹ ਮੁਣਦਿਆਂ ਨੂੰ ਦਬਾਕੇ ਵੀ ਨ ਗਿਆ। ਕਲ ਸ਼ਾਮੀ ਇਹ ਸਾਰੇ ਏਥੇ ਆਏ ਸਨ, ਸੂਰਜ ਚੜ੍ਹਿਆ ਪਰ ਇਹ ਉਠਣ ਜੋਗੇ ਨ ਰਹੇ। ਛਾਤੀਆਂ ਗੋਲੀਆਂ ਨਾਲ ਵਿੰਨ੍ਹੀਆਂ ਪਈਆਂ ਸਨ। ਇਸ ਢੇਰ ਦੇ ਕੋਈ ਚਾਰ ਪੰਜ ਗਜ਼ ਦੀ ਵਿਥ ਤੇ ਇਕ ਚਿੱਟੇ ਕਪੜਿਆਂ ਵਾਲੀ ਇਸਤ੍ਰੀ ਸੁਤੀ ਹੋਈ ਸੀ। ਟੈਲੀ ਮਾਰਚ

ਉਸ ਵਲ ਵਧਿਆ। ਉਸ ਦੀ ਕੱਛ ਵਿਚ ਇਕ ਝੋਲਾ ਪਾਇਆ ਹੋਇਆ ਸੀ। ਟੈਲੀ ਮਾਰਚ ਨੇ ਫੋਲਿਆ ਉਸ ਵਿੱਚ ਮਲ੍ਹਮਾਂ ਅਤੇ ਪਟੀਆਂ ਸਨ। ਟੈਲੀ ਮਾਰਚ ਨੇ ਮੁਰਦਿਆਂ ਵਲ ਨਜ਼ਰ ਮਾਰੀ ਅੱਖਾਂ ਵਿਚ ਹੰਝੂ ਆ ਗਏ। ਦਿਲ ਹੀ ਦਿਲ ਵਿਚ ਆਖਣ ਲੱਗਾ, "ਮਾਰਨ ਵਾਲਾ ਅੰਧਾ ਹੁੰਦਾ ਹੈ, ਉਹ ਮਲ੍ਹਮਾਂ ਵਾਲਿਆਂ ਨੂੰ ਮਾਰਨ ਲਗਾ ਪਛਾਣ ਨਹੀਂ ਸਕਦਾ। ਇਹ ਪਟੀਆਂ ਤੇ ਦੁਵਾਈਆਂ ਨਾ ਕਿਸੇ ਦੇ ਕੰਮ ਆਈਆਂ ਤੇ ਨ ਆਪਣੇ।" ਵਿਚਾਰੀ ਦੀ ਖੋਪਰੀ ਵਿਚ ਚਾਰ ਗੋਲੀਆਂ ਲਗੀਆਂ ਹੋਈਆਂ ਸਨ। ਇਸ ਤੋਂ ਤਿੰਨ ਗਜ਼ ਪਰੇ ਇਕ ਹੋਰ ਇਸਤ੍ਰੀ ਪਈ ਹੋਈ ਸੀ। ਟੈਲੀ ਮਾਰਚ ਉਸ ਵਲ ਵਧਿਆ। ਉਹ ਕਿਸਾਨ ਇਸਤ੍ਰੀ ਸੀ। ਉਸ ਦੇ ਪੈਰ ਨੰਗੇ ਸਨ ਤੇ ਅਜੇ ਉਸ ਵਿਚੋਂ ਖ਼ੂਨ ਵਗ ਰਿਹਾ ਸੀ। ਉਸਦਾ ਮੂੰਹ ਅੱਡਿਆ ਹੋਇਆ ਸੀ ਤੇ ਅਖਾਂ ਬੰਦ ਸਨ। ਗੋਲੀ ਨਾਲ ਉਸ ਦਾ ਹੱਸ ਟੁਟ ਗਿਆ ਸੀ। ਪਾਟੇ ਹੋਏ ਕਪੜੇ ਸਨ। ਟੈਲੀ ਮਾਰਚ ਨੇ ਹਥ ਰਖਕੇ ਵੇਖਿਆ, ਉਹ ਅਜੇ ਗਰਮ ਸੀ। ਦਿਲ ਤੇ ਹੱਥ ਰਖਕੇ ਵੇਖਿਆ, ਉਹ ਭੀ ਧੜਕਦਾ ਸੀ। ਟੈਲੀ ਮਾਰਚ ਉਠਿਆ ਤੇ ਜ਼ੋਰ ਨਾਲ ਬੋਲਿਆ, "ਏਥੇ ਕੋਈ ਰੱਬ ਦਾ ਬੰਦਾ ਹੈ ?"

ਸਹਿਜੇ ਜਹੇ ਇਕ ਆਵਾਜ਼ ਆਈ, "ਟੈਲੀ ਮਾਰਚ, ਤੁਸੀਂ ਆਵਾਜ਼ਾਂ ਦੇ ਰਹੇ ਹੋ ?" ਇਹ ਕਹਿਕੇ ਇਕ ਖੰਡਰ ਵਿਚੋਂ ਇਕ ਆਦਮੀ ਉਠਕੇ ਕੰਬਦਾ ਕੰਬਦਾ ਟੈਲੀ ਮਾਰਚ ਵਲ ਆਇਆ। ਇਕ ਹੋਰ ਸਿਰ ਉਚਾ ਹੋਇਆ ਤੇ ਉਹ ਵੀ ਅਗੇ ਵਧਿਆ। ਟੈਲੀ ਮਾਰਚ ਨੂੰ ਇਸਤ੍ਰੀ ਲਾਗੇ ਝੁਕਿਆ ਵੇਖਕੇ ਬੋਲਿਆ, "ਕੀ ਇਹ ਜੀਉਂਦੀ ਹੈ ?"

ਟੈਲੀ ਮਾਰਚ ਨੇ ਸਿਰ ਹਿਲਾਇਆ।

ਦੂਜਾ ਬੋਲਿਆ, "ਕੀ ਔਹ ਦੂਜੀ ਇਸਤ੍ਰੀ ਵੀ ਜੀਉਂਦੀਹੈ?"

ਜੰਗਲ ਦੇ ਰਹਿਣ ਵਾਲੇ ਫਕੀਰ ਨੇ ਸਿਰ ਹਿਲਾਇਆ,

ਜਿਸ ਦਾ ਅਰਥ ਸੀ "ਨਹੀਂ।"

ਪਹਿਲਾ ਕਹਿਣ ਲੱਗਾ, "ਮੈਂ ਸਭ ਕੁਝ ਅਖੀਂ ਵੇਖਿਆ ਹੈ। ਤਿੰਨੇ ਬਚੇ ਇਸ ਨਾਲ ਚਿੰਬੜੇ ਹੋਏ ਸੀ; ਮਾਂ ਵੇਖ ਰਹੀ ਸੀ ਕੈਦੀਆਂ ਨੂੰ ਤਲਵਾਰਾਂ ਨਾਲ ਕਟੀਂਦੇ। ਜਦ ਸਿਪਾਹੀ ਮਾਂ ਨਾਲੋਂ ਬਚੇ ਨਿਖੇੜ ਰਹੇ ਸਨ ਤਾਂ ਮਾਂ ਕਹਿੰਦੀ ਸੀ, 'ਹਾਏ! ਮੇਰੇ ਬਚੇ, ਹਾਏ! ਮੇਰੇ ਬਚੇ,' ਤੇ ਬਚੇ ਕਹਿੰਦੇ ਸਨ 'ਹਾਏ ਸਾਡੀ ਮਾਂ, ਹਾਏ ਸਾਡੀ ਮਾਂ।' ਪਹਿਲੋਂ ਮੈਨੂੰ ਨਹੀਂ ਸੀ ਪਤਾ ਕਿ ਸਿਪਾਹੀ ਭਰਤੀ ਕਰਨ ਪਿਛੋਂ ਬੋਲੇ ਬਣਾ ਦਿਤੇ ਜਾਂਦੇ ਹਨ।"

ਦੂਜਾ ਬੋਲਿਆ, "ਕੀ ਉਹ ਬੋਲੇ ਸਨ? ਉਹ ਤੇ ਆਪ ਵਿਚ ਦੀ ਗੱਲਾਂ ਕਰਦੇ ਸਨ।"

ਪਹਿਲਾ ਬੋਲਿਆ, "ਹਾਂ, ਸਿਪਾਹੀ ਸਿਪਾਹੀਆਂ ਦੀ ਸੁਣ ਲੈਂਦੇ ਹਨ, ਪਰ ਜਿਨ੍ਹਾਂ ਤੇ ਉਹ ਹਮਲਾ ਕਰਦੇ ਹਨ, ਉਨ੍ਹਾਂ ਦੀ ਨਹੀਂ ਸੁਣਦੇ।"

ਟੈਲੀ ਮਾਰਚ ਨੇ ਸੈਨਤ ਕੀਤੀ। ਦੋਹਾਂ ਆਦਮੀਆਂ ਨੇ ਇਸਤ੍ਰੀ ਨੂੰ ਸਹਿਜ ਨਾਲ ਚੁਕ ਲਿਆ ਤੇ ਟੈਲੀ ਮਾਰਚ ਦੀ ਗੁਫਾ ਵਲ ਨੂੰ ਤੁਰ ਪਏ। ਭਿਖਾਰੀ ਨੇ ਤੀਵੀਂ ਨੂੰ ਗੁਫਾ ਵਿਚ ਲਿਟਾ ਦਿੱਤਾ। ਉਸ ਦੇ ਇਕ ਹੱਥ ਵਿਚ ਜੀਵਨ-ਨਾੜ ਸੀ ਤੇ ਦੂਜਾ ਹੱਥ ਦਿਲ ਤੇ ਸੀ। ਚੰਦ ਦੀ ਚਾਨਣੀ ਝੀਤਾਂ ਵਿਚ ਦੀ ਇਸਤ੍ਰੀ ਦੇ ਮੂੰਹ ਤੇ ਆ ਰਹੀ ਸੀ। ਟੈਲੀ ਮਾਰਚ ਨੂੰ ਲੰਘ ਚੁਕੀ ਰਾਤ ਯਾਦ ਆ ਰਹੀ ਸੀ। ਦੋਵੇਂ ਕਿਸਾਨ ਆਪੋ ਵਿਚ ਦੀ ਗਲੀਂ ਲਗੇ ਹੋਏ ਸਨ। ਇਕ ਬੋਲਿਆ, "ਸਾਰਿਆਂ ਨੂੰ ਮਾਰ ਦਿੱਤਾ ਹੈ, ਸਾਰਿਆਂ ਦੇ ਘਰ ਸਾੜ ਦਿੱਤੇ ਹਨ, ਪਸ਼ੂ ਤੇ ਕੁਕੜੀਆਂ ਤੜਫ ਤੜਫ ਕੇ ਅੱਗ ਵਿਚ ਸੜ ਗਏ।"

ਦੂਜੇ ਨੇ ਕਿਹਾ, "ਹੇ ਭਗਵਾਨ, ਕੀ ਹੁਣ ਏਹੋ ਜੇਹੀਆਂ ਗੱਲਾਂ ਹੀ ਹੋਇਆ ਕਰਨਗੀਆਂ!"

"ਬੇਸ਼ਕ, ਜਿੰਨਾਂ ਚਿਰ ਇਹ ਲੰਮਾਂ ਬੁਢਾ ਜੀਉਂਦਾ ਰਹੇਗਾ, ਏਸੇ ਤਰ੍ਹਾਂ ਦੀ ਰੌਣਕ ਲਗੀ ਰਹੇਗੀ," ਦੂਜੇ ਕਿਸਾਨ ਨੇ ਕਿਹਾ।

ਪਹਿਲਾ ਕਿਸਾਨ ਬੋਲਿਆ, "ਕਿਸਾਨ ਤਾਂ ਕਹਿੰਦੇ ਸਨ; ਲੰਟੇਨਕ ਸਾਡਾ ਰਾਜਾ ਹੈ।"

"ਸਾਰੇ ਰਾਜੇ ਏਸੇ ਤਰ੍ਹਾਂ ਕਰਦੇ ਹਨ, ਜਦੋਂ ਮੌਤ ਗੂੰਜਦੀ ਹੋਵੇ ਉਦੋਂ ਪਿੰਡਾਂ ਵਿਚ ਆ ਕੇ ਸਾਡੇ ਭਰਾ ਬਣਦੇ ਹਨ, ਸਾਡੀ ਪੋਸ਼ਾਕ ਪਾਉਂਦੇ ਹਨ ਤੇ ਅਗੋਂ ਪਿਛੋਂ ਅਸੀਂ ਬਗਲੇ ਭੂਤਨੇ, ਤੇ ਡੰਗਰਾਂ ਨਾਲ ਰਹਿਕੇ ਡੰਗਰ ਬਣੇ ਹੋਏ।"

"ਫਿਰ ਹੁਣ ਅਸੀਂ ਮੱਦਦ ਕਿਉਂ ਕਰਦੇ ਹਾਂ ?"

"ਇਸ ਕਰਕੇ, ਅਸੀਂ ਸਮਝਦੇ ਹਾਂ, ਜੋ ਗੱਲਾਂ ਯਕੀਨ ਕਰਨ ਲਈ ਹੁੰਦੀਆਂ ਹਨ।"

"ਤੇ ਗਲਾਂ ਹੁੰਦੀਆਂ ਈ ਯਕੀਨ ਕਰਨ ਲਈ ਨੇ ਕਿ ?"

"ਨਹੀਂ ਨਹੀਂ, ਸ਼ਹਿਰੀਆਂ ਤੇ ਸਰਕਾਰ ਦੀਆਂ ਗੱਲਾਂ ਕੇਵਲ ਦਿਲ ਖੁਸ਼ ਕਰਨ ਲਈ ਹੁੰਦੀਆਂ ਹਨ।"

"ਜੇ ਲੰਟੇਨਕ ਮਾਰ ਦੇਣ ਤੇ ਸਾੜ ਦੇਣ ਦਾ ਹੁਕਮ ਨ ਕਰਦਾ ਤਾਂ ਵੇਲੀ ਦੇ ਸਿਪਾਹੀ ਨ ਪਿੰਡ ਸਾੜਦੇ, ਨ ਕੈਦੀਆਂ ਤੇ ਇਸਤ੍ਰੀਆਂ ਨੂੰ ਹੀ ਮਾਰਦੇ।"

ਫੇਲੀ ਮਾਰਚ ਨੇ ਚੰਦ ਵਲ ਵੇਖਿਆ ਤੇ ਲੰਮਾਂ ਹੌਕਾ ਭਰਕੇ ਬੋਲਿਆ "ਜੇ ਮੈਨੂੰ ਪਤਾ ਹੁੰਦਾ...............।"

# ਉਸ ਵੇਲੇ ਦਾ ਪੈਰਸ ਤੇ ਆਦਮੀ

ਉਸ ਵੇਲੇ ਪੈਰਸ ਦੇ ਲੋਕੀਂ ਆਪਣੇ ਆਪ ਨੂੰ ਖੁਲ੍ਹਾ ਤੇ ਹੌਲਾ ਹੌਲਾ ਪ੍ਰਤੀਤ ਕਰਦੇ ਸਨ। ਹਰ ਇਕ ਨੇ ਕੁਰਸੀਆਂ ਮੇਜ਼ ਆਪਣੇ ਦਰਵਾਜ਼ੇ ਵਾਲੀ ਸਾਹਮਣੀ ਸੜਕ ਤੇ ਰਖੇ ਹੋਏ ਸਨ। ਹਰ ਇਕ ਆਦਮੀ ਨੂੰ ਉਚੀ ਉਚੀ ਗਲਾਂ ਕਰਨ ਦੀ ਆਦਤ ਪਕ ਗਈ ਸੀ। ਉਨ੍ਹਾਂ ਦੀਆਂ ਬਹੁਤੀਆਂ ਗੱਲਾਂ ਹੁੰਦੀਆਂ ਸਨ ਫਾਂਸੀ ਲਗਣ ਵੇਲੇ ਜਾਂ ਗ੍ਰਿਫਤਾਰੀ ਵੇਲੇ ਰਾਜੇ ਤੇ ਵਜੀਰ ਦੀਆਂ ਪ੍ਰਾਰਥਨਾਂ। ਸੜਕਾਂ ਦਾ ਔਣਾ ਜਾਣਾ ਵੀ ਖੁਲ੍ਹਾ ਸੀ। ਜੇ ਕੋਈ ਕਿਸੇ ਨੂੰ ਆਖੇ ਕਿ ਤੂੰ ਆਪਣੇ ਹਥ ਚਲ, ਤਾਂ ਅਗੋਂ ਘੜਿਆ ਘੜਾਇਆ ਜੁਬਾਬ ਮਿਲਦਾ ਸੀ, "ਲੋਕ ਰਾਜ ਵਾਲੇ ਲਕੀਰ ਦੇ ਫਕੀਰ ਨਹੀਂ, ਹੁਣ ਅਸੀਂ ਆਜ਼ਾਦ ਹਾਂ, ਜਿਥੇ ਦਿਲ ਕਰਦਾ ਹੈ, ਚਲਾਂਗੇ।"

ਇਸਤ੍ਰੀਆਂ ਗਿਰਜੇ ਦੀਆਂ ਪੌੜੀਆਂ ਤੇ ਬੈਠਕੇ ਬਹਾਦਰ ਆਦਮੀਆਂ ਦੇ ਗੀਤ ਗਾਂਦੀਆਂ ਤੇ ਨਾਲ ਥਾਨਾਂ ਦੇ ਥਾਨਾਂ ਨੂੰ ਚੀਰ ਚੀਰ ਕੇ ਜ਼ਖਮੀਆਂ ਵਾਸਤੇ ਪੱਟੀਆਂ ਪਾੜਦੀਆਂ। ਖੁਲ੍ਹੇ ਬਾਗਾਂ ਵਿਚ ਖੜੋ ਕੇ ਸਿਪਾਹੀਆਂ ਨੂੰ ਕਵਾਇਦ ਸਿਖਾਂਦੇ ਤੇ ਨਿੱਕੇ ਨਿੱਕੇ ਮੁੰਡੇ ਕੁੜੀਆਂ ਉਨ੍ਹਾਂ ਨੂੰ ਵੇਖਕੇ ਘਰਾਂ ਵਿਚ ਆਕੇ ਉਸੇ ਤਰ੍ਹਾਂ ਕਰਦੇ।

ਲੁਹਾਰਾਂ ਦੀਆਂ ਦੁਕਾਨਾਂ ਤੇ ਬੜੀ ਭੀੜ ਲਗੀ ਰਹਿੰਦੀ ਸੀ। ਨਵੇਂ ਨਵੇਂ ਕੁਹਾੜੀਆਂ ਤੇ ਛੁਰੀਆਂ ਦੇ ਨਮੂਨੇ ਵੇਖਕੇ ਲੋਕ

ਲੁਹਾਰਾਂ ਦੀਆਂ ਸਿਫਤਾਂ ਕਰਦੇ ਨਹੀਂ ਸੀ ਰਜਦੇ। ਕਈ ਤਾਂ ਇਥੋਂ ਤਕ ਕਹਿ ਦੇਂਦੇ, "ਤੁਸੀਂ ਲੋਕ-ਰਾਜ ਦੀਆਂ ਨੀਹਾਂ ਹੋ।" ਤਿਉਹਾਰਾਂ ਵੇਲੇ ਸੁਗਾਤ ਦੇ ਤੌਰ ਤੇ ਲੋਕ ਤਲਵਾਰਾਂ ਤੇ ਨੇਜ਼ੇ ਇਕ ਦੂਜੇ ਨੂੰ ਭੇਜਦੇ; ਕਿਸੇ ਤੋਂ ਕੋਈ ਵਡੀ ਤੋਂ ਵਡੀ ਗਲਤੀ ਵੀ ਹੋ ਜਾਵੇ ਤਾਂ ਭੁਲਣ ਵਾਲਾ ਝਟ ਆਖ ਦੇਂਦਾ, "ਘਬਰਾਉਂਦੇ ਕਿਉਂ ਹੋ, ਇਹ ਇਨਕਲਾਬ ਦਾ ਜ਼ਮਾਨਾ ਹੈ।"

ਇਕ ਗਭਰੂ ਆਪਣੇ ਬੁਢੇ ਪਿਉ ਦੀ ਸੋਟੀ ਲੈਕੇ ਬਜ਼ਾਰ ਵਿਚ ਆਇਆ। ਪਿਉ ਉਸ ਦਾ ਬੁਰਾ ਭਲਾ ਕਹਿ ਰਿਹਾ ਸੀ। ਗੁਵਾਂਢੀ ਆਕੇ ਕਹਿਣ ਲੱਗਾ; "ਇਹ ਤਾਂ ਕੁਝ ਵੀ ਗੱਲ ਨਹੀਂ, ਕਲ ਇਕ ਗਭਰੂ ਨੇ ਆਪਣੀ ਮਾਂ ਦੀ ਕਾਣੀ ਅੱਖ ਵਿੱਚ ਉਂਗਲ ਮਾਰ ਕੇ ਕਿਹਾ, 'ਇਹ ਤਬਦੀਲੀ ਦਾ ਸਮਾਂ ਹੈ, 'ਘਬਰਾਂਦੇ ਕਿਉਂ ਹੋ।"

ਨਾਟਕ ਘਰਾਂ ਵਿਚ ਲੋਕ ਜਾਂਦੇ ਤੇ ਸਾਰਾ ਸਮਾਂ ਰੌਲਾ ਪਾਂਦੇ ਰਹਿੰਦੇ,ਜੇ ਕੋਈ ਟੋਕਦਾ ਤਾਂ ਘੜਿਆ ਘੜਾਇਆ ਉੱਤਰ ਮਿਲਦਾ, "ਅਜ਼ਾਦੀ ਦਾ ਸਮਾਂ ਹੈ," ਸਟੇਜ ਤੇ ਢੀਮਾਂ ਮਾਰੀਆਂ ਜਾਂਦੀਆਂ, ਕੁਰਸੀਆਂ ਤੋੜ ਦਿਤੀਆਂ ਜਾਂਦੀਆਂ, ਨਟ ਤੇ ਨਟਣੀਆਂ ਨਾਲ ਹਾਲ ਵਿਚ ਬੈਠਿਆਂ ਟਿਚਕਰੀਆਂ ਕਰਕੇ ਇਕ ਨਵਾਂ ਨਾਟਕ ਸ਼ੁਰੂ ਕਰ ਦਿਤਾ ਜਾਂਦਾ।

ਹਰ ਇਕ ਆਦਮੀ ਦੀ ਟੋਪੀ ਤੇ ਲੋਕ-ਰਾਜ ਦਾ ਨਿਸ਼ਾਨ ਲਗਾ ਹੁੰਦਾ ਸੀ। ਇਸਤ੍ਰੀਆਂ ਆਪਣੇ ਵਾਲਾਂ ਨੂੰ ਇਸ ਤਰ੍ਹਾਂ ਸੁਵਾਰਦੀਆਂ ਸਨ ਕਿ ਕੁੰਡਲਾਂ ਵਿਚ ਲੋਕ-ਰਾਜ ਦਾ ਨਿਸ਼ਾਨ ਜਾਪੇ। ਆਪਣੇ ਮਕਾਨਾਂ ਦੇ ਦਰਵਾਜ਼ਿਆਂ ਤੇ ਕਪੜਿਆਂ, ਭਾਂਡਿਆਂ ਉਤੇ ਵਿਹੋ ਨਿਸ਼ਾਨ ਸੁਹਣਾ ਲੱਗਦਾ ਸੀ, ਸਕੂਲਾਂ ਵਿਚ ਪਹਿਲੀ ਜਮਾਤ ਦਿਆਂ ਲੜਕਿਆਂ ਤੋਂ ਇਹ ਨਿਸ਼ਾਨ ਸਲੇਟਾਂ ਤੇ ਵਹਾਇਆ ਜਾਂਦਾ ਸੀ।

ਹੁਣ ਦੀਆਂ ਕੁੜੀਆਂ ਵਡੀ ਉਮਰ ਦੀਆਂ ਇਸਤ੍ਰੀਆਂ ਨੂੰ

ਮਖੌਲ ਕਰਦੀਆਂ ਸਨ ਕਿ ਜਦੋਂ ਗਭਰੂ ਲੋਕ-ਰਾਜ ਦੇ ਨਿਸ਼ਾਨ ਟੋਪੀਆਂ ਤੇ ਨਹੀਂ ਸੀ ਲੌਂਦੇ, ਉਨ੍ਹਾਂ ਨਾਲ ਵਿਆਹ ਕਰਾਉਣ ਨਾਲੋਂ ਤੁਸੀਂ ਸਾਰੀ ਉਮਰ ਕਵਾਰੀਆਂ ਰਹਿੰਦੀਆਂ ਤਾਂ ਚੰਗਾ ਸੀ।

ਅਜੈਬ ਘਰਾਂ ਵਿਚ ਰਾਜੇ ਤੇ ਦਰਬਾਰੀਆਂ ਦਾ ਸਾਮਾਨ ਪਿਆ ਸੀ। ਲੋਕ-ਰਾਜ ਵਾਲੇ ਮੁਕਟ ਵੇਖਕੇ ਆਖਦੇ ਸਨ "ਇਹ ਆਦਮੀ ਦੀ ਉਸ ਵੇਲੇ ਦੀ ਨਿਸ਼ਾਨੀ ਹੈ, ਜਦੋਂ ਆਦਮੀ ਦੇ ਕੰਨ ਲੰਮੇ ਸਨ, ਤੇ ਅਖਾਂ ਅਫਰੀਕਾ ਦੇ ਅੰਨ੍ਹੇ ਚੂਹੇ ਵਾਂਗ ਹੁੰਦੀਆਂ ਸਨ, ਪਰ ਦੁਨੀਆਂ ਭਰ ਦੀਆਂ ਸੁੰਦਰੀਆਂ ਉਨ੍ਹਾਂ ਨੂੰ ਫਿਰ ਭੀ ਦਿਸ ਪੈਂਦੀਆਂ ਸਨ।"

ਸ਼ਹਿਰਾਂ ਵਿਚ ਲੋਕ ਨੰਗੀ ਪੈਰੀਂ ਫਿਰਦੇ ਸਨ। ਕਦੀ ਕਦੀ ਨੰਗੇ ਪੈਰਾਂ ਵਾਲੇ, ਜੁਤੀਆਂ ਦੀ ਗਡੀ ਹੋਕ ਕੇ, ਚੰਦਾ ਅਕੱਠਾ ਕਰ, ਸਾਰੀ ਗਡੀ ਦੀ ਗਡੀ ਖ੍ਰੀਦ ਲੈਂਦੇ; ਲੋਕ ਸਭਾ ਪਾਸ ਭੇਜ ਦੇਂਦੇ ਤੇ ਕਹਿੰਦੇ, "ਇਹ ਜੋੜੇ ਉਨ੍ਹਾਂ ਬਹਾਦਰਾਂ ਨੂੰ ਦਿੱਤੇ ਜਾਣ, ਜੋ ਦੇਸ਼ ਵਾਸਤੇ ਮਾਰੇ ਮਾਰੇ ਫਿਰਦੇ ਹਨ।"

ਬਜ਼ਾਰਾਂ ਤੇ ਘਰਾਂ ਵਿਚ ਕਰੀਬਨ ਹਰ ਇਕ ਮੁਲਕ ਦੇ ਅਜ਼ਾਦੀ ਲੈਣ ਵਾਲਿਆਂ ਦੀਆਂ ਤਸਵੀਰਾਂ ਟੰਗੀਆਂ ਹੋਈਆਂ ਸਨ। ਲੋਕ ਉਨ੍ਹਾਂ ਦੇ ਨਾਵਾਂ ਤੇ ਆਪਣੇ ਪੁਤਰਾਂ ਦੇ ਨਾਂ ਰਖਦੇ ਸਨ ਤੇ ਉਨ੍ਹਾਂ ਤਸਵੀਰਾਂ ਦੇ ਗਲੀਂ ਫੁੱਲਾਂ ਦੇ ਹਾਰ ਪਾਉਂਦੇ ਤੇ ਪੂਜਾ ਕਰਦੇ। ਉਸ ਵੇਲੇ ਵਡੀ ਦੁਕਾਨ ਕੋਈ ਟਾਂਵੀ ਟਾਂਵੀ ਸੀ, ਵਿਕਰੀ ਬਹੁਤ ਉਸੇ ਦੀ ਹੁੰਦੀ, ਜੇਹੜਾ ਲੋਕ-ਰਾਜ ਦੇ ਲੀਡਰਾਂ ਦੇ ਨਾਵਾਂ ਨੂੰ ਜੋੜਕੇ ਚੀਜ਼ਾਂ ਦੇ ਨਾਮ ਲਵੇ; ਰਾਜੇ ਤੇ ਉਸੇ ਦੇ ਵਜ਼ੀਰਾਂ ਨੂੰ ਗਾਲ੍ਹਾਂ ਕਢ ਕਢ ਕੇ ਗੱਲ ਕਰੇ; ਲੋਕ-ਰਾਜ ਦੇ ਝੰਡੇ ਗਡੀ ਉਤੇ ਬਹੁਤੇ ਟੰਗੇ। ਰੇੜ੍ਹੀ ਤੇ ਮਾਲ ਵੇਚਣ ਵਾਲੇ ਹੌਕੇ ਵੇਲੇ ਇਸ ਤਰ੍ਹਾਂ ਬੋਲਦੇ ਸਨ ਜਿਸ ਤਰ੍ਹਾਂ ਕੋਈ ਲੈਕਚਰਾਰ ਸਟੇਜ ਤੇ ਖੜ੍ਹੋਤਾ ਬੋਲਦਾ ਹੈ।

ਅਮੀਰਾਂ ਦੀਆਂ ਇਸਤ੍ਰੀਆਂ ਭੈੜੀਆਂ ੨ ਦੁਕਾਨਾਂ ਪਾਕੇ

ਬੈਠੀਆਂ ਹੁੰਦੀਆਂ ਤੇ ਲੰਘ ਗਏ ਸਮੇਂ ਦੀਆਂ ਝਾਕੀਆਂ ਕਦੀ ਕਦੀ ਅਖਾਂ ਮੀਟਕੇ ਤਕਦੀਆਂ ਸਨ। ਅਖਬਾਰਾਂ ਵਾਲੇ ਸਭ ਤੋਂ ਬਹੁਤਾ ਰੌਲਾ ਪੌਂਦੇ ਸਨ। ਬਜ਼ਾਰ ਦੇ ਚੌਂਕ ਵਿਚ ਖੜੋਕੇ ਉਚੀ ਸਾਰੀ ਆਖਦੇ, "ਅਜ ਇਕ ਨਵਾਂ ਸ਼ਿਕਾਰ ਕਾਬੂ ਆ ਗਿਆ," ਤੇ ਦੌੜ ਉਠਦੇ। ਗਾਹਕ ਵੀ ਮਗਰ ਮਗਰ ਦੌੜਕੇ ਦੂਜੇ ਚੌਂਕ ਵਿਚ ਪੁਜਦੇ ਤੇ ਅਖਬਾਰ ਲੈਂਦੇ। ਬਜ਼ਾਰ ਵਿਚ ਉਚੀ ਉਚੀ ਖਬਰਾਂ ਪੜ੍ਹਦੇ, ਦੁਕਾਨਦਾਰ ਦੁਕਾਨਾਂ ਤੋਂ ਉਠਕੇ ਨਾਲ ਨਾਲ ਸੁਣਨ ਲਈ ਤੁਰ ਪੈਂਦੇ। ਜੇ ਕੋਈ ਰੇੜ੍ਹੀ ਜਾਂ ਟਾਂਗਾ ਔਂਦਾ ਤਾਂ ਸਾਰੇ ਬੋਲ ਉਠਦੇ, "ਅੰਨ੍ਹਾ ਹੋਇਆ ਏਂ, ਦਿਸਦਾ ਨਹੀਂ, ਅਖਬਾਰ ਪੜ੍ਹਿਆ ਜਾ ਰਿਹਾ ਹੈ?" ਹਰ ਸਾਤੇ ਵਿਚ ਕੋਈ ਨ ਕੋਈ ਨਵਾਂ ਅਖਬਾਰ ਨਿਕਲਦਾ ਸੀ। ਕੋਈ ਐਸਾ ਲੀਡਰ ਨਹੀਂ ਸੀ ਜਿਸ ਦੇ ਨਾਮ ਤੇ ਅਖਬਾਰ ਨ ਸ਼ੁਰੂ ਕੀਤਾ ਗਿਆ ਹੋਵੇ। ਐਡੀਟਰ ਮੋਟੇ ਸਰੀਰ ਤੇ ਮੋਟੀ ਅਕਲ ਵਾਲੇ ਹੁੰਦੇ ਸਨ।

ਸੜਕਾਂ ਤੇ ਬਜ਼ਾਰਾਂ ਦੇ ਨਾਮ ਬਦਲ ਗਏ, ਸਰਕਾਰੀ ਆਦਮੀਆਂ ਦੇ ਨਾਵਾਂ ਵਾਲੀਆਂ ਸਾਰੀਆਂ ਸੜਕਾਂ ਦੇ ਨਾਮ ਦੇਸ਼ ਭਗਤਾਂ ਦੇ ਨਾਂ ਨਾਲ ਰਖੇ ਗਏ। ਚੰਗੀਆਂ ਚੰਗੀਆਂ ਸੜਕਾਂ ਦੇ ਨਾਮ ਸਨ–ਮੋਨਟ੍ਰੀ ਰੋਡ, ਮੈਡਮ ਰੋਡ, ਜੇਕਸ ਰੋਡ, ਮਿਸ ਮੈਨਟੀ ਰਡ, ਲਾਰੇ ਰੋਡ, ਵੇਨਜੇਨਸ ਰੋਡ, ਡੀਫਾਰਜ ਰੋਡ*।

ਕਈਆਂ ਨੂੰ ਫਾਂਸੀ ਚੜ੍ਹਦੇ ਆਦਮੀ ਵੇਖਣ ਦਾ ਬੜਾ ਸ਼ੌਂਕ ਸੀ, ਜੇ ਕੋਈ ਲਾਗੋਂ ਆਖਦਾ "ਕੀ ਗੱਲ ਹੈ, ਅਜ ਤੇਰਾ ਮੂੰਹ ਉਦਾਸ ਦਿਸਦਾ ਹੈ?"

ਉਹ ਝਟ ਬੋਲਦਾ, "ਮੈਨੂੰ ਬੜਾ ਅਫਸੋਸ ਹੈ, ਕਲ ਕੇਵਲ ਇਕ ਸੌ ਵੀਹ ਆਦਮੀਆਂ ਨੂੰ ਫਾਂਸੀ ਦਿਤੀ ਗਈ ਸੀ ਤੇ ਅਜ

*ਇਨ੍ਹਾਂ ਦਾ ਪੂਰਾ ਪੂਰਾ ਜੀਵਨ ਪੜ੍ਹਨਾ ਹੈ, ਤਾਂ ਪੜ੍ਹੋ ਸੰਸਾਰ ਪ੍ਰਸਿਧ ਨਾਵਲ 'ਕੈਦੀ'।

ਕੇਵਲ ਤ੍ਰਾਨਵਿਆਂ ਨੂੰ। ਕੀ ਹੁਣ ਲੋਕ-ਰਾਜ ਵਾਲਿਆਂ ਨੂੰ ਅਮੀਰ ਨਹੀਂ ਲਭਦੇ ? ਸਾਡੀ ਦਿਲਚਸਪੀ ਦਾ ਵੀ ਖਿਆਲ ਰਖਣਾ ਚਾਹੀਦਾ ਹੈ।"

ਉਸ ਵੇਲੇ ਜੇ ਕੋਈ ਸਮਾਜਕ ਰਸਮਾਂ ਅਨੁਸਾਰ ਜਾਂ ਅਦਾਲਤੀ ਤਰੀਕੇ ਨਾਲ ਵਿਆਹ ਕਰਦਾ ਤਾਂ ਉਸ ਦੇ ਮਗਰ ਮਗਰ ਲੋਕ ਖਿਲੀ ਪੌਂਦੇ ਔਂਦੇ ਤੇ ਉਚੀ ਉਚੀ ਆਖਦੇ "ਪਹਿਲੀ ਸਦੀ ਤੇ ਦੂਜੀ ਸਦੀ ਆਪਣੇ ਆਪ ਨੂੰ ਵਿਆਹ ਦੇ ਕਪੜਿਆਂ ਵਿਚ ਵਲੇਟ ਕੇ ਤੁਰੀ ਜਾ ਰਹੀ ਹੈ।"

ਏਧਰ ਓਧਰ ਜੋ ਈਸਾਈ ਸੰਤਾਂ ਦੀਆਂ ਮੂਰਤਾਂ ਰਖੀਆਂ ਹੋਈਆਂ ਸਨ, ਲੋਕਾਂ ਨੇ ਉਨ੍ਹਾਂ ਦੇ ਮੁਕਟ ਲਾਹਕੇ ਸਿਰਾਂ ਤੇ ਪੁਠੀਆਂ ਟੋਪੀਆਂ ਟਿਕਾ ਦਿਤੀਆਂ ਤੇ ਟੋਪੀਆਂ ਤੇ ਲਿਖ ਦਿਤਾ "ਸੰਤ ਦੁਨੀਆਂ ਤੋਂ ਉਚੇ ਤੇ ਵਖਰੇ ਹੁੰਦੇ ਹਨ, ਇਸ ਲਈ ਉਨ੍ਹਾਂ ਨੂੰ ਪੁਠੀਆਂ ਟੋਪੀਆਂ ਪਾਉਣੀਆਂ ਚਾਹੀਦੀਆਂ ਹਨ, ਸਿਧੀਆਂ ਟੋਪੀਆਂ ਤਾਂ ਨਰਕ ਵਾਸੀ ਦੁਨੀਆਂਦਾਰ ਹੀ ਪਾਉਂਦੇ ਚੰਗੇ ਲਗਦੇ ਹਨ।"

ਥਾਂ ਥਾਂ ਤੇ ਲੋਕ ਤਾਸ਼ ਖੇਲਦੇ, ਪਰ ਉਨ੍ਹਾਂ ਨੇ ਤਾਸ਼ ਦੇ ਰੰਗਾਂ ਦੇ ਨਾਮ ਤੇ ਵੱਡੇ ਪਤਿਆਂ ਦੇ ਨਾਮ ਬਦਲ ਦਿਤੇ ਸਨ। ਯੱਕੇ ਦਾ ਨਾਮ ਗਿਆਨ ਸੀ, ਬਾਦਸ਼ਾਹ ਦਾ ਨਾਮ ਕਿਸਾਨ-ਰਾਜ ਤੇ ਬੇਗਮ ਦਾ ਨਾਮ ਸੁਤੰਤਰਤਾ ਦੀ ਰਾਣੀ ਰਖਿਆ ਹੋਇਆ ਸੀ, ਗੋਲੇ ਨੂੰ ਸਮਾਨਤਾ ਦੇ ਨਾਮ ਨਾਲ ਸੁਟਿਆ ਜਾਂਦਾ ਸੀ। ਪਾਨ ਦੇ ਰੰਗ ਨੂੰ ਕੁਰਬਾਨੀ ਦਾ ਰੰਗ ਆਖਦੇ ਤੇ ਇੱਟ ਦਾ ਨਾਮ ਤਪੱਸਿਆ ਰਖਿਆ ਗਿਆ। ਹੁਕਮ ਦਾ ਨਾਮ ਲੋਕ-ਰਾਜ ਦਾ ਕਾਨੂੰਨ ਬਣਾਇਆ ਗਿਆ। ਚਿੜੀਏ ਤੋਂ ਲੋਕ ਨਫਰਤ ਕਰਦੇ ਤੇ ਕਹਿੰਦੇ "ਲੁਈਸ ਜੀਂਦੇ ਤੋਂ ਲੋਕ ਚਿੜੀਆਂ ਕਾਂ ਸਨ, ਹੁਣ ਸਭ ਸ਼ੇਰ ਸਨ।"

ਵਡੇ ਵਡੇ ਬਾਗ਼ ਪੁਟ ਕੇ ਉਸ ਵਿਚ ਹਲ ਚਲਾਉਂਦੇ ਤੇ ਆਖਦੇ "ਕੀ ਪਤਾ ਹੈ, ਰਾਣੀ ਬਾਗ਼ ਵਿਚ ਅਜੇ ਵੀ ਰਾਣੀ ਦੀ

ਡੂਹ ਆਕੇ ਅਪਵਿਤ੍ਰ ਪੈਰ ਪਾ ਕੇ ਸਾਰੇ ਸ਼ਹਿਰ ਦੀ ਹਵਾ ਨੂੰ ਅਪਵਿਤਰ ਕਰ ਦੇਂਦੀ ਹੋਵੇ।'' ਏਹੋ ਹਾਲ ਰਾਜ ਬਾਗ ਦਾ ਸੀ।

ਇਸਤ੍ਰੀਆਂ ਖੁਲ੍ਹੀ ਬਾਂਹੀਂ ਬਹਿਕੇ ਮਰਦਾਂ ਤੋਂ ਵਾਲ ਵਹਾਉਂ-ਦੀਆਂ ਅਤੇ ਦੋਵੇਂ ਮਿਲਕੇ ਬੇਸੁਰੇ ਗੀਤ ਗਾਂਦੇ। ਜੇ ਕੋਈ ਹੈਰਾਨੀਨਾਲ ਵੇਖਦਾ ਤਾਂ ਅਗੋਂ ਉੱਤਰ ਮਿਲਦਾ ''ਬੁਡ੍ਹੇ, ਉਲੂ ਸੂਰਜ ਨੂੰ ਵੇਖ ਕੇ ਅੱਖਾਂ ਕਿਉਂ ਮੀਟਦਾ ਹੈ ?''

ਉਸ ਵੇਲੇ ਹਰ ਦੁਕਾਨ ਕਬਾੜੀਆਂ ਦੀ ਦੁਕਾਨ ਵਾਂਗ ਬਣੀ ਹੋਈ ਸੀ, ਕਿਤਾਬਾਂ ਵਾਲੀ ਦੁਕਾਨ ਤੋਂ ਤੂੜੀ ਵੀ ਮਿਲ ਸਕਦੀ ਸੀ। ਨਾਈ ਦੀ ਦੁਕਾਨ ਤੋਂ ਮਾਸ। ਜੁਤੀਆਂ ਵਾਲੇ ਨੇ ਸੁਹਣੇ ਸੁਹਣੇ ਰਿਬਨ ਵੀ ਲਟਕਾਏ ਹੋਏ ਸਨ।

ਦੁਕਾਨਦਾਰਾਂ ਨੇ ਦੋ ਤਿੰਨ ਤਿੰਨਰੰਗਾਂ ਵਿਚ ਲਿਖੇ ਫਟੇ ਦੁਕਾਨਾਂ ਤੇ ਲਾਏ ਹੋਏ ਸਨ। ਇਕ ਦੁਕਾਨ ਤੇ ਦਿਨ ਰਾਤ ਭੀੜ ਲੱਗੀ ਰਹਿੰਦੀ ਸੀ। ਕਪੜੇ ਵਾਲੇ ਨੇ ਲਿਖਕੇ ਲਾਇਆ ਸੀ, ''ਅਮੀਰਾਂ ਲਈ ਪੱਕੇ ਸਾਫੇ ਵੇਚਦਾ ਹਾਂ, ਜਿਨ੍ਹਾਂ ਨੂੰ ਗਲ ਵਿਚ ਪਾਕੇ ਫਾਹੇ ਦਿੱਤਾ ਜਾ ਸੱਕੇ, ਤੇ ਕਿਸਾਨਾਂ ਲਈ ਟੋਪੀਆਂ ਦਾ ਕੱਪੜਾ, ਜਿਸ ਤੇ ਲੋਕ-ਰਾਜ ਦਾ ਚਿੰਨ੍ਹ ਬੜਾ ਸੁਹਣਾ ਫਬਦਾ ਹੈ।''

ਲੋਕ-ਰਾਜ ਦੀ ਪੰਚਾਇਤ ਦਾ ਹੁਕਮ ਸੀਕਿ ਹਰ ਇਕਆਦਮੀ ਨੂੰ ਸਾਡੇ ਵਿਚ ਇਕ ਵਾਰ ਅੱਧ ਸੇਰ ਮਾਸ ਮਿਲੇ। ਭੇਡਾਂ ਬੱਕਰੀਆਂ ਦੇ ਇੱਜੜਾਂ ਦੇ ਇੱਜੜ ਪਿੰਡਾਂ ਵਿਚੋਂ ਔਂਦੇ, ਕੱਟਣ ਵਾਲੇ ਕਸਾਈ ਥੱਕ ਜਾਂਦੇ। ਰੋਟੀ ਸਭ ਨੂੰ ਲੋਕ-ਰਾਜ ਵਾਲੇ ਪਕਵਾਕੇ ਆਪਣੇ ਵਲੋਂ ਦੇਂਦੇ ਸਨ। ਰੋਟੀ ਤੇ ਮਾਸ ਦੀਆਂ ਦੁਕਾਨਾਂ ਤੇ ਲੋਕ ਪਾਲਾਂ ਬਣਾਕੇ ਦੂਰ ਦੂਰ ਤੱਕ ਬੈਠ ਜਾਂਦੇ ਤੇ ਵਾਰੀ ਵਾਰੀ ਲੈ ਲੈ ਕੇ ਚਲੇ ਜਾਂਦੇ। ਕਈ ਉਦਮੀ ਰਾਤ ਦੇ ਬਾਰਾਂ ਵਜੇ ਆਕੇ ਬੈਠ ਜਾਂਦੇ। ਭਾਵੇਂ ਲੋਕਾਂ ਵਿਚ ਹੱਦ ਤੋਂ ਬਹੁਤੀ ਗਰੀਬੀ ਸੀ, ਕਈਆਂ ਨੂੰ ਰੋਟੀ ਨਹੀਂ ਸੀ ਮਿਲਦੀ, ਤਨ ਢੱਕਣ ਨੂੰ ਕੱਪੜਾ ਨਹੀਂ

ਸੀ ਜੁੜਦਾ, ਪੈਰੋਂ ਨੰਗੇ ਫਿਰਦੇ ਸਨ, ਪਰ ਸੁਨਿਆਰੇ ਦੀ ਦੁਕਾਨ ਤੇ ਗਹਿਣੇ ਵੇਖ ਕੇ ਅੱਖਾਂ ਨੀਵੀਆਂ ਪਾ ਲੈਂਦੇ ਸਨ। ਅਜ਼ਾਦੀ ਦੇ ਬੁੱਲਿਆਂ ਨੇ ਉਨ੍ਹਾਂ ਵਿਚ ਕੁਟ ਕੁਟ ਕੇ ਦਿਆਨਤਦਾਰੀ ਭਰ ਦਿਤੀ ਸੀ।

ਇਕ ਇਸਤ੍ਰੀ ਨੇ ਇਕ ਦਿਨ ਸਵੇਰੇ ਇਕ ਬਾਗ ਵਿਚੋਂ ਫੁਲ ਤੋੜ ਕੇ ਆਪਣੇ ਜੈਂਪਰ ਵਿਚ ਲੁਕਾ ਲਿਆ। ਲੋਕਾਂ ਨੇ ਘਸੁੰਨ ਮਾਰ ਮਾਰ ਕੇ ਉਸਦਾ ਮੂੰਹ ਸੁਜਾ ਦਿਤਾ। ਚੁਫੇਰਿਓਂ ਅਵਾਜ਼ਾਂ ਔਂਦੀਆਂ "ਹੁਣ ਲੋਕ-ਰਾਜ ਹੈ, ਮਜ਼ਹਬਾਂ ਦੀ ਫੁਟ, ਚੋਰੀਆਂ, ਡਾਕੇ ਤੇ ਜੂਆ ਲੁਈਸ ਦੀਆਂ ਆਪਣੀਆਂ ਕਾਢਾਂ ਸਨ।"

ਲੱਕੜੀ ਬੜੀ ਮਹਿੰਗੀ ਹੋ ਗਈ ਸੀ। ਲੋਕੀਂ ਅਮੀਰਾਂ ਦੇ ਮਹੱਲ ਢਾਹ ਢਾਹ ਕੇ ਸ਼ਤੀਰ ਕਢਾ ਲਿਆਉਂਦੇ ਤੇ ਪਾੜ ਪਾੜ ਕੇ ਵੰਡ ਲੈਂਦੇ। ਹਰ ਇਕ ਇਹ ਚਾਹੁੰਦਾ ਸੀ ਕਿ ਮੈਨੂੰ ਵਧ ਨਾ ਮਿਲ ਜਾਵੇ। ਪਲੰਘ, ਮੇਜ਼ ਤੇ ਕੁਰਸੀਆਂ ਸਹਿਜੇ ਸਹਿਜੇ ਰੋਟੀ ਪਕਾਉਣ ਦੇ ਕੰਮ ਔਣ ਲੱਗ ਪਈਆਂ।

ਪਰ ਚੋਰੀ ਕੋਈ ਨਹੀਂ ਸੀ ਕਰਦਾ। ਲੋਕਾਂ ਦੀਆਂ ਡਿੱਗੀਆਂ ਚੀਜ਼ਾਂ ਜਿਨ੍ਹਾਂ ਨੂੰ ਲੱਭ ਜਾਂਦੀਆਂ, ਉਹ ਲੰਮੀਆਂ ਲੰਮੀਆਂ ਸੋਟੀਆਂ ਨਾਲ ਬੰਨ੍ਹ ਕੇ ਬਜ਼ਾਰਾਂ ਵਿਚ ਕਹਿੰਦੇ ਫਿਰਦੇ "ਕਿਸੇ ਦੀਆਂ ਕੁੰਜੀਆਂ ਗਵਾਚੀਆਂ ਹਨ।"

ਨਕਲੀ ਸਿੱਕਿਆਂ ਨਾਲ ਬਜ਼ਾਰ ਭਰ ਗਏ। ਚੀਜ਼ਾਂ ਮਹਿੰ-ਗਾਈ ਦੀ ਹੱਦ ਟੱਪ ਗਈਆਂ। ਸੌ ਸੌ ਫ੍ਰੈਂਕ (ਫ੍ਰਾਂਸੀਸੀ ਸਿੱਕਾ) ਟੋਪੀ ਦੀ ਕੀਮਤ ਹੋ ਗਈ। ਚੀਜ਼ਾਂ ਵੇਚਣ ਵਾਲਿਆਂ ਦੀਆਂ ਜੇਬਾਂ ਸਿੱਕਿਆਂ ਨਾਲ ਭਰੀਆਂ ਹੁੰਦੀਆਂ ਸਨ। ਭਾਵੇਂ ਸੌ ਵਿਚੋਂ ਅਸਲ ਸਿੱਕੇ ਪੰਜ ਹੀ ਹੁੰਦੇ ਸਨ, ਅਸਲ ਸਿੱਕਿਆਂ ਦੀ ਥੁੜ ਕਰ ਕੇ ਲੋਕੀਂ ਨਕਲੀ ਲੈ ਲੈਂਦੇ ਸਨ।

ਗਲੀ ਗਲੀ, ਮਹੱਲੇ ਮਹੱਲੇ ਵਿਚ ਜਥੇ ਬਣੇ ਹੋਏ ਸਨ ਤੇ

ਸਾਰੇ ਆਪਣੇ ਆਪਨੂੰ ਲੋਕ-ਰਾਜ ਦੇ ਬਿਨਾਂ ਤਨਖਾਹੋਂ ਸਿਪਾਹੀ ਸਮਝਦੇ ਸਨ। ਹਰ ਇਕ ਜਥੇ ਦਾ ਝੰਡਾ ਵੱਖਰਾ ਸੀ ਤੇ ਉਸਨੇ ਆਪਣਾ ਉਦੇਸ਼ ਲਿਖਕੇ ਲਾਇਆ ਹੋਇਆ ਸੀ। ਇਕ ਤੇ ਲਿਖਿਆ ਸੀ "ਹੁਣ ਕੋਈ ਸਾਡੀ ਸਫਾਈ ਨਹੀਂ ਕਰਾ ਸਕਦਾ" ਦੂਜੇ ਤੇ ਲਿਖਿਆ ਸੀ "ਕੋਈ ਕਿਸੇ ਦਾ ਹੁਕਮ ਨਾ ਮੰਨੇ, ਸਿਵਾਏ ਆਪਣੇ ਮਨ ਤੋਂ," ਤੀਜੇ ਤੇ ਲਿਖਿਆ ਹੋਇਆ ਸੀ "ਇਸ ਸਦੀ ਦਾ ਨਾਮ ਹੈ, ਕਿਸਾਨਾਂ ਦੀ ਸਦੀ।" ਪੈਰਸ ਦੀਆਂ ਗਲੀਆਂ ਇਨਕਲਾਬ ਦੇ ਰੰਗ ਵਿਚ ਰੰਗੀਆਂ। ਇਕ ਦਾ ਵਰਨਣ ਹੋ ਚੁਕਾ ਹੈ, ਦੂਸਰਾ ਰੰਗ ਉਹ ਸੀ, ਜਦ ਲੋਕ ਪਾਗਲ ਹੋ ਗਏ, ਇਨਕਲਾਬ ਲੋਕਾਂ ਨੂੰ ਪਾਗਲ ਬਣਾਉਂਦਾ ਹੈ ਤੇ ਵਿਕਾਸ ਸਮਝਦਾਰ।

ਅੱਸੀ ਵਰ੍ਹੇ ਪਹਿਲੇ ਰਾਜਾ ਲੂਈਸ ਚੌਧਵੇਂ ਦੇ ਸਮੇਂ ਵਿਚ ਇਸੇ ਤਰ੍ਹਾਂ ਲੋਕ ਭਭਕ ਉਠੇ ਸਨ, ਉਨ੍ਹਾਂ ਦੀਆਂ ਜ਼ਿੰਦਗੀਆਂ ਉਪਰ ਰੰਗ ਰਲੀਆਂ ਮਾਣਨ ਦਾ ਅਸਰ ਸੀ। ਪਹਿਲੋਂ ਉਹ ਮੌਤ ਨਾਲ ਭਿੜੇ ਤੇ ਉਸਦੇ ਪਿਛੋਂ ਉਹ ਸੁਨਹਿਰੀ ਵਾਲਾਂ ਤੇ ਸੁਹਲ ਕਲਾਈਆਂ, ਪਤਲੀਆਂ ਕਮਰਾਂ ਤੇ ਮੋਟੇ ਮੋਟੇ ਨੈਣਾਂ ਦੀਆਂ ਅੱਖ-ਪੁਤਲੀਆਂ ਵਿਚ ਗੁੰਮ ਹੋ ਗਏ। ਬਹੁਤੀ ਵਾਰ ਬਹਾਦਰ ਤੋਂ ਬਹਾਦਰ ਕੌਮਾਂ ਦੀਆਂ ਕਬਰਾਂ ਅੱਖ-ਪੁਤਲੀਆਂ ਵਿਚ ਹੀ ਬਣਦੀਆਂ ਹਨ। ਉਸ ਵੇਲੇ ਵਡੇ ਵਡੇ ਮਹੱਲਾਂ ਵਿਚੋਂ ਸੰਗੀਤ ਤੇ ਅੱਡੀ ਦੀ ਠਾਪ ਲੋਕਾਂ ਨੂੰ ਸੁਣੀਦੀ ਸੀ, ਤੇ ਲੋਕਾਂ ਦੇ ਹੱਥ ਵਿਚ ਸ਼ਰਾਬ, ਤੇ ਅੱਖਾਂ ਨਾਲ ਸੁੰਦਰੀਆਂ ਨੂੰ ਵੇਖਦੇ, ਤੇ ਸਿਰ ਹਿਲਾ ਛਡਦੇ ਸਨ। ਉਸ ਵੇਲੇ ਮੁਲਕ ਦੀ ਸਮੁੱਚੀ ਜਵਾਨੀ ਦਾ ਇਹੋ ਆਦਰਸ਼ ਸੀ। ਪੈਰਿਸ ਦੀਆਂ ਭੀੜਾਂ ਵਿਚ, ਦੇਸ਼ ਭਗਤਾਂ ਦੀ ਥਾਂ ਜੇਬਾਂ ਕੱਟਣ ਵਾਲੇ, ਤੇ ਨਰਸਾਂ ਦੀ ਥਾਂ ਵੇਸ਼ਵਾਂ ਘੁਸ ਆਈਆਂ। ਗੀਤਾਂ ਦੀ ਥਾਂ ਨੰਗੇ ਇਸ਼ਕ ਦੀਆਂ ਗਜ਼ਲਾਂ ਗੂੰਜ ਉਠੀਆਂ, ਹਰ ਇਕ ਦਿਨ ਚੋਰ ਤੇ ਡਾਕੂਆਂ ਨੂੰ ਚੌਕਾਂ ਵਿਚ ਲੋਕਾਂ ਦੇ ਸਾਹਮਣੇ ਸਖਤ ਤੋਂ ਸਖਤ ਸਜ਼ਾ

ਦਿਤੀ ਜਾਂਦੀ। ਕੋਟੜੇ ਸਰੀਰ ਨੂੰ ਰੂੰ ਦੇ ਤੂੰਬਿਆਂ ਵਾਂਗ ਉਡਾ ਸਕਦੇ ਹਨ, ਤਲਵਾਰ ਹਰੇਕ ਅੰਗ ਨੂੰ ਕਟ ਸਕਦੀ ਹੈ, ਫਾਂਸੀ ਦਾ ਰੇਸ਼ਮੀ ਰਸਾ ਪ੍ਰਾਣਾਂ ਨੂੰ ਪ੍ਰਾਣ-ਹੀਨ ਤੇ ਧੌਣ ਨੂੰ ਲੰਬਾ ਕਰ ਸਕਦਾ ਹੈ। ਬੇੜੀ, ਡੰਡਾ ਤੇ ਪੁਠੀਆਂ ਹੱਥਕੜੀਆਂ ਆਦਮੀਂ ਦੇ ਸ਼ਰੀਰ ਨੂੰ ਕਾਬੂ ਬਣਾ ਸਕਦੀਆਂ ਹਨ, ਪਰ ਇਹ ਪੁਰਾਣੀ ਤੇ ਕਈ ਵਾਰ ਪਰਖੀ ਹੋਈ ਸਚਿਆਈ ਹੈ ਕਿ ਸਜਾਵਾਂ ਆਦਮੀ ਦੇ ਖਮੀਰ ਨੂੰ ਨਹੀਂ ਬਦਲ ਸਕਦੀਆਂ।

ਇਸ ਵੇਲੇ ਇਨ੍ਹਾਂ ਭੀੜਾਂ ਵਿਚ ਉਹ ਵੀ ਆਦਮੀ ਸਨ, ਜਿਨਾਂ ਨੇ ਦੇਸ਼ ਪਿਛੇ ਹਰ ਤਰ੍ਹਾਂ ਦੇ ਦੁਖ ਉਠਾਏ। ਉਨ੍ਹਾਂ ਦਾ ਸਤਿਕਾਰ ਲੋਕੀਂ ਉਦੋਂ ਭੀ ਕਰਦੇ, ਪਰ ਉਹਨਾਂ ਨਾਲ ਅਮਲ ਮੇਚਣ ਨੂੰ ਤਿਆਰ ਨਹੀਂ ਸਨ ਹੁੰਦੇ। ਇਹ ਗਲਾਂ ੧੭੯੩ ਤੋਂ ਪਿਛੋਂ ਦੀਆਂ ਹਨ, ਪਰ ਇਸ ਤੋਂ ਪਹਿਲੋਂ ਦੀ ਹਾਲਤ ਉਹ ਸੀ ਜਿਹੜੀ ਪਾਠਕ ਪਿਛੇ ਪੜ੍ਹ ਚੁਕੇ ਹਨ।

ਸਿਮੋਰ ਡੇਨ ਵਿਚਾਰ ਵਾਲਾ ਆਦਮੀ ਸੀ। ਉਸਦਾ ਦਿਲ ਪਵਿਤ੍ਰ, ਪਰ ਕਰੜਾ ਸੀ। ਉਸਦਾ ਯਕੀਨ ਸੀ ਕਿ ਖੂਨ ਨਾਲ ਖੂਨ ਧੋਤਾ ਜਾ ਸਕਦਾ ਹੈ, ਤੇ ਢੀਮ ਦਾ ਠੀਕ ਜੁਵਾਬ ਪੱਥਰ ਹੈ। ਉਹ ਈਸਾਈ ਮਤ ਦੇ ਧਾਰਮਿਕ ਅਸੂਲਾਂ ਤੋਂ ਪੂਰੀ ਤਰ੍ਹਾਂ ਜਾਣੂ ਸੀ। ਉਨ੍ਹਾਂ ਤੇ ਆਪ ਚਲਦਾ ਤੇ ਦੂਜਿਆਂ ਨੂੰ ਚਲਾਉਂਦਾ ਸੀ। ਜਦੋਂ ਉਹ ਅਜੇ ਨਿਆਣਾਂ ਸੀ, ਉਸ ਦੀਆਂ ਨਿਕੀਆਂ ਨਿਕੀਆਂ ਅਲੀਆਂ ਜੀਵਨ ਕੂਮਲਾਂ ਉਤੇ ਈਸਾਈ ਮਤ ਦੀਆਂ ਕਰੜੀਆਂ ਮੋਹਰਾਂ ਲਗ ਚੁਕੀਆਂ ਸਨ, ਫਿਰ ਵੀ ਉਸ ਵਿਚ ਕਈ ਗੁਣ ਤਾਰਿਆਂ ਵਾਂਗ ਚਮਕਦੇ ਸਨ। ਲੋਕਾਂ ਦੀਆਂ ਅਖਾਂ ਨੂੰ ਆਪਣੀ ਸੁੰਦ੍ਰਤਾ ਨਾਲ ਤ੍ਰਿਪਤਾਉਂਦੇ, ਤੇ ਜੀਵਨ ਪੰਧ ਦੇ ਭੁਲਿਆਂ ਹੋਇਆਂ ਨੂੰ ਚਾਨਣ-ਮੁਨਾਰੇ ਵਾਂਗ ਚਾਨਣ ਦੇਂਦੇ ਸਨ। ਉਹ ਇਕ ਪਿੰਡ ਵਿਚ ਪਾਦਰੀ ਸੀ ਤੇ ਇਕ ਰਈਸ ਦੇ ਪੁੱਤ੍ਰ ਨੂੰ ਲਾਲ ਕਿਲੇ ਵਿਚ

ਪੜ੍ਹਾਂਦਾ ਸੀ ।

ਕੁਝ ਚਿਰ ਪਿਛੋਂ ਸਿਮੋਰ ਡੇਨ ਦਾ ਇਕ ਧਨਾਢ ਸੰਬੰਧੀ ਮਰ ਗਿਆ ਤੇ ਉਸ ਦੀ ਸਾਰੀ ਜਾਇਦਾਦ ਸਿਮੋਰ ਡੇਨ ਨੂੰ ਮਿਲ ਗਈ। ਉਹ ਬਹੁਤ ਹਠੀਲਾ ਸੀ ਤੇ ਜਿਸ ਗਲ ਦੇ ਪਿਛੇ ਲਗ ਜਾਵੇ, ਉਹ ਤੋੜ ਪਹੁੰਚਾਕੇ ਛੱਡਦਾ ਸੀ। ਉਹ ਯੂਰਪ ਦੀਆਂ ਸਾਰੀਆਂ ਬੋਲੀਆਂ ਤੋਂ ਜਾਣੂ ਸੀ ਤੇ ਕਈ ਪ੍ਰਦੇਸੀ ਬੋਲੀਆਂ ਭੀ ਸੁਣਕੇ ਸਮਝ ਸਕਦਾ ਸੀ। ਉਹ ਦਿਨ ਰਾਤ ਪੜ੍ਹਦਾ ਰਹਿੰਦਾ ਤੇ ਰਾਤ ਨੂੰ ਸੋਚਾਂ ਭਰੀ ਨੀਂਦਰ ਸੌਂਦਾ । ਇਸ ਪਗ-ਡੰਡੀ ਤੇ ਚੱਲਣ ਕਰਕੇ ਉਸ ਨੂੰ ਬ੍ਰਹਮਚਰਜ ਦੀ ਭਾਰੀ ਪੰਡ ਵੀ ਬਹੁਤੀ ਭਾਰੀ ਨ ਜਾਪੀ। ਕੁਦਰਤ ਦੇ ਵਹਿਣਾਂ ਨੂੰ ਰੋਕਣ ਵਿਚ ਸਾਰੀ ਤਾਕਤ ਲਾ ਦੇਣ ਨਾਲੋਂ ਹੋਰ ਕੋਈ ਭੈੜੀ ਹਾਲਤ ਨਹੀਂ ਹੁੰਦੀ। ਉਸ ਦੇ ਧਾਰਮਕ ਵਿਸ਼ਵਾਸ਼ਾਂ ਦੇ ਸੁਨੱਖੇ ਬੁੱਤਾਂ ਦੇ ਕਈ ਅੰਗ ਦਲੀਲਾਂ ਨੇ ਤੋੜ ਦਿੱਤੇ। ਛਤਰੀ ਵਾਲੇ ਸੰਸਕਾਰਾਂ ਦੇ ਬੋਹੜ ਨੂੰ ਵਿਗਿਆਨ ਦੇ ਝੱਖੜ ਨੇ ਜੜ੍ਹਾਂ ਤੱਕ ਹਿਲਾ ਦਿੱਤਾ। ਪਾਦਰੀ ਬਣਨ ਵੇਲੇ ਜੋਹੜੀ ਉਸ ਨੇ ਸੌਂਹ ਖਾਧੀ, ਉਹ ਤਾਂ ਪੂਰੀ ਕਰ ਨ ਸੱਕਿਆ, ਫਿਰ ਵੀ ਬਹਾਦਰਾਂ ਵਾਂਗ ਉਸਨੇ ਆਪਣੇ ਜੀਵਨ ਕਿਲੇਨੂੰ ਜਿੱਤਲਿਆ।ਵਿਆਹ ਤਾਂ ਉਹ ਕਰਾ ਹੀ ਨਹੀਂ ਸੀ ਸਕਦਾ।ਕਾਰਣ ? ਕੈਥਲਕ ਮਤ ਦੇ ਈਸਾਈਆਂ ਲਈ ਵਰਜਤ ਸੀ। ਉਸ ਦਾ ਨਾਤਾ ਸਾਕਾਂ ਦੇ ਖਿਚ ਵਾਲੇ ਲਹੂ ਨਾਲੋਂ ਟੁਟ ਚੁਕਾ ਸੀ ਤੇ ਉਸ ਨੇ ਇਸ ਦੀ ਥਾਂ ਮਨੁਖਤਾ ਨਾਲ ਪੀਚਵੀਆਂ ਗੰਢਾਂ ਪਾ ਲਈਆਂ ਸਨ । ਸਾਰਾ ਮਨੁਖੀ ਸਮਾਜ ਉਸ ਦਾ ਪ੍ਰਵਾਰ ਸੀ। ਸਭ ਦੀਆਂ ਲੋੜਾਂ ਉਸ ਦੇ ਬੱਚਿਆਂ ਦੀਆਂ ਲੋੜਾਂ ਸਨ। ਏਨ੍ਹਾਂ ਨੂੰ ਪੂਰੀਆਂ ਕਰਨ ਲਈ ਉਹ ਹਰ ਕੁਰਬਾਨੀ ਕਰਨ ਨੂੰ ਤਿਆਰ ਸੀ ।

ਜਿਸ ਦਿਨ ਸਿਮੋਰਡੇਨ ਦੇ ਮਾਪਿਆਂ ਨੇ ਉਸ ਨੂੰ ਪਾਦਰੀ ਬਣਨ ਲਈ ਗਿਰਜੇ ਨੂੰ ਸੌਂਪਿਆ ਸੀ, ਉਨ੍ਹਾਂ ਦੇ ਨੈਣਾਂ ਵਿਚ,

ਮਾਪਿਆਂ ਦੇ ਨੈਣਾਂ ਵਾਂਗ, ਆਪਣੇ ਬੱਚੇ ਸਬੰਧੀ ਬੜੇ ਰੰਗੀਨ ਸੁਪਨੇ ਸਨ। ਸਿਮੋਰਡੇਨ ਬੜਾ ਉੱਚਾ ਉਠਿਆ, ਪਰ ਰਾਜੇ ਦੇ ਦਰਬਾਰ ਵਿਚ ਜਾਕੇ ਖਤਾਬਾਂ ਦੀਆਂ ਇੱਟਾਂ ਨਾਲ ਨਹੀਂ, ਸਗੋਂ ਮਜ਼ਦੂਰਾਂ ਤੇ ਕਿਸਾਨਾਂ, ਦੁਖੀਆਂ ਤੇ ਅਨਾਥਾਂ ਦੇ ਦਿਲਾਂ ਵਿਚ ਜਾਕੇ ।

ਬ੍ਰਹਮਚਾਰੀ ਹੋਣ ਕਰਕੇ ਉਸ ਨੂੰ ਖੁਲ੍ਹਾ ਸਮਾਂ ਮਿਲਿਆ ਪੜ੍ਹਨ ਤੇ ਡੂੰਘੀ ਵਿਚਾਰ ਕਰਨ ਦਾ। ਬਹੁਤੀ ਤੇ ਲਗਾਤਾਰ ਪੜ੍ਹਾਈ ਨੇ ਉਸ ਨੂੰ ਵਿਗਿਆਨੀ ਬਣਾ ਦਿੱਤਾ, ਤੇ ਵਿਗਿਆਨ ਨੇ ਉਸ ਦੇ ਜੀਵਨ ਬ੍ਰਿਛ ਨੂੰ ਖੁੰਘੀਆਂ ਨਾਲ ਵੀ ਭਰ ਦਿੱਤਾ । ਪ੍ਰੇਮ ਦੀ ਪਗ-ਡੰਡੀ ਉਸ ਲਈ ਬੰਦ ਸੀ, ਇਸ ਲਈ ਉਸਨੇ ਘ੍ਰਿਣਾ ਦੇ ਵਿਖੜੇ ਤੇ ਕੰਡਿਆਲੇ ਪਹਾੜੀ ਰਾਹ ਤੇ ਪੈਰ ਰੱਖੇ। ਉਹ ਘ੍ਰਿਣਾ ਕਰਦਾ ਸੀ ਝੂਠ ਤੋਂ ਤੇ ਨਾਲ ਹੀ ਝੂਠਿਆਂ ਤੋਂ। ਉਸ ਨੂੰ ਨਫਰਤ ਹੋ ਗਈ ਰਾਜ ਦਰਬਾਰ ਤੇ ਦਰਬਾਰੀਆਂ ਦੀਆਂ ਭੈੜੀਆਂ ਕਰਤੂਤਾਂ ਤੋਂ। ਉਹ ਮੱਚ ਉਠਦਾ ਪਖੰਡੀਆਂ ਦੀਆਂ ਬਗਲ-ਸਮਾਧੀਆਂ ਤੋਂ ਤੇ ਮੋਮਨ ਵੇਸਾਂ ਤੋਂ। ਵਰਤਮਾਨ ਸਮੇਂ ਵਿਚ ਬਣੀਆਂ ਚੀਜ਼ਾਂ ਤੋਂ ਉਹ ਮੂੰਹ ਪਰੇ ਤੇ ਅੱਖਾਂ ਬੰਦ ਕਰ ਲੈਂਦਾ ਸੀ, ਤੇ ਵੇਖਦਾ ਸੀ ਭਵਿਖ ਦੇ ਦੂਰਲੇ ਪਰਦੇ ਉਪਰ ਬਿਨਾਂ ਰੰਗਾਂ ਤੇ ਆਕਾਰਾਂ ਤੋਂ ਬਣਨ ਵਾਲੀਆਂ ਤਸਵੀਰਾਂ ਨੂੰ । ਉਨ੍ਹਾਂ ਦੇ ਰੰਗ ਤੇ ਆਕਾਰ ਬਣਾਉਣ ਲਈ ਉਹ ਵਰਤਮਾਨ ਦੀ ਹਰ ਚੀਜ਼ ਨੂੰ ਬਰਬਾਦ ਕਰਨ ਲਈ ਤਿਆਰ ਰਹਿੰਦਾ ਸੀ। ਅਖੀਰ ਵਿਦਰੋਹ ਦੀ ਦੇਵੀ ੧੭੭੯ ਨੂੰ ਜਨਮੀ ਤੇ ਲੋਕਾਂ ਨੇ ਭਾਲਿਆਂ, ਛਵੀਆਂ, ਬੰਦੂਕਾਂ ਤੇ ਛੁਰਿਆਂ ਨਾਲ ਉਸਦਾ ਸੁਵਾਗਤ ਕੀਤਾ । ਸਿਮੋਰਡੇਨ ਵੀ ਲੋਕਾਂ ਦੇ ਨਾਲ ਸੀ। ਜਿਸ ਦਿਨ ਬੈਸਟਲ ਕਿਲਾ—ਜੋ ਮਨੁਖੀ ਕਬਰਸਤਾਨ ਸੀ—ਢੱਠਾ, ਉਸ ਦਿਨ ਵੀ ਸਿਮੋਰਡੇਨ ਡੀਫਾਰਜ ਦੇ ਨਾਲ ਭਾਲਾ ਫੜੀ ਖੜੋਤਾ ਸੀ। ਕਿਲੇ ਦੀਆਂ ਕੰਧਾਂ ਢਹਿਣ

ਨਾਲ, ਮਨੁਖ ਪਸੂਆਂ ਦੀਆਂ ਕਰਤੂਤਾਂ ਲੋਕਾਂ ਦੇ ਸਾਹਮਣੇ ਆਈਆਂ ਵੇਖਕੇ ਲਿਸੇ ਤ੍ਰਾਸ ਤ੍ਰਾਸ ਕਰਨ ਲਗੇ ਤੇ ਬਹਾਦਰਾਂ ਦੇ ਦਿਲਾਂ ਵਿਚ ਬਦਲੇ ਦੇ ਨ ਬੁਝਣ ਵਾਲੇ ਭਾਂਬੜ ਮੱਚ ਉਠੇ। ੪ ਅਗਸਤ ੧੭੯੦ ਨੂੰ ਲੋਕਾਂ ਨੇ ਸ਼ਖਸੀ ਰਾਜ ਦਾ ਅੰਤ ਵੇਖਿਆ, ੧੭੯੨ ਨੂੰ ਲੋਕ-ਰਾਜ ਦਾ ਜਨਮ ਝੋਂਪੜੀਆਂ ਵਿਚ ਦੀਵੇ ਬਾਲਕੇ ਮਨਾਇਆ। ਸਿਮੋਰ ਡੇਨ ਬੜਾ ਖੁਸ਼ ਸੀ, ਏਹੋ ਉਸ ਦੇ ਭਵਿਖ ਦੇ ਪਰਦੇ ਦੀਆਂ ਤਸਵੀਰਾਂ ਸਨ ਜੋ ਉਸ ਦੇ ਪੰਜਾਹ ਸਾਲ ਉਡੀਕ ਦੇ ਨੈਣਾਂ ਨੇ ਹੁਣ ਵੇਖੀਆਂ। ਉਸ ਦੇ ਸਰੀਰ ਤੇ ਵਡੇਰੀ ਉਮਰ ਦਾ ਕੋਈ ਅਸਰ ਨਹੀਂ ਸੀ। ਉਹ ਉਤਸ਼ਾਹ ਨਾਲ ਭਰਿਆ ਪਿਆ ਸੀ। ਥਕਾਵਟ ਉਸ ਦੇ ਕਦੀ ਨੇੜੇ ਨਹੀਂ ਸੀ ਢੁਕੀ। ਜਿਨ੍ਹਾਂ ਦੇ ਹੱਥਾਂ ਵਿਚ ਆਸ਼ਾ ਦਾ ਮਿਠਾ ਫਲ ਹੁੰਦਾ ਹੈ, ਉਹ ਪੈਰਾਂ ਨਾਲ ਨਹੀਂ ਤੁਰਦੇ, ਸਗੋਂ ਹਲਕੇ ਪੰਭਾਂ ਨਾਲ ਉਡਦੇ ਹਨ।

ਤਬਦੀਲੀਆਂ ਦੇ ਸਮੇਂ ਵਿਚ ਰਾਤਾਂ ਤੇ ਦਿਨ ਵੱਡੇ ਹੋ ਜਾਂਦੇ ਹਨ। ਜਿਹੜੇ ਮਹੱਲਾਂ ਦੀਆਂ ਛਤਾਂ ਉਤੇ ਸ਼ਾਮ ਦੇ ਡੂੰਘੇ ਅੰਧੇਰੇ ਵਿਚ ਝੰਡੇ ਝੁਲਾਏ ਜਾਂਦੇ ਹਨ, ਪ੍ਰਭਾਤ ਵੇਲੇ ਉਨ੍ਹਾਂ ਦੀਆਂ ਨੀਂਹਾਂ ਤੱਕ ਪੁਟੀਆਂ ਹੁੰਦੀਆਂ ਹਨ। ਪੰਛੀਆਂ ਦੇ ਗੌਣ ਵੇਲੇ ਮਜ਼ਦੂਰਾਂ ਦੀਆਂ ਕਹੀਆਂ ਤੇ ਗੈਂਤੀਆਂ ਖੜਕਦੀਆਂ ਸੁਣੀਦੀਆਂ ਹਨ। ਇਕ ਸਾਲ ਪਿਛੋਂ ਹੀ ਸਾਰੇ ਯੂਰਪ ਨੇ ਫਰਾਂਸ ਤੇ ਹਮਲਾ ਕਰ ਦਿੱਤਾ। ਸਾਰੇ ਫਰਾਂਸ ਨੇ ਪੈਰਸ ਸ਼ਹਿਰ ਤੇ, ਜਿਥੇ ਅਜੇ ਲੋਕ-ਰਾਜ ਦੀਆਂ ਜੜ੍ਹਾਂ ਧਰਤੀ ਵਿਚ ਫੈਲਣ ਲਈ ਸੋਚਦੀਆਂ ਸਨ। ਇਸ ਸਾਲ ਵਰਗਾ ਸ਼ਾਨਦਾਰ ਤੇ ਭਿਆਨਕ ਸਾਲ ਅਜ ਤੱਕ ਫਰਾਂਸ ਦੀ ਯਾਦ-ਇਤਹਾਸ ਵਿਚ ਨਹੀਂ ਆਇਆ।

ਸਿਮੋਰ ਡੇਨ ਦੀ ਜੁਵਾਨੀ ਖੂਨ ਨਾਲ ਖੇਲਣ ਦੀਆਂ ਆਸਾਂ ਵਿਚ ਜਾਂ ਲਹੂ ਨਾਲ ਖੇਲਣ ਵਿਚ ਲੰਘੀ ਸੀ। ਸਿਮੋਰ ਡੇਨ ਉਨ੍ਹਾਂ ਸੁਹਣੀਆਂ ਚਿੜੀਆਂ ਵਾਂਗ ਉਡ ਰਿਹਾ ਸੀ, ਜੇਹੜੀਆਂ ਸਮੁੰਦਰ

ਉਤੇ ਜੁਵਾਰ ਭਾਟੇ ਔਣ ਵੇਲੇ ਖੁਸ਼ੀ ਖੁਸ਼ੀ ਉਡਦੀਆਂ ਤੇ ਗੌਂਦੀਆਂ ਹਨ। ਕਈ ਸੁਹਣੀਆਂ ਤੇ ਨਿੱਕੀਆਂ ਚਿੜੀਆਂ ਡਰਾਉਣੇ ਪਹਾੜਾਂ ਦੀਆਂ ਕੰਦਰਾਂ ਵਿਚ ਆਲ੍ਹਣੇ ਪਾਕੇ ਰਹਿੰਦੀਆਂ ਹਨ, ਸਿਮੋਰ ਡੇਨ ਨੇ ਵੀ ਕੁਝ ਅਜੇਹੀਆਂ ਚਿੜੀਆਂ ਦਾ ਜੂਠਾ ਖਾਧਾ ਹੋਇਆ ਸੀ। ਉਹ ਕਈ ਵਾਰ ਆਖਦਾ ਹੁੰਦਾ ਸੀ, "ਦਇਆ ਇਕ ਬੜੀ ਚੰਗੀ ਚੀਜ਼ ਹੈ, ਪਰ ਇਹ ਦੁਖੀਆਂ ਲਈ ਬਣੀ ਹੈ, ਇਸ ਦਾ ਅਮੀਰਾਂ ਨਾਲ ਕੋਈ ਢੁਕਾ ਨਹੀਂ। ਸੋਨਾਂ ਨਿੱਕੀ ਹਥੌੜੀ ਨਾਲ ਘੜਿਆ ਜਾ ਸਕਦਾ ਹੈ, ਪਰ ਲੋਹੇ ਲਈ ਵਦਾਣਾਂ ਦੀਆਂ ਸੱਟਾਂ ਜ਼ਰੂਰੀ ਹਨ। ਜੇਹੜੇ ਲੋਕ ਮਾੜਿਆਂ ਨੂੰ ਜੀਉਣ ਦੇਣ ਦੇ ਸਦਾ ਤੋਂ ਵਿਰੁਧ ਹਨ, ਉਹ ਲੱਤਾਂ ਦੇ ਭੂਤਨੇ ਹਨ, ਤੇ ਕਦੀ ਵੀ ਗੱਲਾਂ ਨਾਲ ਨਹੀਂ ਸਮਝ ਸਕਦੇ।"

ਜਿਹੜਾ ਇਨਕਲਾਬ ਨਾਲ ਖੇਲ ਚੁਕਿਆ ਹੋਵੇ, ਉਸ ਨੂੰ ਕੋਈ ਵੀ ਜਿੱਤ ਨਹੀਂ ਸਕਦਾ। ਸਿਮੋਰ ਡੇਨ ਅਜ਼ਾਦੀ ਦਾ ਖਿਲਾਰੀ ਸੀ। ਅਜ਼ਾਦੀ ਦੇ ਖਿਲਾਰੀ ਨੂੰ ਹਰ ਔਕੜ ਵੇਲੇ ਗੀਤ ਗਾਣੇ ਪੈਂਦੇ ਹਨ, ਬੂ ਭਰੀਆਂ ਗਲੀਆਂ ਵਿਚ ਰਹਿਣ ਵਾਲਿਆਂ ਨਾਲ ਜਫੀਆਂ ਪਾਕੇ ਸਾਂਝੇ ਸੁਪਨੇ ਲੈਣੇ ਪੈਂਦੇ ਹਨ। ਸਿਮੋਰ ਡੇਨ ਦੀ ਛਾਤੀ ਵਿਚ ਦੁਖੀ ਤੇ ਗਰੀਬਾਂ ਦੇ ਦੁੱਖ ਦਰਦਾਂ ਛੋੜਦੇ ਤੇ ਅੱਖਾਂ ਵਿਚ ਅੱਗ ਦੇ ਉਲੰਬੇ ਬਾਲਦੇ ਸਨ। ਇਹ ਉਲੰਬੇ ਉਨ੍ਹਾਂ ਲੋਕਾਂ ਨੂੰ ਸਾੜਕੇ ਸੁਵਾਹ ਕਰ ਦੇਣਾ ਚਾਹੁੰਦੇ ਸਨ, ਜਿਨ੍ਹਾਂ ਨੇ ਗਰੀਬਾਂ ਨੂੰ ਦਲਿੱਦਰਤਾ ਦੀ ਨਰਕੀ ਅੱਗ ਵਿਚ ਸੁਟਿਆ ਹੋਇਆ ਸੀ।

ਇਕ ਦਿਨ ਇਕ ਮਜ਼ਦੂਰ, ਜੋ ਦਿਨੇ ਮਜ਼ਦੂਰੀ ਕਰਦਾ ਸੀ ਤੇ ਰਾਤ ਨੂੰ ਪਹਿਰਾ ਦੇ ਕੇ ਬੱਚਿਆਂ ਦਾ ਢਿਡ ਭਰਦਾ ਸੀ, ਸਿਮੋਰ ਡੇਨ ਨੇ ਸੁਣਿਆਂ ਕਿ ਉਹ ਧੌਣ ਦੇ ਫੋੜੇ ਨਾਲ ਬੀਮਾਰ ਹੈ। ਸਿਮੋਰ ਡੇਨ ਉਸ ਦੀ ਖਬਰ ਲੈਣ ਗਿਆ। ਗਲੀ ਵੜਦਿਆਂ ਹੀ ਉਸ ਨੇ ਦੁਖੀ ਦੀਆਂ ਚੀਕਾਂ ਸੁਣੀਆਂ। ਮਜ਼ਦੂਰ ਦੀ ਚੋਂਦੀ ਝੋਂਪੜੀ ਸੀ,

ਉਸ ਵਿਚ ਟੁਟੀਆਂ ਫੁਟੀਆਂ ਚੀਜ਼ਾਂ ਸਨ। ਮਜ਼ਦੂਰ ਦੀ ਧੌਣ ਤੇ ਫੋੜਾ ਸੀ, ਤੇ ਉਸ ਵਿਚ ਸੂਈ ਜਿੰਨਾ ਛੇਕ ਸੀ। ਉਸ ਵਿਚੋਂ ਬੜੀ ਤਿਖੀ ਬੂ ਆ ਰਹੀ ਸੀ। ਸਿਮੋਰ-ਡੇਨ ਨੇ ਫੋੜਾ ਵੇਖਿਆ ਤੇ ਗੋਡਿਆਂ ਭਾਰ ਹੋ ਕੇ ਦੋਵੇਂ ਹੱਥਾਂ ਦੀਆਂ ਤਲੀਆਂ ਤੇ ਭਾਰ ਪਾਕੇ ਬੁਲ੍ਹਾਂ ਨੂੰ ਫੋੜੇ ਦੇ ਨਾਲ ਲਾ ਦਿੱਤਾ ਤੇ ਬਚੇ ਵਾਂਗ ਚੁੰਘਣਾ ਸ਼ੁਰੂ ਕਰ ਦਿੱਤਾ। ਜਦੋਂ ਮੂੰਹ ਭਰ ਜਾਂਦਾ, ਪਾਕ ਦੀ ਥੁਲੀ ਸੁਟਕੇ ਫਿਰ ਚੁੰਘਣਾ ਸ਼ੁਰੂ ਕਰ ਦਿੰਦਾ। ਰਾਤ ਦੇ ਬਾਰਾਂ ਵਜੇ ਮਜ਼ਦੂਰ ਡੂੰਘੀ ਨੀਂਦਰੇ ਸੁਤਾ। ਕੁਝ ਦਿਨਾਂ ਵਿਚ ਰਾਜ਼ੀ ਹੋ ਗਿਆ। ਲਾਗੋਂ ਇਕ ਆਦਮੀ ਨੇ ਕਿਹਾ, "ਸਿਮੋਰ ਡੇਨ ! ਪਾਦਰੀ ਦਾ ਦਰਜਾ ਬੜਾ ਉਚਾ ਹੈ ਤੇ ਪਵਿਤ੍ਰ ਹੈ, ਤੁਸੀਂ ਇਹ ਕੀ ਕੀਤਾ ?"

ਡੇਨ ਨੇ ਕਿਹਾ, "ਹਜ਼ਰਤ ਈਸਾ ਦੀਆਂ ਗਲਾਂ ਇਸ ਕਰਕੇ ਮਿਠੀਆਂ ਸਨ, ਕਿਉਂਕਿ ਉਸ ਦੇ ਬੁਲ੍ਹ ਕੋੜ੍ਹਿਆਂ ਨੂੰ ਚੁੰਮਣ ਦੇਂਦੇ ਸਨ। ਰਾਜ ਦਰਬਾਰ ਵਿਚ ਜਾਕੇ ਮਜ਼ਹਬ ਤਰੱਕ ਜਾਂਦੇ ਹਨ; ਦਿਲ ਦੀ ਸਫਾਈ ਦੇ ਥਾਂ ਕਪੜਿਆਂ ਨੂੰ ਵਿਸ਼ੇਸ਼ਤਾ ਦਿਤੀ ਜਾਂਦੀ ਹੈ।"

ਉਸੇ ਆਦਮੀ ਨੇ ਫਿਰ ਕਿਹਾ, "ਜੇ ਅਜੇਹਾ ਕੰਮ ਤੂੰ ਕਿਸੇ ਰਾਜੇ ਵਾਸਤੇ ਕਰਦੋਂ ਤਾਂ ਉਹ ਤੈਨੂੰ ਅਸਮਾਨ ਤੇ ਚੜ੍ਹਾ ਦੇਂਦਾ।"

ਡੇਨ ਨੇ ਹਸਕੇ ਕਿਹਾ, "ਮੈਂ ਕਿਸੇ ਰਾਜੇ ਲਈ ਕਦੀ ਇਸ ਤਰ੍ਹਾਂ ਨ ਕਰਦਾ, ਉਸ ਦੀ ਲੰਮੀ ਉਮਰ ਹੋਣ ਕਰਕੇ ਗੁਲਾਮਾਂ ਨੂੰ ਹੋਰ ਬਹੁਤੇ ਦੁਖ ਮਿਲਦੇ, ਤੇ ਜਿਹੜੇ ਦੁਖ ਮੇਰੇ ਜੀਵਾਉਣ ਕਰਕੇ ਮਿਲਣੇ ਸਨ, ਉਹ ਮੈਨੂੰ ਕਿਸੇ ਅਕਾਸ਼ ਵਲ ਜਾ ਰਹੀਆਂ ਲਾਟਾਂ ਵਾਲੇ ਨਰਕ ਵਿਚ ਸੁਟਦੇ।"

ਇਹਨਾਂ ਗਲਾਂ ਤੇ ਕੰਮਾਂ ਨੇ ਉਸ ਨੂੰ ਹਰਮਨ ਪਿਆਰਾ ਆਗੂ ਬਣਾ ਦਿਤਾ, ਤੇ ਉਸ ਦੀ ਕੀਰਤੀ ਪ੍ਰਭਾਤ ਦੇ ਸੂਰਜ ਦੀਆਂ ਪਹਿਲੀਆਂ ਕਿਰਨਾਂ ਵਾਂਗ ਲੋਕਾਂ ਨੂੰ ਸੁੰਦਰ ਤੇ ਪਿਆਰੀਆਂ

ਲਗਣ ਲਗੀਆਂ।

੪ ਅਗਸਤ ਲੁਈਸ ਖਤਮ ਹੋ ਗਿਆ ਤੇ ੧੨ ਅਗਸਤ ਨੂੰ ਇਕ ਜੋਸ਼ੀਲੇ ਬੰਦਿਆਂ ਦਾ ਜਲੂਸ ਪੈਰਸ ਦੇ ਬਜ਼ਾਰਾਂ ਵਿਚ ਨਿਕਲਿਆ, ਜਿਸਨੇ ਰਾਜ਼ੇ ਮਹਾਰਾਜਿਆਂ ਦੇ ਬਣੇ ਬੁਤਾਂ ਨੂੰ ਤੋੜਨਾ ਸ਼ੁਰੂ ਕੀਤਾ। ਇਹਨਾਂ ਦਾ ਸਰਦਾਰ ਵੀ ਸਿਮੋਰ ਡੇਨ ਸੀ। ਉਹ ਕਹਿੰਦਾ ਸੀ "ਇਹਨਾਂ ਬੁਤਾਂ ਨਾਲ ਉਨ੍ਹਾਂ ਦੀ ਹੋਂਦ ਦਿਸਦੀ ਹੈ, ਤੇ ਜਿੰਨਾਂ ਚਿਰ ਰਾਜੇ ਦੀ ਹੋਂਦ ਰਹੀ, ਲੋਕਾਂ ਦੇ ਪੁਰਾਣੇ ਖਿਆਲ ਫਿਰ ਜਾਗਣ ਦਾ ਅੰਦੇਸ਼ਾ ਹੋ ਸਕਦਾ ਹੈ।" ਚੌਧਵੇਂ ਲੁਈਸ ਦੀ ਸੌ ਸਾਲ ਦੀ ਇਕ ਮੂਰਤੀ ਦੇ ਗਲ ਵਿਚ ਇਕ ਧੌਲੇ ਝਾਟੇ ਵਾਲੀ ਇਸਤ੍ਰੀ ਨੇ ਰਸਾ ਪਾਇਆ ਹੋਇਆ ਸੀ; ਅਖੀਰ ਉਹ ਮੂਰਤੀ ਡਿਗੀ ਅਤੇ ਨਾਲ ਹੀ ਉਹ ਬੁਢੀ ਵੀ ਡਿਗ ਪਈ ਤੇ ਸਦਾ ਲਈ ਡਿਗ ਪਈ।

ਇਕ ਹੋਰ ਬੜੀ ਕੀਮਤੀ ਮੂਰਤੀ ਲੋਕ ਤੋੜ ਰਹੇ ਸਨ, ਇਕ ਦੇ ਮੂੰਹੋਂ ਨਿਕਲ ਗਿਆ, "ਹੁਨਰ ਕਿਉਂ ਬਰਬਾਦ ਕਰਦੇ ਹੋ?"

ਲੋਕਾਂ ਦਾ ਹੜ ਉਸ ਵਲ ਵਧਿਆ ਤੇ ਮੁਕੀਆਂ ਧੱਪਿਆਂ ਨਾਲ ਉਸ ਨੂੰ ਖਤਮ ਕਰ ਦਿਤਾ। ਇਕ ਆਦਮੀ ਉਸ ਦੇ ਸਿਰਹਾਣੇ ਖੜੋਕੇ ਕਹਿਣ ਲਗਾ, "ਸਾਨੂੰ ਉਨ੍ਹਾਂ ਹੁਨਰ ਵਾਲਿਆਂ ਦੀ ਲੋੜ ਨਹੀਂ, ਜਿਹੜੇ ਆਪਣੇ ਪੇਟ ਪਿਛੇ ਕੋਮਲ ਹੁਨਰ ਨੂੰ ਮਨੁਖ ਪਸ਼ੂਆਂ ਤੇ ਚਿਤ੍ਰ ਦੇਂਦੇ ਹਨ, ਜਾਂ ਜਿਨ੍ਹਾਂ ਨੂੰ ਰੁਪੈ ਦੀ ਟੁਣਕਾਰ ਆਪਣੀ ਰਬੀ ਲਿਆਕਤ ਨੂੰ ਕਿਸੇ ਨੀਚ ਨਾਲ ਜੋੜਨ ਦਾ ਹੌਂਸਲਾ ਪੈਂਦਾ ਹੈ।"

ਉਸ ਬੁਤ ਦੇ ਟੁਕੜੇ ਟੁਕੜੇ ਕਰ ਦਿਤੇ ਗਏ। ਉਨ੍ਹਾਂ ਟੁਕੜਿਆਂ ਦੇ ਸਿਕੇ ਢਾਲੇ ਗਏ। ਕੇਵਲ ਸੱਜਾ ਹਥ ਵਦਾਣਾਂ ਦੀਆਂ ਸਟਾਂ ਤੋਂ ਬਚਿਆ। ਸਿਮੋਰ ਡੇਨ ਉਸ ਦਾ ਜਲੂਸ ਬਣਾਕੇ

ਕੈਦੀ ਲਾਟੂਡ ਪਾਸ ਗਏ। ਇਹ ਉਹ ਆਦਮੀ ਸੀ ਜੋ ਸੈਂਤੀ ਸਾਲ ਬੈਸਟਲ ਜੇਹਲ ਅੰਦਰ ਰਿਹਾ।

ਕਦੀ ਕਿਸੇ ਨੂੰ ਖਿਆਲ ਆ ਸਕਦਾ ਸੀ ਕਿ ਬੈਸਟਲ ਜੇਹਲ ਦੇ ਉਚੇ ਉਚੇ ਮੁਨਾਰੇ, ਜਿਹੜੇ ਸਾਰੇ ਪੈਰਸ ਨੂੰ ਵੇਖਦੇ ਸਨ, ਤੇ ਸਤ ਸਤ ਦੀਵਾਰਾਂ ਤੇ ਕਬਰਾਂ ਵਰਗੇ ਤਹਿਖਾਨੇ ਵੀ ਟੁਟਣਗੇ, ਤੇ ਜਿਨ੍ਹਾਂ ਦੋਸ਼ੀਆਂ ਨੂੰ ਬੇੜੀਆਂ ਤੇ ਹਥਕੜੀਆਂ ਲਗੀਆਂ ਹਨ, ਇਹਨਾਂ ਦੇ ਹਥ ਹਕੂਮਤ ਆਵੇਗੀ, ਲੋਕ ਇਹਨਾਂ ਦਾ ਜਲੂਸ ਕਢਣਗੇ, ਰਾਜੇ ਦਾ ਸੱਜਾ ਹਥ ਇਸ ਦੇ ਪੈਰਾਂ ਵਿਚ ਲਿਆਕੇ ਰਖਣਗੇ ਤੇ ਕਹਿਣਗੇ, "ਇਸ ਸਜੇ ਹਥ ਨੇ ਦਸਖਤ ਕਰਕੇ ਤੁਹਾਨੂੰ ਜੀਉਂਦਿਆਂ ਨੂੰ ਕਬਰ ਵਿਚ ਸੁਟਿਆ ਸੀ?" ਦੇਸ਼ ਭਗਤ ਕਬਰ ਵਿਚੋਂ ਬਾਹਰ ਆ ਗਏ ਤੇ ਰਾਜਾ ਰਾਣੀ ਅਮੀਰ ਵਜ਼ੀਰ ਸਦਾ ਲਈ ਕਬਰ ਵਿਚ ਬੰਦ ਕਰ ਦਿਤੇ ਗਏ।

ਸਿਮੋਰ ਡੇਨ ਨੂੰ ਵੇਖਕੇ ਲੋਕ ਆਖਿਆ ਕਰਦੇ ਸਨ ਕਿ "ਇਹ ਅਣੀਆਲਾ ਤੀਰ ਹੈ, ਜਿਸ ਨੂੰ ਆਪਣਾ ਨਿਸ਼ਾਨਾ ਬਣਾ ਲਏ, ਉਥੇ ਜਾਕੇ ਠੀਕ ਵਜਦਾ ਹੈ। ਭਾਵੇਂ ਤੀਰ ਦੀਆਂ ਅਖਾਂ ਨਹੀਂ, ਪਰ ਉਹ ਆਪਣੇ ਆਦਸ਼ ਤੇ ਜਾ ਪੁਜਦਾ ਹੈ। ਇਧਰ ਉਧਰ ਕਦੀ ਨਹੀਂ ਦੇਖਦਾ। ਨ ਸਾਹ ਲੈਂਦਾ ਹੈ, ਨ ਸਲਾਹ ਲੈਂਦਾ ਹੈ, ਉਹ ਕੇਵਲ ਚਲਣਾ ਤੇ ਖੁਭਣਾ ਜਾਣਦਾ ਹੈ।" ਸਿਮੋਰ ਡੇਨ ਨਿਸ਼ਾਨੇ ਤੋਂ ਨ ਉਕਣ ਵਾਲਾ ਤੀਰ ਸੀ।

ਇਕ ਸਭਾ ਦਾ ਨਾਮ ਸੀ "ਲੜਾਕੇ"। ਸਿਮੋਰ ਡੇਨ ਉਨ੍ਹਾਂ ਦਾ ਭੜਕੀਲਾ ਆਗੂ ਸੀ। ਪੈਰਸ ਦਾ ਬੱਚਾ ਬੱਚਾ ਇਸੇ ਜਥੇ ਨੂੰ ਜਾਣਦਾ ਸੀ। ਇਹ ਪੈਰਸ ਵਿਚ ਇਕ ਜੁਵਾਲਾ ਮੁਖੀ ਪਹਾੜ ਵਾਂਗ ਸੀ। ਹਰ ਸਮੇਂ 'ਮਾਰੋ, ਧਾੜੋ' ਦੀਆਂ ਅਵਾਜ਼ਾਂ ਔਂਦੀਆਂ ਰਹਿੰਦੀਆਂ ਸਨ। ਸਿਮੋਰ ਡੇਨ ਕਿਹਾ ਕਰਦਾ, "ਜਿਸ ਉਦੇਸ਼ ਨੂੰ ਤੁਸੀਂ ਕਾਮਯਾਬ ਕਰ ਲਓਗੇ ਚਾਹੇ ਉਸ ਲਈ ਕਿਤਨੀ ਬਰਬਾਦੀ

ਕਰੋ, ਉਹ ਪੁੰਨ ਹੈ; ਤੇ ਜੋ ਵਿਚ ਵਿਚਾਲੇ ਲਟਕਦਾ ਰਹੇ, ਉਹ ਪਾਪ ਹੈ।" ਕਈ ਵਾਰ ਉਹ ਆਖਦਾ, "ਕਿਸਾਨ ਦੀ ਖੇਤੀ ਪੁਟਣੀ ਮਾੜੀ ਗਲ ਹੈ, ਪਰ ਜੇ ਹੇਠੋਂ ਕੋਈ ਵੀ ਖਾਣ ਲਭ ਪੈਣੀ ਹੋਵੇ, ਫਿਰ ਢਿਲ ਕਰਨਾ ਪਾਪ ਹੈ, ਭਾਵੇਂ ਖੇਤੀ ਸਿਟੇ ਤੇ ਕਿਉਂ ਨ ਆਈ ਹੋਵੇ।"

ਉਸ ਦੀ ਅਵਾਜ਼ ਤਿਖੀ ਸੀ, ਤੇ ਉਹ ਬੋਲਣ ਵੇਲੇ ਸ਼ਬਦਾਂ ਤੇ ਜ਼ੋਰ ਪਾਕੇ ਬੋਲਦਾ ਸੀ। ਸੁਣਨ ਵਾਲੇ ਉਸ ਦੇ ਇਕ ਇਕ ਇਸ਼ਾਰੇ ਤੇ ਨਚਦੇ ਸਨ। ਉਸ ਦੇ ਸਾਦਿਆਂ ਕਪੜਿਆਂ ਵਿਚ ਤਾਕਤਵਰ ਸਰੀਰ ਸੀ ਤੇ ਸਰੀਰ ਵਿਚ ਮਜ਼ਬੂਤ ਬ੍ਰਹਮਚਾਰੀ ਆਤਮਾ।

ਕਈ ਲੋਕ ਉਸ ਨੂੰ ਵੇਖਕੇ ਆਖਦੇ ਸਨ, "ਹਰ ਇਕ ਮਨੁਖ ਕਿਸੇ ਨ ਕਿਸੇ ਚੀਜ਼ ਨਾਲ ਜਕੜਿਆ ਹੁੰਦਾ ਹੈ, ਪਰ ਡੇਨ ਕਿਉਂ ਅਜ਼ਾਦ ਹੈ?" ਨਹੀਂ, ਤੇ ਉਕਾ ਨਹੀਂ, ਦੁਨੀਆਂ ਵਿਚ ਆਕੇ ਹਰ ਇਕ ਪ੍ਰੋਤਾ ਜਾਂਦਾ ਹੈ। ਸਾਡੇ ਉਦਾਲੇ ਅਨੇਕਾਂ ਘੁੰਡੀਆਂ ਹਨ, ਤੇ ਉਹ ਸਾਰੀਆਂ ਹੋਰਨਾਂ ਅਨੇਕਾਂ ਖੁਲੀਆਂ ਘੁੰਡੀਆਂ ਵਿਚ ਫਸਣ ਲਈ ਇਧਰ ਉਧਰ ਘੁੰਮਦੀਆਂ ਹਨ। ਡੇਨ ਦੀ ਆਤਮਾ ਵਿਚ ਭੀ ਇਕ ਨਿਕਾ ਜਿਹਾ ਬੱਚਾ ਖੇਲਦਾ ਸੀ। ਨਿਕੇ ਪੈਰਾਂ ਦੀਆਂ ਨਿਕੀਆਂ ਉਲਾਘਾਂ ਨਾਲ ਡੇਨ ਵਲ ਔਂਦਾ, ਲਿਬੜੇ ਹਥਾਂ ਨਾਲ ਸਿਮੋਰ ਡੇਨ ਨੂੰ ਜੱਫੀ ਪਾ ਲੈਂਦਾ। ਬਚੇ ਦੀਆਂ ਤੋਤਲੀਆਂ ਗਲਾਂ ਨੇ, ਉਸ ਦੀ ਲੜਖੜਾਂਦੀ ਚਾਲ ਨੇ, ਉਸ ਦੇ ਬੇਜੋੜ ਸ਼ਬਦਾਂ ਤੇ ਟੁਟੇ ਭਾਵਾਂ ਨੇ ਸਿਮੋਰ ਡੇਨ ਨੂੰ ਆਪਣੇ ਵਲ ਖਿਚ ਲਿਆ। ਇਹ ਉਹੋ ਅਮੀਰ ਲੜਕਾ ਸੀ, ਜਿਸ ਨੂੰ ਡੇਨ ਨੇ ਲਾਲ ਕਿਲੇ ਵਿਚ ਖਿਡਾਇਆ, ਪੜ੍ਹਾਇਆ ਤੇ ਅਖੀਰ ਉਹ ਕੋਇਲ ਦੇ ਬਚੇ ਵਾਂਗ ਕਾਂ ਦਾ ਆਲ੍ਹਣਾ ਛਡ ਆਪਣੇ ਅਮੀਰੀ ਦੇ ਪੰਘੂੜੇ ਵਿਚ ਜਾ ਬੈਠਾ।

ਦੋਵੇਂ ਵਿਛੜ ਗਏ, ਪਰ ਲੜਕੇ ਦੇ ਅੰਦਰ ਡੇਨ ਦੀ ਆਤਮਾ

ਚਮਕਦੀ ਸੀ। ਉਸ ਦੇ ਮੱਥੇ ਅੰਦਰ ਸਿਮੋਰ ਦਾ ਮੇਹਨਤ ਨਾਲ ਅਕੱਠਾ ਕੀਤਾ ਗਿਆਨ ਸੀ। ਤਪਸਵੀਆਂ ਵਾਲਾ ਚਾਲ-ਚਲਣ ਅਮੀਰ ਬੱਚੇ ਦਾ ਹੋ ਗਿਆ। ਕੁੰਜ ਪੰਜ ਤਤਿਆਂ ਦੀ ਸੀ ਤੇ ਖੂਨ ਮਾਪਿਆਂ ਦਾ, ਪਰ ਉਸ ਵਿਚ ਹੋਰ ਸਭ ਕੁਝ ਪਾਦਰੀ ਦਾ ਸੀ। ਇਸ ਦਾ ਨਿਰਨਾ ਕਰਨਾ ਬੜਾ ਔਖਾ ਹੈ ਕਿ ਉਹ ਅਸਲ ਕਿਸਦਾ ਪੁਤਰ ਸੀ। ਜੇ ਦੁਧ ਪਿਲਾਉਣ ਨਾਲ ਕੋਈ ਮਾਤਾ ਬਣ ਸਕਦੀ ਹੈ ਤਾਂ ਕਈ ਬਚਿਆਂ ਨੂੰ ਮੁਢ ਤੋਂ ਗਾਂ ਦਾ ਦੁਧ ਦਿਤਾ ਜਾਂਦਾ ਹੈ? ਜੇ ਖਿਡਾਉਣ ਦਾ ਨਾਮ ਮਾਂ ਹੈ, ਤਾਂ ਨਰਸਾਂ ਸਭ ਤੋਂ ਬਹੁਤੀਆਂ ਮਾਵਾਂ ਹਨ। ਕੁਝ ਅਜੇਹੀਆਂ ਗਲਾਂ ਹੀ ਪਿਤਾ ਸੰਬੰਧੀ ਆਖੀਆਂ ਜਾ ਸਕਦੀਆਂ ਹਨ। ਕਈਆਂ ਦਾ ਖਿਆਲ ਹੈ ਕਿ ਮਾਲੀ ਨਾਲੋਂ ਸਿਆਣਾ ਕੋਈ ਦੁਨੀਆਂ ਤੇ ਨਹੀਂ ਹੁੰਦਾ, ਜੋ ਕਿਸੇ ਨੂੰ ਫਲ ਤੇ ਛਾਂ ਦੇਣ ਵਾਸਤੇ ਮੇਹਨਤ ਕਰਦਾ ਹੈ। ਪਰ ਮੇਰਾ ਖਿਆਲ ਹੈ, ਮਾਸਟਰ ਤੋਂ ਵਡਾ ਕੋਈ ਨਹੀਂ, ਜਿਹੜਾ ਬੱਚਿਆਂ ਨੂੰ ਵੀ ਬ੍ਰਿਛ ਬਣਾ ਸਕੇ। ਜਿੰਨੀ ਠੰਢੀ ਛਾਂ ਮਨੁਖ ਦੇ ਸਕਦਾ ਹੈ, ਉਤਨੀ ਬ੍ਰਿਛ ਨਹੀਂ, ਤੇ ਜਿੰਨੀ ਇਕ ਮਨੁਖ ਦੀ ਸਮਾਜ ਨੂੰ ਲੋੜ ਹੈ, ਉਨ੍ਹੀ ਬ੍ਰਿਛ ਦੀ ਨਹੀਂ। ਸਿਮੋਰ ਡੇਨ ਨੇ ਮਨੁਖਾਂ ਲਈ ਇਕ ਬੂਟਾ ਲਾਇਆ, ਪਰ ਹੁਣ ਉਸ ਨੂੰ ਇਹ ਨਹੀਂ ਸੀ ਪਤਾ, ਕਿ ਉਹ ਕਿਸ ਪਗ-ਡੰਡੀ ਜਾਂ ਪਹੇ ਤੇ ਠੰਢੀ ਛਾਂ ਕਰ ਰਿਹਾ ਹੈ, ਕਿੰਨੇ ਤੇ ਕੇਹੜੇ ਕੇਹੜੇ ਪੰਛੀਆਂ ਨੇ ਉਸ ਉਤੇ ਆਲ੍ਹਣੇ ਪਾਏ ਹਨ।

ਸਿਮੋਰ ਡੇਨ ਨੂੰ ਆਪਣੇ ਚੇਲੇ ਦਾ ਬਚਪਣ ਯਾਦ ਸੀ। ਉਸ ਬੱਚੇ ਦਾ ਮਾਂ ਪਿਉ ਮਰ ਚੁਕਾ ਸੀ। ਉਸ ਦੀ ਇਕ ਅੰਨ੍ਹੀ ਦਾਦੀ ਸੀ ਤੇ ਇਕ ਬਾਬਾ। ਦਾਦੀ ਵੀ ਸਿਆਣਾ ਹਥ ਬੱਚੇ ਕੋਲੋਂ ਛੁਡਵਾ ਗਈ। ਬਾਬਾ ਉਸ ਦਾ ਫੌਜ ਦਾ ਜਰਨੈਲ ਸੀ। ਲੜਕਾ ਆਪਣੇ ਸਿਮੋਰ ਡੇਨ ਗੁਰੂ ਪਾਸ ਹੀ ਪੜ੍ਹਦਾ ਸੀ ਤੇ ਉਸੇ ਦੀ ਨਿਗਰਾਨੀ ਹੇਠ ਪਲਦਾ ਸੀ। ਇਕ ਵਾਰ ਲੜਕਾ ਬੀਮਾਰ ਹੋ ਗਿਆ, ਡਾਕਟਰ

ਨੇ ਕਿਹਾ, "ਇਸ ਦਾ ਬਚਣਾ ਅਨਹੋਣੀ ਗਲ ਹੈ।"

ਸਿਮੋਰ ਡੇਨ ਦੀਆਂ ਅੱਖਾਂ ਵਿਚ ਪਹਿਲੀ ਵਾਰ ਅੱਥਰੂ ਆਏ। ਥੋੜੇ ਚਿਰ ਪਿਛੋਂ ਸਿਮੋਰ ਡੇਨ ਬੋਲਿਆ, "ਇਸ ਨੂੰ ਜੀਉਣਾ ਪਏਗਾ, ਤੇ ਦੁਨੀਆਂ ਦੇ ਜੇਹੜੇ ਕੰਮਾਂ ਦਾ ਗਿਆਨ ਇਸ ਦੇ ਸਿਰ ਵਿਚ ਹੈ, ਅਮਲਾਂ ਰਾਹੀਂ ਉਹ ਸਾਰੇ ਕੰਮ ਏਨੂੰ ਪੂਰੇ ਕਰਨੇ ਪੈਣਗੇ। ਇਹ ਅਧੂਰੇ ਕੰਮ ਛਡਕੇ ਨਹੀਂ ਜਾ ਸਕਦਾ।"

ਡਾਕਟਰ ਬੜਾ ਹੈਰਾਨ ਹੋਇਆ ਤੇ ਬੋਲਿਆ, "ਪਾਦਰੀ ਸਾਹਿਬ ਜੀ, ਡਾਕਟਰ ਰੁਪੈ ਵਿਚੋਂ ਕੇਵਲ ਦੋ ਆਨੇ ਜ਼ਿੰਦਗੀ ਦੇਂਦੇ ਹਨ, ਬਾਕੀ ਉਸ ਦੀ ਸੇਵਾ ਕਰਨ ਵਾਲੇ ਤੇ ਉਸਦਾ ਹੌਸਲਾ ਬਨ੍ਹਾਉਣ ਵਾਲੇ ਤੇ ਉਸਦਾ ਪ੍ਰਹੇਜ਼। ਕੋਈ ਵੱਡੀ ਗਲ ਨਹੀਂ, ਜੇ ਤੁਸੀਂ ਆਪਣੀ ਤਪੱਸਿਆ ਨਾਲ ਬਚੇ ਨੂੰ ਜੀਵਨ ਦੇ ਦਿਉ।"

ਬੱਚਾ ਬਚ ਗਿਆ ਤੇ ਸਿਮੋਰ ਡੇਨ ਨੇ ਸਿਖਿਆ, ਇਖਲਾਕ ਤੇ ਲੋਰੀਆਂ ਦੇ ਨਾਲ ਇਕ ਹੋਰ ਚੀਜ਼ ਵੀ ਬਚੇ ਨੂੰ ਦਿੱਤੀ; ਉਹ ਸੀ ਜੀਵਨ-ਦਾਨ।

ਲੜਕਾ ਗਭਰੂ ਬਣ ਗਿਆ ਤੇ ਆਪਣੇ ਵੱਡਿਆਂ ਵਾਂਗ ਫੌਜ ਵਿਚ ਕਪਤਾਨ ਬਣ ਗਿਆ। ਸਿਮੋਰ ਡੇਨ ਪਿੰਡ ਦੇ ਕੱਚੇ ਗਿਰਜਾ-ਘਰ ਵਿਚ ਜੀਵਨ ਲੰਘਾਉਂਦਾ ਗਿਆ। ਇਨਕਲਾਬ ਆਇਆ ਤੇ ਸਿਮੋਰ ਡੇਨ ਅਗੇ ਵਧਦਾ ਵਧਦਾ ਵੱਡਾ ਆਗੂ ਬਣ ਗਿਆ। ਕਈ ਕਈ ਰਾਤਾਂ ਦੇਸ਼ ਦੀ ਹਾਲਤ ਵਿਚਾਰਦਿਆਂ ਸਿਮੋਰ ਡੇਨ ਨੂੰ ਲੰਘਦੀਆਂ। ਸੁਰਤ ਟੁਟਦੀ ਤੇ ਦੂਜੀ ਫਿਲਮ ਚਲ ਪੈਂਦੀ। ਉਸ ਦੇ ਸਾਹਮਣੇ ਇਕ ਬੱਚੇ ਦੀ ਤਸਵੀਰ ਔਂਦੀ ਤੇ ਪੁਛਦੀ, "ਗੁਰੂ ਜੀ ਬੱਚੇ ਜੁਵਾਨ ਕਿਉਂ ਬਣ ਜਾਂਦੇ ਹਨ ਤੇ ਜੁਵਾਨ ਬੁਢੇ ਕਿਉਂ ਹੋ ਜਾਂਦੇ ਹਨ ?"

ਪਾਦਰੀ ਮੁਸਕ੍ਰਾਂਦਾ ਹੋਇਆ ਬੱਚੇ ਦੇ ਸਿਰ ਤੇ ਹਥ ਫੇਰਦਾ ਹੋਇਆ ਕਹਿੰਦਾ, "ਬਚੇ ਇਸ ਲਈ ਜੁਵਾਨ ਹੁੰਦੇ ਹਨ, ਕਿਉਂਕਿ ਉਨ੍ਹਾਂ ਦੇ ਮਾਂ ਬਾਪ ਕੰਮ ਕਰਦੇ ਕਰਦੇ ਬੁੱਢੇ ਹੋ ਜਾਂਦੇ ਹਨ, ਤੇ ਉਨ੍ਹਾਂ ਦੇ ਹਥਲੇ ਕੰਮ ਜੁਵਾਨਾਂ ਨੇ ਕਰਨੇ ਹੁੰਦੇ ਹਨ। ਜੁਵਾਨ ਬੁਢੇ ਇਸ ਕਰਕੇ ਹੁੰਦੇ ਹਨ, ਜੋ ਉਹ ਆਪਣੇ ਜੁਵਾਨੀ ਵਿਚ ਕੀਤੇ ਕੰਮਾਂ ਤੇ ਡੂੰਘੀ ਵਿਚਾਰ ਕਰ ਸਕਣ।"

"ਪਰ ਮੈਂ ਅਜੇ ਜੁਵਾਨ ਵੀ ਨਹੀਂ ਹੋਇਆ ਤੇ ਮੇਰੇ ਮਾਪੇ ਕਿਉਂ ਪਹਿਲੋਂ ਹੀ ਮਰ ਗਏ ਹਨ ?"

"ਜਿਹੜੇ ਨਿੱਕੇ ਬੱਚਿਆਂ ਤੇ ਹੀ ਮਾਂ ਬਾਪ ਨੂੰ ਯਕੀਨ ਹੋ ਜਾਵੇ ਕਿ ਉਹ ਮਾਪਿਆਂ ਦੇ ਕੰਮ ਨੂੰ ਸਿਰੇ ਚੜ੍ਹਾਉਣਗੇ, ਉਨ੍ਹਾਂ ਦੇ ਮਾਪੇ ਪਹਿਲੋਂ ਹੀ ਚਲੇ ਜਾਂਦੇ ਹਨ।" ਇਹ ਗਲ ਪਾਦਰੀ ਆਖ ਤਾਂ ਦੇਂਦਾ, ਪਰ ਉਸ ਦੇ ਸਾਰੇ ਸਰੀਰ ਵਿਚ ਕੋਈ ਦਰਦ ਛਿੜ ਪੈਂਦਾ। ਉਸ ਨੂੰ ਲੁਕਾਉਣ ਲਈ ਪਾਦਰੀ ਇਧਰ ਉਧਰ ਘੁੰਮਣ ਲਗ ਪੈਂਦਾ।

ਜ਼ਰੂਰੀ ਨਹੀਂ, ਜੀਵਨ ਦੇ ਹਰ ਪ੍ਰਸ਼ਨ ਦਾ ਉੱਤਰ ਲਭ ਪਏ।

ਖਿਆਲਾਂ ਦੇ ਵਹਿਣਾਂ ਵਿਚੋਂ ਜਦੋਂ ਸਿਮੋਰ ਡੇਨ ਬਾਹਰ ਔਂਦਾ ਤਾਂ ਉਹ ਬੜਾ ਸ਼ਰਮਿੰਦਾ ਹੁੰਦਾ ਤੇ ਆਖਦਾ, "ਹੁਣ ਨ ਉਹ ਬੱਚਾ ਹੈ, ਨ ਮੈਂ ਉਸ ਪਿੰਡ ਦਾ ਪਾਦਰੀ; ਨ ਉਹ ਫਰਾਂਸ ਹੈ, ਤੇ ਨ ਉਹ ਲੋਕੀਂ; ਨ ਕੋਈ ਉਸਦਾ ਪ੍ਰਸ਼ਨ ਹੈ ਤੇ ਨਾਹੀਂ ਮੈਨੂੰ ਕਿਸੇ ਉੱਤਰ ਦੇਣ ਦੀ ਲੋੜ ਹੈ। ਮੁਲਕੀ ਮਾਮਲੇ ਸਾਹਮਣੇ ਹਨ ਤੇ ਮੈਂ ਬੀਤ ਗਈਆਂ ਗਲਾਂ ਨੂੰ ਯਾਦ ਕਰਕੇ ਸਮਾਂ ਲੰਘਾ ਛਡਦਾ ਹਾਂ। ਬੀਤੇ ਦਾ ਸੁਹਜ ਮਿਠਾ ਹੈ, ਪਰ ਸਾਹਮਣੇ ਦੀ ਕੁਰੱਤਣ ਉਸ ਨੂੰ ਚੱਖਣ ਨਹੀਂ ਦਿੰਦੀ।"

ਇਕ ਮਧਮ ਜੇਹੀ ਦੂਰੋਂ ਅੰਦਰੋਂ ਕੋਈ ਅਵਾਜ਼ ਔਂਦੀ, "ਬੀਤ ਗਈਆਂ ਨੂੰ ਕੁਝ ਚਿਰ ਲਈ ਢੱਕਿਆ ਜਾ ਸਕਦਾ ਹੈ, ਪਰ ਜੀਵਨ ਵਿਚੋਂ ਕਢ ਕੇ ਵੱਖ ਨਹੀਂ ਕੀਤਾ ਜਾ ਸਕਦਾ।"

ਕੀ ਏਹੋ ਜਹੇ ਪ੍ਰੇਮ ਦੀ ਪ੍ਰੀਖਿਆ ਹੋਣੀ ਚਾਹੀਦੀ ਹੈ ? ਇਮਤਿਹਾਨ ਲਿਆ ਹੀ ਉਸੇ ਦਾ ਜਾਣਾ ਚਾਹੀਦਾ ਹੈ, ਜਿਸ ਨੇ ਜੀਵਨ ਰਾਤਾਂ ਜਾਗਕੇ ਤਿਆਰੀ ਕੀਤੀ ਹੋਵੇ।

ਕੁਦਰਤ ਦੀ ਕਲਮ ਪਰਚੇ ਲਿਖ ਰਹੀ ਹੈ, ਸਮੇਂ ਦੀ ਮਸ਼ੀਨ ਆਪੇ ਛਾਪਕੇ ਅਗੇ ਰਖ ਦੇਵੇਗੀ। ਕਦੋਂ ?

# ਤਿੰਨ ਆਗੂ

ਆਗੂ ਦੀ ਖੇਡਦੇ ਇਧਰ ਉਧਰ, ਵਿਧਵਾ, ਨਿਪੁਤੀਆਂ ਮਾਵਾਂ ਤੇ ਅਨਾਥ ਬੱਚੇ ਹੌਕੇ ਲੈਂਦੇ ਹਨ ਤੇ ਇਨ੍ਹਾਂ ਦੇ ਸਾਰੇ ਦੁਖਾਂ ਦਾ ਕਾਰਨ ਇਕ ਆਗੂ ਹੁੰਦਾ ਹੈ। ਪਰ ਫਿਰ ਵੀ ਦੁਨੀਆਂ ਵਿਚ ਬਹੁਤ ਸਾਰੇ ਐਸੇ ਹਨ, ਜਿਨ੍ਹਾਂ ਦੀ ਖੋਪਰੀ ਆਪਣੀ ਲਗੀ ਹੁੰਦੀ ਹੈ ਤੇ ਉਹ ਲੀਡਰੀ ਨੂੰ ਰੰਗਰਲੀਆਂ ਮਾਣਨ ਵਾਲੀ ਇਕ ਰੰਗਸ਼ਾਲਾ ਸਮਝਦੇ ਹਨ। ਆਗੂ ਬਣਾਏ ਨਹੀਂ ਜਾਂਦੇ, ਸਗੋਂ ਜੰਮਦੇ ਹਨ ਤੇ ਉਹ ਵੀ ਕਦੀ ਕਦੀ-ਚਿਰਾਂ ਪਿਛੋਂ। ਸਦੀਆਂ ਨੂੰ ਸਦਾ ਤੋਂ ਕੁੰਭ-ਕਰਨ ਦੀ ਨੀਂਦਰੇ ਸੌਣ ਦਾ ਸੁਭਾਵ ਪੈ ਗਿਆ ਹੈ। ਆਗੂ ਆ ਕੇ ਉਹਨਾਂ ਦੇ ਮੂੰਹ ਤੇ ਸ਼ਾਹ ਰੰਗ ਦੇ ਲਹੂ ਦੀਆਂ ਪਿਚਕਾਰੀਆਂ ਪੌਂਦੇ ਹਨ, ਤਾਂ ਕਿਤੇ ਜਾਕੇ ਸਦੀਆਂ ਅੱਖਾਂ ਮਲਦੀਆਂ ਮਲਦੀਆਂ ਜਾਗਦੀਆਂ ਹਨ।

ਪੈਰਸ ਸ਼ਹਿਰ ਅੰਦਰ ਇਕ ਬੰਦ ਕਮਰੇ ਵਿਚ ਤਿੰਨ ਆਗੂ ਬੈਠੇ ਹਨ, ਘੜਿਆਲ ਨੇ ਅੱਠ ਵਜਾ ਦਿਤੇ ਹਨ, ਲੈਂਪ ਜਗ ਰਿਹਾ ਹੈ, ਦਰਵਾਜ਼ਾ ਬੰਦ ਹੈ, ਪਰ ਨੌਕਰ ਭੀਤਾਂ ਨਾਲ ਕੰਨ ਲਾਈ ਸਭ ਕੁਝ ਸੁਣ ਰਿਹਾ ਹੈ।

ਪੀਰੀ ਦਾ ਲਾਲ ਮੂੰਹ ਤੇ ਜਵਾਨੀ ਭਰਿਆ ਸਰੀਰ ਸੀ, ਪੁਸ਼ਾਕ ਅਮੀਰਾਂ ਵਾਲੀ ਸੀ ਤੇ ਮੇਜ਼ ਤੇ ਪਏ ਨਕਸ਼ੇ ਨੂੰ ਧਿਆਨ ਨਾਲ ਵੇਖ ਰਿਹਾ ਸੀ।

ਟੈਨ ਕਾਫੀ ਲੰਮਾ ਸੀ, ਕੋਟ ਤੇ ਵਾਸਕਟ ਦਾ ਕੋਈ ਬਟਨ

ਟੁਟਾ ਸੀ ਤੇ ਕੋਈ ਖੁੱਲ੍ਹਾ ਸੀ। ਉਸਦੇ ਅਗੇ ਸ਼ਰਾਬ ਦਾ ਪਿਆਲਾ ਸੀ।

"ਮਾਰੇ" ਲੜਕਾ-ਸਭਾ ਦਾ ਮੈਂਬਰ ਸੀ। ਕੱਦ ਦਾ ਵੌਣਾ ਸੀ। ਨਿੱਕਾ ਮੱਥਾ ਤੇ ਅੱਖਾਂ ਡੂੰਘੀਆਂ ਅਰ ਲਾਲ ਸਨ। ਅਗੇ ਚਾਹ ਦਾ ਪਿਆਲਾ ਪਿਆ ਸੀ। ਗਾਤਰੇ ਵਿਚ ਇਕ ਲੰਮਾ ਛੁਰਾ ਸੀ। ਭਰਵੱਟੇ ਤਣੇ ਹੋਏ ਸਨ। ਅੰਗ ਫੁਰਕਦੇ ਸਨ।

ਟੋਨ ਸ਼ਰਾਬ ਦਾ ਪਿਆਲਾ ਪੀ ਕੇ ਛੇਤੀ ਨਾਲ ਉਠ ਖੜੋਤਾ ਤੇ ਕੁਰਸੀ ਪਿਛੇ ਧੱਕ ਕੇ ਬੋਲਿਆ, "ਲੋਕ-ਰਾਜ ਸ਼ੇਰਾਂ ਨੇ ਕਾਇਮ ਕੀਤਾ ਹੈ, ਜਿਨ੍ਹਾਂ ਦੇ ਛੁਰਿਆਂ ਦੇ ਪੰਜੇ ਸਨ, ਤੇ ਇਸ ਨੂੰ ਸ਼ੇਰ ਹੀ ਕਾਇਮ ਰਖ ਸਕਦੇ ਹਨ। ਸ਼ਿਕਾਰ ਕਰਨ ਵੇਲੇ ਸ਼ੇਰ ਨੇ ਕਦੀ ਨਹੀਂ ਸੋਚਿਆ, ਜਿਸ ਤੇ ਮੈਂ ਹਮਲਾ ਕਰਨ ਲਗਾ ਹਾਂ, ਉਸਦੇ ਪੁਤਰ ਯਤੀਮ ਹੋ ਜਾਣਗੇ। ਸਾਨੂੰ ਹਾਥੀ ਵਾਂਗ ਅਗੇ ਵਧਦੇ ਜਾਣਾ ਚਾਹੀਦਾ ਹੈ, ਉਹ ਕਦੀ ਆਪਣੇ ਪੈਰਾਂ ਹੇਠ ਆ ਰਿਹਾਂ ਵਾਸਤੇ ਕਬਰਾਂ ਨਹੀਂ ਪੁੱਟਦਾ ਤੇ ਨਾ ਹੀ ਦੱਬਦਾ ਤੇ ਬਹਿ ਕੇ ਵੈਣ ਪਾਉਂਦਾ ਹੈ।"

ਪੀਰੀ ਨੇ ਨਕਸ਼ੇ ਤੇ ਸ਼ੀਸ਼ੇ ਦਾ ਵੱਟਾ ਰੱਖਦਿਆਂ ਕਿਹਾ, "ਤੁਹਾਨੂੰ ਪਤਾ ਹੈ, ਸ਼ੇਰ ਪਹਿਲੇ ਅਟੰਕ ਸੌਂ ਕੇ ਆਉਂਦਾ ਹੈ, ਤੇ ਫਿਰ ਉਹ ਸ਼ਿਕਾਰ ਤੇ ਪੈਂਦਾ ਹੈ। ਦੇਸ਼ ਦੇ ਪ੍ਰੋਗ੍ਰਾਮ ਸੋਚਣ ਵੇਲੇ ਖ਼ੂਨ ਦਾ ਜੋਸ਼ ਹੀ ਕਾਫ਼ੀ ਹੈ। ਕਈ ਵਾਰ ਸ਼ਰਾਬ ਦੇ ਪਿਆਲੇ ਸੁਰਤੀ ਦੇ ਨੈਣਾਂ ਵਿਚ ਡੁਲ੍ਹ ਜਾਂਦੇ ਹਨ। ਉਹ ਅੱਖ ਬੰਦ ਕਰ ਲੈਂਦੀ ਹੈ, ਤੇ ਅਸੀਂ ਮਤਾ ਪਾਸ ਕਰ ਦੇਂਦੇ ਹਾਂ। ਜਦ ਹੋਸ਼ ਆਉਂਦੀ ਹੈ, ਤਾਂ ਸਭ ਕੁਝ ਉਲਟ ਹੋ ਚੁਕਦਾ ਹੈ।"

ਟੋਨ ਨੇ ਟਕੋਰ ਲਾਂਦਿਆਂ ਹੋਇਆਂ ਪੀਰੀ ਨੂੰ ਕਿਹਾ, "ਸਾਰੀ ਰਾਤ ਰੋਂਦੀ ਰਹੀ ਤੇ ਮਰਿਆ ਕੋਈ ਵੀ ਨਾ। ਅਜੇ ਤੱਕ ਉਲੂ ਨੂੰ ਇਹ ਵੀ ਪਤਾ ਨਹੀਂ ਲਗਾ ਜੋ ਸੂਰਜ ਚੜ੍ਹਿਆ ਹੈ ਕਿ ਨਹੀਂ।

ਇੰਗਲੈਂਡ ਵਾਲਿਆਂ ਦੇ ਜਹਾਜ਼ ਸਮੁੰਦਰ ਵਿਚ ਮਗਰਮੱਛਾਂ ਵਾਂਗ ਘੁੰਮ ਰਹੇ ਹਨ, ਤੇ ਜਦੋਂ ਸਮਾਂ ਮਿਲਿਆ ਉਹ ਫਰਾਂਸ ਦਿਆਂ ਕਿਨਾਰਿਆਂ ਤੇ ਧੜਾਧੜ ਫੌਜਾਂ ਉਤਾਰ ਦੇਣਗੇ। ਮੈਂ ਚਾਹੁੰਦਾ ਹਾਂ ਉਹਨਾਂ ਨੂੰ ਉਥੇ ਹੀ ਸੁਸਰੀ ਵਾਂਗ ਸੁਵਾ ਦਿਤਾ ਜਾਵੇ'', ਜੋਸ਼ ਨਾਲ ਕਹਿੰਦਿਆਂ ਕਹਿੰਦਿਆਂ ਦੈਨ ਦੇ ਕੋਟ ਦੇ ਇਕ ਦੋ ਬੀੜੇ ਹੋਰ ਵੀ ਖੁਲ੍ਹ ਗਏ।

''ਦੀਵਾ ਦੂਰ ਅੰਧੇਰੇ ਨੂੰ ਦੂੜਾ ਸਕਦਾ ਹੈ, ਪਰ ਜਿਹੜਾ ਉਸੇ ਦੇ ਓਹਲੇ ਹੋ ਕੇ ਲੁਕ ਜਾਂਦਾ ਹੈ, ਉਸ ਨੂੰ ਦੂਰ ਕਰਨਾ ਟੇਢੀ ਖੀਰ ਹੈ। ਛਾਤੀ ਤੇ ਲੇਟਦਾ ਫ਼ਨੀਅਰ ਸਪ ਮਾਰਨਾ ਸੁਖਾਲਾ ਨਹੀ'' ਪੀਰੀ ਨੇ ਸ਼ਬਦਾਂ ਤੇ ਜ਼ੋਰ ਦੇ ਕੇ ਕਿਹਾ।

''ਨੌਂ ਕੋਹ ਦਰਿਆ ਤੰਬਾ ਮੋਢੇ ਤੇ ਵਾਲੀ ਗਲ ਨਾ ਕਰੋ।'' ਵੈਰੀ ਅਜੇ ਸਰਹੱਦ ਤੇ ਹੈ, ਤੇ ਤੁਸੀਂ ਕਬੂਤਰ ਵਾਂਗ ਪਹਿਲੇ ਹੀ ਅੱਖਾਂ ਮੀਟਦੇ ਹੋ,'' ਦੈਨ ਨੇ ਮੇਜ਼ ਤੇ ਹੱਥ ਮਾਰ ਕੇ ਆਖਿਆ।

''ਦੁਸ਼ਮਨ ਸਰਹੱਦ ਤੋਂ ਦੂੜਾ ਦੇਣਾ ਕੋਈ ਔਖੀ ਗਲ ਨਹੀਂ, ਵੈਰੀ ਸਾਡੇ ਖੱਬੇ ਸੱਜੇ, ਪੈਰਸ ਦੀਆਂ ਗਲੀਆਂ ਵਿਚ ਹੈ। ਤੇਰੇ ਮੇਰੇ ਤੇ ਵੀ ਉਹਨਾਂ ਦਾ ਅਸਰ ਹੋਇਆ ਹੋਇਆ ਹੈ, ਜਾਂ ਹੋਣ ਵਾਲਾ ਹੈ,'' ਪੀਰੀ ਨੇ ਕਟਾਸ਼ ਸੁਟ ਕੇ ਕਿਹਾ।

''ਤੂੰ ਜਾਗਦਾ ਏਂ ਕਿ ਸੁੱਤਾ ਬੜਾਉਂਦਾ ਪਿਆ ਏਂ ?'' ਦੈਨ ਨੇ ਲੈਂਪ ਦੀ ਬੱਤੀ ਉੱਚੀ ਕਰ ਕੇ ਕਿਹਾ, ''ਸਾਡੇ ਹੱਥ ਵਿਚ ਲੋਕ-ਰਾਜ ਦੀ ਲੈਂਪ ਹੈ। ਜਿੰਨਾਂ ਜ਼ਰੂਰੀ ਸਮਝਾਂਗੇ ਚਾਨਣਾ ਕਰਾਂਗੇ, ਤੇ ਜੇ ਲੋੜ ਪਈ ਤਾਂ ਏਸੇ ਬੱਤੀ ਵਿਚੋਂ ਅੱਗ ਦੇ ਲਾਂਬੂ ਲੈ ਕੇ ਦੁਸ਼ਮਨ ਦਾ ਘਰ ਸਾੜ ਦਿਆਂਗੇ। ਤੂੰ ਪੂਛ ਨਾ ਲੁਕਾਈ ਫਿਰ, ਮਰਦਾਂ ਵਰਗਾ ਦਿਲ ਕੱਢ।''

''ਤੈਨੂੰ ਪਤਾ ਹੈ, ਵੱਡੇ ਵੱਡੇ ਜੰਗਲ ਸ਼ੇਰਾਂ, ਚੀਤਿਆਂ ਤੇ ਹਾਥੀਆਂ ਤੋਂ ਨਹੀਂ ਡਰਦੇ, ਤੇ ਨ ਪੈਰਾਂ ਹੇਠ ਲੁਕੀਆਂ ਲੋਹੇ ਦੀਆਂ

ਖਾਨਾਂ ਦੇਖ ਕੇ ਤ੍ਰਭ੍ਰਕਦੇ ਹਨ। ਪਰ ਜੇ ਕਿਸੇ ਇਕ ਬੂਟੇ ਨਾਲੋਂ ਨਿਕੀ ਜਿਹੀ ਟਾਹਣੀ ਟੁੱਟ ਕੇ ਕੁਹਾੜੇ ਦਾ ਦਸਤਾ ਬਣਨਾ ਸਵੀਕਾਰ ਕਰ ਲਵੇ, ਤਾਂ ਸਾਰਾ ਜੰਗਲ ਕੰਬ ਉਠਦਾ ਹੈ, ਪੱਤਾ ਪੱਤਾ ਤ੍ਰਭ੍ਰਕਦਾ ਹੈ, ਘਰ ਦਾ ਭੇਤੀ ਦੁਨੀਆਂ ਦੇ ਸਭ ਹਥਿਆਰਾਂ ਨਾਲੋਂ ਖਤਰਨਾਕ ਹੈ। ਵੈਰੀ ਏਨਾ ਨੁਕਸਾਨ ਨਹੀਂ ਕਰ ਸਕਦਾ, ਜਿੰਨਾ ਡੂੰਘਾ ਮਿੱਤਰ। ਵੇਣੀ ਦੇ ਜੰਗ ਵਿਚ ਸਾਡੇ ਘਰ ਦੇ ਵੈਰੀ ਹਨ,'' ਪੀਰੀ ਨੇ ਨਕਸ਼ੇ ਤੇ ਵੇਣੀ ਦੇ ਜੰਗਲਾਂ ਤੇ ਉਂਗਲ ਰਖਦੇ ਹੋਏ ਆਖਿਆ।

''ਬਾਜੀ ਤੁਹਾਡੇ ਹਥੋਂ ਜਾ ਰਹੀ ਹੈ। ਇਸ ਸ਼ਤਰੰਜ ਲਈ ਲਕੜ ਦੇ ਮੋਹਰੇ ਨਹੀਂ ਚਾਹੀਦੇ ਸਗੋਂ......'', ਹਥ ਵਿਚ ਛੁਰਾ ਲੈ ਕੇ ਜ਼ੋਰ ਨਾਲ ਮੇਜ਼ ਵਿਚ ਖਭਾਂਦਿਆਂ ਹੋਇਆਂ ਮਾਰੇ ਨੇ ਕਿਹਾ, ''...ਇਸ ਤਰ੍ਹਾਂ ਕਰਨ ਦੀ ਲੋੜ ਹੈ।''

''ਮੈਂ ਕਹਿੰਦਾ ਹਾਂ, ਇਸਦੀ ਲੋੜ ਨਹੀਂ। ਉਮਰਬਲ ਫੋੜਾ ਸਾਡੇ ਅੰਦਰ ਹੈ ਤੇ ਉਹ ਰਾਤ ਦਿਨ ਮਾਸ ਤੇ ਹੱਡੀਆਂ ਖਾ ਰਿਹਾ ਹੈ। ਅਸੀਂ ਉਸ ਨੂੰ ਛੁਰਾ ਨਹੀਂ ਮਾਰ ਸਕਦੇ ਤੇ ਜੇ ਮਾਰ ਦੇਈਏ ਤਾਂ ਅਸੀਂ ਬੱਚ ਨਹੀਂ ਸਕਦੇ। ਵੇਣੀ ਵਾਲਿਆਂ ਨੂੰ ਸੈਨਾ-ਪਤੀ ਮਿਲ ਗਿਆ ਹੈ, ਹਜ਼ਾਰਾਂ ਕਿਸਾਨਾਂ ਦੇ ਜਥੇ ਪਿੰਡਾਂ ਵਿਚੋਂ ਨਿਕਲ ਨਿਕਲ ਉਸਦੇ ਨਾਲ ਮਿਲ ਰਹੇ ਹਨ, ਲੰਟੇਨਕ ਜੰਗਲਾਂ ਵਿਚ ਰਹਿ ਕੇ ਲਗਾਤਾਰ ਛਾਪੇ ਮਾਰ ਰਿਹਾ ਹੈ।'' ਨਕਸ਼ੇ ਵਲ ਇਸ਼ਾਰੇ ਕਰਦਾ ਕਰਦਾ ਪੀਰੀ ਫਿਰ ਬੋਲਿਆ, ''ਜੇ ਇਹ ਥਾਂ ਉਸਦੇ ਕਾਬੂ ਆ ਗਏ ਤਾਂ ਉਹ ਅੰਗਰੇਜ਼ਾਂ ਦੇ ਜਹਾਜ਼ਾਂ ਦੇ ਕੰਢੇ ਲਗਣ ਲਈ ਥਾਂ ਬਣਾ ਲਏਗਾ।''

''ਇਸ ਦਾ ਅਰਥ ਇਹ ਹੋਇਆ ਕਿ ਅੰਗਰੇਜ਼ਾਂ ਦਾ ਰਾਜ ਫਰਾਂਸ ਤੇ ਹੋ ਜਾਏਗਾ,'' ਮਾਰੇ ਨੇ ਮੇਜ਼ ਤੇ ਮੁੱਕੀ ਮਾਰਦਿਆਂ ਹੋਇਆਂ ਕਿਹਾ।

''ਨਹੀਂ ਮੇਰੇ ਜੁਸ਼ੀਲੇ ਮਿੱਤਰ! ਅੰਗਰੇਜ਼ਾਂ ਦਾ ਰਾਜ ਨਹੀਂ

ਸਗੋਂ ਫਰਾਂਸ ਦੇ ਰਾਜੇ ਦਾ, ਰਾਜ ਦਰਬਾਰੀ ਲੁੰਟੇਨਕ ਦਾ। ਪ੍ਰਦੇਸੀ ਸਰਕਾਰ ਦਾ ਏਨਾ ਡਰ ਨਹੀਂ ਹੁੰਦਾ, ਜਿੰਨਾਂ ਆਪਣੇ ਮੁਲਕ ਦੀ ਭੈੜੀ ਸਰਕਾਰ ਦਾ। ਪ੍ਰਦੇਸੀ ਹਕੂਮਤਾਂ ਹਰ ਸਮੇਂ ਮਖਣ ਵਿਚੋਂ ਵਾਲ ਵਾਂਗ ਕੱਢ ਦਿਤੀਆਂ ਜਾ ਸਕਦੀਆਂ ਹਨ। ਉਨ੍ਹਾਂ ਦੇ ਰੰਗ ਓਪਰੇ ਹੁੰਦੇ ਹਨ ਤੇ ਉਨ੍ਹਾਂ ਦੀਆਂ ਜੜ੍ਹਾਂ ਡੂੰਘੀਆਂ ਨਹੀਂ ਹੁੰਦੀਆਂ। ਉਨ੍ਹਾਂ ਨੂੰ ਦੂਰ ਕਰਨ ਲਈ ਮੁਲਕ ਦੇ ਖ਼ੂਨ ਨੂੰ ਹਰ ਸਮੇਂ ਜੋਸ਼ ਦਿਤਾ ਜਾ ਸਕਦਾ ਹੈ। ਘਰ ਦਾ ਰਾਜਾ ਕੱਚਾ ਪਾਰਾ ਹੈ, ਜਿਹੜਾ ਕਦੀ ਹੱਡਾਂ ਵਿਚੋਂ ਨਿਕਲ ਹੀ ਨਹੀਂ ਸਕਦਾ। ਅਠਾਰਾਂ ਸੌ ਸਾਲ ਖਿਆਲ ਧੁਖਦੇ ਰਹੇ ਤੇ ਫਿਰ ਕਿਤੇ ਸ਼ਖਸੀ ਰਾਜ ਦਾ ਖਾਤਮਾ ਹੋਇਆ ਹੈ।"

ਮਾਰੇ ਦਾ ਧਿਆਨ ਉਪਰ ਨੂੰ ਸੀ। ਉਸ ਨੇ ਜ਼ੋਰ ਨਾਲ ਮੇਜ਼ ਤੇ ਮੁੱਕੀ ਮਾਰੀ। ਵੱਡੀ ਸਾਰੀ ਪਿੱਤਲ ਦੀ ਦਵਾਤ ਦੇ ਉਪਰ ਮੁੱਕੀ ਵੱਜੀ। ਉਸਦੀ ਸਿਆਹੀ ਦੇ ਛਿੱਟੇ ਮੇਜ਼-ਪੋਸ਼ ਉੱਤੇ ਤੇ ਸਾਰਿਆਂ ਦੇ ਕਪੜਿਆਂ ਤੇ ਪੈ ਗਏ। ਉਸ ਨੇ ਜੋਸ਼ ਨਾਲ ਕਿਹਾ, "ਫਰਾਂਸ ਨੂੰ ਮਾਸ ਦਾ ਲੋਥੜਾ ਸਮਝ ਕੇ ਵੈਰੀ ਚਾਰ ਚੁਫੇਰਿਓਂ ਗਿਲਜਾਂ ਵਾਂਗ ਚੁੰਜਾਂ ਅੱਡੀ ਆ ਰਹੇ ਹਨ। ਸਪੇਨ ਦੀਆਂ ਫੌਜਾਂ ਪਹਾੜ ਲੰਘਦੀਆਂ ਆ ਰਹੀਆਂ ਹਨ, ਜਰਮਨ ਵਾਲੇ ਭੀ ਧਮਕੀਆਂ ਦੇ ਰਹੇ ਹਨ, ਉਧਰੋਂ ਰੂਸ ਭੀ ਉਪੱਦਰ ਮਚਾਉਣ ਵਾਲਾ ਹੈ। ਫਰਾਂਸ ਦੇ ਰਾਜੇ ਲੂਈਸ ਨੂੰ ਇਸ ਲਈ ਨਹੀਂ ਖਤਮ ਕੀਤਾ ਗਿਆ ਕਿ ਕਲ ਇਕ ਪਰਦੇਸੀ ਰਾਜਾ ਆ ਕੇ ਤਖਤ ਤੇ ਬੈਠੇ", ਮਾਰੇ ਦੀਆਂ ਅੱਖਾਂ ਖ਼ੂਨ ਵਾਂਗ ਲਾਲ ਸਨ।

"ਤੇ ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਜਿਸ ਫਰਾਂਸ ਨੂੰ ਐਸ ਵੇਲੇ ਆਪਣਾ ਚੁਫੇਰਾ ਕਿਲ੍ਹੇ ਵਾਂਗ ਬਣਾਉਣਾ ਚਾਹੀਦਾ ਹੈ, ਉਹ ਬਿਨਾਂ ਛਿਲਕੇ ਤੋਂ ਨਰੰਗੀ ਹੈ, ਜੋ ਥੋੜ੍ਹਾ ਭੀ ਹਲਾਉਣ ਨਾਲ ਝੱਟ ਇਧਰ ਉਧਰ ਰੋਟੀ ਤੋਂ ਡੇਲਿਆਂ ਵਾਂਗ ਖਿਲਰ ਜਾਵੇਗੀ। ਪੈਰਸ ਵਿਚ ਜਿਹੜੀਆਂ ਅੱਡ ਅੱਡ ਜਥੇਬੰਦੀਆਂ ਹਨ, ਇਹ ਫਰਾਂਸ

ਦੇ ਲੋਕ-ਰਾਜ ਲਈ ਕੋਹੜ ਹੈ। ਹਰ ਨਿੱਕਾ ਜੱਥਾ ਆਪਣੇ ਆਪ ਨੂੰ ਦੇਸ਼ ਭਗਤ ਤੇ ਦੂਜੀ ਜਮਾਤ ਨੂੰ ਦੇਸ਼ ਦ੍ਰੋਹੀ ਸਾਬਤ ਕਰਨ ਲਈ ਪੂਰਾ ਪੂਰਾ ਟਿੱਲ ਲਾ ਰਿਹਾ ਹੈ। ਮੁਲਕ ਦੀ ਸਾਰੀ ਤਾਕਤ ਫਰਾਂਸ ਲਈ ਜ਼ਹਿਰ ਸਾਬਤ ਹੋ ਰਹੀ ਹੈ, ਤੇ ਜੇ ਇਹ ਸਾਰੇ ਜੱਥੇ ਇਕ ਤਾਰ ਵਿਚ ਪ੍ਰੋਤੇ ਜਾਣ ਤਾਂ ਇਹੋ ਅੰਮ੍ਰਿਤ ਬਣ ਜਾਏਗਾ। ਜਿਹੜਾ ਜ਼ਹਿਰ ਵੇਣੀ ਦੇ ਮੈਦਾਨ ਵਿਚ ਵਧ ਰਿਹਾ ਹੈ, ਉਹ ਸਾਰਾ ਪੈਰਸ ਦੇ ਜੱਥੇ ਬਣਾ ਕੇ ਭੇਜਦੇ ਹਨ। ਤੁਹਾਨੂੰ ਪਤਾ ਹੈ, ਰੋਜ਼ ਦੀਆਂ ਸੈਂਕੜੇ ਜੱਥਿਆਂ ਦੀਆਂ ਮੀਟਿੰਗਾਂ ਵਿਚ ਕੀ ਸੋਚਿਆ ਜਾਂਦਾ ਹੈ, 'ਕੋਈ ਲੋਕ-ਰਾਜ ਨੂੰ ਖਤਮ ਕਰ ਕੇ ਫਿਰ ਸ਼ਖਸੀ ਰਾਜ ਕਾਇਮ ਕਰਨ ਦੇ ਮਨਸੂਬੇ ਬਣਾਉਂਦਾ ਤੇ ਕਹਿੰਦਾ ਹੈ, ਇਨ੍ਹਾਂ ਨੂੰ ਮਾਰਨ ਤੋਂ ਪਹਿਲਾਂ ਇਨ੍ਹਾਂ ਨੂੰ ਗਲੀ ਗਲੀ ਕੂਚੇ ਕੂਚੇ ਬਦਨਾਮ ਕਰ ਲਵੋ। ਕਾਰਣ ? ਸਰਕਾਰਾਂ ਏਸੇ ਤਰੀਕੇ ਨਾਲ ਮਰਦੀਆਂ ਹਨ।"

"ਕੋਈ ਜਰਮਨੀ ਵਾਲਿਆਂ ਨਾਲ ਨਾਤਾ ਜੋੜ ਰਿਹਾ ਹੈ, ਕੋਈ ਸਪੇਨ ਵਾਲਿਆਂ ਦੀ ਉਪਮਾ ਦੇ ਪੁਲ ਬੰਨ੍ਹ ਰਿਹਾ ਹੈ ਤੇ ਕੋਈ ਅੰਗਰੇਜ਼ਾਂ ਦੇ ਗੁਣ ਗੌਂਦਾ ਨਹੀਂ ਰਜਦਾ। ਪਰ ਉਹ ਪੰਛੀ ਕੇਡਾ ਮੂਰਖ ਹੁੰਦਾ ਹੈ, ਜੋ ਬ੍ਰਿਛ ਤੇ ਬੈਠਾ ਖੰਭ ਸੁਵਾਰਦਾ ਪਿੰਜਰੇ ਦੀ ਸ਼ਲਾਘਾ ਕਰੇ ?"

ਟੋਨ ਨੇ ਮਾਰੇ ਦੇ ਅੱਗੇ ਹਥ ਹਿਲਾ ਕੇ ਕਿਹਾ, "ਵਾਹ ! ਭਈ ਵਾਹ ! ਇਹ ਤੇ ਤੂੰ ਸਭ ਆਪਣੀ ਹੀ ਵਿਆਖਿਆ ਕਰ ਮਾਰੀ ਹੈ।"

ਮਾਰੋ ਸੁਣ ਕੇ ਕੋਲਾ ਹੋ ਗਿਆ। ਕਰੜਾਈ ਨਾਲ ਬੋਲਿਆ, "ਤੂੰ ਮੇਰੇ ਤੇ ਪਾਦਰੀਆਂ ਵਾਂਗ ਫਤਵਾ ਲਾ ਦਿਤਾ ਈ, ਪਰ ਮੈਂ ਤੈਨੂੰ ਮੁਲਕ ਦੇ ਵਾਸਤੇ ਖਿਮਾਂ ਕਰਦਾ ਹਾਂ। ਇਹ ਨਾਜ਼ਕ ਸਮਾਂ ਨ ਹੁੰਦਾ ਤਾਂ ਤੇਰਾ ਸਿਰ ਹੁਣ ਤਕ ਮੇਜ਼ ਤੇ ਪਿਆ ਹੁੰਦਾ। ਤੂੰ ਮੇਰੇ ਅਸਲੇ ਨੂੰ ਨਹੀਂ ਜਾਣਦਾ, ਮੈਂ ਉਡਦੇ ਪੰਛੀਆਂ ਦੇ ਸੁਪਨੇ ਬੁਝ

ਲੈਂਦਾ ਹਾਂ। ਜਿਹੜੀਆਂ ਤੇਰੇ ਦਿਲ ਵਿਚ ਹਨ, ਮੇਰੇ ਪੈਰਾਂ ਦੇ ਨੌਹਾਂ ਵਿਚ ਹਨ। ਮੈਂ ਵੈਰੀ ਦੀਆਂ ਚਾਲਾਂ ਮਿੱਟੀ ਨਾਲ ਮਿਲਾ ਦੇਂਦਾ ਹਾਂ, ਮੇਰੀਆਂ ਸੇਵਾਵਾਂ ਨੂੰ ਫਰਾਂਸ ਦਾ ਬੱਚਾ ਬੱਚਾ ਜਾਣਦਾ ਹੈ, ਜਰਮਨੀ ਤੇ ਇੰਗਲੈਂਡ ਵਾਲੇ ਮੈਨੂੰ ਫਰਾਂਸ ਵਿਚੋਂ ਕਢਵਾਉਣਾ ਚਾਹੁੰਦੇ ਹਨ। ਵੈਰੀ ਨਾਲ ਮਿਲੀਆਂ ਜਮਾਤਾਂ ਮੈਨੂੰ ਪਾਗਲ ਬਣਾ ਕੇ ਜ਼ੰਜੀਰਾਂ ਨਾਲ ਜਕੜਨਾ ਚਾਹੁੰਦੀਆਂ ਹਨ।"

"ਟਿਟਿਆਉਲੀ ਸਮਝਦੀ ਹੈ, ਅਕਾਸ਼ ਮੇਰੀਆਂ ਟੰਗਾਂ ਕਰ ਕੇ ਰੁਕਿਆ ਹੈ", ਪੀਰੀ ਨੇ ਲਾ ਕੇ ਕਿਹਾ।

"ਉਹ ਮੂਰਖ ਹੈ, ਜੋ ਦੇਸ਼ ਦੇ ਮਾਮਲੇ ਇਕੱਲਾ ਨਜਿੱਠਣਾ ਚਾਹੇ। ਮੈਨੂੰ ਇਸ ਸਮੇਂ ਚੀਤੇ ਤੇ ਸ਼ੇਰਾਂ ਦੇ ਨਾਲ ਭੇਡਾਂ ਬੱਕਰੀਆਂ ਵੀ ਚਾਹੀਦੀਆਂ ਹਨ, ਤਾਂਕਿ ਉਹ ਸਮੇਂ ਸਮੇਂ ਸਿਰ ਉਨ੍ਹਾਂ ਦੀ ਖੁਰਾਕ ਬਣ ਸਕਣ। ਤੁਸੀਂ ਆਗੂ ਸਦਾਉਂਦੇ ਹੋ, ਪਰ ਤੁਹਾਨੂੰ ਆਪਣੇ ਬੀੜੇ ਮਾਰਨ ਦੀ ਸੁਰਤ ਨਹੀਂ। ਰਾਜਨੀਤੀ ਦਾ ਊੜਾ ਐੜਾ ਤੁਸੀਂ ਜਾਣਦੇ ਨਹੀਂ। ਤੁਹਾਡੇ ਚਾਰ ਚੁਫੇਰੇ ਸਾਜ਼ਸ਼ਾਂ ਹੋ ਰਹੀਆਂ ਹਨ। ਦੁਕਾਨਦਾਰਾਂ ਨੂੰ ਪਤਾ ਹੈ ਜੋ ਕੱਲ ਕੀ ਹੋਣ ਵਾਲਾ ਹੈ, ਪਰ ਤੁਸੀਂ ਅੱਖਾਂ ਮੀਟੀ ਫਿਰਦੇ ਹੋ। ਤੁਹਾਡੀ ਅਕਲ ਕਿਤੇ ਚਰਨ ਚਲੀ ਗਈ ਹੈ, ਨਕਲੀ ਸਿਕਿਆਂ ਨਾਲ ਬਾਜ਼ਾਰ ਭਰੇ ਪਏ ਹਨ। ਨੋਟਾਂ ਦੀ ਕੀਮਤ ਲੋਕ ਕਾਗਜ਼ ਨਾਲੋਂ ਵੀ ਘੱਟ ਸਮਝਦੇ ਹਨ ਤੇ ਖੁਲ੍ਹਮਖੁਲ੍ਹਾ ਕਹਿਣ ਲਗ ਪਏ ਹਨ, 'ਇਸ ਨਾਲੋਂ ਤਾਂ ਚਿਟੇ ਕਾਗਜ ਚੰਗੇ ਹਨ, ਜਿਨਾਂ ਤੇ ਕੁਝ ਲਿਖਿਆ ਤਾਂ ਜਾ ਸਕਦਾ ਹੈ।' ਮੈਨੂੰ ਤਾਂ ਸਾਹਮਣੇ ਸਾਣ ਘੁੰਮਦੀ ਤੇ ਉਸ ਤੇ ਛੁਰੀ ਤਿੱਖੀ ਕੀਤੀ ਜਾ ਰਹੀ ਦਿਸਦੀ ਹੈ, ਜਿਹੜੀ ਤੁਹਾਡੇ ਦੋਹਾਂ ਦੇ ਗਲੇ ਕੱਟੇਗੀ।"

ਟੋਨ ਮੁਸਕ੍ਰਾ ਕੇ ਬੋਲਿਆ, "ਉਹ ਛੁਰੀ ਕਿਤੇ ਤੁਹਾਡੇ ਕੋਲ ਤਾਂ ਨਹੀਂ ?"

"ਮੇਰੀ ਛੁਰੀ ਕਦੀ ਵੀ ਮਿੱਤਰਾਂ ਤੇ ਨਹੀਂ ਚਲ ਸਕਦੀ।

ਪਰ ਜੇ ਮਿੱਤਰ ਵੀ ਦੇਸ ਦ੍ਰੋਹੀ ਬਣ ਜਾਣਗੇ, ਤਾਂ ਮੈਥੋਂ ਬਿਨਾਂ ਪੁਛੇ ਤੋਂ ਇਹ ਉਸਦੇ ਕਾਲਜੇ ਵਿਚ ਜਾ ਖੁਭੇਗੀ। ਮੈਂ ਐਸ ਵੇਲੇ ਇਹ ਚਾਹੁੰਦਾ ਹਾਂ ਕਿ ਇੱਕੋ ਆਦਮੀ ਨੂੰ ਸਾਰੇ ਹੱਕ ਦੇ ਦਿਤੇ ਜਾਣ। ਲੜਾਈ ਦੇ ਸਮੇਂ ਵੱਡੀਆਂ ਵੱਡੀਆਂ ਸਭਾ ਤੇ ਲੰਮੇ ਲੰਮੇ ਮਤਿਆਂ ਦੀ ਲੋੜ ਨਹੀਂ ਹੁੰਦੀ।"

"ਮਾਰੇ, ਤੁਸੀਂ ਠੀਕ ਕਹਿੰਦੇ ਹੋ, ਪਰ ਕਿਸ ਨੂੰ ਸਾਰੇ ਅਧਿਕਾਰ ਦਿਤੇ ਜਾਣ ?"

ਟੋਨ ਗੁਸੇ ਨਾਲ ਬੋਲਿਆ, "ਤੁਸੀਂ ਹੱਕ ਇਕ ਆਦਮੀ ਨੂੰ ਦੇ ਕੇ ਤਾਂ ਵੇਖੋ, ਜੇ ਮੈਂ ਨਾਨੀ ਨਾ ਯਾਦ ਕਰਾ ਦਿਤੀ ਤਾਂ ਆਖਣਾ।"

"ਮਿੱਤਰ ਟੋਨ", ਮਾਰੇ ਨੇ ਕਿਹਾ, "ਐਸ ਵੇਲੇ ਨਾਨੀ ਦੇ ਥਾਂ ਮੁਲਕ ਨੂੰ ਤਲਵਾਰ ਯਾਦ ਕਰਾਉਣ ਦੀ ਲੋੜ ਹੈ। ਜੇ ਅਸੀਂ ਤਿੰਨ ਆਦਮੀ ਮਿਲਾਪ ਨ ਕਰ ਸਕੇ, ਤਾਂ ਸਾਰਾ ਮੁਲਕ ਕਿਵੇਂ ਇਤਫਾਕ ਕਰੇਗਾ। ਵਾਸਤਾ ਹੈ ਪਿਤਾ ਭੂਮੀ ਦਾ, ਆਓ ਘਿਓ ਖਿਚੜੀ ਹੋ ਜਾਈਏ।"

ਏਨੇ ਨੂੰ ਸਿਮੋਰਡੇਨ ਕਮਰੇ ਵਿਚ ਦਾਖਲ ਹੋਇਆ। ਇਕ ਮਿੰਟ ਲਈ ਚੁਪ ਹੋ ਗਈ।

ਸਿਮੋਰਡੇਨ ਖੜਾ ਖੜੋਤਾ ਬੋਲਿਆ, "ਮੈਂ ਲੋਕਾਂ ਦੀਆਂ ਉਡੀਕ ਦੀਆਂ ਅੱਖਾਂ ਹਾਂ ਤੇ ਲੋਕਾਂ ਦੀ ਇਛਾ ਵੀ ਹਾਂ। ਲੋਕ ਚਾਹੁੰਦੇ ਹਨ, ਤੁਸੀਂ ਤਿੰਨੇ ਇਕ ਹੋ ਜਾਵੋ, ਤੇ ਤੁਸੀਂ ਸਾਰੇ ਇਕ ਮਸ਼ੀਨ ਦੇ ਪੁਰਜੇ ਬਣ ਜਾਓ। ਮਸ਼ੀਨ ਦਾ ਕੋਈ ਵੀ ਪੁਰਜਾ ਨਿੱਕਾ ਹੋ ਸਕਦਾ ਹੈ, ਪਰ ਉਸਦੀ ਤਾਕਤ ਮਸ਼ੀਨ ਨੂੰ ਚਲਾਉਣ ਵਿਚ ਕਿਸੇ ਵਡੇ ਤੋਂ ਵਡੇ ਪੁਰਜੇ ਨਾਲੋਂ ਘਟ ਨਹੀਂ ਹੁੰਦੀ।"

ਸਾਰਿਆਂ ਨੇ ਸਿਰ ਹਿਲਾਇਆ।

ਸਿਮੋਰ ਡੇਨ ਰੁਕ ਕੇ ਬੋਲਿਆ, "ਵੇਣੀ ਦੇ ਕਿਸਾਨ ਫਰਾਂਸ ਨੂੰ ਦਸ ਜਰਮਨਾਂ ਜਿੰਨਾ ਬਰਬਾਦ ਕਰ ਸਕਦੇ ਹਨ। ਮੈਂ ਤਾਂ

ਚਾਹੁੰਦਾ ਹਾਂ, ਫਰਾਂਸ ਨੂੰ ਬਚਾਉਣ ਲਈ ਵੇਣੀ ਦੇ ਕਿਸਾਨਾਂ ਦਾ ਖਾਤਮਾ ਬੜਾ ਜ਼ਰੂਰੀ ਹੈ।"

ਟੇਨ ਵਿਅੰਗ ਨਾਲ ਬੋਲਿਆ, "ਤੁਸੀਂ ਤਾਂ ਪਹਿਲੇ ਪਾਦਰੀ ਹੁੰਦੇ ਸੀ ?"

"ਉਸੇ ਤਰ੍ਹਾਂ ਜਿਸ ਤਰ੍ਹਾਂ ਹੁਣ ਦੀਆਂ ਤੋਪਾਂ ਪਹਿਲੇ ਗਿਰਜੇ ਦੇ ਘੜਿਆਲ ਹੁੰਦੇ ਸਨ", ਸਿਮਰੋਡੇਨ ਨੇ ਸ਼ਬਦਾਂ ਤੇ ਜ਼ੋਰ ਪਾ ਕੇ ਕਿਹਾ।

ਮਾਰੇ ਬੋਲਿਆ, "ਮੈਨੂੰ ਪਤਾ ਹੈ, ਸਿਮੋਰਡੇਨ ਨੇ ਫਰਾਂਸ ਲਈ ਕੀ ਕੁਝ ਕੀਤਾ ਹੈ।"

"ਜੋ ਕੁਝ ਦੇਸ਼ ਲਈ ਕੀਤਾ ਜਾਵੇ, ਉਸਦਾ ਕਿਸੇ ਤੇ ਅਹਿ-ਸਾਨ ਨਹੀਂ ਹੁੰਦਾ। ਹੁਣ ਇਹ ਦਸੋ ਪਈ ਵੇਣੀ ਦੇ ਮੈਦਾਨ ਦਾ ਕੀ ਹਾਲ ਹੈ ?" ਸਿਮੋਰ ਡੇਨ ਨੇ ਗਲ ਹੋਰ ਪਾਸੇ ਚਲਾਉਣ ਲਈ ਕਿਹਾ।

"ਕਿਸਾਨਾਂ ਨੂੰ ਮੂੰਹੋਂ ਮੰਗਿਆ ਸਰਦਾਰ ਮਿਲ ਗਿਆ ਹੈ। ਸਾਰੀ ਉਮਰ ਉਸਦੀ ਜਰਨੈਲੀ ਕਰਦਿਆਂ ਲੰਘੀ ਹੈ। ਉਹ ਸੱਪ ਵਰਗਾ ਹੈ, ਤੁਰਨ ਵੇਲੇ ਵਿੰਗਾ, ਡੰਗ ਮਾਰਨ ਵੇਲੇ ਉਚਾ ਤੇ ਖੁੱਡ ਵਿਚ ਲੁਕਣ ਵੇਲੇ ਸਿੱਧਾ ਹੋ ਜਾਂਦਾ ਹੈ। ਵੇਖਣ ਨੂੰ ਸੱਪ ਵਰਗਾ ਸੁਹਣਾ, ਪਰ ਵਿਚੋਂ ਜ਼ਹਿਰ ਨਾਲ ਭਰਿਆ ਹੋਇਆ। ਕੀ ਤੁਸੀਂ ਲੰਟੈਨਕ ਨੂੰ ਨਹੀਂ ਜਾਣਦੇ ?" ਮਾਹੇ ਨੇ ਸਿਮੋਰ ਨੂੰ ਕਿਹਾ।

"ਮੈਂ ਉਸ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ, ਕਿਸੇ ਵੇਲੇ ਮੈਂ ਉਨ੍ਹਾਂ ਦੇ ਘਰ ਮਾਸਟਰ ਸਾਂ। ਉਸ ਦੀਆਂ ਅੱਖਾਂ ਵਿਚ ਕੋਈ ਜਾਦੂ ਹੈ, ਜੋ ਚਾਹੇ ਸਾਹਮਣੇ ਖੜੋਤੇ ਆਦਮੀ ਕੋਲੋਂ ਮੰਨਵਾ ਸਕਦਾ ਹੈ। ਉਸ ਅਗੇ ਕੋਈ ਨਾਂਹ ਨੁਕਰ ਕਰ ਹੀ ਨਹੀਂ ਸਕਦਾ।"

"ਬੜਾ ਭੈੜਾ ਜਰਨੈਲ ਹੈ; ਕੈਦੀ ਕਤਲ ਕਰ ਦੇਂਦਾ ਹੈ, ਇਸਤ੍ਰੀਆਂ ਤੇ ਗੋਲੀ ਚਲਾ ਦੇਂਦਾ ਹੈ। ਤਿੰਨ ਸਾਤਿਆਂ ਤੋਂ

ਕਿਸਾਨਾਂ ਦੀ ਅਗਵਾਈ ਕਰ ਰਿਹਾ ਹੈ।"

"ਉਸ ਨੂੰ ਬਾਗ਼ੀ ਕਰਾਰ ਦੇ ਦਿਓ।"

"ਦੇ ਦਿੱਤਾ ਗਿਆ ਹੈ।"

"ਉਸਦੇ ਫੜਨ ਲਈ ਇਨਾਮ ਰਖ ਦਿਓ।"

"ਰੱਖ ਦਿੱਤਾ ਗਿਆ ਹੈ।"

"ਜਦੋਂ ਫੜਿਆ ਜਾਵੇ, ਉਸੇ ਵੇਲੇ ਮਾਰ ਦਿੱਤਾ ਜਾਵੇ। ਪਰ ਉਸ ਨੂੰ ਮਾਰੇਗਾ ਕੌਣ?" ਸਿਮੌਰ ਡੇਨ ਨੇ ਪੁਛਿਆ।

"ਤੁਸੀਂ", ਸਾਰਿਆਂ ਨੇ ਇਕ ਸੁਰ ਵਿਚ ਕਿਹਾ।

"ਮੈਂ?", ਹੈਰਾਨ ਹੋ ਕੇ ਸਿਮੌਰ ਡੇਨ ਨੇ ਕਿਹਾ।

"ਹਾਂ", ਸਭ ਨੇ ਤਸੱਲੀ ਨਾਲ ਕਿਹਾ।

"ਬਹੁਤ ਹੱਛਾ।"

ਪੀਰੀ ਨੇ ਕਿਹਾ, "ਅਸੀਂ ਤੁਹਾਨੂੰ ਸਾਰੇ ਅਧਿਕਾਰ ਲਿਖ ਦੇਂਦੇ ਹਾਂ, ਤੁਸੀਂ ਜ਼ਰੂਰ ਕਾਮਯਾਬ ਹੋਵੋਗੇ।"

"ਜੇ ਈਸ਼ਵਰ ਨੇ ਚਾਹਿਆ ਤਾਂ ਲੋਕ-ਰਾਜ ਦੇ ਕਾਨੂੰਨ ਲਈ ਲੰਟੈਨਕ ਦਾ ਤਜਰਬੇ ਭਰਿਆ ਲਹੂ ਲੈ ਕੇ ਆਵਾਂਗਾ", ਸਿਮੌਰ ਡੇਨ ਨੇ ਜੋਸ਼ ਨਾਲ ਕਿਹਾ।

"ਈਸ਼ਵਰ ਤਾਂ ਬੜਾ ਪੁਰਾਣਾ ਹੋ ਗਿਆ ਹੈ, ਜਾਂ ਅੰਨ੍ਹਾਂ ਤੇ ਬੋਲਾ ਹੋ ਗਿਆ। ਮੈਨੂੰ ਸ਼ੱਕ ਹੈ, ਕਿਤੇ ਸ਼ਖਸੀ ਰਾਜ ਵਾਂਗ ਉਹ ਵੀ ਕਬਰ ਵਿਚ ਨ ਜਾ ਲੇਟਿਆ ਹੋਵੇ", ਪੀਰੀ ਨੇ ਮੁਸਕ੍ਰਾਂਦਿਆਂ ਕਿਹਾ।

"ਮੇਰਾ ਈਸ਼੍ਵਰ ਸਦਾ ਮੇਰੇ ਨਾਲ ਹੈ, ਉਹ ਹਰ ਵੇਲੇ ਸੁਣਦਾ ਤੇ ਵੇਖਦਾ ਹੈ ਤੇ ਜੋ ਜ਼ਰੂਰੀ ਸਮਝਦਾ ਹੈ, ਉਹ ਕਰਦਾ ਵੀ ਹੈ," ਸਿਮੌਰ ਡੇਨ ਦੀਆਂ ਅੱਖਾਂ ਵਿਚ ਪ੍ਰੇਮ ਤੇ ਸ਼ਰਧਾ ਸੀ।

ਪੀਰੀ ਬੋਲਿਆ, "ਇਕ ਹੋਰ ਗੱਲ ਹੈ, ਸਾਡੀ ਫੌਜ ਦਾ ਸੈਨਾਪਤੀ ਇਕ ਰਈਸ ਦਾ ਪੁਤਰ ਹੈ, ਪਰ ਉਸਦੇ ਦਿਮਾਗ਼ ਵਿਚ ਗਰੀਬਾਂ ਲਈ ਪਿਆਰ ਕੁਟ ਕੁਟ ਕੇ ਭਰਿਆ ਹੈ। ਲੰਟੈਨਕ ਨੂੰ ਖ਼ੂਬ

ਚਣੇ ਚਬਾ ਰਿਹਾ ਹੈ। ਉਸ ਵਿਚ ਬੜੇ ਗੁਣ ਹਨ, ਪਰ ਇਕ ਔਗਣ ਹੈ, ਉਸਦੀ ਪੂਰੀ ਨਿਗਰਾਨੀ ਰਖਣੀ।"

"ਉਹ ਕੀ ?"

"ਉਹ ਜਿੱਤਦਾ ਜ਼ਰੂਰ ਹੈ, ਪਰ ਜਿੱਤ ਕੇ ਖਿਮਾਂ ਕਰ ਦੇਂਦਾ ਹੈ।"

"ਇਹ ਬਹੁਤ ਭੈੜੀ ਗਲ ਹੈ," ਮਾਰੇ ਬੋਲਿਆ।

"ਏਨੀ ਭੈੜੀ ਕਿ ਉਸ ਨੂੰ ਇਸਦੀ ਸਜ਼ਾ ਦੇਣੀ ਚਾਹੀਦੀ ਹੈ," ਸਿਮੋਰਡੇਨ ਨੇ ਗੁਸੇ ਨਾਲ ਕਿਹਾ।

"ਜੇ ਕਦੀ ਫਰਾਂਸ ਦਾ ਵੈਰੀ ਤੁਹਾਡੇ ਹਥ ਵਿਚ ਆ ਜਾਵੇ ਤੁਸੀਂ ਕੀ ਕਰੋਗੇ ?" ਪੀਰੀ ਨੇ ਕਿਹਾ।

ਟੋਨ ਵਿਚੋਂ ਬੋਲ ਪਿਆ, "ਮੈਂ ਕੁੱਤਿਆਂ ਤੋਂ ਤੁੜਾ ਦੇਵਾਂ।"

ਮਾਰੇ ਨੇ ਲਾ ਕੇ ਕਿਹਾ, "ਤੇਰੇ ਭਾਗਾਂ ਵਿਚ ਇਹ ਸਜ਼ਾ ਲਿਖੀ ਹੋਈ ਹੈ।"

ਪੀਰੀ ਨੇ ਗੱਲ ਟਾਲਣ ਲਈ ਕਿਹਾ, "ਜੋੜੀ ਬੜੀ ਸੁਹਣੀ ਬਣੇਗੀ, ਰਈਸ ਪਾਦਰੀ ਦਾ ਖਿਆਲ ਰਖੇਗਾ ਤੇ ਪਾਦਰੀ ਰਈਸ ਦਾ।"

ਸਿਮੋਰ ਡੇਨ ਨੇ ਪੁਛਿਆ, "ਜਿਹੜਾ ਸੈਨਾਪਤੀ ਮੇਰੇ ਅਧੀਨ ਕੀਤਾ ਜਾਂਦਾ ਹੈ, ਜੇ ਉਸ ਨੇ ਕੋਈ ਭੁੱਲ ਕੀਤੀ ਤਾਂ ਕੀ ਮੈਂ ਉਸ ਨੂੰ ਵੀ ਮੌਤ ਦੀ ਸਜ਼ਾ ਦੇ ਸਕਾਂਗਾ ?"

"ਬੇਸ਼ੱਕ," ਸਭ ਨੇ ਇਕਸੁਰ ਵਿਚ ਕਿਹਾ।

"ਉਸਦਾ ਨਾਮ ਕੀ ਹੈ ?" ਸਿਮੋਰ ਡੇਨ ਨੇ ਕਿਹਾ।

"ਰਈਸ ਦਾ ਪੁੱਤਰ–ਗਾਵੇਨ," ਪੀਰੀ ਨੇ ਕਿਹਾ।

ਸਿਮੋਰ ਡੇਨ ਕੰਬ ਉਠਿਆ, ਉਸ ਦਾ ਚੇਹਰਾ ਪੀਲਾ ਪੈ ਗਿਆ।

ਪੀਰੀ ਨੇ ਕਿਹਾ, "ਜੇਹੜੀਆਂ ਸ਼ਰਤਾਂ ਤੁਸੀਂ ਹੀ ਮੰਨੀਆਂ ਤੇ ਤੁਸੀਂ ਹੀ ਬਣਾਈਆਂ ਹਨ, ਜੇ ਇਹ ਤੁਹਾਨੂੰ ਮਨਜ਼ੂਰ ਹੋਣ ਤਾਂ ਅਸੀਂ ਤਿੰਨੇ ਦਸਖਤ ਕਰ ਦੇਈਏ।"

ਸਿਮੋਰ ਨੇ ਬੁਲ੍ਹਾਂ ਤੇ ਜੀਭ ਫੇਰਦਿਆਂ ਹੋਇਆਂ ਕਿਹਾ, "ਕਰ ਦਿਓ।"

"ਸਮੁੰਦਰ ਕਿਨਾਰੇ ਜੋ ਫੌਜ ਹੈ, ਉਸ ਦੇ ਸੈਨਾ ਪਤੀ ਤੇ ਗਾਵੇਨ ਦੀ ਨਿਗਰਾਨੀ ਕਰਨ ਲਈ ਪੂਰੇ ਅਧਿਕਾਰ ਸਿਮੋਰ ਡੇਨ ਨੂੰ ਦਿਤੇ ਜਾਂਦੇ ਹਨ।"

ਦਸਖਤ { ਪੀਰੀ<br>ਟੇਨ<br>ਮਾਰੇ

ਮਾਰੇ ਲਗਾਤਾਰ ਪਾਦਰੀ ਦੇ ਚੇਹਰੇ ਵਲ ਵੇਖ ਰਿਹਾ ਸੀ, ਤੇ ਬੜਾ ਕੁਝ ਸਮਝ ਵੀ ਰਿਹਾ ਸੀ, ਪਰ ਸਿਮੋਰ ਨੂੰ ਕੋਈ ਪਤਾ ਨਹੀਂ ਸੀ।

ਪੀਰੀ ਨੇ ਕਾਗਜ਼ ਸਿਮੋਰ ਦੇ ਹਥ ਫੜਾਇਆ ਤੇ ਕਿਹਾ, "ਕਲ ਤੁਹਾਨੂੰ ਬਕਾਇਦਾ ਆਗਿਆ ਪਤ੍ਰ ਮਿਲ ਜਾਵੇਗਾ। ਉਸ ਦੇ ਹੋਣ ਨਾਲ ਤੁਸੀਂ ਹਰ ਪਿੰਡ ਤੋਂ ਸਹੂਲਤਾਂ ਲੈ ਸਕੋਗੇ ਤੇ ਗਾਵੇਨ ਨੂੰ ਹਰ ਤਰ੍ਹਾਂ ਦੀ ਤਰੱਕੀ ਵੀ ਦੇ ਸਕੋਗੇ। ਉਸ ਨੇ ਜੇ ਕੋਈ ਗਲਤੀ ਕੀਤੀ ਤੇ ਉਸ ਨੂੰ ਫਾਂਸੀ ਤੇ ਵੀ ਲਟਕਾ ਸਕੋਗੇ, ਜਾਂ ਜਿਵੇਂ ਤੁਸੀਂ ਆਪ ਆਖਿਆ ਸੀ, ਗੋਲੀਆਂ ਨਾਲ ਖੋਪਰੀ ਉਡਾ ਦਿਓਗੇ।"

ਸਿਮੋਰ ਡੇਨ ਨੂੰ ਸਭ ਅਧਿਕਾਰ ਮਿਲ ਗਏ। ਉਹ ਕਮਰੇ ਵਿਚੋਂ ਸਹਿਜੇ ਸਹਿਜੇ ਬਾਹਰ ਨਿਕਲਿਆ। ਉਸ ਦਾ ਇਕ ਪੈਰ ਸੌ ਸੌ ਮਣ ਦਾ ਭਾਰਾ ਸੀ। ਇਹੋ ਜਿਹਾ ਦਿਨ ਉਸ ਦੀ ਜ਼ਿੰਦਗੀ ਵਿੱਚ ਪਹਿਲੀ ਵਾਰ ਆਇਆ ਸੀ।

ਕੀ ਕੋਈ ਦਸ ਸਕਦਾ ਹੈ, ਜੋ ਨਾਮ ਕਿੰਨਾਂ ਭਾਰਾ ਹੁੰਦਾ ਹੈ ?

# ਲੋਕ ਸਭਾ

ਜੋ ਸਤਕਾਰ ਲੋਕ ਸਭਾ ਨੂੰ ਫਰਾਂਸ ਵਿਚ ਮਿਲਿਆ, ਉਹ ਅਜ ਤਕ ਕਿਸੇ ਨੂੰ ਨਹੀਂ ਮਿਲਿਆ। ਟੋਲ ਮਾਰਨ ਵਾਲੇ ਮੁੰਡਿਆਂ ਨੂੰ ਜੇ ਕੋਈ ਬੱਚਾ ਲੋਕ-ਰਾਜ ਦੀ ਸੌਂਹ ਪਾ ਦੇਵੇ, ਤਾਂ ਉਹ ਸਚ ਕਹਿ ਦੇਂਦਾ ਸੀ। ਕਈ ਕਈ ਸਾਲ ਪਹਿਲੋਂ ਦੇ ਕੀਤੇ ਹੋਏ ਖ਼ੂਨਾਂ ਦੀ ਕਾਤਲਾਂ ਨੇ ਮੁਆਫੀ ਮੰਗੀ। ਢੱਢੀ ਲੈਕੇ ਬਣਾਏ ਹੋਏ ਮਕਾਨ ਲੋਕ-ਸਭਾ ਦੀ ਭੇਟਾ ਕੀਤੇ ਗਏ।

ਲੋਕ-ਸਭਾ ਪਹਾੜ ਦੀ ਚੋਟੀ ਵਾਂਗ ਉਚੀ ਸੀ; ਵੇਖਣ ਵਾਲੇ ਨੈਣ ਤ੍ਰਿਪਤ ਹੁੰਦੇ ਸਨ। ਪਰ ਜਿਨ੍ਹਾਂ ਨੂੰ ਉਪਰ ਚੜ੍ਹਨ ਦਾ ਸਮਾਂ ਮਿਲਦਾ ਸੀ, ਉਹ ਜਾਣਦੇ ਸਨ, ਚੋਟੀ ਚੜ੍ਹਨ ਤੇ ਉਤਰਨ ਵਿਚ ਕੇਡੀ ਸੌਖੀ ਹੁੰਦੀ ਹੈ ਤੇ ਪਥਰਾਂ ਦੀਆਂ ਤਿਖੀਆਂ ਨੋਕਾਂ ਤੋਂ ਫਿਸਲਕੇ ਆਦਮੀ ਕਿਥੇ ਡਿਗਦਾ ਹੈ।

ਜਦ ਆਦਮੀ ਦੇ ਹਥ ਵਿਚ ਤਲਵਾਰ ਹੋਵੇ, ਉਸ ਸਮੇਂ ਨਿਹੱਥੇ ਤੇ ਕਮਜ਼ੋਰਾਂ ਦੀ ਕੀਮਤ ਘਟ ਜਾਂਦੀ ਹੈ। ਸ਼ਸਤ੍ਰ ਧਾਰੀ ਸੂਰਮੇ ਤੋਂ ਇਹ ਤਾਂ ਤੁਸੀਂ ਹਰ ਵੇਲੇ ਪੁਛ ਸਕਦੇ ਹੋ ਕਿ ਅਜ ਕਿੰਨੇ ਆਦਮੀ ਰਣ ਭੂਮੀ ਵਿਚ ਵਢੇ ਸਨ; ਪਰ ਜੇ ਤੁਸੀਂ ਉਸ ਨੂੰ ਪੁਛੋ, ਉਨ੍ਹਾਂ ਵਿਚ ਕਿੰਨੇ ਮਨੁਖ ਸਨ, ਜਿਹੜੇ ਨਹੀਂ ਸਨ ਮਾਰਨੇ ਚਾਹੀਦੇ, ਤਾਂ ਉਹ ਸਿਰ ਖੁਰਕਣ ਲਗ ਪਏਗਾ ਤੇ ਇਸ ਦੇ ਪਿਛੋਂ ਉਹ ਆਖ ਦੇਵੇਗਾ, "ਜੇਹੜਾ ਆਦਮੀ ਦੁਸ਼ਮਨ ਦੀ ਵਲ ਖਲੋਤਾ

ਹੋਵੇ, ਭਾਵੇਂ ਉਹ ਵੱਡਾ ਤੇ ਭਾਵੇਂ ਉਹ ਛੋਟਾ ਹੋਵੇ, ਜਾਂ ਹਾਣੀ ਹੋਵੇ, ਉਸ ਨੂੰ ਮਾਰ ਹੀ ਦੇਣਾ ਚਾਹੀਦਾ ਹੈ।" ਕਈ ਵਾਰੀ ਉਹ ਵਧ ਕੇ ਇਹ ਭੀ ਕਹਿ ਦੇਵੇਗਾ, "ਭਾਵੇਂ ਉਹ ਪੁਤਰ ਤੇ ਭਾਵੇਂ ਉਹ ਪਿਤਾ ਹੋਵੇ, ਰਣਭੂਮੀ ਵਿਚ ਲਿਹਾਜ਼ ਨਹੀਂ ਹੋ ਸਕਦਾ।" ਜਦ ਤਲਵਾਰ ਵਾਲੇ ਦੀਆਂ ਅੱਖਾਂ ਆਪਣੇ ਲਹੂ ਨੂੰ ਨਹੀਂ ਪਛਾਣ ਸਕਦੀਆਂ ਤਾਂ ਉਹ ਮਨੁਸ਼ਤਾ ਨੂੰ ਕਿਵੇਂ ਵੇਖ ਸਕਣਗੀਆਂ। ਸਰੀਰ ਵੇਖਣੇ ਬੜੇ ਸੌਖੇ ਹਨ, ਤੇ ਉਨ੍ਹਾਂ ਵਿਚੋਂ ਇਨਸਾਨੀਅਤ ਨਾਲ ਨੈਣ ਮਿਲਾਣੇ, ਮਸਤ ਹੋਣਾ ਤੇ ਉਸ ਨੂੰ ਯੋਗ ਸਤਕਾਰ ਦੇਣਾ ਇਕ ਅਨਹੋਣੀ ਗਲ ਵਾਂਗ ਹੈ।

ਲੋਕ-ਰਾਜ ਜਨਤਾ ਦਾ ਅਵਤਾਰ ਸੀ, ਤੇ ਉਸ ਵੇਲੇ ਉਹ ਚਿਕੜ ਨਾਲ ਲਿਬੜਿਆ ਸੀ। ਤੇ ਭਾਵੇਂ ਉਹ ਕਈ ਵਾਰ ਖਿਡਾਉਣਿਆਂ ਨਾਲ ਪਰਚ ਜਾਂਦਾ ਸੀ, ਪਰ ਉਸ ਦੀਆਂ ਅੱਖ-ਪੁਤਲੀਆਂ ਵਿਚ ਭਵਿਖ ਦੀਆਂ ਰੰਗੀਨ ਸੁਪਨ-ਮਾਲਾਂ ਸਨ। ਜਨਮ ਪੀੜਾਂ ਤੋਂ ਬਿਨਾਂ ਇਸਤ੍ਰੀ ਮਾਂ ਨਹੀਂ ਬਣਦੀ; ਇਨਕਲਾਬ ਤੋਂ ਬਿਨਾਂ ਪਰਚਲਤ ਕੀਮਤਾਂ ਨਹੀਂ ਬਦਲਦੀਆਂ। ਫਰਾਂਸ ਨੇ ਵਿਦ੍ਰੋਹ ਕੀਤਾ, ਤੇ ਸਦੀਆਂ ਦੇ ਲਗੇ ਸ਼ਖਸੀ ਰਾਜ ਦੇ ਬੋਹੜ ਦਾ ਵਡੇ ਤੋਂ ਵਡਾ ਤਣਾ ਤੇ ਨਿਕੇ ਤੋਂ ਨਿੱਕਾ ਧਾਗਾ ਪੁਟਕੇ ਵਗਾਹ ਮਾਰਿਆ। ਉਸ ਦੀ ਥਾਂ ਉਹ ਬੂਟਾ ਲਾਇਆ, ਜਿਸ ਦੀ ਛਾਂ ਸੰਘਣੀ ਸੀ, ਤੇ ਜਿਥੇ ਸਾਰਾ ਸੰਸਾਰ ਬੈਠ ਸਕਦਾ ਸੀ, ਜਿਸ ਹੇਠ ਬੈਠ ਕੇ ਹਰ ਇਕ ਕਿਸਾਨ ਤੇ ਮਜ਼ਦੂਰ ਆਖ ਸਕਦਾ ਸੀ, "ਇਹ ਮੇਰਾ ਬੂਟਾ ਹੈ, ਔਸ ਫਲ ਦੀ ਲਾਲੀ ਮੇਰੇ ਖ਼ੂਨ ਦੀ ਲਾਲੀ ਹੈ।" ਇਸ ਬੂਟੇ ਨੂੰ ਹਰ ਪਰਵਾਰ ਨੇ ਕੋਈ ਨ ਕੋਈ ਭੇਟਾ ਦਿਤੀ ਹੋਈ ਸੀ, ਮਾਂ ਨੇ ਪੁਤਰ ਦੀ ਤੇ ਪੁਤਰ ਨੇ ਪਿਤਾ ਦੀ; ਭੈਣ ਨੇ ਵੀਰ ਦੀ ਤੇ ਇਸਤ੍ਰੀ ਨੇ ਆਪਣੇ ਪਤੀ ਦੀ।

ਰਾਜ ਮਹੱਲ ਵਿਚ ਇਕ ਹਿਸਾ ਰੰਗਭੂਮੀ (ਨਾਟਕ ਸ਼ਾਲਾ)

ਦਾ ਸੀ। ਇਹ ਕਮਰਾ ੧੪੦ ਫੁਟ ਲੰਮਾ, ੩੪ ਫੁਟ ਚੌੜਾ ਤੇ ੩੭ ਫੁਟ ਉਚਾ ਸੀ। ਇਸ ਦੀਆਂ ਗੈਲਰੀਆਂ ਦੂਜ ਦੇ ਚੰਦ ਵਾਂਗ ਸਨ। ਜਿਥੇ ਰਾਜੇ ਲੁਈਸ ਦੇ ਵੇਲੇ ਰਾਣੀਆਂ ਮਹਾਰਾਣੀਆਂ ਬੈਠੀਆਂ ਹੁੰਦੀਆਂ ਸਨ, ਏਸੇ ਥਾਂ ਨੂੰ ਲੋਕ-ਰਾਜ ਵਾਲਿਆਂ ਨੇ ਆਪਣਾ ਨਿਆਇ-ਭਵਨ ਬਣਾਇਆ।

ਲੋਕ ਰਾਜ ਅਸਲੀ ਨਾਟਕ ਸੀ। ਉਸ ਵਿਚ ਨਾਟਕ ਵਾਂਗ ਬਨਾਵਟ ਨਹੀਂ ਸੀ। ਜੇ ਤਲਵਾਰ ਚੱਲੀ ਏ ਤਾਂ ਸਚ ਮੁਚ ਦਾ ਕੋਈ ਮਨੁਖ ਕਤਲ ਹੋ ਗਿਆ ਹੈ; ਰੰਗ ਡੋਲ੍ਹਕੇ ਖ਼ੂਨ ਨਹੀਂ ਬਣਾਇਆ ਗਿਆ। ਤੀਰ ਚੱਲਿਆ ਹੈ ਤਾਂ ਠੀਕ ਛਾਤੀ ਵਿਚ ਖੁੱਭਿਆ ਹੈ। ਏਥੋਂ ਦੇ ਨਾਟਕ ਸੱਚੇ ਸਨ। ਇਹ ਪਹਿਲਾ ਤੇ ਸਭ ਤੋਂ ਵੱਡਾ ਦੁਨੀਆਂ ਦਾ ਦੁਖਾਂਤ ਨਾਟਕ ਸੀ; ਇਸ ਦੀ ਹਰ ਗਲ, ਹਰ ਪਾਤਰ, ਹਰ ਘਟਨਾ, ਹਰ ਕਹਾਣੀ ਸੱਚੀ ਸੀ। ਕਈ ਲੋਕ ਕਹਿੰਦੇ ਸਨ, "ਲਾੜੇ ਤੋਂ ਬਿਨਾਂ ਜੰਞ ਸੋਭਾ ਨਹੀਂ ਪੌਂਦੀ ਤੇ ਰਾਜੇ ਤੋਂ ਬਿਨਾਂ ਕਿਸੇ ਦੇਸ਼ ਦੀ ਸ਼ਾਨ ਨਹੀਂ, ਥੋੜੇ ਚਿਰ ਪਿਛੋਂ ਬੱਚਿਆਂ ਦੀ ਖੇਡ (ਲੋਕ-ਰਾਜ) ਸਮਾਪਤ ਹੋ ਜਾਵੇਗੀ।"

ਕਈ ਜੋਸ਼ ਨਾਲ ਉੱਤਰ ਦੇਂਦੇ, "ਇਹ ਭੁਲੇਖਾ ਹੈ, ਤੇ ਬੇ-ਸਮਝੀ ਹੈ ਕਿ ਲਾੜੇ ਤੋਂ ਬਿਨਾਂ ਜੰਞ ਸੋਭਦੀ ਨਹੀਂ। ਜਾਂਞੀ ਸਭ ਲਾੜੇ ਹਨ, ਕੋਈ ਬਣ ਚੁਕਾ ਹੈ, ਤੇ ਕੋਈ ਬਣਨ ਵਾਲਾ ਹੈ; ਹਰ ਜਾਞੀਂ ਦੇ ਸਿਰ ਤੇ ਸੇਹਰਾ ਬੱਝ ਚੁਕਾ ਹੈ, ਜਾਂ ਬੱਝਣ ਵਾਲਾ ਹੈ। ਲੋਕ-ਰਾਜ ਸਭ ਨੂੰ ਲਾੜੇ ਬਣਾਉਂਦਾ ਹੈ।"

ਲੋਕ-ਰਾਜ ਦਾ ਮੰਦਰ ਅਮਰ ਬਣ ਗਿਆ, ਇਸਦੇ ਕਲਸ ਅਕਾਸ ਵਿਚ ਸਦੀਵੀ ਚਮਕਦੇ ਰਹਿਣਗੇ।

ਕੰਧਾਂ ਦੇ ਇਧਰ ਉਧਰ ਜਿਹੜੇ ਕਿੱਤੇ ਲੋਕ-ਰਾਜ ਵਾਲਿਆਂ ਨੇ ਲਿਖਕੇ ਲਟਕਾਏ ਹੋਏ ਸਨ, ਜੇ ਇਨ੍ਹਾਂ ਸਾਰਿਆਂ ਨੂੰ ਇਕੱਠਾ ਕੀਤਾ ਜਾਵੇ, ਤਾਂ ਇਹ ਫਰਾਂਸ ਦੀ ਤਬਦੀਲੀ ਦਾ ਭਿਆਨਕ

ਇਤਹਾਸ ਬਣ ਜਾਂਦਾ ਹੈ। ਮੈਂ ਆਪਣੇ ਪਾਠਕਾਂ ਅਗੇ ਕੁਝ ਕਿੱਤੇ ਰਖਦਾ ਹਾਂ:—

"ਲੁਈਸ ਦੀ ਰੂਹ ਕਬਰ ਵਿੱਚੋਂ ਨਿਕਲਕੇ ਆ ਰਹੀ ਹੈ, ਜੇ ਕੋਈ ਉਸਦਾ ਟੋਪੀ ਲਾਹਕੇ ਸਤਕਾਰ ਕਰੇਗਾ, ਤਾਂ ਉਸ ਨੂੰ ਭੀ ਕਬਰ ਵਿਚ ਬੰਦ ਕੀਤਾ ਜਾਵੇਗਾ। ਜੇ ਕਿਸੇ ਨੇ ਅਪਮਾਨ ਕੀਤਾ ਤਾਂ ਰਾਜਾ ਸਾਹਿਬ ਗੁਸੇ ਹੋਕੇ ਫਿਰ ਡੂੰਘੀ ਕਬਰ ਦੇ ਅੰਧੇਰੇ ਵਿਚ ਲੁਕ ਜਾਣਗੇ।"

"ਲੁਈਸ ਨੇ ਕਿਸਾਨਾਂ ਤੇ ਮਜ਼ਦੂਰਾਂ ਦੇ ਪਿਆਦੇ ਬਣਾਕੇ ਸ਼ਤਰੰਜ ਖੇਲੀ ਸੀ, ਜਨਤਾ ਨੇ ਵੀ ਰੰਗੀਨ ਮੋਹਰਿਆਂ ਨਾਲ ਇਕਬਾਜੀ ਲਾਈ, ਪਰ ਸਾਰੇ ਮੋਹਰੇ ਹਾਸੇ ਭਾਣੇ ਟੁਟ ਗਏ। ਹੁਣ ਸ਼ਤਰੰਜ ਦੇ ਸਾਰੇ ਘਰ ਖਾਲੀ ਹਨ।"

"ਲੁਈਸ ਦੇ ਸਮੇਂ ਵਿਚ ਜ਼ਬਾਨ ਤੇ ਕੰਨ ਵੱਡੇ ਸਨ, ਪਰ ਹੁਣ ਲੋਕ-ਰਾਜ ਦਾ ਕਨੂੰਨ ਵੱਡਾ ਹੈ।"

"ਇਹ ਉਹ ਕਮਰਾ ਹੈ, ਜਿਥੇ ਕਦੀ ਲੁਈਸ ਨਟਾਂ ਨੂੰ ਨਚਾਉਂਦਾ ਸੀ; ਇਕ ਦਿਨ ਉਸ ਨੂੰ ਸਾਰੇ ਲੋਕਾਂ ਦੇ ਸਾਹਮਣੇ ਧੜ ਨਾਲੋਂ ਸਿਰ ਵਖ ਕਰਕੇ ਨੱਚਣਾ ਪਿਆ।"

ਪ੍ਰਧਾਨ ਜਦ ਉਠਕੇ ਕੁਝ ਬੋਲਣ ਲਗਦਾ ਸੀ ਤਾਂ ਦੋ ਦੋ ਘੰਟੇ ਨਾਹਰੇ ਲਗਦੇ ਰਹਿੰਦੇ। ਭੀੜ ਏਨ੍ਹੀ ਹੁੰਦੀ ਕਿ ਕਈ ਵਾਰ ਕਈ ਆਦਮੀ ਪੈਰਾਂ ਹੇਠਾਂ ਆਕੇ ਕੁਚਲੇ ਜਾਂਦੇ।

ਇਕ ਵਾਰ ਉਪਰਲੀ ਗੈਲਰੀ ਵਿਚੋਂ ਇਕ ਗਭਰੂ ਥਲੇ ਡਿਗ ਪਿਆ। ਹੇਠ ਵੱਡਾ ਪਾਦਰੀ ਬੈਠਾ ਹੋਇਆ ਸੀ ਉਸ ਦੇ ਸਿਰ ਵਿਚ ਉਹ ਆਕੇ ਵਜਾ। ਪਾਦਰੀ ਦੀ ਧੌਣ ਟੁਟ ਗਈ ਤੇ ਡਿਗਣ ਵਾਲੇ ਦਾ ਵਾਲ ਵਿੰਗਾ ਨ ਹੋਇਆ। ਉਸ ਨੇ ਝਟ ਪ੍ਰਧਾਨ ਤੋਂ ਕੁਝ ਕਹਿਣ ਦੀ ਆਗਿਆ ਮੰਗੀ। ਸਟੇਜ ਤੇ ਜਾਕੇ ਕਹਿਣ ਲਗਾ, "ਦੋਸਤੋ, ਤਬਦੀਲੀ ਇਸ ਸਮੇਂ ਦਾ ਇੱਕ ਮਿੱਠਾ ਫਲ

ਹੈ, ਮੈਂ ਵੀ ਅਜ ਬਦਲ ਗਿਆ ਹਾਂ।'' ਸਭ ਲੋਕ ਚੁਪ ਸਨ, ਪਰ ਪਾਦਰੀ ਕੁਰਲਾ ਰਿਹਾ ਸੀ। ਉਸ ਆਦਮੀ ਨੇ ਪਾਦਰੀ ਵਲ ਉਂਗਲ ਕਰਕੇ ਕਹਿਣਾ ਸ਼ੁਰੂ ਕੀਤਾ, ''ਮੈਂ ਸਮਝਦਾ ਸਾਂ ਦੁਨੀਆਂ ਵਿਚ ਪਾਦਰੀ ਇਕ ਬੇਲੋੜੀ ਚੀਜ਼ ਦਾ ਨਾਮ ਹੈ, ਪਰ ਅਜ ਪਤਾ ਲਗਾ ਹੈ, ਇਹ ਬੜੀ ਕੰਮ ਦੀ ਚੀਜ਼ ਹੈ। ਮੈਂ ਲੋਕ-ਰਾਜ ਦੀ ਹਰਮਨ ਪਿਆਰੀ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਹਰ ਡਿਗਣ ਵਾਲੀ ਥਾਂ ਤੇ ਇਕ ਇਕ ਪਾਦਰੀ ਖੜਾ ਕਰ ਦਿਤਾ ਜਾਵੇ। ਖੁਦਾ ਦੀ ਕਸਮ, ਜੇਹੇ ਗਦੇਲੇ ਤੇ ਡਿਗ ਪਏ, ਤੇਹੇ ਪਾਦਰੀ ਤੇ ਡਿਗ ਪਏ।'' ਲੋਕਾਂ ਦੇ ਹਸ ਹਸਕੇ ਢਿਡੀਂ ਪੀੜ ਪੈ ਗਈ। ਜਦੋਂ ਚੁਪ ਹੋਏ, ਉਸ ਵੇਲੇ ਪਾਦਰੀ ਮਰ ਚੁਕਾ ਸੀ। ਇਸ ਘਟਨਾ ਨੂੰ ਯਾਦ ਰਖਣ ਲਈ ਲਿਖਕੇ ਲਾਇਆ ਸੀ, ''ਪਾਦਰੀ ਬੜੇ ਕੰਮ ਦੀ ਚੀਜ਼ ਹੈ।''

ਜਿਨ੍ਹਾਂ ਆਦਮੀਆਂ ਨੇ ਦੇਸ਼ ਲਈ ਕੁਝ ਕੀਤਾ, ਜਾਂ ਖਿਆਲ ਪ੍ਰਗਟ ਕੀਤੇ, ਉਨ੍ਹਾਂ ਦਾ ਵੀ ਇਤਹਾਸ ਏਥੇ ਕੰਧਾਂ ਤੇ ਲੰਮਕ ਰਹੇ ਕਿਤਿਆਂ ਤੇ ਸੀ। ਮੈਡਮ ਨੇ ਲਿਖਿਆ ਹੋਇਆ ਸੀ, ''ਤਬਦੀਲੀ ਛੁਰਿਆਂ ਨਾਲ ਉਣੀ ਜਾਂਦੀ ਹੈ, ਤੇ ਉਨ ਦੀ ਥਾਂ ਪਾਂਡੀਆਂ ਦੀਆਂ ਬੋਰੀਆਂ ਵਿਚੋਂ ਸੇਬੇ ਖਿਚਣੇ ਪੈਂਦੇ ਹਨ।''

ਡੀਵਾਰਜ਼ ਨੇ ਲਿਖਕੇ ਲਾਇਆ ਹੋਇਆ ਸੀ, ''ਤਿਖੇ ਕੁਹਾੜੇ ਨਾਲ ਹਰ ਤਬਦੀਲੀ ਦੀ ਨੀਂਹ ਰਖੀ ਜਾਂਦੀ ਹੈ; ਤਬਦੀਲੀ ਮਰਦੀ ਉਦੋਂ ਹੈ, ਜਦੋਂ ਲਹੂ ਸ਼ਰਾਬ ਬਣ ਜਾਵੇ; ਤੇ ਉਗਮਦੀ ਉਦੋਂ ਹੈ, ਜਦੋਂ ਸ਼ਰਾਬ ਦੀਆਂ ਬੋਤਲਾਂ ਖ਼ੂਨ ਬਣਕੇ ਉਬਲਣ ਲਗ ਪੈਣ।''

ਡਾਕਟਰ ਮੈਨਟੀ ਨੇ ਲਿਖਿਆ ਹੋਇਆ ਸੀ, ''ਕਾਰਖਾਨਿਆਂ ਦੇ ਭੁਖੇ ਮਜ਼ਦੂਰਾਂ ਦੇ ਸਭ ਤੋਂ ਪਹਿਲੇ ਅਖਾਂ ਵਿਚ ਤਬਦੀਲੀ ਔਂਦੀ ਹੈ ਤੇ ਉਹ ਡੂੰਘੀਆਂ ਹੋ ਜਾਂਦੀਆਂ ਹਨ। ਇਸ ਤੋਂ ਪਿਛੋਂ ਕਿਸਾਨਾਂ

ਦੇ ਟੋਕਿਆਂ ਵਿਚ, ਪਰ ਜਿਸ ਸਾਣ ਤੇ ਇਹ ਤਿਖੇ ਹੁੰਦੇ ਹਨ, ਉਹ ਹੈ ਬੈਸਟਲ ਜੇਹਲ ਦੀ ਚੱਕੀ।"

ਮਿਸ ਮੈਨਟੀ ਨੇ ਲਿਖਿਆ ਸੀ, "ਇਹ ਉਨ੍ਹਾਂ ਦੀ ਕਿਰਪਾ ਹੈ, ਜੇਹੜੇ ਕਿਸੇ ਲਈ ਮਰਨਾ ਜਾਣਦੇ ਹਨ।"

ਬ੍ਰਿਸੋ ਨੇ ਲਿਖਿਆ ਸੀ, "ਬੈਸਟਲ ਦੇ ਕਿਲੇ ਨੂੰ ਕਿਰਤੀਆਂ ਨੇ ਬਣਾਇਆ ਹੈ। ਕਿਰਤੀਆਂ ਦੀਆਂ ਕਹੀਆਂ ਨੂੰ ਬਣਾਉਂਦਿਆਂ ਚਿਰ ਲੱਗਦਾ ਹੈ, ਪਰ ਢਾਹ ਛੇਤੀ ਸਕਦੀਆਂ ਹਨ।"

ਗਾਡੋ ਨੇ ਲਿਖਿਆ ਸੀ, "ਰਾਜਾ ਲੁਈਸ ਦੇ ਘਰ ਵਿਚ ਕੋਈ ਪੁੱਤਰ ਹੋਵੇ ਤਾਂ ਸਾਰੀ ਥਾਵੀਂ ਵਾਜੇ ਤੇ ਖੁਸ਼ੀਆਂ ਮਨਾਈਆਂ ਜਾਂਦੀਆਂ ਸਨ, ਪਰ ਅਸਲ ਵਿਚ ਇਸਤੋਂ ਵਡਾ ਸੋਗ ਲੋਕਾਂ ਦੀ ਜ਼ਿੰਦਗੀ ਵਿਚ ਕਦੇ ਨਹੀਂ ਹੋਣਾ ਚਾਹੀਦਾ। ਪਰਜਾ ਦੀ ਗੁਲਾਮੀ ਦੀ ਉਮਰ ਇਨ੍ਹਾਂ ਵਾਜਿਆਂ ਤੇ ਰੋਸ਼ਨੀਆਂ ਤੇ ਝੰਡੀਆਂ ਨਾਲ ਵਧਦੀ ਸੀ।"

ਨੋਟ ਨੇ ਲਿਖਿਆ ਸੀ, "ਮੈਂ ਅਜ ਤਿੱਖੇ ਕੁਹਾੜੇ ਨਾਲ ਉਸ ਤਣੇ ਨੂੰ ਵੱਢਦਾ ਹਾਂ, ਜਿਸਨੇ ਸਾਰੇ ਦੇਸ਼ ਨੂੰ ਘਿਨਾਂ ਜੜ੍ਹਾਂ ਤੋਂ ਕੀਤਾ ਸੀ: ਉਹ ਹੈ ਸ਼ਖਸੀ-ਰਾਜ।"

ਲਾਸੋ ਨੇ ਲਿਖਿਆ ਸੀ, "ਅਜ ਅਸੀਂ ਮਾਰੇ ਜਾ ਰਹੇ ਹਾਂ, ਇਸ ਕਰਕੇ ਕਿ ਲੋਕ ਸੁਤੇ ਹਨ; ਜਦੋਂ ਲੋਕ ਜਾਗਣਗੇ, ਤਦ ਸਾਡੀਆਂ ਕਬਰਾਂ ਦੀ ਮਿੱਟੀ ਮਾਵਾਂ ਮੱਥੇ ਤੇ ਲਾਕੇ ਕਹਿਣਗੀਆਂ, 'ਅਜੇਹੇ ਪੁੱਤ੍ਰ ਸਾਡੇ ਘਰ ਵਿਚ ਪੈਦਾ ਹੋਣ।' "

ਮਰਸੀ ਬਰ ਦਾ ਵਾਕ ਸੀ, "ਕਦੀ ਇਸ ਮਹੱਲ ਦੇ ਰਹਿਣ ਵਾਲੇ ਆਪਣੇ ਸਿਰ ਤੇ ਰੱਖੇ ਤਾਜ ਨੂੰ ਹਥ ਲਾਕੇ ਵੇਖਦੇ ਸਨ, ਪਰ ਕਦੀ ਉਹ ਸਿਰ ਵੇਖਣ ਦਾ ਯਤਨ ਕਰਦੇ ਸਨ। ਜਦੋਂ ਉਨ੍ਹਾਂ ਦੇ ਹਥ ਸਿਰ ਤੇ ਪਹੁੰਚੇ, ਉਹ ਧੜ ਤੋਂ ਦੂਰ ਜਾਕੇ ਡਿੱਗ ਚੁਕਾ ਸੀ ਤੇ ਅੱਖਾਂ ਨਿਰਾਸਤਾ ਨਾਲ ਸਭ ਕੁਝ ਤਕ ਰਹੀਆਂ ਸਨ।"

ਨੇਸ ਦਾ ਵਾਕ ਸੀ, "ਹੁਣ ਕਚਹਿਰੀਆਂ ਐਸੀਆਂ ਹੋਣਗੀਆਂ ਜਿੱਥੇ ਨਾ ਕੋਈ ਜੱਜ ਹੋਵੇਗਾ ਤੇ ਨਾ ਵਕੀਲ। ਗੁਨਹ-ਗਾਰ ਆਪੇ ਆਕੇ ਆਪਣੇ ਗੁਨਾਹ ਕਾਗਜ਼ ਤੇ ਲਿਖਕੇ ਕਚਹਿਰੀ ਵਿਚ ਰਖ ਜਾਇਆ ਕਰਨਗੇ।"

ਮੈਨੂਏਲ ਦਾ ਕਹਿਣਾ ਸੀ, "ਰਾਜਾ ਇਕ ਐਸਾ ਅਨੋਖਾ ਬੁਤ ਹੁੰਦਾ ਹੈ, ਜਿਸ ਵਿਚ ਸੈਂਕੜੇ ਜਾਨਾਂ ਹੁੰਦੀਆਂ ਹਨ। ਦਸ ਪੰਜ ਮਰ ਵੀ ਜਾਣ ਤਾਂ ਵੀ ਉਹ ਜੀਊਂਦਾ ਰਹਿੰਦਾ ਹੈ ਤੇ ਰਾਵਣ ਵਾਂਗ ਇਸ ਦੇ ਫਿਰ ਉੱਠਕੇ ਲੜਨ ਦਾ ਹਰ ਸਮੇਂ ਖਤਰਾ ਰਹਿੰਦਾ ਹੈ।"

ਜੋਰੀ ਕੋਟੀ ਨੇ ਇਕ ਵਾਰ ਲੁਈਸ ਅਗੇ ਸ਼ਕਾਇਤ ਕੀਤੀ ਸੀ, ਕਿ ਕੈਦੀ ਨੰਗੇ ਹਨ ਤਾਂ ਲੁਈਸ ਨੇ ਕਿਹਾ, "ਪੱਥਰਾਂ ਦੀਆਂ ਦੀਵਾਰਾਂ ਕੈਦੀਆਂ ਲਈ ਪੱਕੇ ਕੱਪੜੇ ਦੀਆਂ ਬਣਾਈਆਂ ਗਈਆਂ ਹਨ ਤੇ ਅੰਧੇਰ ਕੋਠੜੀਆਂ ਏਸੇ ਕਰਕੇ ਹਨ, ਜੋ ਤੁਹਾਨੂੰ ਆਪਣੇ ਵਲ ਵੇਖਕੇ ਸ਼ਰਮ ਨਾ ਆਵੇ।" ਜਦ ਉਸਦੀ ਵਾਰੀ ਆਈ ਤਾਂ ਉਸਨੇ ਵੀ ਰਾਜੇ ਨੂੰ ਕਿਹਾ, "ਕਾਲ ਕੋਠੜੀ ਵਿਚ ਫਿਰ ਭੀ ਕਦੀ ਨ ਕਦੀ ਚਾਨਣਾ ਆ ਜਾਂਦਾ ਹੈ, ਮੈਂ ਤੈਨੂੰ ਕਬਰ ਦੀ ਐਸੀ ਕੋਠੜੀ ਵਿਚ ਬੰਦ ਕਰਾਂਗਾ ਕਿ ਕਦੀ ਕੋਈ ਦਰਵਾਜ਼ਾ ਖੋਲ੍ਹਣ ਵਾਲਾ ਤੈਨੂੰ ਬੇ ਆਰਾਮ ਨ ਕਰੇ।"

ਕਲੋਰਨ ਦੇ ਸ਼ਬਦ ਸਨ, "ਰਾਜਾ ਇਕ ਪੱਥਰ ਦੇ ਬੁਤ ਦਾ ਨਾਮ ਹੈ, ਏਸੇ ਕਰਕੇ ਲਖਾਂ ਮਨੁਖਾਂ ਦੇ ਕੀਰਨੇ ਉਸ ਨੇ ਕਦੀ ਵੀ ਸੁਣੇ ਨਹੀਂ ਹਨ, ਇਸ ਕਰਕੇ ਉਸ ਦੀ ਜਾਨ ਬਖਸ਼ੀ ਦੀ ਅਪੀਲ ਨ ਮਨਜ਼ੂਰ ਕੀਤੀ ਜਾਵੇ।"

ਮਾਰ ਨੇ ਕਿਹਾ ਸੀ, "ਜਿਸ ਨੂੰ ਮਨੁਖਾਂ ਤੋਂ ਬਿਨਾਂ ਉਸ ਦੇ ਰਾਜ-ਮਹਲ ਵਿਚ ਬੰਦ ਪੰਛੀ ਵੀ ਅਪਰਾਧੀ ਠਹਿਰਾਉਂਦੇ ਹਨ, ਉਸ ਲਈ ਰਹਿਮ ਕਰਨ ਵਾਲੇ ਜਜ ਕਿਸ ਨਰਕ ਵਿਚੋਂ ਲਿਆਂਦੇ ਜਾਣਗੇ?"

ਜਦੋਂ ਲੁਈਸ ਦਾ ਸਿਰ ਕਟਣ ਲਗੇ ਤਾਂ ਇਕ ਆਦਮੀ ਨੇ ਕਿਹਾ, "ਤੋਪਾਂ ਚਲਾਈਆਂ ਜਾਣੀਆਂ ਚਾਹੀਦੀਆਂ ਹਨ, ਤਾ ਕਿ ਲੋਕਾਂ ਨੂੰ ਪਤਾ ਲਗ ਜਾਏ।" ਤਾਂ ਰੋਗਰ ਨੇ ਗੁਸੇ ਵਿਚ ਆ ਕੇ ਕਿਹਾ, "ਇਸ ਨੇ ਜੀਉਂਦੇ ਜੀ ਬਥੇਰੀਆਂ ਤੋਪਾਂ ਦੀਆਂ ਅਵਾਜ਼ਾਂ ਸੁਣੀਆਂ ਸਨ, ਮਰਨ ਵੇਲੇ ਇਸ ਦੇ ਸਰੀਰ ਦੀ ਕੀਮਤ ਤੋਪਾਂ ਚਲਾਕੇ ਇਕ ਆਮ ਆਦਮੀ ਦੇ ਸਿਰ ਨਾਲੋਂ ਵਧਾਉਣੀ ਨਹੀਂ ਚਾਹੁੰਦੇ।"

ਚਾਰਲੀਅਰ ਨੇ ਕਿਹਾ ਸੀ, "ਉਇ ਸ਼ਬਦ ਕੇਵਲ ਲੁਈਸ ਤੇ ਲੁਈਸ ਦੇ ਦਰਬਾਰੀਆਂ ਲਈ ਨੀਅਤ ਕੀਤਾ ਜਾਵੇ, ਕਿਉਂਕਿ ਆਪਣੇ ਸਮੇਂ ਵਿਚ ਏਨ੍ਹਾਂ ਕਦੀ ਕਿਸੇ ਨੂੰ ਸਤਕਾਰ ਨਾਲ ਨਹੀਂ ਸੀ ਬੁਲਾਇਆ।"

ਅਜੇਹੇ ਵਾਕਾਂ ਵਾਲੇ ਥਾਂ ਤੇ ਪੀਰੀ, ਮਾਰੇ, ਤੇ ਟੇਨ ਆ ਕੇ ਬੈਠਦੇ ਸਨ। ਜਿਨ੍ਹਾਂ ਦੇ ਵਾਕ ਕੰਧਾਂ ਤੇ ਲਿਖੇ ਹੋਏ ਸਨ, ਉਨ੍ਹਾਂ ਵਿਚੋਂ ਕਈ ਮਰ ਚੁਕੇ ਸਨ ਤੇ ਕਈ ਸਤਕਾਰ ਵਾਲੀਆਂ ਕੁਰਸੀਆਂ ਤੇ ਬੈਠ ਮੁੜ ਮੁੜ ਕੇ ਆਪਣੇ ਵਾਕ ਪੜ੍ਹਦੇ ਸਨ।

ਜਿਹੜੇ ਲੋਕ ਫਰਾਂਸ ਦੇ ਸ਼ੁਭਚਿੰਤਕ ਸਨ ਤੇ ਜਿਨ੍ਹਾਂ ਦਾ ਦਿਮਾਗ ਚਲਦਾ ਸੀ, ਉਹ ਨਵੀਆਂ ਨਵੀਆਂ ਸਕੀਮਾਂ ਲੈ ਕੇ ਲੋਕ ਸਭਾ ਕੋਲ ਔਂਦੇ, ਦਸਦੇ ਤੇ ਦਲੀਲਾਂ ਦੇ ਕੇ ਸਾਬਤ ਕਰਦੇ। ਪਾਠਕਾਂ ਅਗੇ ਇਕ ਦਿਨ ਦੀਆਂ ਸਕੀਮਾਂ ਰਖਦੇ ਹਾਂ।

ਇਕ ਆਦਮੀ ਨੇ ਕਿਹਾ, "ਪੰਛੀ ਨੂੰ ਖੰਭ ਝਾੜਨ ਤੇ ਫੈਲ ਕੇ ਉਡਣ ਵਿਚ ਕੁਝ ਦੇਰ ਲਗਦੀ ਹੈ, ਪਰ ਜਾਨ ਇਸ ਤੋਂ ਵੀ ਛੇਤੀ ਨਿਕਲ ਜਾਂਦੀ ਹੈ। ਮੈਂ ਇਕ ਯੰਤਰ ਬਣਾਇਆ ਹੈ, ਜੋ ਸਰਕਾਰ ਮਨਜ਼ੂਰ ਕਰ ਲਵੇ, ਤਾਂ ਉਸ ਨਾਲ ਫਾਂਸੀ ਲਟਕਣ ਵਾਲਾ ਬਾਰਾਂ ਤੇਰਾਂ ਘੰਟੇ ਜੀਉਂਦਾ ਰਖਿਆ ਜਾ ਸਕਦਾ ਹੈ। ਬਦਲਾ ਲੈਣ ਲਈ ਲੋਕ-ਰਾਜ ਵਾਲਿਆਂ ਨੂੰ ਚਾਹੀਦਾ ਹੈ ਜੋ ਇਸ

ਖੇਤਰ ਨੂੰ ਮਨਜ਼ੂਰ ਕਰਨ, ਤੇ ਹਰ ਇਕ ਨੂੰ ਇਹੋ ਫਾਂਸੀ ਦਿਤੀ ਜਾਇਆ ਕਰੇ।"

ਇਕ ਹੋਰ ਆਦਮੀ ਝਟ ਉਠਿਆ। ਉਸ ਦੀਆਂ ਬੈਠੇ ਬੈਠੇ ਦੀਆਂ ਲਤਾਂ ਸੌਂ ਗਈਆਂ ਸਨ। ਇਕ ਦਮ ਉਠਣ ਨਾਲ ਲੱਤਾਂ ਸੁੱਤੀਆਂ ਰਹੀਆਂ ਤੇ ਉਹ ਫਿਰ ਡਿੱਗ ਪਿਆ। ਸਾਰੇ ਲੋਕ ਹਸ ਪਏ, ਤਾਲੀਆਂ ਤੇ ਸੀਟੀਆਂ ਨਾਲ ਕਮਰਾ ਗੂੰਜ ਉਠਿਆ। ਏਨੇ ਚਿਰ ਨੂੰ ਉਹ ਫਿਰ ਉਠਿਆ ਤੇ ਬੋਲਿਆ:-

"ਮੈਂ ਚਾਹੁੰਦਾ ਹਾਂ, ਬੇੜੀਆਂ ਤੇ ਹਥਕੜੀਆਂ ਕਿਸੇ ਆਦਮੀ ਨੂੰ ਨਾ ਲਾਈਆਂ ਜਾਣ, ਇਹ ਮਨੁਖ ਦੀ ਹੱਤਕ ਹੈ; ਤੇ ਫਾਂਸੀ ਬਿਲਕੁਲ ਹੀ ਕਿਸੇ ਆਦਮੀ ਨੂੰ ਨ ਦਿਤੀ ਜਾਵੇ, ਇਹ ਮਨੁਖ ਦੀ ਉਸ ਵੇਲੇ ਦੀ ਕਾਢ ਹੈ ਜਦੋਂ ਇਹ ਜਾਂਗਲੀ ਸੀ। ਹੁਣ ਚੌਕੀਆਂ, ਕਾਠ ਮਾਰਨਾ ਤੇ ਜੇਹਲਾਂ ਤਕ ਵੀ ਢਾਹ ਦੇਣੀਆਂ ਚਾਹੀਦੀਆਂ ਹਨ।"

ਇਕ ਬੁੱਢਾ ਆਦਮੀ ਉਠ ਕੇ ਬੋਲਿਆ, "ਮੈਂ ਚਾਹੁੰਦਾ ਹਾਂ ਦੁਨੀਆਂ ਤੇ ਅਮਨ ਹੋਵੇ। ਅਜ ਕਲ ਹਾਲੀ ਦੇ ਦਰਵਾਜ਼ੇ ਵਿਚ ਖਲੋ ਕੇ ਜ਼ਨਾਨੀਆਂ ਪ੍ਰਾਰਥਨਾ ਕਰਦੀਆਂ ਹਨ ਤੇ ਕਹਿੰਦੀਆਂ ਹਨ 'ਹੇ ਈਸ਼ਵਰ! ਕਦੀ ਉਹ ਵੀ ਦਿਨ ਆਵੇਗਾ ਜਦੋਂ ਸ਼ਾਂਤੀ ਹੋਵੇਗੀ, ਬਚੇ ਬਾਹਰ ਖੇਡਦਿਆਂ ਦਾ ਫਿਕਰ ਮਾਵਾਂ ਨੂੰ ਨਹੀਂ ਹੋਵੇਗਾ।' ਸਵੇਰੇ ਜਦੋਂ ਮਰਦ ਘਰੋਂ ਬਾਹਰ ਨਿਕਲਦੇ ਹਨ ਤਾਂ ਯਕੀਨ ਨਹੀਂ ਹੁੰਦਾ ਕਿ ਸ਼ਾਮ ਨੂੰ ਘਰ ਆ ਜਾਵੇਗਾ ਕਿ ਨਹੀਂ। ਦੁਨੀਆਂ ਨੂੰ ਹੁਣ ਅਮਨ ਦੀ ਲੋੜ ਹੈ, ਅਮਨ ਲਈ ਜ਼ਰੂਰੀ ਹੈ ਕਿ ਕਿਸੇ ਕੋਲ ਹਥਿਆਰ ਨਾ ਹੋਣ।"

ਲੇਬੀ ਕਹਿਣ ਲਗਾ, "ਬੱਚੇ ਕੌਮਾਂ ਦਾ ਭਵਿੱਖਤ ਹਨ। ਜੋ ਕੌਮ ਬੱਚਿਆਂ ਲਈ ਕੁਝ ਨਹੀਂ ਕਰਦੀ, ਉਹ ਆਪਣੀ ਜੜ੍ਹਾਂ ਆਪ ਪੁੱਟਦੀ ਹੈ। ਮੈਂ ਚਾਹੁੰਦਾ ਹਾਂ ਪਿੰਡ ਪਿੰਡ ਸਕੂਲ ਖੋਹਲੇ ਜਾਣ।

ਅੱਖਰਾਂ ਦੇ ਅਕਾਰਾਂ ਦੀਆਂ ਮਠਿਆਈਆਂ ਬਣਾਈਆਂ ਜਾਣ ਤੇ ਮੁੰਡਿਆਂ ਨੂੰ ਉਨ੍ਹਾਂ ਦਾ ਅਕਾਰ ਯਾਦ ਕਰਾ ਕੇ ਦਿਤੀਆਂ ਜਾਣ। ਇਸ ਤਰ੍ਹਾਂ ਅੱਖਰ ਤੇ ਆਵਾਜ਼ਾਂ ਦਸ ਕੇ ਘੰਟਿਆਂ ਵਿਚ ਪੜ੍ਹਾਇਆ ਜਾਵੇ। ਇਤਿਹਾਸ ਪੜ੍ਹਾਉਣ ਲਈ ਤਸਵੀਰਾਂ ਬਣਾਈਆਂ ਜਾਣ ਤੇ ਇਕ ਆਦਮੀ ਨੇ ਜਿਨੇ ਵੱਡੇ ਵੱਡੇ ਕੰਮ ਕੀਤੇ ਹਨ ਉਨ੍ਹਾਂ ਦੇ ਚਿਤ੍ਰ ਬਣਾਏ ਜਾਣ।"

ਲੀਪੋ ਕਹਿਣ ਲੱਗਾ, "ਸ਼ੁਰੂ ਤੋਂ ਲੈ ਕੇ ਇਹ ਪ੍ਰਵਾੜਾ ਤੁਰਿਆ ਜਾਂਦਾ ਹੈ ਕਿ ਧਰਮ ਤੇ ਰਾਜਨੀਤ ਦਾ ਇਤਫਾਕ ਨ ਹੋਵੇ। ਇਹ ਦੋਵੇਂ ਚੀਜ਼ਾਂ ਲੋਕਾਂ ਨੂੰ ਭੁਲੇਖਾ ਪਾਉਂਦੀਆਂ, ਗਲਤ ਫਹਿ-ਮੀਆਂ ਫੈਲਾਉਂਦੀਆਂ ਤੇ ਝਗੜੇ ਵਿਚ ਫਸਾਈ ਰਖਦੀਆਂ ਹਨ। ਮੈਂ ਚਾਹੁੰਦਾ ਹਾਂ ਦੋਹਾਂ ਨੂੰ ਇਕ ਕਰ ਦਿਤਾ ਜਾਵੇ। ਦੋਹਾਂ ਸ਼ਾਸਤਰਾਂ ਦਾ ਇਕ ਦਰਜਾ ਕਰ ਦਿਤਾ ਜਾਵੇ। ਕਾਰਣ? ਸਾਡੀ ਜ਼ਿੰਦਗੀ ਨੂੰ ਦੋਵੇਂ ਲੋੜੀਦੇ ਹਨ।"

ਸੋਲ ਕਹਿਣ ਲੱਗਾ, "ਸਭ ਤੋਂ ਪਹਿਲੇ ਜਿਹੜੀਆਂ ਚੀਜ਼ਾਂ ਲੀਡਰਾਂ ਨੂੰ ਬਰਬਾਦ ਤੇ ਬਦਨਾਮ ਕਰਨ ਵਾਲੀਆਂ ਹਨ, ਉਨ੍ਹਾਂ ਦਾ ਪ੍ਰਬੰਧ ਕੀਤਾ ਜਾਵੇ। ਜਿਹੜਾ ਲੋਕਾਂ ਦੀ ਸਹੀ ਅਗਵਾਈ ਕਰਦਾ ਹੈ, ਉਸ ਨੂੰ ਬਦਨਾਮ ਕਰਨ ਲਈ ਕੋਈ ਨਾ ਕੋਈ ਚੀਜ਼ ਖੁਦਗਰਜ਼ ਲੋਕ ਲਭ ਲੈਂਦੇ ਹਨ। ਲੋਕਾਂ ਨੂੰ ਦੇਸ਼ ਭਗਤਾਂ ਦੇ ਉਲਟ ਕਰ ਦਿਤਾ ਜਾਂਦਾ ਹੈ। ਮੈਂ ਚਾਹੁੰਦਾ ਹਾਂ, ਅਸੀਂ ਹਰ ਇਕ ਆਦਮੀ ਦੇ ਕੰਮ ਨੂੰ ਚੁਣੀਏ। ਜਿਹੜਾ ਦੇਸ਼ ਦੇ ਲਾਭ ਲਈ ਹੋਵੇ, ਉਸਦੇ ਉਲਟ ਕੁਝ ਸੁਣ ਨਾ ਸਕੀਏ। ਪ੍ਰਾਈਵੇਟ ਕੰਮਾਂ ਨੂੰ ਪਬਲਿਕ ਦੇ ਕੰਮਾਂ ਨਾਲ ਜੋੜ ਕੇ ਅਸੀਂ ਆਗੂ ਨੂੰ ਵੀ ਬਰਬਾਦ ਕਰ ਦਿੰਦੇ ਹਾਂ ਤੇ ਵੈਰੀ ਦੀ ਚਾਲ ਵਿਚ ਵੀ ਆ ਜਾਂਦੇ ਹਾਂ।"

ਇਕ ਨਿੱਕੀਆਂ ਨਿੱਕੀਆਂ ਅੱਖਾਂ ਵਾਲਾ ਵੈਦ ਉਠਿਆ ਤੇ ਕਹਿਣ ਲੱਗਾ, "ਸਾਨੂੰ ਆਪਣੇ ਦੇਸ਼ ਵਿਚਲੇ ਪ੍ਰਚਲਤ ਦੇਸੀ

ਇਲਾਜਾਂ ਦੀ ਮਦਦ ਕਰਨੀ ਚਾਹੀਦੀ ਹੈ। ਅਰੋਗਤਾ ਕੌਮੀ ਤਰੱਕੀ ਲਈ ਜ਼ਰੂਰੀ ਹੈ।ਜੋ ਅਰੋਗ ਨਹੀਂ,ਨ ਉਸਦਾ ਆਚਰਣ,ਨਾ ਉਸ ਲਈ ਦੌਲਤ ਤੇ ਨਾ ਇਜ਼ਤ ਕੁਝ ਅਰਥ ਰਖਦੀ ਹੈ। ਜੋ ਹਾਇ, ਹਾਇ ਕਰਦਾ ਹੈ, ਉਸ ਨੂੰ ਮੱਥੇ ਟੇਕਣ ਨਾਲ ਵੀ ਆਰਾਮ ਨਹੀਂ ਆਉਂਦਾ। ਲੋਕ ਰਾਜ ਦੀ ਸਰਕਾਰ ਦਾ ਫਰਜ਼ ਹੈ ਕਿ ਉਹ ਮੋਟੀਆਂ ਮੋਟੀਆਂ ਬੀਮਾਰੀਆਂ ਦੇ ਇਲਾਜ ਹਰ ਮਨੁਖ ਨੂੰ ਪੜ੍ਹਾਉਣਾ ਜ਼ਰੂਰੀ ਕਰ ਦੇਵੇ। ਜੋ ਰੁਪਿਆ ਇਸ ਕੰਮ ਲਈ ਵਰਤਿਆ ਜਾਵੇਗਾ, ਉਹੋ ਸੁਫਲ ਹੈ।"

ਇਕ ਬਾਣੀਏ ਦੀ ਦੁਕਾਨ ਤੇ ਕੰਮ ਕਰਨ ਵਾਲਾ ਨੌਕਰ ਬੋਲਿਆ, "ਨੌਕਰੀ ਕਰਨ ਦਾ ਤਰੀਕਾ ਮੁਲਕਾਂ ਨੂੰ ਬਰਬਾਦ ਕਰ ਦਿੰਦਾ ਹੈ। ਨੌਕਰਾਂ ਨੂੰ ਲਗਨ ਨਹੀਂ ਹੁੰਦੀ, ਉਹ ਕੰਮਚੋਰ ਤੇ ਸੁਸਤ ਹੋ ਜਾਂਦੇ ਹਨ। ਜਿਸ ਵਿਚ ਇਹ ਗੱਲਾਂ ਆ ਜਾਣ, ਉਹ ਕੌਮ ਕਦੀ ਉੱਨਤੀ ਨਹੀਂ ਕਰ ਸਕਦੀ। ਵੇਲ ਦੇ ਸੁਹਣੇ ਤੇ ਸੁਗੰਧੀ ਵਾਲੇ ਫੁਲ ਨਾ ਵੇਖੋ, ਤੇ ਨ ਉਸ ਨੂੰ ਲਗੇ ਵਡੇ ਵਡੇ ਫਲ ਤੱਕੋ। ਜਿਸ ਦਿਨ ਬ੍ਰਿਛ ਟੁਟ ਗਿਆ ਵੇਲ ਨੂੰ ਉਸੇ ਵੇਲੇ ਕੁਮਲਾਣਾ ਪਵੇਗਾ। ਇਸ ਲਈ ਮੈਂ ਚਾਹੁੰਦਾ ਹਾਂ ਲੋਕ-ਰਾਜ ਵਾਲੇ ਕੋਈ ਐਸਾ ਪ੍ਰਬੰਧ ਕਰਨ ਕਿ ਨੌਕਰੀ ਦਾ ਢੰਗ ਖਤਮ ਹੋ ਜਾਵੇ।"

ਇਕ ਮਜ਼ਦੂਰ ਬੋਲਿਆ, "ਸੂਦ ਬਿਲ ਪਾਸ ਕਰ ਦਿਤਾ ਜਾਵੇ, ਕਰਜ਼ਾ ਲੈਣ ਵਾਲੇ ਦੀ ਕੋਈ ਚੀਜ਼ ਕੁਰਕ ਨਾ ਹੋ ਸਕੇ। ਜੇਹਲ ਵਿਚ ਉਸ ਨੂੰ ਉਕਾ ਹੀ ਨਾ ਭੇਜਿਆ ਜਾਵੇ। ਇਹ ਕਿਡੀ ਅਨੋਖੀ ਗਲ ਹੈ ਕਿ ਰੁਪਿਆ ਕੁਕੜੀ ਵਾਂਗ ਆਂਡੇ ਨਹੀਂ ਦੇਂਦਾ, ਪਰ ਸ਼ਾਹੂਕਾਰ ਇਸ ਨੂੰ ਮੱਖੀਆਂ ਤੇ ਮੱਛਰ ਦੇ ਪਰਵਾਰ ਵਾਂਗ ਵਧਾਈ ਜਾਂਦੇ ਹਨ। ਕਰਜ਼ਾ ਇਕ ਦੂਜੇ ਨੂੰ ਲੋੜ ਪਵੇ ਤਾਂ ਲੱਖ ਵਾਰ ਦਿਤਾ ਜਾਵੇ, ਪਰ ਉਸਦਾ ਸੂਦ ਕੋਈ ਨਾ ਲਿਆ ਲਵੇ। ਜੇ ਕੋਈ ਆਖੇ ਕਿ ਸੂਦ ਜ਼ਰੂਰੀ ਹੈ, ਤਾਂ ਉਸ ਨੂੰ ਮਜਬੂਰ ਕਰੋ ਕਿ ਉਹ ਇਕ ਰੁਪੈ

ਦੇ ਪੇਟ ਵਿਚੋਂ ਇਕ ਹੋਰ ਹੁਪਿਆ ਕਢ ਕੇ ਵਿਖਾਵੇ ।"

ਇਕ ਕਿਸਾਨ ਨੇ ਮੋਢੇ ਤੇ ਕਹੀ ਰਖੀ ਹੋਈ ਸੀ, ਬੋਲਿਆ, "ਸਭ ਤੋਂ ਪਹਿਲਾਂ ਨਦੀਆਂ ਤੋਂ ਲਾਭ ਉਠਾਇਆ ਜਾਵੇ। ਦਰਿਆ ਮੁਲਕਾਂ ਦੀ ਦੌਲਤ ਹੁੰਦੇ ਹਨ। ਹਰ ਦਰਿਆ ਦੇ ਉਤੇ ਵਡੇ ਵਡੇ ਬਿਜਲੀ ਘਰ ਬਣਾਏ ਜਾਣ; ਉਨ੍ਹਾਂ ਦੀ ਦੇਂਤਾਂ ਵਰਗੀ ਤਾਕਤ ਦੇਸ਼ ਦੇ ਚੱਪੇ ਚੱਪੇ ਤੇ ਫੈਲਾਈ ਜਾਵੇ; ਮਸ਼ੀਨਾਂ ਨਾਲ ਖੇਤੀਆਂ ਵਾਹੀਆਂ ਤੇ ਬੀਜੀਆਂ ਜਾਣ । ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਾਰਾ ਸਰਮਾਇਆ ਪਹਿਲੋਂ ਇਸ ਕੰਮ ਲਈ ਵਰਤੇ। ਕਿਸਾਨ ਕਿਸੇ ਮੁਲਕ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ, ਇਸ ਲਈ ਸਭ ਤੋਂ ਪਹਿਲਾਂ ਇਸ ਜ਼ਰੂਰੀ ਕੰਮ ਵਲ ਧਿਆਨ ਦੇਣਾ ਚਾਹੀਦਾ ਹੈ।"

ਇਕ ਚਿਤਰਕਾਰ ਬੋਲਿਆ, "ਰਬ ਨੇ ਰੰਗੀਲੀਆਂ ਤੇ ਸੁਹਣੀਆਂ ਚੀਜ਼ਾਂ ਇਸ ਲਈ ਬਣਾਈਆਂ ਹਨ, ਕਿ ਅੱਖਾਂ ਉਨ੍ਹਾਂ ਦੀ ਕਦਰ ਪਾ ਸਕਣ। ਪਰ ਇਹ ਸਚ ਹੈ ਕਿ ਚਿਤਰਕਾਰ ਤੋਂ ਬਿਨਾਂ ਉਸ ਤਸਵੀਰ ਦਾ ਆਸ਼ਾ ਕੋਈ ਵੀ ਆਦਮੀ ਨਹੀਂ ਸਮਝ ਸਕਦਾ। ਇਹ ਵੇਖੋ ਮੇਰੇ ਹੱਥ ਵਿਚ ਇਕ ਤਸਵੀਰ ਹੈ, ਖੋਤਾ ਘੁਮਿ-ਆਰ ਤੇ ਚੜ੍ਹਿਆ ਹੋਇਆ ਹੈ।"

ਹਾਲ ਹਾਸੇ ਨਾਲ ਗੂੰਜ ਉਠਿਆ । ਇਕ ਨੇ ਆਵਾਜ਼ ਦਿਤੀ, "ਨਹੀਂ, ਨਹੀਂ, ਖੋਤਾ ਸਟੇਜ ਤੇ ਹੀਂਗਦਾ ਹੈ।"

ਚਿਤ੍ਰਕਾਰ ਨੂੰ ਆਪਣੀ ਭੁਲ ਦਾ ਬੜਾ ਦੁਖ ਹੋਇਆ ਤੇ ਫਿਰ ਬੋਲਿਆ, "ਇਸ ਤਸਵੀਰ ਵਿਚ ਇਕ ਘੁਮਿਆਰ ਥਕਿਆ ਹੋਇਆ ਆਪਣੇ ਖੋਤੇ ਉਤੇ ਬੈਠਾ ਹੈ। ਹਰ ਇਕ ਅੰਗ ਵਿਚੋਂ ਮੁਸਾਫਰੀ ਦਿਸਦੀ ਹੈ। ਪਰ ਇਸ ਤਸਵੀਰ ਦੀ, ਪਤਾ ਜੇ, ਪੈਰਸ ਵਾਲਿਆਂ ਨੇ ਕੀ ਕੀਮਤ ਪਾਈ ਏ? ਖੋਤਾ ਨਾਲੀ ਵਿਚ ਡੁੱਬਾ ਪਿਆ ਸੀ ਤੇ ਘੁਮਿਆਰ ਤੇ ਪਾਨ ਦੀ ਥੁਕ ਪਈ ਹੋਈ ਸੀ।"

ਲੋਕਾਂ ਦੀਆਂ ਆਵਾਜ਼ਾਂ ਸ਼ੁਰੂ ਹੋ ਗਈਆਂ, "ਖੋਤਾ ਨਾਲੀ

ਵਿਚ ਕਿਵੇਂ ਡੁੱਬ ਗਿਆ ? ਖੋਤਾ ਕੋਡਾ ਤੇ ਨਾਲੀ ਕੋਡੀ ! ਕੀ ਕਿਹਾ ਈ ? ਘੁਮਿਆਰ ਬੁਕ ਹੇਠ ਆ ਗਿਆ ? ਅਕਲ ਦਿਆ ਅੰਨ੍ਹਿਆਂ, ਬੋਰੀਆਂ ਚੁਕਣ ਵਾਲਾ ਘੁਮਿਆਰ ਏਨਾਂ ਕਮਜ਼ੋਰ ਕਿਵੇਂ ਹੋ ਗਿਆ ?''

ਚਿਤ੍ਰਕਾਰ ਤੰਗ ਪੈ ਗਿਆ ਤੇ ਬੋਲਿਆ, ''ਮੇਰੀ ਸਰਕਾਰ ਅਗੇ ਬੇਨਤੀ ਹੈ ਕਿ ਚਿਤ੍ਰਕਾਰੀ ਦਾ ਪ੍ਰਚਾਰ ਕੀਤਾ ਜਾਵੇ; ਕਿਸੇ ਕੌਮ ਦੀ ਕੋਮਲਤਾ ਦੇ ਮਿਣਨ ਲਈ ਇਹੋ ਇਕ ਗਜ਼ ਹੈ।''

ਇਕ ਸੁਕੜੂ ਜਿਹਾ ਬੁਢਾ ਹਥ ਵਿਚ ਸਾਰੰਗੀ ਲੈ ਕੇ ਕਹਿਣ ਲਗਾ, '' ਰਾਗ ਰੂਹ ਦੀ ਖੁਰਾਕ ਹੈ, ਇਸ ਨਾਲ ਮਾਨਸਕ ਜੀਵਨ ਤਸਵੀਰ ਵਾਂਗ ਹਵਾ ਵਿਚ ਹੁਲਾਰੇ ਲੈਣ ਲਗ ਪੈਂਦਾ ਹੈ। ਸਾਰੀ ਦੁਨੀਆਂ ਦੇ ਫਿਕਰ ਅੰਦੇਸ਼ੇ ਸੌ ਸੌ ਕੋਹ ਦੂਰ ਦੌੜ ਜਾਂਦੇ ਹਨ।''

ਅਵਾਜ਼ਾਂ ਆਉਣੀਆਂ ਸ਼ੁਰੂ ਹੋ ਗਈਆਂ,''ਬਾਬਾ ਜੀ, ਤੁਹਾਡਾ ਸ਼ਰੀਰ ਰਾਗ ਸੁਣ ਕੇ ਸੌ ਸੌ ਕੋਹ ਦੌੜਨ ਲਈ ਤਿਆਰ ਹੋ ਗਿਆ ਏ ?'' ਇਕ ਹੋਰ ਆਵਾਜ਼ ਆਈ, ''ਇਨ੍ਹਾਂ ਨੂੰ ਸਾਰੰਗੀ ਦੀ ਕੀ ਲੋੜ ਹੈ ? ਇਨ੍ਹਾਂ ਦਾ ਸਰੀਰ ਹੀ ਸਾਰੰਗੀ ਹੈ, ਕੇਵਲ ਮੌਤ ਦਾ ਗਜ਼ ਫਿਰਨ ਦੀ ਦੇਰ ਹੈ ।''

ਬੁਢਾ ਖੰਘ ਕੇ ਬੋਲਿਆ, ''ਇਹ ਸਭਾਵਾਂ ਦਾ ਸ਼ਿੰਗਾਰ ਹੈ।''

ਇਕ ਚੀਕ ਵਰਗੀ ਆਵਾਜ਼ ਆਈ, ''ਹਾਂ, ਠੀਕ ਹੈ, ਗਲੀਆਂ ਵਿਚ ਕੁਤੇ ਕਦੀ ਵੀ ਨਾ ਭੌਂਕਣ, ਮੰਗਤੇ ਦੀ ਇਹ ਸ਼ਾਨ ਹੈ।'' ਇਕ ਹੋਰ ਆਵਾਜ਼ ਆਈ, ''ਬਾਬਾ, ਮੋਢੇ ਨਾਲ ਪੋਤਰੀ ਲਾਈ ਹੋਈ ਆ ?'' ਹਾਸੇ ਦਾ ਹੜ੍ਹ ਆ ਗਿਆ।

ਅਖੀਰ ਬੁਢੇ ਨੇ ਕਿਹਾ, ''ਸਰਕਾਰ ਨੂੰ ਰਾਗ ਦੀ ਉੱਨਤੀ ਲਈ ਜ਼ਰੂਰ ਕੁਝ ਨਾ ਕੁਝ ਕਰਨਾ ਚਾਹੀਦਾ ਹੈ । ਰਾਗ ਰੱਬ ਦਾ ਮਿੱਠੀ ਧੁਨ ਵਾਲਾ ਕਾਂਬਾ ਹੈ।''

ਆਵਾਜ਼ ਆਈ, ''ਤੁਹਾਡਾ ਸਰੀਰ ਕੰਬਦਾ ਹੈ, ਸੋ ਤੁਸੀਂ

ਰੱਬ ਹੋਏ ਤੇ ਇਹ ਸਾਂਗੀ ਤੁਹਾਡਾ ਕਾਂਬਾ ਹੈ।"

ਦੁਨੀਆਂ ਵਿਚ ਕੇਵਲ ਦੋ ਚੀਜ਼ਾਂ ਹਨ, ਉਤਰਾਈ ਤੇ ਚੜ੍ਹਾਈ। ਸਾਰੇ ਸੰਸਾਰ ਦੀਆਂ ਚੀਜ਼ਾਂ ਹਮੇਸ਼ਾਂ ਇਨ੍ਹਾਂ ਲਹਿਰਾਂ ਤੇ ਤਰਦੀਆਂ ਤੇ ਡੁਬਦੀਆਂ ਹਨ।

ਸੈਂਕੜੇ ਦਿਮਾਗ ਦਿਨ ਰਾਤ ਸੋਚਾਂ ਵਿਚ ਲਗੇ ਰਹਿੰਦੇ ਸਨ, ਕਿ ਦੇਸ਼ ਨੂੰ ਕਿਨ੍ਹਾਂ ਲੀਹਾਂ ਤੇ ਚਲਾਈਏ।

ਇਸ ਰੰਗ ਭੂਮੀ ਵਿਚ ਲੂਈਸ ਦੇ ਕੈਦੀ ਬਣਾਏ ਜਾਣ ਤੋਂ ਲੈ ਕੇ ਹੁਣ ਤਕ ਫਰਾਂਸ ਦੇ ਸਾਰੇ ਨਿਕੇ ਨਿਕੇ ਪਿੰਡਾਂ ਦੇ ਆਗੂਆਂ ਨੂੰ ਵੀ ਬੋਲਣ ਦਾ ਸਮਾਂ ਮਿਲਦਾ ਸੀ। ਜਿਸ ਦਿਨ ਲੂਈਸ ਦਾ ਕੀਰਤਨ ਸੋਹਿਲਾ ਪੜ੍ਹਨ ਲਗੇ, ਉਸ ਵੇਲੇ ਵੀ ਫਰਾਂਸ ਦੇ ਲੀਡਰਾਂ ਦੇ ਮੂੰਹੋਂ ਸ਼ਬਦ ਨਿਕਲੇ, "ਸੰਸਾਰ ਭਰ ਦੀਆਂ ਕਚਹਿਰੀਆਂ ਦਾ ਇਤਹਾਸ ਦੋ ਸ਼ਬਦਾਂ ਵਿਚ ਲਿਖਿਆ ਜਾ ਸਕਦਾ ਹੈ, 'ਕਚਹਿਰੀ ਤੇ ਕਬਰਸਤਾਨ ਵਿਚ ਬੜਾ ਥੋੜਾ ਹੀ ਫਰਕ ਹੈ, ਕਚਹਿਰੀ ਵਿਚ ਮੌਤ ਦੇ ਉਮੀਦਵਾਰ ਹੁੰਦੇ ਹਨ ਤੇ ਕਬਰਸਤਾਨ ਵਿਚ ਚੁਣੇ ਹੋਏ'।"

ਨੇਗ ਨੇ ਕਿਹਾ, "ਲੂਈਸ ਦੀ ਸਭ ਤੋਂ ਵਡੀ ਸਹਾਇਤਾ ਇਹ ਹੈ ਕਿ ਮੌਤ ਦੀ ਸਜ਼ਾ ਦੇਕੇ ਇਸ ਦਾ ਛੁਟਕਾਰਾ ਕੀਤਾ ਜਾਵੇ।"

ਮਿਲੋ ਨੇ ਕਿਹਾ, "ਇਹ ਚੰਗੀ ਗਲ ਹੈ ਕਿ ਮੌਤ ਵਰਗੀ ਦੁਖਦਾਈ ਕੋਈ ਚੀਜ਼ ਦੁਨੀਆਂ ਤੇ ਪਹਿਲੇ ਹੀ ਰਬ ਨੇ ਪੈਦਾ ਕੀਤੀ ਹੋਈ ਹੈ, ਜੇ ਨਾ ਵੀ ਹੁੰਦੀ ਤਾਂ ਵੀ ਸਾਨੂੰ ਪੈਦਾ ਕਰਨੀ ਪੈਣੀ ਸੀ।"

ਬੂਰੀਉ ਬੋਲਿਆ, "ਰਾਜਾ ਸਾਹਿਬ ਇਤਨੀ ਉਡੀਕ ਨਹੀਂ ਕਰ ਸਕਦੇ, ਇਸ ਲਈ ਉਹ ਕਬਰ ਵਿਚ ਜਾਕੇ ਅਰਾਮ; ਕਰਨ ਤੇ ਨੌਜਵਾਨ ਜੱਜਾਂ ਨੂੰ ਚਾਹੀਦਾ ਹੈ ਕਿ ਉਹ ਚਿੱਟੇ ਵਾਲ ਹੋਣ ਤੱਕ ਰਹਿਮ ਦੀ ਪ੍ਰਾਰਥਨਾ ਤੇ ਡੂੰਘੀ ਵਿਚਾਰ ਕਰਨ।"

ਸੇਂਟਬੋਰ ਨੇ ਕਿਹਾ, "ਲਹੂ ਵਗਾਉਣਾ ਬਹੁਤ ਭੈੜੀ ਚੀਜ਼ ਹੈ ਤੇ ਇਸ ਤੋਂ ਹਰ ਇਕ ਮਨੁਖ ਨੂੰ ਘਿਰਣਾ ਹੈ, ਪਰ ਲੂਈਸ ਦਾ ਲਹੂ ਮਨੁਖ ਦਾ ਲਹੂ ਨਹੀਂ, ਇਹ ਉਹ ਲਾਲੀ ਹੈ, ਜੇਹੜੀ ਸਤਵੰਤੀਆਂ ਦੇ ਬੁੱਲ੍ਹਾਂ ਤੋਂ ਲੀਤੀ ਗਈ ਹੈ।"

ਆਂਡਰੇ ਨੇ ਕਿਹਾ, "ਪਿੰਜਰਾ ਭਾਵੇਂ ਕੇਡਾ ਸੁਹਣਾ ਹੋਵੇ, ਉਸ ਨੂੰ ਤੋੜ ਦੇਣਾ ਚਾਹੀਦਾ ਹੈ। ਲੂਈਸ ਆਜ਼ਾਦੀ ਦੀ ਬੁਲਬੁਲ ਦਾ ਪਿੰਜਰਾ ਹੈ।"

ਕੋਮਟੇਰੀ ਨੇ ਕਿਹਾ, "ਜਦੋਂ ਮਾਲਕ ਸਾਹ ਲੈਂਦਾ ਹੈ, ਤਦ ਗੁਲਾਮ ਸਾਹ ਰੋਕ ਕੇ ਖੜੋਤੇ ਹੁੰਦੇ ਹਨ। ਪਰ-ਅਧੀਨਾਂ ਦੀਆਂ ਛਾਤੀਆਂ ਨੂੰ ਖੁੱਲ੍ਹੇ ਸਾਹ ਦਿਵਾਉਣ ਲਈ ਰਾਜੇ ਲੂਈਸ ਨੂੰ ਮੌਤ ਦਾ ਡੰਨ ਦੇਣਾ ਚਾਹੀਦਾ ਹੈ।"

ਟੈਲੀਅਰ ਨੇ ਕਿਹਾ ਸੀ, "ਫ਼੍ਰਾਂਸ ਦੇ ਵੈਰੀਆਂ ਉਪਰ ਜੇਹੜੇ ਗੋਲੇ ਚਲਾਏ ਜਾਣਗੇ, ਉਹ ਲੂਈਸ ਦੇ ਸਿਰ ਜੇਡੇ ਹੋਣੇ ਚਾਹੀਦੇ ਹਨ। ਇਹ ਨਮੂਨਾ ਕਾਰੀਗਰਾਂ ਨੂੰ ਛੇਤੀ ਭੇਜੋ, ਬੜੇ ਚਿਰ ਤੋਂ ਉਹ ਉਡੀਕ ਰਹੇ ਹਨ।"

ਬਨਕਲ ਨੇ ਕਿਹਾ, "ਇਸ ਨੂੰ ਡੋਲੀ ਦੇਕੇ ਸਭ ਗਲੀਆਂ ਵਿਚ ਫੇਰਿਆ ਜਾਵੇ, ਤਾਂਕਿ ਇਹ ਆਪਣੀ ਦੁਖੀ ਪਰਜਾ ਦਾ ਠੀਕ ਹਾਲ ਵੇਖ ਸਕੇ।"

ਅਲਬੋਈ ਨੇ ਕਿਹਾ, "ਮੈਂ ਚਾਹੁੰਦਾ ਹਾਂ, ਇਸ ਨੂੰ ਕਾਲਖ ਮਲਕੇ ਸੰਸਾਰ ਭਰ ਵਿਚ ਘੁਮਾਇਆ ਜਾਵੇ ਤੇ ਜਿਨ੍ਹਾਂ ਲੋਕਾਂ ਨੂੰ ਭੂਤਨਿਆਂ ਤੇ ਯਕੀਨ ਨਹੀਂ, ਇਸ ਨੂੰ ਵਿਖਾਕੇ ਯਕੀਨ ਦਿਵਾ-ਇਆ ਜਾਵੇ।"

ਚੇਲਨ ਨੇ ਕਿਹਾ, "ਮੌਤ ਇਸਦੇ ਜ਼ੁਲਮਾਂ ਦਾ ਬਦਲਾ ਨਹੀਂ, ਪਰ ਮਜਬੂਰੀ ਹੈ ਕਿ ਇਸ ਤੋਂ ਵੱਡੀ ਚੀਜ਼ ਹੁਣ ਤੱਕ ਮਨੁਖੀ ਨਜ਼ਰ ਵਿਚ ਨਹੀਂ ਆਈ।"

ਇਸ ਤਰ੍ਹਾਂ ਦੇ ਸ਼ਬਦ ਇਨਕਲਾਬ ਦਾ ਸਭ ਤੋਂ ਡਰਾਉਣਾ ਇਤਿਹਾਸ ਸੀ । ਫਿਰ ਇਸ ਨੂੰ ਪੈਦਾ ਕਿੰਨ ਕੀਤਾ ? ਅਨੇਕਾਂ ਘਟਨਾਂ ਨੇ, ਅਨੇਕਾਂ ਦੁਖਾਂ ਨੇ, ਅਨੇਕਾਂ ਬੇਇਨਸਾਫੀਆਂ ਨੇ, ਅਨੇਕਾਂ ਹੁਕਮਰਾਨਾਂ ਨੇ। ਜਿਸ ਤਰ੍ਹਾਂ ਥੋੜਾ ਥੋੜਾ ਘੱਟਾ ਧਰਤੀ ਤੋਂ ਲੈਂਦੀ ਹਵਾ ਅੰਧੇਰੀ ਬਣ ਜਾਂਦੀ ਹੈ, ਏਸੇ ਤਰ੍ਹਾਂ ਇਨਕਲਾਬ। ਦਰਵਾਜ਼ਿਆਂ ਤੋਂ ਬੁਢੇ, ਪੈਲੀਆਂ ਵਿਚੋਂ ਹਾਲੀ, ਸੜਕਾਂ ਤੋਂ ਮਜ਼ਦੂਰ, ਜੇਹਲਾਂ ਵਿਚੋਂ ਕੈਦੀ, ਫੌਜਾਂ ਵਿਚੋਂ ਸਿਪਾਹੀ ਮਿਲਕੇ ਉਹ ਕੁਝ ਕਰ ਗੁਜ਼ਰਦੇ ਹਨ, ਜਿਸ ਦੀ ਕਿਸੇ ਨੂੰ ਸੁਪਨੇ ਵਿਚ ਭੀ ਆਸ ਨਹੀਂ ਹੁੰਦੀ। ਤਬਦੀਲੀ ਦੀਆਂ ਜੜ੍ਹਾਂ ਭੀ ਅਨੋਖੇ ਢੰਗ ਨਾਲ ਫੈਲਦੀਆਂ ਹਨ। ਮਾਮਲਾ ਦੇਣ ਵੇਲੇ ਕਿਸਾਨਾਂ ਦੇ ਦਿਲ ਵਿਚ ਤੇ ਖੁਲੀਆਂ ਧਰਤੀਆਂ ਵਿਚ; ਟੈਕਸ ਭਰਨ ਵੇਲੇ ਦੁਕਾਨਦਾਰਾਂ ਦੀਆਂ ਵਹੀਆਂ ਵਿਚ; ਮਸੂਲ ਦੇਣ ਵੇਲੇ ਪਾਂਧੀ ਸੜਕਾਂ ਤੇ ਤਬਦੀਲੀ ਸੁਟ ਜਾਂਦੇ ਹਨ। ਨੀਚ ਜ਼ਾਤੀਆਂ ਵਿਚ ਵਿਗਾਰ ਲੈਣ ਵੇਲੇ; ਠੇਕਾ ਦੇਣ ਵੇਲੇ ਮਲਾਹਾਂ ਵਿਚ; ਅਫਸਰਾਂ ਦੇ ਬਿਨਾਂ ਕੀਮਤ ਦੇਣ ਤੋਂ; ਬਕਰੇ ਚੁਕਣ ਤੋਂ ਵਾਗੀਆਂ ਤੇ ਅਯਾਲੀਆਂ ਵਿਚ ਭੀ ਫੈਲ ਜਾਂਦੀ ਹੈ। ਜਿਸ ਤਬਦੀਲੀ ਦੇ ਬਰੂਦ ਨੂੰ ਇਤਨੇ ਪਾਸਿਆਂ ਤੋਂ ਅੱਗ ਲਗੀ ਹੋਈ ਹੋਵੇ, ਉਸ ਨੂੰ ਕੌਣ ਰੋਕ ਸਕਦਾ ਹੈ ? ਇਹ ਭਿਆਨਕ ਚੀਜ਼ ਹੈ, ਪਰ ਇਸ ਦਾ ਇਕ ਇਕ ਅੰਗ ਕਰਮਾਚੀਆਂ ਦਾ ਘੜਿਆ ਹੁੰਦਾ ਹੈ। ਇਹ ਕੌੜਾ ਫਲ ਹੈ, ਪਰ ਇਸ ਵਿਚ ਜ਼ਹਿਰ ਸਾਰਾ ਜ਼ੋਰ ਲਾਕੇ ਆਪ ਭਰਿਆ ਹੁੰਦਾ ਹੈ ।

ਤਬਦੀਲੀ ਦੀਆਂ ਲਹਿਰਾਂ ਜੁਵਾਰ ਭਾਟੇ ਵਾਂਗ ਉਠਦੀਆਂ ਹਨ। ਵੱਡੇ ਵੱਡੇ ਜਹਾਜ਼ਾਂ ਨੂੰ ਪਾਣੀ ਦੀਆਂ ਟਕਰਾਂ ਚਕਨਾ ਚੂਰ ਕਰ ਦੇਂਦੀਆਂ ਹਨ। ਜਿਨ੍ਹਾਂ ਘਟਨਾਂ ਤੋਂ ਜੋਸ਼ ਸ਼ੁਰੂ ਹੁੰਦਾ ਹੈ, ਉਹ ਦੂਰ ਰਹਿ ਜਾਂਦੀਆਂ ਹਨ ਤੇ ਅਗੇ ਨੂੰ ਕੋਈ ਹੋਰ ਚੀਜ਼ ਤੁਰ

ਪੈਂਦੀ ਹੈ। ਦੋ ਆਦਮੀ ਲੜਦੇ ਹਨ, ਇਕ ਨੇ ਗਾਹਲ ਕਢੀ, ਦੂਜੇ ਨੇ ਚੁਕ ਸੋਟਾ ਮਾਰਿਆ, ਲੋਕ ਇਕੱਠੇ ਹੋ ਗਏ; ਉਸ ਤੇ ਬਹਿਸ ਸ਼ੁਰੂ ਹੋ ਗਈ। ਅਗੇ ਹੋਰ ਵਧੇ—ਤੂੰ ਤੂੰ, ਮੈਂ ਮੈਂ ਤੋਂ ਅਗੇ ਤਲਵਾਰਾਂ ਚੱਲੀਆਂ। ਨਵੀਆਂ ਘਟਨਾਵਾਂ ਨੇ ਨਵੇਂ ਕਾਂਡ ਬਣਾ ਦਿੱਤੇ।

ਤਬਦੀਲੀ ਨ ਦਿੱਸਣ ਵਾਲੀਆਂ ਚੀਜ਼ਾਂ ਦੀ ਪ੍ਰੇਰਨਾ ਹੈ। ਲੋਕ ਪਾਗਲ ਹੁੰਦੇ ਹਨ। ਕਰੋੜਾਂ ਜ਼ਬਾਨਾਂ ਦੀਆਂ ਵਖ ਵਖ ਅਵਾਜ਼ਾਂ ਥਾਂ ਥਾਂ ਪੈਦਾ ਹੋ ਜਾਂਦੀਆਂ ਹਨ। ਲੋਕੀਂ ਉਨ੍ਹਾਂ ਨੂੰ ਪੈਗੰਬਰਾਂ ਦੀਆਂ ਅਵਾਜ਼ਾਂ ਸਮਝ ਲੈਂਦੇ ਹਨ। ਅੱਖਾਂ ਮੀਟਕੇ ਕਹੀ ਜਾਂਦੇ ਹਨ, 'ਬਿਲਕੁਲ ਠੀਕ', ਤੇ ਫਿਰ ਗਲਤ ਕੀ ਹੋਇਆ ?

ਇਸ ਤੋਂ ਪਿਛੋਂ ਕਵੀ, ਇਤਹਾਸਕਾਰ ਤੇ ਫਿਲਾਸਫਰ ਔਂਦੇ ਹਨ ਤੇ ਕਹਿੰਦੇ ਹਨ, "ਜੇ ਉਸ ਵੇਲੇ ਇਸ ਤਰ੍ਹਾਂ ਕੀਤਾ ਜਾਂਦਾ ਤਾਂ ਇਸ ਦਾ ਅਸਰ ਮੁਲਕ ਤੇ ਇਹ ਹੋਣਾ ਸੀ। ਏਹ ਉਤਨੀ ਹਾਸੋਹੀਣੀ ਗੱਲ ਹੈ, ਜਿ ਕੋਈ ਭਿਆਨਕ ਜੰਗਲ ਸਾਹਮਣੇ ਵੇਖਕੇ ਆਖੇ, 'ਜੇ ਏਥੇ ਪਹਿਲੋਂ ਕੋਈ ਮਾਲੀ ਆ ਜਾਂਦਾ, ਨਿੱਕੇ ਬੂਟਿਆਂ ਨੂੰ ਕਤਰਕੇ ਖ਼ੂਬਸੂਰਤ ਬਣਾ ਦੇਂਦਾ।' ਜੰਗਲ ਮਨੁਖ ਨਾਲੋਂ ਪੁਰਾਣੇ ਹਨ, ਜੰਗਲ ਮਨੁਖਾਂ ਨੂੰ ਕਈਆਂ ਸਦੀਆਂ ਤੋਂ ਛਾਂਗਦੇ ਆਏ ਹਨ, ਤੇ ਮਨੁਖ ਦੇ ਦਰਜੇ ਤਕ ਪਸ਼ੂ ਨੂੰ ਪਹੁੰਚਾਇਆ ਹੈ, ਪਰ ਮਨੁਖ ਕੇਵਲ ਏਹਨਾਂ ਦੀ ਠੰਢੀ ਛਾਵੇਂ ਬੈਠ ਸਕਦਾ ਹੈ, ਜਾਂ ਵੇਖਦਾ ਵੇਖਦਾ ਸਹਿਮਕੇ ਕਿਸੇ ਕੋਨੇ ਨਾਲ ਅੱਖਾਂ ਮੀਟਕੇ ਲਗ ਸਕਦਾ ਹੈ। ਤਬਦੀਲੀ ਆਈ ਤੇ ਰਾਜਾ ਲੂਈਸ ਨੂੰ ਦੋਸ਼ੀ ਦੀ ਥਾਂ ਤੇ ਖੜੋਣਾ ਪਿਆ। ਸ਼ਖਸੀ ਰਾਜ ਲਈ ਇਹ ਸਭ ਤੋਂ ਪਹਿਲਾ ਧੱਕਾ ਸੀ, ਜਿਸਦਾ ਅਸਰ ਹਰ ਰਾਜੇ ਉਪਰ ਪਿਆ। ਉਨ੍ਹਾਂ ਦੀਆਂ ਨੀਂਦਰਾਂ ਬੇ-ਚੈਨ ਹੋ ਗਈਆਂ ਤੇ ਭਿਆਨਕ ਸੁਪਨੇ ਅਰੰਭ ਹੋ ਗਏ। ਹਰ ਇਕ ਰਾਜੇ ਨੇ ਆਪਣੇ ਆਪ ਨੂੰ ਕਈ ਵਾਰ ਫਾਂਸੀ ਲਗਦਾ

ਵੇਖਿਆ ਤੇ ਕਈ ਵਾਰ ਝੋਲੀ ਅੱਡਕੇ ਮੰਗਦਾ ਫਿਰਦਾ।

ਆਮ ਲੋਕਾਂ ਦੀ ਕਦਰ ਵਧ ਗਈ ਤੇ ਲੈਕਚਰਾਰ ਹਥ ਜੋੜ ਜੋੜ ਕੇ ਜਨਤਾ ਨੂੰ ਆਖਦੇ, "ਤੂ ਸ਼ਕਤੀ ਦਾ ਸਾਗਰ ਏਂ, ਤੇਰਾ ਵੇਗ ਅਰੁਕ ਹੈ, ਤੇਰੇ ਵਿਚ ਕਦੀ ਮੈਲ ਆ ਹੀ ਨਹੀਂ ਸਕਦੀ।" ਲੋਕਾਂ ਵਿਚ ਸੁਣਕੇ ਜਾਗਰਤ ਔਂਦੀ। ਜਨਤਾ ਦੀਆਂ ਰੁਚੀਆਂ ਨਿੱਕੇ ਮੁੰਡਿਆਂ ਕੁੜੀਆਂ ਵਾਲੀਆਂ ਹੁੰਦੀਆਂ ਹਨ। ਬੱਚੇ ਅਜੇ ਖਿਡਾਉਣੇ ਨਾਲ ਪਰਚਦੇ ਹਨ,ਪਰ ਲੋਕ ਸ਼ਬਦਾਂ ਨਾਲ।

ਲੋਕ ਸਭਾ ਨੇ ਕੰਮ ਸ਼ੁਰੂ ਕਰ ਦਿੱਤਾ। ਵਿਧਵਾਂ ਸਭ ਦੀ ਦੀ ਮਾਤਾਂ ਬਣ ਗਈਆਂ। ਯਤੀਮਾਂ ਲਈ ਸਕੂਲ ਤੇ ਚੰਗੀ ਖੁਰਾਕ, ਬੁਢਿਆਂ ਤੇ ਲੰਡੇ ਲੂਲਿਆਂ ਨੂੰ ਰੋਟੀ ਕੱਪੜਾ ਸਰਕਾਰ ਵਲੋਂ ਮਿਲਣ ਲਗਾ। ਮਾਮਲੇ ਤੇ ਟੈਕਸ ਘਟ ਗਏ। ਪੱਕੀਆਂ ਸੜਕਾਂ, ਹਸਪਤਾਲ ਤੇ ਸਕੂਲ ਵਧ ਗਏ।

ਗਰੀਬਾਂ ਦਾ ਸਤਿਕਾਰ ਵਧ ਗਿਆ। ਗੁਆਂਢੀ ਨੂੰ ਰਾਜ਼ੀ ਰਖਣਾ, ਰੱਬ ਰਾਜ਼ੀ ਰਖਣ ਜਿੰਨਾਂ ਜ਼ਰੂਰੀ ਮੰਨਿਆਂ ਗਿਆ। ਬੱਚੇ ਸਾਰੀ ਕੌਮ ਦੇ ਸਾਂਝੇ ਮੰਨੇ ਗਏ। ਹਰ ਫ੍ਰਾਂਸੀਸੀ ਦੇ ਦੁਖ ਸੁਖ ਸਾਂਝੇ ਕੀਤੇ ਗਏ। ਲੋਕਾਂ ਦੇ ਸੁਖ ਲਈ ੧੧,੨੧੦ ਕਾਨੂੰਨ ਪਾਸ ਕੀਤੇ ਗਏ। ਇਨ੍ਹਾਂ ਵਿਚੋਂ ਤਿਹਾਈ ਤਾਂ ਨਿਰੋਲ ਦੁਖੀ ਲੋਕਾਂ ਲਈ ਸਨ।

ਲੋਕ ਸਭਾ ਦੇ ਮੈਂਬਰ ਇਕ ਦੂਜੇ ਦੀਆਂ ਭੁਲਾਂ ਫੜਦੇ, ਉਸਨੂੰ ਤਾੜਦੇ, ਕੇਵਲ ਇਸ ਖਿਆਲ ਨਾਲ, ਕਿ ਕੋਈ ਧ੍ਰੋਹੀ ਹੋਕੇ ਲੋਕਾਂ ਨੂੰ ਨੁਕਸਾਨ ਨਾ ਪਹੁੰਚਾਏ।

ਇਕ ਦਿਨ ਸਭਾ ਲੱਗੀ, ਪ੍ਰਧਾਨ ਕੁਰਸੀ ਤੇ ਆਕੇ ਬੈਠ ਗਿਆ ਇਕ ਗੈਲਰੀ ਤੋਂ ਤਿੰਨ ਚਾਰ ਅਵਾਜ਼ਾਂ ਨੇ ਇੱਕੋ ਸ਼ਬਦ ਕਿਹਾ, "ਹੈ-ਹਾ-ਹੈ, ਹੈ! ਹੈ-ਹਾ-ਹੈ, ਹੈ! ਮਾਰੇ ਮਰ ਗਿਆ।"

ਮਾਰੋ ਗੁਸੇ ਵਿਚ ਬੋਲਿਆ, "ਮੈਨੂੰ ਪਤਾ ਹੈ, ਤੇਰੇ ਵਿਚ

ਫੂਕ ਭਰਨ ਵਾਲਾ ਕੌਣ ਹੈ । ਜਿਸ ਦਿਨ ਮਾਰੇ ਮਰ ਗਿਆ, ਪੈਰਸ ਨਹੀਂ ਰਹੇਗਾ ਤੇ ਜਿਸ ਦਿਨ ਪੈਰਸ ਖੰਡਰਾਤ ਹੋ ਗਿਆ, ਉਸ ਵਿਚ ਸਭ ਤੋਂ ਵੱਡੀ ਚੀਜ਼ ਇਤਿਹਾਸਕਾਰਾਂ ਲਈ ਲੋਕ ਸਭਾ ਦੀ ਕਬਰ ਹੋਵੇਗੀ ।

ਇਕ ਮੈਂਬਰ ਛੇਤੀ ਨਾਲ ਉਠਿਆ ਤੇ ਬੋਲਿਆ, "ਅਸੀਂ ਚਾਹੁੰਦੇ ਹਾਂ........."

ਦੂਜੇ ਨੇ ਵਿਚੋਂ ਗਲ ਟੋਕਕੇ ਕਿਹਾ "ਤੂੰ ਤੇ ਰਾਜੇ ਲੁਈਸ ਵਾਂਗ ਬੋਲਦਾ ਏਂ, ਤੇਰੇ ਵਿਚ ਉਸਦਾ ਖ਼ੂਨ ਕਿਵੇਂ ਆ ਗਿਆ ?"

ਪ੍ਰਧਾਨ ਨੇ ਘੰਟੀ ਵਜਾਈ ਤੇ ਬੋਲਿਆ: "ਠਹਿਰੋ ।"

ਤੀਜਾ ਆਦਮੀ ਬੋਲ ਉਠਿਆ, "ਪ੍ਰਧਾਨ ਸਾਹਿਬ ਘੰਟੀ ਨ ਖੜਕਾਇਆ ਕਰੋ, ਦਸਾਂ ਘੰਟੀਆਂ ਵਰਗਾ ਤਾਂ ਤੁਹਾਡਾ ਬੋਲ ਏ ।"

ਇਕ ਨੌਜੁਵਾਨ ਪਾਦਰੀ ਉਠਿਆ ਤੇ ਬੋਲਿਆ, "ਪ੍ਰਧਾਨ ਜੀ, ਮੈਂ ਵਿਆਹ ਕਰਾਉਣਾ ਚਾਹੁੰਦਾ ਹਾਂ, ਪਰ ਵੱਡਾ ਪਾਦਰੀ ਮੰਨਦਾ ਨਹੀਂ ।"

ਇਕ ਅਵਾਜ਼ ਆਈ, "ਜੇ ਪਾਦਰੀ ਨਹੀਂ ਮੰਨਦਾ ਤਾਂ ਕੀ ਹੋਇਆ, ਮੈਂ ਤੈਨੂੰ ਆਗਿਆ ਦੇਂਦਾ ਹਾਂ ਕਿ ਤੂੰ ਵਿਆਹ ਕਰਾ ਲੈ ।"

ਦੂਜੀ ਅਵਾਜ਼ ਆਈ, "ਵੱਡਾ ਪਾਦਰੀ ਤਜਰਬੇਕਾਰ ਹੈ, ਉਹ ਨਹੀਂ ਚਾਹੁੰਦਾ ਆਦਮੀ ਇਕੋ ਰਸੀ ਨਾਲ ਬਝ ਜਾਵੇ, ਉਸ ਨੇ ਸੈਂਕੜੇ ਵਿਆਹ ਕਰਾਏ, ਪਰ ਫਿਰ ਕੁਵਾਰੇ ਦਾ ਕੁਵਾਰਾ ।"

ਅਖੀਰ ਵੇਣੀ ਦੇ ਮੈਦਾਨ ਵਿਚ ਹੋ ਰਹੇ ਜੰਗ ਦਾ ਸੁਵਾਲ ਉਠਿਆ ਤੇ ਸਾਰੇ ਲੋਕਾਂ ਨੇ ਪਾਸ ਕਰ ਦਿੱਤਾ ਕਿ ਜਿਵੇਂ ਪ੍ਰਧਾਨ ਜੀ ਨੇ ਕਿਹਾ ਹੈ, ਕੀਤਾ ਜਾਵੇ ।

ਇਕ ਅਵਾਜ਼ ਆਈ, "ਪ੍ਰਧਾਨ ਨੇ ਕੀ ਕਿਹਾ ਹੈ ?"

ਉਹ ਪੇਂਡੂ ਕਹਿਣ ਲੱਗਾ, "ਪ੍ਰਧਾਨ ਨੂੰ ਪੁਛੋ, ਮੈਨੂੰ ਕੀ

ਪਤਾ ਹੈ ?"

"ਫਿਰ ਤੂੰ ਤਾਈਦ ਕਿਸਦੀ ਕਰ ਰਿਹਾ ਹਾਂ ?"

"ਪ੍ਰਧਾਨ ਦੀ।"

ਇਕ ਮਖੌਲੀਆ ਪੇਂਡੂ ਨੂੰ ਸੰਬੋਧਨ ਕਰਕੇ ਬੋਲਿਆ, "ਤੂੰ ਚਾਹੁੰਦਾ ਏਂ ਕਿ ਪ੍ਰਧਾਨ ਹਮੇਸ਼ਾਂ ਲਈ ਪ੍ਰਧਾਨ ਬਣਿਆ ਰਹੇ ?"

ਪੇਂਡੂ ਨੇ ਵੱਡਾ ਸਾਰਾ ਸਿਰ 'ਹਾਂ' ਵਿਚ ਹਿਲਾਇਆ। ਸਾਰੇ ਖਿੜ ਖਿੜਾਕੇ ਹੱਸ ਪਏ ਤੇ ਸਭਾ ਦਾ ਇਜਲਾਸ ਗੂੰਜਵੇਂ ਹਾਸੇ ਵਿਚ ਸਮਾਪਤ ਹੋਇਆ।

# ਸੰਜੋਗੀ ਘੜੀਆਂ

ਚਿਟੇ ਵਾਲ ਤੇ ਨੂਰ ਭਰੇ ਚੇਹਰੇ ਵਾਲਾ ਘੋੜ-ਸਵਾਰ ਇਕ ਸਰਾਂ ਦੇ ਦਰਵਾਜ਼ੇ ਅਗੇ ਜਾ ਖੜੋਤਾ। ਘੋੜੇ ਦੇ ਪੈਰਾਂ ਤੋਂ ਲਗ ਕੇ ਸੁਵਾਰ ਦੇ ਸਿਰ ਤਕ ਘੱਟਾ ਘਟਾਂ ਵਾਂਗ ਛਾਇਆ ਹੋਇਆ ਸੀ। ਟੋਪੀ ਤੇ ਲੋਕ-ਰਾਜ ਦਾ ਨਿਸ਼ਾਨ ਸੀ।ਸਰਾਂ ਵਾਲਾ ਘੋੜੇ ਦੀ ਟਾਪ ਸੁਣਕੇ ਬਾਹਰ ਆਇਆ। ਛਿਪਦੇ ਸੂਰਜ ਦੀਆਂ ਕਿਰਣਾਂ ਘਟੇ ਮਿਟੀ ਪੈਣ ਨਾਲ ਸੁਵਾਰ ਦੀਆਂ ਲਾਲ ਅਖਾਂ ਨੂੰ ਚਮਕਾ ਰਹੀਆਂ ਸਨ। ਸਰਾਂ ਵਾਲਾ ਬੋਲਿਆ, "ਆਪ ਰਹੋਗੇ ?"

"ਨਹੀਂ, ਮੈਂ ਕੁਝ ਚਿਰ ਘੋੜੇ ਵਾਸਤੇ ਰਹਾਂਗਾ; ਘੋੜੇ ਲਈ ਦਾਣਾ ਤੇ ਮਸਾਲਾ ਚਾਹੀਦਾ ਹੈ।"

ਦਾਣਾ ਘੋੜੇ ਦੇ ਅੱਗੇ ਪਾਉਂਦਿਆਂ, ਸਰਾਂ ਵਾਲਾ ਬੋਲਿਆ, "ਸ਼ਹਿਰੀ ਜੀ, ਤੁਸੀਂ ਕਿਥੇ ਜਾ ਰਹੇ ਹੋ ?"

"ਡੋਲ"

"ਖਾਸ ਡੋਲ ?"

ਘੋੜ ਸੁਵਾਰ ਨੇ ਸਿਰ ਹਿਲਾਇਆ।

"ਇਸ ਤੋਂ ਤਾਂ ਚੰਗਾ ਹੈ, ਆਦਮੀ ਆਪ ਹੀ ਆਪਣੇ ਸੀਨੇ ਵਿਚ ਛੁਰਾ ਮਾਰ ਦੇਵੇ।"

"ਕਿਉਂ ?"

"ਉਥੇ ਲੜਾਈ ਹੋ ਰਹੀ ਹੈ, ਤੋਪਾਂ ਤੇ ਬੰਦੂਕਾਂ ਦੋਜ਼ਖਾਂ

ਵਰਗੀ ਅਗ ਉਗਲੱਛ ਰਹੀਆਂ ਹਨ।"

"ਨਰਕਾਂ ਦੀ ਅਗ ਵਿਚ ਕੇਵਲ ਉਹ ਪਾਏ ਜਾਂਦੇ ਹਨ, ਜਿਨ੍ਹਾਂ ਦੇ ਭੈੜੇ ਕਰਮ ਹੁੰਦੇ ਹਨ।"

"ਮੈਂ ਨਹੀਂ ਮੰਨ ਸਕਦਾ, ਭਾਵੇਂ ਈਸਾਈ ਧਰਮ ਇਸੇ ਤਰ੍ਹਾਂ ਆਖਦਾ ਹੈ।"

"ਕਿਉਂ ?"

"ਲੜਾਈ ਦੀਆਂ ਅਖਾਂ ਨਹੀਂ ਹੁੰਦੀਆਂ। ਜੇ ਹੁੰਦੀਆਂ ਹਨ ਤਾਂ ਉਹ ਵੇਖਕੇ ਮਾਰਨ ਵਾਲੀਆਂ ਹੁੰਦੀਆਂ ਹਨ।"

"ਕੌਣ ਲੜ ਰਿਹਾ ਹੈ ?"

"ਪਿਉ ਪੁਤਰ ਸਮਝੋ।"

"ਸਮਝੋ ਕੀ ?"

"ਦਾਦਾ ਪੋਤਰਾ, ਦਾਦੇ ਦੇ ਮਰਨ ਪਿੱਛੋਂ ਉਸ ਦੀ ਸਾਰੀ ਜਾਇਦਾਦ ਨੂੰ ਪੁਤਰ ਵਾਂਗ ਸਾਂਭਣ ਵਾਲਾ ਪੋਤਰਾ,ਪੁਤਰ ਹੀ ਸਮਝੋ।"

"ਦੋਵੇਂ ਈ ਲੜ ਰਹੇ ਹਨ ?"

"ਸਾਰਾ ਫ੍ਰਾਂਸ ਲੜ ਰਿਹਾ ਹੈ, ਪਰ ਲੜਾਈ ਦਾ ਮੁਢ ਵੀ ਉਸੇ ਤਰ੍ਹਾਂ ਇਕ ਦੋ ਆਦਮੀਆਂ ਤੋਂ ਹੁੰਦਾ ਹੈ, ਜਿਵੇਂ ਭਾਂਬੜ ਦੀ ਅਗ ਦਾ ਮੁਢ ਇਕ ਦੋ ਤੀਲੀਆਂ ਤੋਂ।"

"ਲੋਕਾਂ ਨੂੰ ਚਾਹੀਦਾ ਹੈ, ਅਜੇਹੇ ਚਲਾਕ ਆਦਮੀਆਂ ਦਾ ਸਾਥ ਨਾ ਦਿਆ ਕਰਨ।"

"ਜਦ ਅਸੀਂ ਲੋਕ ਕਹਿੰਦੇ ਹਾਂ, ਤਾਂ ਇਹ ਸ਼ਬਦ ਸਾਰੇ ਸੰਸਾਰ ਤੇ ਫੈਲ ਜਾਂਦਾ ਹੈ। ਕਰੋੜਾਂ ਆਦਮੀ ਇਕੋ ਜਿਹੇ ਖਿਆਲਾਂ ਵਾਲੇ ਕਿਵੇਂ ਹੋ ਸਕਦੇ ਹਨ ? ਇਕ ਭੂਤਨੇ ਨੂੰ ਮੰਨਦਾ ਹੈ, ਦੂਜਾ ਇਨਕਾਰ ਕਰਦਾ ਹੈ; ਇਕ ਮੰਤ੍ਰਾਂ ਨਾਲ ਬੁਖਾਰ ਟੁਟਣ ਤੇ ਯਕੀਨ ਰਖਦਾ ਹੈ, ਦੂਜਾ ਤੁਲਸੀ ਦੇ ਪੱਤੇ ਤੇ ਕਾਲੀਆਂ ਮਿਰਚਾਂ ਨਾਲ। ਭੋਲੇ ਤੇ ਬੇਸਮਝ ਆਦਮੀਆਂ ਦੇ ਨਾਮ ਤੇ ਜੋ ਮਰਜ਼ੀ ਕਰੀ ਜਾਵੋ,

ਪੱਥਰ ਭਾਵੇਂ ਬੋਲ ਪਵੇ, ਉਹ ਨਹੀਂ ਬੋਲਣਗੇ, ਜੇ ਬੋਲਣਗੇ ਤਾਂ ਕੇਵਲ 'ਹਾਂ' ਕਹਿਣ ਲਈ।"

'ਪਰ ਉਹ ਬੋਲਦੇ ਕਿਉਂ ਨਹੀਂ ?" ਸਵਾਰ ਨੇ ਪ੍ਰਸ਼ਨ ਕੀਤਾ; ਤੇ ਦਿਲ ਵਿਚ ਸਰਾਂ ਵਾਲੇ ਦੀ ਸਿਆਣਪ ਤੇ ਹੈਰਾਨ ਹੋ ਰਿਹਾ ਸੀ।

"ਉਹ ਗੂੰਗੇ ਹੁੰਦੇ ਹਨ। ਸੁਣ ਸਕਦੇ ਹਨ ਤੇ ਸੁਣਦੇ ਸਾਰ ਉਸੇ ਪਾਸੇ ਲਗ ਪੈਂਦੇ ਹਨ। ਜਦ ਕਿਸੇ ਪਾਸੇ ਲਗ ਜਾਣ ਫਿਰ ਉਨ੍ਹਾਂ ਨੂੰ ਕੋਈ ਰੋਕ ਨਹੀਂ ਸਕਦਾ।"

"ਘੋੜੇ ਨੂੰ ਪਾਣੀ ਵੀ ਪਿਲਾ ਦਿਓ।" ਰੁਕਕੇ ਸੁਵਾਰ ਬੋਲਿਆ, "ਤੂੰ ਬੜੀਆਂ ਸਿਆਣੀਆਂ ਗੱਲਾਂ ਕਰਦਾ ਏਂ?"

"ਨਹੀਂ, ਸ਼ਹਿਰੀ ਜੀ ! ਹਰ ਸਰਾਂ ਵਾਲਾ ਅਜੇਹੀਆਂ ਗੱਲਾਂ ਕਰ ਸਕਦਾ ਏ।"

"ਕਿਉਂ ?"

"ਇਸ ਕਰਕੇ ਜੋ ਸਰਾਂ ਵਿਚ ਹਮੇਸ਼ਾਂ ਪਾਂਧੀ ਆਕੇ ਆਰਾਮ ਕਰਦੇ ਹਨ। ਪਾਂਧੀ ਦੀਆਂ ਅੱਖਾਂ ਵਿਚ ਨਜ਼ਾਰੇ ਹੁੰਦੇ ਹਨ, ਕਦਮਾਂ ਵਿਚ ਮਜ਼ਬੂਤੀ ਤੇ ਬੋਲੀ ਵਿਚ ਮਿਠਾਸ ਤੇ ਤਜਰਬਾ। ਉਨ੍ਹਾਂ ਦੇ ਲਾਗੇ ਬੈਠਕੇ ਉਹ ਕੁਝ ਸੁਣਿਆਂ ਜਾ ਸਕਦਾ ਹੈ, ਜੋ ਪਹਾੜਾਂ ਦੀਆਂ ਚੋਟੀਆਂ ਤੇ, ਸਾਗਰ ਦਿਆਂ ਸੀਨਿਆਂ ਤੇ, ਗੁਫਾਂ ਦੇ ਅੰਧੇਰਿਆਂ ਵਿਚ ਹੁੰਦਾ ਹੈ। ਮੇਰਾ ਯਕੀਨ ਹੈ, ਆਉਣ ਵਾਲੀਆਂ ਨਸਲਾਂ ਨੂੰ ਜੋ ਕੁਝ ਚਾਹੀਦਾ ਹੈ ਤੇ ਜਿਸ ਨੂੰ ਕਿਤਾਬਾਂ ਵਿਚ ਸਾਂਭ ਕੇ ਰੱਖਣਾ ਚਾਹੀਦਾ ਹੈ, ਉਹ ਸਰਾਂ ਵਿਚ ਸ਼ਾਮ ਨੂੰ ਮੀਂਹ ਵਾਂਗ ਵਰ੍ਹਦਾ ਹੈ।"

"ਬਹੁਤ ਖੂਬ ! ਹਾਂ, ਘੋੜਾ ਦਾਣਾ ਖਾ ਚੁਕਾ ਹੈ, ਇਸ ਲਈ ਥੋੜ੍ਹਾ ਪਾਣੀ ਵੀ ਮਿਲ ਜਾਵੇ।"

"ਉਹੋ ਮੈਂ ਭੁਲ ਹੀ ਗਿਆ ਸਾਂ", ਬਾਲਟੀ ਪਾਣੀ ਦੀ ਘੋੜੇ ਅਗੇ ਰਖਦਾ ਸਰਾਂ ਵਾਲਾ ਬੋਲਿਆ, "ਘੋੜਾ ਥਕਾਵਟ ਨਾਲ ਚੂਰ ਚੂਰ ਹੋਇਆ ਪਿਆ ਹੈ, ਮੁੜ ਮੁੜ ਲੱਤਾਂ ਧਰਤੀ ਤੇ ਮਾਰਦਾ ਹੈ, ਬੜਾ ਭਾਰਾ ਪੰਧ ਮਾਰਿਆ ਲੱਗਦਾ ਹੈ।"

"ਘੋੜਿਆਂ ਅਤੇ ਮਰਦਾਂ ਨੂੰ ਸਦਾ ਤੋਂ ਅਵੱਲੇ ਕੰਮ ਪੈਂਦੇ ਆਏ ਹਨ। ਚੂੰਕਿ ਘੋੜੇ ਨੂੰ ਸੁਵਾਰ ਚੁਕਣਾ ਪੈਂਦਾ ਹੈ, ਇਸ ਲਈ ਉਸਨੂੰ ਦਾਣਾ ਖੁਵਾਣਾ ਤੇ ਉਸਦੀ ਧੂੜ ਕਢਣੀ ਬਹੁਤ ਜ਼ਰੂਰੀ ਹੈ।"

"ਤੁਸੀਂ ਕਦ ਤੋਂ ਸਫਰ ਕਰ ਰਹੇ ਹੋ?"

"ਹੁਣ ਦੀ ਸ਼ਾਮ ਨੂੰ ਤਿੰਨ ਦਿਨ ਹੋ ਚੁਕੇ ਹਨ ਤੇ ਚੌਥੇ ਦਿਨ ਦੀ ਰਾਤ ਫੈਲ ਰਹੀ ਹੈ।"

"ਜਦ ਰਾਤ ਅਰਾਮ ਕਰ ਲੈਂਦੀ ਹੈ, ਦਿਨ ਗੋਡਾ ਟੇਕਕੇ ਸਾਹ ਲੈ ਲੈਂਦਾ ਹੈ, ਤਾਂ ਤੁਸੀਂ ਕਿਉਂ ਨਹੀਂ ਆਰਾਮ ਕਰਦੇ?"

"ਮੈਨੂੰ ਗਿਰਜੇ ਦੇ ਘੰਟਿਆਂ ਵਿਚੋਂ ਨਿਕਲਕੇ ਸਦੀਵੀ ਤੁਰੀ ਜਾਂਦੀ ਅਵਾਜ਼ ਜ਼ਿੰਦਗੀ ਜਾਪੀ ਏ।"

"ਤੁਸੀ ਪਾਦਰੀ ਓ?"

"ਮੈਂ ਪਹਿਲੇ ਮਨੁਖ ਹਾਂ, ਉਸ ਤੋਂ ਪਿਛੋਂ ਫ੍ਰਾਂਸੀਸੀ ਹਾਂ।"

"ਤੇ ਇਸ ਤੋਂ ਪਿਛੋਂ।"

"ਇਸ ਤੋਂ ਪਿਛੋਂ ਹੋਰ ਕਈ ਕੁਝ ਬਣਨ ਵਾਲੇ ਆਦਮੀਆਂ ਦੇ ਸਾਰੇ ਪੁਵਾੜੇ ਹਨ। ਜੇ ਲੋਕ ਕਿਸਾਨ ਤੇ ਦੇਸ਼ ਭਗਤ ਬਣ ਜਾਣ, ਤਾਂ ਮੁਲਕਾਂ ਦੇ ਕਲੇਜੇ ਹਮੇਸ਼ਾਂ ਠੰਢੇ ਰਹਿਣ।"

"ਤੁਸੀਂ ਆਪ ਵੀ ਕੁਝ ਖਾ ਪੀ ਲੈਣਾ ਸੀ।"

"ਮੈਂ ਜਿਨਾਂ ਖਾ ਤੇ ਪਹਿਨ ਬੈਠਾ ਹਾਂ, ਉੱਨਾਂ ਅਜੇ ਦੇਸ਼ ਦਾ ਸਵਾਰਿਆ ਨਹੀਂ। ਦੁਨੀਆਂ ਤੇ ਹਰ ਚੀਜ਼ ਦੀ ਕੀਮਤ ਦੇਣੀ ਚਾਹੀਦੀ ਹੈ।"

"ਕਈ ਆਦਮੀ ਮੁਲਕ ਲਈ ਕੁਝ ਵੀ ਨਹੀਂ ਕਰਦੇ, ਸਗੋਂ

ਦੇਸ਼ ਦਾ ਨੁਕਸਾਨ ਕਰਦੇ ਹਨ।"

"ਚੋਰ, ਚੋਰੀ ਕਰਦੇ ਹਨ। ਡਾਕੂ, ਡਾਕੇ ਮਾਰਦੇ ਫਿਰਦੇ ਹਨ। ਪਰ ਇਹ ਠੀਕ ਨਹੀਂ। ਹਰ ਦੇਸ਼ ਨੇ ਠੰਢੀਆਂ ਹਵਾਵਾਂ, ਮਿਠੇ ਫਲ, ਮਨ ਮੋਹਣੇ ਨਜ਼ਾਰੇ, ਕੁਲ ਕੁਲ ਕਰਦੇ ਚਸ਼ਮਿਆਂ ਨਾਲ ਆਪਣੇ ਬਚਿਆਂ ਦੇ ਜੀਵਨ ਨੂੰ ਭਰਿਆ ਹੋਇਆ ਹੈ। ਜੇ ਅਸੀਂ ਉਸ ਮਾਤ ਭੂਮੀ ਲਈ ਕੁਝ ਵੀ ਨਹੀਂ ਕਰਦੇ ਤਾਂ ਦੇਣਦਾਰ ਹਾਂ।"

"ਤੁਸੀਂ ਕਿਥੋਂ ਆਏ ਹੋ?"

"ਪੈਰਸ ਤੋਂ।"

"ਪੈਰਸ ਦਾ ਕੀ ਹਾਲ ਹੈ?"

"ਜੋ ਕੁਝ ਪੈਰਸ ਦੀਆਂ ਜੜ੍ਹਾਂ ਦਾ ਹਾਲ ਹੈ?"

"ਪੈਰਸ ਦੀਆਂ ਜੜ੍ਹਾਂ ਕੇਹੜੀਆਂ ਹਨ?"

"ਫਰਾਂਸ ਤੇ ਫਰਾਂਸ ਦੇ ਵਸਨੀਕ।"

"ਫਰਾਂਸ ਵਿਚ ਤਾਂ ਅਜ ਕਲ ਫੁਟ ਪਈ ਹੋਈ ਹੈ।"

"ਪੈਰਸ ਵਿਚ ਵੀ ਏਹੋ ਅਸਰ ਹੈ।"

"ਤੁਸੀਂ ਅਜ ਕਲ ਦੇ ਇਸ਼ਤਿਹਾਰ ਵੇਖੇ ਹਨ?"

"ਨਹੀਂ"

ਸਰਾਂ ਵਾਲਾ ਇਕ ਲੈਂਪ ਲੈ ਆਇਆ ਤੇ ਇਕ ਕੰਧ ਤੇ ਲਗੇ ਇਸ਼ਤਿਹਾਰ ਨੂੰ ਪੜ੍ਹਨ ਲਗ ਪਿਆ। ਇਸ਼ਤਿਹਾਰ ਵਿਚ ਲਿਖਿਆ ਸੀ:—

ਲੰਟੈਨਕ ਆਪਣੇ ਪੋਤਰੇ ਗਾਵੇਨ ਨੂੰ ਦਸ ਦੇਣਾ ਚਾਹੁੰਦਾ ਹੈ ਕਿ ਜੇ ਮੇਰੇ ਹਥ ਵਿਚ ਆ ਗਿਆ ਤਾਂ ਖੋਪਰੀ ਵਿਚ ਗੋਲੀ ਮਾਰ ਕੇ ਉਡਾ ਦਿਆਂਗਾ ਜੇਹੜੀ ਕਿ ਉਲਟੀ ਰਖੀ ਗਈ ਹੈ।"

ਦਸਖਤ—ਲੰਟੈਨਕ

ਸਰਾਂ ਵਾਲਾ ਦੋ ਕੁ ਗਜ਼ ਪਰੇ ਹੋ ਗਿਆ, ਸੁਵਾਰ ਮੂੰਹ ਵਿਚ ਬੁੜ ਬੁੜਾਇਆ।

"ਉਲਟੀ ਖੋਪਰੀ ਕਿਸ ਨੇ ਰਖੀ ਹੈ ?"

ਲੈਂਪ ਦਾ ਚਾਨਣ ਦੂਜੇ ਇਸ਼ਤਿਹਾਰ ਤੇ ਪੈ ਰਿਹਾ ਸੀ ਤੇ ਸਰਾਂ ਵਾਲਾ ਪੜ੍ਹ ਰਿਹਾ ਸੀ, "ਗਾਵੇਨ ਆਪਣੇ ਸੱਤਰੇ ਬਤਰੇ ਬਾਬੇ ਨੂੰ ਚੇਤਾਵਨੀ ਦੇਂਦਾ ਹੈ ਕਿ ਜੇ ਮੇਰੇ ਹਥ ਵਿਚ ਆ ਗਿਉਂ, ਤਾਂ ਤੇਰੀ ਖੈਰ ਨਹੀਂ।" ਦਸਤਖਤ--ਗਾਵੇਨ

ਸਰਾਂ ਵਾਲਾ ਬੋਲਿਆ, "ਸ਼ਹਿਰੀ ਜੀ, ਇਹ ਇਕੋ ਲਹੂ ਹੁੰਦਿਆਂ ਵੀ ਆਪਸ ਵਿਚ ਲੜਦੇ ਕਿਉਂ ਹਨ ?"

"ਖ਼ੂਨ ਤੇ ਖਾਨਦਾਨ ਨਾਲੋਂ ਵੀ ਇਕ ਵਡੀ ਚੀਜ਼ ਹੁੰਦੀ ਹੈ।"

"ਇਸ ਤੋਂ ਵੀ ਵਡੀ !" ਹੈਰਾਨੀ ਨਾਲ ਸਰਾਂ ਵਾਲੇ ਨੇ ਕਿਹਾ, "ਉਹ ਕੀ ਹੈ ?"

"ਬਚਪਨ ਦੇ ਸੰਸਕਾਰ, ਬਣ ਚੁਕੇ ਖਿਆਲ ਤੇ ਤਲਵਾਰਾਂ ਵਰਗੀਆਂ ਤਿਖੀਆਂ ਦਲੀਲਾਂ। ਤਲਵਾਰ ਨਾਲ ਸਰੀਰ ਕਟਿਆ ਜਾਂਦਾ ਹੈ, ਪਰ ਦਲੀਲ ਨਾਲ ਮਨ ਤੇ ਆਤਮਾ ਜ਼ਖਮੀ ਕੀਤੀ ਜਾ ਸਕਦੀ ਹੈ।"

"ਏਨ੍ਹਾਂ ਤੋਂ ਬੱਚੇ ਕਿਵੇਂ ਬਚਾ ਸਕੀਦੇ ਹਨ ?"

"ਕਿਸੇ ਤਰ੍ਹਾਂ ਵੀ ਨਹੀਂ। ਖਿਆਲ ਕਿਲੇ ਵਿਚ ਸੁਤੇ ਸਿਪਾਹੀ ਨੂੰ ਅਧੀ ਰਾਤੀਂ ਜਾ ਜਗਾਉਂਦੇ ਹਨ, ਤੇ ਉਹ ਆਪਣੇ ਮਾਲਕ ਦੇ ਸੀਨੇ ਨੂੰ ਗੋਲੀ ਦਾ ਨਿਸ਼ਾਨਾ ਬਣਾ ਦੇਂਦਾ ਹੈ। ਠੰਢੀ ਤੇ ਸੁਗੰਧੀ ਭਰੀ ਹਵਾ ਦਾ ਬੁੱਲਾ ਜਦੋਂ ਮਾਂ ਨੂੰ ਲਗਦਾ ਹੈ ਤਾਂ ਉਹ ਪੇਟ ਵਿਚ ਧੜਕਦੇ ਬੱਚੇ ਨੂੰ ਸੈਲਾਨੀ ਬਣਾ ਦੇਂਦਾ ਹੈ। ਜਦ ਪੇਟ ਅੰਦਰ ਬੰਦ ਬੱਚੇ ਤੇ ਵੀ ਇਤਨੇ ਅਸਰ ਹੋ ਜਾਂਦੇ ਹਨ, ਤੇ ਉਹ ਬੱਚਾ ਜਦ ਬਚਪਨ ਦੀਆਂ ਖੇਡਾਂ ਖੇਡੇਗਾ, ਜੋਬਨ ਦੀਆਂ ਟਕਰਾਂ ਵਿਚੋਂ

ਚੰਗਿਆੜੇ ਵੇਖੇਗਾ, ਉਸ ਸਮੇਂ ਖਿਆਲਾਂ ਦੇ ਝਖੜਾਂ ਤੋਂ ਕੌਣ ਰਖਿਆ ਕਰੇਗਾ ?''

''ਲੰਟੈਨਕ ਨੂੰ ਇਕ ਇਸ਼ਤਿਹਾਰ ਹੋਰ ਕਢਣਾ ਚਾਹੀਦਾ ਏ।''

''ਕਿਸ ਲਈ ?'' ਸੁਵਾਰ ਨੇ ਕਿਹਾ।

''ਉਹਨਾਂ ਅਨੇਕਾਂ ਵੈਰੀਆਂ ਲਈ, ਜਿਨ੍ਹਾਂ ਨੇ ਉਸ ਦੇ ਪੋਤਰੇ ਦੇ ਖਿਆਲ ਬਦਲ ਦਿਤੇ।''

ਸੁਵਾਰ ਮੂੰਹ ਵਿਚ ਗੁਣ ਗੁਣ ਕਰਨ ਲਗਾ, ਰੁਕਕੇ ਬੋਲਿਆ: ''ਕੀ ਡੋਲ ਬਹੁਤ ਵਡਾ ਸ਼ਹਿਰ ਹੈ, ਜਿਥੇ ਲੜਾਈ ਹੋ ਰਹੀ ਹੈ ?''

''ਬਹੁਤ ਛੋਟਾ ਨਗਰ ਹੈ, ਸਗੋਂ ਇਕ ਲੰਮੀ ਗਲੀ ਸਮਝੋ। ਪਰ ਉਹ ਲੜਾਈ ਲਈ ਬਹੁਤ ਵਡਾ ਹੈ। ਉਸ ਦੇ ਲਾਗੇ ਇਕ ਉੱਚਾ ਟਿੱਲਾ ਹੈ। ਲੰਟੈਨਕ ਚਾਹੁੰਦਾ ਹੈ, ਉਸ ਤੇ ਕਬਜ਼ਾ ਕਰ ਕੇ ਟਿਲੇ ਤੇ ਤੋਪਾਂ ਬੀੜ ਦਿਤੀਆਂ ਜਾਣ। ਇਸ ਢੰਗ ਨਾਲ ਉਹ ਵੈਰੀ ਨੂੰ ਦੂਰ ਰਖ ਸਕਦਾ ਹੈ, ਤੇ ਅੰਗਰੇਜ਼ਾਂ ਦੀਆਂ ਫੌਜਾਂ ਨੂੰ ਫਰਾਂਸ ਦੇ ਕੰਢੇ ਤੇ ਉਤਾਰ ਸਕਦਾ ਹੈ। ਉਹ ਬੜਾ ਜ਼ਾਲਮ ਹੈ, ਜ਼ਖਮੀ ਕੈਦੀ ਤੇ ਇਸਤ੍ਰੀਆਂ ਤੱਕ ਤਲਵਾਰ ਦੇ ਘਾਟ ਉਤਾਰ ਦੇਂਦਾ ਹੈ। ਪਿੰਡਾਂ ਦੇ ਪਿੰਡਾਂ ਨੂੰ ਅੱਗ ਲਾਕੇ ਸਾੜ ਸੁਟਦਾ ਹੈ। ਜਿਉਂ ਜਿਉਂ ਆਦਮੀ ਬੁਢੇਪੇ ਵਲ ਜਾਂਦਾ ਹੈ, ਉਸ ਦੇ ਜੀਵਨ ਦੀਆਂ ਕੋਮਲ ਕੂਮਲਾਂ ਸੁਕ ਸੁਕ ਕੇ ਖੁੰਗੀਆਂ ਬਣ ਜਾਂਦੀਆਂ ਹਨ। ਉਹ ਆਪ ਨਦੀ ਕਿਨਾਰੇ ਰੁਖੜਾ ਹੁੰਦਾ ਹੈ, ਤੇ ਸਾਰੀ ਦੁਨੀਆਂ ਨੂੰ ਨਦੀ ਨਾਵ ਸੰਜੋਗੀ ਮੇਲੇ ਸਮਝਦਾ ਹੈ। ਹਰ ਰਾਤ ਨੂੰ ਲੰਟੈਨਕ ਦੀਆਂ ਖ਼ੂਨ ਭਰੀਆਂ ਕਹਾਣੀਆਂ ਕਹਿੰਦੇ ਸੁਣਦੇ ਲੋਕ ਸਰਾਂ ਵਿਚ ਸੌਂਦੇ ਹਨ।''

''ਲੋਕਾਂ ਤੇ ਏਨ੍ਹਾਂ ਕਹਾਣੀਆਂ ਦਾ ਕੀ ਅਸਰ ਪੈਂਦਾ ਹੈ ?''

''ਲੋਕਾਂ ਨੂੰ ਕੇਵਲ ਕਹਾਣੀਆਂ ਦੀ ਲੋੜ ਹੁੰਦੀ ਹੈ, ਰਾਤ ਲੰਘਾਉਣ ਲਈ ਕਹਾਣੀ ਤੋਂ ਚੰਗੀ ਕੋਈ ਚੀਜ਼ ਨਹੀਂ। ਜੇਹੜੀ ਕਹਾਣੀ ਵੀ ਲੋਕਾਂ ਦੇ ਸਾਹਮਣੇ ਹੋਵੇ, ਲੋਕ ਚਾਵ ਨਾਲ ਸੁਣਦੇ

ਸੁਣਾਉਂਦੇ ਹਨ, ਲੋਕਾਂ ਤੇ ਕਦੀ ਕਿਸੇ ਗੱਲ ਦਾ ਡੂੰਘਾ ਅਸਰ ਨਹੀਂ ਹੁੰਦਾ। ਜਿੰਨੀ ਕਿਸੇ ਦੀ ਸਮਝ ਹੁੰਦੀ ਹੈ, ਉਹੋ ਜੇਹਾ ਉਸ ਤੇ ਅਸਰ ਹੁੰਦਾ ਹੈ,'' ਸਰਾਂ ਵਾਲੇ ਨੇ ਗੰਭੀਰ ਹੋਕੇ ਕਿਹਾ।

''ਗਾਵੇਨ ਸਬੰਧੀ ਵੀ ਕੋਈ ਗਲ ਬਾਤ ਹੁੰਦੀ ਹੈ ?''

''ਲੜਾਈ ਭਾਵੇਂ ਹਜ਼ਾਰਾਂ ਆਦਮੀ ਕਰਦੇ ਹਨ, ਪਰ ਨੇਕ ਨਾਮੀ ਜਾਂ ਬਦਨਾਮੀ ਸਰਦਾਰ ਦੀ ਹੀ ਹੁੰਦੀ ਹੈ। ਗਾਵੇਨ ਭੁੰਜੇ ਸੌਂਦਾ ਹੈ, ਆਪਣੀ ਬਾਂਹ ਦਾ ਸਰਹਾਣਾ ਬਣਾ ਲੈਂਦਾ ਹੈ ਤੇ ਕਦੀ ਕਦੀ ਤਿਖੇ ਪਥਰ ਦਾ। ਜੇ ਕੋਈ ਉਸ ਨੂੰ ਪੁਛਦਾ ਹੈ 'ਤੁਸੀਂ ਇਸ ਤਰ੍ਹਾਂ ਕਿਉਂ ਕਰਦੇ ਹੋ ?' ਤਾਂ ਉਹ ਝਟ ਕਹਿੰਦਾ ਹੈ, 'ਮੇਰੇ ਅਨੇਕਾਂ ਦੇਸ਼ ਵਾਸੀ ਮੰਜੀਆਂ ਬਿਨੋਂ ਭੁੰਜੇ ਸੌਂਦੇ ਹਨ, ਅਨੇਕਾਂ ਆਦਮੀ ਵੱਟਾਂ ਤੇ ਢੀਮਾਂ ਤੇ ਸਿਰ ਰਖਕੇ ਝਟ ਲੰਘਾਉਂਦੇ ਹਨ। ਜਿਨਾ ਚਿਰ ਸਭ ਨੂੰ ਮੰਜੀਆਂ ਤੇ ਸਰਹਾਣੇ ਨਹੀਂ ਮਿਲਦੇ, ਤੇ ਇਕ ਵੀ ਢਿਡ ਵਿਚ ਗੋਡੇ ਲੈਕੇ ਭੁੱਖਾ ਹੋਕੇ ਲੈ ਰਿਹਾ ਹੈ, ਮੈਂ ਰੱਜ ਕੇ ਰੋਟੀ ਨਹੀਂ ਖਾਣੀ।' ਸਿਪਾਹੀਆਂ ਦੀਆਂ ਚਿਠੀਆਂ ਘਰ ਵਾਲਿਆਂ ਨੂੰ ਔਂਦੀਆਂ ਹਨ। ਕੋਈ ਵੀ ਚਿਠੀ ਨਹੀਂ ਹੁੰਦੀ, ਜਿਸ ਵਿਚ ਲਿਖਿਆ ਨ ਹੋਵੇ: 'ਗਾਵੇਨ ਹਰ ਸਿਪਾਹੀ ਨੂੰ ਭਰਾ ਸਮਝਦਾ ਹੈ।' ਫੌਜੀ ਅਫਸਰਾਂ ਦੀ ਬੋਲੀ ਸਖਤ ਤੇ ਰੋਅਬ ਭਰੀ ਹੁੰਦੀ ਹੈ, ਪਰ ਗਾਵੇਨ ਦੀ ਮਿਠੀ ਤੇ ਅਦਬ ਭਰੀ। ਸਿਪਾਹੀ ਆਪਣੇ ਧਿਆਨ ਜਾ ਰਿਹਾ ਹੋਵੇਤਾਂ ਉਹ ਅਵਾਜ਼ ਮਾਰਨ ਦੀ ਥਾਂ ਆਪ ਦੌੜਕੇ ਉਸਦੇ ਮੋਢੇ ਉਤੇ ਜਾ ਹਥ ਰਖਦਾ ਹੈ। ਸ਼ਹਿਰੀ ਜੀ ! ਅਨੋਖਾ ਸਰਦਾਰ, ਤੇ ਧੰਨ ਹੈ ਉਹ, ਜਿਸਨੇ ਉਸਦੇ ਇਹੋ ਜਿਹੇ ਪਵਿੱਤ੍ਰ ਖਿਆਲ ਬਣਾਏ ਹਨ।''

''ਹੁਣੇ ਤੁਸੀਂ ਕਹਿੰਦੇ ਸੀ, ਲੰਟੇਨਕ ਨੂੰ ਇਕ ਹੋਰ ਇਸ਼ਤਿਹਾਰ ਕਢਣਾ ਚਾਹੀਦਾ ਹੈ।''

''ਸੂਰਜ ਚੜ੍ਹਣ ਦਾ ਦੁਖ ਉੱਲੂ ਨੂੰ ਹੋ ਸਕਦਾ ਹੈ, ਤਲਾਬਾਂ ਤੇ ਝੀਲਾਂ ਵਿਚ ਝੂਲਦੇ ਕਮਲਾਂ ਨੂੰ ਨਹੀਂ, ਜੇਹੜੇ ਡਰਾਉਣੀ ਰਾਤ

ਵੀ ਪ੍ਰਭਾਤ ਦੀ ਆਸ਼ਾ ਵਿਚ ਲੰਘਾਉਂਦੇ ਹਨ।"

ਘੋੜੇ ਨੂੰ ਲਗਾਮ ਦੇਂਦੇ ਸੁਵਾਰ ਨੇ ਕਿਹਾ, "ਆਹ ਲੌ ਦਾਣੇ ਦੇ ਪੈਸੇ, ਮੈਂ ਹੁਣ ਜਾ ਰਿਹਾ ਹਾਂ।"

"ਤੁਹਾਡੀ ਮਰਜ਼ੀ, ਪਰ ਇਹ ਰਸਤਾ ਇਕੱਲੇ ਜਾਣ ਵਾਲਾ ਨਹੀਂ।"

"ਮੇਰੇ ਨਾਲ ਮੇਰੀ ਰਖਿਆ ਕਰਨ ਵਾਲੇ ਹਨ।"

"ਕੌਣ?"

"ਤਿੰਨ ਬਹਾਦਰ, ਜੇਹੜੇ ਇਕ ਝਪਟ ਨਾਲ ਪੰਜ ਪੰਜ ਨੂੰ ਖਤਮ ਕਰ ਦੇਣ ਵਾਲੇ ਹਨ।"

"ਕੀ ਉਹ ਦੂਰ ਖੜੋਤੇ ਹਨ?"

"ਨਹੀਂ, ਮੇਰੇ ਗਾਤਰੇ ਨਾਲ ਲਟਕ ਰਹੇ ਹਨ।" ਇਹ ਕਹਿਕੇ ਸੁਵਾਰ ਨੇ ਦੋਵਾਂ, ਖਬੇ ਸਜੇ ਪਾਇਆਂ, ਪਸਤੌਲਾਂ ਨੂੰ ਹਥ ਲਾਇਆ ਤੇ ਫਿਰ ਕਿਰਚ ਨੂੰ।

ਸਰਾਂ ਵਾਲਾ ਮੁਸਕਰਾ ਪਿਆ ਤੇ ਬੋਲਿਆ, "ਲੜਾਈਆਂ ਤੇ ਲਗੀਆਂ ਅੱਗਾਂ ਵਿਚ, ਪਿਛੋਂ ਜਾਕੇ ਉਹੋ ਕੁਦ ਸਕਦਾ ਹੈ, ਜਿਸਦਾ ਕੋਈ ਪਿਆਰਾ ਹੋਵੇ।"

"ਮੇਰਾ ਪਿਆਰਾ? ਮੇਰੇ ਲਈ ਮੇਰੇ ਅਸੂਲ ਪਿਆਰੇ ਹਨ। ਸਭ ਲੋਕੀਂ ਜਾਣਦੇ ਹਨ, ਮੇਰੇ ਜੀਵਨ ਵਿਚ ਪਿਆਰ ਦੀ ਕੋਈ ਝਾਕੀ ਅਜ ਤਕ ਨਹੀਂ ਆਈ।"

"ਪੱਥਰਾਂ ਨਾਲ ਭਰੇ ਪਹਾੜਾਂ ਵਿਚ ਜੇ ਸੋਮੇ ਫੁਟ ਸਕਦੇ ਹਨ, ਖੁਸ਼ਕ ਪਹਾੜਾਂ ਵਿਚ ਵੀ ਕਿਤੇ ਕਿਤੇ ਪਾਣੀ ਦੇ ਝਰਨੇ ਹੁੰਦੇ ਹਨ। ਜਦੋਂ ਸੋਮੇ ਫੁਟਣ, ਸੁਹਣੀਆਂ ਝਾਕੀਆਂ ਆਪੇ ਉਗਮ ਪੈਂਦੀਆਂ ਹਨ। ਕੀ ਤੁਹਾਡਾ ਕੋਈ ਲੜਾਈ ਵਿਚ ਪੁੱਤਰ ਤਾਂ ਨਹੀਂ?"

"ਜੇ ਜ਼ਿੰਦਗੀ ਲੜਾਈ ਹੈ, ਤਾਂ ਮੇਰਾ ਸਭ ਕੁਝ ਲੜਾਈ ਵਿਚ ਹੈ।" ਇਹ ਕਹਿਕੇ ਘੋੜ ਸੁਵਾਰ ਘੋੜੇ ਤੇ ਚੜ੍ਹ ਬੈਠਾ।

ਸਰਾਂ ਵਾਲਾ ਉੱਚੀ ਲੈਂਪ ਕਰਕੇ ਬੋਲਿਆ, "ਅਗੇ ਜਾਕੇ ਦੋ ਸੜਕਾਂ ਪਾਟ ਜਾਣਗੀਆਂ। ਇਕ ਡੋਲ ਦੇ ਉਪਰ ਦੀ ਹੁੰਦੀ ਹੋਈ ਡੋਲ ਦੇ ਦੂਜੇ ਸਿਰੇ ਤੇ ਪਹੁੰਚ ਜਾਂਦੀ ਹੈ; ਦੂਜੀ ਹੇਠਲੇ ਪਾਸੇ ਦੀ ਹੁੰਦੀ ਹੋਈ ਡੋਲ ਦੇ ਦੂਜੇ ਪਾਸੇ ਜਾ ਨਿਕਲੇਗੀ, ਇਥੋਂ ਤਿੰਨ ਘੰਟੇ ਦਾ ਰਾਹ ਹੈ।"

ਘੋੜ ਸੁਵਾਰ ਨੇ ਧੰਨਵਾਦ ਕੀਤਾ ਤੇ ਘੋੜੇ ਨੂੰ ਅੱਡੀ ਲਾ ਦਿੱਤੀ। ਉਧਰੋਂ ਦੂਰੋਂ ਤੋਪਾਂ ਦੀ ਗੜਗੜ ਦੀ ਅਵਾਜ਼ ਆ ਰਹੀ ਸੀ, ਏਧਰ ਘੋੜੇ ਦੀਆਂ ਟਾਪਾਂ ਦੀ।

ਸਰਾਂ ਵਾਲੇ ਨੇ ਲੈਂਪ ਸਰਾਂ ਦੇ ਵੇਹੜੇ ਵਿਚ ਰਖ ਦਿਤਾ ਤੇ ਬੋਲਿਆ, "ਅਗੇ ਪਾਦਰੀ ਕਿਸੇ ਦੇ ਪੁਤਰ ਤਾਂ ਹੁੰਦੇ ਸਨ, ਪਰ ਪਿਤਾ ਨਹੀਂ ਸੀ ਹੁੰਦੇ। ਅਜ ਕਲ ਪਾਦਰੀਆਂ ਦੇ ਪੁਤਰ ਵੀ ਹੋਣ ਲਗ ਪਏ ਹਨ ਤੇ ਲੜਾਈਆਂ ਵਿਚ ਵੀ ਜਾਣ ਲਗ ਪਏ ਹਨ।"

ਗਿਟੀਆਂ ਸਿਖਰ ਵਲ ਆ ਰਹੀਆਂ ਸਨ, ਘੋੜ ਸੁਵਾਰ ਅਗੇ ਜਾ ਰਿਹਾ ਸੀ, ਉਹ ਦੋਵੇਂ ਸੜਕਾਂ ਆ ਗਈਆਂ ਤੇ ਸੁਵਾਰ ਨੇ ਕਿਹਾ, "ਜਿਤ ਹਾਰ ਰਬ ਦੀ ਚੀਜ਼ ਹੈ, ਪਰ ਆਪਣੀ ਵਲੋਂ ਉਪਰਲੀ ਸੜਕ ਨੂੰ ਚਲੀਏ।" ਘੋੜਾ ਜੁਵਾਨੀ ਵਾਂਗ ਦੌੜਦਾ ਜਾ ਰਿਹਾ ਸੀ।

* * * *

ਡੋਲ ਸਚ ਮੁਚ ਇਕ ਲੰਮੀ ਗਲੀ ਸੀ ਤੇ ਏਹੋ ਗਲੀ ਵਾਲਾ ਪਹਿਆ ਟਿੱਲੇ ਦੀ ਚੋਟੀ ਤੇ ਜਾ ਚੜ੍ਹਦਾ ਸੀ।

ਲੰਟੈਨਕ ਨੇ ਇਮਾਨਸ ਨੂੰ ਬੁਲਾਇਆ। ਇਕ ਕਾਲਾ ਧੂਤ ਤੇ ਅੰਗਾਰੀਆਂ ਵਰਗੀਆਂ ਲਾਲ ਅਖਾਂ ਵਾਲਾ ਦੈਂਤ ਜੇਡਾ ਆਦਮੀ ਉਸ ਦੇ ਸਾਹਮਣੇ ਆਕੇ ਖੜਾ ਹੋ ਗਿਆ। ਇਸ ਦਾ ਨਾਂ ਇਮਾਨਸ ਇਕ ਦੈਂਤ ਦੇ ਨਾਂ ਤੇ ਸੀ, ਜੇਹੜਾ ਦੋ ਜਵਾਨਾਂ ਨੂੰ ਕਛਾਂ ਵਿਚ ਲੈ ਕੇ ਵਾਰੀ ਵਾਰੀ ਚਕ ਮਾਰਕੇ ਗਾਜਰਾਂ ਵਾਂਗ ਖਾਂਦਾ ਤੇ ਤੁਰਿਆ ਜਾਂਦਾ ਸੀ। ਲੰਟੈਨਕ ਨੇ ਕਿਹਾ "ਇਮਾਨਸ ! ਗਾਵੇਨ ਪਾਸ

ਇਸ ਸਮੇਂ ਪੰਦਰਾਂ ਸੌ ਫੌਜ ਹੈ, ਤੇ ਸਾਡੇ ਪਾਸ ਕੇਵਲ ਛੇ ਹਜ਼ਾਰ। ਅਸੀਂ ਬਿਨਾਂ ਕਿਸੇ ਨੁਕਸਾਨ ਦੇ ਡੋਲ ਤੇ ਕਬਜ਼ਾ ਕਰ ਸਕਦੇ ਹਾਂ। ਭਾਵੇਂ ਵੈਰੀ ਕੋਲ ਪੰਜੀ ਹਜ਼ਾਰ ਹੋਰ ਵੀ ਫੌਜ ਹੈ, ਪਰ ਉਹ ਸਠ ਮੀਲ ਦੀ ਦੂਰੀ ਤੇ ਹੈ।''

ਇਮਾਨਸ ਨੇ ਉਠ ਜੇਡੇ ਲਾਲ ਬੁੱਲ ਵੱਟਕੇ ਕਿਹਾ, ''ਜਦੋਂ ਅਸਾਂ ਟਿੱਲੇ ਤੇ ਕਬਜ਼ਾ ਕਰ ਲਿਆ, ਫਿਰ ਤਾਂ ਮੇਰੇ ਇਕੱਲੇ ਦਾ ਪੰਜੀ ਹਜ਼ਾਰ ਨਾਲ ਢਿਡ ਵੀ ਨਹੀਂ ਭਰਨਾ।''

ਲੰਟੈਨਕ ਨੇ ਹਮਲੇ ਕਰਨ ਦਾ ਹੁਕਮ ਕੀਤਾ। ਡੋਲ ਵਾਲਿਆਂ ਨੂੰ ਲੰਟੈਨਕ ਦੇ ਸੁਭਾ ਦਾ ਪਤਾ ਸੀ, ਉਹ ਚੁਪ ਕਰਕੇ ਆਪੋ ਆਪਣੀ ਘਰੀਂ ਜਾ ਬੈਠੇ। ਕਬਜ਼ਾ ਹੋ ਗਿਆ। ਲੰਟੈਨਕ ਨੇ ਇਮਾਨਸ ਨੂੰ ਫੌਜ ਸੌਂਪ ਦਿਤੀ ਤੇ ਆਪ ਤੋਪਚੀਆਂ ਨੂੰ ਲੈਕੇ ਟਿੱਲੇ ਤੇ ਪਹੁੰਚ ਗਿਆ। ਸੂਰਜ ਦੀਆਂ ਅੰਤਮ ਕਿਰਨਾਂ ਵੇਲੇ ਲੰਟੈਨਕ ਕਹਿ ਰਿਹਾ ਸੀ, ''ਰਬ ਦੇ ਹੁਕਮ ਨਾਲ ਹੁਣ ਅਸੀਂ ਜਿਤ ਜਾਵਾਂਗੇ। ਏਥੋਂ ਵਾਲੀ ਤੋਪ ਦੁਸ਼ਮਣ ਨੂੰ ਅਗੇ ਵਧਣ ਤੋਂ ਰੋਕੇਗੀ, ਤੇ ਸਮੁੰਦ੍ਰੀ ਫੌਜਾਂ ਕੰਢੇ ਤੇ ਉਤਰ ਔਣਗੀਆਂ। ਮੇਰਾ ਯਕੀਨ ਹੈ, ਹੁਣ ਲੋਕ-ਰਾਜ ਦਾ ਇਹ ਅਖੀਰਲਾ ਸੂਰਜ ਹੈ, ਤੇ ਉਸ ਦੀਆਂ ਇਹ ਅੰਤਮ ਕਿਰਨਾਂ ਹਨ। ਸਵੇਰੇ ਜੇਹੜਾ ਸੂਰਜ ਹੋਵੇਗਾ, ਰਾਜ ਤੰਤਰ ਵਾਲਿਆਂ ਦਾ ਹੋਵੇਗਾ।''

ਗਾਵੇਨ ਨੂੰ ਪਤਾ ਲਗਾ ਤਾਂ ਉਸਨੇ ਉਸੇ ਵੇਲੇ ਸਰਦਾਰ ਗੁਸ਼ੇਪ ਨੂੰ ਕਿਹਾ, ''ਡੋਲ ਤੇ ਹਮਲਾ ਕਰ ਦਿਓ।'' ਫੌਜਾਂ ਨੇ ਹਮਲਾ ਕਰ ਦਿਤਾ।

ਇਹ ਪੰਦਰਾਂ ਸੌ ਸਨ, ਪਰ ਜੰਗੀ ਭੇਤਾਂ ਵਿਚ ਤਾਕ। ਦੂਜੇ ਪਾਸੇ ਪੇਂਡੂ ਸਨ, ਨਾ ਇਕ ਵਰਦੀ, ਨਾ ਚੰਗੇ ਹਥਿਆਰ, ਨਾ ਜੱਥੇ-ਬੰਦੀ ਦੇ ਨਿਯਮਾਂ ਤੋਂ ਜਾਣੂ। ਇਮਾਨਸ ਆਪ ਦੁਕਾਨ ਤੋਂ ਪਕੌੜੇ ਚੁਕ ਚੁਕ ਕੇ ਖਾ ਰਿਹਾ ਸੀ। ਸਿਪਾਹੀ ਤੋਂ ਰਬ ਵੀ ਪਨਾਹ ਮੰਗਦਾ

ਹੈ। ਕਿਸਾਨ ਥੱਕੇ ਹੋਏ ਸਨ, ਕਈ ਬਜ਼ਾਰ ਵਿਚ, ਕਈ ਦੁਕਾਨਾਂ ਅਗਲੇ ਥੜ੍ਹਿਆਂ ਤੇ, ਤੇ ਕਈ ਮਕਾਨਾਂ ਦੇ ਛੱਜਿਆਂ ਉਤੇ ਸੌਂ ਗਏ। ਜਿੱਤ ਦੀ ਨੀਂਦਰ ਦੂਜੀਆਂ ਨੀਂਦਰਾਂ ਨਾਲੋਂ ਕੁਝ ਡੂੰਘੀ ਹੁੰਦੀ ਹੈ।

ਇਕ ਦਮ ਧੜਾਧੜ ਗੋਲੇ ਵਰ੍ਹਨ ਲਗ ਪਏ। ਸੁਤੇ ਕਿਸਾਨ ਜਾਗ ਪਏ। ਘਬਰਾਹਟ ਵਿਚ ਜਿਧਰ ਕਿਸੇ ਦਾ ਮੂੰਹ ਸੀ, ਉਸੇ ਪਾਸੇ ਉਠ ਨੱਠੇ। ਕੱਚੀ ਨੀਂਦਰ ਵੇਲੇ ਡਰਕੇ ਉਠਿਆ ਮਨੁਖ ਗੋਲੀ ਦੀ ਅਵਾਜ਼ ਤੋਪ ਜੇਡੀ ਸੁਣਦਾ ਹੈ, ਕੁੱਤੇ ਦਾ ਭੌਂਕਣਾ ਸ਼ੇਰ ਦਾ ਦਾੜਦਾ ਸਮਝਦਾ ਹੈ। ਜਿਨ੍ਹਾਂ ਦੇ ਹਥ ਤਲਵਾਰ ਆਈ, ਉਨ੍ਹਾਂ ਸਭ ਤੋਂ ਪਹਿਲੇ ਆਪਣੇ ਲਾਗੇ ਉਬੜਵਾਏ ਉਠਕੇ ਬੈਠੇ ਦੇ ਮਾਰੀ। ਉਸਦੀ ਚੀਕ ਨੇ ਪੰਜਾਹ ਹੋਰਨਾਂ ਨੂੰ ਹਥਾਂ ਪੈਰਾਂ ਦੀ ਪਾ ਦਿੱਤੀ। ਸਿਪਾਹੀਆਂ ਨੂੰ ਡਰ ਨਾਲ ਥੜੇ ਪਏ ਹੋਏ ਸਨ। ਕੁਝ ਚਿਰ ਪਿੱਛੋਂ ਸੁਰਤ ਆਈ। ਇਮਾਨਸ ਨੇ ਕੁਝ ਆਦਮੀ ਇਕੱਠੇ ਕੀਤੇ। ਬਜ਼ਾਰ ਵਾਲੇ ਪਾਸਿਓਂ ਜਿਧਰੋਂ ਗੋਲੀਆਂ ਆ ਰਹੀਆਂ ਸਨ, ਹੋਟਲ ਦੇ ਵਲਟੋਏ ਤੇ ਪਰਾਤਾਂ, ਕੁਰਸੀਆਂ ਵਾਲੇ ਮੇਜ਼ਾਂ ਵਾਲੀ ਦੁਕਾਨ ਤੋਂ ਲਕੜੀ ਦਾ ਸਾਰਾ ਸਾਮਾਨ, ਆਟੇ ਦਾਣੇ ਵਾਲੀ ਦੁਕਾਨ ਤੋਂ ਬੋਰੀਆਂ ਉਠਾਕੇ ਬਜ਼ਾਰ ਵਿਚ ਸਾਰੀਆਂ ਚੀਜ਼ਾਂ ਦਾ ਢੇਰ ਲਾ ਦਿੱਤਾ। ਇਹ ਇਕ ਢੇਰ ਜੇਹੇ ਦੀ ਕੰਧ ਬਣ ਗਈ। ਗੋਲੀਆਂ ਹੁਣ ਸਿਰਾਂ ਤੇ ਛਾਤੀਆਂ ਦੀ ਥਾਂ ਤੇ ਬੋਰੀਆਂ ਤੇ ਭਾਂਡਿਆਂ ਵਿਚ ਵਜਣ ਲਗ ਪਈਆਂ।

ਲੈਂਟੇਨਕ ਟਿੱਲੇ ਤੋਂ ਸਾਹੋਸਾਹ ਹੋਇਆ ਆਇਆ ਤੇ ਇਮਾਨਸ ਨੂੰ ਪੁਛਿਆ—

"ਕਿਸਨੇ ਹਮਲਾ ਕੀਤਾ ਹੈ ?"

"ਪਤਾ ਨਹੀਂ।"

"ਸਿਪਾਹੀਆਂ ਨੂੰ ਪਿਛੇ ਹਟਾ ਦੇਣਾ ਸੀ।"

"ਉਹ ਆਪੇ ਦੌੜਕੇ ਪਿਛੇ ਚਲੇ ਗਏ ਹਨ, ਤੇ ਸ਼ਾਇਦ

ਕਈ ਮੁੜਕੇ ਆਉਣ ਹੀ ਨਾ।"

ਰੁਕਕੇ ਬੋਲਿਆ, "ਹੋਰ ਸਭ ਚੀਜ਼ਾਂ ਪਿਛੇ ਭੇਜ ਦਿੱਤੀਆਂ ਹਨ, ਪਰ ਤਿੰਨ ਬੱਚਿਆਂ ਦਾ ਕੀ ਕਰਨਾ ਹੈ?"

"ਉਨ੍ਹਾਂ ਨੂੰ ਵੀ ਲਾਲ ਕਿਲੇ ਵਿਚ ਭੇਜ ਦਿਓ, ਉਹ ਬੜੇ ਕੰਮ ਸੁਵਾਰਨਗੇ।"

ਇਮਾਨਸ ਨੇ ਹੈਰਾਨੀ ਨਾਲ ਲੰਟੇਨਕ ਵਲ ਵੇਖਿਆ ਤੇ ਕਿਹਾ, "ਬਹੁਤ ਹੱਛਾ।"

"ਤੋਪਾਂ ਕਿਉਂ ਨਹੀਂ ਚਲਾ ਰਹੇ?"

"ਤੋਪਚੀ ਤਾਂ ਸਾਰੇ ਤੁਸੀਂ ਆਪਣੇ ਨਾਲ ਟਿਲੇ ਤੇ ਲੈ ਗਏ ਸੀ। ਤੋਪਾਂ ਮੂੰਹ ਅਡੀ ਖੜੋਤੀਆਂ ਵੈਰੀ ਵਲ ਵੇਖ ਰਹੀਆਂ ਹਨ।"

"ਕੋਈ ਡਰ ਨਹੀਂ, ਹੁਣ ਮੈਂ ਆਪੇ ਸਭ ਕੁਝ ਸੰਭਾਲ ਲਵਾਂਗਾ।"

ਲੰਟੇਨਕ ਨੇ ਇਕ ਦੀਵਾਰ ਕੁਬਾੜੀਆਂ ਦੇ ਸਾਮਾਨ ਦੀ ਬਣੀ ਹੋਈ ਵੇਖੀ। ਸਹਿਜੇ ਸਹਿਜੇ ਉਨ੍ਹਾਂ ਵਿਚ ਵੈਰੀ ਤੇ ਵਾਰ ਕਰਨ ਲਈ, ਬੰਦੂਕਾਂ ਤੇ ਤੋਪਾਂ ਦੇ ਰਖਣ ਲਈ ਥਾਂ ਬਣਾਉਣ ਲਗ ਪਏ। ਝੀਤ ਵਿਚ ਦੀ ਲੰਟੇਨਕ ਦੁਸ਼ਮਣ ਦੇ ਮੋਰਚੇ ਦਾ ਰੁਖ ਵੇਖ ਰਿਹਾ ਸੀ। ਉਸ ਨੂੰ ਇਕ ਮਸਾਲ ਦੇ ਚਾਨਣੇ ਵਿਚ ਗਾਵੇਨ ਨਜ਼ਰੀ ਪਿਆ। ਲੰਟੇਨਕ ਝਟ ਇਕ ਤੋਪ ਦੇ ਪਾਸ ਪਹੁੰਚਾ ਤੇ ਉਸਦਾ ਨਿਸ਼ਾਨਾ ਸਾਧ ਕੇ ਕਹਿਣ ਲਗਾ, "ਲੈ ਮੇਰੇ ਪੋਤਰੇ, ਮੈਂ ਤੈਨੂੰ ਇਕ ਬਾਰੂਦ ਨਾਲ ਭਰਿਆ ਸਿਰ ਦੇਂਦਾ ਹਾਂ, ਕਿਉਂਕਿ ਤੇਰੇ ਸਿਰ ਵਿਚ ਵੀ ਆਪਣੇ ਵਡਿਆਂ ਲਈ ਬਾਰੂਦ ਹੈ।"

ਫੀਤਾ ਲਾ ਦਿਤਾ, ਤੋਪ ਨੇ ਮੌਤ ਦੇ ਢਿਡ ਵਾਂਗ ਗੁੜਗੁੜ ਕੀਤਾ, ਗਾਵੇਨ ਦਾ ਸਿਰ ਥੋੜਾ ਜਿਹਾ ਨੀਵਾਂ ਹੋ ਗਿਆ, ਟੋਪ ਸਿਰ ਤੋਂ ਲਥ ਗਿਆ, ਗਾਵੇਨ ਵਾਲ ਵਾਲ ਬਚ ਗਿਆ। ਮਸਾਲ ਬੁਝਾ ਦਿਤੀ ਗਈ, ਲੰਟੇਨਕ ਹਥ ਮਲਦਾ ਰਹਿ ਗਿਆ ਤੇ ਦੰਦ

ਪੀਹ ਕੇ ਕਹਿਣ ਲਗਾ, "ਜੇ ਮੈਂ ਛਾਤੀ ਦਾ ਨਿਸ਼ਾਨਾ ਲੈਂਦਾ ਤਾਂ ਕੇਡਾ ਚੰਗਾ ਹੁੰਦਾ।"

ਹਰ ਨਾਕਾਮੀ ਅਖੀਰ ਨੂੰ 'ਜੇ' ਦਾ ਸਹਾਰਾ ਲੈ ਕੇ ਆਪਣੇ ਆਪ ਨੂੰ ਤਸੱਲੀ ਦੇਂਦੀ ਹੈ।

ਗਾਵੇਨ ਨੇ ਗੂਸ਼ੇਪ ਨੂੰ ਕਿਹਾ, "ਨਗਾਰਚੀ ਕਿੰਨੇ ਹਨ ?"

"ਇਕੀ ਹਨ।"

"ਵੀਹ ਮੈਨੂੰ ਦੇ ਦਿਉ। ਤੇ ਤੋਪਾਂ ਕਿੰਨੀਆਂ ਹਨ ?"

"ਬਾਰਾਂ, ਹਜ਼ੂਰ।"

"ਚਾਰ ਮੈਨੂੰ ਦੇ ਦਿਉ। ਤੇ ਬੀਰਾਂ ਦੀ ਫੌਜ ਸਾਰੀ ਮੈਨੂੰ ਦੇ ਦਿਉ।"

ਬਾਰਾਂ ਸਿਪਾਹੀ ਸਣੇ ਸਰਦਾਰ ਰੇਡੋ ਦੇ ਸਾਹਮਣੇ ਆਕੇ ਖੜੇ ਹੋ ਗਏ। ਗਾਵੇਨ ਕਹਿਣ ਲਗਾ, "ਮੈਨੂੰ ਪੂਰੀ ਫੌਜ ਚਾਹੀਦੀ ਹੈ।"

ਰੇਡੋ ਨੇ ਕਿਹਾ, "ਏਹੋ ਸਾਰੀ ਫੌਜ ਹੈ, ਬਾਕੀ ਆਪਣੇ ਦੇਸ਼ ਦੇ ਕੰਮ ਆ ਚੁਕੀ ਹੈ।"

"ਤੋਪਾਂ ਦੇ ਪਹੀਆਂ ਨੂੰ ਕਪੜਿਆਂ ਤੇ ਘਾਹ ਨਾਲ ਬੰਨ੍ਹ ਦਿਓ, ਤਾ ਕਿ ਰੇੜ੍ਹਨ ਵੇਲੇ ਖੜਾਕ ਨਾ ਹੋਵੇ।" ਰੁਕਕੇ ਗਾਵੇਨ ਨੇ ਕਿਹਾ, "ਪੈਰਾਂ ਤੋਂ ਜੁਤੀਆਂ ਵੀ ਲਾਹ ਲਵੋ।"

"ਕਈਆਂ ਹਫਤਿਆਂ ਤੋਂ ਸਾਡੇ ਪੈਰ ਨੰਗੇ ਹਨ।"

"ਮੇਰੇਪਿਛੇ ਪਿਛੇ ਤੁਰੇ ਆਉ," ਗਾਵੇਨ ਨੇ ਕਿਹਾ, "ਤੇ ਤੁਸੀਂ, ਗੂਸ਼ੇਪ, ਤੋਪਾਂ ਦੇ ਵਾਰ ਤੇਜ਼ ਕਰ ਦਿਓ, ਤਾਂਕਿ ਦੁਸ਼ਮਣ ਦਾ ਸਾਰਾ ਧਿਆਨ ਤੁਹਾਡੇ ਵਲ ਖਿਚਿਆ ਜਾਵੇ।"

ਅਗੇ ਗਾਵੇਨ, ਪਿਛੇ ਨਗਾਰਚੀ, ਉਸ ਤੋਂ ਪਿਛੇ ਤੋਪਾਂ ਵਾਲੇ ਤੇ ਬੀਰਾਂ ਦੇ ਬਾਰਾਂ ਸਿਪਾਹੀ ਤੁਰ ਪਏ। ਇਹ ਉਪਰ ਦੀ ਹੋਕੇ ਗਲੀ ਦੇ ਪਿਛਲੇ ਪਾਸਿਓਂ ਜਾਣ ਲੱਗੇ। ਦੋਵੀਂ ਪਾਸੀਂ ਮਨੁੱਖੀ

ਬਿਜਲੀਆਂ ਕੜਕਦੀਆਂ ਸਨ। ਇਕ ਵਾਰ ਤੇਜ ਚਾਨਣ ਹੁੰਦਾ ਤੇ ਅਨੇਕਾਂ ਜੀਵਨ ਦੀਵਿਆਂ ਦੀ ਦੀਪਮਾਲਾਂ ਬੁਝ ਜਾਂਦੀਆਂ।

ਗਾਵੇਨ ਬਜ਼ਾਰ ਦੇ ਦੂਜੇ ਸਿਰੇ ਤੇ ਪਹੁੰਚ ਗਿਆ। ਇਕ ਲਾਈਨ ਵਿਚ ਨਗਾਰਚੀ, ਤੋਪਚੀ ਤੇ ਬੀਰਾਂ ਦੇ ਆਦਮੀ ਖੜੇ ਕਰ ਦਿਤੇ। ਜਦੋਂ ਤੋਪਾਂ ਚਲਾਕੇ ਦੁਬਾਰਾ ਗੋਲੇ ਭਰੇ ਜਾ ਰਹੇ ਸਨ, ਗਾਵੇਨ ਨੇ ਉੱਚੀ ਸਾਰੀ ਕਿਹਾ, "ਦੋ ਸੋ ਬੰਦੂਕਾਂ ਵਾਲੇ ਇਸ ਪਾਸਿਓਂ, ਦੋ ਸੋ ਸੰਗੀਨਾਂ ਵਾਲੇ ਇਸ ਪਾਸਿਓਂ ਤੇ ਤੋਪਾਂ ਵਾਲੇ ਇਥੋਂ ਸਿੱਧੇ ਗੋਲੇ ਚਲਾਕੇ ਵੈਰੀ ਨੂੰ ਇਸ ਤਰ੍ਹਾਂ ਉਡਾ ਦਿਓ ਜਿਵੇਂ ਅੰਧੇਰੀ ਸੁੱਕੇ ਪੱਤੇ ਉਡਾ ਕੇ ਲੈ ਜਾਂਦੀ ਹੈ।"

ਵੀਹ ਨਗਾਰਿਆਂ ਦੀਆਂ ਚਾਲੀ ਚੋਟਾਂ, ਚਾਰ ਤੋਪਾਂ ਦੇ ਗੋਲੇ, ਬਾਰਾਂ ਬੰਦੂਕਾਂ, ਇਕ, ਦੋ, ਤਿੰਨ ਕਹਿਣ ਤੇ ਇੱਕੋ ਵਾਰ ਚੱਲੀਆਂ। ਵੈਰੀ ਦੀਆਂ ਸੱਤੇ ਸੁਧਾਂ ਭੁਲ ਗਈਆਂ, ਤੇ ਜਿਧਰ ਕਿਸੇ ਦਾ ਦਾਅ ਲਗਾ ਦੌੜ ਗਿਆ।

ਇਮਾਨਸ ਨੇ ਬਥੇਰਾ ਹੌਂਸਲਾ ਦੇਣਾ ਚਾਹਿਆ। ਲੰਟੈਨਕ ਨੇ ਵੀ ਸਾਰਾ ਟਿਲ ਲਾ ਕੇ 'ਠਹਿਰੋ' 'ਠਹਿਰੋ' ਕਿਹਾ, ਪਰ ਜਿਤ ਦੀ ਦੇਵੀ ਵੀ ਇਸਤ੍ਰੀ ਦੇ ਸੁਭਾਵ ਵਾਲੀ ਹੈ, ਜੇਹੜੀ ਸਦਾ ਤੋਂ ਗੱਭਰੂਆਂ ਦੇ ਗਲ ਵਿਚ ਹਾਰ ਪਾ ਕੇ ਆਪਣਾ ਮਾਲਕ ਚੁਣਦੀ ਆਈ ਹੈ।

ਥੋੜੇ ਚਿਰ ਵਿਚ ਮੈਦਾਨ ਖਾਲੀ ਹੋ ਗਿਆ ਤੇ ਲੰਟੈਨਕ ਨੇ ਤੋਪਾਂ ਨੂੰ ਛੇਤੀ ਛੇਤੀ ਖਰਾਬ ਕਰ ਦਿੱਤਾ ਤਾਂਕਿ ਵੈਰੀ ਦੇ ਕੰਮ ਨਾ ਆ ਸਕਣ। ਇਸ ਤੋਂ ਪਿੱਛੋਂ ਅੰਧੇਰੇ ਦੇ ਪਰਦਿਆਂ ਵਿਚ ਛਿਪਕੇ ਬਾਹਰ ਨਿਕਲ ਗਿਆ। ਕੁਦਰਤ ਨੇ ਮਾਂ ਵਾਂਗ ਗੁਨਾਹ ਤੇ ਅੰਧੇਰੇ ਦੇ ਪਰਦੇ ਪਾਕੇ ਕਿਹਾ, "ਮੇਰਾ ਬੱਚਾ ਅੰਞਾਣਾ ਹੈ।"

ਗਾਵੇਨ ਨੇ ਵੇਖਿਆ, ਇਕ ਸਿਪਾਹੀ ਲਹੂ ਲੁਹਾਨ ਹੋਇਆ, ਇਕ ਖੰਭੇ ਦੇ ਆਸਰੇ ਖੜਾ ਹੈ। ਭੱਜਣ ਵਾਲਿਆਂ ਨੂੰ

ਜਾਣ ਦੇਂਦਾ ਹੈ, ਤੇ ਪਿੱਛਾ ਕਰਨ ਵਾਲਿਆਂ ਨੂੰ ਗੋਲੀ ਦਾ ਨਿਸ਼ਾਨਾ ਬਣਾ ਰਿਹਾ ਹੈ। ਗੋਲੀਆਂ ਮੁਕਣ ਤੇ ਉਸ ਨੇ ਸੰਗੀਨ ਨਾਲ ਵੈਰੀ ਵਿੰਨ੍ਹਣੇ ਸ਼ੁਰੂ ਕਰ ਦਿਤੇ। ਸੰਗੀਨ ਟੁਟਣ ਤੋਂ ਪਿੱਛੋਂ ਬੰਦੂਕ ਤੋਂ ਡਾਂਗ ਦਾ ਕੰਮ ਲੈਣਾ ਸ਼ੁਰੂ ਕੀਤਾ, ਬੰਦੂਕ ਟੁਟਣ ਵੇਲੇ ਉਹ ਡਿਗ ਪਿਆ। ਲਹੂ ਕਾਫੀ ਨਿਕਲ ਚੁਕਾ ਸੀ। ਅੰਗ ਅੰਗ ਉਸਦਾ ਜ਼ਖਮੀ ਹੋਇਆ ਪਿਆ ਸੀ। ਹੁਣ ਉਸਦੇ ਖੱਬੇ ਹਥ ਵਿਚ ਪਸਤੌਲ ਸੀ ਤੇ ਸੱਜੇ ਹਥ ਵਿਚ ਕਿਰਚ। ਗਾਵੇਨ ਨੇ ਕਿਹਾ, "ਸ਼ਾਬਾਸ਼! ਬਹਾਦਰ! ਤੇਰਾ ਕੰਮ ਬਹੁਤ ਚੰਗਾ ਹੈ, ਤੇਰਾ ਮਾਲਕ ਕਿਸੇ ਝਾੜੀ ਵਿਚ ਸਿਰ ਲੁਕਾ ਕੇ ਬੈਠਾ ਹੋਵੇਗਾ, ਤੂੰ ਵੀ ਹੁਣ ਆਪਣੇ ਅਨੇਕਾਂ ਸਾਥੀਆਂ ਵਾਂਗ ਹਥਿਆਰ ਸੁਟ ਦੇਹ।"

ਉਹ ਕੁਝ ਨਾ ਬੋਲਿਆ। ਗਾਵੇਨ ਅਗੇ ਵਧਦਾ ਗਿਆ। ਹਥ ਫੜ ਕੇ ਉਠਾਉਣ ਹੀ ਵਾਲਾ ਸੀ ਜੋ ਉਸਨੇ ਕਿਹਾ, "ਲੰਟੈਨਕ ਦੀ ਜੈ।" ਤੇ ਪਸਤੌਲ ਤੇ ਕਿਰਚ ਦਾ ਭਰਵਾਂ ਵਾਰ ਕਰ ਦਿਤਾ। ਗਾਵੇਨ ਦੀ ਹੈਰਾਨੀ ਦੀ ਹਦ ਨਾ ਰਹੀ ਜਦੋਂ ਉਸਨੇ ਅੱਖ ਦੇ ਪਲਕਾਰੇ ਵਿਚ ਇਕ ਪਾਸੇ ਇਕ ਚਿੱਟਾ ਘੋੜਾ ਤੜਫਦਾ ਵੇਖਿਆ ਤੇ ਦੂਜੇ ਪਾਸੇ ਇਕ ਓਪਰਾ ਆਦਮੀ। ਕਿਰਚ ਉਸ ਓਪਰੇ ਆਦਮੀ ਦੇ ਮੂੰਹ ਤੇ ਲੱਗੀ ਸੀ ਤੇ ਚੇਹਰਾ ਸਾਰਾ ਲਹੂ ਲੁਹਾਨ ਹੋ ਰਿਹਾ ਸੀ। ਚਿੱਟੇ ਘੋੜੇ ਨੇ ਆਖਰੀ ਲੱਤਾਂ ਮਾਰੀਆਂ ਤੇ ਨਾਲ ਹੀ ਉਸ ਕਿਰਚ ਵਾਲੇ ਜ਼ਖਮੀ ਬਹਾਦਰ ਨੇ ਬਾਹਵਾਂ ਲੱਤਾਂ ਲੰਮੀਆਂ ਕਰਕੇ ਅੰਗੜਾਈ ਲਈ ਤੇ ਲਹੂ ਦੇ ਬਿਸਤਰੇ ਤੇ ਸਦਾ ਲਈ ਸੌਂ ਗਿਆ।

ਗਾਵੇਨ ਨੇ ਆਪਣੇ ਥਾਂ ਕੁਰਬਾਨ ਹੋਣ ਵਾਲੇ ਓਭੜ ਨੂੰ ਉਠਾਇਆ, ਡਾਕਟਰ ਕੋਲ ਲੈ ਗਿਆ, ਉਸ ਨੇ ਜ਼ਖਮ ਸੀਊਂ ਦਿੱਤਾ ਤੇ ਕਿਹਾ, "ਭਾਵੇਂ ਵਡੀ ਉਮਰ ਦਾ ਏ, ਪਰ ਉਮੀਦ ਹੈ ਬਚ ਜਾਵੇਗਾ।"

ਗਾਵੇਨ ਦਿਨ ਰਾਤ ਉਸ ਦੀ ਸੇਵਾ ਵਿਚ ਲਗਾ ਰਹਿੰਦਾ, ਡਾਕਟਰ ਨੂੰ ਕਈ ਕਈ ਵਾਰੀ ਪੁਛਦਾ। ਗਾਵੇਨ ਨੂੰ ਪਹਿਲੀ ਵਾਰ ਜ਼ਿੰਦਗੀ ਵਿਚ ਅਨੁਭਵ ਹੋਇਆ ਕਿ ਇਕ ਮਨੁੱਖ ਦੇ ਜ਼ਖਮਾਂ ਦੀ ਪੀੜ ਦੂਜੇ ਮਨੁੱਖ ਨੂੰ ਵੀ ਉਨੀ ਹੀ ਹੋ ਸਕਦੀ ਹੈ। ਡਾਕਟਰ ਵਲੋਂ ਹੁਕਮ ਸੀ ਕਿ ਘਾਇਲ ਨਾਲ ਕਦੀ ਗਲ ਨਾ ਕੀਤੀ ਜਾਵੇ, ਕਿਉਂਕਿ ਮੂੰਹ ਦੇ ਤੋਪੇ ਟੁਟ ਜਾਣ ਦਾ ਡਰ ਸੀ।

ਅਜ ਅਨੇਕਾਂ ਦਿਨਾਂ ਪਿੱਛੋਂ ਤੋਪੇ ਤੋੜਨ ਦਾ ਸਮਾਂ ਆਇਆ। ਡਾਕਟਰ ਨੇ ਤੋਪੇ ਕੱਟ ਕੇ ਕਿਹਾ, "ਅਣਡਿਠ ਤੇ ਅਣਪਛਾਤੇ ਬਹਾ-ਦਰ, ਤੂੰ ਗਾਵੇਨ ਨੂੰ ਬਚਾ ਕੇ ਲੋਕ ਰਾਜ ਦਾ ਬਾਜ਼ੂ ਬਚਾ ਦਿਤਾ ਹੈ।"

ਉਸ ਬੁਢੇ ਆਦਮੀ ਨੇ ਆਪਣੀ ਵਾਸਕਟ ਦੀ ਇਕ ਗੁੰਮ ਜੇਬ ਵਿੱਚੋਂ ਕਾਗਜ਼ ਕਢਿਆ ਤੇ ਗਾਵੇਨ ਦੇ ਹਥ ਵਿਚ ਫੜਾ ਦਿਤਾ। ਗਾਵੇਨ ਨੇ ਛੇਤੀ ਛੇਤੀ ਤੈਹਾਂ ਖੋਲ੍ਹੀਆਂ, ਕਾਗਜ਼ ਤੇ ਲੋਕ-ਰਾਜ ਦੀਆਂ ਵਡੀਆਂ ਵਡੀਆਂ ਮੋਹਰਾਂ ਲੱਗੀਆਂ ਹੋਈਆਂ ਸਨ। ਪਰ ਲਿਖੀ ਹੋਈ ਪਾਲ ਇਕੋ ਸੀ—"ਲੋਕ ਸਭਾ ਨੇ ਲੜਾਈ ਦੇ ਸਾਰੇ ਅਧਿਕਾਰ ਸਮੋਰਡੇਨ ਨੂੰ ਦੇ ਦਿੱਤੇ ਹਨ।"

ਗਾਵੇਨ ਗੋਡਿਆਂ ਭਾਰ ਹੋ ਗਿਆ ਤੇ ਬੋਲਿਆ, "ਮੇਰੇ ਜੀਵਨ ਦਾਤਾ ਗੁਰਦੇਵ।"

ਬੁਢੇ ਨੇ ਲੰਮੀ ਬਾਂਹ ਗਾਵੇਨ ਦੇ ਲਕ ਦੁਵਾਲੇ ਫੈਲਾਉਂਦਿਆਂ ਕਿਹਾ, "ਹਾਂ ਮੇਰੇ ਸਭ ਕੁਛ।" ਸਮੋਰਡੇਨ ਦੀਆਂ ਅੱਖਾਂ ਅੱਥਰੂਆਂ ਨਾਲ ਛਲਕ ਰਹੀਆਂ ਸਨ।

ਉਥੋਂ ਕਈ ਮੀਲਾਂ ਦੀ ਦੂਰੀ ਤੇ ਖਾਲ ਦੀਆਂ ਵੱਟਾਂ ਤੇ ਬੈਠੇ ਦੋ ਕਿਸਾਨ ਗਲਾਂ ਕਰ ਰਹੇ ਸਨ। ਵੱਟ ਤੇ ਦਾਤਰੀ ਖਭੋਂਦਿਆਂ ਹੋਇਆਂ ਪਹਿਲੇ ਨੇ ਕਿਹਾ, "ਇਤਿਹਾਸ ਦੇ ਸਦਾ ਤੋਂ ਖੁਲ੍ਹੇ ਹੋਏ ਪਿਆਰ ਦੇ ਸਫਿਆਂ ਤੇ ਇਕ ਪਾਲ ਇਹ ਵੀ ਲਿਖੀ ਜਾਵੇਗੀ—ਸਮੋਰਡੇਨ ਨੇ ਆਪਣੇ ਜੀਵਨ ਵਿਚ ਕਦੀ ਪਿਆਰ ਨਹੀਂ ਕੀਤਾ

ਤੇ ਉਹ ਕਦੀ ਮਨੁੱਖਾਂ ਵਾਂਗ ਜਜ਼ਬਾਤ ਵਿਚ ਨਹੀਂ ਆਇਆ।"

ਦੂਜਾ ਕਿਸਾਨ ਬੋਲਿਆ, "ਮੈਂ ਤੈਨੂੰ ਇਕ ਗੀਤ ਸੁਣਾਵਾਂ।" ਇਹ ਕਹਿਕੇ ਉਹ ਕੰਨ ਤੇ ਹੱਥ ਰੱਖਕੇ ਉੱਚੀ ਉੱਚੀ ਗਾਉਣ ਲਗ ਪਿਆ, "ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਣਾ ਕਿਆ ਹੋਇ।" ਰਾਤ ਦੇ ਅੰਧੇਰੇ ਕਰਕੇ ਪਹਾੜ ਤੇ ਜੰਗਲ ਗੂੰਜ ਉਠੇ "ਕਿਆ ਜਾਣਾ ਕਿਆ ਹੋਇ।"

# "ਮਨ-ਪੀੜਾਂ"

ਭਾਵੇਂ ਸਿਮੋਰ ਡੇਨ ਤੇ ਗਾਵੇਨ ਬੜੇ ਚਿਰ ਪਿੱਛੋਂ ਵਿਛੜੇ ਮਿਲੇ ਸਨ, ਪਰ ਉਹ ਦਿਲ ਵਿਚ ਹਮੇਸ਼ਾਂ ਇਕ ਦੂਜੇ ਨੂੰ ਯਾਦ ਕਰਦੇ ਰਹਿੰਦੇ ਸਨ। ਕੋਈ ਮਾਲੀ ਆਪਣੇ ਲਾਏ ਬੂਟੇ ਨੂੰ ਨਹੀਂ ਭੁਲ ਸਕਦਾ ਤੇ ਕੇਹੜਾ ਬੂਟਾ ਹੈ, ਜਿਹੜਾ ਇਹ ਨਹੀਂ ਜਾਣਦਾ ਜੋ ਮੇਰੇ ਫੁਲਾਂ ਦੀ ਲਾਲੀ ਕਿਸੇ ਦੀ ਮੇਹਨਤ ਦੀ ਲਾਲੀ ਹੈ, ਮੇਰੇ ਅੰਗਾਂ ਦੀ ਕਾਟ ਕਿਸੇ ਸੁਚੱਜੇ ਹੱਥਾਂ ਦੀ ਕਿਰਤ ਹੈ। ਗਾਵੇਨ ਬੂਟਾ ਸੀ ਤੇ ਸਿਮੋਰ ਡੇਨ ਮਾਲੀ। ਬੂਟੇ ਦੇ ਮਿੱਠੇ ਫਲਾਂ ਦਾ ਸੁਵਾਦ ਸਾਰਾ ਫਰਾਂਸ ਮਾਣ ਰਿਹਾ ਸੀ ਤੇ ਸੁਗੰਧੀ ਭਰੇ ਫੁੱਲਾਂ ਦੀ ਸਾਰੇ ਦੇਸ ਵਿਚ ਚਰਚਾ ਸੀ।

ਗਾਵੇਨ ਦੇ ਖਿਆਲ ਸਿਮੋਰ ਆਪਣੇ ਖਿਆਲ ਸਮਝਦਾ ਸੀ, ਜਿਵੇਂ ਗਾਵੇਨ ਦੀ ਕੀਰਤੀ ਨੂੰ ਆਪਣੀ ਕੀਰਤੀ ਤੇ ਉਸ ਦੀ ਬਹਾਦਰੀ ਨੂੰ ਆਪਣੀ ਬਹਾਦਰੀ। ਗਾਵੇਨ ਜੇ ਜੇਤੂ ਸੀ, ਤਾਂ ਉਸ ਦੀਆਂ ਵਧਾਈਆਂ ਦਾ ਹੱਕਦਾਰ ਸਿਮੋਰਡੇਨ ਸੀ।

ਸਿਮੋਰ ਚਾਹੁੰਦਾ ਸੀ ਕਿ ਗਾਵੇਨ ਨੂੰ ਮੈਂ ਫ਼ਰਾਂਸ ਦਾ ਪੂਰਨਮਾਂ ਦਾ ਚੰਦ ਬਣਾ ਦਿਆਂ। ਇਹਨਾਂ ਖਿਆਲਾਂ ਵਿਚ ਮਗਨ ਸੀ, ਜੋ ਲਾਗਲੇ ਕਮਰੇ ਵਿੱਚੋਂ ਉਸ ਨੂੰ ਗੱਲਾਂ ਦੀ ਅਵਾਜ਼ ਆਈ, ਉਹ ਕੰਨ ਲਾ ਕੇ ਸੁਣਨ ਲਗਾ।

ਇਕ ਅਵਾਜ਼—"ਸੈਨਾ ਪਤੀ ਜੀ, ਇਹ ਉਹ ਆਦਮੀ ਹੈ,

ਜਿਸਨੇ ਤੁਹਾਡੇ ਤੇ ਗੋਲੀ ਚਲਾਈ ਸੀ, ਅਸੀ ਇਸ ਨੂੰ ਕੈਦ ਕਰਕੇ ਲਿਆਏ ਹਾਂ।"

ਗਾਵੇਨ ਨੇ ਕੈਦੀ ਵਲ ਤਕਿਆ ਤੇ ਰੁਕ ਕੇ ਬੋਲਿਆ। "ਕੀ ਤੁਸੀਂ ਘਾਇਲ ਹੋ ਗਏ ਹੋ ?

"ਸਿਪਾਹੀ ਜੰਮਦੇ ਹੀ ਘਾਇਲ ਹੋਣ ਲਈ ਹਨ,ਮੈਨੂੰ ਆਪਣੇ ਘਾਵਾਂ ਦੀ ਪ੍ਰਵਾਹ ਨਹੀਂ," ਸਿਪਾਹੀ ਨੇ ਨਿਧੜਕ ਹੋ ਕੇ ਕਿਹਾ।

"ਸ਼ਾਬਾਸ਼ ! ਬਹਾਦਰ," ਕਹਿਕੇ ਗਾਵੇਨ ਨੇ ਆਪਣੇ ਸਿਪਾ-ਹੀਆਂ ਨੂੰ ਕਿਹਾ, "ਡਾਕਟਰ ਨੂੰ ਬੁਲਾਉ ਤਾ ਕਿ ਇਸ ਦੇ ਜ਼ਖਮਾਂ ਤੇ ਪੱਟੀਆਂ ਬੰਨ੍ਹ ਦੇਵੇ। ਲਹੂ ਦੀਆਂ ਧਤੀਰੀਆਂ ਵਗ ਰਹੀਆਂ ਹਨ, ਇਹ ਕਮਜ਼ੋਰ ਹੋ ਜਾਵੇਗਾ।"

ਫ਼ੌਜੀ ਕਸੀਸ ਵੱਟ ਕੇ ਬੋਲਿਆ, "ਮੈਨੂੰ ਬਹੁਤਾ ਤੰਗ ਕਰਨ ਦਾ ਯਤਨ ਨ ਕਰੋ, ਗੋਲੀ ਮਾਰ ਕੇ ਖਤਮ ਕਰੋ, ਜਿਹੜਾ ਫੌਜੀ ਡੰਨ ਹੈ। ਮੈਂ ਅਜੇ ਵੀ ਦਰਜਨ ਗੋਲੀਆਂ ਦੀ ਖਾ ਕੇ ਮਰਾਂਗਾ।" ਸਿਪਾਹੀ ਆਪਣੀ ਪੂਰੀ ਹਿਕ ਤਾਣ ਕੇ ਗੋਲੀ ਖਾਣ ਲਈ ਖੜੋ ਗਿਆ। ਗਾਵੇਨ ਮੁਸਕ੍ਰਾ ਪਿਆ ਤੇ ਬੋਲਿਆ, "ਜਿਹੜਾ ਤੈਨੂੰ ਜੀਵਨ ਦੇਣਾ ਚਾਹੁੰਦਾ ਹੈ, ਉਸੇ ਤੋਂ ਤੂੰ ਮੌਤ ਮੰਗ ਰਿਹਾ ਏਂ ?"

"ਹਾਂ, ਮੈਂ ਵੈਰੀ ਕੋਲੋਂ ਜੀਵਨ ਮੰਗਣ ਨਾਲੋਂ ਮੌਤ ਨੂੰ ਤਰ-ਜੀਹ ਦੇਂਦਾ ਹਾਂ, ਮੈਂ ਮਰਨਾ ਚਾਹੁੰਦਾ ਹਾਂ।"

"ਤੈਨੂੰ ਜੀਉਂਣਾ ਪਵੇਗਾ,"ਗਾਵੇਨ ਨੇ ਜ਼ੋਰ ਨਾਲ ਆਖਿਆ।

"ਕੀ ਮੈਂ ਤੁਹਾਨੂੰ ਗੋਲੀ ਦਾ ਨਿਸ਼ਾਨਾ ਨਹੀਂ ਸੀ ਬਣਾਉਣ ਲੱਗਾ ?" ਫੌਜੀ ਨੇ ਕਿਹਾ।

"ਉਸੇ ਤਰ੍ਹਾਂ, ਜਿਸ ਤਰਾਂ ਰਣਭੂਮੀ ਵਿਚ ਹਰ ਇਕ ਸਿਪਾਹੀ ਕਰਦਾ ਹੈ। ਪਰ ਹੁਣ ਤੂੰ ਜੰਗ ਵਿਚ ਨਹੀਂ, ਤੇ ਨਾ ਮੈਂ ਮੋਰਚੇ ਵਿਚ ਹਾਂ। ਤੂੰ ਰਾਜੇ ਦੇ ਨਾਮ ਤੇ ਮੈਨੂੰ ਮਾਰਨਾ ਚਾਹੁੰਦਾ ਸੀ, ਮੈਂ ਲੋਕ ਸਭਾ ਦੇ ਨਾਮ ਤੇ ਤੈਨੂੰ ਜੀਵਨ ਦੇਂਦਾ ਹਾਂ। ਇਹੋ ਰਾਜ ਸਭਾ

ਤੇ ਲੋਕ ਸਭਾ ਦਾ ਫਰਕ ਹੈ।"

ਸਿਪਾਹੀ ਦੇ ਦਿਲ ਅੰਦਰ ਗਾਵੇਨ ਚਲਿਆ ਗਿਆ। ਅਖੀਰ ਇਕ ਵਾਰ ਉਸ ਨੇ ਹੋਰ ਯਤਨ ਕੀਤਾ ਤੇ ਕਹਿਣ ਲਗਾ, "ਤੁਸੀਂ ਫੌਜੀ ਅਸੂਲ ਤੋੜ ਰਹੇ ਹੋ।"

"ਮੈਂ ਅਸੂਲਾਂ ਨੂੰ ਸਗੋਂ ਗੰਢ ਰਿਹਾ ਹਾਂ। ਅਸੂਲ ਦੀਆਂ ਅਖਾਂ ਨਹੀਂ ਹੁੰਦੀਆਂ। ਦਇਆ ਤੇ ਸ਼ਾਂਤੀ ਨਾਲੋਂ ਦੁਨੀਆਂ ਤੇ ਕੋਈ ਵਡਾ ਅਸੂਲ ਨਹੀਂ।"

ਫੌਜੀ ਨੇ ਗੋਡੇ ਟੇਕਕੇ ਗਾਵੇਨ ਨੂੰ ਨਮਸ਼ਕਾਰ ਕੀਤੀ ਤੇ ਬੋਲਿਆ, "ਮੈਂ ਸੁਣਦਾ ਸਾਂ, ਗਾਵੇਨ ਸਰੀਰਾਂ ਨਾਲੋਂ ਬਹੁਤਾ ਮਨ ਤੇ ਅਸਰ ਪਾਕੇ ਕੰਮ ਕਰਦਾ ਹੈ, ਅਜ ਮੈਂ ਆਪ ਤਜਰਬਾ ਕਰਕੇ ਵੇਖ ਲਿਆ ਹੈ। ਗਾਵੇਨ ਨੂੰ ਰਬ ਨੇ ਬੜਾ ਕੁਝ ਦਿਤਾ ਹੈ। ਅਜੇਹੇ ਮਨੁਖ ਮੁਲਕਾਂ ਦੇ ਨਮੂਨੇ ਦਾ ਚਾਲ ਚਲਣ ਹੁੰਦੇ ਹਨ।"

ਗਾਵੇਨ ਬੋਲਿਆ, "ਰਬ ਤਾਂ ਹਰ ਇਕ ਨੂੰ ਬਹੁਤ ਕੁਝ ਦਿੰਦਾ ਹੈ, ਪਰ ਅਸੀਂ ਉਸ ਨੂੰ ਪੂਰੇ ਧਿਆਨ ਨਾਲ ਨਹੀਂ ਵਰਤਦੇ। ਰਬ ਨੇ ਵੇਲਾਂ ਨੂੰ ਅੰਗੂਰ ਲਾਏ ਹਨ, ਪਰ ਜੇ ਅਸੀਂ ਉਹਨਾਂ ਦੀ ਸ਼ਰਾਬ ਬਣਾ ਲਈਏ, ਤਾਂ ਰਬ ਜ਼ੁਮੇਵਾਰ ਕਿਉਂ ਬਣੇ।"

ਡਾਕਟਰ ਆ ਗਿਆ ਤੇ ਉਸ ਨੇ ਸਿਪਾਹੀ ਦੇ ਜ਼ਖਮਾਂ ਤੇ ਪਟੀਆਂ ਬੰਨ੍ਹੀਆਂ! ਸਿਮੋਰ ਡੇਨ ਲਾਗਲੇ ਕਮਰੇ ਵਿਚ ਮਾਨਸਕ ਪੀੜਾਂ ਨਾਲ ਤੜਫ ਰਿਹਾ ਸੀ। ਉਸ ਨੂੰ ਬੜਾ ਦੁਖ ਹੋਇਆ। ਉਹ ਢੀਮ ਦਾ ਉਤਰ ਪੱਥਰ ਦੇਣਾ ਚਾਹੁੰਦਾ ਸੀ, ਪਰ ਗਾਵੇਨ ਢੀਮ ਵਾਲੇ ਨੂੰ ਖਿਮਾਂ ਕਰਨਾ ਚਾਹੁੰਦਾ ਸੀ।

ਸਿਮੋਰ ਡੇਨ ਨੂੰ ਹੁਕਮ ਸੀ ਕਿ ਕਿਸੇ ਨੂੰ ਸ਼ਰਨ ਨ ਦਿਤੀ ਜਾਵੇ, ਜੇਹੜਾ ਸ਼ਰਨ ਦੇਵੇ ਜਾਂ ਖਿਮਾਂ ਕਰੇ, ਉਸ ਨੂੰ ਵੀ ਗੋਲੀ ਨਾਲ ਮਾਰ ਦਿਤਾ ਜਾਵੇ।

ਇਹ ਦੋਵੇਂ ਗੁਰੂ ਚੇਲਾ ਬਹਾਦਰ ਸਨ। ਸਿਮੋਰ ਦੇ ਹਥ

ਵਿਚ ਹਰ ਸਮੇਂ ਵੈਰੀ ਲਈ ਕਰੜਾਈ ਦਾ ਭਿਆਨਕ ਸ਼ਸਤਰ ਰਹਿੰਦਾ ਸੀ। ਗਾਵੇਨ ਦੇ ਹਥ ਵਿਚ ਰਣ ਅੰਦਰ ਬਰੂਦ ਦੇ ਉਲੰਬੇ ਹੁੰਦੇ ਸਨ, ਪਰ ਅਗੋਂ ਪਿਛੋਂ ਉਸ ਦੇ ਹਥਾਂ ਵਿਚ ਪਟੀਆਂ ਤੇ ਦੁਆਵਾਂ, ਮੂੰਹ ਵਿਚ ਢਾਰਸ ਦੇਣ ਵਾਲੇ ਸ਼ਬਦ ਤੇ ਅਖਾਂ ਵਿਚ ਵੈਰੀਆਂ ਲਈ ਵੀ ਡੂੰਘਾ ਪਿਆਰ। ਸਿਮੋਰ ਸਿਰ ਤੋਂ ਪੈਰਾਂ ਤਕ ਲੈਕੇ ਮੌਤ ਸੀ, ਪਰ ਗਾਵੇਨ ਜ਼ਿੰਦਗੀ ਤੇ ਮੌਤ ਦੋਵੇਂ ਸੀ।

ਸਿਮੋਰ ਲੜਾਈਆਂ ਵਿਚ ਜਾਂਦਾ, ਫੌਜ ਦੀ ਅਗਵਾਈ ਕਰਦਾ, ਆਪਣੇ ਪਾਸੇ ਦੇ ਘਾਇਲਾਂ ਕੋਲ ਜਾਕੇ ਅਧੀ ਅਧੀ ਰਾਤ ਤਕ ਬੈਠਾ ਰਹਿੰਦਾ। ਹਰ ਸਮੇਂ ਉਸ ਦੇ ਲਕ ਨਾਲ ਦੋ ਪਿਸਤੌਲ ਗੋਲੀਆਂ ਨਾਲ ਭਰੇ ਲਟਕਦੇ ਰਹਿੰਦੇ ਸਨ, ਪਰ ਉਹ ਕਦੀ ਵੀ ਉਹਨਾਂ ਨੂੰ ਚਲਾਉਂਦਾ ਨਹੀਂ ਸੀ। ਕਈ ਵਾਰ ਸਿਪਾਹੀ ਕਹਿੰਦੇ, "ਜੇ ਤੁਸੀਂ ਚਲਾਉਣੇ ਨਹੀਂ, ਤਾਂ ਇਹਨਾਂ ਨੂੰ ਵਿਖਾਵੇ ਲਈ ਕਿਉਂ ਰਖਿਆ ਹੈ?"

ਸਿਮੋਰ ਕਹਿੰਦਾ, "ਮੈਨੂੰ ਇਹਨਾਂ ਦੀ ਕਦੀ ਲੋੜ ਹੀ ਨਹੀਂ ਪਈ, ਤੇ ਰਬ ਜਾਣੇ ਇਹਨਾਂ ਵਿਚ ਚਿਰਾਂ ਤੋਂ ਬੰਦ ਪਈਆਂ ਗੋਲੀਆਂ ਨੇ ਕਿਸ ਦੇ ਸੀਨੇ ਵਿਚ ਖੁਭਣਾ ਹੈ।"

ਜਿੰਨਾਂ ਇਨ੍ਹਾਂ ਦਾ ਆਪਸ ਵਿਚ ਦੀ ਬਹੁਤਾ ਪਿਆਰ ਸੀ, ਉੱਨਾਂ ਹੀ ਇਨ੍ਹਾਂ ਦਾ ਖਿਆਲਾਂ ਵਿਚ ਬਹੁਤਾ ਮਤਭੇਦ ਸੀ। ਕੀ ਮਤ-ਭੇਦ ਪਿਆਰ ਵਿਚ ਦੀਵਾਰ ਬਣ ਸਕਦਾ ਹੈ? ਇਸ ਦਾ ਉਤਰ ਦੇਣ ਲਈ ਅਨੇਕਾਂ ਤਜਰਬੇ ਦੀਆਂ ਜ਼ੁਬਾਨਾਂ ਇਕੋ ਅਵਾਜ਼ ਵਿਚ ਕਹਿ ਉਠਣਗੀਆਂ, "ਹਾਂ, ਅਨੇਕਾਂ ਨੈਣਾਂ ਨਾਲ ਨੈਣ ਮਿਲੇ, ਪੰਜਿਆਂ ਵਿਚ ਪੰਜੇ ਜਕੜੇ, ਸੁਭਾਵਾਂ ਦਾ ਤਾਣਾ ਪੇਟਾ ਇਕ ਹੁੰਦਿਆਂ ਵੀ ਮਤ-ਭੇਦ ਹੋਣ ਨਾਲ ਸਭ ਕੁਝ ਤਾਰ ਤਾਰ ਹੋ ਜਾਂਦਾ ਹੈ।"

ਸਮਾਂ ਆਪਣੇ ਸੁਭਾ ਅਨੁਸਾਰ ਲੰਘਦਾ ਗਿਆ। ਫੌਜੀਆਂ

ਦੇ ਘਾਹ ਮਿਲਦੇ ਗਏ, ਪਰ ਸਿਮੌਰ ਡੇਨ ਦੀਆਂ ਮਨ-ਪੀੜਾਂ ਦਿਨੋ ਦਿਨ ਉਮਰ ਦੇ ਰਖ ਵਾਂਗ ਵਧਦੀਆਂ ਗਈਆਂ।

ਇਕ ਵਾਰ ਸ਼ਾਮ ਵੇਲੇ ਸਿਮੌਰ ਡੇਨ ਨੇ ਗਾਵੇਨ ਨੂੰ ਆਪਣੇ ਕਮਰੇ ਅੰਦਰ ਬੁਲਾ ਭੇਜਿਆ। ਗਾਵੇਨ ਬੱਚਿਆਂ ਵਾਂਗ ਹਸਦਾ ਹਸਦਾ ਅੰਦਰ ਆਇਆ। ਸਿਮੌਰ ਦਾ ਮੂੰਹ ਪੁਰਾਣੇ ਉਸਤਾਦਾਂ ਵਾਂਗ ਗੰਭੀਰ ਸੀ, ਔਂਦੇ ਸਾਰ ਗਾਵੇਨ ਤੇ ਪ੍ਰਸ਼ਨ ਕੀਤਾ, "ਸਾਡੇ ਜੰਗੀ ਕੰਮ ਕਿੰਨੇ ਕੁ ਰਹਿ ਗਏ ਹਨ?"

"ਤੁਸੀਂ ਮੇਰੇ ਨਾਲ ਹੀ ਸਭ ਕੁਝ ਵੇਖ ਰਹੇ ਹੋ, ਲੰਟੈਨਕ ਦੀ ਸੈਨਾਂ ਉਮਰ ਵਾਂਗ ਹਰ ਸਵੇਰ ਤੇ ਹਰ ਸ਼ਾਮ ਨੂੰ ਘਟ ਰਹੀ ਹੈ। ਕੁਝ ਸਾਡੀਆਂ ਤਲਵਾਰਾਂ ਨਾਲ ਕੱਟੀਂਦੀ ਜਾ ਰਹੀ ਹੈ, ਕੁਝ ਰਾਤ ਦੇ ਅੰਧੇਰੇ ਵਿਚ ਦੌੜ ਦੌੜ ਕੇ ਚੋਰੀ ਹੀ ਜਾ ਰਹੀ ਹੈ। ਮੇਰਾ ਖਿਆਲ ਹੈ, ਇਸ ਸਾਤੇ ਵਿਚ ਅਸੀਂ ਲੰਟੈਨਕ ਨੂੰ ਫੜ ਲਵਾਂਗੇ। ਉਂਞ ਜੰਗ ਇਕ ਐਸੀ ਚੀਜ਼ ਹੈ, ਜਿਸ ਨੂੰ ਮਿਣਨ ਲਈ ਸਾਡੇ ਕੋਲ ਕੋਈ ਮਾਪ ਨਹੀਂ ਹੈ। ਕਈ ਜਿੱਤਾਂ ਲੜਾਈ ਦਾ ਮੁੜਕੇ ਮੁੱਢ ਬੰਨ੍ਹ ਦੇਂਦੀਆਂ ਹਨ, ਤੇ ਅੰਤ ਨੂੰ ਹਾਰਾਂ ਬਣ ਜਾਂਦੀਆਂ ਹਨ। ਕਈ ਹਾਰਾਂ ਕੌਮਾਂ ਨੂੰ ਜਗਾ ਦੇਂਦੀਆਂ ਹਨ ਤੇ ਉਹ ਦੁਨੀਆਂ ਭਰ ਵਿਚ ਜੇਤੂ ਕੌਮਾਂ ਬਣ ਜਾਂਦੀਆਂ ਹਨ।"

"ਲੰਟੈਨਕ ਨੂੰ ਫੜਕੇ ਕੀ ਕਰੋਗੇ?"

"ਉਸ ਨੂੰ ਗੋਲੀ ਮਾਰਕੇ ਮਾਰ ਦਿੱਤਾ ਜਾਵੇਗਾ," ਗਾਵੇਨ ਨੇ ਉਤਰ ਦਿਤਾ।

"ਉਸ ਨੂੰ ਗੋਲੀ ਦੀ ਥਾਂ ਤੇ ਤਸੀਹੇ ਦੇ ਕੇ ਮਾਰਨਾ ਚਾਹੀਦਾ ਹੈ," ਸਿਮੌਰ ਡੇਨ ਨੇ ਕਚੀਚੀ ਵੱਟ ਕੇ ਕਿਹਾ।

"ਜਿਸ ਨੂੰ ਮਾਰ ਦੇਣਾ ਹੈ, ਇਸ ਤੋਂ ਵੱਡਾ ਹੋਰ ਕੇਹੜਾ ਤਸੀਹਾ ਹੈ। ਮੈਂ ਸਮਝਦਾ ਹਾਂ, ਮਾਰ ਦੇਣਾ ਵੀ ਉਨ੍ਹਾਂ ਦੀ ਕਾਢ ਹੈ, ਜਿਹੜੇ ਇਕ ਵਿਗੜੇ ਆਦਮੀ ਨੂੰ ਮਨੁਖ ਨਹੀਂ ਬਣਾ ਸਕਦੇ।

ਕੇਡੀ ਅਨੋਖੀ ਗਲ ਹੋਵੇ, ਜੇ ਇਕ ਡਾਕਟਰ, ਜਿਸ ਬੀਮਾਰ ਨੂੰ ਰਾਜ਼ੀ ਨ ਕਰ ਸਕੇ, ਮਾਰੀ ਜਾਵੇ, ਤੇ ਆਪਣੀ ਡਾਕਟਰੀ ਦਾ ਢੰਡੋਰਾ ਵੀ ਪਿੱਟੇ। ਮੈਂ ਮਾਰਨਾ ਵੀ ਪਾਪ ਸਮਝਦਾ ਹਾਂ, ਪਰ ਹੁਣ ਦਾ ਚੁਫੇਰਾ ਮਾਰਨਾ ਬਹਾਦਰੀ ਸਮਝਦਾ ਹੈ, ਇਸ ਕਰਕੇ ਮੈਨੂੰ ਵੀ ਲੋਕਾਂ ਦੇ ਨਾਲ ਨਾਲ ਤੁਰਨਾ ਪੈ ਰਿਹਾ ਹੈ। ਮੈਨੂੰ ਡਰ ਹੈ ਕਿ ਮੈਨੂੰ ਕੋਈ ਹੋਰ ਚੋਣ ਨ ਕਰਨੀ ਪੈ ਜਾਵੇ।"

"ਗਾਵੇਨ! ਮੈਂ ਅੱਜ ਤੇਰੀਆਂ ਸਾਰੀਆਂ ਭੁੱਲਾਂ ਤੇਰੇ ਅੱਗੇ ਰੱਖ ਕੇ ਤੈਨੂੰ ਸਮਝਾਉਣਾ ਚਾਹੁੰਦਾ ਹਾਂ।"

"ਮੇਰੀ ਗਲਤ ਪੱਟੀ ਸਦਾ ਲਈ ਆਪਣੇ ਗੁਰੂ ਦੇ ਅੱਗੇ ਹੈ, ਤੁਹਾਡੇ ਹਰ ਸੋਹਣੇ ਅੱਖਰ ਨਕਲ ਕਰ ਕੇ ਮੈਂ ਆਪਣੇ ਅੱਖਰ ਬਣਾ ਲਵਾਂਗਾ।" ਨਿੰਮਰਤਾ ਨਾਲ ਗਾਵੇਨ ਨੇ ਉਤਰ ਦਿਤਾ।

"ਇਕ ਦਿਨ ਤੂੰ ਮੱਠ ਵਿਚ ਰਹਿਣ ਵਾਲੀਆਂ ਸਾਧਣੀਆਂ ਨੂੰ ਛੱਡ ਦਿਤਾ ਸੀ, ਭਲਾ ਕਿਉਂ?"

"ਉਹ ਇਸਤ੍ਰੀਆਂ ਸਨ।"

"ਪਰ ਤੈਨੂੰ ਪਤਾ ਹੈ ਕਿ ਲੋਕਾਂ ਦਾ ਉਨ੍ਹਾਂ ਤੇ ਕਿਤਨਾ ਯਕੀਨ ਹੈ, ਤੇ ਉਨ੍ਹਾਂ ਦੇ ਮੂੰਹੋਂ ਨਿਕਲੀ ਗਲ ਲੋਕ ਮੰਤਰ ਸਮਝਕੇ ਪਾਠ ਕਰਦੇ ਹਨ? ਉਹ ਲੋਕ-ਰਾਜ ਦੇ ਉਲਟ ਹਰ ਘੜੀ ਘਿਰਣਾ ਫੈਲਾ ਰਹੀਆਂ ਹਨ।"

"ਉਸਤਾਦ ਜੀ, ਚਾਹੇ ਕੁਝ ਵੀ ਹੋਵੇ, ਮੈਨੂੰ ਪਹਿਲੇ ਉਹ ਅਬਲਾ ਦਿਸਦੀਆਂ ਹਨ, ਇਸ ਤੋਂ ਪਿਛੋਂ ਸਾਧਣੀਆਂ ਤੇ ਇਸ ਤੋਂ ਪਿਛੋਂ ਬੁਢੀਆਂ ਮਾਈਆਂ, ਮੈਂ ਬੁਢੀਆਂ ਨੂੰ ਦੁਖ ਨਹੀਂ ਦੇ ਸਕਦਾ।"

"ਤੈਨੂੰ ਪਤਾ ਹੈ ਕਿ ਇਸਤ੍ਰੀਆਂ ਆਦਮੀਆਂ ਨਾਲੋਂ ਭਿਆ-ਨਕ ਹੁੰਦੀਆਂ ਹਨ?"

"ਮੈਨੂੰ ਪਤਾ ਹੈ, ਇਸਤ੍ਰੀਆਂ ਮਨੁਖ ਸੰਸਾਰ ਦੀਆਂ ਮਾਵਾਂ

ਹੁੰਦੀਆਂ ਹਨ।"

"ਤੈਨੂੰ ਟਪਲਾ ਲਗਾ ਹੈ।"

"ਸ਼ਾਗਿਰਦਾਂ ਨੂੰ ਹਮੇਸ਼ਾਂ ਟਪਲਾ ਲਗਦਾ ਹੈ, ਪਰ ਮੈਨੂੰ ਏਸੇ ਤਰ੍ਹਾਂ ਸਮਝ ਪਈ ਹੈ।"

"ਤੇਰੀ ਸਮਝ ਠੀਕ ਨਹੀਂ।"

"ਮੈਨੂੰ ਉਸਤਾਦ ਦੇ ਸਾਹਮਣੇ ਕਦੇ ਵੀ ਆਪਣੀ ਸਮਝ ਤੇ ਮਾਣ ਹੋ ਹੀ ਨਹੀਂ ਸਕਦਾ।"

"ਤੈਨੂੰ ਯਾਦ ਹੈ, ਇਕ ਦਿਨ ਤੂੰ ਬ੍ਰਾਹਮਣਾਂ ਦੇ ਝੁੰਡ ਨੂੰ ਵੀ ਛੱਡ ਦਿਤਾ ਸੀ।"

"ਮੈਨੂੰ ਕਦੀ ਭੁਲ ਨਹੀਂ ਸਕਦਾ, ਉਨ੍ਹਾਂ ਦੀਆਂ ਨਾੜਾਂ ਵਿਚ ਰਿਖੀਆਂ ਦਾ ਖ਼ੂਨ ਹੈ। ਉਸ ਨੂੰ ਤਲਵਾਰ ਮਾਰ ਕੇ ਵਗਾ ਦੇਣ ਨਾਲੋਂ ਉਸ ਨੂੰ ਸਾਫ਼ ਕਰਨਾ ਕਿਤੇ ਚੰਗਾ ਹੈ। ਚੰਗੀਆਂ ਨਸਲਾਂ ਦੇ ਗਏ ਖ਼ੂਨ ਕਦੀ ਵਾਪਸ ਨਹੀਂ ਆਉਂਦੇ। ਕਿਸਾਨ ਵਾਹੀ ਕਰਦਾ ਹੈ, ਦਿਨ ਰਾਤ ਸੱਪਾਂ ਦੀਆਂ ਸਿਰੀਆਂ ਮਿੱਧਦਾ ਹੈ, ਪਰ ਬਹੁਤਾ ਫ਼ਿਕਰ ਉਸ ਨੂੰ ਉਸ ਵੇਲੇ ਹੁੰਦਾ ਹੈ, ਜਦੋਂ ਉਸ ਨੇ ਬੀਜ ਬੀਜਣਾ ਹੁੰਦਾ ਹੈ। ਚੰਗੇ ਬੀਜ ਸਾਂਭਣੇ ਦੇਸ਼ਾਂ ਦੇ ਭਵਿੱਖ ਸ਼ਾਨਦਾਰ ਬਣਾਉਣ ਦਾ ਮੁੱਢ ਹੈ।"

"ਗਾਵੇਨ! ਤੂੰ ਅਜੇ ਬੱਚਾ ਏਂ, ਤੂੰ ਇਹ ਨਹੀਂ ਜਾਣਦਾ ਜੋ ਚਿੱਟੇ ਵਾਲਾਂ ਵਾਲੇ ਕਿਤਨੇ ਖ਼ਤਰਨਾਕ ਹੁੰਦੇ ਹਨ। ਉਨ੍ਹਾਂ ਦੇ ਚਿੱਟੇ ਵਾਲ ਚਾਲਾਂ ਚਲਦਿਆਂ ਹੁੰਦੇ ਹਨ, ਉਹ ਲੋਕ-ਰਾਜ ਦੀ ਪੁੱਗੀ ਬਾਜ਼ੀ ਮਾਤ ਪਾ ਦੇਣਗੇ। ਉਨ੍ਹਾਂ ਦੇ ਮੱਥੇ ਤੇ ਜਿਹੜੀਆਂ ਝੁਰੜੀਆਂ ਹਨ, ਉਨ੍ਹਾਂ ਵਿਚ ਕੱਚੀ ਮਤ ਵਾਲੀਆਂ ਕੌਮਾਂ ਦੀਆਂ ਕੌਮਾਂ ਗੁੰਮ ਹੋ ਜਾਣ ਦਾ ਡਰ ਹੁੰਦਾ ਹੈ। ਉਹ ਜਿਨ੍ਹਾਂ ਜਿਨ੍ਹਾਂ ਪਿੰਡਾਂ ਵਿਚ ਦੀ ਲੰਘ ਗਏ, ਠੰਢੇ ਪਾਣੀਆਂ ਨੂੰ ਅੱਗ ਲਾ ਦੇਣਗੇ।"

"ਗੁਰੂ ਜੀ! ਖਿਮਾਂ ਕਰਨੀ, ਤੁਹਾਡਾ ਨਾਲਾਇਕ ਸ਼ਾਗਿਰਦ

ਬੁਢੇ ਮਨੁਖਾਂ ਤੇ ਵਾਰ ਨਹੀਂ ਕਰ ਸਕਦਾ। ਹਰ ਬੁੱਢਾ, ਹਰ ਨੌਜਵਾਨ ਦਾ ਪਿਤਾ ਹੈ ਜਾਂ ਬਾਬਾ।"

"ਮੈਨੂੰ ਅਫਸੋਸ ਹੈ ਕਿ ਮੇਰੀਆਂ ਸਾਰੀਆਂ ਆਸਾਂ ਤੇ ਤੂੰ ਪਾਣੀ ਫੇਰ ਦਿਤਾ ਹੈ। ਮੈਂ ਚਾਹੁੰਦਾ ਸਾਂ, ਜਦੋਂ ਏਧਰੋਂ ਵੇਹਲਾ ਹੋਵਾਂਗਾ, ਟੈਂਪਲ ਦੇ ਬੁਰਜ ਵਿਚ ਬੰਦ ਪਏ ਰਾਜਕੁਮਾਰ ਨੂੰ ਤੇਰੀ ਹੱਥੀਂ ਕਤਲ ਕਰਵਾਵਾਂਗਾ। ਫਰਾਂਸ ਦੇ ਇਤਿਹਾਸ ਦੇ ਪੰਨਿਆਂ ਵਿਚ ਲਿਖਿਆ ਜਾਵੇਗਾ, 'ਗਾਵੇਨ ਨੇ ਸਦਾ ਲਈ ਸ਼ਖਸੀ ਰਾਜ ਦਾ ਫਾਤੀਆ ਪੜ੍ਹਿਆ।' "

"ਮੈਨੂੰ ਬੜਾ ਦੁਖ ਹੈ ਕਿ ਮੈਂ ਆਪਣੇ ਮਾਨਯੋਗ ਉਸਤਾਦ ਸਾਹਿਬ ਦੀਆਂ ਆਸਾਂ ਪੂਰੀਆਂ ਨਹੀਂ ਕਰ ਸਕਾਂਗਾ। ਪਹਿਲਾਂ ਤਾਂ ਮੈਂ ਇਤਿਹਾਸ ਦੇ ਪੰਨਿਆਂ ਦਾ ਦੀਵਾਨਾ ਨਹੀਂ, ਮੈਨੂੰ ਪਤਾ ਹੈ ਕਿ ਕਿੰਨੇ ਲੋਕ ਇਤਿਹਾਸ ਦੇ ਪੰਨਿਆਂ ਤੇ ਜਾਣ ਲਈ ਕੀ ਕੁਝ ਕਰਦੇ ਹਨ। ਮੇਰੇ ਲਈ ਇਸ ਤੋਂ ਵਡਾ ਕੋਈ ਕਲੰਕ ਨਹੀਂ ਕਿ ਮੇਰੀ ਤਲਵਾਰ ਨੂੰ ਇਕ ਮਾਸੂਮ ਬਚੇ ਦਾ ਖ਼ੂਨ ਲਗੇ। ਮੈਂ ਏਧਰੋਂ ਵੇਹਲਾ ਹੋ ਕੇ ਰਾਜਕੁਮਾਰ ਨੂੰ ਰਿਹਾ ਕਰਵਾਵਾਂਗਾ ਤੇ ਉਸਦੀ ਹਰ ਕੀਮਤ ਦੇਣ ਨੂੰ ਤਿਆਰ ਹਾਂ। ਉਸ ਨੂੰ ਜੀਉਣ ਦੇਣਾ ਚਾਹੀਦਾ ਹੈ, ਰਾਜਾ ਹੋਣ ਲਈ ਨਹੀਂ, ਸਗੋਂ ਚੰਗਾ ਮਨੁਖ ਬਣਨ ਲਈ।"

"ਮੈਂ ਤੇਥੋਂ ਨਿਰਾਸ ਹੁੰਦਾ ਹਾਂ।"

"ਮੇਰੇ ਲਈ ਇਹ ਕੇਡੀ ਸ਼ਰਮ ਦੀ ਗਲ ਹੈ ਕਿ ਪਹਿਲੋਂ ਮੇਟੇ-ਬਾਬੇ ਲੰਟੈਨਕ ਨੂੰ ਮੇਥੋਂ ਨਿਰਾਸ ਹੋਣਾ ਪਿਆ, ਅਜ ਮੇਰੇ ਵਿਦਿਆ ਦਾਤੇ ਸਿਮੋਰ ਨੂੰ ਤੇ ਸ਼ਾਇਦ ਕਲ ਨੂੰ ਲੋਕ ਸਭਾ ਦੇ ਦੋਵੇਂ ਨੇਤਾਂ ਤੇ ਇਕ ਦਿਲ ਨੂੰ।"

"ਅਰਥਾਤ।"

"ਪੀਰੀ, ਦੇਨ ਤੇ ਮਾਰੇ ਨੂੰ ਵੀ।"

ਗੰਭੀਰ ਹੋ ਕੇ ਸਿਮੋਰ ਬੋਲਿਆ, "ਵੇਖ ਬੇਟਾ, ਮੈਂ ਤੈਨੂੰ ਦੂਜੀ

ਵਾਰ ਸਮਝਾਉਂਣ ਦਾ ਯਤਨ ਕਰਦਾ ਹਾਂ। ਰਾਜਨੀਤੀ ਦੇ ਦਾਅ ਪੇਚ ਸ਼ੁਰੂ ਤੋਂ ਤੁਰੇ ਆਏ ਹਨ। ਇਨ੍ਹਾਂ ਤੋਂ ਬਿਨਾਂ ਕੰਮ ਨਹੀਂ ਚਲਦਾ। ਇਕ ਇਕ ਬੱਚਾ ਜਿਹੜਾ ਦੂਰੋਂ ਨੇੜਿਓਂ ਰਾਜ-ਲਹੂ ਨਾਲ ਸੰਬੰਧ ਰਖਦਾ ਹੈ, ਇਕ ਇਕ ਇਸਤ੍ਰੀ, ਜਿਹੜੀ ਆਪਣੇ ਬੱਚਿਆਂ ਨੂੰ ਰਾਜਾ ਰਾਣੀ ਦੀ ਬਾਤ ਸੁਣਾਉਣ ਵਾਲੀ ਹੋਵੇਗੀ, ਤੇ ਉਹ ਪਾਦਰੀ ਜਿਹੜਾ ਆਪਣੇ ਉਪਦੇਸ਼ ਵਿਚ ਰਾਜੇ ਨੂੰ ਰੱਬ ਵਲੋਂ ਆਇਆ ਆਖੇਗਾ, ਕੱਟਣਾ ਪਵੇਗਾ, ਗੋਲੀ ਮਾਰਨੀ ਹੋਵੇਗੀ, ਕਬਰ ਵਿਚ ਬੰਦ ਕਰਨਾ ਪਵੇਗਾ।"

"ਕਿਉਂ?"

"ਇਸ ਕਰ ਕੇ ਕਿ ਉਹ ਕੁਝ ਹੋਰ ਚਾਹੁੰਦੇ ਹਨ ਤੇ ਅਸੀਂ ਕੁਝ ਹੋਰ।"

"ਹਰ ਇਕ ਨੂੰ ਸੋਚਣ ਦਾ ਹੱਕ ਹੋਣਾ ਚਾਹੀਦਾ ਹੈ, ਅਸੀਂ ਆਦਮੀ ਹਾਂ ਮਸ਼ੀਨ ਨਹੀਂ। ਜੋ ਕੁਝ ਕੋਈ ਸੋਚ ਸਕੇ, ਇਹ ਉਸਦਾ ਰੱਬੀ ਹੱਕ ਹੈ। ਇਹ ਕੇਡੀ ਬੁਰੀ ਗੱਲ ਹੈ ਕਿ ਅਸੀਂ ਕਿਸੇ ਨੂੰ ਤੰਗ ਕਰੀਏ ਜੋ ਤੂੰ ਉਹੋ ਕੁਝ ਸੋਚ,ਜੋ ਕੁਝ ਮੈਂ ਸੋਚਦਾ ਹਾਂ।"

"ਤੂੰ ਅਜੇ ਨਿਆਣਾ ਏਂ, ਇਹਨਾਂ ਗੱਲਾਂ ਨੂੰ ਸਮਝ ਨਹੀਂ ਸਕਦਾ। ਲੂਈਸ ਨੇ ਅਨੇਕਾਂ ਆਦਮੀ ਫਾਂਸੀ ਲਾ ਦਿੱਤੇ, ਜਿਹੜੇ ਉਸਦੇ ਰਾਜ ਪਰਬੰਧ ਦੇ ਉਲਟ ਸੋਚਦੇ ਸਨ।"

"ਲੂਈਸ ਨੇ ਬਹੁਤ ਬੁਰਾ ਕੀਤਾ, ਉਸਦਾ ਸਿੱਟਾ ਲੋਕ-ਰਾਜ ਵਾਲੇ ਪੈਦਾ ਹੋਏ। ਹੁਣ ਜੋ ਕੁਝ ਲੋਕ-ਰਾਜ ਵਾਲੇ ਕਰ ਰਹੇ ਹਨ, ਇਹ ਬੁਰੇ ਨਾਲੋਂ ਵੀ ਭੈੜਾ ਹੈ ਤੇ ਇਹ ਕਿਸੇ ਹੋਰ ਤੀਜੇ ਨੂੰ ਪੈਦਾ ਕਰੇਗਾ। ਤੁਸੀਂ ਕਹਿੰਦੇ ਹੋ ਮੈਨੂੰ ਇਹਨਾਂ ਦਾਅ ਪੇਚਾਂ ਦੀ ਸਮਝ ਨਹੀਂ। ਮੈਨੂੰ ਬੜੀ ਖੁਸ਼ੀ ਹੈ, ਜੋ ਧੋਖੇ, ਫਰੇਬ ਤੇ ਜ਼ੁਲਮ ਦੀ ਵਰਣ-ਮਾਲਾ ਦਾ ਮੈਨੂੰ ਕੋਈ ਅੱਖਰ ਨਹੀਂ ਔਂਦਾ।"

"ਗਾਵੇਨ ਬੇਟਾ, ਤੂੰ ਨਹੀਂ ਜਾਣਦਾ, ਜੋ ਹਰ ਇਕ ਆਦਮੀ

ਦੀਆਂ ਭੁਲਾਂ ਮਿਲ ਕੇ ਉਸਦੀ ਕਬਰ ਡੂੰਘੀ ਤੋਂ ਡੂੰਘੀ ਪੁੱਟੀ ਜਾਂਦੀਆਂ ਹਨ। ਜਦ ਇਹ ਕਬਰ ਤਿਆਰ ਹੋ ਜਾਂਦੀ ਹੈ ਤਾਂ ਨਿੱਕੀ ਜਿਹੀ ਭੁਲੜੀ ਦਾ ਠੇਢਾ ਖਾਕੇ ਆਦਮੀ ਮੂੰਧੇ ਮੂੰਹ ਕਬਰ ਵਿਚ ਡਿਗ ਪੈਂਦਾ ਹੈ। ਕਈ ਵਾਰ ਸ਼ਕਾਇਤਾਂ ਵੀ ਕਰਦਾ ਹੈ ਕਿ ਨਿੱਕੀ ਜਿਹੀ ਭੁਲ ਦੀ ਏਡੀ ਸਜ਼ਾ ਕਿਉਂ? ਜੇ ਕੋਈ ਲਾਗੋਂ ਪੁਛੇ, ਜੋ ਉਹ ਕਿੰਨੀਆਂ ਭੁਲਾਂ ਹਨ, ਜਿਨ੍ਹਾਂ ਦੀ ਤੈਨੂੰ ਕੋਈ ਸਜ਼ਾ ਨਹੀਂ ਮਿਲੀ; ਤਾਂ ਉਸ ਨੂੰ ਏਨੀਆਂ ਗਲਤੀਆਂ ਯਾਦ ਔਣਗੀਆਂ ਜੋ ਉਹ ਗਿਣਦਾ ਗਿਣਦਾ ਕਈ ਵਾਰ ਉਂਗਲਾਂ ਦੇ ਵੱਢੇ ਖਤਮ ਕਰ ਲਵੇਗਾ। ਅਖੀਰ ਉਸ ਨੂੰ ਮੰਨਣਾ ਪਏਗਾ ਕਿ ਮੈਨੂੰ ਬਹੁਤ ਥੋੜ੍ਹੀ ਸਜ਼ਾ ਦਿਤੀ ਗਈ ਹੈ। ਇਕ ਰਾਤ ਜੋਨਸ ਭੇਸ ਬਦਲ ਕੇ ਤੈਨੂੰ ਕਤਲ ਕਰਨ ਆਇਆ ਸੀ। ਸਿਪਾਹੀਆਂ ਨੇ ਉਸ ਨੂੰ ਪਕੜ ਲਿਆ ਤੇ ਤੂੰ ਛਡ ਦਿਤਾ," ਅਤੇ ਫਿਰ ਕਿਹਾ, "ਇਹ ਤੇਰੀ ਸਿਆਣਪ ਨਹੀਂ, ਜੋ ਤੂੰ ਉਸਦਾ ਨਾਮ ਚਲਾਕੀ ਰਖੇਂ,ਜਿਸ ਨੂੰ ਸਾਰੇ ਲੋਕ ਜਾਣਦੇ ਹੋਣ। ਜੇ ਤੂੰ ਜ਼ਰਾ ਵੀ ਸੈਨਤ ਕਰਦੋਂ ਤਾਂ ਸਿਪਾਹੀਆਂ ਨੂੰ ਇਕ ਇਕ ਬੋਟੀ ਵੀ ਹਿੱਸੇ ਨਹੀਂ ਸੀ ਔਣੀ।"

"ਉਸਦੀ ਬੋਟੀ ਬੋਟੀ ਵੰਡ ਕੇ ਮੈਂ ਆਪਣੀ ਸ਼ੇਰਾਂ ਵਰਗੀ ਫੌਜ ਦੀ ਜੁਵਾਨੀ ਨੂੰ ਕਲੰਕਤ ਨਹੀਂ ਸੀ ਕਰ ਸਕਦਾ। ਮੇਰੀ ਫੌਜ ਬਹੁਤਿਆਂ ਤੇ ਹਮਲਾ ਕਰ ਸਕਦੀ ਹੈ, ਪਰ ਥੋੜ੍ਹਿਆਂ ਤੇ ਨਹੀਂ।"

"ਤੂੰ ਅੱਖੀਆਂ ਵਿਚ ਘਸੁੰਨ ਦੇ ਕੇ ਰੋਵੇਂਗਾ, ਫਿਰ ਤੈਨੂੰ ਸਿਆਣੇ ਦੇ ਕਹੇ ਦਾ ਤੇ ਔਲੇ ਦੇ ਖਾਧੇ ਦਾ ਸੁਵਾਦ ਆਵੇਗਾ।"

"ਮੇਰੇ ਗੁਰੂ ਦੇ ਵਾਕ ਝੂਠੇ ਨਹੀਂ ਹੋਣਗੇ, ਪਰ ਮੈਂ ਆਪਣੇ ਜੀਵਨ ਦੇ ਤਜਰਬੇ ਆਪਣੇ ਗੁਰੂ ਅੱਗੇ ਨਿਝੱਕ ਹੋ ਕੇ ਰੱਖਾਂਗਾ। ਮੈਂ ਜਦੋਂ ਇਹੋ ਜਿਹੇ ਕੰਮ ਕਰਦਾ ਹਾਂ, ਤਾਂ ਮੇਰੀ ਆਤਮਾ ਕੰਵਲ ਵਾਂਗ ਖਿੜ ਜਾਂਦੀ ਹੈ। ਉਹ ਮਸਤੀ ਮੈਨੂੰ ਹੋਰ ਅਜਿਹੇ ਕੰਮ ਕਰਨ ਲਈ

ਪ੍ਰੇਰਦੀ ਹੈ, ਮੈਂ ਭਰਿਆ ਭਰਿਆ ਫਿਰਦਾ ਹਾਂ, ਮੈਂ ਹਲਕਾ ਹਲਕਾ ਉਡਦਾ ਹਾਂ। ਗੁਰੂ ਜੀ, ਮੈਨੂੰ ਏਸੇ ਤਰ੍ਹਾਂ ਦਾ ਬਣੀ ਜਾਣ ਦਿਓ।" ਗਾਵੇਨ ਨੇ ਤਰਲੇ ਨਾਲ ਕਿਹਾ।

"ਇਕ ਦਿਨ ਬੋਸ਼ੀਰ ਸਾਡੇ ਸਿਪਾਹੀਆਂ ਨੂੰ ਜ਼ਖਮੀ ਕਰਦਾ ਕਰਦਾ ਪਿੱਛੇ ਹਟ ਰਿਹਾ ਸੀ। ਪਿਛਲੇ ਪਾਸੇ ਇਕ ਡੂੰਘੀ ਖੱਡ ਸੀ। ਉਸ ਵਿਚ ਉਹ ਡਿਗਣ ਹੀ ਵਾਲਾ ਸੀ ਕਿ ਤੂੰ ਉਚੀ ਸਾਰੀ ਕਿਹਾ, 'ਠਹਿਰ ਜਾਵੋ, ਇਸ ਨੂੰ ਮੈਂ ਆਪ ਮਾਰਦਾ ਹਾਂ।' ਸਾਰੇ ਸਿਪਾਹੀ ਪਿਛੇ ਹਟ ਗਏ ਤੇ ਤੁਸੀਂ ਬੰਦੂਕ ਹਵਾ ਵਿਚ ਚਲਾ ਕੇ ਕਿਹਾ, 'ਦੌੜ ਜਾ, ਨਹੀਂ ਤੇ ਮਾਰਿਆ ਜਾਵੇਂਗਾ।' ਕੀ ਇਹ ਬੱਚਿਆਂ ਦੀ ਖੇਡ ਨਹੀਂ?"

"ਮੈਂ ਬੁੱਢਾ ਹੋ ਜਾਵਾਂਗਾ, ਫਿਰ ਭੀ ਤੁਹਾਡਾ ਬੱਚਾ ਹਾਂ।"

"ਪਰ ਮੈਂ ਹੁਣ ਤੈਨੂੰ ਬੱਚਾ ਨਹੀਂ ਵੇਖਣਾ ਚਾਹੁੰਦਾ।"

"ਪਰ ਸਮਾਂ ਮੈਨੂੰ ਤੁਹਾਡੇ ਲਾਗੇ, ਤੁਹਾਡੇ ਜਿਹਾ ਕਰ ਕੇ ਕਦੀ ਵੀ ਨਹੀਂ ਬੈਠਣ ਦੇਵੇਗਾ।"

"ਗਾਵੇਨ, ਮੈਂ ਤੇਰੇ ਵਿਚ ਇਹ ਕੁਝ ਨਹੀਂ ਸੀ ਪਾਇਆ, ਤੂੰ ਇਹ ਕੁਝ ਕਿੱਥੋਂ ਲੈ ਆਂਦਾ ਹੈ?"

"ਮੇਰੇ ਬਾਬੇ ਦਾ ਵੀ ਇਹੋ ਗਿਲਾ ਹੈ ਤੇ ਕਰੀਬਨ ਹਰ ਵੱਡੇ ਨੂੰ ਛੋਟਿਆਂ ਤੇ ਇਹੋ ਗਿਲਾ ਹੁੰਦਾ ਹੈ।"

"ਜਿਨ੍ਹਾਂ ਦੁਸ਼ਮਨਾਂ ਨੂੰ ਤੂੰ ਛੱਡ ਦੇਂਦਾ ਏਂ, ਉਹ ਜਾ ਕੇ ਵੈਰੀਆਂ ਦੀ ਗਿਣਤੀ ਹੋਰ ਵਧਾਉਂਦੇ ਹਨ।"

"ਪਰ ਮੈਂ ਤਾਂ ਲੋਕ-ਰਾਜ ਵਾਲਿਆਂ ਦੀ ਗਿਣਤੀ ਵਧਾਉਣ ਲਈ ਇਸ ਤਰ੍ਹਾਂ ਕਰਦਾ ਹਾਂ।"

"ਡੋਲ ਦੇ ਜੰਗ ਵਿਚੋਂ ਪਕੜੇ ਕੈਦੀ ਕਿਉਂ ਰਿਹਾ ਕੀਤੇ?"

"ਇਸ ਕਰ ਕੇ ਕਿ ਲੰਟੈਨਕ ਨੇ ਬੀਰਾਂ ਦੇ ਕੈਦੀਆਂ ਨੂੰ ਕਤਲ ਕਰ ਦਿਤਾ ਸੀ।"

"ਕੀ ਇਹ ਤਲਵਾਰ ਦਾ ਉੱਤਰ ਹੈ ?"

"ਤਲਵਾਰ ਦੇ ਦੋ ਉਤਰ ਹਨ।"

"ਕਿਹੜੇ, ਕਿਹੜੇ ?"

"ਪਹਿਲਾ ਢਾਲ ਤੇ ਦੂਜਾ ਪਿਆਰ।"

"ਤੈਨੂੰ ਪਤਾ ਹੈ, ਜਿਹੜੀਆਂ ਪੱਟੀਆਂ ਦੇਸ਼ ਭਗਤਾਂ ਦੇ ਬੰਨ੍ਹਣ ਲਈ ਔਂਦੀਆਂ ਹਨ, ਪਹਿਲਾਂ ਕਿਸਾਨ ਦੇਸ਼ ਭਗਤੀ ਦੀਆਂ, ਕੰਨਾਂ ਤੇ ਹੱਥ ਰਖਕੇ, ਵਾਜਾਂ ਲੌਂਦੇ ਬੀਜਦੇ ਹਨ, ਫਿਰ ਮੁਟਿਆਰਾਂ, ਆਜ਼ਾਦੀ ਦੇ ਗੀਤ ਗੌਂਦੀਆਂ ਕਪਾਹ ਚੁਣਦੀਆਂ, ਵੇਲਦੀਆਂ ਤੇ ਕੱਤਦੀਆਂ ਹਨ। ਉਸ ਤੋਂ ਪਿਛੋਂ ਜੁਲਾਹੇ ਨਲੀ ਦੀ ਚਾਲ ਤੇ ਗੌਂਦੇ ਹਨ, ਧੋਬੀ ਠੰਢੇ ਪਾਣੀਆਂ ਵਿਚ ਖੜੇ ਦੇਸ਼ ਦੀ ਆਜ਼ਾਦੀ ਨੂੰ ਯਾਦ ਕਰ ਕਰ ਧੋਂਦੇ ਹਨ; ਉਨ੍ਹਾਂ ਪੱਟੀਆਂ ਨੂੰ ਤੂੰ ਵੈਰੀ ਦੇ ਜ਼ਖਮਾਂ ਲਈ ਵਰਤਦਾ ਏਂ।"

"ਵੈਰੀਆਂ ਦੇ ਸੀਨਿਆਂ ਵਿਚਲੇ ਜ਼ਖਮ ਵੀ ਇਹਨਾਂ ਪੱਟੀਆਂ ਦੇ ਮੋਚ ਦੇ ਹੁੰਦੇ ਹਨ। ਤੁਸੀਂ ਕਿਸੇ ਦਿਨ ਉਹਲੇ ਹੋ ਕੇ ਸੁਣ ਸਕਦੇ ਹੋ। ਵੈਰੀ ਤੇ ਮਿੱਤਰ ਜਦੋਂ ਘਾਇਲ ਹੋ ਜਾਂਦੇ ਹਨ ਤਾਂ ਇਕੋ ਜਿਹਾ ਤੜਫਦੇ ਹਨ ਤੇ ਉਨ੍ਹਾਂ ਨੂੰ ਇਕੋ ਜਿਹੀਆਂ ਤ੍ਰਾਟਾਂ ਪੈਂਦੀਆਂ ਹਨ।"

"ਤੈਨੂੰ ਪਤਾ ਹੈ, ਜਿਵੇਂ ਬਾਗ ਲਾਉਣ ਲਈ ਪੁਰਾਣੇ ਜੰਗਲ ਪੁਟਣੇ ਪੈਂਦੇ ਹਨ ਤੇ ਨਵੇਂ ਮਹੱਲ ਬਣਾਉਣ ਲਈ ਪੁਰਾਣੇ ਢਾਉਣੇ ਪੈਂਦੇ ਹਨ।"

"ਮੈਂ ਇਹ ਮੰਨਦਾ ਹਾਂ, ਪਰ ਮੇਰਾ ਯਕੀਨ ਹੈ, ਜੰਗਲ ਵੀ ਸਾਡੇ ਲਈ ਬੜੇ ਜ਼ਰੂਰੀ ਹਨ। ਜਿਨ੍ਹਾਂ ਨੂੰ ਤੁਸੀਂ ਅਜ ਨਵੇਂ ਕਹਿੰਦੇ ਹੋ, ਉਹ ਕਲ ਪੁਰਾਣੇ ਹੋ ਜਾਣੇ ਹਨ। ਹਰ ਪੁਰਾਤਨਤਾ ਕਿਸੇ ਦਿਨ ਨਵੀਂ ਸੀ ਤੇ ਹਰ ਨਵੀਨਤਾ ਕਿਸੇ ਦਿਨ ਸਦੀਆਂ ਦੇ ਪੈਰਾਂ ਹੇਠ ਕੁਚਲੀ ਪੁਰਾਤਨਤਾ ਹੋਵੇਗੀ।"

"ਮੈਨੂੰ ਸ਼ੱਕ ਹੈ ਕਿ ਤੇਰੇ ਹੱਥ ਵਿਚ ਲੰਟੈਨਕ ਵੀ ਆ ਗਿਆ ਤਾਂ ਤੂੰ ਉਸ ਨੂੰ ਛੱਡ ਦੇਵੇਂਗਾ।"

"ਤੁਹਾਡਾ ਇਹ ਸ਼ੱਕ ਠੀਕ ਨਹੀਂ, ਮੈਂ ਉਸ ਨੂੰ ਕਦੀ ਵੀ ਨਹੀਂ ਛੱਡਾਂਗਾ।"

"ਜੇ ਸਾਧਣੀਆਂ, ਬ੍ਰਾਹਮਣ ਤੇ ਹੋਰ ਅਨੇਕਾਂ ਛੱਡੇ ਜਾ ਸਕਦੇ ਹਨ ਤਾਂ ਲੰਟੈਨਕ ਤੇਰੇ ਪੋਲੇ ਹੱਥਾਂ ਵਿਚੋਂ ਕਿਵੇਂ ਨ ਤਿਲਕ ਜਾਵੇਗਾ?"

"ਲੰਟੈਨਕ ਸਭ ਕੁਝ ਸਮਝਦਾ ਤੇ ਜਾਣਦਾ ਹੈ। ਉਹ ਮੁਲਕ ਨੂੰ ਉਸ ਟੋਏ ਵਿਚ ਲੈ ਜਾ ਰਿਹਾ ਹੈ, ਜਿਸ ਨੂੰ ਸਾਰੇ ਫਰਾਂਸ ਨੇ ਆਪਣੇ ਬੱਚਿਆਂ ਦੇ ਖ਼ੂਨ ਨਾਲ ਭਰ ਕੇ ਆਜ਼ਾਦੀ ਲਈ ਹੈ। ਲੰਟੈਨਕ ਕਰੋੜਾਂ ਜ਼ਬਾਨਾਂ ਨੂੰ ਬੰਦ ਕਰ ਕੇ ਇਕ ਜ਼ਬਾਨ ਨੂੰ ਬੋਲਣ ਦਾ ਹਕ ਦੇ ਰਿਹਾ ਹੈ। ਅਨੇਕਾਂ ਦੀਆਂ ਲੋੜਾਂ ਨੂੰ ਨਿਚੋੜ ਕੇ ਇਕ ਲਈ ਰੰਗਰਲੀਆਂ ਦਾ ਸਾਮਾਨ ਪੈਦਾ ਕਰ ਰਿਹਾ ਹੈ।"

"ਤੇਰਾ ਉਹ ਬਾਬਾ ਹੈ, ਤੇਰੀਆਂ ਨਾੜਾਂ ਵਿਚ ਉਸਦਾ ਖ਼ੂਨ ਹੈ, ਇਸਦਾ ਉਬਾਲ ਬੜਾ ਜ਼ਬਰਦਸਤ ਹੁੰਦਾ ਹੈ। ਲਹੂ ਜੇ ਜੰਮ ਕੇ ਪੱਥਰ ਵੀ ਹੋ ਜਾਵੇ, ਫਿਰ ਵੀ ਉਸਦਾ ਡਰ ਰਹਿੰਦਾ ਹੈ ਕਿ ਇਹ ਪਿਘਲ ਨਾ ਜਾਵੇ।"

"ਮੇਰੇ ਯਕੀਨ ਜੋ ਗੁਰੂ ਅਗੇ ਪਰਗਟ ਹੋਣ ਵੇਲੇ ਨਹੀਂ ਝੁੱਕਦੇ, ਤਾਂ ਉਹ ਬਾਬੇ ਅਗੇ ਵੀ ਕਾਇਮ ਰਹਿ ਸਕਦੇ ਹਨ। ਲੰਟੈਨਕ ਨਾਲ ਮੇਰਾ ਖ਼ੂਨ ਦਾ ਨਾਤਾ ਹੈ, ਪਰ ਮਾਤ ਭੂਮੀ ਨਾਲ ਜੀਵਨ ਦਾ। ਧਰਤੀ ਤੋਂ ਚੋਗਾ ਅਸੀਂ ਪਹਿਲੇ ਚੁਗਦੇ ਹਾਂ, ਉਸਦਾ ਖ਼ੂਨ ਪਿਛੋਂ ਜਾਕੇ ਬਣਦਾ ਹੈ। ਮੈਂ ਨੇੜੇ ਦੇ ਸਾਕ ਨੂੰ ਨਹੀਂ ਭੁਲ ਸਕਦਾ ਤੇ ਉਹ ਹੈ ਦੇਸ਼ ਦਾ ਨਾਤਾ।"

"ਇਹ ਸ਼ਬਦ ਯਾਦ ਰਖਣੇ।"

"ਮੇਰੇ ਉਸਤਾਦ ਦੇ ਸਬਕ ਕਦੀ ਭੁਲਣ ਵਾਲੇ ਹੀ ਨਹੀਂ।"

"ਲੈ ਤੈਨੂੰ ਅਜ ਇਕ ਹੋਰ ਸਬਕ ਦੇਂਦਾ ਹਾਂ। ਤਬਦੀਲੀ

ਦਾ ਸਮਾਂ ਗੁੱਛੀ ਵਾਲੇ ਸੱਪ ਵਾਂਗ ਬੜਾ ਟੇਢਾ ਹੁੰਦਾ ਹੈ, ਜਿਥੇ ਉਸਦੀ ਪੂਛ ਹੁੰਦੀ ਹੈ ਉਥੇ ਉਸਦਾ ਮੂੰਹ ਹੁੰਦਾ ਹੈ। ਇਸਦੇ ਡੰਗ ਜਿਸ ਨੂੰ ਲਗ ਜਾਣ, ਉਹ ਪਾਣੀ ਨਹੀਂ ਮੰਗਦਾ। ਇਸਦਾ ਵੈਰੀ ਹੁੰਦਾ ਹੈ ਪੁਰਾਣਾ ਸੰਸਾਰ ਤੇ ਉਸਦੇ ਚਿਰਾਂ ਦੇ ਪਏ ਹੋਏ ਸੰਸਕਾਰ। ਤਬਦੀਲੀ ਦੇ ਹਥ ਵਿਚ ਛੁਰੀ ਹੁੰਦੀ ਹੈ, ਜੇਹੜੀ ਪਾਕ ਕਢਣ ਲਈ ਡੂੰਘੀ ਤੋਂ ਡੂੰਘੀ ਖੁਭ ਜਾਂਦੀ ਹੈ। ਅਣਜਾਣ ਲੋਕ ਮਰੀਜ਼ ਦੀਆਂ ਚੀਕਾਂ ਸੁਣਕੇ ਛੁਰੀ ਤੋਂ ਨਫਰਤ ਕਰਦੇ ਹਨ। ਡਾਕਟਰਦੇ ਹਥ ਪਕੜਨ ਤਕ ਜਾਂਦੇ ਹਨ। ਪਰ ਸੋਚਿਆ ਜਾਵੇ, ਤਾਂ ਇਹ ਮਰੀਜ਼ ਦੀਆਂ ਚੀਕਾਂ ਹਾਸੇ ਨੂੰ ਅਵਾਜ਼ਾਂ ਮਾਰਦੀਆਂ ਹਨ। ਚੀਰ ਫਾੜਨ ਪਿਛੋਂ ਡਾਕਟਰ ਉਹ ਚੀਜ਼ਾਂ ਭੀ ਖਾਣ ਤੋਂ ਰੋਕਦਾ ਹੈ, ਜੇਹੜੀਆਂ ਪਾਕ ਬਣਨ ਵਿਚ ਮਦਦ ਦੇਂਦੀਆਂ ਹਨ। ਠੀਕ ਏਸੇ ਤਰ੍ਹਾਂ ਸ਼ਖਸੀ ਰਾਜ ਦੇਸ਼ਾਂ ਲਈ ਇਕ ਪਾਕ ਵਾਲਾ ਫੋੜਾ ਹੈ। ਇਸ ਦੀਆਂ ਤ੍ਰਾਟਾਂ ਨੰਗੇ ਪਿੰਡੇ ਤੇ ਨੰਗੇ ਪੈਰੀਂ ਫਿਰਨ ਵਾਲਿਆਂ ਗਰੀਬਾਂ ਨੂੰ ਪੈਂਦੀਆਂ ਹਨ। ਪੇਟ ਤੋਂ ਭੁੱਖੇ ਇਸ ਫੋੜੇ ਦੇ ਦੁਖ ਕਰਕੇ ਚਿਰਲਾਉਂਦੇ ਹਨ। ਤਬਦੀਲੀ ਦੀ ਛੁਰੀ ਇਸ ਨੂੰ ਚੀਰ ਦੇਂਦੀ ਹੈ। ਜਗੀਰਦਾਰੀ ਤੇ ਗਦੀਦਾਰੀ ਐਸੀ ਖੁਰਾਕ ਏ, ਜੇਹੜੀ ਫਿਰ ਪਾਕ ਪੈਦਾ ਕਰ ਸਕਦੀ ਹੈ। ਲੀਡਰ ਡਾਕਟਰ ਇਨ੍ਹਾਂ ਦਾ ਵੀ ਪ੍ਰਹੇਜ਼ ਕਰਦੇ ਹਨ। ਜਦ ਫੋੜੇ ਨੂੰ ਦਬਾ ਕੇ ਪਾਕ ਕਢੀਦੀ ਹੈ ਤਾਂ ਕਈ ਕਤਰੇ ਲਹੂ ਦੇ ਵੀ ਨਾਲ ਡਿਗ ਪੈਂਦੇ ਹਨ, ਪਰ ਡਾਕਟਰ ਲਹੂ ਦੀ ਰੱਖਿਆ ਕਰਨ ਲਈ ਸਭ ਕੁਝ ਕਰਦਾ ਹੈ।"

"ਡਾਕਟਰ ਸ਼ਾਂਤ ਹੈ, ਪਰ ਉਸਦੇ ਸਾਥੀ ਬੜੇ ਸਖਤ ਹਨ।"

"ਤਬਦੀਲੀ ਅੱਖਾਂ ਦੇ ਉਪ੍ਰੇਸ਼ਨ ਵਾਂਗ ਹੈ, ਜੇ ਜ਼ਰਾ ਇਧਰ ਉਧਰ ਹਥ ਖਿਸਕਿਆ ਤਾਂ ਧੁੰਧ ਦੇ ਥਾਂ ਸਗੋਂ ਅੰਧੇਰਾ ਹੋ ਜਾਵੇਗਾ। ਅੱਖਾਂ ਦੇ ਡਾਕਟਰ ਦੇ ਹਥ ਵਿਚ ਜਿਸ ਵੇਲੇ ਚਾਕੂ ਹੁੰਦਾ ਹੈ, ਉਸਦੀਆਂ ਉਂਗਲਾਂ ਵਿਚੋਂ ਕੁਝ ਸੈਕਿੰਡ ਖੂਨ ਦੀ ਹਰਕਤ ਵੀ ਰੁਕ ਜਾਂਦੀ ਹੈ।

ਲੀਡਰਾਂ ਨੂੰ ਵੀ ਕਈ ਲੋਕ ਪੱਥਰ ਆਖਦੇ ਹਨ, ਪਰ ਇਕ ਦੇਸ਼ ਨੂੰ ਚਾਨਣਾ ਦੇਣ ਲਈ ਛੁਰੀ ਦੀ ਚਮਕੀਲੀ ਧਾਰ ਹੇਠ ਦੀ ਲੰਘਣਾ ਪਵੇਗਾ।''

''ਮੈਂ ਸਮਝਦਾ ਹਾਂ ਤਬਦੀਲੀ ਸਮੇਂ ਕੋਈ ਕਸੂਰ ਵਾਲੇ ਨਹੀਂ ਹੁੰਦੇ। ਕੁਝ ਆਦਮੀ ਭੇਡਾਂ ਹੁੰਦੇ ਹਨ, ਤੇ ਕੁਝ ਸ਼ੇਰ । ਭੇਡਾਂ ਡਰਦੀਆਂ ਮਾਰੀਆਂ ਇਧਰ ਉਧਰ ਲੁਕਣ ਦੀ ਕੋਸ਼ਸ਼ ਕਰਦੀਆਂ ਹਨ; ਸ਼ੇਰ ਸਮਝਦੇ ਹਨ ਸਾਡੀ ਹੱਤਕ ਕਰਦੀਆਂ ਹਨ,'' ਗਾਵੇਨ ਨੇ ਕਿਹਾ ।

''ਭੇਡ ਲਕੀਰ ਦੀ ਫਕੀਰ ਹੈ ਤੇ ਜਾਨਵਰ ਹੈ'', ਸਿਮੋਰ ਨੇ ਕਿਹਾ ।

''ਸ਼ੇਰਾਂ ਦੇ ਮੂੰਹੀ ਵੀ ਲਹੂ ਲਗ ਜਾਂਦਾ ਹੈ ਤੇ ਉਹ ਮਾੜਿਆਂ ਨੂੰ ਸਦਾ ਤੋਂ ਮਾਰਦੇ ਆਏ ਹਨ। ਉਹ ਲਕੀਰ ਦੀ ਫਕੀਰ ਹੈ, ਇਹ ਲਹੂ ਦੇ ਫਕੀਰ ਹਨ । ਉਹ ਜਾਨਵਰ ਹਨ, ਸ਼ੇਰ ਮਾਰੂ ਜਾਨਵਰ ਹੈ,'' ਗਾਵੇਨ ਨੇ ਜ਼ੋਰ ਨਾਲ ਕਿਹਾ ।

''ਤਬਦੀਲੀ ਦਾ ਸਿੱਟਾ ਵੇਖਕੇ ਤੂੰ ਬੜਾ ਖੁਸ਼ ਹੋਵੇਂਗਾ।''

''ਹਾਲੇ ਤਾਂ ਮੈਂ ਇਸਦੇ ਕੰਡੇ ਵੇਖਕੇ ਦੁਖੀ ਹੋ ਰਿਹਾ ਹਾਂ। ਬੁਰੇ ਕੰਮਾਂ ਦੇ ਚੰਗੇ ਸਿਟੇ ਕਿਸੇ ਖੇਤ ਵਿਚੋਂ ਵੀ ਨਹੀਂ ਨਿਕਲਦੇ। ਮੈਂ ਰਾਜ ਤਖਤ ਢਾਹ ਦੇਣਾ ਚਾਹੁੰਦਾ ਹਾਂ, ਪਰ ਉਥੇ ਸੂਲੀਆਂ ਨਹੀਂ ਗੱਡਣਾ ਚਾਹੁੰਦਾ। ਤਾਜ ਗਰੀਬਾਂ ਨੂੰ ਵੰਡ ਦਿਓ,ਪਰ ਸਿਰਾਂ ਦੀ ਰਖਿਆ ਕਰੋ। ਮੈਂ ਫੌਜੀ ਹਾਂ, ਜਿੱਤਣਾ ਮੇਰੇ ਲਈ ਜ਼ਰੂਰੀ ਹੈ, ਪਰ ਜਿੱਤ ਨੂੰ ਸਾਂਭਣਾ ਉਸ ਤੋਂ ਵੀ ਜ਼ਰੂਰੀ ਹੈ । ਮੈਂ ਜਿਸਨੂੰ ਆਪਣੇ ਬਾਹੂਬਲ ਨਾਲ ਜਿੱਤਦਾ ਹਾਂ, ਉਸਨੂੰ ਆਪਣੀ ਖਿਮਾਂ ਨਾਲ ਖਿਮਾਂ ਕਰਨ ਦਾ ਹੱਕ ਵੀ ਆਪਣੇ ਕੋਲ ਸਮਝਦਾ ਹਾਂ । ਲੜਾਈ ਵਿਚ ਮੈਂ ਵੈਰੀ ਹਾਂ, ਪਰ ਅਗੋਂ ਪਿਛੋਂ ਉਨ੍ਹਾਂ ਦਾ ਭਰਾ ਹਾਂ,'' ਗਾਵੇਨ ਨੇ ਕਿਹਾ ।

''ਦੁਸ਼ਮਣਾਂ ਦੇ ਭਰਾ ਤੇ ਮੇਰੇ ਵੈਰੀ ? ਹੁਣ ਰਾਤ ਅੱਧੀ ਤੋਂ

ਬਹੁਤੀ ਹੋ ਗਈ ਹੈ, ਜਾਹ ਜਾਕੇ ਆਰਾਮ ਕਰ", ਨਿਰਾਸਾ ਤੇ ਗੁੱਸੇ ਦੇ ਵਿਚਕਾਰ ਸਿਮੋਰ ਨੇ ਕਿਹਾ।

"ਮੈਂ ਜਿੰਨਾ ਚਿਰ ਜੀਉਂਦਾ ਹਾਂ, ਮੇਰੀ ਗਰਦਨ ਹਮੇਸ਼ਾਂ ਆਪਣੇ ਉਸਤਾਦ ਅਗੇ ਝੁਕੀ ਰਹੇਗੀ"। ਇਹ ਕਹਿਕੇ ਗਾਵੇਨ ਨੇ ਆਪਣਾ ਸਿਰ ਸਿਮੋਰ ਦੀ ਗੋਦੀ ਵਿਚ ਰੱਖ ਦਿੱਤਾ।

ਸਿਮੋਰ ਦੀਆਂ ਅੱਖਾਂ ਤਾਰਿਆਂ ਵਾਂਗ ਡੁਲ੍ਹ ਕੇ ਪਈਆਂ, ਪਰ ਉਸਦੇ ਮੂੰਹੋਂ ਨਾ ਕੋਈ ਸ਼ਬਦ ਨਿਕਲਿਆ ਤੇ ਨਾ ਅੱਥਰੂ ਥੱਲੇ ਢੱਠਾ।

# ਮਾਂ

ਫ਼ਲੇਸ਼ਾਰਡ ਨੂੰ ਚੁਕਾ ਕੇ ਟੇਲੀਮਾਰਚ ਆਪਣੀ ਗੁਫ਼ਾ ਵਿਚ ਲੈ ਗਿਆ। ਤਿੰਨ ਜ਼ਖ਼ਮ ਸਨ—ਇਕ ਮੋਢੇ ਤੇ,ਇਕ ਹੱਸ ਤੇ, ਇਕ ਛਾਤੀ ਵਿਚ। ਟੇਲੀਮਾਰਚ ਨੇ ਆਤਮਕ ਤੌਰ ਤੇ ਅਰਦਾਸਾਂ ਨਾਲ ਤੇ ਬੂਟੀਆਂ ਨਾਲ ਫ਼ਲੇਸ਼ਾਰਡ ਦੇ ਜ਼ਖ਼ਮਾਂ ਦੀ ਮਲ੍ਹਮਪਟੀ ਸ਼ੁਰੂ ਕਰ ਦਿਤੀ।

ਭਾਵੇਂ ਪੀੜਾਂ ਨੇ ਦਿਮਾਗ਼ ਨੂੰ ਦਬਾਇਆ ਹੋਇਆ ਸੀ, ਫਿਰ ਭੀ ਬੁੜਾਉਣ ਵੇਲੇ ਮਾਂ ਦੇ ਮੂੰਹੋਂ ਨਿਕਲ ਜਾਂਦਾ, "ਮੇਰੇ ਬੱਚੇ, ਮੇਰੇ ਬੱਚੇ, ਮੇਰੇ ਬੱਚੇ"। ਤਿੰਨ ਵਾਰ ਉੱਚੀ ਕਹਿ ਕੇ ਫ਼ਿਰ ਹੋਰ ਉਚੀ ਕਹਿੰਦੀ, "ਮੇਰੇ ਬੱਚੇ, ਮੇਰੇ ਬੱਚੇ, ਮੇਰੇ ਬੱਚੇ।" ਤਿੰਨੇ ਜ਼ਖ਼ਮ ਹਿਲ ਜਾਂਦੇ, ਉਹਨਾਂ ਵਿੱਚੋਂ ਖ਼ੂਨ ਵਗਣ ਲਗ ਪੈਂਦਾ, ਮਾਂ ਚੁਪ ਹੋ ਜਾਂਦੀ, ਪਰ ਬੁਲ੍ਹ ਫ਼ਰਕਦੇ ਰਹਿੰਦੇ। ਅੰਦਰ ਨਾੜ ਨਾੜ ਵਿੱਚੋਂ, ਲਹੂ ਦੇ ਕਤਰੇ ਕਤਰੇ ਵਿੱਚੋਂ ਗੁੰਬਦ ਵਾਂਗ ਅਵਾਜ਼ ਗੂੰਜਦੀ ਸੀ "ਮੇਰੇ ਬੱਚੇ।"

ਟੈਲੀ ਮਾਰਚ ਮਾਂ ਦੀਆਂ ਅੱਖਾਂ ਵਲ ਵੇਖਦਾ ਤੇ ਝਟ ਨੀਵੀਂ ਪਾ ਲੈਂਦਾ। ਨੈਣਾਂ ਦੀਆਂ ਬੇਚੈਨ ਪੁਤਲੀਆਂ ਵਿਚ ਡੂੰਘਾ ਦੁਖ ਸੀ। ਮਾਂ ਦੀ ਨਜ਼ਰ ਗੁਫ਼ਾ ਦੇ ਇਕ ਸਿਰੇ ਤੋਂ ਕੁਝ ਵੇਖਣ ਲਗਦੀ ਤੇ ਦੂਜੇ ਸਿਰੇ ਤਕ ਚਲੀ ਜਾਂਦੀ। ਫਿਰ ਪਹਿਲੀ ਚੀਜ਼ ਤੋਂ ਵੇਖਣ ਲਗਦੀ ਤੇ ਟਿਕਟਿਕੀ ਲਾ ਕੇ ਇਕ ਇਕ ਚੀਜ਼ ਨੂੰ ਤੱਕਦੀ, ਸਾਰੀ ਗੁਫਾ ਢੂੰਢ ਮਾਰਦੀ। ਮਾਂ ਵੇਹਲੀ ਕਦੀ ਨਹੀਂ ਬੈਠ ਸਕਦੀ, ਹਰ ਸਮੇਂ ਬੱਚਿਆਂ

ਵਿਚ ਰੁੱਝੀ ਰਹਿੰਦੀ ਹੈ।

ਫਲੇ ਸ਼ਾਰਡ ਨੂੰ ਹੋਸ਼ ਆ ਗਈ । ਟੈਲੀ ਮਾਰਚ ਨੂੰ ਵੇਖਕੇ ਬੋਲੀ—"ਬਾਬਾ ! ਮੇਰੇ ਬੱਚੇ।"

ਟੈਲੀ ਮਾਰਚ ਦੀ ਜ਼ਿੰਦਗੀ ਵਿਚ ਕਿਸੇ ਵੀ ਮਰੀਜ਼ ਨੇ ਅਜੇਹਾ ਪ੍ਰਸ਼ਨ ਨਹੀਂ ਸੀ ਕੀਤਾ,ਜਿਸ ਨੂੰ ਉਹ ਉੱਤਰ ਨ ਦੇ ਸਕਦਾ। ਅਜ ਉਹ ਚੁਪ ਕਰ ਗਿਆ ਤੇ ਅੱਖਾਂ ਨੀਵੀਆਂ ਪਾ ਲਈਆਂ।

ਫ਼ਲੇ ਸ਼ਾਰਡ ਨੇ ਫਿਰ ਆਖਿਆ, "ਬਾਬਾ ਜੀ, ਮੇਰੇ ਬੱਚੇ।"

ਟੈਲੀ ਮਾਰਚ ਨੇ ਕਿਹਾ, "ਹੁਣ ਕੇਹੜੇ ਜ਼ਖਮ ਵਿਚ ਬਹੁਤੀ ਦਰਦ ਹੁੰਦੀ ਹੈ ?"

ਛਾਤੀ ਤੇ ਹਥ ਰਖਕੇ ਮਾਂ ਨੇ ਕਿਹਾ:"ਏਥੇ।"

ਟੈਲੀ ਮਾਰਚ ਨੇ ਧਿਆਨ ਨਾਲ ਵੇਖਿਆ, ਮਾਂ ਦਾ ਹਥ ਜ਼ਖ਼ਮਾਂ ਤੋਂ ਦੂਰ ਸੀ। ਉਹ ਬੋਲਿਆ, "ਜ਼ਖ਼ਮ ਦੇ ਇਧਰ ਉਧਰ ਸੋਜ ਹੈ ਤੇ ਅੱਲ੍ਹਾ ਕਰਕੇ ਤਕਲੀਫ ਹੈ।"

ਮਾਂ ਬੋਲੀ, "ਨਾਂ ਜ਼ਖ਼ਮ ਕਰਕੇ ਪੀੜ ਹੈ ਤੇ ਨਾ ਅੱਲ੍ਹਾ ਕਰਕੇ ਦਰਦ ਹੈ, ਇਹ ਬੱਚਿਆਂ ਦੇ ਨ ਹੋਣ ਕਰਕੇ ਮਾਂ ਨੂੰ ਤਰਾਟਾਂ ਪੈਂਦੀਆਂ ਹਨ।"

ਟੈਲੀ ਮਾਰਚ ਸੁਣਕੇ ਕੰਬ ਉਠਿਆ ਤੇ ਉਥੋਂ ਉਠਕੇ ਤੁਰ ਪਿਆ। ਜਾਂਦਾ ਜਾਂਦਾ ਕਹਿਣ ਲਗਾ, "ਮੈਂ ਹੁਣੇ ਔਂਦਾ ਹਾਂ।"

ਟੈਲੀ ਮਾਰਚ ਜ਼ਖਮ ਸਾਫ ਕਰਦਾ, ਪਟੀਆਂ ਬੰਨ੍ਹਦਾ, ਪੀਣ ਨੂੰ ਦੁਵਾਈਆਂ ਦੇਂਦਾ, ਪਰ ਘਾਇਲ ਮਾਂ ਨੇ ਕਦੀ ਵੀ ਨ ਪੁਛਿਆ, "ਮੈਂ ਕਦ ਰਾਜ਼ੀ ਹੋਵਾਂਗੀ, ਕਿੰਨੇ ਕਿੰਨੇ ਜ਼ਖ਼ਮ ਹਨ।" ਉਹ ਹਮੇਸ਼ਾ ਪੁਛਦੀ "ਮੇਰੇ ਬੱਚੇ।" ਟੈਲੀ ਮਾਰਚ ਪੱਟੀ ਕਰਕੇ ਝਟ ਪਟ ਗੁਫਾ ਵਿਚੋਂ ਬਾਹਰ ਨਿਕਲ ਜਾਂਦਾ, ਇਧਰ ਉਧਰ ਵਿਆਕੁਲ ਹੋ ਕੇ ਫਿਰਦਾ ਰਹਿੰਦਾ, ਕਈ ਪਾਂਧੀਆਂ ਨੂੰ ਪੁਛਦਾ, "ਤੁਹਾਨੂੰ ਤਿੰਨ

ਬੱਚਿਆਂ ਦਾ ਕੋਈ ਪਤਾ ਹੈ ?"

ਮੁਸਾਫਰ ਰੁਕ ਜਾਂਦੇ ਤੇ ਪੁਛਦੇ, "ਉਹ ਕੇਡੇ ਕੇਡੇ ਸਨ ?"

"ਏਡੇ, ਏਡੇ," ਹਥ ਨਾਲ ਇਸ਼ਾਰਾ ਕਰਕੇ ਟੈਲੀ-ਮਾਰਚ ਦਸਦਾ।

ਮੁਸਾਫਰ ਧਿਆਨ ਨਾਲ ਸੱਤਰ ਅਸੀ ਸਾਲ ਦੇ ਬੁਢੇ ਨੂੰ ਤੇ ਉਸ ਦੀ ਪੁਸ਼ਾਕ ਨੂੰ ਵੇਖਦੇ ਤੇ ਬਿਨਾਂ ਕਿਸੇ ਉਤਰ ਦੇਣ ਤੋਂ ਪਹਿਲਾਂ ਆਪਣੇ ਰਾਹ ਤੁਰ ਪੈਂਦੇ। ਕਿਸੇ ਦੇ ਦਿਲ ਵਿਚ ਤਰਸ ਔਂਦਾ ਤਾਂ ਉਹ ਆਖਦਾ, "ਇਹ ਕੋਈ ਜੰਗਲ ਵਿਚ ਨਿਪੁੱਤਾ ਪਾਗਲ ਹੈ। ਜੇ ਇਸ ਦਾ ਕੋਈ ਵੀ ਹੁੰਦਾ ਤਾਂ ਇਸ ਦੀ ਇਸ ਆਸਰਾ ਢੂੰਡਣ ਵਾਲੀ ਉਮਰ ਵਿਚ ਸੇਵਾ ਕਰਦਾ।"

ਲਾਗਲੇ ਪਿੰਡਾਂ ਵਾਲੇ ਉਸ ਤੋਂ ਹਮੇਸ਼ਾ ਡਰਦੇ ਸਨ। ਜੇ ਕਿਤੇ ਦੂਰੋਂ ਔਂਦੇ ਟੈਲੀ ਮਾਰਚ ਤੇ ਕਿਸੇ ਬੱਚੇ ਦੀ ਨਜ਼ਰ ਪੈ ਜਾਂਦੀ, ਉਹ ਦੌੜ ਜਾਂਦਾ, ਜਾਂ ਉਹਲੇ ਹੋਕੇ ਛਹਿਕੇ ਬੈਠ ਜਾਂਦਾ, ਤੇ ਉਨਾਂ ਚਿਰ ਲੁਕਿਆ ਰਹਿੰਦਾ ਜਿਨਾਂ ਚਿਰ ਟੈਲੀ ਮਾਰਚ ਅਗੇ ਲੰਘਕੇ ਦੂਰ ਨ ਚਲਿਆ ਜਾਂਦਾ। ਲੋੜ ਬੜੀ ਭੈੜੀ ਚੀਜ਼ ਹੈ ਲੋੜ ਵੇਲੇ ਕਿਸਾਨ ਡਰਦੇ ਡਰਦੇ ਔਂਦੇ ਤੇ ਟੈਲੀ ਮਾਰਚ ਜੜ੍ਹੀ ਬੂਟੀ ਦੇ ਕੇ ਬੀਮਾਰਾਂ ਨੂੰ ਰਾਜ਼ੀ ਕਰਦਾ। ਲੋਕਾਂ ਦਾ ਯਕੀਨ ਸੀ, ਟੈਲੀ ਮਾਰਚ ਮੰਤਰ ਨਾਲ ਰਾਜ਼ੀ ਕਰਦਾ ਹੈ ਤੇ ਬੂਟੀਆਂ ਦੇ ਐਵੇਂ ਬਹਾਨੇ ਕਰਦਾ ਹੈ।

ਸਹਿਜੇ ਸਹਿਜੇ ਜ਼ਖ਼ਮ ਰਾਜ਼ੀ ਹੁੰਦੇ ਗਏ, ਪਰ ਜਦੋਂ ਮਾਂ ਪੁਣਾ ਆਤਮਾ ਵਿਚੋਂ ਵਧਦਾ ਵਧਦਾ ਸਰੀਰ ਵਿਚ ਆਉਂਦਾ, ਫਲੇਸ਼ਾਰਡ ਪੱਟੀਆਂ ਪਾੜ ਛਡਦੀ, ਜ਼ਖ਼ਮ ਛਿਲ ਦੇਂਦੀ, ਸਿਰ ਖੋਹ ਸੁਟਦੀ ਤੇ ਅਖੀਰ ਥੱਕ ਕੇ ਬੇਹੋਸ਼ ਹੋ ਡਿਗ ਪੈਂਦੀ। ਟੈਲੀ ਮਾਰਚ ਘਾਬਰਿਆ ਆਉਂਦਾ, ਸਭ ਕੁਝ ਵੇਖਦਾ, ਤੇ ਬਿਨਾਂ ਕੁਝ ਕਹਿਣ ਤੋਂ ਫਿਰ ਪੱਟੀ ਬੰਨ੍ਹ ਦੇਂਦਾ। ਗੁਫਾ ਵਿਚੋਂ ਬਾਹਰ ਜਾਕੇ ਘੰਟਿਆਂ ਬੱਧੀ ਏਸੇ

ਚਿੰਤਾ ਵਿਚ ਡੁੱਬਾ ਰਹਿੰਦਾ।

ਇਕ ਦਿਨ ਟੈਲੀ ਮਾਰਚ ਆਇਆ ਤੇ ਕਹਿਣ ਲਗਾ, "ਤੂੰ ਕੀ ਚਾਹੁੰਦੀ ਏਂ ?"

"ਮਾਂ ਆਦ ਜੁਗਾਦੋਂ ਬੱਚੇ ਮੰਗਦੀ ਆਈ ਏ, ਮੇਰੇ ਬੱਚੇ।"

"ਤੇਰੇ ਬੱਚੇ ਤੈਨੂੰ ਮਿਲ ਸੱਕਦੇ ਹਨ, ਪਰ ਇਕ ਸ਼ਰਤ ਤੇ।"

ਫਲੇਸ਼ਾਰਡ ਝਟ ਉਠ ਕੇ ਬਹਿ ਗਈ ਤੇ ਬੋਲੀ, "ਮਿਲ ਸੱਕਦੇ ਹਨ ?"

"ਹਾਂ, ਪਰ ਇਕ ਸ਼ਰਤ ਹੈ।"

"ਬਾਬਾ ਰਬ ਨੇ ਮਾਂਵਾਂ ਦੀ ਝੋਲੀ ਬੱਚੇ ਬਿਨਾਂ ਸ਼ਰਤਾਂ ਤੋਂ ਪਾਏ ਨੇ, ਤੂੰ ਕਿਉਂ ਸ਼ਰਤਾਂ......ਹਾਂ, ਕਿਸ ਸ਼ਰਤ ਤੇ ?"

"ਮੰਨੇਗੀ ?"

"ਮੰਨਣਾ ਈ ਪਵੇਗਾ।"

"ਤੋੜੇਂਗੀ ਤਾਂ ਨਹੀਂ !"

"ਮਾਂਵਾਂ ਕਦੀ ਤੋੜਦੀਆਂ ਨਹੀਂ, ਹਮੇਸ਼ਾਂ ਬਣਾਉਂਦੀਆਂ ਹਨ ।"

"ਜਿੰਨਾ ਚਿਰ ਤੇਰੇ ਜ਼ਖ਼ਮ ਨਹੀਂ ਰਾਜ਼ੀ ਹੁੰਦੇ, ਉੱਨਾਂ ਚਿਰ ਤੂੰ ਨ ਕੁਝ ਬੱਚਿਆਂ ਸੰਬੰਧੀ ਕਿਹਾ ਕਰ, ਤੇ ਨ ਆਪਣੇ ਜ਼ਖ਼ਮ ਵਿਗਾ-ੜਿਆ ਕਰ। ਜਦੋਂ ਤੂੰ ਰਾਜ਼ੀ ਹੋ ਗਈਓਂ, ਮੈਂ ਤੈਨੂੰ ਤੇਰੇ ਬੱਚੇ ਲਿਆ ਦਿਆਂਗਾ।"

"ਮੈਨੂੰ ਤੁਸੀਂ ਹੁਣ ਬੱਚੇ ਲਿਆ ਦਿਓ, ਮੈਂ ਝਟ ਰਾਜ਼ੀ ਹੋ ਜਾਵਾਂਗੀ। ਮੇਰੇ ਜ਼ਖਮਾਂ ਦੀਆਂ ਮਲ੍ਹਮਾਂ ਮੇਰੇ ਬੱਚੇ ਹਨ। ਤੂੰਹੇਂ ਦਸ ਬਾਬਾ, ਮਾਂ ਬੱਚਿਆਂ ਬਿਨਾਂ ਕਿਵੇਂ ਰਾਜ਼ੀ ਹੋਵੇਗੀ ? ਮੈਨੂੰ ਮੇਰੇ ਬੱਚੇ ਦੇਕੇ, ਭਾਵੇਂ ਸਾਰੇ ਅੰਗ ਘਾਵਾਂ ਨਾਲ ਭਰ ਦਿਓ ਮੈਨੂੰ ਕੋਈ ਦੁਖ ਨਹੀਂ ਹੋਵੇਗਾ ।"

"ਤੂੰ ਸ਼ਰਤ ਤੇ ਨਹੀਂ ਚਲੇਂਗੀ ?"

"ਮੈਨੂੰ ਹਰ ਹਾਲ ਚਲਣਾ ਪਵੇਗਾ, ਮੈਂ ਹੁਣ ਤੋਂ ਚਲਦੀ ਹਾਂ," ਕਹਿਕੇ ਫਲੇਸ਼ਾਰਡ ਚੁਪ ਹੋ ਗਈ।

ਸੂਰਜ ਅਜੇ ਰਤਾ ਕੁ ਰਹਿੰਦਾ ਸੀ। ਕਾਲੀਆਂ ਘਟਾਂ ਆਈਆਂ, ਪਿਛੇ ਪਿਛੇ ਝਖੜ ਆਇਆ, ਜੰਗਲ ਵਿਚ ਸ਼ਾਂ ਸ਼ਾਂ ਦੀ ਭਿਆਨਕ ਅਵਾਜ਼ ਗੂੰਜਣ ਲੱਗੀ। ਫਲੇਸ਼ਾਰਡ ਕਹਿਣ ਲਗੀ, "ਬਾਬਾ, ਇਹ ਕਿਸ ਚੀਜ਼ ਦੀ ਇਤਨੀ ਭਿਆਨਕ ਆਵਾਜ਼ ਹੈ?"

"ਸਾਰੇ ਜੰਗਲ ਦੀ ਤੇ ਜੰਗਲ ਦੇ ਵਸਨੀਕ ਜਾਨਵਰਾਂ ਦੀ। ਉਹ ਕੇਹੜੀ ਅਵਾਜ਼ ਹੈ, ਜੇਹੜੀ ਇਸ ਸ਼ੋਰ ਵਿਚ ਨਹੀਂ?" ਟੈਲੀ ਮਾਰਚ ਨੇ ਕਿਹਾ।

"ਬਾਬਾ, ਕੁਝ ਅਵਾਜ਼ਾਂ ਇਹਨਾਂ ਵਿਚ ਨਹੀਂ ਹਨ।"

"ਉਹ ਕੇਹੜੀਆਂ?"

"ਬਚਿਆਂ ਦੀਆਂ ਪਿਆਰੀਆਂ ਅਵਾਜ਼ਾਂ।"

ਟੈਲੀ ਮਾਰਚ ਚੁਪ ਹੋ ਗਿਆ।

ਫਲੇਸ਼ਾਰਡ ਬੋਲੀ, "ਤੁਸੀਂ ਇਹ ਨਾ ਸਮਝਣਾ ਮੈਂ ਸ਼ਰਤ ਤੋੜ ਰਹੀ ਹਾਂ, ਮੈਂ ਜੰਗਲ ਦੀ ਸ਼ਾਂ ਸ਼ਾਂ ਦੀ ਗਲ ਕਰਦੀ ਹਾਂ।"

"ਮੈਨੂੰ ਕੋਈ ਭੁਲੇਖਾ ਨਹੀਂ। ਮੈਂ ਜਾਣਦਾ ਹਾਂ, ਆਮ ਕਰਕੇ ਇਸਤ੍ਰੀਆਂ ਤੇ ਖਾਸ ਕਰਕੇ ਮਾਵਾਂ ਆਪਣੀ ਜ਼ਬਾਨ ਤੋਂ ਕਦੀ ਇਧਰ ਉਧਰ ਨਹੀਂ ਹੁੰਦੀਆਂ, ਭਾਵੇਂ ਉਨ੍ਹਾਂ ਨੂੰ ਕਿੰਨੀ ਵੀ ਤਕਲੀਫ ਹੋਵੇ।"

ਫਲੇ ਸ਼ਾਰਡ ਕਿੰਨਾਂ ਚਿਰ ਚੁਪ ਰਹੀ ਤੇ ਕੁਝ ਸੋਚ ਕੇ ਬੋਲੀ, "ਬਾਬਾ, ਤੇਰੀ ਗੁਫਾ ਵਿਚ ਇਕ ਬੜਾ ਘਾਟਾ ਹੈ।"

"ਐਸ ਵੇਲੇ ਕੋਈ ਐਸਾ ਘੁਰਨਾ ਨਹੀਂ, ਜਿਸ ਵਿਚ ਪਾਣੀ ਨਾ ਪਹੁੰਚ ਗਿਆ ਹੋਵੇ, ਪਰ ਮੇਰੀ ਗੁਫਾ ਵਿਚ ਕਣੀਆਂ ਦਾ ਨਿਸ਼ਾਨ ਤੱਕ ਨਹੀਂ," ਟੈਲੀ ਮਾਰਚ ਨੇ ਕਿਹਾ।

"ਮੀਂਹ ਦੇ ਲਿਹਾਜ ਨਾਲ ਗੁਫਾ ਬਹੁਤ ਚੰਗੀ ਹੈ।"

"ਸੌਂਣ ਲਈ ਕੋਠੀ ਕੁ ਸੁਹਣੀ ਏ ?"

"ਬਹੁਤ ਸੁਹਣੀ।"

"ਤੇ ਘਾਟਾ ਕੀ ਏ ?"

"ਅੰਦਰ ਔਣ ਜਾਂ ਬਾਹਰ ਜਾਣ ਵੇਲੇ ਡਿੱਗਣ ਦਾ ਡਰ ਰਹਿੰਦਾ ਹੈ।"

"ਤੂੰ ਕਦੀ ਡਿੱਗੀ ਏਂ ?" ਟੈਲੀ ਮਾਰਚ ਨੇ ਪੁਛਿਆ।

"ਮੈਂ ਕਦੀ ਨਹੀਂ ਡਿਗ ਸਕਦੀ।"

"ਹੋਰ ਕੌਣ ਡਿੱਗ ਸਕਦਾ ਹੈ, ਮੈਂ ?" ਟੈਲੀ ਮਾਰਚ ਨੇ ਕਿਹਾ।

"ਤੁਸੀਂ ਵੀ ਕਦੀ ਨਹੀਂ ਡਿੱਗ ਸਕਦੇ।"

"ਤੇ ਹੋਰ ਡਿਗਣਾ ਈ ਕਿੰਨ ਹੋਇਆ, ਝੱਲੀਏ ?" ਟੈਲੀ-ਮਾਰਚ ਨੇ ਹਸਦਿਆਂ ਕਿਹਾ।

"ਨਿੱਕੇ ਨਿੱਕੇ ਬੱਚੇ ਡਿੱਗਣ ਦਾ ਹਰ ਵੇਲੇ ਖਤਰਾ ਹੈ, ਜਦੋਂ ਮੇਰੇ ਬੱਚੇ ਏਥੇ ਆਏ, ਤਾਂ ਕਿਤੇ ਡਿੱਗ ਨਾ ਪੈਣ। ਮੈਂ ਵਾਰੀ ਵਾਰੀ ਚੁਕਕੇ ਅੰਦਰ ਲੈ ਆਇਆ ਕਰਾਂਗੀ ਤੇ ਏਸੇ ਤਰ੍ਹਾਂ ਬਾਹਰ। ਮੇਰਾ ਵੱਡਾ ਪੁਤਰ ਬੜਾ ਹੁਸ਼ਿਆਰ ਹੈ, ਉਸਨੇ ਬੱਕਰੀ ਬਣਕੇ ਆਪੇ ਬਾਹਰ ਚਲਿਆ ਜਾਇਆ ਕਰਨਾ ਹੈ ਤੇ ਆਪੇ ਅੰਦਰ"। ਫਲੇ-ਸ਼ਾਰਡ ਬੱਕਰੀ ਬਣੀ ਹੋਈ ਸੀ।

ਟੈਲੀ ਮਾਰਚ ਬਨਾਉਟੀ ਗੁਸੇ ਨਾਲ ਬੋਲਿਆ, "ਆਪਣੀ ਸ਼ਰਤ ਤੇ ਪੱਕੀ ਰਹਿਣਾ, ਜੇ ਤੂੰ ਸ਼ਰਤ ਤੋੜੇਂਗੀ ਤਾਂ ਮੈਂ ਵੀ ਤੋੜ ਦੇਵਾਂਗਾ।"

ਮਾਂ ਕੁਝ ਚਿਰ ਚੁਪ ਕਰ ਗਈ। ਕੋਈ ਧੁਰੋਂ ਅੰਦਰ ਇਕ ਲਹਿਰ ਜੇਹੀ ਉਠੀ ਤੇ ਮਾਂ ਉਸਦੀ ਸ਼ਕਲ ਥੋੜ੍ਹੀ ਜੇਹੀ ਵਿਗਾੜਦੀ ਹੋਈ ਬੋਲੀ, "ਮੈਂ ਕੇਵਲ ਗੁਫਾ ਦੀ ਗਲ ਕਰਦੀ ਹਾਂ, ਇਸ ਵਿਚ ਇਕ ਘਾਟਾ ਹੈ। ਮੈਂ ਸ਼ਰਤ ਤੇ ਬਿਲਕੁਲ ਪੱਕੀ ਹਾਂ।" ਕੁਝ ਚਿਰ

ਚੁਪ ਰਹਿਕੇ ਬੋਲੀ, "ਬਾਬਾ, ਜੰਗਲ ਵਿਚ ਕੇਹੜੇ ਕੇਹੜੇ ਜਾਨਵਰ ਰਹਿੰਦੇ ਹਨ ?"

"ਸ਼ੇਰ, ਚੀਤੇ, ਬਘਿਆੜ ਤੇ ਹੋਰ ਅਨੇਕਾਂ ਮਾਰੂ ਜਾਨਵਰ।" ਟੋਲੀ ਮਾਰਚ ਦੀਆਂ ਅੱਖਾਂ ਵਿਚ ਅਨੇਕਾਂ ਜਾਨਵਰਾਂ ਦੀਆਂ ਤਸਵੀਰਾਂ ਸਨ ।

"ਜੰਗਲਾਂ ਵਿਚ ਕਦੀ ਨਹੀਂ ਰਹਿਣਾ ਚਾਹੀਦਾ", ਮਾਂ ਬੋਲੀ।

"ਸਾਡੇ ਰਿਖੀ ਮੁਨੀ ਜੰਗਲਾਂ ਵਿਚ ਰਹਿੰਦੇ ਆਏ ਹਨ। ਜਿੰਨਾਂ ਕੋਈ ਕੁਦਰਤ ਦੇ ਨੇੜੇ ਹੋਵੇਗਾ,ਉਨਾਂ ਰੱਬ ਦੇ ਲਾਗੇ ਜਾਵੇਗਾ। ਕੁਦਰਤ ਤਾਂ ਰੱਬ ਦਾ ਸਰੀਰ ਹੋਇਆ", ਟੋਲੀ ਮਾਰਚ ਰੁਕਕੇ ਬੋਲਿਆ, "ਸ਼ਹਿਰੀਏ ਵੀ ਜੰਗਲਾਂ, ਪਹਾੜਾਂ ਤੇ ਝਰਨਿਆਂ ਦੀਆਂ ਤਸਵੀਰਾਂ ਪੱਕੀਆਂ ਕੋਠੀਆਂ ਵਿਚ ਟੰਗ ਛਡਦੇ ਹਨ; ਕੁਦਰਤ ਦੇ ਪਿਆਰ ਦੀ ਭੁਖ ਕਦੀ ਨਹੀਂ ਮਿਟ ਸਕਦੀ।"

"ਬਾਬਾ ਤੂੰ ਤੇ ਹੋਰ ਲੰਬੀਆਂ ਕਹਾਣੀਆਂ ਸ਼ੁਰੂ ਕਰ ਦੇਂਦਾ ਏਂ। ਮੈਂ ਕਹਿੰਦੀ ਹਾਂ, ਰਿਖੀ ਮੁਨੀ ਭਾਵੇਂ ਜੰਗਲ ਵਿਚ ਰਹਿਣ, ਉਨ੍ਹਾਂ ਨੂੰ ਕੋਈ ਡਰ ਨਹੀਂ । ਜਦੋਂ ਮਾਰੂ ਜਾਨਵਰ ਆਉਣਗੇ, ਭਜਕੇ ਇਧਰ ਉਧਰ ਲੁਕ ਜਾਣਗੇ । ਪਰ ਤੁਸੀਂ ਸੋਚੋ, ਬੱਚੇ ਕੀ ਕਰਨਗੇ ? ਬਾਬਾ, ਨਿੱਕੀਆਂ ਨਿੱਕੀਆਂ ਲੱਤਾਂ ਨਾਲ ਉਹ ਕਿਵੇਂ ਦੌੜ ਸਕਦੇ ਹਨ ? ਮੇਰੇ ਰਿੜ੍ਹਨ ਵਾਲੇ ਬੱਚੇ ਹਨ ।" ਮਾਂ ਦੀਆਂ ਅੱਖਾਂ ਵਿਚ ਬੱਚੇ ਰਿੜ੍ਹ ਰਹੇ ਸਨ।

ਟੋਲੀ ਮਾਰਚ ਸਮਝ ਗਿਆ ਕਿ ਮਾਂ ਦੀ ਹਰ ਇਕ ਗਲ ਦਾ ਅੰਤ ਬੱਚਿਆਂ ਦੀ ਭਲਿਆਈ ਜਾਂ ਰਾਖੀ ਹੈ। ਮਾਂ ਦੀ ਜ਼ਿੰਦਗੀ ਦਾ ਹਰ ਇਕ ਕੋਨਾ ਬੱਚਿਆਂ ਨਾਲ ਭਰਿਆ ਪਿਆ ਹੈ। ਮਾਂ ਨੂੰ ਚੀਰਨ ਨਾਲ ਲਹੂ ਦੇ ਤੁਪਕੇ ਘਟ ਡਿੱਗਣਗੇ, ਪਰ ਅਸੀਸਾਂ ਬਹੁਤੀਆਂ।

ਫਲੇ ਸ਼ਾਰਡ ਬੋਲੀ, "ਬਾਬਾ......"

ਵਿਚੋਂ ਗਲ ਟੋਕਕੇ ਟੌਲੀ ਮਾਰਚ ਬੋਲਿਆ, "ਚੁਪ ਕਰਕੇ ਸੌਂ ਜਾਹ, ਉਤੋਂ ਅੱਧੀ ਰਾਤ ਹੋਣ ਲਗੀ ਏ।"

ਮਾਂ ਬੋਲੀ, "ਬਾਬਾ, ਬੱਚਿਆਂ ਦੀਆਂ ਗੱਲਾਂ ਕਰਨ ਵੇਲੇ ਵੀ ਰਾਤ ਦਾ ਪਤਾ ਬਹੁ ਰਹਿ ਸਕਦਾ ਹੈ।"

ਟੌਲੀ ਮਾਰਚ ਚੁਪ ਹੋ ਗਿਆ।

ਫਲੇਸ਼ਾਰਡ ਵੀ ਚੁਪ ਕਰ ਗਈ ਤੇ ਬੱਚਿਆਂ ਦੇ ਰਾਜ਼ੀ ਹੋਣ ਵਾਲੀ ਸ਼ਰਤ ਸੰਬੰਧੀ ਸੋਚਣ ਲੱਗੀ। ਸੋਚ ਦੇ ਹਲਕੇ ਤੇ ਲੰਮੇ ਕਦਮ ਜੰਗਲਾਂ, ਪਹਾੜਾਂ, ਝਰਨਿਆਂ, ਸ਼ੇਰਾਂ ਤੇ ਚੀਤਿਆਂ ਉਤੋਂ ਦੀ ਲੰਘਦੇ ਗਏ। ਕੁਲ ਕੁਲ ਕਰਦੇ ਚਸ਼ਮਿਆਂ ਦਾ ਸੰਗੀਤ ਉਸਦੇ ਕੰਨੀਂ ਪੈਣ ਲੱਗਾ। ਕਈ ਸੂਰਜ ਹਵਾਈਆਂ ਵਾਂਗ ਚੜ੍ਹੇ ਤੇ ਦੂਰ ਜਾਕੇ ਡਿੱਗੇ। ਪ੍ਰਭਾਤਾਂ ਤੇ ਸ਼ਾਮਾਂ, ਭਗਤਾਂ ਦੀਆਂ ਮਾਲਾਂ ਵਾਂਗ ਘੁੰਮਦੀਆਂ ਗਈਆਂ। ਪੰਛੀਆਂ ਦੀਆਂ ਡਾਰਾਂ ਸਵੇਰੇ ਗਾਂਦੀਆਂ, ਬ੍ਰਿਛਾਂ ਤੋਂ ਉੱਡਦੀਆਂ ਤੇ ਸ਼ਾਮ ਨੂੰ ਲੰਮੀਆਂ ਧੌਣਾਂ ਅਗੇ ਕਰਕੇ ਆਪਣੇ ਬੱਚਿਆਂ ਦੇ ਧਿਆਨ ਵਿਚ ਆਲ੍ਹਣਿਆਂ ਵਲ ਨੂੰ ਔਂਦੀਆਂ ਤੱਕੀਆਂ। ਕਈ ਪੱਟੀਆਂ ਬਦਲੀਆਂ ਤੇ ਕਈ ਮਲ੍ਹਮਾਂ ਲਾਈਆਂ। ਮਾਂ ਰਾਜ਼ੀ ਹੋ ਗਈ, ਉਹ ਛੇਤੀ ਨਾਲ ਉਠੀ ਤੇ ਨਿੱਕੀ ਜੇਹੀ ਗੁਫਾ ਵਿਚ ਨੱਚਣ ਲਗ ਪਈ, "ਆਹਾ ਜੀ ਮੈਂ ਰਾਜ਼ੀ ਹੋ ਗਈ! ਆਹਾ ਜੀ ਹੁਣ ਬੱਚੇ ਮਿਲਸਨ!" ਕੁਝ ਚਿਰ ਪਿਛੋਂ ਬੋਲੀ, "ਬਾਬਾ, ਛੇਤੀ ਉਠ, ਮੇਰੇ ਬੱਚੇ ਲਿਆ ਦੇ; ਵੇਖ ਲੈ, ਮੈਂ ਆਪਣੀ ਸ਼ਰਤ ਤੇ ਪੂਰੀ ਰਹੀ ਹਾਂ।"

ਟੌਲੀ ਮਾਰਚ ਅਬੜ ਵਾਹਿਆ ਉਠਿਆ ਤੇ ਬੋਲਿਆ, "ਤੈਨੂੰ ਕੀ ਹੋ ਗਿਆ ਹੈ?"

"ਮੈਨੂੰ ਕੁਝ ਨਹੀਂ ਹੋਇਆ, ਹੁਣ ਮੈਂ ਬਿਲਕੁਲ ਰਾਜ਼ੀ ਹੋ ਗਈ ਹਾਂ।"

"ਏਡੀ ਛੇਤੀ ਕਿਵੇਂ ਰਾਜ਼ੀ ਹੋ ਗਈਓਂ ?"

"ਬਾਬਾ, ਸਦੀਆਂ ਜੇਡੇ ਦਿਨ ਲੰਘੇ ਹਨ, ਤੇ ਜੁਗਾਂ ਜੇਡੀਆਂ ਰਾਤਾਂ। ਸਾਲਾਂ ਜੇਡੇ ਅੱਖਾਂ ਦੇ ਪਲਕਾਰੇ ਲੰਘੇ ਹਨ, ਤੇਰੇ ਲਈ ਅਜੇ ਛੇਤੀ ਹੈ। ਠੀਕ ਹੈ, ਅਪਣੀ ਲਗੀ ਸਭ ਕੋਈ ਜਾਣੇ, ਜਾਣੇ ਕੌਣ ਪਰਾਈ।"

ਟੈਲੀ ਮਾਰਚ ਨੇ ਜ਼ਖਮਾਂ ਤੇ ਹਥ ਲਾਕੇ ਕਿਹਾ, "ਭੋਲੀਏ! ਤੈਨੂੰ ਸੁਪਨਾ ਆਇਆ ਹੈ, ਅਜੇ ਤਾਂ ਅਧੀ ਰਾਤ ਵੀ ਨਹੀਂ ਲੰਘੀ। ਮੀਂਹ ਪੈ ਰਿਹਾ ਹੈ, ਪਾਣੀ ਦੇ ਰੋਹੜ ਦੀ ਅਵਾਜ਼ ਆ ਰਹੀ ਹੈ, ਬਿਜਲੀ ਚਮਕਦੀ ਹੈ, ਤੇ ਸਾਡੀ ਗੁਫਾ ਅੰਦਰ ਵੀ ਚਾਨਣ ਆ ਰਿਹਾ ਹੈ।"

ਫਲੋਸ਼ਾਰਡ ਨਹੀਂ ਸੀ ਜਾਣਦੀ ਕਿ ਏਡੇ ਏਡੇ ਸੁਹਣੇ ਸੁਪਨੇ, ਮੀਂਹ, ਝਖੜ ਤੇ ਬਿਜਲੀ ਦੀ ਚਮਕ ਰਲਕੇ ਬਣਾ ਸਕਦੇ ਹਨ।

ਫਲੋ ਸ਼ਾਰਡ ਬੋਲੀ, "ਬਾਬਾ, ਅਜ ਕਲ ਸੁਪਨੇ ਵੀ ਵੱਡੇ ਤੇ ਮਜ਼ਬੂਤ ਹੋ ਗਏ ਹਨ। ਮੈਨੂੰ ਅਜੇ ਤੱਕ ਸ਼ਕ ਹੈ, ਕਿ ਇਹ ਸੁਪਨਾ ਨਹੀਂ।"

"ਜੇਡੇ ਪੱਕੇ ਸਾਡੇ ਖਿਆਲ, ਸੰਸਕਾਰ ਤੇ ਹੱਡ ਬੀਤੀਆਂ ਹੁੰਦੀਆਂ ਹਨ, ਉਡੇ ਵੱਡੇ ਤੇ ਤਕੜੇ ਸੁਪਨੇ ਹੁੰਦੇ ਹਨ।"

ਫਲੋਸ਼ਾਰਡ ਬੋਲੀ, "ਬਾਬਾ, ਸੁਪਨੇ ਵਿਚ ਮੇਰੇ ਕੋਲੋਂ ਸਭ ਕੁਝ ਕਿਹਾ ਗਿਆ ਹੈ, ਤੁਸੀਂ ਗੁਸੇ ਤਾਂ ਨਹੀਂ ਹੋ ਜਾਉਗੇ, ਜੋ ਮੈਂ ਸ਼ਰਤ ਤੋੜ ਦਿੱਤੀ ਹੈ।" ਹਥ ਮਲਦਿਆਂ ਮਾਂ ਨੇ ਕਿਹਾ।

"ਮੈਂ ਆਪਣੀ ਜ਼ੁਬਾਨ ਤੇ ਪੱਕਾ ਹਾਂ, ਤੂੰ ਆਪਣੀ ਤੇ ਪੱਕੀ ਰਹੁ।"

"ਮੈਂ ਪੱਕੀ ਹਾਂ।"

ਇਸ ਤਰ੍ਹਾਂ ਕਈ ਰਾਤਾਂ ਫਲੋਸ਼ਾਰਡ ਜ਼ਖਮਾਂ ਦੇ ਰਾਜ਼ੀ

ਹੋਣ ਸੰਬੰਧੀ ਕਹਿੰਦੀ ਰਹੀ ਤੇ ਟੈਲੀ ਮਾਰਚ ਉਸ ਨੂੰ ਸੁਪਨਾ ਸਾਬਤ ਕਰਦਾ ਰਿਹਾ। ਫਲੇਸ਼ਾਰਡ ਬੜੀ ਹੈਰਾਨ ਸੀ ਤੇ ਸੋਚਦੀ ਸੀ, "ਜੋ ਕੁਝ ਮੈਂ ਵੇਖਦੀ ਹਾਂ, ਜੇ ਇਹ ਸੁਪਨਾ ਹੈ, ਤਾਂ ਸਭ ਕੁਝ ਸੁਪਨਾ ਹੈ, ਦੁਨੀਆਂ ਵੀ ਕਿਸੇ ਵੱਡੀ ਮਾਂ ਦਾ ਸੁਪਨਾ ਹੈ।"

ਸ਼ਰਤ ਵਾਲੇ ਦਿਨ ਪਿਛੋਂ ਕਈ ਵਾਰ ਜ਼ਖਮ ਖਰਾਬ ਹੋਏ ਤੇ ਕਈ ਵਾਰ ਠੀਕ, ਪਰ ਹਰ ਪੱਟੀ ਕਰਨ ਵੇਲੇ ਫਲੇਸ਼ਾਰਡ ਕਹਿੰਦੀ, "ਹੁਣ ਪੀੜ ਬਿਲਕੁਲ ਘਟ ਗਈ ਹੈ, ਬੇਸ਼ਕ ਜ਼ਖਮ ਦਬਾਕੇ ਵੇਖ ਲਵੋ।"

ਟੈਲੀ ਮਾਰਚ ਦੇ ਹਥ ਵਿਚ ਲਹੂ ਭਰੀਆਂ ਪੱਟੀਆਂ ਹੁੰਦੀਆਂ ਤੇ ਉਹ ਵੀ ਅਗੋਂ ਉੱਤਰ ਦੇ ਛਡਦਾ ਸੀ, "ਹੁਣ ਤੇ ਜ਼ਖਮਾਂ ਤੇ ਜਾਦੂ ਦਾ ਅਸਰ ਹੋ ਰਿਹਾ ਹੈ, ਸਵੇਰੇ ਹੋਰ ਤੇ ਸ਼ਾਮੀਂ ਹੋਰ। ਹੁਣ ਥੋੜੇ ਦਿਨਾਂ ਨੂੰ ਬਿਲਕੁਲ ਅਰਾਮ ਆ ਜਾਵੇਗਾ।"

ਅਖੀਰ ਜ਼ਖਮ ਰਾਜ਼ੀ ਹੋ ਗਏ। ਮਾਂ ਨੇ ਅਪਣੀ ਸ਼ਰਤ ਪੂਰੀ ਕਰ ਦਿੱਤੀ। ਹੁਣ ਬਾਜ਼ੀ ਟੈਲੀਮਾਰਚ ਦੇ ਸਿਰ ਸੀ। ਉਸ ਪਾਸ ਇਸ ਦਾ ਕੋਈ ਉੱਤਰ ਨਹੀਂ ਸੀ। ਕਦੀ ਉਹ ਸੋਚਦਾ, ਮੈਂ ਲੰਟੈਨਕ ਨੂੰ ਜਾਕੇ ਮਿਲਾਂ ਤੇ ਆਖਾਂ, "ਮੈਂ ਤੈਨੂੰ ਇਕ ਰਾਤ ਰਹਿਣ ਦਾ ਸਮਾਂ ਦਿੱਤਾ ਸੀ, ਜਦੋਂ ਚਾਰ ਚੁਫੇਰੇ ਮੌਤ ਸੀ, ਮੈਨੂੰ ਤਿੰਨੇ ਬੱਚੇ ਦੇ ਦੇ।" ਫਿਰ ਸੋਚਦਾ, "ਵੱਡੇ ਆਦਮੀ ਆਪਣੇ ਕੰਮ ਵੇਲੇ ਨਿੱਕਿਆਂ ਨਾਲ ਪਿਆਰ ਦੀਆਂ ਗਲਾਂ ਕਰ ਲੈਂਦੇ ਹਨ। ਨਿੱਕੇ ਸਮਝਦੇ ਹਨ, ਵੱਡੇ ਸਾਡੇ ਦੋਸਤ ਬਣ ਗਏ ਹਨ, ਉਹ ਆਪਣੀ ਸਾਰੀ ਪੂੰਜੀ ਉਨ੍ਹਾਂ ਤੋਂ ਕੁਰਬਾਨ ਕਰ ਦੇਂਦੇ ਹਨ। ਜਦੋਂ ਨਿਕਿਆਂ ਨੂੰ ਲੋੜ ਪੈਂਦੀ ਹੈ, ਵੱਡੇ ਅੱਖਾਂ ਫੇਰ ਲੈਂਦੇ ਹਨ। ਕਈ ਵਾਰ ਪਰਖੀ ਗਲ ਨੂੰ ਮੈਂ ਪਰਖ ਕੇ ਕੀ ਲਵਾਂਗਾ?"

ਇਕ ਦਿਨ ਬਾਹਰ ਮਾਜੂ ਦੇ ਬੂਟੇ ਹੇਠ ਫਲੇ ਸ਼ਾਰਡ ਬੈਠੀ ਹੋਈ ਸੀ। ਟੈਲੀ ਮਾਰਚ ਹਾਇ ਹਾਇ ਕਰਦਾ ਲਾਗੇ ਆਣ ਬੈਠਾ।

"ਕੀ ਹੋਇਆ ਏ, ਬਾਬਾ ?" ਫਲੋਸ਼ਾਰਡ ਨੇ ਘਬਰਾ ਕੇ ਪੁਛਿਆ।

"ਬੁਢੇਪਾ ਹੋ ਗਿਆ ਹੈ, ਸਰੀਰ ਸਾਥ ਨਹੀਂ ਦੇਂਦਾ।"

"ਕਿਉਂ ?"

"ਸਮੇਂ ਨੇ ਤੇ ਘਟਨਾਵਾਂ ਨੇ ਗੀਨੇ ਵਾਂਗ ਨਿਚੋੜ ਛਡਿਆ ਹੈ"

"ਵੇਖ ਬਾਬਾ, ਕਿੰਨਾ ਸਮਾਂ ਲੰਘ ਗਿਆ ਹੈ, ਮੈਂ ਹੁਣ ਬਿਲ ਕੁਲ ਰਾਜ਼ੀ ਹਾਂ, ਮੈਨੂੰ ਮੇਰੇ ਬੱਚੇ ਲਿਆ ਦੇ, ਨਹੀਂ ਤੇ ਮੈਂ ਵੀ ਬੁੱਢੀ ਹੋ ਜਾਵਾਂਗੀ।"

"ਮੈਂ ਰੋਜ਼ ਜਾਣ ਜਾਣ ਕਰਦਾ ਹਾਂ।"

"ਕਿਥੇ ?"

"ਬੱਚੇ ਢੂੰਡਣ ਵਾਸਤੇ।"

"ਬੱਚੇ ਅਜੇ ਢੂੰਡਣੇ ਹਨ ?" ਮਾਂ ਨੇ ਮੱਛੀ ਵਾਂਗ ਤੜਫਦਿਆਂ ਕਿਹਾ।

"ਹਾਂ"

"ਕਿੱਥੇ ਢੂੰਡੋਗੇ ?"

"ਜਿੱਥੇ ਦੱਸਾਂ ਪੈਣਗੀਆਂ।"

"ਦੱਸੇਗਾ ਕੌਣ ?"

"ਜਿਸ ਨੂੰ ਪਤਾ ਹੋਵੇਗਾ।"

"ਜੇ ਨ ਲਭੇ . . . ."

"ਲੱਭਣਗੇ ਕਿਉਂ ਨਹੀਂ, ਜ਼ਮੀਨ ਵਿੱਚੋਂ ਖਾਨਾਂ ਲਭ ਲਈ-ਦੀਆਂ ਹਨ, ਸਾਗਰਾਂ ਵਿੱਚੋਂ ਮੋਤੀ ਕਢੇ ਜਾ ਸਕਦੇ ਹਨ। ਮਨੁਖ ਦੇ ਬੱਚੇ ਨੂੰ ਭਲਾ ਕੋਈ ਲੁਕਾ ਹੀ ਕਿਥੇ ਲਏਗਾ ? ਹੁਣ ਤੂੰ ਰਾਜ਼ੀ ਹੋ ਗਈ ਏਂ, ਕੁਝ ਚਿਰ ਤੱਕ ਤੇਰੀ ਕਮਜ਼ੋਰੀ ਦੂਰ ਹੋ ਜਾਵੇਗੀ, ਫਿਰ ਅਸੀਂ ਜ਼ਰੂਰ ਲਭ ਲਵਾਂਗੇ।"

"ਬਾਬਾ, ਤੂੰ ਬੜਾ ਮਾੜਾ ਕੰਮ ਕੀਤਾ ਏ ?"

"ਕੀ ?"

"ਮੈਨੂੰ ਮਰਨ ਨਹੀਂ ਦਿੱਤਾ, ਮਾਂ ਲਈ ਮਰਨਾ ਸੌਖਾ ਹੈ, ਪਰ ਬੱਚਿਆਂ ਤੋਂ ਵਿਛੜਨਾ ਔਖਾ। ਮੈਂ ਰਾਜੀ ਨਹੀਂ ਹੋਈ, ਮੇਰੇ ਅੰਦਰ ਤਿੰਨ ਜ਼ਖ਼ਮ ਹਨ, ਇਕ ਵੱਡਾ, ਇਕ ਉਸ ਤੋਂ ਛੋਟਾ ਤੇ ਇਕ ਹੋਰ ਨਿੱਕਾ। ਉਨ੍ਹਾਂ ਵਿੱਚੋਂ ਹਰ ਵੇਲੇ ਲਹੂ ਵਗਦਾ ਰਹਿੰਦਾ ਹੈ ਤੇ ਹਰ ਵੇਲੇ ਤ੍ਰਾਟਾਂ ਪੈਂਦੀਆਂ ਰਹਿੰਦੀਆਂ ਹਨ।"

ਟੈਲੀ ਮਾਰਚ ਚੁਪ ਕਰ ਗਿਆ, ਤੇ ਦਿਲ ਵਿਚ ਸੋਚਣ ਲਗਾ, "ਬੇਸ਼ਕ, ਮੌਤ ਤੋਂ ਰੱਖਿਆ ਕਰਨੀ ਪਾਪ ਹੈ, ਤੇ ਇਹ ਪਾਪ ਵੀ ਕਈ ਤਰ੍ਹਾਂ ਦੇ ਹੋ ਸਕਦੇ ਹਨ। ਬਾਜ਼ ਦੀ ਰੱਖਿਆ ਚਿੜੀਆਂ ਦੀ ਮੌਤ ਹੈ, ਬਘਿਆੜ ਨੂੰ ਬਚਾਉਣ ਵੇਲੇ ਸੈਂਕੜੇ ਬੱਕਰੀਆਂ ਦੇ ਗਲੇ ਤੇ ਫੇਰਨ ਲਈ ਛੁਰੀ ਤਿਖੀ ਹੋ ਜਾਂਦੀ ਹੈ। ਲੰਟੈਨਕ ਨੂੰ ਬਚਾਕੇ ਕਿਨੇ ਪੇਂਡੂਆਂ ਤੇ ਫੌਜੀਆਂ ਦੀ ਮੌਤ ਨੂੰ ਮੈਂ ਗੁਫਾ ਵਿਚ ਸੌਣ ਦਾ ਸਮਾਂ ਦਿੱਤਾ। ਫਲੇਸ਼ਾਰਡ ਉਸ ਵੇਲੇ ਮੌਤ ਦੇ ਕਿਨਾਰੇ ਬੈਠੀ ਸੀ, ਬਿਨਾਂ ਕਿਸੇ ਦੁਖ ਦੇ ਉਹ ਚੁਪ ਕਰਕੇ ਲੇਟੀ ਹੋਈ ਸੀ, ਬੱਚਿਆਂ ਨੂੰ ਯਾਦ ਕਰਕੇ ਉਹ ਤੜਪਦੀ ਨਹੀਂ ਸੀ।"

ਫਲੇਸ਼ਾਰਡ ਟੈਲੀ ਮਾਰਚ ਦੇ ਲਾਗੇ ਹੋਕੇ ਬੋਲੀ, "ਬਾਬਾ, ਮੈਂ ਹਥ ਜੋੜਦੀ ਹਾਂ, ਮੈਨੂੰ ਸਚ ਸਚ ਦੱਸ, ਮੇਰੇ ਬੱਚੇ ਮੈਨੂੰ ਮਿਲ ਜਾਣਗੇ ?"

"ਕਿਉਂ ਨਹੀਂ, ਤੂੰ ਈਸ਼੍ਵਰ ਤੇ ਭਰੋਸਾ ਰੱਖ", ਅਕਾਸ਼ ਵਲ ਹਥ ਕਰਕੇ ਟੈਲੀ ਮਾਰਚ ਨੇ ਕਿਹਾ।

"ਮੈਂ ਈਸ਼੍ਵਰ ਤੇ ਭਰੋਸਾ ਕਿਉਂ ਰੱਖਾਂ ? ਮੇਰਾ ਪਿਤਾ ਮਾਰਿਆ ਗਿਆ, ਮੇਰੇ ਪਤੀ ਨੂੰ ਮਾਰ ਦਿੱਤਾ ਗਿਆ, ਮੇਰੇ ਬੱਚੇ ਮੇਰੇ ਤੋਂ ਵਖ ਹੋ ਗਏ, ਈਸ਼੍ਵਰ ਨੇ ਸਾਡੇ ਸਾਰਿਆਂ ਲਈ ਕੀ ਕੀਤਾ ਹੈ ? ਕਦ ਤਰਸ ਖਾਧਾ ਹੈ ?"

ਟੈਲੀ ਮਾਰਚ ਚੁਪ ਕਰ ਗਿਆ।

"ਬਾਬਾ, ਤੇਰਾ ਕੋਈ ਬੱਚਾ ਹੈ ?"

"ਕੋਈ ਨਹੀਂ।"

"ਤੂੰ ਕਦੀ ਬੱਚੇ ਖਿਡਾਏ ਹਨ ?"

"ਨਹੀਂ, ਕਦੀ ਨਹੀਂ।"

"ਤੈਨੂੰ ਬੱਚੇ ਚੰਗੇ ਨਹੀਂ ਲਗਦੇ ?"

"ਚੰਗੇ ਲਗਦੇ ਹਨ, ਪਰ ਪਿੰਡਾਂ ਦੇ ਮੁੰਡੇ ਮੈਨੂੰ ਵੇਖਦਿਆਂ ਡਰਕੇ ਦੌੜ ਜਾਂਦੇ ਹਨ।"

"ਬਾਬਾ ! ਮੇਰੇ ਕੋਲ ਤਾਂ ਬਿਨਾਂ ਬੱਚਿਆਂ ਤੋਂ ਕੁਝ ਵੀ ਨਹੀਂ, ਮੇਰੀਆਂ ਬਾਹਵਾਂ ਮੈਨੂੰ ਸੌ ਸੌ ਮਣ ਦੀਆਂ ਭਾਰੀਆਂ ਜਾਪਦੀਆਂ ਹਨ।"

"ਕਮਜ਼ੋਰੀ ਕਰਕੇ।"

"ਨਹੀਂ, ਬੱਚੇ ਨਾ ਚੁਕਣ ਕਰਕੇ।" ਕੁਝ ਚਿਰ ਰੁਕ ਕੇ ਬੋਲੀ, "ਬਾਬਾ ਹੁਣ ਲੋਕਾਂ ਨੂੰ ਕੀ ਹੋ ਗਿਆ ਹੈ, ਪਾਗਲਾਂ ਵਾਂਗ ਗੋਲੀਆਂ ਚਲਾਉਂਦੇ ਫਿਰਦੇ ਹਨ, ਅੱਗਾਂ ਲਾਉਂਦੇ ਹਨ, ਮਾਵਾਂ ਤੋਂ ਬੱਚੇ ਖੋਹ ਲੈਂਦੇ ਹਨ, ਇਸਤ੍ਰੀਆਂ ਦੇ ਪਤੀ ਮਾਰ ਦੇਂਦੇ ਹਨ, ਧੀਆਂ ਦੇ ਪਿਉ ਗੋਲੀਆਂ ਨਾਲ ਉਡਾ ਦੇਂਦੇ ਹਨ, ਇਸ ਤਰ੍ਹਾਂ ਕਿਉਂ ਕਰਦੇ ਹਨ ?"

ਟੈਲੀ ਮਾਰਚ ਨੇ ਫਲੇਸ਼ਾਰਡ ਦੀ ਨਾੜ ਤੇ ਹਥ ਰੱਖ ਕੇ ਕਿਹਾ, "ਤੈਨੂੰ ਫਿਰ ਤਾਪ ਚੜ੍ਹ ਰਿਹਾ ਹੈ, ਜੇ ਤੂੰ ਬਹੁਤੀ ਖੇਚਲ ਕੀਤੀ,ਤਾਂ ਬੀਮਾਰ ਹੋ ਜਾਵੇਂਗੀ।"

ਫਲੇਸ਼ਾਰਡ ਚੁਪ ਹੋ ਗਈ। ਦੋ ਤਿੰਨ ਦਿਨ ਲੰਘ ਗਏ। ਉਸ ਨੇ ਗੱਲਾਂ ਕਰਨੀਆਂ ਉਕੀਆਂ ਛਡ ਦਿੱਤੀਆਂ। ਕਈ ਕਈ ਘੰਟੇ ਪੱਥਰ ਦਾ ਬੁਤ ਬਣਕੇ ਇਕੋ ਥਾਂ ਬੈਠੀ ਰਹਿੰਦੀ, ਪਰ ਉਸ ਦੀਆਂ ਅੱਖਾਂ ਦੀ ਬੇ-ਚੈਨੀ ਵਧ ਗਈ। ਟੈਲੀ ਮਾਰਚ ਦਿਲ ਵਿਚ ਸੋਚਣ ਲਗਾ, "ਰਬ ਨੇ ਮਾਂ ਨੂੰ ਪ੍ਰਚਾਉਣ ਲਈ ਕੇਵਲ

ਬੱਚਿਆਂ ਦੇ ਖਿਡਾਉਣੇ ਦਿੱਤੇ ਹਨ।"

ਟੈਲੀ ਮਾਰਚ ਫਲੇਸ਼ਾਰਡ ਨੂੰ ਗੁੰਮ ਸੁੰਮ ਵੇਖਕੇ ਘਬਰਾਉਣ ਲਗਾ। ਅਗੇ ਉਹ ਚੁਪ ਕਰਾਉਣ ਲਈ ਯਤਨ ਕਰਦਾ ਸੀ, ਹੁਣ ਉਸ ਨੇ ਵੇਖਿਆ ਕਿ ਜੇ ਉਹ ਏਸੇ ਤਰ੍ਹਾਂ ਚੁਪ ਰਹੀ ਤਾਂ ਬਹੁਤ ਛੇਤੀ ਮਰ ਜਾਵੇਗੀ। ਉਹ ਇਕ ਪਿੰਡ ਗਿਆ, ਉਥੋਂ ਕੁਝ ਕਪੜਾ ਤੇ ਸੂਈ ਧਾਗਾ ਲੈਕੇ ਆਇਆ। ਚੁਪ ਕੀਤੇ ਨੇ ਉਹ ਫਲੇਸ਼ਾਰਡ ਅਗੇ ਰਖ ਦਿੱਤੇ, ਤੇ ਦਿਲ ਵਿਚ ਕਹਿਣ ਲਗਾ, "ਜੇ ਇਹ ਕੰਮਾਂ ਵਿਚ ਰੁਝ ਜਾਵੇ ਤਾਂ ਬਚ ਸਕਦੀ ਹੈ।"

ਫਲੇਸ਼ਾਰਡ ਨੇ ਸੂਈ ਧਾਗਾ ਤੇ ਕਪੜਾ ਬੜੀ ਹੈਰਾਨੀ ਨਾਲ ਫੜਿਆ। ਦੋ ਤਿੰਨ ਘੰਟੇ ਪਿਛੋਂ ਉਸਨੇ ਸੂਈ ਵਿਚ ਧਾਗਾ ਪਾਇਆ। ਮਾਂ ਰੰਗਦਾਰ ਧਾਗੇ ਨੂੰ ਵੇਖਦੀ ਰਹੀ, ਉਸ ਤੋਂ ਪਿਛੋਂ ਉਸ ਨੇ ਕਪੜੇ ਨੂੰ ਵੇਖਿਆ, ਉਸ ਦੇ ਤਿੰਨ ਟੋਟੇ ਕਰ ਦਿੱਤੇ ਤੇ ਹਿੱਕ ਨਾਲ ਲਾਕੇ ਸੌਂ ਗਈ; ਹੁਣ ਦਿਮਾਗ ਸੋਚਣ ਦੀ ਥਾਂ ਤੇ ਕੰਮ ਵਿਚ ਲਗ ਗਿਆ ਸੀ।

ਤਿੰਨਾਂ ਟੋਟਿਆਂ ਦੀਆਂ ਉਸ ਨੇ ਤਿੰਨ ਕਮੀਜ਼ਾਂ ਸੀਤੀਆਂ, ਤੇ ਉਨ੍ਹਾਂ ਉਤੇ ਵੇਲ ਬੂਟੇ ਪੌਣੇ ਸ਼ੁਰੂ ਕਰ ਦਿੱਤੇ। ਪ੍ਰਭਾਤ ਵੇਲੇ ਉਹ ਸ਼ੁਰੂ ਕਰ ਦੇਂਦੀ ਤੇ ਡੂੰਘੀਆਂ ਸ਼ਾਮਾਂ ਵੇਲੇ ਉਹ ਬੰਦ ਕਰਦੀ। ਹੁਣ ਉਹ ਗੁਣ ਗੁਣਾਉਂਦੀ ਵੀ ਸੀ, ਉਸਦਾ ਚੇਹਰਾ ਵੀ ਖਿੜ ਗਿਆ, ਤੇ ਕਦੀ ਤਾਪ ਦੀ ਵੀ ਸ਼ਕਾਇਤ ਨ ਹੁੰਦੀ।

ਇਕ ਦਿਨ ਟੈਲੀ ਮਾਰਚ ਨੇ ਵੇਖਿਆ, ਫਲੇਸ਼ਾਰਡ, ਨਿੱਕੀ ਕਮੀਜ਼ ਲਾਗੇ, ਉਸ ਤੋਂ ਵੱਡੀ ਉਸ ਤੋਂ ਦੂਰ, ਤੇ ਉਸ ਤੋਂ ਵੱਡੀ ਉਸ ਤੋਂ ਦੂਰ ਰਖਕੇ, ਫਰਾਕਾਂ ਨਾਲ ਗੱਲਾਂ ਕਰ ਰਹੀ ਹੈ। ਮਾਂ ਨੂੰ ਬੱਚਿਆਂ ਦੀਆਂ ਫਰਾਕਾਂ ਨੇ ਪਰਚਾ ਲਿਆ।

ਰਾਤ ਨੂੰ ਉਹ ਫਰਾਕਾਂ ਨੂੰ ਨਾਲ ਲੈਕੇ ਸੌਂਦੀ। ਜਿਸ ਦਿਨ ਸਰਦੀ ਹੁੰਦੀ ਤਾਂ ਟੈਲੀ ਮਾਰਚ ਨੂੰ ਆਖਦੀ, "ਕਮੀਜ਼ਾਂ ਪਤਲੀਆਂ

ਹਨ, ਬੱਚਿਆਂ ਨੂੰ ਠੰਢ ਲਗਦੀ ਹੋਵੇਗੀ।"

ਟੈਲੀ ਮਾਰਚ 'ਹਾਂ' ਵਿਚ ਸਿਰ ਹਿਲਾਂਦਾ, ਅੰਦਰ ਅੱਗ ਬਾਲਦਾ, ਗੁਫਾ ਗਰਮ ਹੋਣ ਤੇ ਮਾਂ ਕਹਿੰਦੀ, "ਹੁਣ ਠੀਕ ਹੈ, ਬੱਚੇ ਅਰਾਮ ਨਾਲ ਸੌਂ ਗਏ ਹਨ।"

ਟੈਲੀ ਮਾਰਚ ਨੇ ਇਕ ਦਿਨ ਵੇਖਿਆ, ਫਲੇਸ਼ਾਰਡ ਨੇ ਨਿੱਕੀ ਜਿਹੀ ਗਠੜੀ ਬੱਧੀ ਹੋਈ ਹੈ, ਉਸ ਵਿਚ ਤਿੰਨੇ ਫਰਾਕਾਂ ਤੇ ਕੁਝ ਅਖਰੋਟ ਹਨ। ਮਾਂ ਦਾ ਦਿਲ ਜਾਗ ਚੁਕਾ ਸੀ। ਟੈਲੀ ਮਾਰਚ ਨੇ ਪੁਛਿਆ, "ਕੀ ਗਲ ਹੈ?"

"ਮੈਂ ਆਪਣੇ ਬੱਚਿਆਂ ਨੂੰ ਢੂੰਡਣ ਜਾ ਰਹੀ ਹਾਂ।"

"ਕਿਸ ਪਾਸੇ ਜਾਵੇਂਗੀ?"

"ਜਿਸ ਪਾਸਿਓਂ ਮੈਨੂੰ ਬੱਚਿਆਂ ਦੀਆਂ ਅਵਾਜ਼ਾਂ ਸੁਨੀਣਗੀਆਂ।"

"ਮੈਂ ਭੀ ਤੇਰੇ ਨਾਲ ਚਲਦਾ, ਪਰ ਕੀ ਕਰਾਂ, ਸਰੀਰ ਹੁਣ ਆਪਣੀ ਕ੍ਰਿਆ ਵੀ ਆਪ ਨਹੀਂ ਸਾਧ ਸਕਦਾ। ਮੈਂ ਸਗੋਂ ਤੇਰੇ ਲਈ ਬੋਝ ਸਾਬਤ ਹੋਵਾਂਗਾ। ਈਸ਼੍ਵਰ ਕਰੇ ਤੇਰੇ ਬੱਚੇ ਤੈਨੂੰ ਮਿਲ ਪੈਣ", ਟੈਲੀ ਮਾਰਚ ਨੇ ਬੜੇ ਦੁਖ ਨਾਲ ਕਿਹਾ।

ਫਲੇਸ਼ਾਰਡ ਚੁਪ ਕੀਤੀ ਉਥੋਂ ਤੁਰ ਪਈ, ਜਿਵੇਂ ਉਥੇ ਉਹ ਕਦੀ ਬੈਠੀ ਨਹੀਂ ਹੁੰਦੀ, ਤੇ ਨਾ ਟੈਲੀ ਮਾਰਚ ਨੂੰ ਜਾਣਦੀ ਹੁੰਦੀ ਹੈ। ਹੈ ਭੀ ਸੱਚ, ਮਾਂ ਬੱਚਿਆਂ ਨੂੰ ਜਾਣਦੀ ਹੈ ਤੇ ਹਮੇਸ਼ਾਂ ਬੱਚਿਆਂ ਕੋਲ ਰਹਿੰਦੀ ਹੈ।

ਮਾਂ ਨੇ ਸਫਰ ਸ਼ੁਰੂ ਕਰ ਦਿੱਤਾ। ਮਾਂ ਦੀਆਂ ਰਾਤਾਂ ਤੇ ਦਿਨ ਵਖਰੇ ਹੋ ਗਏ। ਜਦੋਂ ਉਹ ਥੱਕ ਜਾਂਦੀ ਤਾਂ ਰਾਤ ਸੀ, ਜਦ ਧੁੰਦ ਕਢ ਲੈਂਦੀ ਤਾਂ ਫਿਰ ਤੁਰ ਪੈਂਦੀ। ਜੰਗਲਾਂ ਤੇ ਪਹਾੜਾਂ ਵਿਚ ਉਹ ਘੁੰਮੀ, ਕਈ ਨਦੀਆਂ ਨਾਲੇ ਉਸਨੇ ਪਾਰ ਕੀਤੇ, ਬਸਤੀਆਂ ਤੇ ਘਰਾਂ ਵਿਚ ਉਹ ਫਿਰੀ। ਜਿਸ ਘਰ ਵਿਚ ਆਪਣੇ ਬੱਚਿਆਂ ਦੇ

ਹਾਣੀ ਮੁੰਡੇ ਵੇਖਦੀ ਉਥੇ ਕਈ ਕਈ ਘੰਟੇ ਬੈਠੀ ਰਹਿੰਦੀ। ਕੰਮ ਕਰਦੇ ਕਿਸਾਨ ਨੂੰ, ਕਪੜੇ ਧੋਂਦੇ ਧੋਬੀ ਨੂੰ, ਪਾਣੀ ਭਰਦੀ ਭਨਿਆਰੀ ਨੂੰ, ਰੋੜੇ ਕੁਟਦੇ ਮਜ਼ਦੂਰ ਨੂੰ, ਡੰਗਰ ਚਾਰਦੇ ਵਾਗੀ ਨੂੰ, ਉਹ ਪੁਛਦੀ, "ਕਿਤੇ ਤਿੰਨ ਨਿੱਕੇ ਨਿੱਕੇ ਚੰਦ ਦੇ ਟੁਕੜਿਆਂ ਵਰਗੇ ਬਾਲ ਨਹੀਂ ਵੇਖੇ, ਉਨ੍ਹਾਂ ਦੇ ਬੜੇ ਮਿੱਠੇ ਮਿੱਠੇ ਨਾਮ ਹਨ, ਜੀਨ, ਲੇਨ ਤੇ ਜੈਂਟ। ਇਹ ਵੇਖੋ, ਮੇਰੇ ਕੋਲ ਉਨ੍ਹਾਂ ਦੀਆਂ ਤਿੰਨ ਫਰਾਕਾਂ ਹਨ। ਉਨ੍ਹਾਂ ਨੂੰ ਸਰਦੀ ਲੱਗਦੀ ਹੈ, ਛੇਤੀ ਦੱਸੋ, ਉਹ ਕੱਪੜੇ ਮੰਗਦੇ ਹਨ॥"

ਲੋਕ ਬਿਟਰ ਬਿਟਰ ਫਲੇਸ਼ਾਰਡ ਵਲ ਵੇਖਦੇ, ਉਸਦੀ ਹਾਲਤ ਵੇਖਕੇ ਕਈ ਬੱਚਿਆਂ ਵਾਲੇ ਰੋ ਪੈਂਦੇ।

ਫਲੇਸ਼ਾਰਡ ਆਖਦੀ, "ਤੁਹਾਨੂੰ ਮੇਰੇ ਬੱਚਿਆਂ ਦਾ ਪਤਾ ਹੈ, ਤੁਸੀਂ ਜਾਣਕੇ ਨਹੀਂ ਦੱਸਦੇ। ਗਰੀਬਣੀ ਦੇ ਬੱਚੇ ਗੁੰਮ ਹੋਣੇ ਤੁਹਾਡੇ ਲਈ ਕੋਈ ਘਟਨਾ ਨਹੀਂ, ਪਰ ਮੇਰਾ ਤੇ ਸੰਸਾਰ ਹੀ ਮੇਰੇ ਬੱਚੇ ਹਨ।"

ਇਕ ਦਿਨ ਸੜਕ ਤੇ ਰੋੜੀ ਕੁਟ ਰਹੇ ਮਜ਼ਦੂਰ ਦੇ ਲਾਗੇ ਬੈਠਕੇ ਫਲੇਸ਼ਾਰਡ ਨੇ ਪੁਛਿਆ, "ਤੂੰ ਕਿਤੇ ਮੇਰੇ ਬੱਚੇ ਵੇਖੇ ਨੇ ?"

ਹਥੌੜੀ ਰੱਖਦਿਆਂ ਮਜ਼ਦੂਰ ਨੇ ਕਿਹਾ, "ਮੈਂ ਆਪ ਤਿੰਨਾਂ ਦਿਨਾਂ ਤੋਂ ਭੁੱਖਾਂ ਹਾਂ, ਤੈਨੂੰ ਕੀ ਦੇਵਾਂ ?"

"ਮੈਨੂੰ ਮੇਰੇ ਬਚੇ ਦੇ ਦੇ।"

"ਕੌਣ ਬੱਚੇ ?"

"ਤਿੰਨੇ ਬੱਚੇ, ਮੈਥੋਂ ਖੋਹ ਕੇ ਲੈ ਗਏ ਹਨ।"

"ਉਹ ਤੇਰੇ ਬੱਚੇ ਹਨ ?" ਹੈਰਾਨੀ ਨਾਲ ਮਜ਼ਦੂਰ ਨੇ ਪੁਛਿਆ।

"ਉਹੋ ਜਹੇ ਬੱਚੇ ਹੋਰ ਕਿਸੇ ਦੇ ਹੋ ਹੀ ਕਿਸ ਤਰਾਂ ਸਕਦੇ ਹਨ, ਤੂੰ ਵੇਖੇ ਹਨ ?"

"ਮੈਂ ਸੁਣੇ ਹਨ ?"

"ਕਿਥੇ ਹਨ ?"

"ਇਕ ਰਈਸ ਦੇ ਪਾਸ।"

"ਉਹ ਕੀ ਹੁੰਦਾ ਹੈ ?"

"ਇਕ ਅਮੀਰ ਆਦਮੀ"

"ਹਾਇ ! ਮੇਰੇ ਬੱਚੇ ਅਮੀਰ ਨੂੰ ਕਿਉਂ ਦੇ ਦਿੱਤੇ ਹਨ ? ਉਹ ਤੇ ਉਨ੍ਹਾਂ ਨੂੰ ਮਾਰਕੇ ਖਾ ਜਾਵੇਗਾ। ਅਗੇ ਮੇਰੇ ਪਤੀ ਤੇ ਪਿਤਾ ਨੂੰ ਇਕ ਅਮੀਰ ਨੇ ਹੜੱਪ ਕਰ ਲਿਆ ਹੈ। ਅਮੀਰ ਨੇ ਮੇਰੇ ਬੱਚੇ ਕਿੱਥੇ ਰੱਖੇ ਹਨ ?"

"ਇਕ ਕਿਲ੍ਹੇ ਵਿਚ।"

"ਹਾਇ ਰੱਬਾ! ਤਿੰਨੇ ਬੱਚੇ ਇੱਕੋ ਕਿੱਲੇ ਨਾਲ ਬੱਧੇ ਹੋਏ ਹਨ। ਉਨ੍ਹਾਂ ਮਾਸੂਮਾਂ ਨੇ ਕਿਸੇ ਦਾ ਕੀ ਵਿਗਾੜਿਆ ਏ, ਇੰਨੀ ਸਖਤੀ ਨਿੱਕੀਆਂ ਜਿੰਦਾਂ ਤੇ ਕਰ ਰਿਹਾ ਹੈ ?"

"ਮਾਈ, ਗਲ ਤੇ ਸੁਣ," ਮਜ਼ਦੂਰ ਨੇ ਮੋਢੇ ਤੋਂ ਫੜਕੇ ਹਿਲਾਉਂਦਿਆਂ ਕਿਹਾ।

"ਕੀ ਸੁਣਾਂ ?"

"ਕਿੱਲਾ ਨਹੀਂ, ਕਿਲ੍ਹਾ, ਕਿਲ੍ਹਾ।"

"ਉਹ ਕੀ ਹੁੰਦਾ ਹੈ ?"

"ਉੱਚੀਆਂ ਉੱਚੀਆਂ ਕੰਧਾਂ ਵਾਲਾ, ਲੋਹੇ ਦੇ ਪੱਕਿਆਂ ਦਰਵਾਜ਼ਿਆਂ ਵਾਲਾ; ਉਸ ਵਿਚ ਤੋਪਾਂ ਬੰਦੂਕਾਂ ਤੇ ਅਨੇਕਾਂ ਤਲਵਾਰਾਂ ਹੁੰਦੀਆਂ ਹਨ।"

"ਹਾਇ ਮੇਰੀ ਕਿਸਮਤ ਸੜ ਗਈ ! ਉਨ੍ਹਾਂ ਨੂੰ ਇੰਨੀਆਂ ਬੰਦੂਕਾਂ ਪਾਸ ਕਿਉਂ ਲੈ ਗਏ ਹਨ, ਤੇ ਏਡੇ ਪੱਕੇ ਦਰਵਾਜ਼ੇ ਤੇ ਉੱਚੀਆਂ ਕੰਧਾਂ ਕਿਉਂ ਉਸਾਰੀਆਂ ਹਨ ? ਇਸ ਕਰਕੇ ਕਿ ਮੈਂ ਆਪਣੇ ਬੱਚਿਆਂ ਨੂੰ ਮਿਲ ਨਾ ਸਕਾਂ ? ਵੇਖਿਆ ਜੇ ਅਮੀਰ ਦੇ ਕਾਰੇ, ਕਿਥੇ ਨੇ ਉਹ ਉਚੀਆਂ ਕੰਧਾਂ ?"

"ਜਿਥੇ ਸੂਰਜ ਛਿਪ ਰਿਹਾ ਹੈ, ਏਸੇ ਸੇਧ ਤੇ ਤੁਰੀ ਜਾਹ।"

ਮਜ਼ਦੂਰ ਨੇ ਅਜੇ ਗਲ ਖਤਮ ਵੀ ਨਹੀਂ ਸੀ ਕੀਤੀ ਕਿ ਉਹ ਉਠਕੇ ਤੁਰ [ਪਈ।

ਮਜ਼ਦੂਰ ਉਠਿਆ ਤੇ ਦੌੜਕੇ ਉਸਦੇ ਲਾਗੇ ਜਾਕੇ ਬੋਲਿਆ, "ਮਾਈ, ਬਚ ਕੇ ਜਾਣਾ, ਉਥੇ ਲੜਾਈ ਹੋ ਰਹੀ ਹੈ।"

ਫਲੇਸ਼ਾਰਡ ਬੋਲੀ, "ਹਾਂ, ਹਾਂ, ਮੈਂ ਸਮਝ ਗਈ, ਸੂਰਜ ਦੀ ਸੇਧੇ ਜਾਣਾ ਹੈ, ਉੱਚੀਆਂ ਕੰਧਾਂ ਤੇ ਲੋਹੇ ਦੇ ਦਰਵਾਜ਼ੇ ਵੱਲ।"

"ਉਥੇ ਲੜਾਈ ਹੋ ਰਹੀ ਹੈ, ਬੰਦੂਕਾਂ ਚਲ ਰਹੀਆਂ ਹਨ।"

"ਉਹ ਮੇਰੀ ਕਿਸਮਤ! ਮੇਰੇ ਬੱਚਿਆਂ ਨੂੰ ਬਦੋਬਦੀ ਲੋਕੀ. ਲੜਾਈ ਵਿਚ ਲੈ ਜਾਂਦੇ ਹਨ। ਵੀਰਾ! ਤੂੰ ਈ ਇਨ੍ਹਾਂ ਨੂੰ ਸਮਝਾ, ਜੋ ਮੇਰੇ ਬੱਚਿਆਂ ਤੇ ਗੋਲੀਆਂ ਨਾ ਚਲਾਉਣ।"

ਮਜ਼ਦੂਰ ਚੁਪ ਕਰ ਗਿਆ, ਉਸ ਦੀਆਂ ਡੂੰਘੀਆਂ ਅੱਖਾਂ ਵਿਚੋਂ ਤ੍ਰਿਪ ਤ੍ਰਿਪ ਕਰਕੇ ਹੰਝੂ ਡਿਗ ਪਏ। ਜਦੋਂ ਉਸਨੇ ਅੱਥਰੂ ਪੂੰਝਕੇ ਮਾਈ ਵਲ ਵੇਖਿਆ ਤਾਂ ਉਹ ਦੂਰ ਜਾ ਚੁੱਕੀ ਸੀ। ਮਜ਼ਦੂਰ ਆਪਣੇ ਥਾਂ ਆਇਆ ਤੇ ਹਥੌੜੀ ਫੜੀ। ਜਦੋਂ ਜ਼ੋਰ ਨਾਲ ਇਟ ਤੇ ਮਾਰੀ ਤਾਂ ਉਸਨੇ ਖੱਬਾ ਹਥ ਛੇਤੀ ਨਾਲ ਪਿਛਾਂਹ ਖਿੱਚਿਆ। ਹਥੌੜੀ, ਬੇਧਿਆਨਾ ਹੋਣ ਕਰਕੇ, ਹੱਥ ਤੇ ਵੱਜੀ ਤੇ ਅੰਗੂਠੇ ਦੀ ਹੱਡੀ ਚਕਨਾਚੂਰ ਹੋ ਚੁਕੀ ਸੀ। ਮਜ਼ਦੂਰ ਹਾਇ, ਹਾਇ, ਕਰਦਾ ਰਿਹਾ ਤੇ ਸੂਰਜ ਛਿਪਣ ਤੇ ਉਹ ਵੀ ਉਠਕੇ ਆਪਣੇ ਬੱਚਿਆਂ ਵਲ ਤਰ ਪਿਆ।

# ਜੰਗ

ਲਾਲ ਕਿਲਾ ਏਸੇ ਕਰਕੇ ਉੱਘਾ ਸੀ, ਜੋ ਉਸ ਵਿਚ ਲਹੂ ਦੀਆਂ ਨਦੀਆਂ ਕਈ ਵਾਰ ਵਗ ਚੁਕੀਆਂ ਸਨ। ਕਿਲੇ ਦੇ ਉਦਾਲੇ ਪੁਦਾਲੇ ਦੂਰ ਤੱਕ ਜੰਗਲ ਸੀ, ਚੜ੍ਹਦੇ ਪਾਸੇ ਇਕ ਟਿੱਲਾ ਸੀ। ਗਾਵੇਨ ਦੀ ਫੌਜ ਨੇ ਘੇਰਾ ਪਾਇਆ ਹੋਇਆ ਸੀ, ਤੇ ਲੰਟੈਨਕ ਘਿਰਿਆ ਹੋਇਆ ਸੀ।

ਕਿਲਾ ਕਾਲ ਦਾ ਘਰ ਸੀ। ਉਸਦਾ ਹਰ ਇਕ ਕੋਨਾ ਬਰੂਦ ਨਾਲ ਭਰਿਆ ਪਿਆ ਸੀ। ਦੀਵਾਰਾਂ ਕਈਆਂ ਥਾਵਾਂ ਤੋਂ ਹਿੱਲੀਆਂ ਹੋਈਆਂ ਸਨ। ਅਨੇਕਾਂ ਵਾਰ ਹਮਲੇ ਹੋਏ, ਸੈਂਕੜੇ ਤੋਪਾਂ ਇਕੱਠੀਆਂ ਅੱਗ ਉਗਲੱਛਦੀਆਂ ਰਹੀਆਂ ਤੇ ਅਨੇਕਾਂ ਲਹਿਰਾਂ ਵਾਂਗ ਆ ਰਹੀਆਂ ਫੌਜਾਂ ਨੂੰ ਦੋ ਗੋੜਿਆਂ ਵਾਂਗ ਉਡਦੀਆਂ ਰਹੀਆਂ। ਰਸਾਲਿਆਂ ਨੇ ਹਮਲਾ ਕੀਤਾ, ਸਣੇ ਘੋੜਿਆਂ ਦੇ ਸਵਾਰ ਇਸ ਤਰ੍ਹਾਂ ਉਡ ਗਏ, ਜਿਵੇਂ ਅੰਧੇਰੀ ਨਾਲ ਟਾਲ੍ਹੀ ਦੇ ਸੁਕੇ ਪੱਤੇ। ਇਹ ਤਾਂ ਕਿਲ੍ਹੇ ਦੀਆਂ ਲੰਘ ਚੁਕੀਆਂ ਕਹਾਣੀਆਂ ਸਨ। ਅਜ ਉਹੋ ਜੇਹੀਆਂ ਕਹਾਣੀਆਂ ਫਿਰ ਸ਼ੁਰੂ ਹੋਣ ਵਾਲੀਆਂ ਸਨ।

ਕਿਲੇ ਵਿਚ ਅਨੇਕਾਂ ਮੌਤ ਦੀਆਂ ਅੱਖਾਂ ਸਨ, ਕਈ ਵੱਡੀਆਂ ਤੇ ਕਈ ਨਿੱਕੀਆਂ। ਬੰਦੂਕਾਂ ਤੇ ਤੋਪਾਂ ਟਿਕਟਿਕੀ ਲਾਕੇ ਵੈਰੀ ਦੀ ਫੌਜ ਨੂੰ ਵੇਖ ਰਹੀਆਂ ਸਨ। ਇਹ ਅਖੀਰਲਾ ਜੰਗ ਸੀ, ਵੇਣੀ ਦੇ ਕਿਸਾਨਾਂ ਦਾ ਇਹ ਅੰਤਮ ਸਹਾਰਾ ਸੀ। ਕਿਸਾਨਾਂ ਦੀਆਂ ਅੱਖਾਂ

ਇੰਗਲੈਂਡ ਦੀਆਂ ਬੰਦਰਗਾਹਾਂ ਤੇ ਲੱਗੀਆਂ ਹੋਈਆਂ ਸਨ, ਪਰ ਲੋਕ-ਰਾਜ ਵਾਲਿਆਂ ਨੇ ਐਸੀ ਨਾਕਾਬੰਦੀ ਕੀਤੀ ਹੋਈ ਸੀ ਕਿ ਕਿਸੇ ਨੂੰ ਵੀ ਹੌਂਸਲਾ ਨਾ ਪਿਆ ਫਰਾਂਸ ਦੀ ਧਰਤੀ ਤੇ ਪੈਰ ਰਖਣ ਦਾ।

ਹਰ ਮਹਿਕਮੇ ਵਿਚੋਂ ਆਦਮੀ ਖ੍ਰੀਦੇ ਗਏ, ਅਨੇਕਾਂ ਮਤਲਬੀ ਫਰਾਂਸ ਵਿਚ ਇੰਗਲੈਂਡ ਦਾ ਪ੍ਰਚਾਰ ਕਰਨ ਲੱਗੇ, ਪਰ ਜਾਸੂਸੀ ਦੀ ਭਿਆਨਕ ਅੰਧੇਰੀ ਵੀ ਲੋਕ-ਰਾਜ ਨੂੰ ਹਿਲਾ ਨਾ ਸਕੀ।

ਤੁਰਮਚੀ ਦੀ ਅਵਾਜ਼ ਨਾਲ ਜੰਗਲ ਗੂੰਜ ਉਠਿਆ । ਹਰ ਸਿਪਾਹੀ ਦੀਆਂ ਅੱਖਾਂ ਕਿਲੇ ਦੀ ਕੰਧ ਵਲ ਮੁੜੀਆਂ। ਕੰਧ ਤੇ ਇਕ ਫੌਜੀ ਖੜੋਤਾ ਸੀ।

ਗਾਵੇਨ ਨੇ ਵੀ ਅੱਗੋਂ ਬਿਗਲ ਵਜਾਇਆ, ਜਿਸਦਾ ਅਰਥ ਸੀ, "ਜੋ ਕੁਝ ਤੁਸੀਂ ਕਹਿਣਾ ਚਾਹੁੰਦੇ ਹੋ, ਕਹੋ, ਅਸੀਂ ਸੁਣਨ ਨੂੰ ਤਿਆਰ ਹਾਂ।"

"ਮੈਂ ਪਹਿਲੇ ਆਪਣੀ ਜਾਣ ਪਛਾਣ ਕਰਾ ਦੇਵਾਂ ਕਿ ਮੈਂ ਕੌਣ ਹਾਂ," ਸਿਪਾਹੀ ਨੇ ਕੰਧ ਤੇ ਸਿੱਧੇ ਹੋਕੇ ਕਿਹਾ, "ਵੀਰ ਫੌਜ ਦੇ ਮਰਨ ਵਾਲੇ ਸਾਰੇ ਸਿਪਾਹੀ ਮੈਨੂੰ ਚੰਗੀ ਤਰ੍ਹਾਂ ਜਾਣਦੇ ਸਨ। ਹਰ ਇਕ ਦੇ ਸੀਨੇ ਵਿਚ ਮੇਰੀਆਂ ਗੋਲੀਆਂ ਦੇ ਨਾ ਭੁਲਣ ਵਾਲੇ ਨਿਸ਼ਾਨ ਸਨ। ਲੰਟੈਨਕ ਦੇ ਹਥ ਵਿਚ ਜੇਹੜੀ ਤਲਵਾਰ ਹੈ, ਉਹ ਮੈਂ ਹੀ ਫਰਾਂਸ ਦੀ ਧਰਤੀ ਤੇ ਪੈਰ ਰਖਣ ਵੇਲੇ ਦਿੱਤੀ ਸੀ। ਮੈਂ ਗਿਣ ਨਹੀਂ ਸਕਦਾ ਜੋ ਤੁਹਾਡੇ ਕਿੰਨੇ ਸਿਪਾਹੀ ਮਾਰੇ ਹਨ। ਇਸ ਦੇ ਬਦਲੇ ਵਿਚ ਤੁਸਾਂ ਵੀ ਮੇਰੇ ਨਾਲ ਕੋਈ ਘਟ ਨਹੀਂ ਕੀਤੀ, ਮੇਰੇ ਖੱਬੇ ਹਥ ਦੀ ਚੀਚੀ ਕਟ ਛਡੀ ਹੈ। ਜਾਣ ਪਛਾਣ ਪਿੱਛੋਂ ਮੈਂ ਆਪਣੇ ਮਾਲਕ ਲੰਟੈਨਕ ਦਾ ਸੁਨੇਹਾ ਦੇਂਦਾ ਹਾਂ, ਜੇਹੜੇ ਮੇਰੇ ਲਾਗੇ ਕੰਧ ਪਿਛੇ ਖੜੇ ਹਨ, ਸੁਣੋ:–

"ਬੇਸ਼ਕ ਅਸੀਂ ਕਿਲੇ ਵਿਚ ਘਿਰੇ ਹੋਏ ਹਾਂ, ਪਰ ਸਾਡਾ ਪ੍ਰੋਗ੍ਰਾਮ ਉਨ੍ਹਾਂ ਛੇ ਸੈਨਾਪਤੀਆਂ ਪਾਸ ਹੈ, ਜੇਹੜੇ ਜੰਗਲ ਵਿਚ ਫੌਜਾਂ ਲੈਕੇ ਬੱਬਰ ਸ਼ੇਰਾਂ ਵਾਂਗ ਘੁੰਮ ਰਹੇ ਹਨ।"

ਇਹ ਮੇਰੇ ਸ਼ਬਦ ਨਹੀਂ,ਮੂੰਹ ਮੇਰਾ ਹੈ,ਪਰ ਅਵਾਜ਼ ਮੇਰੇ ਮਾਲਕ ਦੀਹੈ–"ਇਹ ਅਸੀਂ ਮੰਨਦੇ ਹਾਂ,ਤੁਹਾਡੇ ਪਾਸ ਹਥਿਆਰ ਚੰਗੇ ਹਨ, ਸੈਨਕ ਚੰਗੇ ਹਨ, ਪ੍ਰਬੰਧਕ ਚੰਗੇ ਹਨ,ਪਰ ਸਾਡੇ ਪਾਸ ਇਸ ਤੋਂ ਸਭ ਕੁਝ ਉਲਟ। ਸਾਡੇ ਕੋਲ ਕੇਵਲ ਇਕ ਚੰਗਿਆਈ ਹੈ। ਸਾਡੇ ਸੈਨਕਾਂ ਦੇ ਸੁਹਣੇ ਦਿਲ ਹਨ, ਤੇ ਉਹ ਇਨਸਾਫ ਲਈਜਾਨ ਦੇਣੀ ਜਾਣਦੇ ਹਨ।"ਲੌ ਅਖੀਰਲੀ ਗੱਲ, ਇਸ ਨੂੰ ਹਰ ਇਕ ਆਦਮੀ ਪੂਰੇ ਧਿਆਨ ਨਾਲ ਸੁਣਿਓ:"ਸਾਡੇ ਪਾਸ ਤਿੰਨ ਕੈਦੀ ਹਨ,ਤਿੰਨ ਮਾਸੂਮ ਬੱਚੇ। ਇਹ ਤਿੰਨੇ ਬੱਚੇ ਭਾਵੇਂ ਇਕ ਮਾਂ ਦੀਆਂ ਆਂਦਰਾਂ ਸਨ, ਪਰ ਵੀਰਾਂ ਦੀ ਫੌਜ ਏਹਨਾਂ ਨੂੰ ਆਪਣੇ ਪੁੱਤਰ ਬਣਾ ਚੁਕੀ ਹੈ। ਫਰਾਂਸ ਵਿਚ ਇਕ ਅਖੌਤ ਪ੍ਰਸਿਧ ਹੈ: ਵੀਰਾਂ ਦੀ ਫੌਜ ਦੇ ਸ਼ਬਦਾਂ ਨਾਲੋਂ ਉਸ ਦੇ ਇਰਾਦੇ ਵੱਡੇ ਹੁੰਦੇ ਹਨ। ਸੋ ਮੈਨੂੰ ਯਕੀਨ ਹੈ, ਵੀਰਾਂ ਦੀ ਫੌਜ ਦਾ ਇਕ ਇਕ ਸਿਪਾਹੀ ਉੱਨਾਂ ਚਿਰ ਤੜਫਦਾ ਰਹੇਗਾ, ਜਿੱਨਾਂ ਚਿਰ ਏਨ੍ਹਾਂ ਬੱਚਿਆਂ ਨੂੰ ਲੈ ਨਹੀਂ ਲੈਂਦਾ।

"ਅਸੀਂ ਤਿੰਨੇ ਬੱਚੇ ਤੁਹਾਨੂੰ ਦੇਣੇ ਚਾਹੁੰਦੇ ਹਾਂ, ਉਹ ਬੜੇ ਦੁਖੀ ਹਨ, ਰੋਂਦਿਆਂ ਰੋਂਦਿਆਂ ਉਨ੍ਹਾਂ ਦੀਆਂ ਅੱਖਾਂ ਗਲ ਗਈਆਂ ਹਨ।

(ਪਹਿਲਾ ਵਾਕ ਸੁਣਕੇ ਸਿਪਾਹੀਆਂ ਦੇ ਚੇਹਰੇ ਤੇ ਖੁਸ਼ੀ ਦੌੜੀ;

ਪਰ ਦੂਜਾ ਵਾਕ ਸੁਣਕੇ ਅਨੇਕਾਂ ਅੱਖਾਂ ਵਿਚੋਂ ਹੰਝੂ ਵਹਿ ਤੁਰੇ।)

"ਸੁਣੋ ! ਇਨ੍ਹਾਂ ਬੱਚਿਆਂ ਨੂੰ ਲੈਣ ਤੋਂ ਪਹਿਲੇ ਤੁਹਾਨੂੰ ਵੀ ਇਕ ਸ਼ਰਤ ਪੂਰੀ ਕਰਨੀ ਪਵੇਗੀ। ਅਸੀਂ ਕੇਵਲ ੧੯ ਆਦਮੀ ਹਾਂ, ਭਾਵੇਂ ਕਿਲੇ ਵਿਚ ਹੋਣ ਕਰਕੇ ੧੯ ਸੌ ਤੋਂ ਘਟ ਨਹੀਂ। ਸਾਨੂੰ ਬਾਹਰ ਨਿਕਲ ਜਾਣ ਦਿਓ। ਜੇ ਇਹ ਗੱਲ ਤੁਹਾਨੂੰ ਚੰਗੀ ਨਾ ਲੱਗੇ, ਤਾਂ ਦੂਜੀ ਵੀ ਸੁਣ ਲਵੋ, ਜੇਹੜੀ ਪਹਿਲੋਂ ਤੁਸੀਂ ਵੇਖੋਗੇ, ਤੇ ਫਿਰ ਤੁਹਾਡੇ ਤੇ ਵਾਪਰੇਗੀ। ਤੁਸੀਂ ਛੇ ਹਜ਼ਾਰ ਦੇ ਲਗਪਗ ਹੋ। ਏੱਨੇ ਆਦਮੀਆਂ ਦਾ ੧੯ ਆਦਮੀ ਕੀ ਸਤਕਾਰ ਕਰ ਸਕਦੇ ਹਨ ? ਬੜੀ ਮੁਸ਼ਕਲ ਨਾਲ ਤੁਹਾਡੇ ਸੁਆਗਤ ਲਈ ਅਸੀਂ ਤਿੰਨ ਦੀਵੇ ਜਗਾਏ ਹਨ। ਇਕ ਦੀਵਾ ਟਿੱਲੇ ਵਾਲੇ ਪਾਸੇ ਹੈ, ਤੇ ਉਸ ਦੇ ਲਾਗੇ ਪੰਝੀ ਪੀਪੇ ਮਿੱਟੀ ਦੇ ਤੇਲ ਦੇ ਹਨ। ਜੇ ਤੁਸੀਂ ਤੋਪਾਂ ਨਾਲ ਕੰਧ ਢਾਹਕੇ ਇਧਰ ਦੀ ਆਏ, ਤਾਂ ਉਹ ਦੀਵਾ ਸਾਡੇ ਇਸ਼ਾਰੇ ਨਾਲ ਮਿੱਟੀ ਦੇ ਤੇਲ ਤੇ ਜਾ ਪਵੇਗਾ, ਪੰਝੀ ਪੀਪੇ ਜ਼ੋਰ ਨਾਲ ਅੱਗ ਉਛਾਲ-ਣਗੇ, ਤਾਂਕਿ ਚਾਨਣੇ ਵਿਚ ਤੁਸੀਂ ਆਪਣੀ ਜਿੱਤ ਦਾ ਮੂੰਹ ਵੇਖ ਸਕੋ।

"ਦੂਜਾ ਰਾਹ ਤੁਹਾਡਾ ਪੁਲ ਵਲ ਦਾ ਹੈ। ਉਸ ਵਿਚ ਗਾਵੇਨ ਦੀ ਲਾਇਬ੍ਰੇਰੀ ਤੇ ਹੋਰ ਮੇਜ਼ਾਂ ਕੁਰਸੀਆਂ ਹਨ। ਉਸ ਤੋਂ ਹੇਠਲੇ ਕਮਰੇ ਵਿਚ ਘਾਹ ਤੇ ਲੱਕੜੀਆਂ ਹਨ। ਸਭ ਤੋਂ ਉਪਰਲੇ ਹਿੱਸੇ ਵਿਚ ਅਨਾਜ ਦੀਆਂ ਬੋਰੀਆਂ ਪਈਆਂ ਹਨ। ਉਨ੍ਹਾਂ ਤੇ ਮਿੱਟੀ ਦਾ ਤੇਲ ਪਾਕੇ ਗਿੱਲਾ ਕਰ ਦਿਤਾ ਹੈ,

ਤਾਂਕਿ ਤੁਹਾਡੀ ਖੁਰਾਕ ਬਣਨ ਤੋਂ ਪਹਿਲਾਂ ਉਹ ਬੋਰੀਆਂ ਤੁਹਾਨੂੰ ਖੁਰਾਕ ਬਣਾ ਸਕਣ । ਤਿੰਨੇ ਬੱਚੇ ਵੀ ਲਾਇਬ੍ਰੇਰੀ ਵਿਚ ਰਖ ਦਿੱਤੇ ਹਨ। ਕਿਲੇ ਨੂੰ ਬੜੀ ਮੇਹਨਤ ਪਿਛੋਂ ਅਸਾਂ ਇਕ ਡੱਬੀ ਬਣਾ ਦਿੱਤਾ ਹੈ। ਤੁਹਾਡੀ ਤੋਪ ਦਾ ਗੋਲਾ ਇਕ ਤੀਲੀ ਹੋਵੇਗੀ। ਜਦ ਉਹ ਕਿਲੇ ਵਿਚ ਵੱਜਾ, ਕਿਲੇ ਨੂੰ ਅੱਗ ਲਗ ਉਠੇਗੀ। ਉਸ ਵਿਚ ਤੁਹਾਡੇ ਤਿੰਨ ਬੱਚੇ ਹਨ, ਉਹ ਤਿੰਨੇ ਦੇ ਤਿੰਨੇ ਸੜ ਜਾਣਗੇ। ਮਾਪੇ ਬੱਚਿਆਂ ਨੂੰ ਸਾੜਨਗੇ ਤੇ ਬੱਚੇ, ਨਿਆਣੇ ਬੱਚੇ, ਕਈਆਂ ਚਿਰਾਂ ਤੋਂ ਵਿਛੜੇ ਬੱਚੇ, ਜਦੋਂ ਉਨ੍ਹਾਂ ਦੇ ਮਾਪੇ ਮਿਲਨ ਲਈ ਆਉਣਗੇ, ਉਹ ਆਪ ਬੱਚਿਆਂ ਨੂੰ ਅੱਗ ਲਾਉਣਗੇ । ਜਦੋਂ ਉਹ ਸੜਨੇ ਸ਼ੁਰੂ ਹੋ ਜਾਣਗੇ, ਫਿਰ ਮਾਪੇ ਮਿਲਨ ਲਈ ਅੱਗੇ ਆਉਣਗੇ ।''

ਵੀਰ ਸਿਪਾਹੀ ਮਛੀ ਵਾਂਗ ਤੜਫਣ ਲੱਗੇ। ਹੁਣ ਉਨ੍ਹਾਂ ਨੂੰ ਪਤਾ ਲੱਗਾ ਜੋ ਅਜੇ ਉਹ ਜਿੱਤ ਤੋਂ ਬਹੁਤ ਦੂਰ ਹਨ ਤੇ ਸ਼ਾਇਦ ਅਖੀਰ ਉਨ੍ਹਾਂ ਨੂੰ ਹਾਰਨਾ ਹੀ ਪਵੇ।

ਗਾਵੇਨ ਨੇ ਬਿਗਲ ਵਜਾਇਆ ਤੇ ਪਿਛੋਂ ਕਿਹਾ, "ਇਹ ਲੈਂਟੇਨਕ ਦੀ ਅਖੀਰਲੀ ਚਾਲ ਹੈ, ਪਰ ਇਹ ਵੀ ਪਹਿਲੀਆਂ ਵਾਂਗ ਹਾਰ ਦੇ ਘਰਾਂ ਵਲ ਜਾਵੇਗੀ। ਬੱਚੇ ਬੜੇ ਪਿਆਰੇ ਹਨ, ਪਰ ਇਕ ਮੁਲਕ ਦੀ ਕਿਸਮਤ ਲਿਖਣ ਵੇਲੇ ਇਨ੍ਹਾਂ ਤੋਂ ਵੀ ਬਹੁਤੀ ਕੀਮਤ ਮਿਲਾਪ ਦੀ ਹੈ। ਸਾਡੇ ਵਿਚ ਵਿਥ ਹੈ ਹੀ ਨਹੀਂ, ਫੁਟ ਕਿਸ ਫੁੱਟੀ ਹੋਈ ਥਾਂ ਵਿਚ ਬੈਠ ਸਕੇਗੀ । ਮੇਰਾ ਯਕੀਨ ਹੈ, ਸਾਡੇ ਵਿਚ ਫੁਟ ਨਹੀਂ ਪੈ ਸਕਦੀ । ਅਸੀਂ ਨਰੰਗੀ ਵਾਂਗ ਨਹੀਂ, ਜੇਹੜੀ ਉੱਤੋਂ ਇਕ ਹੁੰਦੀ ਹੈ, ਤੇ ਜਿਸ ਵਿਚ ਸਾਰੀਆਂ ਫਾੜੀਆਂ

ਰਸ ਨਾਲ ਭਰੀਆਂ ਹੋਣ ਤੇ ਵੀ ਇਕ ਫਾੜੀ ਬਿਲਕੁਲ ਸੁੱਕੀ ਸੜੀ ਰਹਿ ਸਕੇ। ਅਸੀਂ ਮਨੁੱਖ ਹਾਂ, ਤੇ ਸਭ ਨੂੰ ਨਾਲ ਮਿਲਾਕੇ ਚਲਣ ਦੀ ਪ੍ਰੇਰਨਾ ਕਰਦੇ ਹਾਂ। ਮੇਰਾ ਯਕੀਨ ਹੈ, ਅਖੀਰ ਬੱਚੇ ਵੀ ਸਾਨੂੰ ਮਿਲ ਜਾਣਗੇ।''

"ਯਕੀਨ ਬੜੀ ਚੰਗੀ ਚੀਜ਼ ਹੈ, ਪਰ ਇਹਨੂੰ ਘੜਨ ਵਾਲੇ ਉੱਦਮ ਦੇ ਹਥਿਆਰ ਹੁੰਦੇ ਹਨ। ਜੇਹੜੇ ਯਕੀਨ ਅੱਖਾਂ ਮੀਟਣ ਤੇ ਉਸਰਦੇ ਹਨ, ਉਹ ਅੱਖਾਂ ਉਘਾੜਨ ਤੇ ਢਹਿ ਜਾਂਦੇ ਹਨ। ਕੇਵਲ ਲਾਂਬੂ ਲੱਗਣ ਦੀ ਦੇਰ ਹੈ, ਤੇ ਉਹ ਦੇਰ ਵੀ ਤੁਹਾਡੇ ਵਲੋਂ ਹੈ। ਫਿਰ ਤਿੜਤਿੜ ਦੀ ਅਵਾਜ਼ ਵਿਚ ਮੇਰੀ ਸਚਿਆਈ ਦੀ ਕਹਾਣੀ ਸਾਰੇ ਸਰਦਾਰ ਤੇ ਸਿਪਾਹੀ ਸੁਣਨਗੇ, ਤੇ ਅਕਾਸ਼ ਤੱਕ ਉਠਦੀਆਂ ਲਾਟਾਂ ਨੂੰ ਵੇਖਣਗੇ।'' ਕਿਲੇ ਦੇ ਸਿਪਾਹੀ ਨੇ ਹਥ ਤੇ ਹਥ ਮਾਰਦਿਆਂ ਹੋਇਆਂ ਕਿਹਾ।

"ਹਰ ਸਿਪਾਹੀ ਬਰਬਾਦੀ ਦੀਆਂ ਕਹਾਣੀਆਂ ਸੁਣਨ ਦਾ ਆਦੀ ਹੁੰਦਾ ਹੈ। ਉਹ ਫੌਜੀ ਨਹੀਂ, ਜੇਹੜਾ ਅਜੇਹੀਆਂ ਕਹਾਣੀਆਂ ਸੁਣਨ ਵੇਲੇ ਤ੍ਰਬਕਦਾ ਹੈ; ਅਸੀਂ ਜ਼ਰੂਰ ਸੁਣਾਂਗੇ ਤੇ ਨਾਲੇ ਵੇਖਾਂਗੇ। ਤੇ ਜਿਵੇਂ ਅੱਗੇ ਕਈ ਕਹਾਣੀਆਂ ਤੁਹਾਨੂੰ ਸੁਣਾ ਚੁਕੇ ਹਾਂ, ਉਸੇ ਤਰ੍ਹਾਂ ਤੇ ਉਸ ਤੋਂ ਵੀ ਵੱਡੀਆਂ ਕਹਾਣੀਆਂ ਹੋਰ ਕਈ ਸੁਣਾਵਾਂਗੇ," ਗਾਵਿਨ ਨੇ ਜ਼ੋਰ ਨਾਲ ਕਿਹਾ।''

"ਸਾਡੀਆਂ ਕਹਾਣੀਆਂ ਸਾਡੀਆਂ ਤਲਵਾਰਾਂ ਵਿਚ ਹਨ, ਡੌਲਿਆਂ ਦੇ ਖੂਨ ਵਿਚ ਹਨ, ਬੰਦੂਕਾਂ ਵਿਚ ਹਨ ਤੇ ਇਸ ਕਿਲੇ ਦੀ ਇਕ ਇਕ ਇੱਟ ਵਿਚ ਹਨ। ਅਜ ਤੱਕ ਕੋਈ ਬਹਾਦਰ ਵੀ ਇਸ ਕਿਲੇ ਅੰਦਰ ਅਵਾਜ਼ ਨਹੀਂ ਪਹੁੰਚਾ ਸਕਿਆ।

"ਜੋ ਕੁਝ ਅਜ ਤੱਕ ਨਹੀਂ ਹੋਇਆ, ਉਹ ਹੁਣ ਹੋ ਸਕਦਾ ਹੈ, ਤੇ ਜੋ ਕੁਝ ਹੋ ਗਿਆ ਹੈ, ਉਹ ਵੀ ਕਦੇ ਨਹੀਂ ਸੀ ਹੋਇਆ। ਅਣ-ਹੋਂਦ ਵਿਚੋਂ ਕਈ ਹੋਂਦਾਂ ਆਈਆਂ ਹਨ ਤੇ ਕਈ ਔਣਗੀਆਂ।

ਜਿਨ੍ਹਾਂ ਖਿਆਲਾਂ ਪਿਛੇ ਆਦਮੀ ਹੋਣ ਤੇ ਆਦਮੀਆਂ ਦੇ ਪੱਕੇ ਇਰਾਦੇ ਹੋਣ, ਇਰਾਦਿਆਂ ਨੂੰ ਪੂਰਾ ਕਰਨ ਲਈ ਵਗਾਏ ਲਹੂ ਨੂੰ ਤੋਲ ਤੋਲ ਵੇਚਣ ਵਾਲੇ ਦੁਕਾਨਦਾਰ ਨਾ ਮਿਲ ਪੈਣ, ਉਹ ਸਦਾ ਤੋਂ ਕਾਮਯਾਬ ਹੁੰਦੇ ਆਏ ਹਨ। ਸਾਨੂੰ ਖੁਸ਼ੀ ਹੈ, ਜੋ ਅਸੀਂ ਉਹ ਆਦਮੀ ਹਾਂ।''

''ਅਖੀਰੀ ਸਿੱਟਾ ਕੀ ?'' ਕਿਲੇ ਵਲੋਂ ਫੈਸਲਾ ਮੰਗਣ ਲਈ ਅਵਾਜ਼ ਆਈ।

''ਸਿੱਟਾ ਅਖੀਰ ਵਿਚ ਨਿਕਲੇਗਾ, ਉਹ ਅਖੀਰ ਤੁਹਾਡਾ ਹੋਵੇ ਜਾਂ ਸਾਡਾ।''

''ਅਖੀਰ ਜਿੰਨਾਂ ਕਹਿਣਾ ਸੌਖਾ ਹੈ, ਉਸ ਤੋਂ ਕਈ ਗੁਣਾਂ ਵੇਖਣਾ ਔਖਾ ਹੈ।''

''ਜੇਹੜੀਆਂ ਅੱਖਾਂ ਤਲਵਾਰ ਦੀ ਚਮਕ ਵੇਲੇ ਤੇ ਗੋਲੀ ਦੇ ਖੜਾਕ ਵੇਲੇ ਝਮਕਦੀਆਂ ਨਹੀਂ, ਉਹ ਅੰਤ ਤੋਂ ਨਹੀਂ ਤ੍ਰਬਕਦੀਆਂ। ਮੈਂ ਤੁਹਾਨੂੰ ਚੱਵੀ ਘੰਟੇ ਹੋਰ ਦੇਂਦਾ ਹਾਂ, ਸੋਚਣ ਲਈ ਤੇ ਆਪਣੇ ਆਪ ਨੂੰ ਸਮਝਣ ਲਈ। ਕਈ ਵਾਰ ਜੋ ਕੁਝ ਜੋਸ਼ ਵਿਚ ਅਸੀਂ ਕਹਿ ਜਾਂਦੇ ਹਾਂ, ਥੋੜ੍ਹੇ ਚਿਰ ਪਿਛੋਂ ਉਸੇ ਦਾ ਬੜਾ ਦੁਖ ਹੁੰਦਾ ਹੈ। ਤੁਹਾਡੀ ਭਲਿਆਈ ਹੁਣ ਹਥਿਆਰ ਸੁਟਣ ਵਿਚ ਹੈ।''

''ਹਥਿਆਰ ਸਾਡੇ ਅੰਗ ਬਣ ਚੁਕੇ ਹਨ; ਉਨ੍ਹਾਂ ਨੂੰ ਸੁਟਣਾ ਉਤਨਾ ਹੀ ਔਖਾ ਹੈ, ਜਿੰਨਾ ਕਿਸੇ ਅੰਗ ਨੂੰ ਕਟਕੇ ਸੁਟਣਾ।''

ਇਕ ਲੰਮਾ ਆਦਮੀ ਗਾਵੇਨ ਦੇ ਲਾਗੇ ਆਇਆ ਤੇ ਬਿਗਲ ਲੈਕੇ ਜ਼ੋਰ ਨਾਲ ਵਜਾਇਆ। ਸਾਰਾ ਜੰਗਲ ਕੰਬ ਉਠਿਆ। ਗੂੰਜ ਅਜੇ ਫੈਲ ਰਹੀ ਸੀ ਕਿ ਸਿਮੋਰਡੇਨ ਨੇ ਕਿਹਾ, ''ਹੁਣ ਸਮਾਂ ਹੈ ਬਚਣ ਦਾ, ਪਿਛੋਂ ਕਿਸੇ ਨੇ ਮੰਗਿਆਂ ਵੀ ਜ਼ਿੰਦਗੀ ਨਹੀਂ ਦੇਣੀ।''

ਲੰਟੇਨਕ ਗੁਸੇ ਨਾਲ ਆਪ ਕਿਲੇ ਦੀ ਕੰਧ ਤੇ ਚੜ੍ਹ

ਆਇਆ ਤੇ ਬੋਲਿਆ, "ਮੰਗਣ ਦੀ ਆਦਤ ਪਾਦਰੀਆਂ ਨੂੰ ਹੁੰਦੀ ਹੈ।"

"ਤੁਸੀਂ ਫੁਲਾਦ ਨੂੰ ਢਲਿਆ ਹੋਇਆ ਵੇਖਿਆ ਹੈ, ਇਸ ਲਈ ਸਖਤ ਹੋਏ ਫੁਲਾਦ ਨੂੰ ਨਹੀਂ ਜਾਣਦੇ," ਸਿਮੋਰਡੇਨ ਨੇ ਬੁਲ੍ਹ ਟੁਕਦੇ ਹੋਏ ਕਿਹਾ।

"ਮੈਂ ਫੁਲਾਦ ਵਾਸਤੇ ਭੱਠੀ ਹਾਂ, ਮੈਨੂੰ ਪਤਾ ਹੈ ਕਿੰਨੇ ਸੇਕ ਨਾਲ ਫੁਲਾਦ ਖਿੰਘਰ ਬਣ ਸਕਦਾ ਹੈ, ਦੇਰ ਕੇਵਲ ਮੇਰੀ ਮੁਠ ਤੱਕ ਔਣ ਵਿਚ ਹੈ।"

"ਮੈਂ ਬੜੀ ਛੇਤੀ ਤੇਰੀ ਮੁਠ ਵਿਚ ਆ ਜਾਵਾਂਗਾ, ਦੇਰ ਕੇਵਲ ਤੇਰੀ ਬਾਂਹ ਕੱਟਣ ਵਿਚ ਹੈ।"

"ਵਾਹ ਓਇ ਪਾਦਰੀ ! ਤੂੰ ਤੇ ਹੁਣ ਕੱਟੇ ਵਾਂਗ ਡਿੰਗ ਡਿੰਗਕੇ ਬੋਲਣਾ ਵੀ ਸਿਖ ਗਿਆ ਏਂ।" ਇਹ ਕਹਿਕੇ ਲੰਟੈਨਕ ਕੰਧ ਤੋਂ ਥੱਲੇ ਉਤਰ ਗਿਆ।

* * * *

ਚੱਵੀ ਘੰਟੇ ਲਈ ਲੜਾਈ ਬੰਦ ਹੋ ਗਈ। ਗਾਵੇਨ ਨੇ ਕਿਲੇ ਨੂੰ ਇਧਰੋਂ ਉਧਰ ਜਾਚਿਆ। ਉਸ ਦੀ ਸਿਆਣੀ ਅੱਖ ਨੇ ਛੇਤੀ ਪਤਾ ਲਾ ਲਿਆ, ਜੋ ਲਾਇਬ੍ਰੇਰੀ ਵਾਲਾ ਪਾਸਾ ਕਮਜ਼ੋਰ ਹੈ। ਉਸਦੀ ਸੁਰਤ ਕਮਰੇ ਅੰਦਰ ਗਈ। ਪੁਰਾਣੀਆਂ ਅਨੇਕਾਂ ਯਾਦਾਂ ਕਤਾਬਾਂ ਵਾਂਗ ਅੰਦਰ ਪਈਆਂ ਹੋਈਆਂ ਦਿੱਸੀਆਂ। ਗਾਵੇਨ ਨੇ ਸੁਰਤ ਦੇ ਨੇਣਾਂ ਨਾਲ ਵੇਖਿਆ: ਇਕ ਪੁਰਾਣਾ ਪੰਘੂੜਾ ਜਿਸ ਵਿਚ ਉਸਦਾ ਬਾਲ ਕਾਂਡ ਖੇਡ ਖੇਡ ਲੰਘਿਆ ਸੀ। ਉਸਨੇ ਅਲਮਾਰੀਆਂ ਖਿਡਾਉਣਿਆਂ ਨਾਲ ਭਰੀਆਂ ਵੇਖੀਆਂ, ਜੇਹੜੇ ਬਚਪਨ ਵਿਚ ਮਨੁੱਖਾਂ ਨਾਲੋਂ ਵੀ ਪਿਆਰੇ ਹੁੰਦੇ ਹਨ। ਅਨੇਕਾਂ ਕਮੀਜ਼ਾਂ, ਪਜਾਮੇ, ਟੋਪੀਆਂ ਤੇ ਬੂਟ ਉਸਦੇ ਸਾਹਮਣੇ ਆਏ, ਜਿਨ੍ਹਾਂ ਦੇ ਮਿਲਣ ਤੇ ਉਹ ਦੋ ਦੋ ਤਿੰਨ ਤਿੰਨ ਦਿਨ ਖੁਸ਼ੀ ਨਾਲ ਨਚਦਾ ਰਹਿੰਦਾ ਸੀ।

ਉਸਦੇ ਸਾਹਮਣੇ ਇਕ ਰੰਗੀਲੀ ਗੇਂਦ ਤੇ ਹਾਕੀ ਆਈ, ਜਿਸ ਦੇ ਚਾਅ ਨਾਲ ਬਚਪਨ ਨੇ ਦੌੜਨਾ ਸਿਖਿਆ ਸੀ। ਕਮਰੇ ਦੇ ਨਿੱਕੇ ਨਿੱਕੇ ਮੈਦਾਨ ਉਸ ਲਈ ਵੱਡੀਆਂ ਵੱਡੀਆਂ ਗਰਾਊਂਡਾਂ ਸਨ। ਗਾਵੇਨ ਦੇ ਅੰਦਰੋਂ ਇਕ ਅਵਾਜ਼ ਆਈ, ਬੜੀ ਹੀ ਦੂਰੋਂ—"ਕੀ ਇਹ ਸਭ ਕੁਝ ਬਰਬਾਦ ਕਰ ਦੇਵੇਂਗਾ?"

ਗਾਵੇਨ ਨੇ ਉਤਰ ਦਿੱਤਾ, "ਬੇਸ਼ਕ ਜੋ ਕੁਝ ਸੈਨਕ ਦੇ ਸਾਹਮਣੇ ਆਏ, ਉਹ ਸੜਨ ਲਈ ਔਂਦਾ ਹੈ।"

ਗੁੰਬਦ ਦੀ ਗੂੰਜ ਵਾਂਗ ਇਕ ਹੋਰ ਮਿਠੀ ਅਵਾਜ਼ ਧੁਰੋਂ ਅੰਦਰੋਂ ਆਈ, "ਤੈਨੂੰ ਪਤਾ ਹੈ, ਇਸ ਕਮਰੇ ਦੀ ਕੀ ਕੀਮਤ ਹੈ?"

"ਹਾਂ, ਹਾਂ, ਮੈਂ ਜਾਣਦਾ ਹਾਂ, ਸਾਰੀ ਜ਼ਿੰਦਗੀ ਬਚਪਨ ਵਿਚੋਂ ਸੁਵਾਦ ਲੈਂਦੀ ਹੈ, ਬੁਢੇਪਾ ਬਚਪਨ ਵੇਖ ਵੇਖ ਕੇ ਕਦੀ ਕਦੀ ਮੁਸਕ੍ਰਾਉਂਦਾ ਹੈ। ਬਚਪਨ ਕਢਿਆਂ, ਜੀਵਨ, ਖੇਡਾਂ ਦੀ ਥਾਂ, ਤਜਰਬਿਆਂ ਦੇ ਭਾਰ ਨਾਲ ਲੱਦਿਆ ਬੋਝਲ ਜਿਹਾ ਹੋ ਜਾਂਦਾ ਹੈ।"

"ਕੀ ਤੂੰ ਸਿਮ੍ਰਤੀਆਂ (ਯਾਦਾਂ) ਸਾੜ ਸਕਦਾ ਏਂ?"

"ਮੈਂ ਬਿਲਕੁਲ ਨਹੀਂ ਸਾੜ ਸਕਦਾ, ਕੋਈ ਵੀ ਨਹੀਂ ਸਾੜ ਸਕਦਾ। ਸਿਮ੍ਰਤੀਆਂ ਨੇ ਜੀਵਨ ਢਕਿਆ ਹੋਇਆ ਹੈ, ਜੀਵਨ ਨੇ ਯਾਦਾਂ ਨਹੀਂ ਢੱਕੀਆਂ। ਜੋ ਭੁਲ ਜਾਂਦੀਆਂ ਹਨ, ਉਹ ਯਾਦਾਂ ਨਹੀਂ ਹੁੰਦੀਆਂ।" ਅੰਦਰਲੀ ਅਵਾਜ਼ ਜਿੱਤ ਗਈ, ਜਿਵੇਂ ਸਦੀਆਂ ਤੋਂ ਜਿੱਤਦੀ ਆਈ ਹੈ।

ਸਿਮੋਰਡੇਨ, ਗਾਵੇਨ ਦੇ ਲਾਗੇ ਆਕੇ ਕਹਿਣ ਲਗਾ, "ਚੱਵੀ ਘੰਟੇ ਪਿਛੋਂ ਹਮਲਾ ਕਿਸ ਪਾਸਿਓਂ ਕਰਨਾ ਏਂ?"

"ਸ਼ਾਇਦ ਹਮਲਾ ਕਰਨ ਦੀ ਲੋੜ ਨਾ ਰਹਿ ਜਾਵੇ, ਵੈਰੀ ਪਹਿਲੋਂ ਹੀ ਹਥਿਆਰ ਸੁਟ ਦੇਵੇ," ਗਾਵੇਨ ਨੇ ਕਿਹਾ।

"ਹਥਿਆਰ ਸੁਟਣੇ ਬੁਜ਼ਦਿਲੀ ਨਾਲ ਭਰੀ ਹੋਈ ਸਿਆਣਪ ਹੈ, ਤੇ ਇਹ ਸਿਆਣਪ ਲੰਟੈਨਕ ਕਦੀ ਨਹੀਂ ਕਰੇਗਾ",

ਸਿਮੋਰਡੇਨ ਨੇ ਕਿਹਾ।

"ਅਸੀਂ ਹਮਲਾ ਕਰ ਦੇਵਾਂਗੇ," ਗਾਵੇਨ ਨੇ ਕਿਹਾ।

"ਮੈਂ ਵੀ ਇਹੋ ਪੁਛ ਰਿਹਾ ਹਾਂ ਕਿ ਕਿਸ ਪਾਸਿਓਂ ਕਰੋਗੇ ?"

"ਕਿਸ ਪਾਸਿਓਂ ?" ਮਥੇ ਤੇ ਹਥ ਰਖਕੇ ਗਾਵੇਨ ਰੁਕ ਗਿਆ; ਠਹਿਰ ਕੇ ਬੋਲਿਆ, "ਲਾਇਬ੍ਰੇਰੀ ਵਾਲਾ ਪਾਸਾ ਠੀਕ ਨਹੀਂ, ਇਸ ਵਿਚ ਕਈ ਕੀਮਤੀ ਕਾਗਜ਼ ਹੋਣਗੇ,...ਹੈਂ ਜੀ,...ਹਾਂ, ਪਿਛਲੇ ਪਾਸਿਓਂ ਠੀਕ ਰਹੇਗਾ, ਭਾਵੇਂ ਕਿਲੇ ਦਾ ਪਿਛਲਾ ਹਿੱਸਾ ਬਹੁਤ ਮਜ਼ਬੂਤ ਹੈ,...ਹੈਂ ਜੀ...ਪਰ ਸਾਡੀਆਂ ਤੋਪਾਂ ਜ਼ਰੂਰ ਢਾਹ ਢੇਰੀ ਕਰਨਗੀਆਂ।" ਰੁਕ ਰੁਕ ਡੁਠਿਆਂ ਵਾਂਗ ਗਾਵੇਨ ਨੇ ਉਤਰ ਦਿਤਾ।

"ਚੰਗੀ ਤਰ੍ਹਾਂ ਸੋਚ ਲੈ, ਜੋ ਠੀਕ ਹੋਵੇ ਕਰਨਾ।"

"ਮੈਂ ਬਹੁਤ ਸੋਚ ਚੁਕਾ ਹਾਂ...ਹੈਂ ਜੀ...ਪਿਛਲੇ ਪਾਸਿਓਂ ਠੀਕ ਹੈ। ਲਾਇਬ੍ਰੇਰੀ ਵਾਲੇ ਪਾਸਿਓਂ ਜੇ ਹਮਲਾ ਕੀਤਾ ਤਾਂ ਮੈਨੂੰ ਡਰ ਹੈ, ਅਸੀਂ ਹਾਰ ਨਾ ਜਾਈਏ। ਕਾਗਜ਼ ਬੜੇ ਡਾਢੇ ਹੁੰਦੇ ਹਨ, ਲਿਖੇ ਹੋਏ ਕਾਗਜ਼...ਹੈਂ ਜੀ...ਛੇਤੀ ਅੱਗ ਲਗ ਜਾਂਦੀ ਹੈ।" ਗਾਵੇਨ ਦੇ ਮਥੇ ਤੇ ਤ੍ਰੇਲੀਆਂ ਸਨ, ਜੇਹੜੀਆਂ ਅੰਦਰਲਾ ਸਚ ਲੁਕਾਉਣ ਵੇਲੇ ਪਵਿੱਤ੍ਰ ਮਨੁੱਖਾਂ ਦੇ ਮੱਥਿਆਂ ਤੇ ਆਉਂਦੀਆਂ ਹਨ।

"ਚੰਗਾ", ਸਿਮੋਰਡੇਨ ਕਹਿਕੇ ਚਲਿਆ ਗਿਆ। ਉਹ ਸਭ ਕੁਝ ਤਾੜ ਗਿਆ। ਗਾਵੇਨ ਦੀ ਹਾਲਤ ਸੋਚਦਾ ਸੋਚਦਾ ਉਹ ਆਪ ਉਸੇ ਥਾਂ ਡਿਗ ਪਿਆ, ਵੀਹ ਪੰਝੀ ਕਦਮ ਡੇਨ ਨੇ ਬੇਹੋਸ਼ਾਂ ਵਾਂਗ ਪੁੱਟੇ। ਹੁਣ ਤੋਂ ਵੀਹ ਪੰਝੀ ਸਾਲ ਪਹਿਲਾਂ, ਉਹ ਆਪ ਗਾਵੇਨ ਨੂੰ ਪੜ੍ਹਾਉਣ ਵਾਲਾ ਪਾਦਰੀ ਸੀ। ਉਸਨੇ ਗਾਵੇਨ ਨੂੰ ਅਵਾਜ਼ ਮਾਰੀ, "ਆ, ਕਾਕਾ, ਹੁਣ ਪੜ੍ਹੀਏ।"

"ਆਇਆ ਗੁਰੂ ਜੀ," ਕਹਿਕੇ ਗਾਵੇਨ ਗੋਡੇ ਤੇ ਆਣ ਬੈਠਾ।

"ਅਜ ਮੈਂ ਤੇਰੇ ਲਈ ਮੂਰਤਾਂ ਵਾਲੀ ਕਿਤਾਬ ਲਿਆਇਆ ਹਾਂ "

ਪਾਦਰੀ ਨੇ ਚੋਗੇ ਦੀ ਹੇਠਲੀ ਜੇਬ ਵਿਚੋਂ ਇਕ ਸੁਹਣੀ ਕਿਤਾਬ ਕੱਢੀ।

"ਗੁਰੂ ਜੀ, ਇਹ ਮੂਰਤਾਂ ਕਿਨ੍ਹਾਂ ਦੀਆਂ ਹਨ ?"

"ਚੰਗੇ ਆਦਮੀਆਂ ਦੀਆਂ।"

ਕਿਤਾਬ ਫੋਲਦਿਆਂ ਫੋਲਦਿਆਂ ਗਾਵੇਨ ਨੇ ਇਕ ਲੰਙੇ ਆਦਮੀ ਦੀ ਮੂਰਤ ਕਢੀ ਤੇ ਬੋਲਿਆ, "ਗੁਰੂ ਜੀ, ਇਸ ਵਿਚ ਇਕ ਭੈੜਾ ਆਦਮੀ ਹੈ, ਆਹ ਵੇਖੋ !" ਕਹਿਕੇ ਕਿਤਾਬ ਪਾਦਰੀ ਅੱਗੇ ਕਰ ਦਿੱਤੀ।

"ਬੇਟਾ, ਲੰਙੇ ਜਾਂ ਕਾਣੇ ਹੋਣ ਨਾਲ ਕੋਈ ਆਦਮੀ ਭੈੜਾ ਨਹੀਂ ਹੁੰਦਾ, ਭੈੜਾ ਉਹ ਹੈ ਜੇਹੜਾ ਭੈੜੇ ਕੰਮ ਕਰੇ।"

"ਗੁਰੂ ਜੀ, ਮੈਂ ਭੈੜੇ ਕੰਮ ਕਰਦਾ ਹਾਂ ਕਿ ਚੰਗੇ ?"

"ਤੂੰ ਜੇਹੜੇ ਕੰਮ ਕਰਦਾ ਏਂ, ਸਾਰੇ ਗਿਣਕੇ ਦੱਸ; ਮੈਂ ਤੈਨੂੰ ਦੱਸਾਂਗਾ, ਕੇਹੜੇ ਚੰਗੇ ਹਨ ਤੇ ਕੇਹੜੇ ਮਾੜੇ।"

"ਮੈਂ ਨਾਲੇ ਹਾਕੀ ਖੇਡਦਾ ਹਾਂ।"

"ਇਹ ਚੰਗਾ ਕੰਮ ਹੈ, ਇਸ ਨਾਲ ਦੌੜਨਾ ਤੇ ਝਟਪਟ ਰੁਕਕੇ ਦੂਜੇ ਪਾਸੇ ਮੁੜਨਾ ਆ ਜਾਂਦਾ ਹੈ।"

"ਮੈਂ ਨਾਲੇ ਗੁੱਡੀ ਨੂੰ ਕਪੜੇ ਪੌਂਦਾ ਹਾਂ।"

"ਇਹ ਵੀ ਚੰਗਾ ਕੰਮ ਹੈ।"

"ਮੈਂ ਪੀਂਘ ਤੇ ਹੂਟੇ ਲੈਂਦਾ ਹਾਂ।"

"ਇਹ ਵੀ ਚੰਗਾ ਕੰਮ ਹੈ।"

"ਮੈਂ ਕਈ ਕੰਮ ਕਰਦਾ ਹਾਂ।"

"ਇਹ ਵੀ ਚੰਗਾ ਕੰਮ ਹੈ।"

"ਮੈਂ ਕੇਹੜੇ ਕੇਹੜੇ ਕੰਮ ਕਰਦਾ ਹਾਂ ?"

"ਇਹ ਵੀ ਚੰਗਾ ਕੰਮ ਹੈ।"

"ਮੈਂ ਨਾਲੇ ਸੌਂ ਜਾਂਦਾ ਹਾਂ।"

"ਇਹ ਵੀ ਚੰਗਾ ਕੰਮ ਹੈ।"

"ਗੁਰੂ ਜੀ, ਭੈੜੇ ਕੰਮ ਕੇਹੜੇ ਹਨ?"

"ਜੇਹੜੇ ਤੂੰ ਨਹੀਂ ਕਰਦਾ।"

"ਮੈਂ ਕਿਉਂ ਨਹੀਂ ਕਰਦਾ?"

"ਤੈਨੂੰ ਔਂਦੇ ਹੀ ਨਹੀਂ।"

"ਊਂਊਂ, ਮੇਰੀ ਮੂਰਤ ਕਿਤਾਬ ਤੇ ਕਿਉਂ ਨਹੀ, ਤੁਸੀਂ ਕਹਿੰਦੇ ਸੀ, ਜੇਹੜੇ ਚੰਗੇ ਕੰਮ ਕਰਦੇ ਹਨ, ਉਨ੍ਹਾਂ ਦੀਆਂ ਮੂਰਤਾਂ ਕਿਤਾਬ ਵਿਚ ਹਨ।"

ਪਾਦਰੀ ਨੇ ਇਕ ਨਿੱਕੇ ਜਿਹੇ ਮੁੰਡੇ ਦੀ ਤਸਵੀਰ ਕਿਤਾਬ ਵਿਚੋਂ ਵਿਖਾਈ ਤੇ ਕਿਹਾ, "ਇਹ ਤੇਰੀ ਮੂਰਤ ਹੈ।"

"ਕਦੋਂ ਦੀ?"

"ਜਦੋਂ ਤੇਰੇ ਵਾਲ ਸਾਫ ਸਨ—ਵੇਖ ਮੂਰਤ ਦੇ ਕੇਡੇ ਸੁਹਣੇ ਵਾਲ ਹਨ। ਜਦੋਂ ਤੇਰਾ ਮੂੰਹ ਧੋਤਾ ਸੀ—ਵੇਖ ਮੂਰਤ ਦਾ ਕੇਡਾ ਸੁਹਣਾ ਮੂੰਹ ਹੈ। ਜਦੋਂ ਤੇਰੇ ਕਪੜੇ ਸਾਫ ਸਨ—ਵੇਖ ਮੂਰਤ ਦੇ ਕਪੜੇ ਕੇਡੇ ਸੁਹਣੇ ਹਨ। ਜਦ ਤੇਰੇ ਸੁਰਮਾ ਪਾਇਆ ਸੀ—ਵੇਖ ਮੂਰਤ ਨੇ ਸੁਰਮਾ ਪਾਇਆ ਹੈ।"

"ਮੇਰੀ ਹੁਣ ਇਕ ਹੋਰ ਮੂਰਤ ਕਿਤਾਬ ਤੇ ਲਾ ਦਿਓ।"

"ਹੁਣ ਨਹੀਂ ਲਾਉਣੀ!"

"ਗੁਰੂ ਜੀ, ਲਾਉ ਜੀ।"

"ਨਹੀਂ ਲਾਉਣੀ।"

"ਕਿਉਂ?"

"ਤੂੰ ਨਾ ਅਜ ਨ੍ਹਾਤਾ ਏਂ, ਨਾ ਕਪੜੇ ਬਦਲੇ ਹਨ, ਨਾ ਗਾ ਕੇ ਸੁਣਾਇਆ ਏ, ਨਾ ਸਬਕ ਯਾਦ ਕੀਤਾ ਏ।"

"ਮੈਂ ਹੁਣੇ ਸਭ ਕੁਝ ਕਰ ਆਵਾਂਗਾ।"

"ਮੈਂ ਫਿਰ ਹੁਣੇ ਤੇਰੀ ਮੂਰਤ ਕਿਤਾਬ ਤੇ ਲਾ ਦੇਵਾਂਗਾ।"

ਗਾਵੇਨ ਉਠਕੇ ਦੌੜ ਗਿਆ ਤੇ ਸਿਮੋਰਡੇਨ ਦੀਆਂ ਅੱਖਾਂ ਤੋਂ ਉਹਲੇ ਹੋ ਗਿਆ। ਡੇਨ ਨੇ ਸਾਹਮਣੇ ਤੱਕਿਆ, ਅਗੇ ਇਕ ਸਿਪਾਹੀ ਸਲੂਟ ਦੇ ਰਿਹਾ ਸੀ। ਇਹ ਇਕ ਨੀਂਦਰ ਸੀ, ਜੇਹੜੀ ਰਾਤ ਜਾਂ ਥਕੇਵੇਂ ਦੀ ਨਹੀਂ, ਸਗੋਂ ਯਾਦ ਭਰੀ ਨੀਂਦ ਸੀ। ਇਸ ਨੀਂਦਰ ਵਿਚ ਸਮਾਂ ਪਿਛੇ ਹਟਕੇ ਖੜੋ ਜਾਂਦਾ ਹੈ।

ਸਿਮੋਰਡੇਨ ਨੇ ਕਿਹਾ, "ਗਾਵੇਨ ਠੀਕ ਹੀ ਆਖਦਾ ਸੀ। ਕਾਗਜ਼ਾਂ ਵਾਲੇ ਪਾਸੇ ਹਮਲਾ ਕਰਨਾ ਔਖਾ ਹੈ।"

ਗਾਵੇਨ ਨੇ ਗੁਸ਼ੇਪ ਨੂੰ ਬੁਲਾਇਆ ਤੇ ਕਿਹਾ।

"ਸਾਡੇ ਕੋਲ ਕੋਈ ਪੌੜੀ ਹੈ?"

"ਨਹੀਂ, ਜੁਨਾਬ।"

"ਇਕ ਲੰਮੀ ਪੌੜੀ ਦੀ ਸਖ਼ਤ ਲੋੜ ਹੈ।"

"ਕਿਲੇ ਤੇ ਚੜ੍ਹਨ ਵਾਸਤੇ?"

"ਹਾਂ, ਤੇ ਨਾਲੇ ਉਤਰਨ ਵਾਸਤੇ।"

"ਪੌੜੀ ਨਹੀਂ ਮਿਲੇਗੀ।"

"ਕਿਉਂ?"

"ਕਿਸਾਨ ਲੋਕ ਸਾਡੇ ਰਾਹ ਵਿਚ ਬੜੇ ਅੜਿੱਕੇ ਡਾਹੁੰਦੇ ਹਨ, ਪੁਲ ਤੋੜ ਦੇਂਦੇ ਹਨ, ਪਾਣੀ ਦੇ ਤਲਾਬਾਂ ਵਿਚ ਜ਼ਹਿਰ ਘੋਲ ਦੇਂਦੇ ਹਨ, ਆਪਣੇ ਘੋੜੇ ਮਾਰ ਸੁਟਦੇ ਹਨ ਤੇ ਗੱਡੇ ਸਾੜ ਦੇਂਦੇ ਹਨ।"

"ਪੌੜੀ ਜ਼ਰੂਰ ਪੈਦਾ ਕਰਨੀ ਪਵੇਗੀ।"

"ਹੋ ਜਾਵੇਗੀ, ਪਰ ਲਾਇਬ੍ਰੇਰੀ ਵਲ ਦੀ ਹਮਲਾ ਕਿਉਂ ਨਹੀਂ ਕਰਦੇ ? ਪਹਿਲੇ ਤੋਪਾਂ ਏਸੇ ਸੇਧ ਤੇ ਰੱਖੀਆਂ ਸਨ, ਹੁਣ ਕਿਉਂ ਪਿਛਲੇ ਪਾਸੇ ਭੇਜ ਦਿੱਤੀਆਂ ਹਨ ?"

"ਏਧਰ ਦੀ ਦੀਵਾਰ ਚੌੜੀ ਹੈ।"

"ਚੌੜੀ ?" ਮੁਸਕ੍ਰਾਕੇ ਗੁਸ਼ੇਪ ਨੇ ਕਿਹਾ, "ਇਹ ਤਾਂ ਧੱਕੇ ਨਾਲ ਢਹਿ ਪੈਲ ਵਾਲੀ ਹੈ, ਕੋਈ ਹੋਰ ਗਲ ਹੋਵੇਗੀ।"

"ਹੋਰ ਗਲ ਕੋਈ ਨਹੀਂ, ਪੌੜੀ ਵਾਸਤੇ ਛੇਤੀ ਤੋਂ ਛੇਤੀ ਆਦਮੀ ਭੇਜ ਦਿਓ।"

"ਹਛਾ, ਜੁਨਾਬ," ਕਹਿਕੇ ਗੁਸ਼ੇਪ ਚਲਿਆ ਗਿਆ।

ਕਿਲ੍ਹੇ ਅੰਦਰ ਲੈਂਟੇਨਕ ਇਕ ਇਕ ਦਰਵਾਜ਼ੇ ਨੂੰ ਆਪ ਵੇਖ ਰਿਹਾ ਸੀ; ਸਾਰੇ ਜਿੰਦਰੇ ਖਿਚ ਖਿਚ ਕੇ ਤੱਕਦਾ ਤੇ ਚਾਬੀਆਂ ਆਪਣੀ ਜੇਬ ਵਿਚ ਪਾ ਲੈਂਦਾ। ਤਿੰਨੇ ਦੀਵੇ ਜਗਦੇ ਵੇਖੇ, ਤਿੰਨਾਂ ਦੇ ਲਾਗੇ ਮਿੱਟੀ ਦਾ ਤੇਲ ਵੇਖਿਆ। ਉਸ ਨੇ ਸਭ ਕੁਝ ਠੀਕ ਕਰ ਲਿਆ। ਹਰ ਸਿਪਾਹੀ ਨੇ ਆਪਣੇ ਹਥਿਆਰ ਪਹਿਨ ਲਏ ਤੇ ਸਭ ਤਿਆਰ ਹੋ ਗਏ। ਮੱਖੀ ਨੇ ਆਪਣੇ ਡੰਗ ਨੂੰ ਤਕਿਆ, ਸਪ ਨੇ ਆਪਣੀਆਂ ਦੋ ਜ਼ਬਾਨਾਂ ਨਿਕਲਦੀਆਂ ਤੱਕੀਆਂ; ਬਿੱਛੂ ਨੇ ਆਪਣੇ ਡੰਗ ਨੂੰ ਦੋ ਤਿੰਨ ਵਾਰ ਹਰੇ ਪੱਤੇ ਤੇ ਚਲਾਕੇ ਵੇਖਿਆ।

ਤਿੰਨੇ ਬੱਚੇ ਸੁੱਤੇ ਹੋਏ ਸਨ। ਉਨ੍ਹਾਂ ਦੀਆਂ ਪੀੜੀਆਂ ਲਾਇਬ੍ਰੇਰੀ ਵਿਚ ਲਿਆ ਕੇ ਰੱਖੀਆਂ ਗਈਆਂ। ਲਾਗੇ ਤਿੰਨ ਕੌਲੀਆਂ ਦਲੀਏ ਦੀਆਂ ਰਖ ਦਿੱਤੀਆਂ ਗਈਆਂ। ਉਹ ਸੌਂ ਗਏ ਸਨ। ਉਹਨਾਂ ਲਾਗੇ ਬੱਤੀ ਜਗ ਰਹੀ ਸੀ ਤੇ ਆਪਣੀ ਲੰਮੀ ਲਾਟ ਨਾਲ ਤਿੰਨਾਂ ਬੱਚਿਆਂ ਦੀ ਜ਼ਿੰਦਗੀ ਮਿਣ ਰਹੀ ਸੀ। ਬੱਚੇ ਸੁੱਤੇ ਹੋਏ ਸਨ, ਕਿਸੇ ਖੱਬੀ ਲਤ

ਅਗੇ ਵਧਾਈ ਹੋਈ ਸੀ ਤੇ ਕਿਸੇ ਨੇ ਸੱਜੀ ਤੇ ਕਿਸੇ ਨੇ ਆਪਣੀ ਬਾਂਹ ਅਗੇ ਵਧਾਈ ਹੋਈ ਸੀ, ਸਾਰੇ ਬੱਚਿਆਂ ਨੇ ਅਪਣੀ ਮਾਂ ਨੂੰ ਗਲ-ਵੱਕੜੀਆਂ ਪਾਈਆਂ ਹੋਈਆਂ ਸਨ।

ਮਾਂ ਪੁਤਰਾਂ ਨੂੰ ਭਲਾ ਕੌਣ ਵਿਛੋੜ ਸਕਦਾ ਹੈ ? ਲੰਟੇਨਕ ਨੇ ਦੋ ਤਿੰਨ ਵਾਰ ਝੁਕ ਕੇ ਨਿਆਣਿਆਂ ਦੀ ਡੂੰਘੀ ਨੀਂਦਰ ਨੂੰ ਵੇਖਿਆ। ਉਠਿਆ, ਬੈਠਿਆ ਤੇ ਫਿਰ ਉਠਕੇ ਹਵਾ ਲਈ ਇਕ ਬਾਰੀ ਖੋਲ੍ਹਕੇ ਚਲਿਆ ਗਿਆ।

ਮਾਂ ਦੀ ਨੀਂਦਰ ਬੱਚਿਆਂ ਨਾਲ ਭਰੀ ਹੁੰਦੀ ਹੈ ਤੇ ਬੱਚਿਆਂ ਦੀ ਨੀਂਦਰ ਆਪਣੀ ਮਾਂ ਨਾਲ ਭਰੀ ਹੰਦੀ ਹੈ।

# ਖੇਡ

ਤਿੰਨੇ ਬੱਚੇ ਸੁੱਤੇ ਹੋਏ ਸਨ। ਪਹਿਲੇ ਸਭ ਤੋਂ ਨਿੱਕੀ ਜੇਂਟ ਨੇ ਕਮਲ ਵਰਗੀਆਂ ਅੱਖਾਂ ਖੋਲ੍ਹੀਆਂ ਤੇ ਜਾਗ ਪਈ। ਇਹ ਹੁਣ ਵੀਹ ਮਹੀਨੇ ਦੀ ਹੋ ਗਈ ਸੀ ਤੇ ਇਸ ਦੀ ਕਮੀਜ਼ ਵੀ ਨਿੱਕੀ ਹੋ ਗਈ ਸੀ। ਸਾਰਿਆਂ ਦੇ ਕਪੜੇ ਛਟ ਚੁਕੇ ਸਨ। ਮਾਂ ਤੋਂ ਬਿਨਾਂ ਕਪੜਿਆਂ ਦਾ ਫਿਕਰ ਕਿਸ ਨੂੰ ਹੁੰਦਾ ਹੈ। ਰਬ ਦੀ ਹੋਂਦ ਮਾਂ ਦੇ ਕਰਤੱਵਾਂ ਤੋਂ ਪ੍ਰਗਟ ਹੁੰਦੀ ਹੈ। ਰਬ ਕਈ ਵਾਰ ਮਾਂ ਦੀ ਗੋਦੀ ਵਿਚ ਆਕੇ ਲੋਰੀਆਂ ਲੈਂਦਾ ਹੈ।

ਮਾਂ ਦੇ ਪੁਤਰ ਉਨ੍ਹਾਂ ਦੇ ਵਸ ਪਏ ਹੋਏ ਸਨ, ਜਿਨ੍ਹਾਂ ਦੇ ਹਥ ਤਲਵਾਰਾਂ, ਸੰਗੀਨਾਂ ਤੇ ਬੰਦੂਕਾਂ ਨਾਲ ਹਰ ਵੇਲੇ ਰੁਝੇ ਰਹਿੰਦੇ ਸਨ। ਬੱਚਿਆਂ ਦੇ ਕੰਨੀਂ, ਹਰ ਸਮੇਂ, ਤਲਵਾਰਾਂ ਦੀ ਖਟਾ ਖਟ, ਬੰਦੂਕਾਂ ਦੀ ਠਾਹ ਠਾਹ ਤੇ ਤੋਪਾਂ ਦੀ ਗੜਗੜਾਹਟ ਪੈਂਦੀ ਸੀ। ਜ਼ਖਮੀਆਂ ਦੀ ਹਾਇ ਹਾਇ ਨਾਲ ਬੱਚੇ ਹਮੇਸ਼ਾ ਸਹਿਮੇ ਰਹਿੰਦੇ। ਇਹ ਕੁਝ ਹੁੰਦਿਆਂ ਵੀ ਉਹ ਕਮਲ ਵਾਂਗ ਖਿੜ ਜਾਂਦੇ ਤੇ ਡਰਾਉਣੀਆਂ ਲਹਿਰਾਂ ਅਪਣਾ ਭਿਆਨਕ ਨਾਚ ਨੱਚਕੇ ਅੰਧੇਰੇ ਦੀ ਗੁਫਾ ਵਿਚ ਜਾ ਲੁਕਦੀਆਂ।

ਜੇਂਟ ਉਠਕੇ ਬੈਠ ਗਈ ਤੇ ਇਧਰ ਉਧਰ ਵੇਖਣ ਪਿਛੋਂ ਗੁਣਗੁਣਾਉਣ ਲਗ ਪਈ। ਗੁਣਗੁਣਾਉਣਾ ਮਨੁਖ ਦੀ ਉਹ ਬੋਲੀ ਹੈ, ਜੋ ਹਿਰਦੇ ਦੀਆਂ ਡੂੰਘਾਉਣਾਂ ਵਿਚੋਂ ਨਿਕਲਦੀ ਹੈ, ਤੇ

ਜਿਸ ਦਾ ਕੋਈ ਸ਼ਬਦ ਵੀ ਕਿਸੇ ਮਹਾਂ-ਕੋਸ਼ ਵਿਚ ਨਹੀਂ ਹੁੰਦਾ। ਜੈਂਟ ਮਹਾਂ ਕਾਲ ਤੇ ਨੁਕਤਾਚੀਨੀ ਕਰ ਰਹੀ ਸੀ। ਆਪਣੇ ਜੀਵਨ ਦਾ ਸਾਰਾ ਭਾਰ ਬੱਚਾ ਸਿਆਣਿਆਂ ਤੇ ਸੁਟ ਦੇਂਦਾ ਹੈ, ਆਪਣੇ ਪਾਸ ਕੇਵਲ ਮੁਸਕ੍ਰਾਹਟ ਤੇ ਤੋਤਲੀ ਬੋਲੀ ਰਖ ਲੈਂਦਾ ਹੈ। ਕੀ ਕੋਈ ਅਵਾਜ਼ ਬੱਚੇ ਦੀ ਸਪਸ਼ਟ ਬੋਲੀ ਨਾਲੋਂ ਚੰਗੀ ਹੈ? ਆਦਮੀ ਦੇ ਦਿਲ ਵਿਚ ਜਦੋਂ ਅਨੇਕਾਂ ਇਕੱਠੇ ਭਾਵ ਉਗਮ ਔਣ ਤਾਂ ਉਹ ਆਦਮੀ ਨੂੰ ਬੇਚੈਨ ਕਰ ਦੇਂਦੇ ਹਨ, ਪਾਗਲ ਬਣਾ ਦੇਂਦੇ ਹਨ; ਤੇ ਕਈ ਕਈ ਘੰਟੇ ਬੰਦਾ ਗੋਡਿਆਂ ਵਿਚ ਸਿਰ ਦੇਕੇ ਬੈਠਾ ਰਹਿੰਦਾ ਹੈ। ਪਰ ਜਦੋਂ ਅਨੇਕਾਂ ਭਾਵ ਬੱਚੇ ਦੇ ਦਿਲ ਵਿਚੋਂ ਉਛਲਦੇ ਹਨ, ਤਾਂ ਉਹ ਲਹਿਰਾਂ ਦੀ ਬੋਲੀ ਵਿਚ ਗੁਣਗੁਣਾਉਂਦਾ ਹੈ। ਬੱਚੇ ਦੀ ਮੁਸਕ੍ਰਾਹਟ ਪ੍ਰਭਾਤ ਵੇਲੇ ਸ਼ੁਰੂ ਹੁੰਦੀ ਹੈ, ਤੇ ਸ਼ਾਮ ਵੇਲੇ, ਜਦੋਂ ਦਿਨ ਦੀ ਚਿਖਾ ਕਿਸੇ ਦੂਰ ਦੇ ਕਿਨਾਰੇ ਮਚ ਰਹੀ ਹੁੰਦੀ ਹੈ, ਖਤਮ ਹੁੰਦੀ ਹੈ। ਸੰਸਾਰ ਦੀ ਸਾਰੀ ਖੁਸ਼ੀ ਬੱਚੇ ਦੀ ਮੁਸਕਾਨ ਤੋਂ ਉਧਾਰੀ ਲਈ ਹੋਈ ਹੈ।

ਜੈਂਟ ਆਪਣੇ ਥਾਂ ਤੋਂ ਹਿੱਲੀ ਤੇ ਜੀਨ ਦੇ ਲਾਗੇ ਜਾਕੇ ਬੈਠ ਗਈ। ਜੀਨ ਦਾ ਸੌਣਾ, ਜੈਂਟ ਨੂੰ ਚੰਗਾ ਨ ਲਗਾ। ਉਹ ਹੋਰ ਅਗੇ ਨੂੰ ਖਿਸਕੀ, ਮੂੰਹ ਲਾਗੇ ਮੂੰਹ ਕਰਕੇ ਕਹਿਣ ਲੱਗੀ:—"ਝਾ!"

ਜੀਨ ਨੂੰ ਖੰਭਾਂ ਵਾਲੇ ਸੁਪਨਿਆਂ ਨੇ ਘੇਰਿਆ ਹੋਇਆ ਸੀ।

ਖੰਭਾਂ ਦੀ ਫਰਫ੍ਰਾਹਟ ਵਿਚ ਉਸ ਦੀ ਅਵਾਜ਼ ਨਾ ਸੁਣੀ। ਖੰਭਾਂ ਵਾਲੇ ਫਰਿਸ਼ਤੇ ਹੁਣ ਉੱਚੀ ਉੱਚੀ ਗੌਣ ਲਗ ਪਏ।

ਜੈਂਟ ਨੂੰ ਜੀਨ ਦੀ ਚੁਪ ਤੇ ਬੜੀ ਹੈਰਾਨੀ ਹੋਈ। ਉਹ ਵੀ ਚੁਪ ਕਰ ਗਈ, ਜਿਵੇਂ ਕਿਸੇ ਮਹਾਂ ਸੋਚ ਵਿਚ ਡੁੱਬ ਗਈ ਹੁੰਦੀ ਹੈ। ਝਟ ਉਸਨੂੰ ਕੁਝ ਸੁਝਿਆ, ਉਹ ਫਿਰ ਝੁਕੀ ਤੇ ਜੀਨ ਦੇ ਬੁਲ੍ਹਾਂ ਨੂੰ ਉਂਗਲਾਂ ਨਾਲ ਕਦੀ ਖੋਲ੍ਹਦੀ, ਕਦੀ ਬੰਦ ਕਰ ਦੇਂਦੀ ਤੇ ਠਹਿਰਕੇ ਫਿਰ ਉਸੇ ਤਰ੍ਹਾਂ ਕਰਦੀ। ਉਸਦਾ ਖਿਆਲ ਸੀ, ਗੱਲਾਂ ਮੂੰਹ ਵਿਚ

ਹੋਣਗੀਆਂ ਤੇ ਬੁਲ੍ਹਾਂ ਨੂੰ ਹਿਲਾਕੇ ਮੈਂ ਸੁਣ ਸਕਾਂਗੀ, ਪਰ ਉਹ ਸੁਣ ਨਾ ਸਕੀ।

ਜੈਂਟ ਹੁਣ ਲੇਨ ਵਲ ਅੱਗੇ ਵਧੀ। ਲੇਨ ਤੱਕ ਜਾਕੇ ਉਹ ਸਿੱਧੀ ਹੋਕੇ ਸਾਹ ਲੈਣ ਲੱਗੀ। ਇਹ ਦੋ ਕਦਮ ਉਸ ਲਈ ਪਹਾੜ ਦੀ ਚੋਟੀ ਵਾਂਗ ਸੀ। ਮੂੰਹ ਲਾਗੇ ਜਾਕੇ ਜ਼ੋਰ ਨਾਲ ਬੋਲੀ–"ਲੇ"। ਜੈਂਟ ਜੀਨ ਦੀ ਸ਼ਕਾਇਤ ਲਾਉਣ ਆਈ ਸੀ, ਵਾਜਾਂ ਮਾਰਨ ਤੇ ਵੀ ਉਹ ਨਹੀਂ ਬੋਲਿਆ, ਉਸਦੀ ਸ਼ਕਾਇਤ ਲੇਨ ਨੇ ਸੁਣੀ ਨਹੀਂ। ਉਸਨੂੰ ਆਪਣੀ ਹੱਤਕ ਵੇਖਕੇ ਬੜਾ ਗੁੱਸਾ ਚੜ੍ਹਿਆ, ਦੋਵੇਂ ਹਥ ਕੁਝ ਉੱਚੇ ਕੀਤੇ, ਕਚੀਚੀ ਵੱਟਕੇ ਲੇਨ ਦੇ ਮੂੰਹ ਤੇ ਮਾਰੇ, ਫਿਰ ਹਥ ਆਪਣੇ ਵਲ ਖਿਚ ਲਏ ਤੇ ਦੂਜੀ ਵਾਰ, ਸਿਰ ਵਲ ਨੂੰ ਵਧਾਕੇ, ਵਾਲ ਹਥ ਵਿਚ ਫੜ ਲਏ। ਲੇਨ ਜਾਗ ਪਿਆ, ਝਟ ਉਠਕੇ ਬੈਠ ਗਿਆ। ਜੈਂਟ ਨੇ ਵਾਲ ਛਡ ਦਿੱਤੇ ਤੇ ਲਾਗੇ ਮੂੰਹ ਕਰਕੇ ਬੋਲੀ– "ਲੇ! ਝਾ!!"

ਅੱਖਾਂ ਮਲਦੇ ਲੇਨ ਨੇ ਕਿਹਾ–"ਝਾ।"

"ਜੀ ਝਾ ਨਾ।"

ਜੈਂਟ ਨੇ ਸ਼ਕਾਇਤ ਲਾ ਹੀ ਦਿੱਤੀ ਕਿ ਜੀਨ ਝਾ ਨਹੀਂ ਕਰਦਾ। ਇਹ ਭਲਾ ਕੋਈ ਖਿਮਾਂ ਕਰਨ ਵਾਲੀ ਗਲ ਸੀ ?

ਲੇਨ ਹੁਣ ਚੇਤੰਨ ਹੋਕੇ ਬੈਠ ਗਿਆ ਸੀ। ਜੈਂਟ ਨੇ ਟੇਢੀ ਧੌਣ ਕਰਕੇ ਕਿਹਾ–"ਝਾ!"

ਲੇਨ ਹੁਣ ਝਾ ਦੇ ਪੂਰੇ ਅਰਥ ਸਮਝ ਚੁਕਾ ਸੀ। ਉਹ ਆਪਣੇ ਪੰਘੂੜੇ ਤੋਂ ਉਠ ਖੜੋਤਾ ਤੇ ਨਿੱਕੀਆਂ ਨਿੱਕੀਆਂ ਪੰਘੂੜੇ ਦੀਆਂ ਦੀਵਾਰਾਂ ਤੋਂ ਬਾਹਰ ਹੋਕੇ ਜ਼ਮੀਨ ਤੇ ਲੇਟ ਕੇ ਪੰਘੂੜੇ ਓਹਲੇ ਲੁਕ ਗਿਆ। ਲੱਤਾਂ ਉਸਦੀਆਂ ਜੈਂਟ ਨੂੰ ਦਿਸਦੀਆਂ ਸੀ। ਉਹ ਸਹਿਜੇ ਸਹਿਜੇ ਲਾਗੇ ਗਈ ਤੇ ਪੈਰਾਂ ਤੇ ਦੋ-ਹੱਥੜ ਮਾਰ ਕੇ ਬੋਲੀ, "ਲੇ, ਝਾ!"

ਜਿਵੇਂ ਸਿਪਾਹੀ ਗੋਲੀ ਦੇ ਨਿਸ਼ਾਨੇ ਤੋਂ ਬਚਣ ਲਈ ਲੁਕਦਾ ਹੈ, ਲੇਨ ਝਟ ਪਟ ਉਠਿਆ ਤੇ ਪੰਘੂੜੇ ਦੇ ਦੂਜੇ ਪਾਸੇ ਵਲ ਆਇਆ। ਅਗੇ ਉਸ ਨੇ ਦਲੀਏ ਦੀ ਕੋਲੀ ਪਈ ਹੋਈ ਵੇਖੀ। ਉਸ ਨੂੰ ਲੁਕਣਾ ਭੁੱਲ ਗਿਆ ਤੇ ਦਲੀਏ ਤੇ ਟੁੱਟ ਪਿਆ। ਉਹ ਦਲੀਏ ਦੀ ਮੁੱਠ ਭਰਦਾ ਤੇ ਮੂੰਹ ਲਾਗੇ ਜਾਕੇ ਇਕ ਉਂਗਲ ਮੂੰਹ ਵਿਚ ਲੈ ਜਾਂਦਾ। ਦਲੀਆ ਕੁਝ ਕਪੜਿਆਂ ਤੇ ਡਿਗ ਪੈਂਦਾ, ਕੁਝ ਮੂੰਹ ਵਿਚ ਜਾਂਦਾ ਤੇ ਕੁਝ ਜ਼ਮੀਨ ਤੇ ਡਿਗ ਪੈਂਦਾ। ਜੈਂਟ ਲੱਤਾਂ ਘੜੀਸਦੀ ਘੜੀਸਦੀ ਲੇਨ ਲਾਗੇ ਪਹੁੰਚੀ,ਕਮਰ ਤੇ ਜ਼ੋਰ ਨਾਲ ਹਥ ਮਾਰਕੇ ਬੋਲੀ–"ਝਾ!"

ਜੈਂਟ ਬੜੀ ਖੁਸ਼ ਸੀ ਤੇ ਅਪਣੇ ਆਪ ਨੂੰ ਲੇਨ ਨਾਲੋਂ ਤਾਕਤਵਰ ਸਮਝਦੀ ਸੀ; ਤੇ ਲੱਭਕੇ 'ਝਾ' ਕਹਿਣਾ ਕੀ ਘਟ ਬਹਾਦਰੀ ਹੈ? ਲੇਨ ਨੇ ਇਕ ਉਂਗਲੀ ਭਰਕੇ ਜੈਂਟ ਦੇ ਮੂੰਹ ਵਲ ਕੀਤੀ, ਭੁਖੀ ਜੈਂਟ ਨੇ ਆਪਣੇ ਬੁੱਲਾਂ ਨਾਲ ਘੁਟ ਛਡੀ ਤੇ ਬੋਲੀ ਦੱਾ (ਦਲੀਆ)।

ਲੇਨ ਰੋ ਪਿਆ।

ਜੈਂਟ ਘੜੀਸਦੀ ਘੜੀਸਦੀ ਅਗੇ ਵਧੀ ਤੇ ਲਾਗੇ ਮੂੰਹ ਕਰਕੇ ਬੋਲੀ, "ਦੱਾ, ਪੀਅ?"

ਜੈਂਟ ਲਈ ਇਹ ਹੈਰਾਨੀ ਭਰੀ ਗੱਲ ਸੀ ਤੇ ਅਖੀਰ ਉਸਨੇ ਆਪਣੇ ਵੱਡੇ ਭਰਾ ਤੋਂ ਪੁਛ ਲਿਆ, ਕੀ ਦਲੀਆ ਪੀੜ ਕਰਦਾ ਹੈ? ਦਲੀਏ ਦਾ ਨਾਂ ਸੁਣਕੇ ਲੇਨ ਨੂੰ ਰੋਣਾ ਭੁਲ ਗਿਆ, ਤੇ ਉਹ ਫਿਰ ਦਲੀਏ ਨੂੰ ਖਾਣ ਲਗ ਪਿਆ। ਜੈਂਟ ਵੀ ਦਲੀਏ ਨੂੰ ਛੇਤੀ ਛੇਤੀ ਖਾਣ ਲਗ ਪਈ, ਜਾਂ ਇਹ ਕਹੋ, ਮੂੰਹ ਲਬੇੜਨ ਲੱਗੀ।

ਲੇਨ ਦੇ ਰੋਣੇ ਨੇ ਜੀਨ ਨੂੰ ਜਗਾ ਦਿੱਤਾ। ਭਰਾ ਦੀ ਦਰਦ ਦੂਜੇ ਭਰਾ ਦੀ ਆਤਮਾ ਚੀਰ ਦੇਂਦੀ ਹੈ। ਉਹ ਵੀ ਉਠਕੇ ਇਨ੍ਹਾਂ ਵਲ ਵਧਿਆ ਤੇ 'ਦੱਾ-ਲੀ-ਆ' 'ਦੱਾ-ਲੀ-ਆ' ਕਹਿੰਦਾ ਕਹਿੰਦਾ

ਭੁੰਜਿਓਂ ਚੁਕ ਚੁਕਕੇ ਖਾਣ ਲਗਾ। ਕੌਲੀ ਖਾਲੀ ਹੋ ਗਈ। ਜੈਂਟ ਨੇ ਹਥ ਮਾਰਿਆ। ਜਦ ਹਥ ਨੂੰ ਕੋਈ ਦਾਣਾ ਨ ਲੱਗਾ ਤਾਂ ਦੋਵੇਂ ਘੁੰਮਾਉਣ ਲਗ ਪਈ ਤੇ ਬੋਲੀ, "ਖੱਮ ਖੱਮ ਖੱਮ।"

ਦਲੀਆ ਖਤਮ ਹੋਣ ਦੀ ਇਤਲਾਹ ਦੋਹਾਂ ਭਰਾਵਾਂ ਨੂੰ ਦੇਣ ਲੱਗੀ। ਸਾਰੇ ਕੋਲੀ ਛਡਕੇ ਇਧਰ ਉਧਰ ਘੁੰਮਣ ਲਗੇ।

ਜੰਗਲ ਵੱਲੋਂ ਬਿਗਲ ਵੱਜਾ, ਤੇ ਠਹਿਰਕੇ, ਇਕ ਅਵਾਜ਼ ਆਈ—"ਬੜਾ ਥੋੜਾ ਚਿਰ ਬਾਕੀ ਹੈ, ਜੇ ਹਥਿਆਰ ਨ ਸੁਟੇ ਤਾਂ ਅਸੀਂ ਹਮਲਾ ਕਰ ਦਿਆਂਗੇ।"

ਕਿਲੇ ਵਲੋਂ ਉੱਤਰ ਦਿੱਤਾ ਗਿਆ, "ਹੁਣੇ ਕਰ ਦਿਓ, ਵਕਤ ਹੋ ਗਿਆ ਹੈ।"

ਜੰਗਲ ਵਲੋਂ ਅਵਾਜ਼ ਆਈ, "ਹਮਲੇ ਕਰਨ ਤੋਂ ਅਧਾ ਘੰਟਾ ਪਹਿਲੇ ਤੋਪ ਚਲਾਈ ਜਾਵੇਗੀ, ਇਹ ਅੰਤਮ ਚੇਤਾ-ਵਨੀ ਹੋਵੇਗੀ।"

ਕਿਲ੍ਹੇ ਵਲੋਂ ਕਿਸੇ ਗਰਜਵੀਂ ਅਵਾਜ਼ ਵਿਚ ਕਿਹਾ, "ਸਮੇਂ ਨਾਲ ਖੇਡਾਂ ਨ ਖੇਡੋ, ਹਮਲਾ ਕਰ ਦਿਓ।"

ਗਾਵੇਨ ਨੇ ਕਿਹਾ, "ਇਹ ਜੰਗ ਦਾ ਕਨੂੰਨ ਹੈ ਤੇ ਅਸੀਂ ਉਸਦੀ ਪਾਲਣਾ ਕਰਨੀ ਜ਼ਰੂਰੀ ਸਮਝਦੇ ਹਾਂ।"

ਲੰਟੇਨਕ ਨੇ ਕਿਹਾ, "ਜੰਗ ਦਾ ਕੋਈ ਕਨੂੰਨ ਨਹੀਂ, ਬਿਨਾਂ ਜਿਤਣ ਤੇ ਹਾਰਨ ਤੋਂ।"

"ਇਹ ਤੁਹਾਡਾ ਆਪਣਾ ਖਿਆਲ ਹੈ?"

"ਮੇਰਾ ਨਹੀਂ, ਹਰ ਲੜਨ ਵਾਲੇ ਦਾ"

"ਮੈਂ ਵੀ ਤੇ ਲੜਨ ਵਾਲਾ ਹਾਂ।"

"ਤੂੰ ਲੜਨ ਵਾਲਾ ਨਹੀਂ, ਤੂੰ ਆਪਣੀ ਕੁਲ ਕਤਲ ਕਰਨ ਵਾਲਾ ਏਂ।"

ਗਾਵੇਨ ਨੇ ਕੋਈ ਉੱਤਰ ਨ ਦਿੱਤਾ ਤੇ ਠਹਿਰ ਕੇ ਬੋਲਿਆ,

"ਵੀਹ ਮਿੰਟ ਬਾਕੀ ਹਨ।"

"ਕੇਵਲ ਤੇਰਾ ਤੇ ਪਾਦਰੀ ਦਾ ਸਿਰ ਬਾਕੀ ਹੈ," ਲੰਟੇਨਕ ਨੇ ਕਿਹਾ।

ਜੈਂਟ ਦੇ ਕੰਨ ਵਿਚ ਬਿਗਲ ਦੀ ਅਵਾਜ਼ ਮਧਮ ਜੇਹੀ ਪਈ ਤੇ ਉਸ ਨੇ ਇਧਰ ਉਧਰ ਵੇਖਕੇ ਛੱਤ ਵਲ ਉਂਗਲ ਕੀਤੀ ਤੇ ਬੋਲੀ: "ਵਾ।"

ਹੋਣੀ ਦੀ ਬੋਲੀ ਵੀ ਜੈਂਟ ਨੂੰ ਵਾਜਾ ਲਗਦੀ ਸੀ; ਬਚਾ ਹੋਣੀ ਦੀ ਬੋਲੀ ਦੇ ਵੀ ਅਰਥ ਬਦਲ ਦੇਂਦਾ ਹੈ।

ਕਿੰਨਾ ਉਡੀਕਣ ਤੇ ਵੀ ਜਦ ਮੁੜਕੇ ਬਿਗਲ ਦੀ ਅਵਾਜ਼ ਜੈਂਟ ਨੇ ਨ ਸੁਣੀ ਤਾਂ ਉਹ ਫਿਰ ਹਥ 'ਨਹੀਂ' ਦੇ ਇਸ਼ਾਰੇ ਦੇਣ ਲਈ ਘੁਮਾਉਣ ਲਗ ਪਈ ਤੇ ਬੋਲੀ—"ਖੱਮ ਖੱਮ ਖੱਮ" (ਖਤਮ)।

ਜੀਨ ਤੇ ਲੇਨ ਨੇ ਜੈਂਟ ਦੀ ਕੋਈ ਗਲ ਨਹੀਂ ਸੁਣੀ। ਉਹ ਇਕ ਕੀੜੇ ਨੂੰ ਵੇਖ ਰਹੇ ਸਨ। ਜੀਨ ਬੋਲਿਆ—"ਜਾਂਵਰ" (ਜਾਨਵਰ)।

ਲੇਨ ਨੇ ਝੁਕਕੇ ਵੇਖਿਆ ਤੇ ਬੋਲਿਆ, "ਮੂੰਹ।"

ਲੇਨ—"ਵੱਢੇਗਾ।"

ਜੀਨ—"ਮਾਰੇਗਾ।"

ਲੇਨ—"ਹੋ! ਲੱਤਾਂ!"

ਜੀਨ—"ਬੋਦਾ ਨਹੀਂ" (ਬੋਲਦਾ ਨਹੀਂ)।

ਜੈਂਟ ਲਾਗੇ ਆਕੇ ਦੋਹਾਂ ਦੇ ਮੂੰਹਾਂ ਵਲ ਵੇਖਣ ਲੱਗੀ। ਜੀਨ ਨੇ ਜਾਣ ਪਛਾਣ ਕਰਾਉਣ ਲਈ ਕਿਹਾ—"ਕੀੜਾ।"

"ਕੀ?" ਜੈਂਟ ਸਮਝ ਗਈ ਕਿ ਜੀਨ ਨੇ ਕੀੜਾ ਕਿਹਾ ਹੈ, ਪਰ ਉਸ ਦੀ ਬੋਲੀ ਅਜੇ ਵੀ ਪ੍ਰਸ਼ਨ ਬਣੀ ਹੋਈ ਸੀ—ਕੀ?

ਜੈਂਟ ਝਟ ਉਥੋਂ ਦੂਜੇ ਪਾਸੇ ਤੁਰ ਪਈ, ਕਿਤਾਬਾਂ ਤੇ ਕਾਗਜ਼ਾਂ

ਦੇ ਉਪਰ ਦੀ ਲੰਘਦੀ ਗਈ। ਇਹ ਉਹ ਕਿਤਾਬਾਂ ਸਨ, ਜਿਨ੍ਹਾਂ ਵਿਚ ਸਿਆਣੇ ਗਾਵੇਨ ਤੇ ਸਿਮੋਰ ਡੇਨ ਪਾਦਰੀ ਕਈ ਕਈ ਮਹੀਨੇ ਡੁਬੇ ਰਹਿੰਦੇ ਸਨ। ਇਨ੍ਹਾਂ ਵਿਚ ਜਿੰਦਗੀ ਦੇ ਵੱਡੇ ਵੱਡੇ ਸਿਧਾਂਤ ਸਨ, ਪਰ ਬਾਲੜੀ ਜੈਂਟ ਲਈ ਪੈਰ ਦੇ ਕੇ ਲੰਘ ਜਾਣ ਵਾਲੀ ਚੀਜ਼ ਸੀ। ਉਹ ਅਗੇ ਲੰਘ ਗਈ। ਅੱਗੇ ਇਕ ਉਸ ਨੂੰ ਚੌੜੀ ਚੌਂਕੀ ਮਿਲੀ, ਜੈਂਟ ਉਸਦਾ ਆਸਰਾ ਲੈਕੇ ਉਠਣ ਲਗੀ। ਲੱਤਾਂ ਕੰਬਦੀਆਂ ਸਨ, ਉਹ ਡਿਗ ਪਈ। ਕੁਝ ਚਿਰ ਫਿਰ ਸੋਚਣ ਲੱਗੀ ਤੇ ਐਤਕੀ ਉਸਨੇ ਚੌਂਕੀ ਤੇ ਵਿਛੀ ਹੋਈ ਦਰੀ ਨੂੰ ਘੁੱਟਕੇ ਫੜਿਆ ਤੇ ਉਠੀ, ਪਰ ਫਿਰ ਡਿਗ ਪਈ। ਤੀਜੀ ਵਾਰ ਉਹ ਚੌਕੀ ਦੇ ਦੂਜੇ ਪਾਸੇ ਗਈ ਤੇ ਉਧਰ ਹੀ ਉਹ ਚੌਂਕੀ ਤੇ ਜਾ ਬੈਠੀ। ਜੈਂਟ ਵਾਸਤੇ ਚੌਂਕੀ ਤੇ ਚੜ੍ਹਨਾ ਵੀ ਇਕ ਕਿਲੇ ਤੇ ਚੜ੍ਹਾਈ ਕਰਨ ਵਾਂਗ ਸੀ। ਦੋ ਵਾਰ ਉਹ ਫੇਲ੍ਹ ਹੋਈ, ਅਖੀਰ ਉਸ ਨੇ ਪਾਸਾ ਬਦਲਕੇ ਹਮਲਾ ਕੀਤਾ ਤੇ ਕਾਮਯਾਬ ਹੋ ਗਈ। ਸਾਡੀਆਂ ਬਹੁਤ ਸਾਰੀਆਂ ਕਾਮਯਾਬੀਆਂ ਪਾਸੇ ਬਦਲਨ ਨਾਲ ਹੋ ਸਕਦੀਆਂ ਹਨ।

ਜੈਂਟ ਨੇ ਉਪਰ ਚੜ੍ਹਕੇ ਗਾਣਾ ਸ਼ੁਰੂ ਕੀਤਾ। ਇਹ ਜਿੱਤ ਦਾ ਗੀਤ ਸੀ। ਦੋਹਾਂ ਭਰਾਵਾਂ ਨੇ ਆਪਣੀ ਭੈਣ ਵਲ ਤੱਕਿਆ ਤੇ ਹਸ ਪਏ, ਕੀੜੇ ਨੂੰ ਭੁਲ ਗਏ ਤੇ ਉਹ ਦੋਵੇਂ ਚੌਂਕੀ ਤੇ ਚੜ੍ਹ ਬੈਠੇ ਤੇ ਰਲਕੇ ਗਾਣ ਲਗੇ। ਉਨ੍ਹਾਂ ਦੀ ਅਵਾਜ਼ ਵਖੋ ਵਖਰੀ ਸੀ, ਸ਼ਬਦ ਵਖਰੇ ਸਨ, ਪਰ ਖੁਸ਼ੀ ਇਕ ਸੀ।

ਇਨ੍ਹਾਂ ਦੀ ਅਵਾਜ਼ ਸੁਣਕੇ ਇਕ ਚਾਮਚੜਿੱਕ ਨੇ ਉਡਕੇ ਦੋ ਤਿੰਨ ਇਧਰ ਉਧਰ ਦੇ ਚੱਕਰ ਲਾਏ ਤੇ ਇਕ ਥਾਂ ਬੈਠ ਗਈ।

ਜੈਂਟ ਬੋਲੀ—"ਮੁਰੀ" (ਮੁਰਗੀ)।

ਜੀਨ ਨੂੰ ਗੁਸਾ ਆਇਆ। ਗਲਤ ਵਾਕਫੀਅਤ ਕੌਣ ਸੁਣ ਸਕਦਾ ਹੈ। ਉਹ ਕੜਕ ਕੇ ਬੋਲਿਆ—"ਨਹੀਂ।"

ਜੈਂਟ ਆਪਣੀ ਗਲ ਤੇ ਅੜੀ ਨਹੀਂ; ਸਗੋਂ ਉਸੇ ਵੇਲੇ

ਮੰਨ ਗਈ ਤੇ ਬੋਲੀ, "ਨੀਂ।"

ਜੀਨ ਨੂੰ ਹੋਰ ਵੀ ਬੁਰਾ ਲਗਾ ਜੋ ਉਸ ਦੀ ਗਲ ਸਮਝੀ ਨਹੀਂ, ਪਹਿਲੇ ਤਾਂ ਉਸਨੇ "ਨੀਂ" ਕਹਿਕੇ ਮੂੰਹ ਵਿੰਗਾ ਕੀਤਾ ਤੇ ਫਿਰ ਬੋਲਿਆ–"ਚਿੜੀ।"

ਜੈਂਟ ਆਪਣੀ ਕਾਹਲੀ ਤੋਂ ਸ਼ਾਇਦ ਪਛਤਾ ਰਹੀ ਸੀ। ਕਿੰਨਾ ਚਿਰ ਚੁਪ ਰਹਿਕੇ ਬੋਲੀ: "ਚੀ" (ਚਿੜੀ)।

ਇੰਨੇ ਚਿਰ ਨੂੰ ਇਕ ਸ਼ਹਿਦ ਦੀ ਮੱਖੀ ਭੀਂ ਭੀਂ ਕਰਦੀ ਆਈ, ਬੱਚਿਆਂ ਦੇ ਚੁਫੇਰੇ ਦੋ ਕੁ ਚੱਕਰ ਲਾਏ, ਫਿਰ ਉਹ ਕਿਤਾਬਾਂ ਵਾਲੀਆਂ ਅਲਮਾਰੀਆਂ ਦੇ ਨਾਲ ਨਾਲ ਕਦੇ ਇਕ ਪਾਸੇ ਜਾਣ ਲਗੀ ਤੇ ਕਦੀ ਦੂਜੇ ਪਾਸੇ। ਇਸ ਤਰ੍ਹਾਂ ਕਰਨ ਲਗੀ ਜਿਵੇਂ ਕੋਈ ਪੜ੍ਹਾਕੂ ਸ਼ੀਸ਼ੇ ਵਿਚ ਦੀ ਕਿਤਾਬਾਂ ਦੇ ਮੋਟੇ ਮੋਟੇ ਨਾਮ ਪੜ੍ਹਦਾ ਹੈ। ਮਖੀ ਨੇ ਥੋੜੇ ਚਿਰ ਵਿਚ ਸ਼ੀਸ਼ੇ ਦੇ ਬਾਹਰ ਉਡਕੇ ਸਾਰੀਆਂ ਕਿਤਾਬਾਂ ਪੜ੍ਹ ਲਈਆਂ।

ਲੇਨ ਬੋਲਿਆ

"ਜਾਂਨਵਰ।"

ਜੈਂਟ ਬੋਲੀ–"ਚਿ" (ਚਿੜੀ)।

ਜੀਨ ਨੇ ਕਿਹਾ–"ਚਿੜੀ ਨਹੀਂ, ਮੱਖੀ।"

ਜੈਂਟ ਨੇ ਵੀ ਮਗਰ ਕਿਹਾ–"ਖਿ" (ਮੱਖੀ) ਤੇ ਉਸਦੇ ਕੰਨੀਂ ਹੌਲੇ ਦੀ ਆਵਾਜ਼ ਪਈ। ਅੰਗੂਠੇ ਨਾਲ ਦੀ ਪਤਲੀ ਜਿਹੀ ਉਂਗਲੀ ਛੱਤ ਵਲ ਉੱਚੀ ਕੀਤੀ, ਜਿਸਦੇ ਅਰਥ ਸਨ: 'ਸੁਣੋ'।

ਜੀਨ ਨੇ ਘੋੜਿਆਂ ਦੇ ਹਿਣਕਣ ਦੀ, ਸੰਗਲਾਂ ਦੇ ਖੜਕਣ ਦੀ ਤੇ ਨਗਾਰੇ ਦੀਆਂ ਚੋਟਾਂ ਦੀ ਰਲੀ ਮਿਲੀ ਆਵਾਜ਼ ਸੁਣੀ। ਦੋਵੇਂ ਬਾਹਵਾਂ ਉਸ ਨੇ ਪਾਸਿਆਂ ਵਲ ਲੰਮੀਆਂ ਕਰ ਦਿੱਤੀਆਂ, ਇਕ ਜੈਂਟ ਦੇ ਸਿਰ ਤੇ ਰੱਖ ਦਿਤੀ ਤੇ ਦੂਜੀ ਲੇਨ ਦੇ। ਉਹ ਦੋਵੇਂ ਇਸ ਦੇ ਮੂੰਹ ਵਲ ਤੱਕਣ ਲੱਗ ਪਏ। ਜੀਨ ਨੇ ਕਿਹਾ–"ਭਗਵਾਨ

ਬੋਲਦਾ ਹੈ।"

ਲੇਨ ਨੇ ਕਿਹਾ, "ਭਵਾਨ।"

ਜੇਂਟ ਨੇ ਕਿਹਾ, "ਭ੍ਵਾ।"

ਲੇਨ ਕਿੰਨਾ ਚਿਰ ਚੁਪ ਕਰ ਰਿਹਾ, ਜਿਵੇਂ ਕਿਸੇ ਚਿੰਤਾ ਵਿਚ ਡੁੱਬਾ ਹੋਵੇ, ਰੁਕ ਕੇ ਬੋਲਿਆ, "ਮੇਰੀ ਮਾਂ।"

ਜੇਂਟ, ਚੰਚਲ ਨਜ਼ਰ ਨਾਲ ਏਧਰ ਉਧਰ ਵੇਖਣ ਲੱਗੀ ਤੇ ਬੋਲੀ, "ਮਾਂ ਲੇਨੀ" (ਲੈਣੀ)।

ਜੀਨ ਨੂੰ ਜਦ ਮਾਂ ਕਿਸੇ ਪਾਸੇ ਨਜ਼ਰ ਨ ਆਈ ਤਾਂ ਲੇਨ ਨੂੰ ਬੋਲਿਆ, "ਕਿੱਥੇ ਮਾਂ?"

ਲੇਨ ਨੇ ਕੇਵਲ ਇਕ ਸ਼ਬਦ ਕਿਹਾ, "ਮਾਂ"।

ਜੇਂਟ ਫਿਰ ਬੋਲੀ, "ਮਾਂ ਲੇਨੀ" ਰਿੜਦੀ ਰਿੜਦੀ ਹੋਰ ਅਗੇ ਹੋਈ ਤੇ ਵੱਡੇ ਭਰਾ ਦੇ ਲਾਗੇ ਜਾ ਕੇ ਬੋਲੀ, "ਮਾਂ ਬੋਲ" (ਬੋਲਦੀ ਹੈ)।

ਜੀਨ ਨੂੰ ਫਿਰ ਗਲਤ ਵਾਕਫੀਅਤ ਸੁਣਨ ਤੋਂ ਗੁਸਾ ਆਇਆ ਤੇ ਬੋਲਿਆ, "ਭਗਵਾਨ ਬੋਲਦਾ।"

ਜੇਂਟ ਵੀ ਅੜ ਗਈ ਤੇ ਜ਼ੋਰ ਨਾਲ ਬੋਲੀ, "ਮਾਂ ਬੋਲ।"

ਜੀਨ ਦੀ ਹੱਤਕ ਹੋ ਗਈ। ਉਸ ਨੇ ਇਕ ਚਪੇੜ ਜੈਂਟ ਦੇ ਕੱਢ ਮਾਰੀ, ਤੇ ਬੋਲਿਆ, "ਭਗਵਾਨ ਬੋਲਦਾ।"

ਜੇਂਟ ਸੌਖਾ ਸ਼ਬਦ ਬੋਲ ਲੈਣ ਦੀ ਖੁਸ਼ੀ ਵਿਚ ਫਿਰ ਬੋਲੀ, "ਮਾਂ ਬੋਲ।"

ਜੀਨ ਨੇ ਜੈਂਟ ਨੂੰ ਗੁਸੇ ਨਾਲ ਕਿਹਾ, "ਮੂਰਖ।"

ਜੇਂਟ ਨੇ ਮੁਸਕ੍ਰਾਂਦਿਆਂ ਕਿਹਾ, "ਖ"।

ਲੇਨ ਨੇ ਠੀਕ ਉਚਾਰਣ ਦਸਣ ਲਈ ਜੈਂਟ ਵਲ ਮੂੰਹ ਕਰ ਕੇ ਕਿਹਾ: "ਮੂਖ।"

ਜੇਂਟ ਨੇ ਉਸਦੀ ਰਹਿਨੁਮਾਈ ਸਵੀਕਾਰ ਕਰ ਲਈ ਤੇ

ਬੋਲੀ: "ਮੂ।"

ਜੈਂਟ ਦੀ ਨਜ਼ਰ ਇਕ ਖਿੜਕੀ ਵਲ ਗਈ ਜੋ ਹਵਾ ਲਈ ਲੈਂਟੈਨਕ ਖੋਹਲ ਗਿਆ ਸੀ। ਉਸ ਵਲ ਉਂਗਲ ਕਰ ਕੇ ਜੈਂਟ ਬੋਲੀ—"ਚਿ" (ਚਿੜੀ)।

ਚਿੜੀ ਵੇਖਣ ਦ ਸ਼ੌਕ ਨਾਲ ਲੇਨ ਨੇ ਵੀ ਝਟ ਉਸ ਪਾਸੇ ਵਲ ਵੇਖਿਆ ਤੇ ਰੁਕ ਕੇ ਬੋਲਿਆ, "ਜਾਂਵਰ" (ਜਾਨਵਰ)।

ਜੀਨ ਨੇ ਦੋਹਾਂ ਦੀ ਉਲਟ ਪੁਲਟ ਗੱਲ ਸੁਣੀ ਤੇ ਫੈਸਲਾ ਕਰਨ ਲਈ ਉਧਰ ਵੇਖਿਆ। ਉਹ ਵੇਖਦਿਆਂ ਸਾਰ ਛੇਤੀ ਛੇਤੀ ਤਖਤ ਪੋਸ਼ ਵਰਗੀ ਵੱਡੀ ਸਾਰੀ ਚੌਂਕੀ ਤੋਂ ਹੇਠਾਂ ਉਤਰ ਆਇਆ ਤੇ ਲੁਕ ਗਿਆ। ਲੇਨ ਨੇ ਵੀ ਝਟ ਉਸੇ ਤਰ੍ਹਾਂ ਕੀਤਾ। ਜੈਂਟ ਨੂੰ ਉਤਰਨਾ ਕੁਝ ਔਖਾ ਜਾਪਿਆ ਤੇ ਉਹ ਚੌਂਕੀ ਦੇ ਉੱਤੇ ਉਸੇ ਤਰ੍ਹਾਂ ਲੇਟ ਗਈ, ਜਿਵੇਂ ਧਰਤੀ ਤੇ ਲੇਨ ਤੇ ਜੀਨ ਲੇਟੇ ਹੋਏ ਸਨ।

ਖਿੜਕੀ ਵਿਚ ਦੀ ਇਕ ਆਦਮੀ ਦਾ ਸਿਰ ਅੰਦਰ ਝਾਕ ਰਿਹਾ ਸੀ। ਜੀਨ ਨੂੰ ਹੋਰ ਭਾਵੇਂ ਕੁਝ ਵੀ ਦਿਸ ਪੈਂਦਾ, ਉਹ ਆਪਣੇ ਨਿੱਕੇ ਭੈਣ ਭਰਾ ਨੂੰ ਜ਼ਰੂਰ ਕੁਝ ਨ ਕੁਝ ਦੱਸਦਾ, ਪਰ ਆਦਮੀ ਨੂੰ ਵੇਖ ਕੇ ਉਸਦੀ ਜ਼ਬਾਨ ਤਾਲੂ ਨਾਲ ਲੱਗ ਗਈ, ਡਰ ਨਾਲ ਗਲ ਖੁਸ਼ਕ ਹੋ ਗਿਆ। ਹੈ ਵੀ ਸੱਚ, ਜੋ ਜੋ ਦੁਖ ਬੱਚਿਆਂ ਨੂੰ ਆਦਮੀ ਦੇ ਚੁਕੇ ਸਨ, ਉਹ ਦੁਖ ਕੋਈ ਬਘਿਆੜ ਵੀ ਨਹੀਂ ਸੀ ਦੇ ਸਕਦਾ।

ਜੈਂਟ ਭਾਵੇਂ ਸਹਿਮ ਕੇ ਭਰਾਵਾਂ ਵਾਂਗ ਲੇਟ ਗਈ ਸੀ, ਪਰ ਉਹ ਲੇਟੀ ਹੋਈ ਵੀ ਖਿੜਕੀ ਵਲ ਵੇਖਦੀ ਰਹੀ। ਕਿੰਨਾ ਚਿਰ ਦੋ ਲਾਲ-ਅੱਖਾਂ ਇਧਰ ਉਧਰ ਵੇਖਦੀਆਂ ਰਹੀਆਂ, ਸਿਰ ਵੀ ਉਚਾ ਨੀਵਾਂ ਹੁੰਦਾ ਰਿਹਾ।

ਇਹ ਬੀਰਾਂ ਦੀ ਫੌਜ ਦਾ ਸਰਦਾਰ ਰੇਡੋ ਸੀ ਤੇ ਇਸ ਪਾਸੇ ਦੀ ਹਾਲਤ ਵੇਖਣ ਲਈ ਆਇਆ ਹੋਇਆ ਸੀ। ਜਦੋਂ ਇਹ

ਪਿਛੇ ਹਟਿਆ, ਜੈਂਟ ਉਠ ਬੈਠੀ ਤੇ ਖਿੜਕੀ ਵਲ ਉਂਗਲ ਕਰ ਕੇ ਬੋਲੀ–"ਗਿਆ।"

ਜੀਨ ਨੇ ਸਹਿਜੇ ਸਹਿਜੇ ਅੱਖਾਂ ਉਸ ਪਾਸੇ ਕੀਤੀਆਂ ਤੇ ਵੇਖਿਆ ਕਿ ਉਹ ਆਦਮੀ ਸਚਮੁਚ ਚਲਿਆ ਗਿਆ ਹੈ।

ਸਾਰੇ ਬੱਚੇ ਉਠ ਖੜੋਤੇ ਤੇ ਖੇਡਣ ਲੱਗ ਪਏ। ਲੇਨ ਨੂੰ ਇਕ ਗੁਡੀਆਂ ਰੱਖ ਕੇ ਰੇੜਨ ਵਾਲੀ ਗੱਡੀ ਇਕ ਗੁਠ ਵਿੱਚੋਂ ਮਿਲ ਗਈ। ਉਹ ਉੱਚੀ ਉੱਚੀ ਕਹਿਣ ਲੱਗਾ, "ਗੱਡੀ, ਗੱਡੀ।" ਜੈਂਟ ਤੇ ਜੀਨ ਵੀ ਸੁਵਾਰੀ ਕਰਨ ਲਈ ਗੱਡੀ ਵਲ ਗਏ। ਲਾਗੇ ਜਾ ਕੇ ਜੀਨ ਸੋਚਣ ਲੱਗਾ ਕਿ ਉਪਰ ਕੌਣ ਚੜ੍ਹੇ ਤੇ ਖਿੱਚੇ ਕੌਣ। ਲੇਨ ਨੇ ਗੱਡੀ ਫੋਲਣੀ ਸ਼ੁਰੂ ਕੀਤੀ। ਉਸ ਨੂੰ ਗੱਡੀ ਵਿੱਚੋਂ ਇਕ ਡੇਢ ਕੁ ਫੁਟ ਰੱਸੇ ਦਾ ਟੋਟਾ ਮਿਲ਼ਿਆ। ਉਹ ਹੱਥ ਵਿਚ ਲੈ ਕੇ ਬੋਲਿਆ, "ਸੱਪ।"

ਜੈਂਟ ਨੇ ਤੱਕਿਆ ਤੇ ਸੱਪ ਲੈਣ ਲਈ ਹੱਥ ਵਧਾ ਦਿੱਤੇ, ਅਰ ਬੋਲੀ, "ਪੱ"।

ਜੀਨ ਨੇ ਰੱਸੇ ਵਲ ਵੇਖਿਆ ਤੇ ਕਿਹਾ, "ਰੱਸਾ।"

ਜੈਂਟ ਨੇ ਝਟ ਕਹਿ ਦਿੱਤਾ, "ਸਾ।"

ਜੀਨ ਨੇ ਲੇਨ ਤੋਂ ਰੱਸਾ ਲੈ ਲਿਆ ਤੇ ਬੋਲਿਆ, "ਇਹ ਚਾਬਕ ਹੈ।"

ਜੈਂਟ ਬੋਲੀ, "ਚਾਕ।"

ਜੀਨ ਬੋਲਿਆ, "ਮੈਂ ਘੋੜਾ।"

ਜੈਂਟ, ਜਿਵੇਂ ਮੁੰਡੇ ਮਾਸਟਰ ਦੇ ਪਿਛੇ ਬੋਲਦੇ ਹਨ, ਬੋਲੀ: "ਘੋਆ"।

ਜੀਨ ਨੇ ਚੁਕ ਕੇ ਜੈਂਟ ਨੂੰ ਗੱਡੀ ਦੇ ਉਤੇ ਬਿਠਾ ਦਿੱਤਾ, ਰੱਸਾ ਲੇਨ ਦੇ ਹਥ ਫੜਾ ਦਿੱਤਾ ਤੇ ਗੱਡੀ ਨੂੰ ਅੱਗੋਂ ਫੜ ਕੇ ਖਿੱਚਣ ਲੱਗਾ। ਜੈਂਟ ਬੜੀ ਖੁਸ਼ ਸੀ ਤੇ ਇਧਰ ਉਧਰ ਵੇਖਣ ਲੱਗੀ।

ਜੀਨ ਨਾਲੇ ਗੱਡੀ ਖਿੱਚਦਾ ਤੇ ਨਾਲੇ ਗੱਡੀ ਹੱਕਦਾ, ਆਪੇ ਕਰੀ ਜਾਂਦਾ "ਟਿਕ ਟਿਕ ਟਿਕ।" ਜੈਂਟ ਨੇ ਵੀ ਨਾਲ ਸ਼ੁਰੂ ਕਰ ਦਿਤਾ "ਕਿ ਕਿ ਕਿ।"

ਜੀਨ ਨੂੰ ਇਹ ਗੱਲ ਬੁਰੀ ਲੱਗੀ, ਨਾਲੇ ਗੱਡੀ ਖਿਚੇ ਤੇ ਨਾਲੇ ਹੱਕੇ। ਉਸ ਨੇ ਗੱਡੀ ਛਡ ਦਿਤੀ ਤੇ ਲੇਨ ਨੂੰ ਕਿਹਾ, "ਰੱਸਾ ਮੇਰੇ ਮਾਰ ਕੇ ਕਿਹਾ ਕਰ "ਟਿਕ ਟਿਕ ਟਿਕ।"

ਲੇਨ ਨੇ ਉਸੇ ਵੇਲੇ ਰੱਸਾ ਮਾਰ ਕੇਕਿਹਾ "ਕਿਟ ਕਿਟ ਕਿਟ।"

ਜੀਨ ਨੇ ਕਿਹਾ, "ਮੂਰਖ! ਘੋੜੇ ਨੂੰ ਜੁੱਪ ਤਾਂ ਲੈਣ ਦੇ।" ਜੈਂਟ ਨੇ ਵੀ ਹਾਮੀ ਭਰੀ ਤੇ ਕਿਹਾ, "ਜੱਪ।"

ਜੀਨ ਕਦੀ ਘੋੜਾ ਬਣਦਾ, ਕਦੀ ਚਾਬਕ ਮਾਰਨ ਦੀ ਜਾਚ ਦੱਸਦਾ, ਕਦੀ ਸੁਵਾਰੀ ਨੂੰ ਬੈਠਣ ਦਾ ਵਲ ਦੱਸਦਾ। ਹੁਣ ਸਾਰੇ ਟ੍ਰੰਡ ਹੋ ਗਏ। ਗੱਡੀ ਤੇਜ ਦੌੜਨ ਲੱਗੀ। ਘੋੜੇ ਦੀ ਭੁਲ ਨੇ ਗੱਡੀ ਟੇਢੀ ਕਰ ਦਿੱਤੀ, ਜੈਂਟ ਰਿੜ ਕੇ ਔਹ ਜਾ ਪਈ, ਪਰ ਉਸ ਨੇ ਆਪਣੇ ਫਰਜ਼ ਨੂੰ ਨਹੀਂ ਭੁਲਾਇਆ, ਛੇਤੀ ਛੇਤੀ ਆਪਣੀ ਗੱਡੀ ਹਿੱਕੀ ਗਈ ਤੇ ਬੋਲੀ ਗਈ, "ਕਿ ਕਿ ਕਿ।"

ਜੈਂਟ ਨੂੰ ਸੱਟ ਲਗੀ, ਗੱਡੀ ਵਖ ਤੇ ਘੋੜਾ ਵਖ ਤੇ ਲੇਨ ਚਾਬਕ ਫੜ ਕੇ ਦੂਰ ਖੜਾ ਵੇਖ ਰਿਹਾ ਸੀ। ਜੈਂਟ ਮੂੰਹ ਵਿੰਗਾ ਕਰ ਕੇ ਰੋਣ ਲਗੀ। ਜੀਨ ਲਾਗੇ ਜਾ ਕੇ ਬੋਲਿਆ, "ਰਾਣੀ ਹੋ ਕੇ ਰੋਣ ਲੱਗੀ ਏਂ?"

ਜੈਂਟ ਨੇ ਝਟ ਕਿਹਾ, "ਨਾਨੀ" (ਰਾਣੀ) ਤੇ ਉਹ ਚੁਪ ਕਰ ਗਈ। ਭਲਾ ਰਾਣੀ ਬਣ ਕੇ ਉਹ ਰੋਂਦੀ ਚੰਗੀ ਲਗਦੀ ਸੀ?

ਹੁਣ ਬੱਚੇ ਕਿਸੇ ਹੋਰ ਖੇਡ ਨੂੰ ਲੱਭਣ ਲੱਗੇ ਤੇ ਅਖੀਰ ਵਿਚ ਲੇਨ ਨੂੰ ਲੱਭ ਪਈ। ਉਹ ਸੀ ਇਕ ਵੱਡੀ ਸਾਰੀ ਤਸਵੀਰਾਂ ਵਾਲੀ ਕਿਤਾਬ। ਇਸ ਵਿਚ ਪੰਛੀਆਂ, ਜਾਨਵਰਾਂ, ਵੱਡੇ ਵੱਡੇ ਬਹਾਦਰਾਂ, ਕਵੀਆਂ ਤੇ ਖੋਜੀਆਂ ਦੀਆਂ ਤਸਵੀਰਾਂ ਸਨ। ਇਹ ਇਕ ਰੇਲ ਉਤੇ

ਪਈ ਹੋਈ ਸੀ, ਤੇ ਉਤੇ ਇਕ ਪੁਰਾਣਾ ਕਪੜਾ ਪਿਆ ਸੀ, ਲੇਨ ਨੇ ਉਸ ਨੂੰ ਲਾਹ ਦਿਤਾ ਤੇ ਬੋਲਿਆ, "ਮਤਾਸ਼ਾ।"

ਜੀਨ ਨੇ ਪਹਿਲੇ ਪਤਾਸਾ ਸਮਝਿਆ ਤੇ ਲਾਗੇ ਆ ਕੇ ਬੋਲਿਆ, "ਕਿੱਥੇ ਹੈ ਪਤਾਸ਼ਾ ?"

ਵੱਡਾ ਭਰਾ ਹੋ ਕੇ ਵੀ ਗਲਤੀ ਕਰੇ, ਇਹ ਗਲ ਲੇਨ ਸਹਾਰ ਨ ਸੱਕਿਆ ਤੇ ਬੋਲਿਆ, "ਮਤਾਸ਼ਾ, ਮਤਾਸ਼ਾ।"

ਜੀਨ ਨੂੰ ਹੁਣ ਸਮਝ ਆਈ ਤੇ ਉਹ ਬੋਲਿਆ— "ਤਮਾਸ਼ਾ ਵੇਖੋ।"

ਜੈਂਟ ਇਧਰ ਨੂੰ ਰਿੜਦੀ ਆ ਰਹੀ ਸੀ, ਰਸਤੇ ਵਿਚ ਹੀ ਬੋਲੀ, "ਸ਼ਾ ਖੋ" (ਤਮਾਸ਼ਾ ਵੇਖੋ)।

ਜੀਨ ਨੇ ਲੇਨ ਨੂੰ ਪਰੇ ਕਰ ਦਿਤਾ ਤੇ ਕਿਤਾਬ ਖੋਹਲ ਕੇ ਭੈਣ ਭਰਾ ਨੂੰ ਤਮਾਸ਼ਾ ਵਿਖਾਉਣ ਲੱਗਾ। ਉਸ ਵਿਚੋਂ ਇਕ ਤਸਵੀਰ ਉਸ ਨੇ ਸ਼ੁਤਰ ਮੁਰਗ ਦੀ ਕਢੀ ਤੇ ਪਾੜ ਕੇ ਦੋਹਾਂ ਦੇ ਅਗੇ ਰਖ ਕੇ ਬੋਲਿਆ, "ਚਿੜੀ।"

ਜੈਂਟ ਨੇ ਚਿੜੀ ਆਪਣੇ ਵਲ ਖਿਚੀ ਤੇ ਲੇਨ ਨੇ ਆਪਣੇ ਵਲ। ਚਿੜੀ ਦੇ ਦੋ ਹਿੱਸੇ ਹੋ ਗਏ। ਜੀਨ ਬੋਲਿਆ, "ਚਿੜੀ ਉਡ ਗਈ।"

ਲੇਨ ਨੇ ਆਪਣੇ ਹਿਸੇ ਦੇ ਦੋ ਤਿੰਨ ਟੁਕੜੇ ਕਰ ਕੇ ਛੱਤ ਵਲ ਸੁੱਟ ਦਿਤੇ ਤੇ ਬੋਲਿਆ, "ਉਡ ਗਈ।" ਜੈਂਟ ਉਨ੍ਹਾਂ ਟੁਕੜਿਆਂ ਨੂੰ ਉਡਦੇ ਵੇਖਦੀ ਰਹੀ ਤੇ ਬੋਲੀ "ਉ ਗਈ।" (ਉਡ ਗਈ)

ਜੈਂਟ ਨੂੰ ਇਹ ਬੁਰਾ ਲਗਾ ਕਿ ਲੇਨ ਦੇ ਹਥ ਵਿਚਲੀ ਚਿੜੀ ਉਡ ਜਾਵੇ ਤੇ ਉਸਦੇ ਹਥ ਵਾਲੀ ਉਸੇ ਤਰ੍ਹਾਂ ਉਸਦੇ ਹਥ ਵਿਚ ਬੈਠੀ ਰਹੇ। ਜੈਂਟ ਨੇ ਵੀ ਕਾਗਜ਼ ਦੇ ਕਈ ਟੁਕੜੇ ਕਰ ਦਿੱਤੇ ਤੇ ਅਖੀਰ ਉਹ ਛੱਤ ਵਲ ਸੁਟ ਕੇ ਉਡਾ ਦਿਤੇ। ਅਧੇ ਤੋਂ ਬਹੁਤੇ ਟੁਕੜੇ ਉਸਦੇ ਸਿਰ ਤੇ ਆ ਕੇ ਬੈਠ ਗਏ, ਜਿਵੇਂ ਪੰਛੀ

ਆਹਲਣਿਆਂ ਤੇ ਬੈਠਦੇ ਹਨ।

ਲੇਨ ਬੋਲਿਆ, "ਹੋਰ ਮਤਾਸ਼ਾ।"

ਜੀਨ ਪਛਤਾਵੇ ਨਾਲ ਛੇਤੀ ਛੇਤੀ ਪਤਰੇ ਫੋਲਣ ਲਗਾ, ਇਹ ਠੀਕ ਨਹੀਂ ਸੀ ਕਿ ਤਮਾਸ਼ੇ ਵਾਲਾ ਚੁਪ ਕਰ ਰਹੇ, ਤੇ ਵੇਖਣ ਵਾਲੇ ਕਹਿਣ—ਤਮਾਸ਼ਾ ਹੋਰ ਵਿਖਾਵੋ।

ਉਸਨੇ ਇਕ ਤਸਵੀਰ ਸ਼ੇਰ ਦੀ ਕਢੀ ਤੇ ਪਾੜਕੇ ਏਨ੍ਹਾਂ ਦੇ ਅਗੇ ਰੱਖ ਦਿਤੀ।

ਲੇਨ ਬੋਲਿਆ—"ਬਿੱਲੀ।"

ਜੈਂਟ ਨੇ ਕਿਹਾ, "ਲੀ" ਤੇ ਅੱਗੇ ਹੱਥ ਵਧਾਇਆ। ਲੇਨ ਨੇ ਉਸਦਾ ਹਿਸਾ ਉਸਦੇ ਹੱਥ ਵਿਚ ਦੇ ਦਿੱਤਾ ਤੇ ਆਪਣੇ ਹਿਸੇ ਦੇ ਨਿੱਕੇ ਨਿੱਕੇ ਟੁਕੜੇ ਕਢ ਕੇ ਚਿੜੀਆਂ ਉਡਾਉਣ ਲਗਾ।

ਜੀਨ ਨੇ ਇਕ ਤਸਵੀਰ ਹੋਰ ਕਢੀ, ਇਹ ਇਕ ਪਾਦਰੀ ਦੀ ਸੀ, ਜੋ ਪਹਾੜਾਂ ਤੇ ਜੰਗਲਾਂ ਦੇ ਵਸਨੀਕਾਂ ਵਿਚ ਈਸਾਈ ਧਰਮ ਦਾ ਪ੍ਰਚਾਰ ਕਰਨ ਵਾਲਾ ਸੀ, ਬੀਮਾਰਾਂ ਤੇ ਫਟੜਾਂ ਦੇ ਸਿਰਹਾਣੇ ਸਾਰੀ ਸਾਰੀ ਰਾਤ ਜਾਗ ਕੇ ਆਪਣੇ ਮਜ਼ਹਬ ਦੇ ਚੰਗੇ ਮਨੁਖਾਂ ਦੀਆਂ ਕਹਾਣੀਆਂ ਸੁਣਾਉਂਦਾ ਰਹਿੰਦਾ ਸੀ। ਅਖੀਰ, ਏਹੋ ਜੁਰਮ ਸਮਝਿਆ ਗਿਆ ਤੇ ਸ਼ਮਸ ਤਬਰੇਜ਼ ਵਾਂਗ ਪੁਠੀ ਖਲ ਲੁਹਾਕੇ ਮਾਰਿਆ ਗਿਆ। ਚਿੱਤ੍ਰਕਾਰ ਨੇ ਇਸ ਤਸਵੀਰ ਵਿਚ ਪਾਦਰੀ ਦੇ ਹਥ ਵਿਚ ਪਾਦਰੀ ਦੀ ਆਪਣੀ ਖੱਲ ਫੜਾਈ ਹੋਈ ਸੀ ਤੇ ਉਹ ਬੜਾ ਖੁਸ਼ ਸੀ। ਹੇਠਾਂ ਲਿਖਿਆ ਹੋਇਆ ਸੀ, "ਤੁਸੀਂ ਮੇਰੀ ਖੱਲ ਲਾਹਕੇ ਮੈਨੂੰ ਮਾਰ ਸਕਦੇ ਹੋ, ਪਰ ਜਿਨ੍ਹਾਂ ਦੀ ਦੁਖ ਵੇਲੇ ਮੈਂ ਸੇਵਾ ਕੀਤੀ ਹੈ, ਜਾਗਕੇ ਰਾਤਾਂ ਕੱਟੀਆਂ ਹਨ, ਉਨ੍ਹਾਂ ਬੀਮਾਰਾਂ ਦੀਆਂ ਅੱਖਾਂ ਤੇ ਦਿਲ ਵਿਚੋਂ ਨਹੀਂ ਕਢ ਸਕਦੇ। ਜੇਹੜਾ ਮਰ ਨਹੀਂ ਸਕਦਾ, ਉਹ ਕਿਸੇ ਨੂੰ ਜੀਵਨ ਵੀ ਨਹੀਂ ਦੇ ਸਕਦਾ।"

ਇਹ ਬੜੀ ਪਵਿਤ੍ਰ ਤਸਵੀਰ ਸੀ। ਵੇਖਦੇ ਸਾਰ ਆਦਮੀ ਦਾ ਸਿਰ ਝੁਕ ਜਾਂਦਾ ਸੀ। ਪਰ ਜੀਨ ਨੇ ਉਸੇ ਤਰ੍ਹਾਂ ਪਾੜ ਲਈ ਜਿਵੇਂ ਉਸ ਦੀ ਖੱਲ ਲਾਹੀ ਗਈ ਸੀ। ਪਾਦਰੀ ਨੂੰ ਆਪਣੇ ਜੀਵਨ ਵਿਚ ਕਦੀ ਵੀ ਖਿਆਲ ਨਹੀਂ ਸੀ ਆਇਆ ਕਿ ਰੱਬ ਦੀ ਮੁਸਕਾਨ, ਬੱਚਾ, ਵੀ ਕਿਸੇ ਦਿਨ ਮੇਰੀ ਖਲ ਲਾਹ ਦੇਵੇਗਾ ਤੇ ਨਿੱਕੇ ਨਿੱਕੇ ਟੁਕੜੇ ਕਰਕੇ ਉਡਾ ਦੇਵੇਗਾ। ਲੇਨ ਤੇ ਜੇਂਟ ਨੇ ਅਗੇ ਹਥ ਕੀਤਾ, ਵਡੇ ਭਰਾ ਨੇ ਵੰਡਕੇ ਦੇ ਦਿੱਤੀ ਤੇ ਕਿਹਾ, "ਤਸਵੀਰ।"

ਲੇਨ ਨੇ ਕਿਹਾ, "ਤਛਵੀਰ।"

ਜੇਂਟ ਨੇ ਝਟ ਕਿਹਾ, "ਵੀਰ।"

ਜੀਨ ਪਿਆਰ ਦੇ ਕੇ ਕਹਿਣ ਲੱਗਾ, "ਕੀਹ ਹੈ ਜੇਂਟ?" ਉਸ ਦਾ ਖਿਆਲ ਸੀ, "ਮੈਨੂੰ ਵੀਰ ਕਿਹਾ ਹੈ।"

ਜੇਂਟ ਨੇ ਭਰਮ ਦੂਰ ਕਰਨ ਲਈ ਆਪਣੇ ਕਾਗਜ਼ ਤੇ ਹਥ ਰਖਕੇ ਕਿਹਾ, "ਵੀਰ।" ਇਸ ਤੋਂ ਪਿਛੋਂ 'ਵੀਰ ਦੇ ਕਈ ਟੋਟੇ ਕਰਕੇ ਕੁਝ ਉਡਾ ਦਿੱਤੇ ਤੇ ਕੁਝ ਅਪਣੇ ਸਿਰ ਤੇ ਸੁਟ ਲਏ।

ਅਨੇਕਾਂ ਨਕਸ਼ੇ ਤੇ ਪਵਿਤ੍ਰ ਆਦਮੀਆਂ ਦੇ ਚਿੱਤ੍ਰ, ਇਕ ਇਕ ਕਰਕੇ, ਸਭ ਪਾੜ ਦਿੱਤੇ। ਨ ਕਿਲੇ ਵਾਲਿਆਂ ਨੂੰ ਤੇ ਨ ਬਾਹਰ ਵਾਲਿਆਂ ਨੂੰ ਪਤਾ ਸੀ ਕਿ ਪੁਰਾਤਨਤਾ ਦੇ ਕਿਤਨੇ ਨਕਸ਼ੇ ਟੁਕੜੇ ਹੋ ਚੁਕੇ ਹਨ। ਬੱਚਿਆਂ ਨੇ ਉਣਕੇ ਨਿੱਕੇ ਨਿੱਕੇ ਟੁਕੜਿਆਂ ਦੇ ਹੋਰ ਟੁਕੜੇ ਕੀਤੇ ਤੇ ਅਖੀਰ ਸਾਰੀ ਖੇਡ ਖਤਮ ਕਰ ਦਿੱਤੀ।

ਬੱਚੇ ਹੁਣ ਖੇਡਦੇ ਖੇਡਦੇ ਥੱਕ ਗਏ ਸਨ। ਨੀਂਦਰ ਆ ਗਈ; ਕੋਈ ਕਿਤੇ ਸੌਂ ਗਿਆ ਤੇ ਕੋਈ ਕਿਤੇ। ਸੌਣ ਵੇਲੇ ਹਰ ਬੱਚਾ ਅਪਣੀ ਮਾਂ ਦੀ ਝੋਲੀ ਵਿਚ ਹੁੰਦਾ ਹੈ ਤੇ ਸੁਪਨੇ ਦੇ

ਫਰਿਸ਼ਤਿਆਂ ਦੇ ਖੰਭਾਂ ਹੇਠ ਢੱਕਿਆ ਹੋਇਆ।

ਤੋਪ ਦੇ ਗੋਲੇ ਦੀ ਭਿਆਨਕ ਅਵਾਜ਼ ਨਾਲ ਜੰਗਲ, ਟਿੱਲਾ ਤੇ ਕਿਲਾ ਗੂੰਜ ਉਠਿਆ। ਜੈਂਟ ਤ੍ਰਬਕ ਕੇ ਉਠੀ, ਪਤਲੀ ਉਂਗਲ ਛਤ ਵਲ ਕੀਤੀ ਤੇ ਬੋਲੀ, "ਮਾਂ ਬੋਲ, ਮਾਂ ਬੋਲ, ਵੌਾ (ਭਗਵਾਨ) ਬੋਲ।" ਨੀਂਦਰ ਨੇ ਦਿਮਾਗ ਤੇ ਅੰਧੇਰੇ ਵਰਗੀ ਚਾਦਰ ਤਾਣ ਦਿੱਤੀ। ਉਹ ਲੇਨ ਦੇ ਸਿਰ ਤੇ ਸਿਰ ਸੁਟਕੇ ਫਿਰ ਸੌਂ ਗਈ।

ਬੱਚਿਆਂ ਦੀ ਖੇਡ ਸਮਾਪਤ ਹੋ ਗਈ ਤੇ ਮਨੁਖ ਭੂਤਨਿਆਂ ਨੇ ਅਪਣੀ ਖੇਡ ਤੋਪਾਂ ਤੇ ਬੰਦੂਕਾਂ ਨਾਲ ਸ਼ੁਰੂ ਕਰ ਦਿੱਤੀ।

# ਭਾਲ

ਫਟੇ ਹੋਏ ਕੱਪੜੇ, ਅੱਖਾਂ ਨੀਂਦਰ ਨਾਲ ਭਰੀਆਂ, ਠੇਢੇ ਵੱਜ ਵੱਜ ਕੇ ਸੁੱਜੇ ਹੋਏ ਪੈਰ, ਸਿਰ ਤੇ ਗੱਠੜੀ ਰੱਖੀ ਹੋਈ, ਮਾਂ ਆਪਣੇ ਬੱਚਿਆਂ ਨੂੰ ਲੱਭਦੀ ਫਿਰਦੀ ਸੀ। ਉਸ ਨੂੰ ਸੁੱਤੀ ਹੋਈ ਕਹਿਣਾ ਪੈਂਦਾ ਹੈ; ਉਸਦੇ ਚੇਹਰੇ ਤੇ ਅੰਗਾਂ ਵਿਚ ਆਲਸ ਹੀ ਆਲਸ ਹੈ। ਉਸਨੂੰ ਜਾਗਦੀ ਹੀ ਕਹਿਣਾ ਪੈਂਦਾ ਹੈ, ਕਾਰਣ ? ਉਹ ਦਿਨ ਰਾਤ ਆਪਣੇ ਬੱਚਿਆਂ ਨੂੰ ਲੱਭਣ ਲਈ ਘੁੰਮਦੀ ਹੈ।

ਰੰਗ ਬਰੰਗੀਆਂ ਲੀਰਾਂ ਦੀਆਂ ਰਸੀਆਂ ਵੱਟ ਕੇ ਮਾਂ ਨੇ ਸਿਰ ਬੱਧਾ ਹੋਇਆ ਸੀ। ਜਿਉਂ ਜਿਉਂ ਸਿਰ ਵਧੇਰੇ ਚਕਰਾ ਰਿਹਾ ਸੀ, ਸਿਰ ਦੀਆਂ ਰਸੀਆਂ ਦੀ ਗਿਣਤੀ ਵੀ ਵਧ ਰਹੀ ਸੀ।

ਹਰ ਵੇਲੇ 'ਲਾਲ ਕਿਲਾ, ਲਾਲ ਕਿਲਾ' ਕਹਿੰਦੀ ਜਾਂਦੀ ਹੈ। ਭਗਤਾਂ ਦੀ ਮਾਲਾ ਦੇ ਮਣਕੇ ਰੱਬ ਰੱਬ ਕਹਿੰਦਿਆਂ ਘੁੰਮਦੇ ਹਨ। ਮਾਂ ਦੀ ਮਾਲਾ ਬੱਚੇ ਹਨ ਤੇ ਬੱਚੇ ਲਾਲ ਕਿਲੇ ਵਿਚ ਹਨ। ਮਾਂ 'ਲਾਲ ਕਿਲਾ, ਲਾਲ ਕਿਲਾ' ਕਹਿੰਦੀ ਮਾਰੀਮਾਰੀ ਫਿਰਦੀ ਹੈ। ਅਜੇ ਸਵੇਰਾ ਹੀ ਸੀ ਕਿ ਉਹ ਇਕ ਪਿੰਡ ਵਿਚ ਪਹੁੰਚੀ। ਕੁਝ ਮਕਾਨਾਂ ਦੇ ਦਰਵਾਜ਼ੇ ਖੁਲ੍ਹੇ ਸਨ, ਤੇ ਕੁਝ ਅਜੇ ਬੰਦ ਸਨ। ਸਿਆਣੀ ਉਮਰ ਦੇ ਆਦਮੀ ਨਹਾ ਧੋ ਰਹੇ ਸਨ ਤੇ ਕੁਝ ਨਹਾ ਚੁਕੇ ਸਨ। ਜੁਆਨਾਂ ਨੇ ਭਾਵੇਂ ਅਜੇ ਇਸ਼ਨਾਨ ਨਹੀਂ ਸਨ ਕੀਤੇ, ਫਿਰ ਵੀ ਉਨ੍ਹਾਂ ਦੇ ਅਣਧੋਤੇ ਮੂੰਹ ਬੁਢਿਆਂ ਨਾਲੋਂ ਸੁਹਣੇ ਸਨ। ਕੁਝ ਆਦਮੀ

ਪਿੰਡ ਦੇ ਗਿਰਜੇ ਅਗੇ ਖੜ੍ਹੋਤੇ ਸਨ।

ਇਕ ਘੋੜਾ-ਗੱਡੀ ਵੀ ਏਸੇ ਪਿੰਡ ਦੇ ਨੇੜੇ ਆ ਗਈ। ਦੂਰ ਦੂਰ ਤੋਂ ਸੰਗਲ ਖੜਕਦੇ ਸਨ। ਪੰਜ ਘੋੜੇ ਗੱਡੀ ਨੂੰ ਖਿਚ ਰਹੇ ਸਨ, ਦਸ ਸਵਾਰ ਅਗੇ ਸਨ ਤੇ ਦਸ ਪਿਛੇ। ਉਸ ਗੱਡੀ ਦੇ ਉਤੇ ਇਕ ਲੰਮੀ ਸਾਰੀ ਚੀਜ਼ ਪਈ ਹੋਈ ਸੀ, ਜੇਹੜੀ ਮੁਰਦੇ ਵਾਂਗ ਕਪੜੇ ਨਾਲ ਢੱਕੀ ਹੋਈ ਸੀ। ਸੁਵਾਰਾਂ ਦੀਆਂ ਟੋਪੀਆਂ ਤੇ ਲੋਕ-ਰਾਜ ਦੇ ਨਿਸ਼ਾਨ ਸਨ, ਹੱਥਾਂ ਵਿਚ ਨੰਗੀਆਂ ਕਿਰਚਾਂ ਸਨ। ਇੱਕੋ ਸਮੇਂ ਮਾਂ ਤੇ ਘੋੜਾ-ਗੱਡੀ ਉਸ ਵਿਚ ਪਹੁੰਚੇ, ਪਰ ਉਹ ਇਕ ਹੋਰ ਰਾਹੋਂ ਤੇ ਮਾਂ ਡਾਂਡੇਮੀਡਿਓਂ।

ਗੱਡੀ ਨੂੰ ਵੇਖ ਕੇ ਲੋਕ ਕੰਨਾਂ ਵਿਚ ਘੁਸਰ ਘੁਸਰ ਕਰਨ ਲੱਗੇ। ਇਕ ਆਦਮੀ ਨੇ ਲਾਗਲੇ ਨੂੰ ਪੁਛਿਆ:—

"ਇਹ ਕੀ ਹੈ?"

"ਇਨਸਾਨੀਅਤ ਦਾ ਕਮਾਲ।"

"ਅਰਥਾਤ?"

"ਗਲਾ ਕਟਣ ਵਾਲੀ ਮਸ਼ੀਨ—ਗਿਲੋਟੀਨ।"

"ਇਹ ਕਿੱਥੋਂ ਆ ਰਹੀ ਹੈ?"

"ਇਨਸਾਨ ਦੇ ਘਰੋਂ।"

"ਕਿਥੇ ਜਾ ਰਹੀ ਹੈ?"

"ਜਿਥੇ ਅਜੇ ਕਬਰਸਤਾਨ ਨਹੀਂ ਬਣੇ।"

"ਉਹ ਕੇਹੜਾ ਥਾਂ ਹੈ, ਜਿੱਥੇ ਕਬਰਾਂ ਨਹੀਂ?"

"ਜਿਥੇ ਮਸ਼ੀਨਾਂ ਵਾਲੀ ਸਭਿਅਤਾ ਨਹੀਂ ਆਈ।"

"ਮਸ਼ੀਨਾਂ ਬੁਰੀਆਂ ਹਨ?"

"ਨਹੀਂ, ਪਰ ਜੇ ਆਦਮੀ ਨਾਲੋਂ ਇਨ੍ਹਾਂ ਦੀ ਕੀਮਤ ਵਧ ਜਾਵੇ, ਫਿਰ ਬੁਰੀਆਂ ਹਨ।"

"ਜਿਥੇ ਗਿਲੋਟੀਨ ਗੱਡੀ ਦੀ ਹੋਵੇਗੀ, ਲੋਕੀਂ ਵੇਖਣ

ਜਾਂਦੇ ਹੋਣਗੇ ?''

''ਰੱਬ ਕਰੇ, ਇਹ ਕਿਤੇ ਵੀ ਗੱਡੀ ਨਾ ਜਾਵੇ, ਤੇ ਨਾ ਲੋਕ ਇਸ ਨੂੰ ਵੇਖਣ। ਭੈੜੀਆਂ ਚੀਜ਼ਾਂ ਦੇ ਵੇਖਣ ਵਿਚ ਕੀ ਲਾਭ ਹੈ।''

ਘੋੜਾ-ਗੱਡੀ ਅਰਥੀ ਵਾਂਗ ਲੰਘ ਗਈ ਤੇ ਲੋਕਾਂ ਦੇ ਦਿਲਾਂ ਵਿਚ ਸਹਿਮ ਛੱਡ ਗਈ।

ਫਲੇਸ਼ਾਰਡ ਨੇ ਕਈਆਂ ਤੋਂ ਗਲਾ ਕਟਣ ਵਾਲੀ ਮਸ਼ੀਨ ਦਾ ਨਾਮ ਸੁਣਿਆਂ। ਉਸਨੂੰ ਕੁਝ ਯਾਦ ਆਇਆ, ਇਹ ਘਬਰਾ ਗਈ, ਥੱਕ ਗਈ, ਪਿੰਡੋਂ ਬਾਹਰਵਾਰ ਜਾਕੇ ਗਠੜੀ ਸਿਰਹਾਣੇ ਰਖਕੇ ਲੇਟ ਗਈ। ਉਹ ਰੋਣ ਲਗ ਪਈ, ਪਰ ਨਾ ਗਲੇ ਵਿਚੋਂ ਅਵਾਜ਼ ਨਿਕਲੀ ਤੇ ਨਾ ਅੱਖੀਆਂ ਵਿਚੋਂ ਕੋਈ ਹੰਝੂ ਨਿਕਲਿਆ। ਜ਼ਖਮਾਂ ਵਿੱਚੋਂ ਲਹੂ ਵਗ ਤੁਰਦਾ ਹੈ, ਪਰ ਉਮਰ ਦੇ ਫੋੜੇ ਸੀਨੇ ਵਿਚ ਹੁੰਦਿਆਂ ਹੀ ਲਹੂ ਤੋਂ ਬਿਨਾਂ ਹੁੰਦੇ ਹਨ।

ਏਕਾ ਏਕੀ ਉਸ ਦੇ ਦਿਲ ਵਿਚ ਜੋਸ਼ ਆਇਆ। ਉਹ ਚੀਤੇ ਵਾਂਗ ਉਠੀ ਤੇ ਜੰਗਲ ਵਿਚ ਗੁੰਮ ਹੋ ਗਈ। ਝਾੜੀਆਂ ਚੀਰਦੀ ਹੋਈ, ਠੇਢੇ ਖਾਂਦੀ ਹੋਈ, ਕਦੀ ਉਠਦੀ ਤੇ ਕਦੀ ਸਾਹ ਕੱਢਦੀ ਹੋਈ, ਕੁਝ ਚਿਰ ਪਿੱਛੋਂ ਇਕ ਹੋਰ ਪਿੰਡ ਪਹੁੰਚੀ: ਅਗੇ ਬਹੁਤ ਸਾਰੇ ਆਦਮੀ ਖੜੋਤੇ ਹੋਏ ਸਨ। ਇਕ ਆਦਮੀ ਉੱਚੇ ਥਾਂ ਖੜੋਤਾ ਸੀ। ਉਸ ਦੇ ਖੱਬੇ ਪਾਸੇ ਇਕ ਵੱਡਾ ਸਾਰਾ ਝੋਲਾ ਲਟਕਦਾ ਸੀ। ਉਸਦੇ ਲਾਗੇ ਇਕ ਢੋਲ ਵਾਲਾ ਡਗਾ ਹਵਾ ਵਿਚ ਕੱਸੀ ਖੜਾ ਸੀ। ਇਕ ਨੇ ਲੇਵੀ ਦਾ ਭਾਂਡਾ ਫੜਿਆ ਹੋਇਆ ਸੀ। ਢੋਲ ਵਾਲੇ ਨੇ ਢੋਲ ਤੇ ਡੱਗਾ ਮਾਰਿਆ, ਲੋਕੀਂ ਆਪੋ ਆਪਣੀ ਥਾਈਂ ਚੁਪ ਹੋਕੇ ਉੱਚੇ ਥਾਂ ਖੜੋਤੇ ਆਦਮੀ ਦੇ ਮੂੰਹ ਵੱਲ ਵੇਖਣ ਲੱਗੇ। ਉਹ ਬੋਲਿਆ: ''ਫਰਾਂਸ ਦੀ ਸਿਰੋਮਣੀ ਤਾਕਤ ਲੋਕ-ਰਾਜ ਦੇ ਨਾਮ ਤੇ।'' ਇਹ ਕਹਿਕੇ ਨਗਾਰੇ ਵਾਲੇ ਨੇ ਦੂਸਰੀ ਚੋਟ ਨਗਾਰੇ ਤੇ ਮਾਰੀ, ਜਿਸਦੇ ਅਰਥ ਸਨ—ਬਿਲਕੁਲ ਠੀਕ ਹੈ।

ਕੁਝ ਲੋਕਾਂ ਨੇ ਇਕ ਦਮ ਸਿਰਾਂ ਤੋਂ ਟੋਪੀਆਂ ਲਾਹ ਲਈਆਂ ਤੇ ਲੋਕ-ਰਾਜ ਦੇ ਸਤਕਾਰ ਲਈ ਸਿਰ ਵੀ ਝੁਕਾ ਦਿਤੇ; ਪਰ ਕੁਝ ਨੇ ਆਪਣੇ ਸਿਰ ਦੀਆਂ ਟੋਪੀਆਂ ਹੋਰ ਵੀ ਸਿਧੀਆਂ ਕਰ ਲਈਆਂ ਤੇ ਆਕੜਕੇ ਖੜੇ ਗਏ। ਉਸ ਸਮੇਂ ਲੋਕ ਰਾਜ ਦੇ ਹੱਕ ਵਿੱਚ ਕਿੰਨੇ ਸਨ, ਤੇ ਉਲਟ ਕਿੰਨੇ ਸਨ, ਲਭਣ ਦਾ ਇਹੋ ਕਾਮਯਾਬ ਤਰੀਕਾ ਸੀ ।

ਡੁਗਡੁਗੀ ਤੇ ਇਕ ਹੋਰ ਚੋਟ ਵੱਜੀ–"ਸੁਣੋ, ਲੋਕ ਸਭਾ ਦੇ ਦਿਤੇ ਅਧਿਕਾਰ ਕਰਕੇ, ਮੈਂ ਬਾਗੀਆਂ ਨੂੰ ਮੌਤ ਦੀ ਸਜ਼ਾ ਦੇਂਦਾ ਹਾਂ, ਤੇ ਨਾਲ ਹੀ ਸਭ ਨੂੰ ਸੁਣਾਉਣਾ ਚਾਹੁੰਦਾ ਹਾਂ ਕਿ ਜੇਹੜਾ ਉਨ੍ਹਾਂ ਨੂੰ ਆਸਰਾ ਦੇਵੇਗਾ, ਜਾਂ ਹੋਰ ਕਿਸੇ ਵੀ ਪ੍ਰਕਾਰ ਦੀ ਮਦਤ ਦੇਵੇਗਾ, ਉਸ ਨੂੰ ਵੀ ਮੌਤ ਦੀ ਸਜ਼ਾ ਦਿਤੀ ਜਾਵੇਗੀ।"

ਕਈ ਚੁਪ ਚਾਪ 'ਹਾਂ' ਵਿੱਚ ਨੰਗੇ ਸਿਰ ਹਿਲਾ ਰਹੇ ਸਨ, ਤੇ ਕਈ ਟੋਪੀਆਂ ਵਾਲੇ ਹੋਰ ਵੀ ਛਾਤੀ ਤਾਣ ਕੇ ਚੁਪ ਚਾਪ, ਪਰ ਸਿੱਧੇ ਹੋਕੇ ਖੜੇ ਸਨ।

ਡੁੱਗੀ ਤੇ ਇਕ ਹੋਰ ਚੋਟ ਵਜੀ–"ਸੁਣੋ: ਉਹ ਬਾਗ਼ੀ ਹੁਣ ਤੱਕ ਉੱਨੀ ਹਨ, ਕਲ ਨੂੰ ਬਿਲਕੁਲ ਖਤਮ ਹੋ ਸਕਦੇ ਹਨ, ਜਾਂ ਉੱਨੀ ਸੌ ਬਣ ਸਕਦੇ ਹਨ।"

ਡੁੱਗੀ ਵਾਲੇ ਨੇ ਦੋ ਤਿੰਨ ਚੋਟਾਂ ਮਾਰੀਆਂ, ਜਿਸ ਦਾ ਪ੍ਰਭਾਵ ਸੀ, ਕੋਈ ਬਾਗੀ ਨਾ ਬਣੋ, ਇਹ ਬੜੀ ਟੇਢੀ ਖੀਰ ਹੈ।

ਉਚੇ ਆਦਮੀ ਨੇ ਠਹਿਰਾ ਠਹਿਰਾ ਕੇ, ਪਰ ਜੋਰ ਨਾਲ, ਨਾਮ ਗਿਣਨੇ ਸ਼ੁਰੂ ਕੀਤੇ, "ਲੰਟੇਨਕ"; ਡੁੱਗਡੁੱਗੀ ਵਾਲੇ ਨੇ ਸਤ ਦੋਹਰੀਆਂ ਚੋਟਾਂ ਲਈਆਂ, ਜਿਸ ਦਾ ਅਰਥ ਸੀ, 'ਇਹ ਬਹੁਤ ਵਡਾ ਬਾਗੀ ਹੈ।'

ਇਸ ਤੋਂ ਪਿਛੋਂ ਇਮਾਨਸ ਦਾ ਨਾਮ ਆਇਆ। ਡੁੱਗੀ ਵਾਲੇ ਨੇ ਚਾਰ ਚੋਟਾਂ ਲਾਈਆਂ। ਏਸੇ ਤਰ੍ਹਾਂ ਨਾਮ ਬੋਲਦੇ ਗਏ

ਤੇ ਡੁੱਗੀ ਵਾਲਾ ਉਨ੍ਹਾਂ ਤੇ ਨੋਟ ਦੇਂਦਾ ਗਿਆ।

ਜਦ ਇੱਕ ਨਾਮ ਲਿਆ ਜਾਂਦਾ, ਕਦੀ ਕੋਈ ਤੇ ਕਦੀ ਕੋਈ ਆਪਸ ਵਿੱਚ ਹੀ ਇਸ਼ਾਰੇ ਕਰਦੇ ਤੇ ਇਸ਼ਾਰਿਆਂ ਨਾਲ ਉਨ੍ਹਾਂ ਦੀ ਬਹਾਦਰੀ ਦਾ ਇਤਹਾਸ ਦੁਹਰਾਉਂਦੇ।

ਕੁਝ ਚਿਰ ਪਿਛੋਂ ਡੁੱਗਡੁੱਗੀ ਵਾਲੇ ਨੇ ਇੱਕ ਹੋਰ ਚੋਟ ਮਾਰੀ "ਸੁਣੋ":

"ਜਿਥੇ ਤੇ ਜਿਸ ਨੂੰ ਵੀ ਮਿਲਣ, ਉਹ ਪਛਾਣਕੇ ਫੜ ਲਵੇ, ਉਨ੍ਹਾਂ ਤੋਂ ਜੀਉਣ ਦਾ ਹਕ ਖੋਹ ਲਿਆ ਗਿਆ ਹੈ।"

ਦਸਖਤ—ਸਿਮੋਰਡੇਨ, ਪ੍ਰਤੀਨਿਧ, ਲੋਕ ਸਭਾ ਰਖਿਆ ਭਾਗ।

ਇੱਕ ਕਿਸਾਨ ਬੋਲਿਆ, "ਉਹ ਸਿਮੋਰ ਡੇਨ ਜੋ ਪਾਦਰੀ ਹੈ ?"

ਦੂਜੇ ਨੇ ਲਾਅਕੇ ਉਤਰ ਦਿਤਾ, "ਹਾਂ, ਹਾਂ, ਉਹੋ, ਜੋ ਲੰਟੇਨਕ ਦੇ ਘਰ ਪੜ੍ਹਾਉਂਦਾ ਹੁੰਦਾ ਸੀ।"

ਇਕ ਹੋਰ ਬੋਲਿਆ, "ਤਾਂ ਤੇ ਉਹ ਮਾਸਟਰ ਵੀ ਹੋਇਆ।"

ਇੱਕ ਟੋਪੀ ਵਾਲਾ ਬੋਲਿਆ, "ਨਾਲੇ ਭਿਖਾਰੀ ਵੀ।"

ਇੱਕ ਨੰਗੇ ਸਿਰ ਵਾਲੇ ਨੇ ਚੀਕ ਕੇ ਕਿਹਾ, "ਲੋਕ ਸਭਾ ਦੀ ਜੈ !"

ਉਸ ਦੇ ਪਿਛੇ 'ਜੈ' ਕਿਸੇ ਨਹੀਂ ਕਿਹਾ। ਕਾਰਣ ? ਡੁੱਗਡੁੱਗੀ ਵਾਲੇ ਨੇ ਇੱਕ ਹੋਰ ਚੋਟ ਮਾਰ ਦਿਤੀ—"ਸੁਣੋ।"

ਲੋਕ ਚੁਪ ਕਰ ਗਏ। ਕਈਆਂ ਨੂੰ ਗੁੱਸਾ ਵੀ ਆਇਆ ਕਿ ਡੁੱਗੀ ਵਾਲੇ ਨੇ ਲੋਕ ਸਭਾ ਦੀ ਜੈ ਵੀ ਨਹੀਂ ਕਹਿਣ ਦਿਤੀ।

ਉਚੇ ਆਦਮੀ ਨੇ ਕਿਹਾ, "ਗਾਵੇਨ ਦਾ ਹੁਕਮ ਅਜੇ ਬਾਕੀ ਹੈ, ਸੁਣੋ ਗੱਦੀਦਾਰੀ ਦੇ ਨਾਟਕ ਦਾ ਇਹ ਅਖੀਰਲਾ ਪਰਦਾ ਹੈ, ਇਸ ਨੂੰ ਡੇਗਣ ਵੇਲੇ ਜਿੰਨੇ ਹਥ ਲਗਣਗੇ, ਉਹ ਸਭ ਪਵਿਤ੍ਰ

ਹੋ ਜਾਣਗੇ। ਮੋਟੇ ਵੈਰੀ ਸਾਰੇ ਦੇ ਸਾਰੇ ਲਾਲ ਕਿਲੇ ਵਿੱਚ ਬੰਦ ਹਨ।"

ਦਸਖਤ–"ਗਾਵੇਨ"

ਫਲੇਸ਼ਾਰਡ ਬੋਲਣ ਵਾਲੇ ਦੇ ਮੂੰਹ ਵਲ ਤਕਦੀ ਰਹੀ, ਉਸ ਨੂੰ ਕੁਝ ਵੀ ਸਮਝ ਨਾ ਆਈ। ਜਦੋਂ ਲਾਲ ਕਿਲਾ ਕਿਹਾ ਤਾਂ ਫਲੇਸ਼ਾਰਡ ਦਾ ਮੂੰਹ ਅੱਡਿਆ ਰਹਿ ਗਿਆ ਤੇ ਜ਼ੋਰ ਨਾਲ ਬੋਲੀ, "ਹੈਂ! ਲਾਲ ਕਿਲਾ!"

ਸਾਰੇ ਲੋਕਾਂ ਨੇ ਹੈਰਾਨੀ ਨਾਲ ਫਲੇਸ਼ਾਰਡ ਵਲ ਵੇਖਿਆ, ਕਈਆਂ ਦੇ ਮੂੰਹ ਵਿਚੋਂ ਨਿਕਲਿਆ, "ਇਹ ਚੋਰ ਹੈ।" ਲੋਕਾਂ ਲਈ ਕਾਫੀ ਪ੍ਰਮਾਣ ਹੈ ਚੋਰ ਸਾਬਤ ਕਰਨ ਲਈ, ਜੇ ਕਿਸੇ ਦੇ ਫਟੇ ਪੁਰਾਣੇ ਕਪੜੇ ਤੇ ਅੱਖਾਂ ਡੂੰਘੀਆਂ ਹੋਣ, ਤੇ ਪੇਟੋਂ ਭੁੱਖਾ ਹੋਵੇ।

ਇਕ ਪੇਂਡੂ ਇਸਤ੍ਰੀ ਨੇ ਬੁੱਢੀ ਦਾ ਪੱਲਾ ਫੜਕੇ ਖਿਚਿਆ ਤੇ ਮੂੰਹ ਤੇ ਉਂਗਲ ਰਖਕੇ ਇਸ਼ਾਰਾ ਕੀਤਾ–ਚੁਪ–।

ਫਲੇ ਸ਼ਾਰਡ, ਲੀਰਾਂ ਨਾਲ ਘੁੱਟੇ ਹੋਏ ਤੇ ਚਕਰਾ ਰਹੇ ਸਿਰ ਨਾਲ ਸੋਚ ਰਹੀ ਸੀ, ਲੋਕ ਮੇਰੀਆਂ ਗੱਲਾਂ ਵੇਲੇ ਅੱਖਾਂ ਪਾੜ ਪਾੜ ਕਿਉਂ ਵੇਖਦੇ ਹਨ? ਸਾਰੇ ਪ੍ਰਸ਼ਨਾਂ ਦਾ ਉਤਰ ਲੋਕ ਦੇਂਦੇ ਹਨ, ਪਰ ਬੱਚਿਆਂ ਸੰਬੰਧੀ ਕੀਤੇ ਗਏ ਪ੍ਰਸ਼ਨ ਦਾ ਕਿਉਂ ਨਹੀਂ ਉੱਤਰ ਦਿਤਾ ਜਾਂਦਾ? ਕੀ ਦੁਨੀਆਂ ਤੇ ਕੋਈ ਇਸਤੋਂ ਵੱਡਾ ਪ੍ਰਸ਼ਨ ਹੈ? ਮਾਂ ਦੀ ਸਾਰੀ ਜ਼ਿੰਦਗੀ ਕੀ ਹੈ? ਬੱਚਿਆਂ ਦੇ ਜੀਉਣ ਤੇ ਪ੍ਰਫੁਲਤ ਹੋਣ ਵਾਸਤੇ ਕੁਝ ਸਵਾਲ।"

ਲੇਵੀ ਵਾਲੇ ਨੇ ਕੰਧ ਤੇ ਇਸ਼ਤਿਹਾਰ ਜੜ ਦਿੱਤਾ ਤੇ ਗੁੱਡੀ ਵਾਲੇ ਨੇ ਅੰਤਮ ਚੋਟ ਗੁੱਡੀ ਤੇ ਜ਼ੋਰ ਨਾਲ ਲਾਈ, ਜਿਸਦਾ ਅਰਥ ਸੀ–ਇਹ ਇਸ਼ਤਿਹਾਰ ਲਾ ਦਿਤਾ ਹੈ, ਇਸ ਤੇ ਅਮਲ ਕਰੋ।

ਇਕ ਟੋਪੀ ਵਾਲਾ ਆਦਮੀ ਬੋਲਿਆ, "ਕੀ ਹੋ ਗਿਆ,

ਜੇ ਇਹ ਉੱਨੀ ਆਦਮੀ ਪਕੜੇ ਗਏ, ਇਨ੍ਹਾਂ ਦੇ ਪਿਛੇ ਕਈ ਹਜ਼ਾਰ ਹਨ।"

ਲਾਗੋਂ ਇਕ ਹੋਰ ਬੋਲਿਆ, "ਤੇ ੧੯ ਕੇਹੜੇ ਪਕੜੇ ਗਏ ਹਨ, ਅਜੇ ਤਾਂ ਘਿਰੇ ਹੀ ਨੇ।"

ਇਕ ਹੋਰ ਬੋਲਿਆ, "ਲੰਟੇਨਕ ਸਾਡੀ ਆਤਮਾ ਹੈ; ਉਸ ਤੋਂ ਬਿਨਾਂ ਸਾਡੇ ਸਰੀਰਾਂ ਦੀ ਕੋਈ ਕੀਮਤ ਨਹੀਂ ਹੈ।"

ਇਕ ਪਾਂਧੀ ਨੇ ਪੁਛਿਆ, "ਲੰਟੇਨਕ ਕੌਣ ਹੈ?"

"ਸਾਡਾ ਜ਼ਿਮੀਦਾਰ।"

ਇਕ ਨੰਗੇ ਸਿਰ ਵਾਲਾ ਬੋਲਿਆ, "ਉਹ, ਜੇਹੜਾ ਇਸਤਰੀਆਂ ਨੂੰ ਤੇ ਕੈਦੀਆਂ ਨੂੰ ਵੀ ਮਾਰ ਦੇਂਦਾ ਹੈ।"

ਫਲੇਸ਼ਾਰਡ ਛੇਤੀ ਨਾਲ ਅਗੇ ਵਧੀ ਤੇ ਆਦਮੀ ਦੇ ਮੋਢੇ ਤੇ ਹਥ ਰਖਕੇ ਬੋਲੀ, "ਮੈਨੂੰ ਵੀ ਉਸਨੇ ਗੋਲੀ ਮਾਰਕੇ ਮਾਰ ਦਿਤਾ ਸੀ।"

ਇਕ ਟੋਪੀ ਵਾਲੇ ਨੇ ਕਿਹਾ, "ਇਹ ਕਬਰ ਵਿਚੋਂ ਉਠਕੇ ਖ਼ਪਣ ਪਾੜਕੇ, ਲੋਕ ਸਭਾ ਅੱਗੇ ਆਪਣੀ ਹਤਿਆ ਸੰਬੰਧੀ ਬਿਆਨ ਦੇਣ ਆਈ ਹੈ।"

ਇਕ ਆਦਮੀ ਕਹਿਣ ਲਗਾ, "ਇਹ ਕੋਈ ਜਾਸੂਸ ਹੈ।" ਲਾਗੋਂ ਇਕ ਹੋਰ ਨੇ ਕਿਹਾ, "ਜਾਸੂਸ ਏਹੋ ਜਿਹਾ ਚੇਹਰਾ ਨਹੀਂ ਬਣਾ ਸਕਦਾ। ਕੇਡਾ ਡਰਾਉਣਾ ਚੇਹਰਾ ਹੈ, ਇਹ ਇਕ ਕੁਚਲੀ ਜਿੰਦੜੀ ਹੈ।"

ਲਾਗਲੀ ਇਸਤਰੀ ਨੇ ਫਲੇਸ਼ਾਰਡ ਨੂੰ ਫਿਰ ਕਿਹਾ, "ਏਥੋਂ ਛੇਤੀ ਤੋਂ ਛੇਤੀ ਚਲੀ ਜਾਹ।"

ਫਲੇਸ਼ਾਰਡ ਨੇ ਤਰਲੇ ਭਰੀ ਅਵਾਜ਼ ਵਿਚ ਕਿਹਾ, "ਭੈਣ, ਮੈਂ ਤੇਰਾ ਕੀ ਵਿਗਾੜਿਆ ਹੈ? ਮੈਂ ਆਪਣੇ ਬੱਚਿਆਂ ਦੀ ਢੂੰਡ ਕਰ ਰਹੀ ਹਾਂ।"

ਇਕ ਆਦਮੀ ਕਹਿਣ ਲੱਗਾ, "ਇਸਦੇ ਬੱਚੇ ਇਸ ਪਾਸ ਕਿਵੇਂ ਆਉਂਦੇ ਹੋਣਗੇ, ਇਸਤੋਂ ਤਾਂ ਸਾਨੂੰ ਵਡਿਆਂ ਵਡਿਆਂ ਨੂੰ ਡਰ ਲਗਦਾ ਹੈ।"

ਲਾਗਲੇ ਆਦਮੀ ਨੇ ਤਾਹਨੇ ਨਾਲ ਕਿਹਾ, "ਬੱਚੂ, ਅਜੇ ਤਕ ਪਿਓ ਨਹੀਂ ਨਾ ਬਣਿਆ। ਕਦੀ ਮਾਵਾਂ ਤੋਂ ਵੀ ਬੱਚੇ ਡਰਦੇ ਹਨ ? ਡੈਣਾਂ ਵੀ ਆਪਣੇ ਬੱਚਿਆਂ ਨੂੰ ਅਸੀਸਾਂ ਦੇਂਦੀਆਂ ਹਨ।"

ਪੇਂਡੂ ਇਸਤਰੀ ਲੋਕਾਂ ਨੂੰ ਸੰਬੋਧਨ ਕਰਕੇ ਬੋਲੀ, "ਇਹ ਵਿਚਾਰੀ ਜਸੂਸ ਨਹੀਂ, ਪਗਲੀ ਹੈ।"

ਇਹ ਕਹਿਕੇ ਪੇਂਡੂ ਇਸਤਰੀ ਨੇ ਫਲੋਸ਼ਾਰਡ ਨੂੰ ਇਕ ਬਿਸਕੁਟ ਦਿੱਤਾ, ਮਾਂ ਨੇ ਇੱਕੋ ਵਾਰੀ ਮੂੰਹ ਵਿਚ ਪਾ ਲਿਆ, ਤੇ ਧੰਨਵਾਦ ਵਜੋਂ ਕੋਈ ਸ਼ਬਦ ਨਾ ਕਿਹਾ । ਲੋਕਾਂ ਨੂੰ ਤਸੱਲੀ ਹੋ ਗਈ ਕਿ ਇਹ ਪਗਲੀ ਹੈ।

ਇਕ ਨੇ ਕਿਹਾ, "ਜਾਨਵਰ ਵਾਂਗ ਮੂੰਹ ਮਾਰਦੀ ਹੈ।"

ਇਕ ਹੋਰ ਕਹਿਣ ਲਗਾ, "ਵੱਡੇ ਵੱਡੇ ਕੰਮਾਂ ਦੀ ਨੀਂਹ ਰਖਣ ਵਾਲੇ ਲੋਕਾਂ ਨੂੰ ਲੋਕ ਪਾਗਲ ਹੀ ਆਖਦੇ ਹਨ । ਲੋਕਾਂ ਨੂੰ ਕਾਫੀ ਤਸੱਲੀ ਹੋ ਜਾਂਦੀ ਹੈ ਜਦੋਂ ਕੋਈ ਕਿਸੇ ਨੂੰ ਪਾਗਲ ਕਹਿ ਦੇਵੇ। ਬਹੁਤੀ ਵਾਰੀ ਕਾਤਲ ਵੀ ਪਾਗਲ ਬਣਕੇ ਫਾਂਸੀ ਤੋਂ ਬਚ ਜਾਂਦੇ ਹਨ।"

ਲੋਕ ਚਲੇ ਗਏ। ਫਲੋਸ਼ਾਰਡ ਨੇ ਕਿਹਾ, "ਭੈਣ, ਮੈਨੂੰ ਹੁਣ ਲਾਲ ਕਿਲੇ ਦਾ ਰਾਹ ਦੱਸ ਦੇ।"

ਟੋਕਰੇ ਵਾਲੀ ਪੇਂਡੂ ਇਸਤ੍ਰੀ ਨੇ ਮਾਂ ਦੀਆਂ ਅੱਖਾਂ ਵੇਖੀਆਂ, ਉਹ ਬੜੀਆਂ ਡਰਾਉਣੀਆਂ ਸਨ ਤੇ ਪ੍ਰਸ਼ਨਾਂ ਨਾਲ ਭਰੀਆਂ ਪਈਆਂ ਸਨ।

"ਪਹਿਲੋਂ ਮੇਰੇ ਘਰ ਵੱਲ, ਕੁਝ ਚਿਰ ਅਰਾਮ ਕਰ, ਫਿਰ ਜਿਥੇ ਜਾਣਾ ਹੋਇਆ, ਚਲੀ ਜਾਵੀਂ।" ਪੇਂਡੂ ਇਸਤ੍ਰੀ ਨੇ ਪਿਆਰ

ਨਾਲ ਕਿਹਾ।

"ਮੈਂ ਅਰਾਮ ਨਹੀਂ ਕੀਤਾ।"

"ਕਦ ਤੋਂ ?"

"ਜਦ ਤੋਂ ਮਾਂ ਬਣੀ ਹਾਂ।"

"ਸੱਚ ?"

"ਪੂਰਾ ਸੱਚ; ਜਦ ਮੈਂ ਸੌਂਦੀ ਹਾਂ, ਬੱਚੇ ਮਾਂ ਮਾਂ ਕਰਕੇ ਅਵਾਜ਼ਾਂ ਮਾਰਦੇ ਹਨ। ਤੂੰ ਦਸ, ਤੂੰ ਵੀ ਇਸਤ੍ਰੀ ਏਂ, ਕੋਈ ਮਾਂ ਬੱਚਿਆਂ ਦੇ ਅਵਾਜ਼ਾਂ ਮਾਰਨ ਵੇਲੇ ਸੌਂ ਸਕਦੀ ਹੈ, ਜਾਂ ਅਰਾਮ ਕਰ ਸਕਦੀ ਹੈ ?"

ਪੇਂਡੂ ਇਸਤ੍ਰੀ ਨੇ ਉਸ ਦੇ ਸੁੱਜੇ ਹੋਏ ਪੈਰ ਵੇਖੇ। ਉਸ ਲਈ ਕਾਫੀ ਸਨ ਇਹ ਸਮਝਣ ਲਈ ਕਿ ਇਸ ਨੇ ਕਦੀ ਅਰਾਮ ਨਹੀਂ ਕੀਤਾ।

ਫਲੇਸ਼ਾਰਡ ਬੋਲੀ, "ਉਨ੍ਹਾਂ ਲੋਕਾਂ ਮੇਰੇ ਬੱਚੇ ਚੁਰਾ ਲਏ ਹਨ। ਇਕ ਨਿੱਕੀ ਕੁੜੀ ਹੈ, ਦੋ ਵੱਡੇ ਮੁੰਡੇ ਹਨ। ਉਹ ਵੱਡੇ ਹੋ ਕੇ ਆਪਣੀ ਮਾਂ ਦਾ ਭਾਰ ਆਪਣੇ ਸਿਰ ਤੇ ਚੁਕ ਲੈਣਗੇ। ਮੈਂ ਉਨ੍ਹਾਂ ਦੀਆਂ ਫਰਾਕਾਂ ਗੱਠੜੀ ਵਿੱਚ ਬੰਨ੍ਹਕੇ ਫਿਰ ਰਹੀ ਹਾਂ। ਉਹ ਗਿਰੀਆਂ ਬੜੇ ਖੁਸ਼ ਹੋਕੇ ਖਾਂਦੇ ਹਨ, ਮੇਰੇ ਪਾਸ ਅਖਰੋਟ ਵੀ ਹਨ। ਮੈਨੂੰ ਇਕ ਵਾਰ ਦੁਵਾਈਆਂ ਵਾਲੀ ਭੈਣ ਮਿਲੀ ਸੀ। ਉਹ ਬੜੀ ਚੰਗੀ ਸੀ, ਉਸ ਨੇ ਮੇਰੇ ਬੱਚੇ ਨੂੰ ਸ਼ੋਰਬਾ ਚਟਾਇਆ ਸੀ, ਮੇਰੇ ਪੈਰਾਂ ਤੇ ਪੱਟੀਆਂ ਬੱਧੀਆਂ ਸਨ। ਤੂੰ ਉਸੇ ਤਰ੍ਹਾਂ ਦੀ ਚੰਗੀ ਭੈਣ ਏਂ, ਤੂੰ ਜ਼ਰੂਰ ਉਸਦੀ ਭੈਣ ਏਂ।

"ਟੇਲੀ ਮਾਰਚ ਵੀ ਬੜਾ ਚੰਗਾ ਹੈ; ਉਹ ਬੁਢਾ ਹੈ, ਉਸਨੇ ਮੈਨੂੰ ਰਾਜੀ ਕੀਤਾ ਹੈ। ਰੇਡੋ ਵੀ ਬੜਾ ਚੰਗਾ ਆਦਮੀ ਹੈ, ਉਸਨੇ ਮੇਰੇ ਬੱਚਿਆਂ ਨੂੰ ਆਪਣੀ ਗੋਦੀ ਵਿਚ ਖਿਡਾਇਆ ਸੀ।

"ਇੱਕ ਵਾਰ ਮੇਰੇ ਕੁਝ ਵੱਜਾ ਸੀ, ਮੇਰਾ ਕੁਝ ਟੁਟ ਗਿਆ

ਸੀ, ਤੇ ਟੈਲੀ ਮਾਰਚ ਨੇ ਰਾਜ਼ੀ ਕੀਤਾ ਸੀ। ਤੂੰ ਭਾਵੇਂ ਇਨ੍ਹਾਂ ਵਿਚੋਂ ਕਿਸੇ ਨੂੰ ਪੁਛ ਲੈ, ਮੇਰੇ ਬੱਚੇ ਬੜੇ ਪਿਆਰੇ ਹਨ। ਹੁਣ ਉਹ ਗੁਵਾਚ ਗਏ ਹਨ, ਪਰ ਮੈਂ ਜ਼ਰੂਰ ਲੱਭ ਲਵਾਂਗੀ।

"ਧਰਤੀ ਵਿਚੋਂ ਖਾਨਾਂ ਲਭ ਲਈਦੀਆਂ ਹਨ, ਆਦਮੀ ਦੇ ਬੱਚਿਆਂ ਨੂੰ ਭਲਾ ਕੌਣ ਲੁਕਾ ਲਏਗਾ ?"

ਫਲੇਸ਼ਾਰਡ ਕਦੀ ਟੈਲੀ ਮਾਰਚ ਦੇ ਵਾਕ ਕਹਿ ਜਾਂਦੀ, ਤੇ ਕਦੀ ਨਰਸ ਦੇ, ਪਰ ਸਮਝਦੀ ਸੀ ਮੈਂ ਆਪ ਹੀ ਕਹਿ ਰਹੀ ਹਾਂ। ਕਿਸੇ ਦੀਆਂ ਪਿਆਰੀਆਂ ਗੱਲਾਂ ਦਿਮਾਗ ਵਿੱਚ ਰਹਿ ਕੇ ਕੁਝ ਚਿਰ ਪਿਛੋਂ ਸਾਡੀਆਂ ਆਪਣੀਆਂ ਬਣ ਜਾਂਦੀਆਂ ਹਨ।

"ਪਹਿਲੇ ਅਸੀਂ ਪੰਜ ਸਾਂ, ਇਕ 'ਉਹ', ਤਿੰਨ ਬੱਚੇ ਤੇ ਪੰਜਵੀਂ ਮੈਂ। ਫਿਰ ਉਹ ਮਰ ਗਏ, ਅਸੀਂ ਚਾਰ ਰਹਿ ਗਏ। ਬੱਚਿਆਂ ਨੂੰ ਬੰਦੂਕਾਂ ਵਾਲੇ ਖੋਹਕੇ ਲੈ ਗਏ। ਹੁਣ ਮੈਂ ਮਾਂ ਹਾਂ, ਪਰ ਬੱਚਿਆਂ ਤੋਂ ਬਿਨਾਂ। ਮੇਰੇ ਬੱਚਿਆਂ ਦੇ ਬੜੇ ਢੁਕਵੇਂ ਨਾਮ ਹਨ— ਜੀਨ, ਲੇਨ ਤੇ ਜੇਂਟ। ਤੂੰ ਲੋਕਾਂ ਨੂੰ ਕਹਿੰਦੀ ਸੈਂ, 'ਇਹ ਪਾਗਲ ਹੈ,' ਪਰ ਮੈਂ ਤੈਨੂੰ ਸੱਚ ਕਹਿੰਦੀ ਹਾਂ, ਮੈਂ ਪਾਗਲ ਨਹੀਂ, ਮਾਂ ਹਾਂ। ਕਿੰਨੇ ਚਿਰ ਤੋਂ ਮੈਨੂੰ ਕਿਸੇ ਨੇ ਮਾਂ ਨਹੀਂ ਕਿਹਾ, ਇਹ ਕੇਡੇ ਦੁਖ ਦੀ ਗਲ ਹੈ ? ਮੈਂ ਝੂਠ ਨਹੀਂ ਬੋਲਦੀ, ਧੋਖਾ ਨਹੀਂ ਕਰਦੀ। ਕੋਈ ਮਾਂ ਧੋਖਾ ਕਰ ਹੀ ਨਹੀਂ ਸਕਦੀ। ਮਾਂ ਦੀਆਂ ਕੀਤੀਆਂ ਬੱਚਿਆਂ ਦੇ ਅਗੇ ਆ ਜਾਂਦੀਆਂ ਹਨ। ਕੇਹੜੀ ਮਾਂ ਹੈ, ਜੋ ਬੱਚਿਆਂ ਦਾ ਅੱਗਾ ਖਰਾਬ ਕਰੇਗੀ ?" ਰੁਕਕੇ ਬੋਲੀ:—

"ਤੇਰਾ ਕੋਈ ਬੱਚਾ ਹੈ ?"

"ਹੈ, ਇਕ ਕੁੜੀ।"

"ਉਹ ਤੈਥੋਂ ਕਦੀ ਵਿਛੜੀ ਹੈ ?"

"ਨਹੀਂ।"

"ਰਬ ਕਰੇ, ਉਹ ਕਦੀ ਨਾ ਵਿਛੜੇ। ਤੂੰ ਮੇਰੇ ਬੱਚੇ

ਮਿਲਾ ਦੇ।"

"ਅਜ ਕਲ ਸਮਾਂ ਬੜਾ ਖਰਾਬ ਹੈ। ਜਿਨ੍ਹਾਂ ਤੇ ਸ਼ੱਕ ਹੋ ਜਾਵੇ, ਉਨ੍ਹਾਂ ਨੂੰ ਸਫਾਈ ਕਰਨ ਦਾ ਸਮਾਂ ਵੀ ਨਹੀਂ ਦਿਤਾ ਜਾਂਦਾ। ਜੇ ਤੂੰ ਚੁਪ ਨਾ ਰਹੀਓਂ ਤੇ ਲਾਲ ਕਿਲੇ ਵਲ ਗਈਓਂ, ਤਾਂ ਯਾਦ ਰਖੀਂ ਤੇਰੇ ਤੇ ਕੋਈ ਨਾ ਕੋਈ ਬਿਪਤਾ ਜ਼ਰੂਰ ਪਏਗੀ।"

"ਮਾਂ ਕੋਲ ਬੱਚੇ ਨਹੀਂ, ਇਸ ਤੋਂ ਵੱਡੀ ਹੋਰ ਬਿਪਤਾ ਕੀ ਹੋ ਸਕਦੀ ਹੈ? ਮੈਨੂੰ ਕਿਸੇ ਬਿਪਤਾ ਦਾ ਡਰ ਨਹੀਂ। ਮਹਾਤਮਾ ਈਸਾ ਤੇ ਪਵਿਤ੍ਰ ਮਾਤਾ ਮੇਰੀ ਦਾ ਵਾਸਤਾ ਈ, ਮੈਨੂੰ ਕਿਲੇ ਦਾ ਰਾਹ ਦੱਸ ਦੇ।"

ਪੇਂਡੂ ਇਸਤਰੀ ਨਰਾਜ਼ ਹੋਕੇ ਬੋਲੀ, "ਤੂੰ ਭਾਵੇਂ ਕਿੰਨੇ ਵਾਸਤੇ ਪਾ, ਮੈਂ ਨਹੀਉਂ ਕਿਲੇ ਦਾ ਰਾਹ ਦਸਣਾ, ਮੈਨੂੰ ਪਤਾ ਹੀ ਨਹੀਂ। ਮੈਂ ਤੈਨੂੰ ਮੌਤ ਦੇ ਮੂੰਹ ਨਹੀਂ ਸੁਟਣਾ ਚਾਹੁੰਦੀ।"

"ਭੋਲੀਏ, ਜਿਥੇ ਮਾਂ ਨੂੰ ਬੱਚੇ ਮਿਲਣੇ ਹਨ, ਉਹ ਮੌਤ ਦਾ ਮੂੰਹ ਕਿਵੇਂ ਹੋਇਆ? ਹਰ ਮਾਂ ਬੱਚੇ ਨੂੰ ਛਾਤੀ ਤੇ ਲਿਟਾਕੇ ਅਰਾਮ ਨਾਲ ਮਰ ਸਕਦੀ ਹੈ। ਬੱਚੇ ਕਿਡੇ ਠੰਢੇ ਹੁੰਦੇ ਹਨ। ਕਿੱਡੇ ਮਿੱਠੇ ਹੁੰਦੇ ਹਨ, ਕਿਡੇ ਸੁਹਣੇ ਹੁੰਦੇ ਹਨ। ਮਾਂ ਦਾ ਸੁਰਗ ਮਾਂ ਦੇ ਬੱਚੇ ਹਨ। ਚੰਗਾ, ਤੇਰੀ ਮਰਜੀ, ਮਾਂ ਨੂੰ ਰਾਹ ਨਾ ਪਾ। ਰਬ ਤੇਰਾ ਭਲਾ ਕਰੇ, ਤੂੰ ਆਪਣੀ ਲੜਕੀ ਤੋਂ ਕਦੀ ਨ ਵਿਛੜੇਂ," ਇਹ ਕਹਿਕੇ ਫਲੇਸ਼ਾਰਡ ਹਵਾ ਵਾਂਗ ਤੁਰ ਪਈ।

ਪੇਂਡੂ ਇਸਤ੍ਰੀ ਛੇਤੀ ਛੇਤੀ ਆਪਣੇ ਘਰ ਪਹੁੰਚੀ। ਪੰਜ ਰੋਟੀਆਂ ਘਰ ਪਈਆਂ ਹੋਈਆਂ ਸਨ, ਉਹ ਲੈਕੇ ਫਲੇਸ਼ਾਰਡ ਦੇ ਪਿਛੇ ਦੌੜੀ। ਅਗੇ ਤਿੰਨ ਬੱਚੇ ਖੇਡਦੇ ਪਏ ਸਨ, ਮਾਂ ਉਨ੍ਹਾਂ ਨੂੰ ਚੁਕ ਚੁਕ ਪਿਆਰ ਕਰਦੀ ਰਹੀ, ਤੇ ਅਖੀਰ ਬੋਲੀ, "ਇਹ ਤਾਂ ਦੋ ਕੁੜੀਆਂ ਹਨ ਤੇ ਇੱਕ ਮੁੰਡਾ।" ਪੇਂਡੂ ਇਸਤ੍ਰੀ ਨੇ ਹਉਕੇ ਲੈ ਰਹੀ ਮਾਂ ਨੂੰ ਪੰਜ ਰੋਟੀਆਂ ਦਿਤੀਆਂ ਤੇ ਬੋਲੀ, "ਇਹ ਨਾਲ

ਲੈ ਜਾ, ਰਸਤੇ ਵਿੱਚ ਜਦੋਂ ਭੁਖ ਲੱਗੀ, ਖਾ ਲਵੀਂ।"

ਫਲੇਸ਼ਾਥਡ ਨੇ ਰੋਟੀਆਂ ਲੈ ਲਈਆਂ। ਬੱਚੇ ਰੋਟੀ ਵਲ ਵੇਖ ਰਹੇ ਸਨ, ਫਲੇਸ਼ਾਰਡ ਨੇ ਇਕ ਇਕ ਰੋਟੀ ਉਨ੍ਹਾਂ ਬੱਚਿਆਂ ਦੇ ਹਥ ਤੇ ਰਖ ਦਿਤੀ ਤੇ ਬੋਲੀ, "ਜੀਉਂਦੇ ਰਹੋ, ਜੁਵਾਨੀਆਂ ਮਾਣੋ, ਮੇਰੇ ਬੱਚਿਆਂ ਦੇ ਹਾਣੀਓਂ।" ਅਧੀ ਰੋਟੀ ਭੰਨਕੇ ਆਪਣੇ ਮੂੰਹ ਵਿਚ ਪਾ ਲਈ। ਦੋ ਕੁ ਵਾਰ ਚਿੱਥਕੇ ਲੰਘਾ ਲਈ; ਦੂਜਾ ਅਧ ਸਾਰਾ ਮੂੰਹ ਵਿੱਚ ਪਾ ਲਿਆ। ਫਲੇਸ਼ਾਰਡ ਨੂੰ ਕੁਝ ਯਾਦ ਆ ਗਿਆ। ਉਸੇ ਵੇਲੇ ਉਸਦਾ ਮੂੰਹ ਖੁਲ੍ਹ ਗਿਆ, ਰੋਟੀ ਦੇ ਟੁਕੜੇ ਧਰਤੀ ਤੇ ਡਿੱਗ ਪਏ, ਮੂੰਹ ਖਾਲੀ ਹੋ ਗਿਆ। ਫਲੇਸ਼ਾਰਡ ਬੋਲੀ, "ਬੱਚੇ ਭੁੱਖੇ ਵਾਜਾਂ ਮਾਰਦੇ ਹਨ, ਤੇ ਮਾਂ ਡੈਣ ਰੋਟੀਆਂ ਖਾ ਰਹੀ ਹੈ।" ਦੋ ਤਿੰਨ ਮੁੱਕੀਆਂ ਉਸ ਨੇ ਆਪਣੇ ਪੇਟ ਵਿਚ ਮਾਰੀਆਂ ਤੇ ਅਗੇ ਨੂੰ ਤੁਰ ਪਈ; ਰੁਕੀ ਤੇ ਤੁਰ ਪਈ; ਅਰ ਜੰਗਲ ਵਿਚ ਗੁੰਮ ਹੋ ਗਈ।

* * * * *

ਇਸੇ ਜੰਗਲ ਵਿਚ ਸੱਪ ਵਾਂਗ ਦੋ ਸੜਕਾਂ ਕਿਲੇ ਵਲ ਨੂੰ ਜਾਂਦੀਆਂ ਸਨ। ਇਕ ਸੜਕ ਦੇ ਮੋੜ ਤੇ ਝਾੜੀਆਂ ਵਿਚ ਕਿਸਾਨ ਲੁਕ ਕੇ ਬੈਠੇ ਹੋਏ ਸਨ। ਕਿਸੇ ਦੇ ਹਥ ਵਿਚ ਬੰਦੂਕ, ਕਿਸੇ ਦੇ ਛੁਰ ਤੇ ਕਿਸੇ ਦੇ ਹਥ ਵਿਚ ਗੰਡਾਸਾ ਸੀ। ਚੰਮ ਦੀਆਂ ਜਾਕਟਾਂ ਉਨ੍ਹਾਂ ਦੇ ਗਲ ਸਨ, ਤੇ ਉਹ ਝਾੜੀਆਂ ਵਿਚ ਛਿਪੇ ਹੋਏ ਸਨ। ਨਿਸ਼ਾਨਾ ਸੜਕ ਤੇ ਲੱਗਾ ਹੋਇਆ ਸੀ। ਘੁਸਰ ਘੁਸਰ ਦੀ ਅਵਾਜ਼ ਆ ਰਹੀ ਸੀ। ਇਕ ਨੇ ਕਿਹਾ, "ਤੈਨੂੰ ਪੂਰਾ ਪੂਰਾ ਪਤਾ ਹੈ ਨਾ?"

"ਪੂਰਾ"

"ਇਸੇ ਸੜਕ ਤੇ ਆਵੇਗੀ?"

'ਹਾਂ, ਉਹ ਆ ਰਹੀ ਹੈ।"

"ਨਿਸ਼ਾਨਾ ਠੀਕ ਕਰ ਲਵੋ, ਬਚ ਕੇ ਨਾ ਲੰਘ ਜਾਵੇ।"

"ਅਸੀਂ ਲੱਕੜਾਂ ਦਾ ਢੇਰ ਇਕੱਠਾ ਕੀਤਾ ਹੋਇਆ ਹੈ, ਉਸ ਤੇ ਰਖ ਕੇ ਸੁਵਾਹ ਦੀ ਢੇਰੀ ਕਰ ਦੇਵਾਂਗੇ।"

"ਉਸ ਦੇ ਨਾਲ ਵਾਲਿਆਂ ਨਾਲ ਕੀ ਕਰਨੀ ਏ?"

"ਸਭ ਨੂੰ ਖਤਮ, ਇਸ ਮੋੜ ਤ ਇਕ ਵਡੀ ਕਬਰ ਬਣੇਗੀ।"

"ਹੁਸ਼ਿਆਰ ਹੋ ਜਾਵੋ, ਆਹ ਆ ਗਈ ਏ।"

ਸਾਰੇ ਚੁਪ ਹੋ ਗਏ। ਇਕ ਗਡੀ ਨੇੜੇ ਆ ਗਈ, ਉਸਦੇ ਅਗੇ ਪਿਛੇ ਘੋੜ ਸੁਵਾਰ ਸਨ, ਤੇ ਗੱਡੀ ਉਤੇ ਕੋਈ ਲੰਮੀ ਜਿਹੀ ਚੀਜ਼ ਸੀ।

ਇਕ ਨੇ ਪੁਛਿਆ, "ਕਿੰਨੇ ਸੁਵਾਰ ਹਨ?"

"ਬਾਰਾਂ ਨੇ।"

ਇਕ ਹੋਰ ਬੋਲਿਆ, "ਮੈਨੂੰ ਤਾਂ ਪਤਾ ਲਗਾ ਸੀ ਵੀਹ ਹਨ।"

ਇਕ ਹੋਰ ਬੋਲਿਆ, "ਸਾਨੂੰ ਗਿਣਤੀ ਨਾਲ ਕੀ ਲੱਗੇ, ਅਸਾਂ ਸਭ ਨੂੰ ਖਤਮ ਕਰਨਾ ਹੈ ਤੇ ਉਸ ਨੂੰ ਸਾੜ ਦੇਣਾ ਹੈ।"

ਗੱਡੀ ਮੋੜ ਤੇ ਆਈ ਤਾਂ ਕਿਸਾਨਾਂ ਨੇ 'ਰਾਜਾ ਦੀ ਜੈ' ਦਾ ਨਾਹਰਾ ਲਾਇਆ ਤੇ ਨਾਲ ਹੀ ਬੰਦੂਕਾਂ ਦੇ ਘੋੜੇ ਦਬਾ ਦਿਤੇ। ਸਤ ਸੁਵਾਰ ਤਾਂ ਧਰਤੀ ਤੇ ਡਿਗ ਪਏ ਤੇ ਬਾਕੀ ਦੇ ਘੋੜੇ ਦੁੜਾਕੇ ਦੌੜ ਗਏ। ਉਨ੍ਹਾਂ ਪਰਤ ਕੇ ਵੇਖਿਆ ਤਕ ਨਹੀਂ।

ਲਕੜੀਆਂ ਦੇ ਢੇਰ ਨੂੰ ਅੱਗ ਲਾ ਦਿਤੀ ਤੇ ਸਰਦਾਰ ਬੋਲਿਆ, "ਗਿਲੋਟੀਨ ਨੂੰ ਇਹ ਨਹੀਂ ਸੀ ਪਤਾ ਕਿ ਲੰਟੇਨਕ ਦੇ ਕਟਣ ਤੋਂ ਪਹਿਲਾਂ ਉਸ ਨੂੰ ਸੜਨਾ ਪਵੇਗਾ।" ਉਸ ਨੇ ਆਪਣਿਆਂ ਸਾਥੀਆਂ ਨੂੰ ਕਿਹਾ, "ਮਸ਼ੀਨ ਨੂੰ ਚੁਕਕੇ ਅੱਗ ਤੇ ਰਖ ਦਿਓ।"

ਕਿਸਾਨਾਂ ਨੇ ਟਾਟ ਚੁਕਕੇ ਵੇਖਿਆ ਤਾਂ ਉਹ ਮਸ਼ੀਨ ਦੀ

ਥਾਂ ਤੇ ਪੌੜੀ ਸੀ। ਉਹ ਬੜੇ ਹੈਰਾਨ ਹੋਏ, ਇਕ ਦੂਜੇ ਦੇ ਮੂੰਹ ਵਲ ਵੇਖਣ ਲਗੇ। ਇਕ ਹੈਰਾਨ ਹੋ ਕੇ ਬੋਲਿਆ, "ਪੁਟਿਆ ਪਹਾੜ ਤੇ ਨਿਕਲਿਆ ਚੂਹਾ।"

ਸਰਦਾਰ ਕਹਿਣ ਲਗਾ, "ਪੌੜੀ ਨੂੰ ਵੀ ਸਾੜ ਦਿਓ, ਇਹ ਵੀ ਗਿਲੋਟੀਨ ਦੀ ਭੈਣ ਹੈ।"

"ਉਹ ਕਿਵੇਂ ?" ਇਕ ਸਾਥੀ ਨੇ ਕਿਹਾ।

"ਉਹ ਇਸ ਤਰ੍ਹਾਂ ਕਿ ਗਾਵੇਨ ਦੇ ਸਿਪਾਹੀ ਪੌੜੀ ਲਾਕੇ ਕਿਲੇ ਤੇ ਚੜ੍ਹ ਜਾਣਗੇ, ਤੇ ਲੰਟੈਨਕ ਨੂੰ ਕਾਬੂ ਕਰ ਲੈਣਗੇ।"

ਪੌੜੀ ਸਾੜ ਦਿਤੀ ਗਈ। ਗਿਲੋਟੀਨ ਵਾਲੀ ਗੱਡੀ, ਸੰਗਲ ਖੜਕਾਂਦੀ, ਵੀਹ ਸੁਵਾਰਾਂ ਨਾਲ ਦੂਜੀ ਸੜਕ ਰਾਹੀਂ ਕਿਲੇ ਦੇ ਲਾਗੇ ਪੁਜਣ ਵਾਲੀ ਸੀ।

*        *        *        *        *

ਫਲੇਸ਼ਾਰਡ ਜੰਗਲੀ ਪਗਡੰਡੀਆਂ ਰਾਹੀਂ ਤੁਰ ਪਈ। ਇਕ ਥਾਂ ਉਸ ਨੇ ਪਾਣੀ ਵੇਖਿਆ ਤੇ ਉਸ ਨੂੰ ਯਾਦ ਆਇਆ, ਜੋ ਉਸ ਨੂੰ ਪਿਆਸ ਲਗੀ ਹੈ। ਚਿੜੀਆਂ ਡਰ ਡਰਕੇ, ਆਲ੍ਹਣੇ ਛਡਕੇ, ਉਡ ਰਹੀਆਂ ਸਨ। ਫਲੇਸ਼ਾਰਡ ਰੁਕ ਗਈ ਤੇ ਬੋਲੀ, "ਆਂਡੇ ਤੇ ਬੋਟ ਛਡਕੇ ਨਾ ਉੱਡੋ, ਮਾਂਵੋਂ; ਮੈਂ ਸ਼ਿਕਾਰਨ ਨਹੀਂ, ਮੈਂ ਮਾਂ ਹਾਂ।"

ਇਕ ਚਿੜੀ ਝਾੜੀ ਦੇ ਦੂਜੇ ਪਾਸੇ ਦੀ ਹੋਕੇ ਆਲ੍ਹਣੇ ਤੇ ਆਣ ਬੈਠੀ। ਫਲੇਸ਼ਾਰਡ ਨੂੰ ਯਕੀਨ ਹੋ ਗਿਆ ਕਿ ਮੇਰੇ ਕਹਿਣ ਦਾ ਹੀ ਅਸਰ ਹੈ।

ਇਕ ਵਾਰ ਉਹ ਭੁੱਲ ਗਈ, ਉਸ ਨੇ ਜ਼ੋਰ ਦੀ ਅਵਾਜ਼ਾਂ ਮਾਰੀਆਂ, "ਬੇਟਾ ਜੀਨ, ਪੁਤ੍ਰ ਲੇਨ, ਲਾਲ ਜੇਂਟ।" ਪਹਾੜਾਂ ਨੇ ਤਿੰਨਾਂ ਅਵਾਜ਼ਾਂ ਦਾ ਉੱਤਰ ਦਿਤਾ। ਮਾਂ ਬੋਲੀ, "ਮਨੁਖ

ਨਾਲੋਂ ਜੰਗਲ ਤੇ ਪਹਾੜ ਹੀ ਚੰਗੇ ਹਨ, ਜਿਹੜੇ ਮੈਨੂੰ ਉੱਤਰ ਤਾਂ ਦੇ ਦੇਂਦੇ ਹਨ।"

ਫਲੇਸ਼ਾਰਡ ਥੱਕੀ ਟੁੱਟੀ ਹੋਈ ਇਕ ਟਿੱਲੇ ਤੇ ਚੜ੍ਹ ਗਈ। ਉਸ ਦੀਆਂ ਡੂੰਘੀਆਂ ਨਜ਼ਰਾਂ ਨੇ ਉਚੀਆਂ ਉਚੀਆਂ ਕੰਧਾਂ ਵੇਖੀਆਂ, ਤੇ ਉਨ੍ਹਾਂ ਉਤੇ ਸੂਰਜ ਦੀਆਂ ਅੰਤਮ ਕਿਰਨਾਂ। ਫਲੇਸ਼ਾਰਡ ਦੇ ਮੂੰਹੋਂ ਆਪੇ ਨਿਕਲ ਗਿਆ, "ਹੱਤਿਆਰੇ ਰਾਜਾਂ ਦੇ ਹੱਥ ਟੁਟ ਜਾਣ, ਜਿਹੜੇ ਉਚੀਆਂ ਕੰਧਾਂ ਬਣਾਕੇ ਮਾਂਵਾਂ ਦੇ ਪੁਤ੍ਰ ਬੰਦ ਕਰ ਦੇਂਦੇ ਹਨ।"

ਸ਼ਾਮ ਦਾ ਅੰਧੇਰਾ ਡਰ ਵਾਂਗ ਫੈਲ ਗਿਆ; ਮਾਂ ਦੇ ਦਿਲ ਵਿਚ ਅੱਗੇ ਹੀ ਅੰਧੇਰਾ ਸੀ।

# ਧੂੰਆਂ

ਲੰਟੈਨਕ ਕਿਲੇ ਵਿਚ ਬੰਦ ਸੀ। ਸਿਮੋਰਡੇਨ ਨੇ ਉਸਦਾ ਸਿਰ ਕੱਟਣ ਨੂੰ ਸਾਰਿਆਂ ਤੋਂ ਚੋਰੀ ਗਿਲੋਟੀਨ ਮੰਗਵਾ ਭੇਜੀ ਸੀ। ਜਿਥੇ ਲੰਟੈਨਕ ਜੰਮਿਆ, ਪਲਿਆ, ਖੇਲਿਆ, ਉਸੇ ਥਾਂ ਉਸਦਾ ਸਿਰ ਕੱਟ ਕੇ ਵੀ ਖਾਸ ਅਨੰਦ ਆਵੇਗਾ। ਸਿਮੋਰਡੇਨ ਦਿਲ ਵਿਚ ਗੁਣ-ਗੁਣਾਂਦਾ ਸੀ, ਲੰਟੈਨਕ ਦੇ ਮਰਨ ਨਾਲ ਵੇਂਨੀ ਦਾ ਜੰਗ ਖਤਮ ਹੋ ਜਾਵੇਗਾ, ਜਦੋਂ ਲੰਟੈਨਕ ਖਫਣ ਵਿਚ ਵਲੇਟਿਆ ਗਿਆ, ਲੋਕ-ਰਾਜ ਦਾ ਝੰਡਾ ਅਕਾਸ਼ ਵਿਚ ਝੂਲੇਗਾ, ਫਿਰ ਕਿਸੇ ਨੂੰ ਹੌਂਸਲਾ ਨਹੀਂ ਪਵੇਗਾ ਜੋ ਕੈਰੀ ਅੱਖ ਨਾਲ ਲੁਕ ਕੇ ਵੀ ਝੰਡੇ ਨੂੰ ਵੇਖੇ। ਸਿਮੋਰ ਖੁਸ਼ੀ ਨਾਲ ਨੱਚਣ ਲੱਗਦਾ। ਜਦੋਂ ਖਿਆਲਾਂ ਵਿਚ ਲੰਟੈਨਕ ਨੂੰ ਗਿਲੋਟੀਨ ਹੇਠਾਂ ਕਰਦਾ, ਤਾਂ ਉਸ ਦੇ ਮੂੰਹੋਂ ਉੱਚੀ ਨਿਕਲ ਜਾਂਦਾ–"ਪੂਰੇ ਜ਼ੋਰ ਨਾਲ।" ਉਸ ਤੋਂ ਪਿਛੋਂ ਉਹ "ਕੜੱਕ" ਦੀ ਅਵਾਜ਼ ਸੁਣਦਾ ਤੇ ਅੱਖਾਂ ਨਾਲ ਲਹੂ ਦਾ ਰੋੜ੍ਹ ਵੇਖ ਕੇ ਬੜਾ ਹੀ ਖੁਸ਼ ਹੁੰਦਾ।

ਸਿਮੋਰਡੇਨ ਕਈ ਵਾਰ ਏਸੇ ਖੂਨੀ ਪਗਡੰਡੀ ਦੇ ਦੂਜੇ ਪਾਸੇ ਵੇਖਣ ਲਗ ਪੈਂਦਾ। ਉਸ ਪਾਸੇ ਉਸ ਨੂੰ ਗਾਵੇਨ ਦਿਸਦਾ ਸੀ। ਉਹ ਗਾਵੇਨ ਸੰਬੰਧੀ ਕਈ ਵਾਰੀ ਸੋਚਦਾ–"ਹਰ ਵੇਲੇ ਗਾਵੇਨ ਨੂੰ ਅਗੇ ਹੋਕੇ ਲੜਨਾ ਪੈਂਦਾ ਹੈ। ਲੜਾਈ ਵਿਚ ਚਾਰ ਚੁਫੇਰੇ ਗੋਲੀਆਂ ਤੇ ਤਲਵਾਰਾਂ ਦਾ ਮੀਂਹ ਪੈਂਦਾ ਹੈ। ਜੇ ਕੋਈ ਮੌਤ ਦੀ ਕਣੀ ਗਾਵੇਨ ਤੇ

ਡਿੱਗ ਪਈ, ਫਿਰ ਮੈਂ ਕਿਵੇਂ ਜੀਊਂਦਾ ਰਹਿ ਸਕਾਂਗਾ ? ਉਸ ਦੇ ਹਥ ਜੁੜ ਜਾਂਦੇ, ਬੁਲ੍ਹ ਫੁਰਕਦੇ ਤੇ ਉਹ ਰੱਬ ਅਗੇ ਅਰਦਾਸ ਕਰਦਾ: 'ਹੇ ਈਸ਼੍ਵਰ ! ਮੈਂ ਕਦੀ ਕੁਝ ਮੰਗਿਆ ਨਹੀਂ। ਦੁਨੀਆਂ ਵਿਚ ਮੇਰਾ ਹੈ ਈ ਕੁਝ ਨਹੀਂ, ਮੈਂ ਕਿਸ ਲਈ ਮੰਗਣਾ ਸੀ ? ਪਰ ਗਾਵੇਨ ਦੇਵਤੇ ਦੀ ਤਰ੍ਹਾਂ ਮੇਰੇ ਦਿਲ ਵਿਚ ਪੂਜ ਬਣਕੇ ਬੈਠਾ ਹੈ। ਮੈਂ ਆਪਣੀਆਂ ਅੱਖਾਂ ਨਾਲ...ਨਾ...ਵੇਖਾਂ।'

ਲੰਟੈਨਕ ਵੀ ਇਸੇ ਖਾਨਦਾਨ ਦਾ ਵੱਡਾ ਗਾਵੇਨ ਸੀ, ਪਰ ਸਿਮੋਰਡੇਨ ਉਸਨੂੰ ਮਲੀਆਮੇਟ ਕਰਨਾ ਚਾਹੁੰਦਾ ਸੀ ਤੇ ਨਿੱਕੇ ਗਾਵੇਨ ਨੂੰ ਆਪਣੀ ਜ਼ਿੰਦਗੀ ਵਾਰ ਕੇ ਵੀ ਲੰਮੀ ਉਮਰ ਦੇਣੀ ਚਾਹੁੰਦਾ ਸੀ।

"ਪੌੜੀ ਅਜੇ ਤੱਕ ਆਈ ਨਹੀਂ ?" ਗਾਵੇਨ ਨੇ ਗੂਸ਼ੇਪ ਨੂੰ ਪੁਛਿਆ।

"ਆ ਰਹੀ ਹੈ।"

"ਕਿੱਥੇ ?"

"ਆਹ ਲੌ ਦੂਰਬੀਨ, ਤੇ ਉਪਰਲੀ ਸੜਕ ਵਲ ਵੇਖੋ", ਕਹਿਕੇ ਦੂਰਬੀਨ ਗਾਵੇਨ ਦੇ ਹਥ ਫੜਾ ਦਿੱਤੀ।

ਅੱਖਾਂ ਤੇ ਲਾਕੇ ਗਾਵੇਨ ਬੋਲਿਆ, "ਕਿੰਨੇ ਆਦਮੀ ਭੇਜੇ ਸਨ ?"

"ਬਾਰਾਂ ਸੁਵਾਰ ਸਨ।"

"ਇਹ ਤਾਂ ਬਹੁਤੇ ਹਨ ?"

"ਹੈਂ ! ਹੋ ਸਕਦਾ ਹੈ।"

"ਚੱਲੋ, ਅਸੀਂ ਕੰਮ ਕਰੀਏ, ਆਪੇ ਸਮੇਂ ਸਿਰ ਪੌੜੀ ਆ ਜਾਵੇਗੀ," ਗਾਵੇਨ ਨੇ ਦੂਰਬੀਨ ਅੱਖਾਂ ਤੋਂ ਹਟਾਂਦਿਆਂ ਕਿਹਾ।

ਏਨੇ ਚਿਰ ਨੂੰ ਰੇਡੋ ਲਾਗੇ ਆਇਆ ਤੇ ਫੌਜੀ ਸਲਾਮ ਕੀਤੀ। ਗਾਵੇਨ ਨੇ ਕਿਹਾ, "ਕੀ ਚਾਹੀਦਾ ਹੈ ?"

"ਸ਼ਹੀਦੀ," ਕਹਿਕੇ ਰੇਡੋ ਨੇ ਕਿਹਾ, "ਅਸੀਂ ਥੋੜੇ ਆਦਮੀ ਹਾਂ, ਕੇਵਲ ਬਾਰਾਂ।"

"ਮੈਂ ਜਾਣਦਾ ਹਾਂ," ਕਹਿਕੇ ਗਾਵੇਨ ਨੇ ਕਿਹਾ, "ਡੋਲ ਦੀ ਲੜਾਈ ਇਨ੍ਹਾਂ ਬਾਰਾਂ ਆਦਮੀਆਂ ਨੇ ਜਿੱਤੀ ਸੀ, ਪਰ ਮੈਂ ਅਗੇ ਲੜਨ ਦੀ ਆਗਿਆ ਨਹੀਂ ਦੇਵਾਂਗਾ।"

"ਕੀ ਸਾਡਾ ਹੱਕ ਨਹੀਂ ?"

"ਤੁਹਾਡਾ ਹੱਕ ਮੇਰੇ ਨਾਲੋਂ ਵੀ ਬਹੁਤਾ ਹੈ, ਪਰ ਮੈਂ ਤੁਹਾਨੂੰ ਪਿੱਛੇ ਰਖਣਾ ਚਾਹੁੰਦਾ ਹਾਂ।"

"ਜਿਨ੍ਹਾਂ ਦੇ ਬੱਚੇ ਬੰਦ ਹੋਣ, ਉਹ ਕਿਵੇਂ ਪਿਛੇ ਰਹਿ ਸਕਦੇ ਹਨ ?" ਰੇਡੋ ਨੇ ਕਿਹਾ, "ਅਸੀਂ ਹੁਕਮ ਮੰਨਾਂਗੇ, ਪਰ ਸਾਡੇ ਕਦਮ ਆਪੇ ਸਾਨੂੰ ਅਗੇ ਲੈ ਗਏ ਤਾਂ...... ਮੈਂ ਅਗੇ ਆਪਣੇ ਬੱਚਿਆਂ ਨੂੰ, ਬੀਰਾਂ ਦੀ ਫੌਜ ਦੇ ਬੱਚਿਆਂ ਨੂੰ ਵੇਖ ਆਇਆ ਹਾਂ। ਮੈਂ ਛਿਪਕੇ ਕਿਲੇ ਦੀ ਬਾਰੀ ਵਿਚ ਦੀ ਉਨ੍ਹਾਂ ਨੂੰ ਵੇਖਿਆ। ਬੱਚੇ ਮੈਨੂੰ ਵੇਖਕੇ ਡਰ ਗਏ, ਤੇ ਕਿੰਨਾਂ ਚਿਰ ਲੇਟੇ ਰਹੇ। ਮੇਰਾ ਦਿਲ ਨਹੀਂ ਸੀ ਕਰਦਾ, ਪਿਛੇ ਔਣ ਨੂੰ, ਪਰ ਜਿੰਨਾਂ ਚਿਰ ਵੀ ਮੈਂ ਉਥੇ ਖੜਾ ਰਹਿੰਦਾ, ਬੱਚੇ ਸਹਿਮੇ ਰਹਿੰਦੇ, ਇਸ ਕਰਕੇ ਮੈਂ ਪਿਛੇ ਹਟ ਆਇਆ ਸੀ। ਬੱਚੇ ਕੀ ਜਾਣਨ, ਕਿ ਜਿਸ ਤੋਂ ਉਹ ਡਰਦੇ ਹਨ, ਉਸਦੀ ਤਲਵਾਰ, ਬੰਦੂਕ ਤੇ ਹਰ ਇਕ ਅੰਗ ਉਨ੍ਹਾਂ ਦੀ ਰੱਖਿਆ ਲਈ ਹੈ। ਅਸੀਂ ਬਾਰਾਂ ਦੇ ਬਾਰਾਂ ਆਦਮੀ ਜਾਂ ਮਰ ਮਿਟਾਂਗੇ ਜਾਂ ਬੱਚੇ ਛੁਡਾਵਾਂਗੇ, ਸਾਡੇ ਇਹੋ ਦੋ ਰਸਤੇ ਹਨ।"

"ਜਿਥੇ ਤੁਹਾਡਾ ਦਿਲ ਕਰੇ ਰਹੋ," ਗਾਵੇਨ ਨੇ ਕਿਹਾ।

ਰੇਡੋ ਸਲਾਮ ਕਰਕੇ ਚਲਿਆ ਗਿਆ।

*        *        *        *

ਸਿਮੋਰਡੇਨ ਨੇ ਬਿਗਲ ਵਜਾਇਆ, ਕਿਲੇ ਵੱਲੋਂ ਵੀ ਬਿਗਲ

ਨਾਲ ਉੱਤਰ ਦਿੱਤਾ ਗਿਆ। ਸਿਮੋਰਡੇਨ ਚਿੱਟਾ ਰੁਮਾਲ ਹਿਲਾ ਕੇ ਕਹਿਣ ਲੱਗਾ, "ਕੀ ਤੁਸੀਂ ਮੈਨੂੰ ਜਾਣਦੇ ਹੋ ?"

ਇਮਾਨਸ ਕੰਧ ਤੇ ਚੜ੍ਹਕੇ ਕਹਿਣ ਲੱਗਾ, "ਚੰਗੀ ਤਰ੍ਹਾਂ, ਜਿਵੇਂ ਕਸਾਈ ਬਕਰੇ ਨੂੰ।"

"ਮੈਂ ਲੋਕ ਰਾਜ ਦਾ ਦੂਤ ਹਾਂ।"

"ਤੂੰ ਪਾਦਰੀ ਏਂ।"

"ਮੈਂ ਕਾਨੂੰਨ ਦਾ ਆਗੂ ਹਾਂ ਤੇ ਇਨਕਲਾਬੀ ਹਾਂ।"

"ਤੂੰ ਪਤਤ ਤੇ ਧਰਮ ਦ੍ਰੋਹੀ ਏਂ।"

"ਮੈਂ ਸਿਮੋਰਡੇਨ ਹਾਂ।"

"ਤੂੰ ਸ਼ੈਤਾਨ ਏਂ।"

"ਕਾਸ਼, ਤੁਸੀਂ ਮੈਨੂੰ ਠੀਕ ਜਾਣਦੇ ਹੁੰਦੇ।"

"ਅਸੀਂ ਤੈਨੂੰ ਠੀਕ ਜਾਣਨ ਪਿੱਛੋਂ ਘ੍ਰਿਣਾ ਕਰਦੇ ਹਾਂ।"

"ਜੇ ਮੈਂ ਤੁਹਾਡੇ ਹਥਾਂ ਵਿਚ ਆ ਜਾਵਾਂ ਤਾਂ ਕੀ ਤੁਸੀਂ ਖੁਸ਼ ਹੋ ਜਾਉਗੇ ?"

"ਤੈਨੂੰ ਮਾਰ ਸਕੀਏ, ਤਾਂ ਜੀਵਨ ਸਫਲਾ ਹੋ ਜਾਵੇ।"

"ਲੈ, ਮੈਂ ਹਥਿਆਰ ਸੁਟਦਾ ਹਾਂ।"

"ਸ਼ਾਬਾਸ਼ੇ ! ਅਗੇ ਵਧੋ ਆਓ।"

"ਪਰ ਇਕ ਸ਼ਰਤ ਹੈ।"

"ਉਹ ਕੀ ?"

"ਸੁਣੋ"

"ਬਕੋ"

"ਤੁਸੀਂ ਮੈਥੋਂ ਘ੍ਰਿਣਾ ਕਰਦੇ ਹੋ ?"

"ਹਾਂ"

"ਪਰ ਮੈਂ ਤੁਹਾਡੇ ਨਾਲ ਪਿਆਰ ਕਰਦਾ ਹਾਂ, ਤੇ ਤੁਸੀਂ ਮੇਰੇ ਭਰਾ ਹੋ।"

"ਅਸੀਂ ਤੇਰੇ ਜਹੇ ਨਿਮਕ ਹਰਾਮ ਦੇ ਭਰਾ ਨਹੀਂ ਬਣ ਸਕਦੇ।"

"ਤੁਸੀਂ ਮੇਰਾ ਅਪਮਾਨ ਕਰ ਸਕਦੇ ਹੋ, ਕਾਰਣ ? ਤੁਹਾਨੂੰ ਪਤਾ ਨਹੀਂ, ਜੋ ਇਹ ਬੁਰੀ ਚੀਜ਼ ਹੈ, ਤੇ ਇਹ ਉਸ ਵੇਲੇ ਆਦਮੀ ਕਰਦਾ ਹੈ, ਜਦੋਂ ਸਰੀਰ ਮਨੁਖ ਦਾ ਹੁੰਦਾ ਹੈ, ਪਰ ਉਸ ਦੇ ਵਿਚ ਕੁੱਤਾ ਹੁੰਦਾ ਹੈ।ਤੁਸੀਂ ਅੰਧੇਰੇ ਵਿਚ ਹੋ,ਮੈਂ ਚਾਨਣ ਵਿਚ ਹਾਂ।ਤੁਸੀਂ ਮੈਨੂੰ ਭਰਾ ਬਣਾ ਨਹੀਂ ਸਕਦੇ, ਪਰ ਮੈਂ ਭਰਾ ਆਖੇ ਬਿਨਾ ਰਹਿ ਨਹੀਂ ਸਕਦਾ। ਤੁਹਾਡੀ ਤੇ ਮੇਰੀ ਮਾਂ–ਧਰਤੀ ਮਾਤਾ–ਇਕ ਹੈ। ਇਹ ਸਭ ਕੁਝ ਮਿਟ ਜਾਵੇਗਾ। ਸਮਾਂ ਆਵੇਗਾ, ਏਥੇ ਮਰਨ ਵਾਲਿਆਂ ਦੇ ਬੱਚੇ ਗੱਡੀਆਂ ਤੇ ਮੋਟਰਾਂ ਵਿਚ ਸਫ਼ਰ ਕਰਨਗੇ; ਇਕ ਦੂਜੇ ਨਾਲ ਗੱਲਾਂ ਹੋਣਗੀਆਂ, ਇਕ ਦੂਜੇ ਨੂੰ ਮਿਲਕੇ ਆਖਣਗੇ, 'ਤੁਹਾਨੂੰ ਮਿਲਕੇ ਬੜੀ ਖੁਸ਼ੀ ਹੋਈ'; ਇਕ ਦੂਜੇ ਨਾਲ ਸਾਕਾਂ ਦੀਆਂ ਗੰਢਾਂ ਪੈਣਗੀਆਂ। ਹੋਰ ਪਿੱਛੋਂ, ਹੋਰ ਪਿੱਛੋਂ ਬੰਦੇ ਔਣਗੇ,ਜੇਹੜੇ ਕਿਲੇ ਵੇਖਕੇ ਨਫਰਤ ਕਰਨਗੇ ਤੇ ਕਹਿਣਗੇ:'ਲੜਨ ਵਾਲੇ ਨਹੀਂ ਜਾਣਦੇ,ਜੋ ਥੋੜਾ ਜਿਹਾ ਹੋਰ ਰੁਕਣ ਨਾਲ ਹਰ ਭੁਲੜ ਆਪਣੀ ਭੁਲ ਮੰਨ ਲੈਂਦਾ ਹੈ।' ਲੜਨ ਵੇਲੇ ਲੋਕ ਅਪਣੀਆਂ ਭੁਲਾਂ ਤੇ ਮਾਣ ਕਰਦੇ ਹਨ। ਮੇਰਾ ਸਿਰ ਤੁਹਾਡੇ ਸਾਹਮਣੇ ਹੈ, ਇਸ ਨੂੰ ਕੱਟ ਲਉ ਤੇ ਅਪਣੀ ਰੱਖਿਆ ਕਰੋ।

"ਮੈਂ ਜੋ ਕੁਝ ਕਹਾਂ, ਉਹੋ ਕੁਝ ਕਰ ਵੀ ਸਕਦਾ ਹਾਂ। ਮੈਨੂੰ ਲੋਕ ਰਾਜ ਵਲੋਂ ਖੁਲੇ ਅਧਿਕਾਰ ਮਿਲੇ ਹੋਏ ਹਨ। ਮੇਰਾ ਸਰੀਰ ਲੋਕਰਾਜ ਦਾ ਹੈ, ਪਰ ਮੇਰੀ ਆਤਮਾ ਪਾਦਰੀ ਦੀ ਹੈ। ਪ੍ਰਾਰਥਨਾ ਮੇਰੇ ਜੀਵਨ ਦਾ ਇਕ ਜ਼ਰੂਰੀ ਭਾਗ ਹੈ ਤੇ ਉਹ ਪ੍ਰਾਰਥਨਾ ਵੈਰੀ ਮਿਤ੍ਰ ਦੋਹਾਂ ਲਈ ਹੈ। ਤੁਹਾਡੇ ਬੱਚੇ ਅਨਾਥ ਹੋ ਜਾਣਗੇ ਤੇ ਤੁਹਾਡੀਆਂ ਇਸਤ੍ਰੀਆਂ ਵਿਧਵਾ ਤੇ............"

ਇਮਾਨਸ ਵਿੱਚੋਂ ਬੋਲਿਆ, "ਉਪਦੇਸ਼ਕ ਸਾਹਿਬ, ਇਹ ਗਿਰਜੇ ਦੀ ਸਟੇਜ ਨਹੀਂ, ਇਹ ਰਣਭੂਮੀ ਹੈ; ਏਥੇ ਜ਼ੁਬਾਨ ਨਾਲ ਨਹੀਂ, ਸਗੋਂ ਤਲਵਾਰਾਂ ਤੇ ਬੰਦੂਕਾਂ ਦੇ ਖੜਾਕ ਦੀ ਬੋਲੀ ਨਾਲ ਗਲਾਂ

ਹੁੰਦੀਆਂ ਹਨ ਤੇ ਇਨ੍ਹਾਂ ਦੇ ਹੀ ਕੁਝ ਅਰਥ ਹੁੰਦੇ ਹਨ।"

"ਮੈਂ ਚਹੁੰਦਾ ਹਾਂ, ਕੇਵਲ ਦੋ ਆਦਮੀ ਮਾਰ ਦਿਓ, ਬਾਕੀ ਸਭ ਬਚੇ ਰਹਿਣ।" ਸਿਮੋਰ ਨੇ ਤਰਲੇ ਨਾਲ ਕਿਹਾ।

"ਕੇਹੜੇ ਦੋ?" ਇਮਾਨਸ ਨੇ ਪੁਛਿਆ।

"ਮੈਂ ਤੇ ਲੰਟੇਨਕ।"

"ਜੇ ਤੂੰ ਸਾਡੇ ਹਥ ਵਿਚ ਆ ਜਾਵੇਂ, ਮੈਂ ਦੀਵੇ ਦੀ ਲਾਟ ਤੇ ਰੱਖਕੇ ਸਾੜਾਂ ਤੇ ਖ਼ੂਬ ਹਸਾਂ।"

"ਮੈਨੂੰ ਮਨਜ਼ੂਰ ਹੈ,ਤੁਸੀਂ ਲੰਟੇਨਕ ਮੇਰੀ ਫੌਜ ਨੂੰ ਦੇ ਦਿਓ।"

"ਤੂੰ ਪਾਗਲ ਏਂ, ਪਾਦਰੀ ਹੋਕੇ ਆਪਣੀ ਕੀਮਤ ਕਿੰਨੀ ਬਹੁਤੀ ਸਮਝਦਾ ਏਂ। ਤੇਰੀ ਖੱਲ ਦੀ ਕੀਮਤ ਇਕ ਢਿੱਛ ਨਾਲੋਂ ਬਹੁਤੀ ਨਹੀਂ !"

"ਇਹ ਸੌਦਾ ਬੜਾ ਸਸਤਾ ਜੇ।"

"ਹਛਾ, ਤੂੰ ਹੁਣ ਬੜੀ ਤਰੱਕੀ ਕਰ ਲਈ ਏ? ਅਸੀਂ ਸਮ-ਝਦੇ ਸਾਂ ਤੂੰ ਕੇਵਲ ਪਾਦਰੀ ਏਂ। ਅਜ ਪਤਾ ਲਗਾ ਤੂੰ ਬਣੀਆਵੀ ਹੈਂ।"

"ਕੀ ਮਨਜ਼ੂਰ ਕਰੋਗੇ?"

"ਕੇਵਲ ਤੇਰਾ ਸਿਰ ਲੈਣਾ।"

"ਤੇ ਲੰਟੇਨਕ ਦਾ ਸਿਰ ਦੇਣਾ ਵੀ।"

"ਉਸ ਤੇ ਤਾਜ ਰਖਿਆ ਜਾਵੇਗਾ।"

"ਉਸ ਤੇ ਭਾਰ ਰੱਖਿਆ ਜਾਵੇਗਾ, ਇਸਤ੍ਰੀਆਂ ਨੂੰ ਵਿਧਵਾ ਕਰਾਉਣ ਦਾ ਤੇ ਬੱਚਿਆਂ ਨੂੰ ਯਤੀਮ ਕਰਨ ਦਾ।"

ਗਾਵੇਨ ਲਾਗੇ ਖੜੋਤਾ ਤੜਫ ਰਿਹਾ ਸੀ, ਉਹ ਮੂੰਹੋਂ ਵੀ ਬੋਲ ਨ ਸੱਕਿਆ।

# ਪ੍ਰਾਣਾਂ ਦੀ ਬਾਜੀ

ਤੋਪਾਂ ਨੇ ਕਿਲੇ ਦੀ ਕੰਧ ਵਿਚ ਇਕ ਰਾਹ ਕਰ ਦਿੱਤਾ। ਸਿਪਾਹੀ ਇਸ ਨੂੰ ਜਿੱਤ ਦਾ ਰਾਹ ਸਮਝਣ ਲਗੇ, ਪਰ ਇਹ ਮੌਤ ਦਾ ਦਰਵਾਜ਼ਾ ਸੀ। ਲਾਸ਼ਾਂ ਤੇ ਲਾਸ਼ਾਂ ਚੜ੍ਹਦੀਆਂ ਗਈਆਂ, ਤੇ ਜਿਤ ਲਈ ਪੌੜੀਆਂ ਬਣਦੀਆਂ ਗਈਆਂ। ਅਖੀਰ ਇਨ੍ਹਾਂ ਪੌੜੀਆਂ ਦੇ ਸਿਰੇ ਦਰਾਰ ਤੇ ਜਾ ਲਗੇ। ਫੌਜੀਆਂ ਦੇ ਕਦਮ ਅਨੋਖੀ ਧਰਤੀ ਤੇ ਟਿਕਦੇ ਗਏ ਤੇ ਉਹ ਪੌੜੀਆਂ ਚੜ੍ਹਦੇ ਗਏ।

ਅੰਧੇਰੇ ਵਿਚ ਕਿਸੇ ਨੂੰ ਕੁਝ ਵੀ ਦਿਸਦਾ ਨਹੀਂ ਸੀ, ਤੇ ਕਿਸੇ ਹੱਦ ਤੱਕ ਇਹ ਚੰਗਾ ਸੀ। ਸਿਪਾਹੀ ਅਗੇ ਵਧ ਰਹੇ ਸਨ, ਤੇ ਮਨੁਖੀ ਤਾਰੇ ਠਾਹ ਠਾਹ ਕਰਕੇ ਟੁਟ ਰਹੇ ਸਨ। ਇਕ ਅੰਧੇਰਾ, ਦੂਜਾ ਬਰੂਦ ਦਾ ਧੂੰਆਂ, ਅਖਾਂ ਲਾਲ ਤੇ ਨੱਕ ਸੁੰਗੜੇ ਹੋਏ ਸਨ। ਅੰਧੇਰੇ ਵਿਚ ਗੂੜ੍ਹੀ ਨੀਂਦਰ ਪੈਂਦੀ ਹੈ, ਪਰ ਜੇ ਨਾਲ ਬਰੂਦ ਦਾ ਵੀ ਗਾੜ੍ਹਾ ਧੂੰਆਂ ਹੋਵੇ ਤਾਂ ਆਦਮੀ ਐਸਾ ਸੌਂਦਾ ਹੈ, ਜੋ ਉਸ ਨੂੰ ਕੋਈ ਚੜ੍ਹਦਾ ਸੂਰਜ, ਸੁਹਲ ਕਲਾਈ ਤੇ ਤ੍ਰੇਲ ਦੇ ਕਤਰੇ ਜਗਾ ਈ ਨਹੀਂ ਸਕਦੇ।

ਕਈ ਐਸੀਆਂ ਸਚਿਆਈਆਂ ਹਨ, ਜੇਹੜੀਆਂ ਅਸੀਂ ਅਨੁਭਵ ਨਹੀਂ ਕਰ ਸਕਦੇ। ਉਨ੍ਹਾਂ ਵਿਚੋਂ ਇਕ ਇਹ ਹੈ ਕਿ ਜਿੰਨਾਂ ਚਿਰ ਅਸੀਂ ਜੀਉਣਾ ਹੈ, ਕੋਈ ਮਾਰ ਨਹੀਂ ਸਕਦਾ, ਤੇ ਜਦੋਂ ਮਰ ਜਾਣਾ ਹੈ, ਕੋਈ ਬਚਾ ਨਹੀਂ ਸਕੇਗਾ। ਏਸੇ

ਸਚਿਆਈ ਦਾ ਪੱਲਾ ਫੜਕੇ ਫੌਜੀ ਜੰਗ ਵਿਚ ਜਾਂਦੇ ਹਨ। ਜਿੱਤਾਂ ਜਿੱਤਦੇ ਹਨ, ਮੁਲਕਾਂ ਦੀ ਕਿਸਮਤ ਬਦਲਦੇ ਹਨ। ਕੀ ਇਸ ਮੌਤ ਦੇ ਲਾਗੇ ਬੈਠੇ ਸਚ ਤੇ ਕੋਈ ਸ਼ਕ ਕਰ ਸਕਦਾ ਹੈ ?

ਗਾਵੇਨ ਦੇ ਪੈਰ ਲਹੂ ਵਿਚ ਛਲੱਪ ਛਲੱਪ ਦੀ ਅਵਾਜ਼ ਕਰਕੇ ਅਗੇ ਵਧ ਰਹੇ ਸਨ, ਤੇ ਉਹ ਕਹਿ ਰਿਹਾ ਸੀ, "ਸ਼ਾਬਾਸ਼ ਬਹਾਦਰੋ, ਮੈਦਾਨ ਤੁਹਾਡੇ ਹਥ ਵਿਚ ਹੈ।" ਇਕ ਵਾਰ ਗਾਵੇਨ ਨੇ ਪਿਛੇ ਵੇਖਿਆ। ਪ੍ਰਛਾਵੇਂ ਵਾਂਗ ਸਿਮੋਰ ਡੇਨ ਉਸ ਦੇ ਪਿਛੇ ਖੜੋਤਾ ਹੋਇਆ ਸੀ। ਗਾਵੇਨ ਨੇ ਕਿਹਾ, "ਮੇਰੇ ਗੁਰਦੇਵ, ਤੁਸੀਂ ਕੀ ਲੈਣ ਆਏ ਹੋ ?"

"ਮੈਂ, ਮੈਂ ਤੇਰੇ ਤੇ ਹੋਣ ਵਾਲੇ ਵਾਰਾਂ ਨੂੰ ਆਪਣੇ ਤੇ ਝੱਲਣ ਲਈ ਆਇਆ ਹਾਂ।"

"ਜੰਗ ਵਿਚ ਲੜਨਾ ਮੇਰਾ ਕੰਮ ਹੈ, ਤੁਹਾਡਾ ਨਹੀਂ। ਤੁਸੀਂ ਕੇਵਲ ਪਿਛੋਂ ਹੁਕਮ ਕਰਨੇ ਹਨ, ਜਾਂ ਸਾਨੂੰ ਵੇਖਣਾ ਹੈ ਕਿ ਅਸੀਂ ਦਿਲੋਂ ਲੜ ਰਹੇ ਹਾਂ ਕਿ ਨਹੀਂ।" ਗਾਵੇਨ ਨੇ ਕੰਨ ਲਾਗੇ ਮੂੰਹ ਕਰਕੇ ਉਚੀ ਉਚੀ ਕਿਹਾ।

ਸਿਮੋਰਡੇਨ ਨੇ ਗਾਵੇਨ ਨੂੰ ਮੋਢਿਆਂ ਤੋਂ ਫੜਕੇ ਕਿਲੇ ਵਾਲੇ ਪਾਸੇ ਉਸ ਦਾ ਮੂੰਹ ਕਰ ਦਿੱਤਾ ਤੇ ਕਿਹਾ, "ਮੈਂ ਤੇਰੇ ਲਾਗੇ ਖੜੋਕੇ ਵੇਖਾਂਗਾ ਜੋ ਤੂੰ ਦਿਲੋਂ ਲੜਦਾ ਏਂ ਕਿ ਨਹੀਂ।"

ਰੇਡੋ ਦਾ ਕਿਸੇ ਨੂੰ ਵੀ ਨਹੀਂ ਸੀ ਪਤਾ ਕਿ ਉਹ ਕਿਥੇ ਹੈ ? ਉਹ ਲਾਇਬ੍ਰੇਰੀ ਵਾਲੇ ਪਾਸੇ ਥਾਣੀ ਕਿਲੇ ਦੇ ਉਪਰ ਚੜ੍ਹ ਗਿਆ। ਉਤੇ ਜਾਕੇ ਉਹ ਇਕ ਕਮਰੇ ਵਿਚ ਖੜੋ ਗਿਆ। ਉਥੇ ਉਸ ਨੇ ਮਧਮ ਬਤੀ ਦੇ ਚਾਨਣੇ ਅਨੇਕਾਂ ਬੰਦੂਕਾਂ ਤੇ ਪਸਤੌਲ, ਗੋਲੀਆਂ ਨਾਲ ਭਰਕੇ ਰੱਖੇ ਹੋਏ, ਤੱਕੇ। ਲੰਟੈਨਕ ਨੇ ਮੋਰਚਿਆਂ ਦੀ ਇਕ ਪੌੜੀ ਜੇਹੀ ਬਣਾਈ ਹੋਈ ਸੀ। ਵੈਰੀ ਦਾ ਜ਼ੋਰ ਪਿਆ ਤਾਂ ਇਕ ਮੋਰਚਾ ਛਡ ਦਿੱਤਾ ਤੇ ਦੂਜੇ ਵਿਚ ਆ ਗਏ। ਹੁਣ ਉਸ ਕੋਲ

ਕੇਵਲ ਤਿੰਨ ਮੋਰਚੇ ਰਹਿ ਗਏ ਸਨ, ਇਕ ਵਿਚ ਉਹ ਲੜ ਰਿਹਾ ਸੀ, ਦੂਜੇ ਵਿਚ ਰੇਡੋ ਆ ਗਿਆ ਸੀ, ਤੀਜਾ ਰੇਡੋ ਦੇ ਹੋਰ ਪਿਛੇ ਸੀ। ਰੇਡੋ ਨੇ ਦੋਹਾਂ ਹਥਾਂ ਵਿਚ ਪਸਤੌਲ ਫੜ ਲਏ ਤੇ ਲੰਟੈਨਕ ਜਿਥੇ ਲੜ ਰਿਹਾ ਸੀ, ਉਧਰ ਚਲਾਣੇ ਸ਼ੁਰੂ ਕਰ ਦਿੱਤੇ। ਲੰਟੈਨਕ ਨੇ ਸਾਥੀਆਂ ਨੂੰ ਕਿਹਾ, "ਵੈਰੀ ਪਿਛੇ ਆ ਗਿਆ ਹੈ, ਨੱਠੋ।"

ਰੇਡੋ ਦੇ ਕਮਰੇ ਅਗੋਂ ਦੀ ਅੰਧੇਰੇ ਵਿਚ ਦਗੜ ਦਗੜ ਕਰਦੇ ਪੈਰ ਪੱਕੀਆਂ ਪੌੜੀਆਂ ਚੜ੍ਹਦੇ ਗਏ ਤੇ ਰੇਡੋ ਗੋਲੀਆਂ ਚਲਾਉਂਦਾ ਗਿਆ। ਇਕ ਦੋ ਆਦਮੀ ਉਸ ਦੇ ਦਰਵਾਜੇ ਸਾਹਮਣੇ ਹਮੇਸ਼ਾ ਲਈ ਡਿਗ ਪਏ।

ਗਾਵੇਨ ਨੇ ਮੋਰਚਾ ਖਾਲੀ ਵੇਖਿਆ ਤੇ ਸਿਪਾਹੀ ਅਗੇ ਵਧੇ। ਰੇਡੋ ਨੇ ਉਚੀ ਸਾਰੀ ਕਿਹਾ, "ਲੋਕ ਰਾਜ ਦੀ ਜੈ!"

ਗਾਵੇਨ ਨੇ ਕਿਹਾ, "ਤੂੰ ਏਥੇ ਕਿਵੇਂ, ਰੇਡੋ?"

"ਡੋਲ ਦੀ ਲੜਾਈ ਵਿਚ ਤੁਹਾਡੀ ਦਿਤੀ ਸਿਖਿਆ ਅਨੁਸਾਰ, ਮੈਂ ਕਿਲੇ ਦੇ ਪਿੱਛੋਂ ਦੀ ਆ ਕੇ ਪਿੱਛੋਂ ਗੋਲੀਆਂ ਚਲਾਈਆਂ ਸਨ।"

ਹੁਣ ਕੁਝ ਗਲਾਂ ਪਿੱਛੋਂ ਫੌਜੀ ਅਗੇ ਵਧੇ ਤੇ ਹੁਣ ਉਹ ਸਮਝਦੇ ਸਨ, ਲੰਟੈਨਕ ਸਾਡੇ ਹਥ ਵਿਚ ਹੈ। ਰੇਡੋ ਨੇ ਪ੍ਰਾਣਾਂ ਦੀ ਬਾਜੀ ਲਾਈ ਤੇ ਕਈਆਂ ਦੇ ਪ੍ਰਾਣ ਬਚਾਏ।

# ਨਿਮਾਰੇ ਰਾਹ

ਅਜ ਤੱਕ ਕੋਈ ਆਦਮੀ ਇਹ ਨਹੀਂ ਸਮਝ ਸਕਿਆ, ਜੋ ਆਸ਼ਾ ਦੀ ਉਚਾਈ ਸਮਾਪਤ ਹੋਣ ਵਿਚੋਂ ਨਿਰਾਸ਼ਾ ਔਂਦੀ ਹੈ, ਕਿ ਨਿਰਾਸ਼ਾ ਖਤਮ ਹੋਣ ਪਿਛੋਂ ਆਸ਼ਾ। ਕਈ ਨਿਰਾਸ਼ਾਂ ਦੇ ਧੁੰਦਲੇ ਅਕਾਸ਼ ਵਿਚ ਵੀ ਆਸ਼ਾ ਵੇਖਦੇ ਹਨ, ਤੇ ਕਈ ਆਸ਼ਾ ਦੇ ਚਾਨਣਾ ਹੁੰਦਿਆਂ ਹੋਇਆਂ ਵੀ ਅੰਧੇਰਾ ਪ੍ਰਤੀਤ ਕਰਦੇ ਹਨ। ਆਸ਼ਾ ਵੀ ਅਨੋਖੇ ਨੈਣਾਂ ਨਾਲ ਵੇਖੀ ਜਾ ਸਕਦੀ ਹੈ।

ਲੰਟੈਨਕ, ਇਮਾਨਸ ਤੇ ਉਸ ਦੇ ਹੋਰ ਸਾਥੀ ਪੌੜੀਆਂ ਚੜ੍ਹਦੇ ਅਖੀਰਲੇ ਮੋਰਚੇ ਵਿਚ ਪਹੁੰਚ ਗਏ। ਲੰਟੈਨਕ ਨੇ ਦਰਵਾਜਾ ਬੰਦ ਕਰ ਲਿਆ ਤੇ ਦਰਵਾਜੇ ਅਗੇ ਇਕ ਵੱਡਾ ਸਾਰਾ ਸੰਦੂਕ ਰੇੜ੍ਹਕੇ ਅਗੇ ਕਰ ਦਿੱਤਾ। ਦਰਵਾਜ਼ਾ ਚੰਗੀ ਤਰ੍ਹਾਂ ਪੱਕਾ ਕਰਕੇ ਲੰਟੈਨਕ ਨੇ ਕਿਹਾ, "ਪਾਦਰੀ ਸਾਹਿਬ ! ਸਾਡੀ ਅੰਤਮ ਪ੍ਰਾਰਥਨਾ ਕਰਵਾ ਦਿਓ, ਫਿਰ ਅਸੀਂ ਸੌਖੇ ਮਰ ਸਕਾਂਗੇ।"

ਇਮਾਨਸ ਬੋਲਿਆ, "ਤੇ ਨਾਲੇ ਚੰਗੀ ਤਰ੍ਹਾਂ ਮਾਰ ਸਕਾਂਗੇ।"

ਸਾਰੇ ਗੋਡਿਆਂ ਭਾਰ ਹੋ ਗਏ। ਪਾਦਰੀ ਨੇ ਹਥ ਵਿਚ ਕਰਾਸ ਲੈਕੇ ਲੰਟੈਨਕ ਨੂੰ ਕਿਹਾ, "ਸ੍ਰੀ ਮਾਨ ਜੀ ! ਤੁਸਾਂ ਕੀ ਕੀ ਪਾਪ ਕੀਤੇ ਹਨ ?"

"ਮੈਂ ਮਨੁਖ ਹਤਿਆ ਕੀਤੀ ਹੈ।"

"ਮੈਂ ਪਵਿਤ੍ਰ ਕਰਾਸ ਦਾ ਸਦਕਾ ਤੈਨੂੰ ਮੁਆਫ ਕਰਦਾ

ਹਾਂ।" ਪਾਦਰੀ ਨੇ ਇਕੋ ਵਾਕ ਨਾਲ ਸੈਂਕੜੇ ਆਦਮੀਆਂ ਦੇ ਮਾਰਨ ਦਾ ਪਾਪ ਖਿਮਾ ਕਰ ਦਿੱਤਾ।

ਲਹੂ ਲੁਹਾਨ ਹੋਇਆ ਇਮਾਨਸ ਕਹਿਣ ਲਗਾ, "ਮੈਂ ਭੀ ਮਨੁਖ ਹਤਿਆਰਾ ਹਾਂ।"

"ਤੈਨੂੰ ਵੀ ਮੈਂ ਖਿਮਾ ਕਰਦਾ ਹਾਂ।" ਸਾਰਿਆਂ ਨੇ ਆਪੋ ਆਪਣੇ ਪਾਪ ਮੰਨੇ ਤੇ ਪਾਦਰੀ ਸਾਹਿਬ ਝਟ ਪਟ ਪਾਪ ਖਿਮਾ ਕਰਦੇ ਗਏ। ਨ ਪਾਦਰੀ ਦੀਆਂ ਅੱਖਾਂ ਵਿਚ ਹੰਝੂ ਆਏ ਤੇ ਨ ਪਾਪ ਕਰਨ ਵਾਲਿਆਂ ਦੀਆਂ ਅੱਖਾਂ ਵਿਚ। ਕੀ ਪਾਪ ਦੋ ਸ਼ਬਦ ਕਹਿਣ ਸੁਣਨ ਨਾਲ ਖਤਮ ਹੋ ਸਕਦੇ ਹਨ?

ਦਰਵਾਜੇ ਵਿਚ ਗਾਵੇਨ ਦੇ ਸਿਪਾਹੀ ਪਹੁੰਚ ਚੁਕੇ ਸਨ, ਤੇ ਦਰਵਾਜ਼ੇ ਤੇ ਸੰਗੀਨਾਂ ਦਬਾ ਦਬ ਵਜ ਰਹੀਆਂ ਸਨ।

ਪਾਦਰੀ ਨੇ ਕਿਹਾ, "ਸੰਸਾਰ ਨਾਮ ਦੀ ਕੋਈ ਚੀਜ਼ ਨਹੀਂ, ਹੁਣ ਤੁਹਾਡਾ ਨ ਕੋਈ ਵੈਰੀ ਹੈ, ਤੇ ਨ ਮਿੱਤ੍ਰ! ਅਪਣੇ ਦਿਲ ਪਵਿਤ੍ਰ ਬਣਾ ਲਵੋ।"

ਪ੍ਰਾਰਥਨਾ ਤੋਂ ਸਾਰੇ ਉਠ ਖੜੋਤੇ ਤੇ ਦਰਵਾਜੇ ਵਿਚ ਬਣੀਆਂ ਤੇ ਬਣ ਰਹੀਆਂ ਝੀਤਾਂ ਵਿਚ ਦੀ ਪਸਤੌਲ ਚਲਾਉਣ ਲਗੇ। ਜਦੋਂ ਗੋਲੀ ਚਲਦੀ, ਇਕ ਜ਼ੋਰ ਦੀ ਚੀਕ ਸੁਣੀਂਦੀ, ਤੇ ਫਿਰ ਕਿਸੇ ਦੇ ਡਿਗਣ ਦੀ ਅਵਾਜ਼।

ਏਨ੍ਹਾਂ ਦੇ ਕਮਰੇ ਵਿਚ ਕੁਝ ਖੜ ਖੜ ਹੋਈ ਤੇ ਨਾਲ ਇਕ ਸਿਰ ਦਿਸਿਆ ਤੇ ਅਵਾਜ਼ ਆਈ, "ਸ੍ਰੀ ਮਾਨ ਜੀ! ਮੈਂ ਤੁਹਾਨੂੰ ਆਖਿਆ ਸੀ ਕਿ ਨਾ।"

ਲੰਟੇਨਕ ਨੇ ਉਧਰ ਧਿਆਨ ਕੀਤਾ ਤੇ ਮਧਮ ਚਾਨਣੇ ਵਿਚ ਪਛਾਣਕੇ ਬੋਲਿਆ, "ਤੂੰ ਕਿਥੋਂ, ਹਲਮਲੋ!"

"ਮੈਂ ਸੁਰੰਗ ਦੇ ਰਾਹੀਂ ਕਿਲੇ ਵਿਚ ਆਇਆ ਹਾਂ, ਸੁਣਾਓ ਲੜਾਈ ਦਾ ਕੀ ਹਾਲ ਹੈ?"

ਪਾਦਰੀ ਵਿਚੋਂ ਬੋਲਿਆ, "ਰਬ ਦੇ ਰਾਹ ਨਿਆਰੇ ਹਨ।"

ਲੰਟੈਨਕ ਬੋਲਿਆ, "ਤੂੰ ਬੜੇ ਚੰਗੇ ਸਮੇਂ ਆਇਆ ਏਂ, ਕਿੰਨੇ ਚਿਰ ਅੰਦਰ ਜੰਗਲ ਵਿਚ ਪਹੁੰਚ ਸਕੀਦਾ ਹੈ ?"

"ਕੇਵਲ ਕੁਝ ਪਲਾਂ ਵਿਚ,ਮੈਨੂੰ ਮਿੰਟਾਂ ਦਾ ਵੀ ਹਸਾਬ ਨਹੀਂ ਔਂਦਾ, ਜਿਵੇਂ ਮੀਲਾਂ ਦਾ ।"

ਇਮਾਨਸ ਬੋਲਿਆ, "ਮੈਂ ਤੁਰ ਨਹੀਂ ਸਕਾਂਗਾ, ਪਰ ਤੁਹਾਡੀ ਤੁਰਨ ਵਿਚ ਮਦਦ ਕਰਾਂਗਾ। ਤੁਸੀਂ ਸਾਰੇ ਛੇਤੀ ਤੋਂ ਛੇਤੀ ਚਲੇ ਜਾਵੋ, ਮੈਂ ਗੋਲੀਆਂ ਚਲਾਉਂਦਾ ਰਹਾਂਗਾ, ਤੇ ਦੁਸ਼ਮਣ ਨੂੰ ਅਖੀਰ ਤੱਕ ਰੋਕਾਂਗਾ।" ਰੁਕਕੇ ਬੋਲਿਆ, "ਮੈਂ ਹੁਣ ਤੁਰ ਨਹੀਂ ਸਕਦਾ।"

ਲੰਟੈਨਕ ਸੁਰੰਗ ਦੇ ਪਥਰ ਉਤੇ ਕੁਝ ਲਿਖ, ਦੀਵਾ ਬੁਝਾਕੇ ਬੋਲਿਆ, "ਹੱਛਾ, ਹੁਣ ਫਿਰ ਮਿਲਾਂਗੇ।" ਤੇ ਨਾਲ ਹੀ ਉਸ ਨੂੰ ਜਹਾਜ਼ ਦਾ ਕੈਪਟਨ ਯਾਦ ਆਇਆ।

ਇਮਾਨਸ ਬੋਲਿਆ, "ਜੇ ਮੌਤ ਪਿਛੋਂ ਵੀ ਅਸੀਂ ਕੁਝ ਰਹਿ ਜਾਂਦੇ ਹਾਂ, ਤਾਂ ਮੈਂ ਜ਼ਰੂਰ ਮਿਲਾਂਗਾ।"

ਸਾਰੇ ਸੁਰੰਗ ਰਾਹੀਂ ਚਲੇ ਗਏ।

ਰੇਡੋ ਲੇਟਦਾ ਲੇਟਦਾ ਅਗੇ ਵਧ ਰਿਹਾ ਸੀ। ਇਮਾਨਸ ਨੇ ਸਿਰ ਦੀ ਖੋਪਰੀ ਦਾ ਨਿਸ਼ਾਨਾ ਠੀਕ ਕਰਕੇ ਪਸਤੌਲ ਚਲਾ ਦਿਤਾ। ਰੇਡੋ ਦਾ ਸਿਰ ਹਿਲਣ ਕਰਕੇ ਗੋਲੀ ਕੰਨ ਤੇ ਵੱਜੀ ਤੇ ਖੱਬਾ ਕੰਨ ਉਡ ਗਿਆ। ਰੇਡੋ ਲੇਟਿਆ ਲੇਟਿਆ ਦੂਜੇ ਪਾਸੇ ਹੋ ਗਿਆ। ਕੰਨ ਨੂੰ ਉਡ ਗਿਆਂ ਵੇਖਕੇ ਦਿਲ ਹੀ ਦਿਲ ਵਿਚ ਕਹਿਣ ਲਗਾ, "ਕੰਨ ਨੇ ਕੇਹੜੀਆਂ ਗੋਲੀਆਂ ਚਲਾਉਣੀਆਂ ਸਨ, ਸੁਹਜ ਦੀਆਂ ਚੀਜ਼ਾਂ ਨਾਲ ਫੌਜੀਆਂ ਨੂੰ ਕੀ ਲਗੇ।" ਰੇਡੋ ਦਰਵਾਜ਼ੇ ਦੇ ਲਾਗੇ ਪਹੁੰਚ ਚੁਕਾ ਸੀ।

ਇਮਾਨਸ ਇਕ ਹੋਰ ਝੀਤ ਵਿਚ ਦੀ ਨਿਸ਼ਾਨਾ ਬੰਨ੍ਹ ਰਿਹਾ ਸੀ ਕਿ ਉਸ ਦੇ ਪੇਟ ਵਿਚ ਇਕ ਤਲਵਾਰ ਖੁਭ ਗਈ। ਇਹ

ਤਲਵਾਰ ਰੇਡੋ ਦੀ ਸੀ ਤੇ ਰੇਡੋ ਨੇ ਇਕ ਦਰਵਾਜ਼ੇ ਦੀ ਮੋਰੀ ਰਾਹੀਂ ਹੁੜ ਮਾਰੀ ਸੀ।

ਇਮਾਨਸ ਪਿਛੇ ਡਿਗ ਪਿਆ।

ਦਰਵਾਜ਼ੇ ਉਤੇ ਫਿਰ ਸੰਗੀਨਾਂ ਵਜਣ ਲਗੀਆਂ ਤੇ ਅਖੀਰ ਦਰਵਾਜ਼ਾ ਟੁਟ ਗਿਆ। ਰੇਡੋ ਅੰਦਰ ਚਲਿਆ ਗਿਆ। ਅੰਦਰ ਕਬਰ ਵਰਗੀ ਚੁਪ ਸੀ। ਰੇਡੋ ਬੋਲਿਆ, "ਅੰਦਰ ਤਾਂ ਕੋਈ ਵੀ ਨਹੀਂ।"

ਇਕ ਠਾਹ ਦੀ ਅਵਾਜ਼ ਆਈ, ਤੇ ਇਕ ਸਿਪਾਹੀ ਧਰਤੀ ਤੇ ਡਿਗ ਪਿਆ। ਇਹ ਗੋਲੀ ਵੀ ਇਮਾਨਸ ਨੇ ਮਰਦੇ ਮਰਦੇ ਚਲਾਈ ਸੀ। ਰੇਡੋ ਉਸ ਵਲ ਵਧਕੇ ਬੋਲਿਆ, "ਮੈਂ ਤੈਨੂੰ ਕੈਦੀ ਬਣਾਉਂਦਾ ਹਾਂ।"

ਪਰ ਇਮਾਨਸ ਦੀ ਰੂਹ ਸਰੀਰ ਦੀ ਕੈਦ ਤੋਂ ਵੀ ਛੁਟਕਾਰਾ ਪਾ ਚੁਕੀ ਸੀ।

ਗਾਵੇਨ ਨੇ ਮਸਾਲ ਜਗਾਈ ਤੇ ਚਾਨਣੇ ਵਿਚ ਇਮਾਨਸ ਨੂੰ ਹਥ ਵਿਚ ਪੇਟ ਦੀਆਂ ਨਾੜਾਂ ਫੜਕੇ ਸੁੱਤਾ ਹੋਇਆ ਵੇਖਿਆ। ਉਸ ਦੀਆਂ ਅੱਖਾਂ ਖੁਲ੍ਹੀਆਂ ਹੋਈਆਂ ਸਨ ਤੇ ਸ਼ਾਇਦ ਮੌਤ ਨੂੰ ਵੀ ਨਿਸ਼ਾਨਾ ਬਣਾ ਰਹੀਆਂ ਸਨ।

ਗਾਵੇਨ ਦੀ ਨਜ਼ਰ ਸੁਰੰਗ ਤੇ ਪਈ। ਉਸ ਤੇ ਕੁਝ ਅੱਖਰ ਲਿਖੇ ਹੋਏ ਸਨ। ਲਾਗੇ ਹੋਕੇ ਗਾਵੇਨ ਨੇ ਪੜ੍ਹੇ। ਲਿਖਿਆ ਸੀ: ਕਿਲੇ ਨੂੰ ਅੱਗ ਲਗ ਚੁਕੀ ਹੈ, ਹੁਣ ਅਸੀਂ ਜਾ ਰਹੇ ਹਾਂ, ਯਤਨ ਕਰਾਂਗੇ ਛੇਤੀ ਦਰਸ਼ਨ ਕਰ ਸਕੀਏ।

ਦਸਖਤ—ਜੇਤੂ ਲੰਟੈਨਕ

ਗਾਵੇਨ ਦੰਦੀਆਂ ਕ੍ਰੀਚਦਾ ਬੋਲਿਆ, "ਏਨੀ ਬਰਬਾਦੀ ਦਾ ਕੁਝ ਵੀ ਸਿੱਟਾ ਨ ਨਿਕਲਿਆ।"

*    *    *    *

ਲੰਟੈਨਕ ਤੇ ਉਸਦੇ ਸਾਥੀ ਜੰਗਲ ਵਿਚ ਪਹੁੰਚ ਗਏ। ਲੰਟੈਨਕ ਤੇ ਹਲਮਲੋ ਇਕੱਠੇ ਜਾ ਰਹੇ ਸਨ, ਬਾਕੀ ਸਭ ਲੰਟੈਨਕ ਨੇ ਵਖੋ ਵਖਰੇ ਰਾਹੀਂ ਪਾ ਦਿਤੇ ਸਨ, ਤੇ ਹਰ ਇਕ ਨੂੰ ਵੱਖ ਵੱਖ ਸੁਨੇਹੇ ਦੇ ਦਿੱਤੇ ਸਨ। ਕੁਝ ਦੂਰ ਜਾਕੇ ਲੰਟੈਨਕ ਨੇ ਕਿਹਾ, "ਹਲਮਲੋ, ਤੂੰ ਵੀ ਵਖ ਹੋ ਜਾਹ। ਜਦੋਂ ਵੈਰੀ ਦਾ ਖਤਰਾ ਹੋਵੇ, ਕਦੀ ਵੀ ਇਕੱਠੇ ਨਹੀਂ ਰਹਿਣਾ ਚਾਹੀਦਾ।"

ਹਲਮਲੋ ਵੀ ਵਖ ਹੋ ਗਿਆ। ਲੰਟੈਨਕ ਝਾੜੀਆਂ ਦੇ ਰਾਹੀਂ ਜਾ ਰਿਹਾ ਸੀ। ਉਸ ਦੇ ਕੰਨੀਂ ਅਵਾਜ਼ ਪਈ, "ਹਾਇ ਮੇਰੇ ਬੱਚੇ!"

ਲੰਟੈਨਕ ਨੇ ਤ੍ਰੱਬਕ ਕੇ ਵੇਖਿਆ। ਉਚੇ ਟਿਲੇ ਤੇ ਖੜੋਤੀ ਮਾਂ ਨੇ ਲੰਮੀਆਂ ਬਾਹਵਾਂ ਕਿਲੇ ਵਲ ਨੂੰ ਕੀਤੀਆਂ ਹੋਈਆਂ ਸਨ ਤੇ ਉਚੀ ਉਚੀ ਕਹਿ ਰਹੀ ਸੀ–"ਹਾਇ ਮੇਰੇ ਬੱਚੇ!"

ਜੇਤੂ ਲੰਟੈਨਕ ਦੇ ਕੰਨਾਂ ਵਿਚ ਅਵਾਜ਼ ਪਈ ਤੇ ਉਹ ਹਾਰ ਗਿਆ। ਇਹ ਪਹਿਲੀ ਅਵਾਜ਼ ਸੀ, ਜੇਹੜੀ ਧੁਰ ਤੱਕ ਪਹੁੰਚ ਚੁਕੀ ਸੀ। ਲੰਟੈਨਕ ਲੰਮੇ ਲੰਮੇ ਕਦਮ ਪੁੱਟਦਾ ਟਿੱਲੇ ਤੇ ਚੜ੍ਹ ਗਿਆ ਤੇ ਲਾਗੇ ਜਾਕੇ ਬੋਲਿਆ, "ਕੀ ਲਭਦੀ ਏਂ?"

"ਮਾਂ ਆਪਣੇ ਬੱਚੇ ਨੂੰ ਲਭਦੀ ਏ। ਵੀਰਾ, ਮੇਰੇ ਤਿੰਨੇ ਬੱਚੇ ਕਿਸੇ ਨੇ ਖੋਹ ਲਏ ਸਨ। ਮੇਰੇ ਕੁਝ ਮਾਰਿਆ ਸੀ। ਮੇਰਾ ਲੱਕ ਟੁਟ ਗਿਆ ਸੀ। ਮੈਨੂੰ ਟੋਲੀ ਮਾਰਚ ਆਪਣੀ ਗੁਫਾ ਵਿਚ ਲੈ ਗਿਆ ਸੀ। ਉਨੇ ਮੈਨੂੰ ਰਾਜ਼ੀ ਕੀਤਾ ਸੀ। ਨਹੀਂ ਨਹੀਂ, ਮੈਂ ਆਪ ਰਾਜ਼ੀ ਹੋ ਗਈ ਸਾਂ, ਸ਼ਰਤ ਜਿਤਣ ਲਈ।"

"ਕਾਹਦੀ ਸ਼ਰਤ?" ਲੰਟੈਨਕ ਨੇ ਕਿਹਾ।

"ਬੱਚਿਆਂ ਦੇ ਮਿਲਣ ਦੀ ਸ਼ਰਤ। ਬਾਬਾ ਕਹਿੰਦਾ ਸੀ 'ਜਾਂ ਤੂੰ ਰਾਜ਼ੀ ਹੋ ਜਾਵੇਂਗੀ, ਮੈਂ ਤੇਰੇ ਬਚੇ ਲਭ ਦਿਆਂਗਾ।' ਮੈਂ ਕਈ ਵਾਰ ਰਾਜ਼ੀ ਹੋਈ, ਪਰ ਉਹ ਫਿਰ ਮੇਰੇ ਜ਼ਖਮਾਂ ਵਿਚੋਂ ਜਾਂ ਨਾਲ ਲਹੂ ਚਲਾ ਦੇਵੇ ਤੇ ਕਹੇ, ਤੈਨੂੰ ਸੁਪਨਾ ਆਇਆ ਸੀ।

ਟੋਲੀ ਮਾਰਚ ਬਹੁਤ ਭੈੜਾ ਹੈ, ਉਸ ਨੇ ਮੈਨੂੰ ਮਰਨ ਨਹੀਂ ਦਿੱਤਾ। ਜੇ ਮੈਂ ਮਰ ਜਾਂਦੀ ਤਾਂ ਕੇਡਾ ਚੰਗਾ ਹੁੰਦਾ। ਕੀ ਹੁਣ ਮੈਂ ਜੀਉਂਦੀ ਹਾਂ? ਨਹੀਂ, ਵੀਰਾ! ਮੈਂ ਮਰੀ ਹੋਈ ਹਾਂ। ਬੱਚਿਆਂ ਤੋਂ ਬਿਨਾਂ ਮਾਂ ਕਿਵੇਂ ਜੀਉਂਦੀ ਰਹਿ ਸਕਦੀ ਹੈ?'' ਲੰਟੈਨਕ ਵਲ ਤੱਕਦਿਆਂ ਮਾਂ ਬੋਲੀ।

ਲੰਟੈਨਕ ਦੀ ਰੂਹ ਤੱਕ ਮਾਂ ਪਹੁੰਚ ਗਈ, ਤੇ ਉਸ ਨੇ ਭੁਚਾਲ ਵਰਗੇ ਝਟਕੇ ਲੰਟੈਨਕ ਦੀ ਜ਼ਿੰਦਗੀ ਨੂੰ ਦਿੱਤੇ। ਲੰਟੈਨਕ ਮਾਂ ਦੇ ਸਾਹਮਣੇ ਖੜੋਤਾ ਸੀ, ਪਰ ਉਸ ਦਾ ਜੀਵਨ ਢਹਿ ਢੇਰੀ ਹੋ ਚੁਕਾ ਸੀ। ਲੰਟੈਨਕ ਥਿੜਕਦਾ ਥਿੜਕਦਾ ਬੋਲਿਆ, ''ਮਾਈ! ਕਿਲੇ ਵਲ ਨੂੰ ਜਾਹ, ਉਥੇ ਤੇਰੇ ਬੱਚੇ ਹਨ।''

''ਵੀਰਾ, ਇਹ ਮੈਨੂੰ ਪਤਾ ਹੈ, ਪਰ ਮੇਰੇ ਬੱਚਿਆਂ ਨੂੰ ਲੋਕੀਂ ਕਿਉਂ ਖੋਂਹਦੇ ਹਨ? ਕਿਉਂ ਲੜਾਈ ਵਿਚ ਲੈ ਜਾਂਦੇ ਹਨ? ਕਿਉਂ ਕਿਲੇ ਵਿਚ ਬੰਦ ਕਰਦੇ ਹਨ? ਸਾਰੀ ਦੁਨੀਆਂ ਦੇ ਬੱਚੇ ਛਡਕੇ ਲੋਕ ਮੇਰੇ ਬੱਚਿਆਂ ਦੇ ਕਿਉਂ ਮਗਰ ਪਏ ਹਨ? ਕਿਲੇ ਵਾਲੇ ਅਮੀਰ ਨੂੰ ਕੋਈ ਪੁਛਣ ਵਾਲਾ ਹੋਵੇ ਤਾਂ ਪੁੱਛੇ, 'ਚੰਦਰਿਆ! ਤੂੰ ਆਪਣੇ ਬੱਚੇ ਕਿਉਂ ਨਹੀਂ ਬੰਦੂਕਾਂ ਵਾਲੇ ਥਾਂ ਭੇਜਦਾ? ਆਪਣੇ ਬੱਚਿਆਂ ਦੀ ਮਾਂ ਨੂੰ ਕਿਉਂ ਨਹੀਂ ਗੋਲੀ ਮਾਰਦਾ?'

ਲੰਟੈਨਕ ਨੂੰ ਆਪਣੀ ਕਹਾਣੀ ਸੁਣਕੇ ਸ਼ਰਮ ਆ ਰਹੀ ਸੀ, ਤੇ ਉਹ ਦਿਲ ਵਿਚ ਕਹਿ ਰਿਹਾ ਸੀ, ''ਇਨ੍ਹਾਂ ਗੱਲਾਂ ਦੇ ਸੁਣਨ ਤੋਂ ਪਹਿਲਾਂ ਚੰਗਾ ਸੀ ਜੇ ਮੇਰੀ ਮੌਤ ਹੋ ਜਾਂਦੀ।'' ਪਰ ਢੂੰ ਅੰਦਰੋਂ ਅਵਾਜ਼ ਆ ਰਹੀ ਸੀ, ''ਇਹ ਜਨਮ ਪੀੜਾ ਵਰਗਾ ਦੁਖ ਹੈ, ਇਸ ਤੋਂ ਪਿਛੋਂ ਜੇਹੜਾ ਜੀਵਨ ਅਰੰਭ ਹੁੰਦਾ ਹੈ, ਉਹ ਬਾਲਕ ਦੇ ਜੰਮਣ ਜਿੰਨੀ ਖੁਸ਼ੀ ਦੇਂਦਾ ਹੈ।''

''ਵੀਰਾ, ਤੂੰ ਬੋਲਾ ਕਿਉਂ ਹੁੰਦਾ ਜਾਂਦਾ ਏਂ? ਗੁੰਗਾ ਕਿਉਂ ਬਣ ਗਿਆ ਏਂ?''

ਲੰਟੈਨਕ ਨੀਵੀਂ ਪਾਕੇ ਅੱਥਰੂ ਪੂੰਝ ਰਿਹਾ ਸੀ ਤੇ ਕੁਝ ਚਿਰ ਪਿਛੋਂ ਉਸ ਨੇ ਕਿਹਾ, "ਮਾਈ, ਤੇਰੇ ਬਚੇ ਤੈਨੂੰ ਉਡੀਕ ਰਹੇ ਹਨ, ਜਾ ਛੇਤੀ ਛੇਤੀ ਕਿਲੇ ਦੇ ਲਾਗੇ ਜਾ।"

ਮਾਂ ਕਿਲੇ ਵਲ ਨੂੰ ਦੌੜ ਰਹੀ ਸੀ । ਕਿਲੇ ਦੀ ਅੱਗ ਅਕਾਸ਼ ਵਲ ਦੌੜ ਰਹੀ ਸੀ ਤੇ ਲੰਟੈਨਕ ਜ਼ਿੰਦਗੀ ਵਲ ਦੌੜ ਰਿਹਾਸੀ।

ਗਾਵੇਨ ਨੇ ਵੇਖਿਆ ਅੱਗ ਨੇ ਕਿਲੇ ਨੂੰ ਘੇਰਿਆ ਹੈ, ਤੇ ਬੱਚਿਆਂ ਨੂੰ ਕੱਢਣ ਵਾਸਤੇ ਕੋਈ ਰਾਹ ਨਹੀਂ। ਗਾਵੇਨ ਨੇ ਸਿਪਾ-ਹੀਆਂ ਨੂੰ ਕਿਹਾ, "ਦਰਵਾਜ਼ਾ ਤੋੜੋ।"

ਸਿਪਾਹੀ ਬਥੇਰੇ ਖੱਪ ਚੁਕੇ, ਪਰ ਲੋਹੇ ਦਾ ਦਰਵਾਜ਼ਾ ਕਿਵੇਂ ਟੁਟੇ ?

ਰੇਡੋ ਤੜਫ ਰਿਹਾ ਸੀ। ਹੁਣ ਅੱਗ ਹੋਰ ਤੇਜ਼ ਹੋ ਚੁਕੀ ਸੀ। ਰੇਡੋ ਬੱਚਿਆਂ ਵਾਂਗ ਉੱਚੀ ਉੱਚੀ ਰੋਣ ਲਗ ਪਿਆ—"ਹਾਇ, ਮੇਰੇ ਬੱਚੇ ਸੜ ਗਏ ।"

ਇਕ ਹੋਰ ਅਵਾਜ਼ ਨੇੜੇ ਔਂਦੀ ਗਈ ਤੇ ਨਾਲ ਅਵਾਜ਼ ਵਾਲੀ ਮਾਂ, "ਹਾਇ ਮੇਰੇ ਬੱਚੇ, ਹਾਇ ਮੇਰੇ ਬੱਚੇ।"

ਅੱਗ ਵੇਖਕੇ ਮਾਂ ਬੋਲੀ, "ਪਾਣੀ ਲਿਆਵੋ, ਪਾਣੀ, ਏੱਨੇ ਆਦਮੀ ਤਾਂ ਅੱਥਰੂਆਂ ਨਾਲ ਅੱਗ ਬੁਝਾ ਸਕਦੇ ਹਨ।"

ਸਿਪਾਹੀ ਬੋਲੇ, "ਪਾਣੀ ਮੁਕ ਗਿਆ ਹੈ, ਕੇਵਲ ਅੱਥਰੂ ਬਾਕੀ ਹਨ।"

ਮਾਂ ਨੇ ਕਾਲਜੇ ਵਿਚ ਮੁੱਕੀਆਂ ਮਾਰਦੀ ਨੇ ਕਿਹਾ, "ਪਾਣੀ ਤਾਂ ਮੁਕਣਾ ਸੀ, ਮਾਂ ਡੈਣ ਨੇ ਰੱਜ ੱਜ ਕੇ ਪਾਣੀ ਪੀਣਾ ਸ਼ੁਰੂ ਕਰ ਦਿੱਤਾ। ਉਹੋ ਪਾਣੀ ਅੱਗ ਤੇ ਪੈਂਦਾ ਤਾਂ ਅੱਗ ਬੁਝ ਜਾਂਦੀ।"

ਰੇਡੋ ਅੱਗੇ ਵਧਿਆ ਤੇ ਬੋਲਿਆ, "ਫਲੇਸ਼ਾਰਡ, ਤੂੰ ਕਿਥੋਂ ?"

"ਤੁਸੀਂ—ਆ—ਹਾ, ਮੇਰੇ ਬੱਚਿਆਂ ਦੇ ਧਰਮੀ ਬਾਬਲ ! ਸਾਡੇ ਬੱਚੇ ਅੱਗ ਵਿਚ ! ਤੁਸੀਂ ਵੀ ਉਹਨਾਂ ਨੂੰ ਅੱਗ ਵਿਚ ਸੁਟ

ਦਿਤਾ ? ਵੀਰਾ ! ਤੂੰ ਹੀ ਦੱਸ, ਲੋਕਾਂ ਨੂੰ ਕੀ ਹੋਗਿਆ ਹੈ? ਅਜ ਕਲ ਪਿਤਾ ਵੀ ਪੁਤਰਾਂ ਨੂੰ ਕਿਉਂ ਅੱਗ ਵਿਚ ਸੁਟਣ ਲਗ ਪਏ ਹਨ।"

ਸਿਪਾਹੀਆਂ ਦੇ ਮੂੰਹ ਅੱਡੇ ਰਹਿ ਗਏ, ਜਦੋਂ ਉਨ੍ਹਾਂ ਵੇਖਿਆ ਲਾਇਬ੍ਰੇਰੀ ਵਾਲੇ ਕਮਰੇ ਵਿਚ ਗਿੱਲੇ ਕੰਬਲ ਦਾ ਝੁੰਬ ਮਾਰੀ ਇਕ ਲੰਮਾਂ ਆਦਮੀ ਫਿਰ ਰਿਹਾ ਹੈ। ਥੋੜ੍ਹੇ ਚਿਰ ਪਿੱਛੋਂ ਉਸਨੇ ਇਕ ਸਿਰੇ ਵਲੋਂ ਸੜਦੀ ਪੌੜੀ ਥਲੇ ਲਮਕਾਈ। ਹੇਠਲੇ ਸਿਪਾਹੀਆਂ ਨੇ ਮਿੱਟੀ ਪਾਕੇ ਪੌੜੀ ਦਾ ਸਿਰਾ ਝਟਪਟ ਬੁਝਾ ਦਿੱਤਾ। ਰੇਡੋ ਝਟਪਟ ਪੌੜੀ ਦੇ ਉਪਰ ਚੜ੍ਹ ਗਿਆ। ਉਸ ਆਦਮੀ ਨੇ ਸੁਤੇ ਹੋਏ ਲੇਨ ਨੂੰ ਚੁਕਿਆ ਤੇ ਰੇਡੋ ਨੂੰ ਫੜਾ ਦਿੱਤਾ। ਰੇਡੋ ਨੇ ਪਿਛਲੇ ਸਿਪਾਹੀ ਨੂੰ ਜੋ ਬੱਚਾ ਫੜਨ ਲਈ ਪੌੜੀ ਤੇ ਚੜ੍ਹ ਚੁਕਾ ਸੀ, ਉਸਨੇ ਮਾਂ ਨੂੰ ਤੇ ਮਾਂ ਨੇ ਆਪਣੇ ਦਿਲ ਨਾਲ ਬੱਚੇ ਨੂੰ ਘੁਟਕੇ ਲਾ ਲਿਆ। ਮਾਂ ਦਾ ਧਿਆਨ ਅਜੇ ਵੀ ਉਪਰ ਸੀ। ਬੱਚਾ ਜਾਗ ਚੁਕਾ ਸੀ। ਅਲਮਾਰੀਆਂ ਨੂੰ ਅੱਗ ਲਗ ਚੁਕੀ ਸੀ। ਕਿਤਾਬਾਂ ਸੜ ਰਹੀਆਂ ਸਨ ਤੇ ਕਿਤਾਬਾਂ ਵਿਚਲੇ ਖਿਆਲ ਧੂੰਆਂ ਬਣਕੇ ਉਡ ਰਹੇ ਸਨ। ਗਰਮੀ ਤੇ ਧੂੰਏਂ ਕਰਕੇ ਜੀਨ ਤੇ ਜੈਂਟ ਦੋਵੇਂ ਜਾਗ ਪਏ ਸਨ। ਜੀਨ ਬੋਲਿਆ, "ਮਾਂ ! ਗਰਮੀ ਲਗਦੀ ਹੈ।"

ਮਾਂ ਉੱਚੀ ਸਾਰੀ ਬੋਲੀ, "ਆਓ ਮੇਰੀ ਠੰਢੀ ਦੁਨੀਆਂ, ਮਾਂ ਵੀ ਤੁਹਾਥੋਂ ਬਿਨਾਂ ਸੜ ਰਹੀ ਹੈ।"

ਉਸ ਆਦਮੀ ਨੇ ਜੀਨ ਨੂੰ ਵੀ ਚੁਕਕੇ ਰੇਡੋ ਨੂੰ ਫੜਾ ਦਿਤਾ ਤੇ ਉਹ ਵੀ ਮਾਂ ਪਾਸ ਪਹੁੰਚ ਗਿਆ। ਜੀਨ ਝੁੰਬ ਵਾਲੇ ਆਦਮੀ ਨੂੰ ਵੇਖਕੇ ਸਹਿਮ ਗਿਆ ਸੀ। ਜੀਨ ਤੇ ਲੇਨ ਉੱਚੀ ਉੱਚੀ ਕਹਿ ਰਹੇ ਸਨ "ਮਾਂ" ਤੇ ਮਾਂ ਉੱਚੀ ਉੱਚੀ ਕਹਿ ਰਹੀ ਸੀ, "ਹਾਂ ਵਾਰੀ। ਮਾਂ ਸਦਕੇ ਜਾਵੇ, ਮਾਂ ਕਹਿਣ ਵਾਲੇ ਬੱਚਿਆਂ ਤੋਂ।" ਤੇ ਮਾਂ ਦਾ ਅਜੇ ਵੀ ਭੁੱਖਾ ਧਿਆਨ ਆਪਣੀ ਧੀ ਵਲ ਸੀ।

ਜੈਂਟ ਨੂੰ ਜਦੋਂ ਕੰਬਲ ਵਾਲੇ ਆਦਮੀ ਨੇ ਚੁਕਿਆ ਤਾਂ ਉਹ

ਮੁਸਕਰਾ ਪਈ! ਉਸ ਆਦਮੀ ਨੇ ਘੁਟਕੇ ਕਲੇਜੇ ਨਾਲ ਲਾਇਆ ਤਾਂ ਜੇਂਟ ਬੋਲੀ, "ਤੂੰ ਮਾਂ?"

ਉਸ ਆਦਮੀ ਨੇ ਜੇਂਟ ਦਾ ਮੂੰਹ ਚੁੰਮਿਆਂ, ਉਸਦਾ ਸਾਰਾ ਸਰੀਰ ਵਾਤਸ਼ਲ ਪਿਆਰ ਨਾਲ ਭਰ ਗਿਆ।

ਜੇਂਟ ਅੱਗ ਵੱਲ ਉਂਗਲੀ ਕਰਕੇ ਬੋਲੀ, "ਮਾਸ਼ਾ"। ਜੇਂਟ ਦੇ ਭਾਣੇ ਇਹ ਤਮਾਸ਼ਾ ਸੀ। ਬੱਚਾ ਪਹਿਲਾ ਤੇ ਅਖੀਰਲਾ ਫਲਾਸਫਰ ਹੈ, ਜੋ ਦੁਨੀਆਂ ਨੂੰ ਤਮਾਸ਼ਾ ਸਮਝਦਾ ਹੈ।

ਅੱਗ ਵਿਚ ਸੜ ਰਹੀਆਂ ਚੀਜ਼ਾਂ ਦੀ ਅਵਾਜ਼ ਸੁਣਕੇ ਜੇਂਟ ਬੋਲੀ, "ਭਾ ਬੋ" (ਭਗਵਾਨ ਬੋਲਦਾ)।

ਜੇਂਟ ਨੂੰ ਛਾਤੀ ਨਾਲ ਲਾਈ, ਉਹ ਆਦਮੀ ਪੌੜੀਆਂ ਉਤਰ ਆਇਆ, ਤੇ ਫਲੇਸ਼ਾਰਡ ਨੂੰ ਜੇਂਟ ਫੜਾਕੇ ਕਹਿਣ ਲਗਾ, "ਲੈ ਮਾਈ, ਆਪਣੇ ਬੱਚੇ।" ਕੰਬਲ ਦੇ ਝੁੰਬ ਨੂੰ ਲਾਹਕੇ ਆਦਮੀ ਨੇ ਪਰੇ ਸੁਟ ਦਿੱਤਾ। ਸਾਰੇ ਸਿਪਾਹੀਆਂ ਦੇ ਮੂੰਹੋਂ ਚੀਕ ਵਿਚ ਨਿਕਲ ਗਿਆ, "ਲੰਟੇਨਕ।"

ਲੰਟੇਨਕ ਚੁਪ ਸੀ।

ਸਿਮੋਰਡੇਨ ਅਗੇ ਵਧਿਆ ਤੇ ਬੋਲਿਆ, "ਮੈਂ ਤੈਨੂੰ ਗ੍ਰਿਫਤਾਰ ਕਰਦਾ ਹਾਂ।"

ਲੰਟੇਨਕ ਬੋਲਿਆ, "ਨਹੀਂ ਊ ਰੀਸਾਂ ਤੇਰੀਆਂ।"

ਮਾਂ ਹੋਸ਼ ਤੇ ਬੇਹੋਸ਼ੀ ਵਿਚਕਾਰ ਸੀ, ਇਸ ਲਈ ਏੱਨੀ ਖੁਸ਼ੀ ਉਸਨੂੰ ਬੇਹੋਸ਼ ਨਾ ਕਰ ਸਕੀ। ਉਹ ਆਪਣੇ ਬੱਚਿਆਂ ਦੇ ਗਲ ਫਰਾਕਾਂ ਪਾ ਰਹੀ ਸੀ। ਉਸਤੋਂ ਪਿਛੋਂ ਉਸਨੇ ਦੰਦਾਂ ਹੇਠ ਦੇ ਦੇ ਕੇ ਅਖਰੋਟ ਤੋੜਨੇ ਸ਼ੁਰੂ ਕਰ ਦਿੱਤੇ। ਮਾਂ ਦਾ ਇਕ ਦੰਦ ਟੁਟ ਗਿਆ ਸੀ, ਪਰ ਉਹ ਬੱਚਿਆਂ ਨੂੰ ਗਿਰੀਆਂ ਵੰਡ ਰਹੀ ਸੀ।

ਲੰਟੇਨਕ ਦੇ ਹੱਥ ਝੋਲਿਆਂ ਦੀਆਂ ਰਸੀਆਂ ਨਾਲ ਬੱਧੇ ਹੋਏ ਸਨ। ਉਸਨੇ ਫਲੇਸ਼ਾਰਡ ਨੂੰ ਕਿਹਾ, "ਮੈਂ ਜੇਹਲ ਵਿਚ ਜਾਣਾ ਹੈ,

ਇਸ ਲਈ ਇਕ ਵਾਰ ਮੈਨੂੰ ਜੈਂਟ ਚੁਕ ਲੈਣ ਦੇ।"

ਮਾਂ ਨੇ ਝਟ ਬੱਧੀਆਂ ਬਾਹਵਾਂ ਵਿਚ ਜੈਂਟ ਨੂੰ ਦੇ ਦਿੱਤਾ।

ਜੈਂਟ ਬੋਲੀ, "ਦੋ ਮਾਂ"। ਪੰਜੇ ਉਂਗਲਾਂ ਖਿਲਾਰਕੇ ਜੈਂਟ ਨੇ ਦੂਜਿਆਂ ਨੂੰ ਸਮਝਾਇਆ, ਜੋ ਮੇਰੀਆਂ ਦੋ ਮਾਵਾਂ ਹਨ।

ਮਾਂ ਬੋਲੀ, "ਦੁਨੀਆਂ ਨੂੰ ਕੀ ਹੋ ਗਿਆ ਹੈ? ਚੰਗੇ ਆਦਮੀਆਂ ਨੂੰ ਜੇਹਲਾਂ ਤੇ ਭੇੜਿਆਂ...। ਮੈਂ ਅਨੇਕਾਂ ਲੋਕਾਂ ਨੂੰ ਆਪਣੇ ਬੱਚੇ ਪੁਛੇ, ਮੈਨੂੰ ਕਿਸੇ ਨੇ ਵੀ ਕੁਝ ਨਹੀਂ ਦੱਸਿਆ, ਬਿਨਾਂ ਇੱਟਾਂ ਤੋੜ ਰਹੇ ਮਜ਼ਦੂਰ ਤੋਂ। ਇਨ੍ਹਾਂ ਮੇਰੇ ਬੱਚੇ ਅੱਗ ਵਿਚੋਂ ਕਢੇ ਹਨ, ਰਬ ਇਨ੍ਹਾਂ ਨੂੰ ਵੀ ਅੱਗ ਚੋਂ ਕੱਢੇ। ਪਰ ਲੋਕ ਇਨ੍ਹਾਂ ਨੂੰ ਕੈਦ ਕਿਉਂ ਕਰਦੇ ਹਨ, ਮੈਨੂੰ ਬੱਚੇ ਦੇਣ ਕਰਕੇ?"

ਲੰਟੇਨਕ ਸਚਮੁਚ ਅਗ ਵਿਚੋਂ ਨਿਕਲ ਚੁਕਾ ਸੀ, ਪਰ ਕਾਲ ਕੋਠੜੀ ਵਿਚ ਬੰਦ ਸੀ।

ਮਾਂ ਨੇ ਅੱਖਾਂ ਮੀਟੀਆਂ ਹੋਈਆਂ ਸਨ ਤੇ ਕਹਿ ਰਹੀ ਸੀ, "ਵਾਸਤਾ ਰੱਬ ਦਾ, ਹੁਣ ਮੈਨੂੰ ਕੋਈ ਨਾ ਆਖੇ, 'ਇਹ ਸੁਫਨਾ ਹੈ, ਇਹ ਜੋ ਕੁਝ ਹੈ, ਏਸੇ ਤਰ੍ਹਾਂ ਬਣਿਆਂ ਰਹੇ।'

ਜੀਨ ਨੇ ਕਿਹਾ, "ਮਾਂ ਦਾ ਸੁਪਨਾ।"

ਲੇਨ ਨੇ ਕਿਹਾ, "ਮਾਂ ਰੋਂਦੀ।"

ਜੈਂਟ ਨੇ ਕਿਹਾ, "ਦੋ ਮਾਂ।"

ਮਾਂ ਨੇ ਕਿਹਾ, "ਮੇਰੀ ਮਿੱਠੀ ਦੁਨੀਆਂ।"

ਤਿੰਨੇ ਬੱਚੇ ਉੱਚੀ ਉੱਚੀ, ਪਰ ਅੱਗੜ ਪਿਛੜ ਬੋਲੇ ਮਾਂ, ਮਾਂ, ਮਾਂ।

# ਲਹਿਰਾਂ

ਲੈਂਟੈਨਕ ਨੂੰ ਕੋਠੜੀ ਵਿਚ ਬੰਦ ਕਰਕੇ ਸਿਮੋਰਡੇਨ ਗਾਵੇਨ ਪਾਸ ਆਇਆ ਤੇ ਬੋਲਿਆ, ਮੈਂ ਲੈਂਟੈਨਕ ਕੋਲ ਰੋਟੀ ਤੇ ਪਾਣੀ ਦਾ ਘੜਾ ਰੱਖ ਕੇ ਬੰਦ ਕਰ ਆਇਆ ਹਾਂ। ਉਸ ਵਿਚ ਦੂਜੇ ਤੇ ਅਸਰ ਪੋਣ ਦੀ ਬੜੀ ਤਾਕਤ ਹੈ। ਮੈਨੂੰ ਡਰ ਸੀ ਕਿ ਕੋਈ ਰੋਟੀ ਜਾਂ ਪਾਣੀ ਦੇਣ ਗਿਆ, ਤਾਂ ਲੈਂਟੈਨਕ ਅਸਰ ਪਾਕੇ ਖਿਸਕੰਤ ਨ ਹੋ ਜਾਵੇ। ਕਲ ਸਵੇਰੇ ਤਿੰਨ ਆਦਮੀ ਬੈਠਕੇ ਫੈਸਲਾ ਕਰਨਗੇ ਤੇ ਪਰਸੋਂ ਦਿਨ ਚੜ੍ਹ-ਦਿਆਂ ਸਾਰ ਲੈਂਟੈਨਕ ਨੂੰ ਗਿਲੋਟੀਨ ਦੀ ਭੇਟਾ ਕੀਤਾ ਜਾਵੇਗਾ। ਉਨ੍ਹਾਂ ਤਿੰਨਾਂ ਆਦਮੀਆਂ ਵਿਚ ਤੁਹਾਨੂੰ ਨਹੀਂ ਲਿਆ ਜਾਵੇਗਾ। ਕਾਰਣ ? ਤੁਸੀਂ ਉਸੇ ਖਾਨਦਾਨ ਵਿੱਚੋਂ ਹੋ। ਲਹੂ ਦੇ ਸੇਕ ਕਰਕੇ ਕਈ-ਵਾਰ ਇਨਸਾਫ ਦੀ ਤਕੜੀ ਵਿਚ ਪਾਸਕੂ ਪੈ ਜਾਂਦਾ ਹੈ ਤੇ ਗਲਤ ਕੀਤੇ ਫੈਸਲੇ ਇਨਸਾਫ ਨੂੰ ਬਦਨਾਮ ਕਰਦੇ ਹਨ । ਉਹ ਤਿੰਨ ਆਦਮੀ ਹੋਣਗੇ ਰੇਡੋ, ਗੂਸ਼ੇਪ ਤੇ ਮੈਂ। ਤੂੰ ਹੁਣ ਖੁਸ਼ੀਆਂ ਮਨਾ।"

"ਬਹੁਤ ਹੱਛਾ," ਗਾਵੇਨ ਨੇ ਕਿਹਾ।

ਸਿਮੋਰਡੇਨ ਚਲਿਆ ਗਿਆ।

ਕਈ ਵਾਰ ਐਸੀਆਂ ਘਟਨਾਂ ਘਟਦੀਆਂ ਹਨ, ਜਿਸ ਨਾਲ ਆਦਮੀ ਦੇ ਮਨ ਵਿਚੋਂ ਸਾਗਰ ਦੀਆਂ ਲਹਿਰਾਂ ਵਾਂਗ ਵਿਚਾਰਾਂ ਦੀਆਂ ਲਹਿਰਾਂ ਔਂਦੀਆਂ ਜਾਂਦੀਆਂ ਹਨ। ਗਾਵੇਨ ਵਿਚਾਰਾਂ ਵਿਚ ਡੁਬ ਗਿਆ ।

ਬਾਹਰ ਸਿਪਾਹੀ ਮੁਰਦਿਆਂ ਨੂੰ ਦੱਬ ਰਹੇ ਸਨ, ਘਾਇਲਾਂ ਦੀ ਮਲ੍ਹਮ ਪੱਟੀ ਕਰ ਰਹੇ ਸਨ, ਥਾਂ ਥਾਂ ਤੇ ਪਹਿਰੇਦਾਰਾਂ ਨੂੰ ਖੜੇ ਕਰ ਰਹੇ ਸਨ। ਤੇ ਗਾਵੇਨ ਆਪਣੇ ਕਮਰੇ ਵਿਚ ਇਧਰ ਉਧਰ ਬੇ-ਚੈਨ ਹੋਕੇ ਘੁੰਮ ਰਿਹਾ ਸੀ। ਕਈਆਂ ਵਿਚਾਰਾਂ ਨੂੰ ਕਬਰਾਂ ਵਿਚ ਦੱਬ ਰਿਹਾ ਸੀ ਤੇ ਕਈਆਂ ਦੀ ਮਲ੍ਹਮ ਪੱਟੀ ਕਰ ਰਿਹਾ ਸੀ। ਉਸ ਦੇ ਵਿਚਾਰ ਕਿਲੇ ਤੇ ਕਬਰਾਂ ਦੇ ਪ੍ਰਛਾਂਵਿਆਂ ਵਾਂਗ ਦੂਰ ਦੂਰ ਤੱਕ ਫੈਲਦੇ ਜਾ ਰਹੇ ਸਨ।

ਗਾਵੇਨ ਸੋਚਣ ਲਗਾ; "ਮਨੁਖ ਦਾ ਦਿਲ ਕੀ ਹੈ? ਇਹ ਕਦੋਂ ਬਦਲਦਾ ਹੈ? ਤੇ ਕਿਵੇਂ ਬਦਲਿਆ ਜਾ ਸਕਦਾ ਹੈ? ਤੋਪਾਂ ਦੇ ਗੋਲੇ ਪੱਕੇ ਕਿਲੇ ਢਾਹ ਸਕਦੇ ਹਨ, ਪਰ ਖਿਆਲਾਂ ਤੇ ਇਨ੍ਹਾਂ ਦਾ ਕੋਈ ਅਸਰ ਨਹੀਂ ਹੁੰਦਾ। ਅੱਗ ਉੱਚੇ੨ ਮਹੱਲਾਂ ਨੂੰ ਸਾੜਕੇ ਢੇਰੀ ਕਰ ਦੇਂਦੀ ਹੈ, ਪਰ ਖਿਆਲਾਂ ਤੱਕ ਇਸ ਦਾ ਸੇਕ ਕਦੀ ਵੀ ਨਹੀਂ ਪਹੁੰਚਦਾ। ਮਨ ਸਾਡੇ ਕਿੰਨਾਂ ਨੇੜੇ ਹੈ, ਪਰ ਅਸਰ ਪੈਣ ਵੇਲੇ ਇਹ ਕੇਡੀ ਦੂਰ ਚਲਿਆ ਜਾਂਦਾ ਹੈ। ਅਸਰ ਕੀ ਹਨ? ਘਟਨਾਵਾਂ ਵਿਚੋਂ ਨਿਕਲੇ ਹੋਏ ਪ੍ਰਛਾਵੇਂ। ਘਟਨਾਵਾਂ ਕੀ ਹਨ? ਅਚਾਨਕ ਲੱਗੀਆਂ ਟੱਕਰਾਂ। ਟਕਰਾਂ ਕਿਉਂ ਲਗਦੀਆਂ ਹਨ,? ਇਕੋ ਰਾਹ ਤੇ ਉਲਟ ਪੁਲਟ ਚਲਦੇ ਪਾਂਧੀਆਂ ਦੀ ਲਾਪ੍ਰਵਾਹੀ ਕਰਕੇ। ਦੁਨੀਆਂ ਕੀ ਹੈ? ਏਹੋ ਜੇਹੇ ਅਨੇਕਾਂ ਰਾਹ ਤੇ ਅਨੇਕਾਂ ਪਾਂਧੀਆਂ ਦਾ ਭੇੜ। ਇਹ ਇਕੋ ਪਾਸੇ ਨੂੰ ਕਿਉਂ ਨਹੀਂ ਜਾਂਦੇ? ਕਿਉਂਕਿ ਅਸੀਂ ਇਕੋ ਮਸ਼ੀਨ ਦੇ ਗਿਣ ਮਿਣ ਕੇ ਬਣਾਏ ਹੋਏ ਪੁਰਜ਼ੇ ਨਹੀਂ ਹਾਂ। ਦੁਨੀਆਂ ਨੂੰ ਆਪਣੇ ਪਿਛੇ ਲਾਉਣ ਲਈ ਕਈ ਲੋਕ ਏਨੇ ਪਾਪ ਕਿਉਂ ਕਰਦੇ ਹਨ? ਹਰ ਮਨੁਖ ਦੇ ਸੁਭਾਵ ਦੀ ਇਹ ਕਿਰਤ ਹੈ ਕਿ ਮਾੜੇ ਉਤੇ ਆਪਣਾ ਅਸਰ ਪਾਵੇ। ਨਿੱਕੇ ਬੱਚੇ ਲਕੜੀ ਦੇ ਘੋੜੇ ਬਣਾਕੇ ਉਪਰ ਚੜ੍ਹਦੇ ਹਨ ਤੇ ਵੱਡੇ ਸੱਚ-ਮੁੱਚ ਦੇ ਘੋੜਿਆਂ ਤੇ, ਤੇ ਕਈ ਮਨੁਖਾਂ ਤੇ। ਅਸੀਂ ਇਕ ਪੌੜੀ ਦੇ ਵਖ ਵੱਖ ਡੰਡਿਆਂ ਤੇ ਖੜੋਤੇ ਹੋਏ ਮਨੁਖ ਹਾਂ, ਪਿਛਲਿਆਂ ਨੂੰ ਵੇਖ ਅਸੀਂ ਘੂਰਦੇ ਹਾਂ ਤੇ ਅਗੇ ਵਧਣ ਲਈ ਕਹਿੰਦੇ ਹਾਂ। ਪਰ ਅਗੇ ਆਪ ਖੜੇ ਹੁੰਦੇ

ਹਾਂ। ਅਗੇ ਕੌਣ ਹੈ? ਜੇ ਆਪਣੇ ਤੋਂ ਪਿਛਲਿਆਂ ਨੂੰ ਵੇਖੀਏ ਤਾਂ ਅਸੀਂ ਸਭ ਅੱਗੇ ਹਾਂ, ਤੇ ਜੇ ਅਗਲਿਆਂ ਨੂੰ ਵੇਖੀਏ ਤਾਂ ਸਭ ਪਿੱਛੇ ਹਾਂ। ਫਿਰ ਭੀ ਸਾਰੇ ਅਗੇ ਵਧੂ ਬਣਦੇ ਹਨ, ਕਿਉਂ? ਆਪਣੇ ਆਪ ਨੂੰ ਧੋਖਾ ਦੇਣ ਲਈ। ਠੀਕ ਕੀ ਹੈ? ਜਿਸ ਨੂੰ ਕੁਝ ਆਦਮੀ ਠੀਕ ਕਹਿ ਦੇਣ। ਤੇ ਬੁਰਾ ਕੀ ਹੈ? ਜਿਸ ਨੂੰ ਵੇਖਕੇ ਕੁਝ ਆਦਮੀ ਨੱਕ ਚਾੜ੍ਹਨ। ਨੱਕ ਵੱਟਣਾ ਤੇ ਠੀਕ ਕਹਿਣਾ ਸਾਡੀਆਂ ਘਸਵੱਟੀਆਂ ਹਨ। ਪਰ ਕਈ ਸਾਡੀਆਂ ਚੰਗੀਆਂ ਚੀਜ਼ਾਂ ਤੇ ਨੱਕ ਵੱਟਦੇ ਹਨ, ਤੇ ਪਰੇ ਸੁੱਟੀਆਂ ਚੀਜ਼ਾਂ ਨੂੰ ਚੁੰਮਦੇ ਨਹੀਂ ਰਜਦੇ, ਕਿਉਂ? ਹਰ ਕਿਉਂ ਦੇ ਅਗੇ ਲੰਮੇ ਲੰਮੇ ਮੈਦਾਨ ਹਨ। ਕਈ ਵਾਰ ਕਿਉਂ ਕਿਉਂ ਕਹਿਕੇ ਆਦਮੀ ਥੱਕ ਜਾਂਦਾ ਹੈ ਤੇ ਚੁਪ ਕਰ ਜਾਂਦਾ ਹੈ।" ਗਾਵੇਨ ਚੁਪ ਕਰ ਗਿਆ।

ਗਾਵੇਨ ਨੇ ਆਪਣੀ ਤਲਵਾਰ ਮਿਆਨ ਵਿੱਚੋਂ ਕੱਢੀ ਤੇ ਉਸ ਨੂੰ ਵੇਖਣ ਲਗ ਪਿਆ। "ਮੇਰੇ ਹੱਥ ਵਿਚ ਤਲਵਾਰ ਕਿਉਂ ਹੈ? ਮੈਂ ਸੈਨਾਪਤੀ ਕਿਉਂ ਹਾਂ? ਇਸ ਲਈ ਕਿ ਮੈਂ ਬਹਾਦਰ ਹਾਂ। ਕੀ ਰੇਡੋ ਬਹਾਦਰ ਨਹੀਂ? ਬਹਾਦਰ ਹੈ। ਫਿਰ ਉਹ ਸੈਨਾਪਤੀ ਕਿਉਂ ਨਹੀਂ? ਰਬ ਜਾਣੇ। ਮੈਨੂੰ ਤੇ ਮੇਰੇ ਬਾਬੇ ਲੰਟੇਨਕ ਨੂੰ ਤਲਵਾਰ ਕਿਨ ਦਿੱਤੀ? ਵਿਚਾਰਾਂ ਨੇ। ਸਾਡੇ ਦੋਹਾਂ ਨੂੰ ਇਕੋ ਪਾਸੇ ਦੀਆਂ ਤਲਵਾਰਾਂ ਕਿਉਂ ਨਹੀਂ ਦਿੱਤੀਆਂ ਗਈਆਂ? ਵਖੋ ਵਖਰੇ ਖਿਆਲ ਹੋਣ ਕਰਕੇ। ਮੈਨੂੰ ਹੁਣ ਇਨਸਾਫ ਕਰਨ ਵਾਲਿਆਂ ਵਿਚ ਕਿਉਂ ਨਹੀਂ ਲਿਆ ਗਿਆ? ਇੱਕੋ ਖ਼ੂਨ ਵਾਲਾ ਹੋਣ ਤੇ। ਮੈਨੂੰ ਆਪਣੇ ਬਾਬੇ ਦੇ ਉਲਟ ਲੜਨ ਵਾਲੀ ਫੌਜ ਦਾ ਸੈਨਾਪਤੀ ਕਿਉਂ ਬਣਾਇਆ ਗਿਆ? ਮੇਰੇ ਕੰਮਾਂ ਤੇ ਵਿਚਾਰਾਂ ਕਰਕੇ। ਹੁਣ ਮੇਰੇ ਵਿਚਾਰ ਕਿਉਂ ਸ਼ੱਕ ਨਾਲ ਵੇਖੇ ਗਏ? ਚੂੰਕਿ ਦੂਜੇ ਦੇ ਵਿਚਾਰਾਂ ਵਿਚ ਏਹੋ ਸੱਚ ਸੀ। ਸਾਰੇ ਵਿਚਾਰ ਕੀ ਹੋਏ? ਹਰ ਇਕ ਤੇ ਵੱਖਰੇ ਵੱਖਰੇ ਪਏ ਅਸਰਾਂ ਤੇ ਤਜਰਬਿਆਂ ਦੇ ਪਰਛਾਵੇਂ।

ਕੀ ਅਸੀਂ ਪ੍ਰਛਾਵੇਂ ਹਾਂ ? ਪ੍ਰਛਾਵੇਂ ਤੇ ਉਹ ਵੀ ਸੂਰਜਾਂ ਦੇ ਚੜ੍ਹਨ ਛਿਪਣ ਵੇਲੇ ਬਦਲਨ ਵਾਲੇ। ਅਸੀਂ ਹਮੇਸ਼ਾਂ ਇਕੋ ਜਿਹੇ ਕਿਉਂ ਨਹੀਂ ? ਕਿਉਂਕਿ ਅਸੀਂ ਬਣੇ ਬਣਾਤੇ ਨਹੀਂ ਆਏ। ਕਿਸੇ ਵੀ ਮਕਾਨ ਦੀਆਂ ਨੀਹਾਂ ਨਹੀਂ ਜਾਣਦੀਆਂ ਉਨ੍ਹਾਂ ਉਤੇ ਕੀ ਬਣਨਾ ਹੈ। ਫਿਰ ਪਤਾ ਕਿਸ ਨੂੰ ਹੋਇਆ ? ਉਸ ਨੂੰ, ਜਿਸ ਦੇ ਹੱਥ ਵਿਚ ਸਾਡੀ ਜਿੰਦਗੀ ਦਾ ਨਕਸ਼ਾ ਫੜਿਆ ਹੋਇਆ ਹੈ। ਨਕਸ਼ਾ ਕਿਸਨੇ ਬਣਾਇਆ ਹੈ ? ਜਿਸ ਦੀ ਕੁਦਰਤ ਕਲਮ ਦਿਸਦੀ ਹੈ, ਪਰ ਹਥ ਨਹੀਂ ਦਿੱਸਦੇ। ਕੁਝ ਰੰਗ ਅੱਗੇ ਦੇ ਭਰੇ ਹੁੰਦੇ ਹਨ, ਤੇ ਕੁਝ ਅਸੀਂ ਆਪ ਭਰਦੇ ਹਾਂ। ਕਾਲੀ ਕੋਠੜੀ ਵਿਚ ਬੰਦ ਪਏ ਨਕਸ਼ੇ ਤੇ ਕੀ ਰੰਗ ਭਰੇ ਜਾਣੇ ਹਨ ? ਜੋ ਸਾਡੀ ਵਿਚਾਰ ਵਿਚ ਔਣਗੇ। ਵਿਚਾਰ ਕੀ ਹੈ ? ਸੋਮੇ ਦਾ ਪਾਣੀ ਕੁਝ ਉਛਲ ਚੁਕਾ, ਕੁਝ ਉਛਲ ਰਿਹਾ ਤੇ ਕੁਝ ਉਛਲਨ ਵਾਲਾ।

''ਲੰਟੈਨਕ ਦਾ ਪਰਸੋਂ ਸਿਰ ਵੱਢਿਆ ਜਾਣਾ ਹੈ। ਕਿਉਂ ? ਫੈਸਲਾ ਜੁ ਦਿੱਤਾ ਜਾਵੇਗਾ। ਜੇ ਛਡ ਦੇਣ ਦਾ ਫੈਸਲਾ ਹੋਇਆ, ਫਿਰ ਕੀ ਹੋਵੇਗਾ ? ਛਡ ਦਿੱਤਾ ਜਾਵੇਗਾ। ਫੈਸਲਾ ਕੀ ਹੈ ? ਕੁਝ ਦਲੀਲਾਂ ਤੇ ਕੁਝ ਕੰਮਾਂ ਨੂੰ ਮਿਲਾਕੇ ਤੋਲਣਾ। ਕੀ ਅਸੀਂ ਸਭ ਕੁਝ ਉਹੋ ਹੀ ਹਾਂ, ਜਿੱਨਾਂ ਲੋਕਾਂ ਦੇ ਸਾਹਮਣੇ ਆ ਚੁਕੇ ਹਾਂ ? ਨਹੀਂ, ਪਰ ਅਸੀਂ ਕੇਵਲ ਆ ਚੁਕੇ ਹਿੱਸੇ ਹੀ ਵੇਖ ਸਕਦੇ ਹਾਂ। ਔਣ ਵਾਲੇ ਜੀਵਨ ਹਿੱਸੇ ਕੈਸੇ ਹਨ ? ਇਨਸਾਫ ਆਖੇਗਾ। 'ਉਹੋ ਜਿਹੇ ਜੋ ਸਾਡੇ ਸਾਹਮਣੇ ਆ ਚੁਕੇ ਹਨ, ਜਾਂ ਉਨ੍ਹਾਂ ਨਾਲ ਬਹੁਤ ਕੁਝ ਮਿਲਦੇ ਜੁਲਦੇ।' ਕੀ ਅੱਗ ਲਾਉਣ ਵਾਲੇ ਲੰਟੈਨਕ ਦਾ, ਅੱਗ ਵਿੱਚੋਂ ਬੱਚੇ ਕਢਣ ਵਾਲੇ ਲੰਟੈਨਕ ਨਾਲੋਂ ਕੋਈ ਫਰਕ ਨਹੀਂ ? ਫਰਕ ਹੈ ਤੇ ਬਹੁਤ ਫਰਕ ਹੈ। ਜੇ ਲੰਟੈਨਕ ਕਿਲ੍ਹੇ ਵਿਚੋਂ ਫੜਿਆ ਜਾਂਦਾ ਤਾਂ ਲੰਟੈਨਕ ਦੇ ਦੂਜੇ ਜੀਵਨ ਹਿੱਸੇ ਸੰਬੰਧੀ ਸਾਡੇ ਇਹ ਖਿਆਲ ਹੋ ਸਕਦੇ ? ਕਦੀ ਵੀ ਨਾ।

"ਲੰਟੈਨਕ ਹੁਣ ਫੜਿਆ ਗਿਆ ਹੈ, ਪਰ ਮੈਨੂੰ ਤਾਂ ਇਸਤਰਾਂ ਜਾਪਦਾ ਹੈ, ਉਹ ਬਹੁਤ ਉੱਚਾ ਉਡ ਗਿਆ ਹੈ—ਏਨਾ ਉੱਚਾ ਕਿ ਉਸ ਨੂੰ ਨਾ ਮੇਰੇ ਹਥ ਪਕੜ ਸਕਦੇ ਹਨ ਤੇ ਨਾ ਵਿਚਾਰ।

"ਉਸ ਉਤੇ ਕਿਸ ਨੇ ਫਤਹ ਪਾਈ ? ਇਕ ਮੰਗਤੀ ਨੇ ਤੇ ਤਿੰਨ ਬੱਚਿਆਂ ਨੇ? ਨਹੀਂ ਨਹੀਂ, ਸਗੋਂ ਮੰਗਤੀ ਦੇ ਕੁਝ ਸ਼ਬਦਾਂ ਨੇ।

"ਕੀ ਅਸੀਂ ਰਬੜ ਦੇ ਫੀਤੇ ਵਾਂਗ ਨਹੀਂ, ਜੇਹੜੇ ਕਈ ਵਾਰ ਖਿੱਚੇ ਜਾਂਦੇ ਹਾਂ, ਚੌੜੇ ਹੁੰਦੇ ਹਾਂ, ਲੰਮੇ ਹੁੰਦੇ ਹਾਂ, ਪਤਲੇ ਤੇ ਬਦਲੇ ਰੰਗ ਵਾਲੇ ਵੀ ਹੋ ਜਾਂਦੇ ਹਾਂ। ਪਰ ਫਿਰ ਕੀ ਹੁੰਦਾ ਹੈ ? ਉਥੇ, ਜਿਥੋਂ ਤੁਰਦੇ ਹਾਂ ਜਾ ਸਾਹ ਲੈਂਦੇ ਹਾਂ। ਅਸੀਂ ਕੀ ਹਾਂ ? ਅਨੇਕਾਂ ਵਾਰ ਖਿੱਚੇ ਗਏ ਤੇ ਫਿਰ ਉਥੇ ਆਏ ਹੋਏ ਰਬੜ ਦੇ ਫੀਤੇ।

"ਕੀ ਇਹ ਬੱਚੇ ਲੰਟੈਨਕ ਦੇ ਆਪਣੇ ਸਨ ? ਆਪਣੇ ਬੱਚੇ ਨੂੰ ਮਾਰਨ ਲਈ ਲੰਟੈਨਕ ਨੇ ਇਨਾਮ ਰੱਖਿਆ ਸੀ, ਜਿਵੇਂ ਮੈਂ ਉਸਦੇ ਸਿਰ ਦਾ। ਤਾਂ ਕੀ ਮਾਂ ਨੇ ਅਸਰ ਕੀਤਾ ? ਮਾਂ ਨੂੰ ਗੋਲੀ ਮਾਰਨ ਵੇਲੇ ਅਸਰ ਕਿਧਰ ਗਏ ਸਨ ? ਜਦੋਂ ਉਹ ਬੱਚਿਆਂ ਪਿੱਛੋ ਆਪਣਾ ਛੁਟਕਾਰਾ ਕਰਦਾ ਸੀ, ਉਦੋਂ ਕੌਣ ਸੀ ? ਰਾਖਸ਼। ਤੇ ਹੁਣ ਕੀ ਹੈ ? ਦੇਵਤਾ। ਮਨੁੱਖ ਕੀ ਹੈ ? ਕਦੀ ਦੇਵਤਾ ਤੇ ਕਦੀ ਰਾਖਸ਼, ਤੇ ਕਦੀ ਦੈਂਤ ਤੇ ਦੇਵਤਾ ਇਕੱਠਾ।

"ਲੰਟੈਨਕ ਮੇਰਾ ਬਾਬਾ ਹੈ, ਮੈਂ ਲੰਟੈਨਕ ਦਾ ਪੋਤਰਾ। ਮੂਲ ਨਾਲੋਂ ਵਿਆਜ ਪਿਆਰਾ ਹੁੰਦਾ ਹੈ। ਉਸਨੇ ਮੈਨੂੰ ਬੜਾ ਪਿਆਰ ਕੀਤਾ। ਮੈਂ ਉਸ ਤੋਂ ਦੂਰ ਕਿਉਂ ਚਲਿਆ ਗਿਆ ? ਮੇਰੇ ਅੰਦਰ ਅੱਧੀ ਪਾਦਰੀ ਦੀ ਰੂਹ ਭਰ ਦਿੱਤੀ ਗਈ ਤੇ ਅੱਧੀ ਕਿਸਾਨ ਦੀ। ਬਾਬੇ ਨੂੰ ਸ਼ਖਸੀ ਰਾਜ ਚੰਗਾ ਲੱਗਦਾ ਸੀ ਤੇ ਮੈਨੂੰ ਲੋਕ-ਰਾਜ। ਉਹ ਮੈਥੋਂ ਦੂਰ ਹੁੰਦਾ ਗਿਆ ਤੇ ਮੈਂ ਉਸ ਤੋਂ ਦੂਰ। ਉਸਨੇ ਇਸਤ੍ਰੀਆਂ ਗੋਲੀ ਨਾਲ ਉਡਾ ਦਿੱਤੀਆਂ, ਕੈਦੀ ਕਤਲ ਕਰ ਦਿੱਤੇ, ਤੇ ਮੈਂ ਇਸ ਤੋਂ ਉਲਟ। ਇਹਨਾਂ ਕੰਮਾਂ ਨੇ ਸਾਨੂੰ ਦੂਰ ਦੂਰ ਕਰ ਦਿੱਤਾ। ਜੇਹੜਾ

ਕੰਮ ਲੰਟੇਨਕ ਨੇ ਹੁਣ ਕੀਤਾ ਹੈ, ਇਹ ਫਿਰ ਮੈਨੂੰ ਉਨ੍ਹਾਂ ਦੇ ਨੇੜੇ ਕਿਉਂ ਖਿੱਚ ਰਿਹਾ ਹੈ ? ਜੇ ਅਸੀਂ ਕੰਮਾਂ ਤੋਂ ਦੂਰ ਜਾ ਸਕਦੇ ਸਾਂ ਤਾਂ ਹੁਣ ਕੀ ਕੰਮ ਸਾਨੂੰ ਇਕ ਦੂਜੇ ਦੇ ਨੇੜੇ ਨਹੀਂ ਕਰ ਸਕਦੇ ?

"ਮਨ ਕੀ ਹੈ ? ਜੀਵਨ ਦੀ ਪਹਿਲੀ ਲੜਾਈ । ਇਸ ਮੈਦਾਨ ਵਿਚ ਹਰ ਵੇਲੇ ਤਲਵਾਰਾਂ ਖੜਕਦੀਆਂ ਰਹਿੰਦੀਆਂ ਹਨ। ਜੇ ਕੋਈ ਜੰਗ ਦਾ ਇਤਿਹਾਸ ਲਿਖੇ ਤਾਂ ਉਹ ਮਨ ਦੇ ਮੈਦਾਨ ਵਿਚ ਹੋਣ ਵਾਲੀ ਲੜਾਈ ਨੂੰ ਕਦੇ ਵੀ ਨਹੀਂ ਲਿਖੇਗਾ। ਪਰ ਕੀ ਇਸ ਰਣਭੂਮੀ ਦੇ ਹਾਲ ਲਿਖਣ ਬਿਨਾ ਜੰਗ ਦਾ ਇਤਿਹਾਸ ਪੂਰਾ ਹੋ ਸਕਦਾ ਹੈ ?"………

ਗਾਵੇਨ ਦੇ ਸਿਪਾਹੀ ਲਗਪਗ ਜੰਗ ਜਿੱਤ ਚੁਕੇ ਸਨ। ਇਹ ਰਾਤ ਉਨ੍ਹਾਂ ਦੀ ਜਿਤ ਦੀ ਪਹਿਲੀ ਰਾਤ ਸੀ, ਪਰ ਗਾਵੇਨ ਅਜੇ ਤਕ ਲੜ ਰਿਹਾ ਸੀ। ਏਡੀ ਜੰਗ ਉਸ ਦੇ ਜੀਵਨ ਵਿਚ ਨਾ ਕੋਈ ਆਈ ਸੀ ਤੇ ਨਾਂ ਔਣ ਦੀ ਆਸ਼ਾ ਸੀ। ਸਾਡੇ ਜੀਵਨ ਵਿਚ ਉਹੋ ਕੁਝ ਨਹੀਂ ਔਂਦਾ, ਜਿਸ ਦੀ ਸਾਨੂੰ ਉਮੀਦ ਹੋਵੇ। ਚਾਹਿਆ ਅਣ-ਚਾਹਿਆ ਅੰਧੇਰੀ ਵਾਂਗ ਸਾਡੇ ਵਿਚ ਕਈ ਕੁਝ ਔਂਦਾ ਹੈ।

"ਲੰਟੇਨਕ ਨੇ ਸ਼ਖਸੀ ਰਾਜ ਨੂੰ ਕਾਇਮ ਕਰਨ ਲਈ ਅਨੇਕਾਂ ਖ਼ੂਨ ਕੀਤੇ, ਪਰ ਅਖੀਰ ਸਾਰੇ ਉਦੇਸ਼ ਬੱਚਿਆਂ ਤੋਂ ਕੁਰਬਾਨ ਕਰ ਦਿੱਤੇ। ਆਪਣਾ ਸਿਰ ਕਤਲ ਕਰਵਾਉਣਾ ਮਨਜ਼ੂਰ ਕੀਤਾ ਤੇ ਯਤੀਮ ਬੱਚਿਆਂ ਨੂੰ ਅੱਗ ਵਿੱਚੋਂ ਕਢਿਆ। ਜੇ ਉਹ ਪਹਿਲੇ ਇਕ ਕਿਸ਼ਤੀ ਲੈਕੇ ਫ਼ਰਾਂਸ ਵਿਚੋਂ ਕਿਸਾਨਾਂ ਦੀਆਂ ਫੌਜਾਂ ਇਕੱਠੀਆਂ ਕਰ ਸਕਦਾ ਸੀ ਤਾਂ ਹੁਣ ਕੀ ਔਖਾ ਸੀ ? ਫਿਰ ਉਸ ਨੇ ਇਹ ਕੁਝ ਕਿਉਂ ਕੀਤਾ ? ਕੇਹੜੇ ਵਿਚਾਰ ਉਸ ਦੇ ਮਨ ਵਿਚ ਉਮਡੇ ? ਕੇਹੜੇ ਉਦੇਸ਼ ਉਸ ਦੇ ਬਣ ਗਏ ਤੇ ਕਿਉਂ ? ਪਰ ਕੀ ਮੇਰਾ ਉਦੇਸ਼ ਨਹੀਂ ਬਦਲ ਸਕਦਾ ? ਸ਼ਾਇਦ ਮੈਨੂੰ ਬਦਲਨਾ ਪਵੇ ।

"ਜੇ ਮੈਂ ਬਦਲ ਗਿਆ ਤਾਂ ਫ਼ਰਾਂਸ ਕੀ ਹੋਵੇਗਾ ? ਦੂਜੇ

ਮੁਲਕਾਂ ਦੇ ਸਿਪਾਹੀ ਸਰਹੱਦਾਂ ਤੇ ਉਤਰਨਗੇ । ਅਣਪਛਾਤੇ ਮੂੰਹਾਂ ਤੇ ਓਪਰੀਆਂ ਬੋਲੀਆਂ ਵਾਲੇ ਸਾਡੇ ਤਰਲਿਆਂ ਨੂੰ ਨਾ ਸੁਣਨਗੇ ਤੇ ਨਾ ਸਮਝਣਗੇ। ਜੇਤੂ ਸਮਝਣਗੇ ਕਿ ਹਾਰੇ ਹੋਏ ਮਨੁੱਖ ਹੀ ਨਹੀਂ, ਜੋ ਹਨ ਵੀ ਤਾਂ ਸਾਡੇ ਵਰਗੇ ਨਹੀਂ। ਕੀ ਮੈਂ ਇਸ ਕੀਮਤ ਤੋਂ ਫ਼ਰਾਂਸ ਨੂੰ ਵੇਚ ਦਿਆਂ ? ਸ਼ਖਸੀ ਕੀਮਤਾਂ ਦੀ ਮੁਲਕ ਦੀਆਂ ਕੀਮਤਾਂ ਨਾਲ ਤੁਲਨਾ ਕਰਨੀ ਕਿਥੋਂ ਤਕ ਠੀਕ ਹੈ ? ਮੈਂ ਜੇ ਚੁਪ ਹੀ ਕਰ ਰਹਾਂ ਤਾਂ ਚੰਗਾ ਹੈ। ਪਰ ਕੀ ਚੁਪ ਰਹਿਣ ਨਾਲ ਅਸੀਂ ਆਪਣੀਆਂ ਜ਼ਿਮੇਵਾਰੀਆਂ ਦੇ ਭਾਰ ਤੋਂ ਬਚ ਰਹਿੰਦੇ ਹਾਂ ? ਇਹ ਆਪਣੇ ਆਪ ਨੂੰ ਧੋਖਾ ਦੇਣਾ ਹੈ। ਜਿੰਨੀ ਵਾਰ ਅਸੀਂ ਦੂਜਿਆਂ ਨੂੰ ਧੋਖਾ ਦੇਂਦੇ ਹਾਂ, ਉਸਤੋਂ ਕਿਤੇ ਬਹੁਤਾ ਆਪਣੇ ਆਪ ਨੂੰ ।

"ਅਜੀਬ ਗੱਲ ਹੈ, ਅਜੀਬ ਹਾਲਤ ਹੈ। ਉਸਨੇ ਨੇਕੀ ਕੀਤੀ। ਕੰਬਲ ਦਾ ਝੁੰਬ ਮਾਰਕੇ ਉਹ ਪੌੜੀਆਂ ਉਤਰ ਰਿਹਾ ਸੀ–ਧੁੰਦਲੇ ਨੈਣ ਕਹਿਣਗੇ, 'ਡੂੰਘੇ ਟੋਏ ਵਿਚ ਡਿਗਣ ਲਈ'; ਪਰ ਉਹ ਪੌੜੀਆਂ ਉਤਰ ਕੇ ਉਪਰ ਨੂੰ ਚੜ੍ਹ ਰਿਹਾ ਸੀ। ਛੋਟੀ ਜੈਂਟ ਨੇ ਵੀ ਉਸ ਨੂੰ 'ਮਾਂ' ਕਿਹਾ । ਫਿਰ ਮੈਂ ਆਪਣੇ ਬਾਬੇ ਨੂੰ ਬਾਬਾ ਕਿਉਂ ਨਹੀਂ ਕਹਿ ਸਕਦਾ ? ਬੱਚਾ ਸੱਚ ਕਹਿ ਸਕਦਾ ਹੈ ਤੇ ਵੱਡਾ ਸੱਚ ਕੇਵਲ ਸੋਚ ਸਕਦਾ ਹੈ ।

"ਲੋਕ–ਰਾਜ ਵਾਲੇ ਲੰਟੇਨਕ ਨੂੰ ਫਾਂਸੀ ਲਾ ਦੇਣਗੇ। ਸਮਾਂ ਲੰਘ ਜਾਵੇਗਾ; ਇਸ ਘਟਨਾਂ ਦੀ ਕਹਾਣੀ ਬਣਕੇ ਸਮੇਂ ਦੇ ਨਾਲ ਨਾਲ ਤੁਰ ਪਏਗੀ। ਅਜ ਦੀ ਗਿਲੋਟੀਨ ਦੂਰ ਰਹਿ ਜਾਵੇਗੀ । ਇਤਹਾਸ ਵਿਚ ਸੇਕ ਹੁੰਦਾ ਹੈ, ਉਹ ਕੌਮਾਂ ਤੇ ਮੁਲਕਾਂ ਦੇ ਲਹੂ ਨੂੰ ਗਰਮ ਰਖਦਾ ਹੈ।ਇਤਹਾਸ ਦੀਅੰਗੀਠੀ ਜਿਉਂਜਿਉਂ ਦੂਰਹੁੰਦੀਜਾਂਦੀ ਹੈ, ਮੁਲਕਾਂ ਦੇ ਲਹੂ ਜੰਮਦੇ ਜਾਂਦੇ ਹਨ, ਤੇ ਫਿਰ ਕੋਈ ਹੋਰ ਅੰਗੀਠੀ ਮਘਦੀ ਹੈ। ਕਈ ਲੋਕ, ਜਿਨ੍ਹਾਂ ਦੇ ਵੱਡੇ ਗਿਲੋਟੀਨ ਹੇਠਾਂ ਕੱਟੇ ਗਏ ਹੋਣਗੇ, ਉਹ ਅਜੈਬ ਘਰਾਂ ਵਿਚ ਗਿਲੋਟੀਨ ਵੇਖਕੇ ਆਖਿਆ

ਕਰਨਗੇ, ਇਹ ਕੀ ਹੈ? ਉਸ ਵੇਲੇ ਉਨ੍ਹਾਂ ਦੇ ਖ਼ੂਨ ਵਿਚ ਆਪਣੇ ਵੱਡਿਆਂ ਦੀ ਤੜਫਨੀ ਦਾ ਬਿਲਕੁਲ ਅਸਰ ਨਹੀਂ ਹੋਵੇਗਾ, ਪਰ ਉਦੋਂ ਵੀ ਉਨ੍ਹਾਂ ਕੋਲ ਲੰਟੈਨਕ ਦੀ ਕਹਾਣੀ ਹੋਵੇਗੀ। ਬੁੱਢੇ ਸੁਣਾਉਂਦੇ ਸੁਣਾਉਂਦੇ ਮਰਜਾਣਗੇ ਤੇ ਮੁੰਡੇ ਸੁਣਦੇਸੁਣਦੇਜੁਵਾਨ ਹੋਜਾਣਗੇ। ਮੂੰਹ ਤੇ ਬੋਲੀਆਂ ਬਦਲ ਜਾਣਗੀਆਂ, ਸੁਣਨ ਵਾਲੇ ਕੰਨ ਬਦਲ ਜਾਣਗੇ, ਪਰ ਕਹਾਣੀ ਤੇ ਕਹਾਣੀ ਤੇ ਟਿੱਪਣੀਆਂ ਵਧ ਜਾਣਗੀਆਂ। ਉਸ ਪਿਛੋਂ ਹੋਰ ਲੋਕ ਆਉਣਗੇ ਤੇ ਕਹਿਣਗੇ, 'ਲੰਟੈਨਕ ਨੇ ਕੇਡਾ ਚੰਗਾ ਕੰਮ ਕੀਤਾ ਪਰ ਲੋਕ-ਰਾਜ ਵਾਲਿਆਂ ਕੇਡਾ ਮਾੜਾ।' ਲੋਕ-ਰਾਜ ਵਾਲੇ ਕੀ ਚਾਹੁੰਦੇ ਸਨ? ਅਜਿਹੇ ਕੰਮਾਂ ਦਾ ਇਨਾਮ ਕੀ ਫਾਂਸੀ ਹੈ? ਫਿਰ ਮੈਂ ਕੀ ਕਰਾਂ? ਕੋਈ ਐਸਾ ਰਾਹ ਹੋ ਸਕਦਾ ਹੈ ਜਿਸ ਤਰ੍ਹਾਂ ਇਹ ਕਹਾਣੀ ਵੀ ਚੰਗੀ ਹੋ ਜਾਵੇ ਤੇ ਇਸਦਾ ਨਾਇਕ...ਤੇ ਨਾਇਕ ਮੈਂ ਬਣ ਜਾਵਾਂ? ਤੇ ਸਾਨੂੰ ਪਹਿਲੇ ਪਤਾ ਵੀ ਤਾਂ ਨਹੀਂ ਹੁੰਦਾ ਜੋ ਕਹਾਣੀ ਵਿਚ ਕਦੋਂ ਕਿਸ ਨੇ ਨਾਇਕ ਬਣ ਜਾਣਾ ਹੈ।"

ਤਰਕਾਂ ਦੀ ਇਕ ਲੜੀ ਬੱਝੀ ਹੋਈ ਸੀ, ਪਰ ਦਿਲ ਦੀਆਂ ਲਹਿਰਾਂ ਆ ਕੇ ਉਸ ਲੜੀ ਨੂੰ ਖੇਰੂੰ ਖੇਰੂੰ ਕਰ ਜਾਂਦੀਆਂ। ਅਸੀਂ ਕੇਵਲ ਸਾਗਰ ਦੇ ਕੰਢੇ ਹਾਂ। ਸਾਡੇ ਜੀਵਨ ਦੇ ਨਿੱਕੇ ਨਿੱਕੇ ਹਿੱਸੇ ਰੇਤਾਂ ਦੀਆਂ ਲਹਿਰਾਂ ਵਾਂਗ ਕੰਢਿਆਂ ਦੇ ਦੂਰ ਦੂਰ ਤਕ ਪਏ ਹਨ। ਲਹਿਰਾਂ ਔਂਦੀਆਂ ਹਨ ਤੇ ਅਗਲੀਆਂ ਲਹਿਰਾਂ ਦੇ ਨਿਸ਼ਾਨ ਮਿਟਾ ਕੇ ਹੋਰ ਨਵੇਂ ਨਿਸ਼ਾਨ ਬਣਾ ਜਾਂਦੀਆਂ ਹਨ। ਮਨੁਖ ਕੀ ਹੈ? ਹਰ ਵੇਲੇ ਬਣਦਾ ਤੇ ਉਸਰਦਾ ਰੇਤ-ਮੰਦਰ।

ਗਾਵੇਨ ਕੁਝ ਬਣਦਾ ਗਿਆ ਤੇ ਉਸ ਨੇ ਸੈਨਾਪਤੀ ਦੀ ਪੂਰੀ ਪੂਰੀ ਬਰਦੀ ਪਾ ਲਈ ਤੇ ਸਿਰ ਤੇ ਲੰਮੀ ਟੋਪੀ ਜਿਹੜੀ ਕਮਰ ਤੱਕ ਜਾਂਦੀ ਸੀ। ਰੁਕ ਕੇ, ਇਕ ਪਾਸੇ ਤੁਰ ਪਿਆ ਤੇ ਸੋਚਣ ਲਗਾ, 'ਸਿਮੋਰਡੇਨ ਦੇ ਹਥੋਂ ਲੰਟੈਨਕ ਕਦੀ ਵੀ ਬਚ ਨਹੀਂ ਸਕੇਗਾ।' ਰਵਾ ਰਵੀ ਗਾਵੇਨ ਤੁਰਿਆ ਗਿਆ। ਪਹਿਰੇਦਾਰ ਸਲਾਮਾਂ

ਦੇਂਦੇ ਗਏ। ਗਾਵੇਨ ਲੈਂਟੇਨਕ ਦੀ ਕਾਲ ਕੋਠੜੀ ਦੇ ਅਗੇ ਸੀ ਤੇ ਪਹਿਰੇਦਾਰ ਦਰਵਾਜ਼ਾ ਖੋਹਲ ਰਿਹਾ ਸੀ। ਦਰਵਾਜ਼ਾ ਖੁਲ੍ਹਿਆ ਤੇ ਗਾਵੇਨ ਅੰਦਰ ਚਲਿਆ ਗਿਆ ਤੇ ਦਰਵਾਜ਼ਾ ਅੰਦਰੋਂ ਬੰਦ ਕਰ ਦਿੱਤਾ। ਕਿੰਨੇ ਚਿਰ ਲਈ ?

ਰਾਤ ਦੇ ਤਿੰਨ ਵਜ ਚੁਕੇ ਸਨ। ਮੁਰਦੇ ਮਿੱਟੀ ਦੀਆਂ ਤੈਹਾਂ ਹੇਠ ਸੁਤੇ ਹੋਏ ਸਨ ਤੇ ਸਿਪਾਹੀ ਧਰਤੀ ਦੇ ਉਤੇ। ਆਦਮੀ ਹੌਂਚ ਸੌਂ ਸੌਂ ਕੇ ਲੰਮੀ ਨੀਂਦਰ ਨੂੰ ਯਾਦ ਕਰਦਾ ਹੈ। ਜੁਗਾਂ ਤੋਂ ਮਿੱਟੀ ਹੇਠਾਂ ਸੌਣ ਦਾ ਸੁਭਾਵ ਕੋਈ ਕਿਵੇਂ ਛੱਡ ਸਕਦਾ ਹੈ ? ਸਿਮੋਰਡੇਨ ਦਾ ਹਥ ਆਪਣੀ ਜੇਬ ਤੇ ਸੀ, ਜਿਸ ਵਿਚ ਕਾਲ ਕੋਠੜੀ ਦੀ ਦੂਜੀ ਚਾਬੀ ਸੀ। ਜਿਹੜੇ ਫੌਜੀਆਂ ਨੇ ਗਿਲੋਟੀਨ ਗੱਡੀ ਸੀ, ਉਹ ਥੱਕ ਗਏ ਹੋਏ ਸਨ ਤੇ ਪਾਸੇ ਮੋੜਨ ਵੇਲੇ ਹਾਇ ਹਾਇ ਕਰਦੇ ਸਨ।

# ਵਟਾਂਦਰਾ

ਕਾਲ ਕੋਠੜੀ ਵਿਚ ਇਕ ਦੀਵਾ ਜਗ ਰਿਹਾ ਸੀ। ਲੰਟੈਨਕ ਉਸਦੇ ਲਾਗੇ ਬੈਠਾ ਕਿਸੇ ਡੂੰਘੀ ਸੋਚ ਵਿਚ ਸੀ। ਪਾਣੀ ਦੇ ਘੜੇ ਤੇ ਸੁਕੀ ਰੋਟੀ ਪਈ ਹੋਈ ਸੀ। ਗਾਵੇਨ ਨੀਵੀਂ ਪਾਈ ਬੁਤ ਬਣਿਆ ਹੋਇਆ ਸੀ।

ਲੰਟੈਨਕ ਸਿਧਾ ਹੋ ਕੇ ਬੈਠ ਗਿਆ ਤੇ ਬੋਲਿਆ, "ਆਓ ਮਹਾਰਾਜ, ਅੱਜ ਤਾਂ ਕੀੜੀ ਦੇ ਘਰ ਨਰਾਇਣ ਆਏ ਹਨ। ਇਹ ਆਪ ਨੇ ਬੜਾ ਚੰਗਾ ਕੀਤਾ। ਕੁਝ ਚਿਰ ਗੱਲਾਂ ਕਰਾਂਗੇ, ਰਾਤ ਸੌਖੀ ਲੰਘ ਜਾਵੇਗੀ। ਮੈਨੂੰ ਬੜਾ ਦੁਖ ਹੈ ਕਿ ਮੈਂ ਤੁਹਾਡੇ ਬੈਠਣ ਨੂੰ ਕੁਝ ਦੇ ਨਹੀਂ ਸਕਦਾ। ਨਾ ਕੋਈ ਆਪ ਦੀ ਸੇਵਾ ਕਰ ਸਕਦਾ ਹਾਂ। ਸੁਕੀ ਰੋਟੀ ਹੈ, ਆਪ ਖਾ ਨਹੀਂ ਸਕੋਗੇ; ਠੰਢਾ ਪਾਣੀ ਹੈ, ਆਪ ਪੀ ਨਹੀਂ ਸਕੋਗੇ।"

"ਮੈਂ ਪੀ ਸੱਕਾਂਗਾ, ਮੈਨੂੰ ਪਾਣੀ ਦਿਓ", ਗਾਵੇਨ ਨੇ ਬੁਲ੍ਹਾਂ ਉਤੇ ਜ਼ਬਾਨ ਫੇਰਦੇ ਨੇ ਕਿਹਾ।

ਲੰਟੈਨਕ ਨੇ ਕਸੋਰਾ ਪਾਣੀ ਦਾ ਭਰ ਕੇ ਗਾਵੇਨ ਨੂੰ ਫੜਾਂ-ਦਿਆਂ ਕਿਹਾ, "ਜੋ ਕੁਝ ਅੱਜ ਹੋ ਰਿਹਾ ਹੈ, ਇਸਦੇ ਸੰਬੰਧੀ ਤੁਸੀਂ ਕਾਫੀ ਕੁਝ ਜਾਣਦੇ ਹੋ। ਅੱਜ ਰਾਜਾ ਤੇ ਰਾਣੀ ਦਾ ਨਾਮ ਲੈਣਾ ਸੱਭਿਅਤਾ ਦੇ ਉਲਟ ਖਿਆਲ ਕੀਤਾ ਜਾਂਦਾ ਹੈ। ਪੰਦਰਾਂ ਸੌ ਸਾਲ ਤੋਂ ਰਾਜੇ ਦੇ ਹਥ ਵਿਚ ਫਰਾਂਸ ਦੀ ਵਾਗ ਡੋਰ ਰਹੀ ਹੈ। ਜਿੰਨਾ

ਲਹੂ ਲੋਕ-ਰਾਜ ਵਾਲਿਆਂ ਥੋੜ੍ਹੇ ਜਿਹੇ ਸਮੇਂ ਵਿਚ ਡੋਹਲਿਆ ਹੈ, ਪੰਦਰਾਂ ਸੌ ਸਾਲ ਵਿਚ ਏਨਾ ਕਦੀ ਨਹੀਂ ਡੁੱਲ੍ਹਿਆ। ਅੱਗੇ ਇਕ ਰਾਜਾ ਹੁੰਦਾ ਸੀ ਤੇ ਉਸਦੀ ਰਾਣੀ ਸੀ ਫਰਾਂਸ ਦੀ ਧਰਤੀ। ਕੱਲ ਰਾਣੀ ਦਾ ਵਿਆਹ ਲੋਕ-ਰਾਜ ਨਾਲ ਹੋਇਆ ਹੈ। ਰਾਣੀ ਦੇ ਘਰ ਗਿਲੋਟੀਨ ਪੈਦਾ ਹੋਈ ਹੈ। ਮੇਰਾ ਵੀ ਉਸ ਨਾਲ ਨਾਤਾ ਹੋਣ ਵਾਲਾ ਹੈ। ਇਹ ਸਭ ਕੁਝ ਛੇਤੀ ਕਰੋ। ਮੈਂ ਤਾਂ ਝਟ ਪਟ ਸਭ ਦੀ ਸਫਾਈ ਕਰਨ ਦੇ ਹੱਕ ਵਿਚ ਹਾਂ।

"ਇਕ ਬੜੀ ਚੰਗੀ ਗੱਲ ਹੈ ਕਿ ਜਲਾਦ ਦਾ ਕੰਮ ਵੀ ਤੁਹਾਨੂੰ ਕਰਨਾ ਪਵੇਗਾ। ਲੋਕ ਵੇਖਣਗੇ ਪੋਤਰਾ ਬਾਬੇ ਨੂੰ ਕਿਵੇਂ ਗਿਲੋਟੀਨ ਹੇਠ ਦੇਂਦਾ ਹੈ। ਕਈ ਉਸ ਵੇਲੇ ਤੈਨੂੰ ਸ਼ਾਬਾਸ਼ੇ ਕਹਿਣ ਗੇ। ਮੂਰਖਾਂ ਨੂੰ ਲੋਕ ਸ਼ਾਬਾਸ਼ੇ ਕਹਿ ਕੇ ਉਹ ਕੰਮ ਕਰਵਾ ਲੈਂਦੇ ਹਨ, ਜਿਹੜੇ ਉਹ ਤਲਵਾਰ ਦੇ ਜ਼ੋਰ ਨਾਲ ਭੀ ਸ਼ਾਇਦ ਨ ਕਰਨ।

"ਰਾਜਾ ਡਾਕੂਆਂ ਨੂੰ ਕੈਦ ਕਰਦਾ ਸੀ। ਤੁਸੀਂ ਭਲੇਮਾਣਸਾਂ ਨਾਲ ਕਮਰੇ ਭਰ ਛੱਡੇ ਹਨ। ਫਰਕ ਤਾਂ ਕੇਵਲ ਸੂਣੀਆਂ ਵਿਚ ਹੋਇਆ, ਕਮਰੇ ਤਾਂ ਉਸੇ ਤਰ੍ਹਾਂ ਭਰੇ ਹੋਏ ਹਨ।

"ਜੋ ਕੁਝ ਹੋ ਰਿਹਾ ਹੈ, ਇਹ ਕੁਝ ਕਦੀ ਵੀ ਨ ਹੁੰਦਾ, ਜੇ ਇਨਕਲਾਬੀ ਖਿਆਲਾਂ ਵਾਲੇ ਵਾਲਟੇਅਰ ਤੇ ਰੂਸੋ ਨੂੰ ਖਤਮ ਕਰ ਦਿੱਤਾ ਜਾਂਦਾ। ਇਹ ਲਲਾਰੀਆਂ ਨਾਲੋਂ ਵੀ ਕਮੀਨੇ ਸਨ। ਲਲਾਰੀ ਸੁਹਣਾ ਰੰਗ ਰੰਗਦੇ ਹਨ, ਪਰ ਇਨ੍ਹਾਂ ਭੈੜੀ ਸਿਆਹੀ ਨਾਲ ਕਾਗਜ਼ ਲਿਬੇੜ ਦਿੱਤੇ ਹਨ। ਕਾਗਜ਼ ਰੰਗਣ ਵਾਲੇ ਲੋਕਾਂ ਦੇ ਖਿਆਲ ਬਦਲ ਦੇਂਦੇ ਹਨ। ਜਿਥੇ ਸਿਆਹੀ ਹੋਵੇਗੀ, ਉਥੇ ਕਾਲੇ ਦਾਗ ਜ਼ਰੂਰ ਲੱਗਣੇ ਹੋਏ। ਇਹਨਾਂ ਦੇ ਲੇਖ ਸਾੜਨ ਯੋਗ ਸਨ, ਪਰ ਨੌਜਵਾਨਾਂ ਨੇ ਇਨ੍ਹਾਂ ਨੂੰ ਰੱਬੀ ਸੁਨਿਹੇ ਸਮਝਿਆ। ਹਰ ਨੌਜਵਾਨ ਕੁਝ ਚਿਰ ਉਜੱਡ ਤੇ ਮੂਰਖ ਬਣਦਾ ਹੈ, ਨਿੱਕੀਆਂ ਗੱਲਾਂ ਦੇ ਵੱਡੇ ਅਰਥ ਕਢ ਕੇ ਮਰਨ ਮਾਰਨ ਲਈ ਤਿਆਰ ਹੋ ਜਾਂਦਾ ਹੈ। ਕਿਸੇ ਦੀ ਰੰਗੀ

ਚੁੰਨੀ ਹਵਾ ਨਾਲ ਉਡ ਜਾਵੇ, ਇਹ ਸਮਝਦਾ ਹੈ, ਮੈਨੂੰ ਆਸ਼ਕ ਬਣਨ ਦਾ ਨਿਉਂਦਾ ਦਿੱਤਾ ਗਿਆ। ਅਕਲ ਘਟ ਹੁੰਦੀ ਹੈ ਤੇ ਜੋਸ਼ ਬਹੁਤਾ। ਮੈਂ ਇਹ ਮੰਨਦਾ ਹਾਂ, ਉਸਦੀ ਮੂਰਖਤਾ ਉਸ ਨੂੰ ਸਿਆਣਾ ਕਰਦੀ ਹੈ, ਪਰ ਉਸ ਵੇਲੇ ਉਹ ਮੂਰਖ ਹੀ ਹੁੰਦਾ ਹੈ।

"ਤੂੰ ਤੇ ਆਪਣੀ ਕੁਲ ਤਾਰ ਛੱਡੀ ਏ।ਜਿਨ੍ਹਾਂ ਨੇ ਤੈਨੂੰ ਪਾਲ ਕੇ ਵੱਡਾ ਕੀਤਾ, ਤੂੰ ਉਨ੍ਹਾਂ ਨੂੰ ਪੈਰ ਪੈਰ ਤੇ ਹਰਾਇਆ, ਉਨ੍ਹਾਂ ਦਾ ਰਾਜ ਖੋਹਿਆ। ਹੁਣ ਉਨ੍ਹਾਂ ਨੂੰ ਖਤਮ ਕਰੇਂਗਾ। ਇਹ ਕਮਰਾ ਵੀ ਤੇਰਾ ਭਰਾ ਹੈ। ਜਦੋਂ ਤੂੰ ਵਧ ਫੁਲ ਰਿਹਾ ਸੀ, ਉਸ ਵੇਲੇ ਇਹ ਕਮਰਾ ਉਸਾਰਿਆ ਗਿਆ ਸੀ, ਕੇਡੀ ਸੁਹਣੀ ਗੱਲ ਹੈ, ਤੂੰ ਕੱਟੇਂਗਾ, ਕਮਰੇ ਨੇ ਰਾਤ ਭਰ ਮੈਨੂੰ ਬੰਦ ਕਰ ਕੇ ਰੱਖਣਾ ਹੈ।

"ਆਮ ਲੋਕ ਕਿਹਾ ਕਰਦੇ ਹਨ,ਕੋਇਲ ਦੇ ਬੱਚੇ ਕਾਂ ਪਾਲਦਾ ਹੈ, ਪਰ ਜਦੋਂ ਵੱਡੇ ਹੁੰਦੇ ਹਨ, ਉਹ ਕੋਇਲ ਦੀ ਬੋਲੀ ਹੀ ਸਿਖਦੇ ਹਨ; ਪਰ ਤੂੰ ਕਾਂ ਕੋਲ ਜਾ ਕੇ ਕਾਂ ਹੀ ਬਣ ਗਿਆ। ਆਪਣੇ ਸ਼ੈਤਾਨ ਗੁਰੂ ਨੂੰ ਵੀ ਮੇਰੇ ਵਲੋਂ ਨਮਸਕਾਰ ਕਰ ਦੇਵੀਂ।

"ਮੈਂ ਜੋ ਕੁਝ ਕਹਿਣਾ ਸੀ ਕਹਿ ਚੁਕਾ ਹਾਂ। ਹੋਰ ਸ਼ਬਦ ਬੜੇ ਹੋ ਸਕਦੇ ਹਨ, ਪਰ ਭਾਵ ਏਨਾਂ ਸੀ। ਬੁਰਾ ਨ ਮਨਾਈਂ।"

"ਮੈਂ ਕੁਝ ਵੀ ਬੁਰਾ ਨਹੀਂ ਸਮਝਦਾ। ਤੁਹਾਨੂੰ ਹੱਕ ਹੈ ਮੈਨੂੰ ਕੋਹਣ ਦਾ, ਜਿਵੇਂ ਸਿਮੋਰਡੇਨ ਨੂੰ ਹੈ। ਮੈਂ ਤੁਹਾਥੋਂ ਇਕ ਇਕਰਾਰ ਮੰਗਦਾ ਹਾਂ," ਤਰਲੇ ਨਾਲ ਗਾਵੇਨ ਨੇ ਕਿਹਾ।

"ਮੈਨੂੰ ਪਤਾ ਹੈ, ਤੂੰ ਕਹੇਂਗਾ, ਮੈਂ ਵੀ ਲੋਕ ਰਾਜ ਵਾਲਿਆਂ ਦੇ ਨਾਲ ਮਿਲ ਜਾਵਾਂ। ਮੈਂ ਇਹਨਾਂ ਸ਼ੈਤਾਨਾਂ ਦਾ ਕਦੀ ਸਾਥ ਨਹੀਂ ਦੇ ਸਕਦਾ," ਲੈਂਟੈਨਕ ਨੇ ਭਬਕਦੇ ਸ਼ੇਰ ਵਾਂਗ ਕਿਹਾ।

"ਨਹੀਂ, ਮੈਂ ਕੁਝ ਹੋਰ ਮੰਗਣਾ ਹੈ। ਤੁਸੀਂ ਇਕਰਾਰ ਕਰੋ ਜੋ ਉਹ ਸਭ ਕੁਝ ਦੇ ਦਿਓਗੇ।" ਗਾਵੇਨ ਨੇ ਕਿਹਾ, "ਤੁਸੀਂ ਦੂਜਿਆਂ ਦੇ ਬੱਚੇ ਬਚਾਉਂਦੇ, ਮੈਂ ਤੁਹਾਡਾ ਆਪਣਾ ਬੱਚਾ ਹਾਂ, ਮੈਂ ਚਾਹੁੰਦਾ

ਹਾਂ ਅੱਜ ਤੁਸੀਂ ਮੇਰੀ ਮਾਂ ਬਣੋ ਤੇ ਮੇਰੀ ਹਰ ਚਾਹ ਪੂਰੀ ਕਰੋ।''

"ਮੇਰੀ ਜ਼ਿੰਦਗੀ ਵਿਚ ਅੱਗੇ ਕੇਵਲ ਇਕ ਆਦਮੀ ਆਇਆ ਹੈ ਜਿਹੜਾ ਮੇਰੇ ਕੋਲੋਂ ਇਕਰਾਰ ਲੈ ਸਕਦਾ ਹੈ,'' ਲੰਟੈਨਕ ਨੇ ਰੁਕਕੇ ਆਖਿਆ, "ਪਰ ਮੈਂ ਅੱਜ ਆਪਣੇ ਵਿਚ ਮਾਂ ਪੁਣਾ ਆ ਗਿਆ ਵੇਖ ਰਿਹਾ ਹਾਂ। ਭਾਵੇਂ ਤੂੰ ਭੈੜਾ ਏਂ, ਪਰ ਮੈਂ ਮਾਪਿਆਂ ਵਾਂਗ ਫਿਰ ਭੀ ਤੇਰੀ ਹਰ ਗਲ ਮੰਨਾਂਗਾ।'' ਲੰਟੈਨਕ ਦੇ ਬੁਲ੍ਹ ਫਰਕ ਰਹੇ ਸਨ ਤੇ ਅੱਖਾਂ ਵਿਚ ਮਾਂ ਜਿੰਨੀ ਭੁੱਖ ਸੀ।

"ਕੇਵਲ ਸਮਾਂ ਹੋਣਾ ਚਾਹੀਦਾ ਹੈ, ਸਾਡੇ ਵਿਚ ਕਈ ਹੋਰ ਆ ਸਕਦੇ ਹਨ,'' ਗਾਵੈਨ ਨੇ ਕਿਹਾ, "ਇਕਰਾਰ ਕਰੋ।''

"ਮੈਂ ਇਕਰਾਰ ਕਰਦਾ ਹਾਂ,'' ਲੰਟੈਨਕ ਨੇ ਕਿਹਾ।

"ਮੈਨੂੰ ਯਕੀਨ ਹੈ, ਤੁਸੀਂ ਆਪਣੇ ਇਕਰਾਰ ਤੇ ਪੂਰੇ ਰਹੋਗੇ। ਝਟ ਪਟ ਆਪਣੇ ਕਪੜੇ ਲਾਹ ਦਿਓ…ਬਹੁਤ ਮਿਹਰਬਾਨੀ। ਹਾਂ, ਏਥੇ ਰਖ ਦਿਓ। ਆਪਣੀ ਟੋਪੀ ਵੀ ਲਾਹ ਦਿਓ…ਬਹੁਤ ਧੰਨਵਾਦ। ਮੇਰੀ ਕਮੀਜ਼ ਪਾ ਲਵੋ…ਠੀਕ ਹੈ। ਹੁਣ ਪੈਂਟ ਪਾ ਲਵੋ…ਪੇਟੀ ਘੁਟ ਕੇ ਬੰਨ੍ਹ ਲਵੋ, ਉਤੇ ਓਵਰਕੋਟ ਪਾ ਲਵੋ… ਬੱਸ ਠੀਕ ਹੈ। ਸਿਰ ਤੇ ਲੰਮੀ ਟੋਪੀ ਰੱਖ ਲਵੋ। ਹੁਣ ਕਮਰੇ ਵਿਚੋਂ ਚੁਪ ਕਰ ਕੇ ਬਾਹਰ ਚਲੇ ਜਾਵੋ। ਬਾਹਰ ਜਾ ਕੇ ਦਰਵਾਜ਼ਾ ਬੰਦ ਕਰ ਦੇਣਾ। ਛੇ ਸਤ ਮੀਲ ਸਫਰ ਕਰਨ ਤੋਂ ਪਹਿਲੇ ਕਿਤੇ ਨਾ ਖੜੇ ਹੋਣਾ।'' ਗਾਵੈਨ ਨੇ ਝਟ ਪਟ ਬਾਬੇ ਦੇ ਕਪੜੇ ਪਾਏ ਤੇ ਬੈਠ ਗਿਆ। ਲੰਟੈਨਕ ਬੇ-ਹੋਸ਼ਾਂ ਵਾਂਗ ਬਾਹਰ ਚਲਿਆ ਗਿਆ। ਉਸ ਦੀਆਂ ਅੱਖਾਂ ਵਿਚ ਅੱਥਰੂ ਸਨ।

ਸਿਮੌਰਡੇਨ ਸੁਪਨੇ ਦੇ ਪੈਰਾਂ ਨਾਲ ਇਧਰ ਉਧਰ ਘੁੰਮ ਰਿਹਾ ਸੀ। ਉਸ ਨੇ ਗਾਵੈਨ ਦਾ ਲਾਲ ਮੂੰਹ ਸੇਬ ਵਾਂਗ ਵੇਖਿਆ ਤੇ ਫਿਰ ਝਟ ਝੁਰੜੀਆਂ ਨਾਲ ਭਰਿਆ ਹੋਇਆ। ਉਸਦੇ ਵਾਲ ਸਫੈਦ ਹੋ ਗਏ। ਜਿਸ ਬ੍ਰਿਛ ਦੀ ਛਾਂ ਹੇਠ ਗਾਵੈਨ ਬੈਠਾ ਸੀ, ਉਸ ਨੂੰ ਝੱਖੜ

ਨੇ ਪੁਟ ਦਿੱਤਾ। ਸਿਮੋਰਡੇਨ ਚੀਕਾਂ ਮਾਰਦਾ ਉਠ ਖਲੋਤਾ; ਤੇ ਉਧਰ ਗਾਵੇਨ ਡੂੰਘੀ ਨੀਂਦਰ ਸੁੱਤਾ ਹੋਇਆ ਸੀ।

ਪਹਿਰੇਦਾਰਾਂ ਦੀਆਂ ਅੱਖਾਂ ਵਿਚ ਨੀਂਦਰ, ਤੇ ਸਿਰ ਭਾਰਾ ਸੀ। ਭਗਤਾਂ ਦੀਆਂ ਅੱਖਾਂ ਆਕਾਸ਼ਾਂ ਵਿਚ ਗੱਡੀਆਂ ਸਨ। ਲੰਟੇਨਕ ਥੱਕਾ ਟੁਟਾ ਹੋਇਆ, ਇਕਰਾਰ ਦਾ ਬੱਧਾ ਹੋਇਆ ਜੰਗਲ ਵਲ ਜਾ ਰਿਹਾ ਸੀ ਤੇ ਸੋਚ ਰਿਹਾ ਸੀ: ਮੈਂ ਇਕਰਾਰ ਕਰ ਕੇ ਗਾਵੇਨ ਨੂੰ ਕੁਝ ਦਿੱਤਾ ਹੈ ਕਿ ਲਿਆ ਹੈ ?

CHARAN Singh
1961 - 1962
J&K

# ਤੱਕੜੀ

ਸਿਮੋਰਡੇਨ ਨੇ ਫੌਜੀ ਅਦਾਲਤ ਲਈ ਕਾਲ ਕੋਠੜੀ ਦੇ ਅਗੇ ਪਰਬੰਧ ਕੀਤਾ। ਤਿੰਨ ਰੰਗਾ ਝੰਡਾ ਝੂਲ ਰਿਹਾ ਸੀ। ਲੋਕ-ਰਾਜ ਲੰਟੈਨਕ ਸਬੰਧੀ ਇਸ਼ਤਿਹਾਰ ਤੇ ਗਾਵੇਨ ਵਾਲਾ ਇਸ਼ਤਿਹਾਰ ਦੋਵੇਂ ਮੇਜ਼ ਤੇ ਪਏ ਸਨ। ਇਕ ਪਾਸੇ ਰੇਡੋ ਬੈਠਾ ਹੋਇਆ ਸੀ। ਉਸਦੇ ਕੰਨ ਦੀ ਪੱਟੀ ਵਿਚੋਂ ਲਹੂ ਸਿੰਮ ਰਿਹਾ ਸੀ। ਕੁਝ ਸਿਪਾਹੀ ਨੰਗੀਆਂ ਤਲਵਾਰਾਂ ਨਾਲ ਪਹਿਰਾ ਦੇ ਰਹੇ ਸਨ ਤੇ ਕੁਝ ਫੈਸਲਾ ਸੁਣਨ ਲਈ ਖੜੋਤੇ ਹੋਏ ਸਨ । ਗੂਸ਼ੇਪ ਤੇ ਇਕ ਮੁਨਸ਼ੀ ਵੀ ਆ ਕੇ ਕੁਰਸੀਆਂ ਤੇ ਬੈਠ ਗਏ। ਸਿਮੋਰਡੇਨ ਦੇ ਲੱਕ ਨਾਲ ਇਕ ਕਿਰਚ ਲਟਕ ਰਹੀ ਸੀ ਤੇ ਦੋ ਪਸਤੌਲ। ਉਸ ਨੂੰ ਇਸ ਤਰ੍ਹਾਂ ਪ੍ਰਤੀਤ ਹੁੰਦਾ ਸੀ, 'ਮੇਰੇ ਪਸਤੌਲ ਕਈਆਂ ਚਿਰਾਂ ਤੋਂ ਬੰਦ ਹਨ, ਜਦੋਂ ਇਹ ਚੱਲੇ ਦੁਨੀਆਂ ਕੰਬ ਉਠੇਗੀ।'

ਸਿਮੋਰਡੇਨ ਨੇ ਕਲਮ ਫੜੀ ਤੇ ਬੁਲ੍ਹ ਟੁੱਕਦੇ ਨੇ ਲਿਖਿਆ, "ਲੰਟੈਨਕ ਪਕੜਿਆ ਗਿਆ ਹੈ, ਕਲ ਉਸਦਾ ਸਿਰ ਕੱਟ ਦਿਤਾ ਜਾਵੇਗਾ"। ਕਾਗਜ਼ ਨੂੰ ਪੂਣੀ ਬਣਾ ਕੇ ਇਕ ਸਿਪਾਹੀ ਦੇ ਹਥ ਦੇ ਕੇ ਕਿਹਾ, "ਕੋਈ ਚੰਗਾ ਘੋੜਾ ਲੈ ਜਾ, ਇਸ ਨੂੰ ਛੇਤੀ ਤੋਂ ਛੇਤੀ ਲੋਕ ਸਭਾ ਨੂੰ ਪੁਚਾਉਣਾ ਹੈ। ਮੈਂ ਚਾਹੁੰਦਾ ਹਾਂ, ਇਧਰ ਕਲ ਗਿਲੋਟੀਨ ਡਿੱਗੇ, ਉਧਰ ਕਾਗਜ਼ ਪੜ੍ਹਿਆ ਜਾਵੇ ।" ਸਲਾਮ ਕਰ ਕੇ ਸੁਵਾਰ ਚਲਿਆ ਗਿਆ। ਸਿਮੋਰਡੇਨ ਦਾ ਹੁਣ ਮੂੰਹ ਲਾਲ ਸੀ, ਉਸ ਨੇ ਜ਼ੋਰ ਨਾਲ ਕਿਹਾ, "ਕੈਦੀ ਨੂੰ ਹਾਜ਼ਰ ਕਰੋ।"

ਦਰਵਾਜ਼ਾ ਖੁੱਲ੍ਹਾ, ਸਿਪਾਹੀਆਂ ਦੇ ਘੇਰੇ ਵਿਚ ਕੈਦੀ ਬਾਹਰ ਆਇਆ। ਗਾਵੇਨ ? ਵੇਖ ਕੇ ਸਿਮੋਰਡੇਨ ਕੰਬ ਗਿਆ ਤੇ ਬੋਲਿਆ:

"ਮੈਨੂੰ ਕੈਦੀ ਚਾਹੀਦਾ ਹੈ, ਗਾਵੇਨ ਨਹੀਂ।"

ਸਿਪਾਹੀ ਕੰਬ ਗਏ।

ਗਾਵੇਨ ਬੋਲਿਆ, "ਗੁਰਦੇਵ, ਗਾਵੇਨ ਹੀ ਕੈਦੀ ਹੈ।"

"ਦੋਸ਼ੀ ਲੰਟੈਨਕ ਕਿਥੇ ਗਿਆ?"

"ਬੱਚਿਆਂ ਦਾ ਰਖਵਾਲਾ ਚਲਿਆ ਗਿਆ ਹੈ।"

"ਹਾ ਹਾ! ਮੇਰੀ ਭੁਲ ਸੀ, ਮੈਂ ਚੰਗਾ ਪ੍ਰਬੰਧ ਨਹੀਂ ਕੀਤਾ, ਉਹ ਦੌੜ ਗਿਆ ਹੋਵੇਗਾ। ਜਿਵੇਂ ਕਿਲੇ ਵਿਚ ਸੁਰੰਗ ਸੀ, ਇਸ ਤਰ੍ਹਾਂ ਇਸ ਕਮਰੇ ਵਿਚ ਵੀ ਹੋਵੇਗੀ।" ਥਿੜਕਦਿਆਂ, ਗਲ ਟਾਲਣ ਲਈ, ਸਿਮੋਰ ਨੇ ਕਿਹਾ।

"ਨਹੀਂ, ਗੁਰਦੇਵ, ਉਸ ਨਾਲ ਮੈਂ ਆਪ ਥਾਂ ਬਦਲਾ ਲਈ ਹੈ। ਥਾਵਾਂ ਬਦਲਾਇਆਂ ਵੱਡੇ ਵੱਡੇ ਪ੍ਰਸ਼ਨ ਆਪੇ ਹੱਲ ਹੋ ਜਾਂਦੇ ਹਨ। ਮੈਂ ਸੋਚਦਾ ਹਾਂ, ਜੇ ਅਸੀਂ ਹਾਰ ਜਾਂਦੇ ਤਾਂ ਤੁਹਾਡੇ ਥਾਂ ਲੰਟੈਨਕ ਨੇ ਬੈਠੇ ਹੋਣਾ ਸੀ ਤੇ ਮੇਰੇ ਨਾਲ ਦੂਜੇ ਤੁਸੀਂ ਵੀ ਏਥੇ ਖੜੋਤੇ ਹੁੰਦੇ। ਇਖਲਾਕ ਸਿਖਾਉਣ ਲਈ ਅਸੀਂ ਅਨੇਕਾਂ ਚੀਜ਼ਾਂ ਬੱਚਿਆਂ ਨੂੰ ਦਸਦੇ ਹਾਂ। ਮੇਰਾ ਯਕੀਨ ਹੈ, ਜੇ ਕੇਵਲ ਥਾਵਾਂ ਬਦ-ਲਾਉਣੀਆਂ ਦੱਸੀਆਂ ਜਾਣ ਤਾਂ ਦੁਨੀਆਂ ਸੁਰਗ ਬਣ ਜਾਵੇ," ਗਾਵੇਨ ਨੇ ਸ਼ਾਂਤ ਚਿਤ ਖੜੋਤੇ ਨੇ ਕਿਹਾ।

"ਸੁਰਗ ਵਿਚ ਵੱਸਣ ਵਾਲੇ ਦੇਵਤੇ, ਮੈਨੂੰ ਸ਼ੱਕ ਹੈ ਜੋ ਤੈਨੂੰ ਕੁਝ ਪਿਲਾਇਆ ਗਿਆ ਹੈ, ਜਾਂ ਤੇਰੇ ਤੇ ਕੁਝ ਕੀਤਾ ਗਿਆ ਹੈ। ਜੋ ਕੁਝ ਤੂੰ ਬੋਲ ਰਿਹਾ ਏਂ, ਇਸ ਵਿਚ ਕੋਈ ਹੋਰ ਰੂਹ ਹੈ ਤੇ ਉਹ ਹੈ ਲੰਟੈਨਕ ਦੀ," ਸਿਮੋਰਡੇਨ ਨੇ ਜ਼ੋਰ ਨਾਲ ਕਿਹਾ।

"ਤੁਸੀਂ ਠੀਕ ਕਹਿੰਦੇ ਹੋ। ਮੈਨੂੰ ਮਸਤੀ ਦਾ ਪਿਆਲਾ ਪਿਲਾਇਆ ਗਿਆ ਹੈ। ਇਹ ਉਹ ਮਸਤੀ ਹੈ, ਜੋ ਦੂਜੇ ਦੇ ਕੰਮ ਆਉਣ ਵੇਲੇ ਮਿਲਦੀ ਹੈ। ਇਹ ਵੀ ਠੀਕ ਹੈ, ਲੰਟੈਨਕ ਨੇ ਬੱਚੇ ਬਚਾ ਕੇ ਮੇਰੇ ਤੇ ਕੁਝ ਕਰ ਦਿਤਾ ਹੈ ਤੇ ਹੁਣ ਉਹੋ ਮੇਰੇ ਅੰਦਰ ਬੋਲਦਾ

ਹੈ।'' ਗਾਵੇਨ ਨੇ ਆਪਣਾ ਦਿਲ ਲਿਖੇ ਕਾਗਜ਼ ਵਾਂਗ ਪੜ੍ਹ ਕੇ ਸੁਣਾ ਦਿਤਾ।

''ਮਲੂਮ ਹੁੰਦਾ ਹੈ, ਤੈਨੂੰ ਉਸਦੇ ਸਾਰੇ ਕੀਤੇ ਜ਼ੁਲਮ ਭੁੱਲ ਗਏ ਹਨ।''

''ਮੈਨੂੰ ਸਭ ਕੁਝ ਯਾਦ ਹੈ, ਪਰ ਮੇਰਾ ਇਹ ਵੀ ਯਕੀਨ ਹੈ, ਹੁਣ ਉਸ ਵਿਚੋਂ ਨੇਕੀਆਂ ਦਾ ਸੋਮਾ ਫੁਟ ਚੁਕਾ ਹੈ ਤੇ ਸ਼ਾਇਦ ਉਸਦਾ ਰਹਿੰਦਾ ਜੀਵਨ ਲੋਕਾਂ ਲਈ ਸੁਖਦਾਈ ਬਣ ਜਾਵੇ,'' ਗਾਵੇਨ ਨੇ ਕਿਹਾ।

''ਸ਼ਾਇਦ ਜਿਹੀ ਬੇ ਬੁਨਿਆਦ ਚੀਜ਼ ਤੇ ਯਕੀਨ ਕਰ ਕੇ ਕਾਨੂੰਨ ਆਪਣੀਆਂ ਘੁੰਡੀਆਂ ਖੋਹਲਣ ਨੂੰ ਤਿਆਰ ਨਹੀਂ,'' ਸਿਮੋਰਡੇਨ ਨੇ ਤਮਕ ਕੇ ਕਿਹਾ।

''ਕਾਨੂੰਨ ਦੇ ਰਖਵਾਲੇ ਕਿਸ ਕਰ ਕੇ ਲਾਗੇ ਬੈਠੇ ਹੁੰਦੇ ਹਨ? ਏਸੇ ਲਈ ਕਿ ਇਸ ਮਸ਼ੀਨ ਤੇ ਉਨ੍ਹਾਂ ਦਾ ਕਾਬੂ ਹੋਵੇ, ਉਹ ਲੱਕੜ ਤੇ ਆਦਮੀ ਵੱਢਣ ਵੇਲੇ ਫਰਕ ਲੱਭ ਸਕਣ। ਜਜਾਂ ਦੇ ਵਿਚ ਦਿਲ ਹੋਵੇ ਤੇ ਦਿਲ ਵਿਚ ਹਮਦਰਦੀ ਤੇ ਜਜ਼ਬਾਤ ਹੋਣ। ਅਜਿਹਾ ਜੱਜ ਮਨੁਖਤਾ ਦੇ ਖਿਲਾਫ ਕੋਈ ਫੈਸਲਾ ਨਹੀਂ ਦੇ ਸਕਦਾ,'' ਗਾਵੇਨ ਨੇ ਕਿਹਾ।

''ਜਜ਼ਬਾਤ? ਜਜ਼ਬਾਤ ਕੋਈ ਚੀਜ਼ ਨਹੀਂ,'' ਸਿਮੋਰਡੇਨ ਨੇ ਕਸੀਸ ਵੱਟ ਕੇ ਕਿਹਾ, ''ਇਹ ਬੱਚਿਆਂ ਦੀ ਖੇਡ ਹੈ, ਜਿਸਦਾ ਕੋਈ ਅਰਥ ਨਹੀਂ।''

''ਬੱਚਿਆਂ ਦੀਆਂ ਖੇਡਾਂ ਉਨ੍ਹਾਂ ਦੀ ਔਣ ਵਾਲੀ ਜ਼ਿੰਦਗੀ ਦੇ ਪਰਛਾਵੇਂ ਹਨ। ਖੇਡਾਂ ਦੀ ਕੋਈ ਤਰਤੀਬ ਹੈ ਤੇ ਇਹ ਕਿਸੇ ਧਾਗੇ ਵਿਚ ਪ੍ਰੋਤੇ ਹੋਏ ਮਾਲਾ ਦੇ ਮਣਕਿਆਂ ਵਾਂਗ ਹੈ। ਖੇਡਾਂ ਵੱਡੀਆਂ ਵੱਡੀਆਂ ਸ੍ਰੇਣੀਆਂ ਵਿਚ ਹਨ। ਮਨੁੱਖਤਾ ਉੱਨੀ ਉਚੀ ਜਾਵੇਗੀ, ਜਿੰਨੀਆਂ ਉਚੀਆਂ ਸਾਡੇ ਬੱਚੇ ਦੀਆਂ ਖੇਡਾਂ ਹੋਣਗੀਆਂ। ਮੱਖੀ ਤੇ

ਮੱਛਰ ਦੇ ਬੱਚੇ ਵਿਚ ਖੇਡ ਨਹੀਂ ਹੁੰਦੀ। ਕਾਰਣ? ਦੋਹਾਂ ਦਾ ਕੰਮ ਬੀਮਾਰੀਆਂ ਫੈਲਾਉਣਾ ਹੈ। ਨੀਵੀਆਂ ਸ਼੍ਰੇਣੀਆਂ ਜੰਮਦੀਆਂ ਹਨ ਤੇ ਜੰਮਦੇ ਸਾਰ ਰੋਜ਼ੀ ਦੀ ਤਲਾਸ਼ ਵਿਚ ਜੁਟ ਪੈਂਦੀਆਂ ਹਨ। ਮਨੁੱਖ ਦਾ ਬੱਚਾ ਇਸ ਤਰ੍ਹਾਂ ਕਿਉਂ ਨਹੀਂ ਕਰਦਾ? ਕਿਉਂਕਿ ਉਸਦਾ ਕੰਮ ਕੇਵਲ ਪੇਟ ਭਰਨਾ ਹੀ ਨਹੀਂ," ਗਾਵੇਨ ਨੇ ਜ਼ੋਰ ਨਾਲ ਕਿਹਾ।

"ਤੂੰ ਕਿਥੇ ਖੜੋਤਾ ਏਂ?"

"ਆਪਣੇ ਗੁਰਦੇਵ ਅਗੇ," ਗਾਵੇਨ ਨੇ ਕਿਹਾ।

"ਤੇਰਾ ਗੁਰਦੇਵ ਇਸ ਵੇਲੇ ਕੀ ਹੈ?"

"ਉਚੀ ਮਨੁਖਤਾ, ਮਿਠੀ ਇਨਸਾਨੀਅਤ।"

"ਉਹ ਕੀ ਕੰਮ ਕਰ ਰਿਹਾ ਹੈ?"

"ਤਕੜੀ ਵਿਚ ਇਨਸਾਫ ਤੋਲ ਰਿਹਾ ਹੈ।"

"ਇਸ ਵੇਲੇ ਨਾ ਮੈਂ ਤੇਰਾ ਗੁਰੂ ਹਾਂ, ਤੇ ਨਾ ਤੂੰ ਮੇਰਾ ਚੇਲਾ। ਮੈਂ ਇਸ ਵੇਲੇ ਜੱਜ ਹਾਂ ਤੇ ਤੂੰ ਦੋਸ਼ੀ। ਏਥੇ ਉਹੋ ਗੱਲਾਂ ਹੋਣੀਆਂ ਚਾਹੀਦੀਆਂ ਹਨ, ਜਿਨ੍ਹਾਂ ਦਾ ਇਨਸਾਫ ਨਾਲ ਸੰਬੰਧ ਹੈ," ਸਿਮੋਰਡੇਨ ਨੇ ਆਪੇ ਤੇ ਕਾਬੂ ਪਾਉਂਦਿਆਂ ਕਿਹਾ।

"ਮੈਨੂੰ ਪਤਾ ਹੈ, ਅਜੇਹੀਆਂ ਗੱਲਾਂ ਲੋਕਾਂ ਨੂੰ ਕਾਫੀ ਧੋਖਾ ਦੇ ਸਕਦੀਆਂ ਹਨ। ਲੋਕਾਂ ਨੂੰ ਕੇਵਲ ਜੱਜ ਬਣਕੇ ਤਸੱਲੀ ਵੀ ਹੋ ਸਕਦੀ ਹੈ। ਪਰ ਮੈਂ ਜਾਣਦਾ ਹਾਂ, ਜੱਜ ਮਨੁਖ ਹੈ, ਤੇ ਸਾਰੇ ਮਨੁਖਾਂ ਵਿਚ ਉਹੋ ਕੁਝ ਹੁੰਦਾ ਹੈ, ਜੋ ਕੁਝ ਮੇਰੇ ਤੁਹਾਡੇ ਵਿਚ," ਗਾਵੇਨ ਨੇ ਜ਼ੋਰ ਦੇਕੇ ਕਿਹਾ।

"ਤੇਰਾ ਕੀ ਨਾਮ ਹੈ?" ਸਿਮੋਰ ਨੇ ਡਾਂਟਕੇ ਕਿਹਾ।

"ਮੇਰਾ ਗੁਰਦੇਵ ਮੈਨੂੰ ਗਾਵੇਨ ਕਿਹਾ ਕਰਦਾ ਹੈ।"

"ਤੂੰ ਕੀ ਕੰਮ ਕਰਦਾ ਏਂ?"

"ਮੇਰੇ ਗੁਰਦੇਵ ਨੇ ਮੈਨੂੰ ਫੌਜ ਦਾ ਸੈਨਾਪਤੀ ਬਣ-ਵਾਇਆ ਸੀ।"

"ਕੀ ਤੂੰ ਲੰਟੈਨਕ ਦਾ ਸੰਬੰਧੀ ਏਂ, ਜੇਹੜਾ ਠੱਠ ਗਿਆ ਏ?"

"ਮੈਂ ਮਨੁਖਤਾ ਦਾ ਸਬੰਧੀ ਹਾਂ, ਪਰ ਲਹੂ ਮੇਰਾ ਉਹੋ ਹੈ, ਜੋ ਮੇਰੇ ਪਿਤਾ ਜੀ ਤੋਂ ਪਹਿਲਾਂ ਮੇਰੇ ਬਾਬੇ ਲੰਟੈਨਕ ਵਿਚ ਸੀ," ਗਾਵੇਨ ਨੇ ਪਿਆਰ ਵਿਚ ਆਕੇ ਕਿਹਾ।

"ਤੈਨੂੰ ਲੋਕ ਸਭਾ ਦੇ ਹੁਕਮਾਂ ਦਾ ਪਤਾ ਹੈ ?"

"ਹਾਂ, ਤੇ ਨਾਲ ਆਪਣੇ ਹੁਕਮਾਂ ਦਾ ਵੀ ਪਤਾ ਹੈ, ਜਿਨ੍ਹਾਂ ਤੇ ਮੇਰੇ ਦਸਖਤ ਹਨ," ਗਾਵੇਨ ਨੇ ਇਸ਼ਤਿਹਾਰ ਵੇਖਕੇ ਕਿਹਾ।

"ਤੂੰ ਆਪਣੀ ਸਫਾਈ ਲਈ ਕੋਈ ਵਕੀਲ ਕਰਨਾ ਏਂ ?"

"ਹਾਂ, ਮੇਰਾ ਵਕੀਲ ਮੇਰਾ ਚੰਗਾ ਦਿਲ ਹੋਵੇ।"

"ਕਨੂੰਨ ਨੂੰ ਜ਼ਬਾਨ ਦੀ ਲੋੜ ਹੈ, ਦਿਲ ਦੀ ਨਹੀਂ," ਸਿਮੋਰ ਨੇ ਕਿਹਾ।

"ਜ਼ਬਾਨ ਕਈ ਵਾਰ ਦਿਲ ਨੂੰ ਦਬਾਕੇ ਉਹ ਕੁਝ ਕਹਿ ਜਾਂਦੀ ਹੈ, ਜੋ ਦਿਲ ਦੀ ਅਵਾਜ਼ ਨਹੀਂ ਹੁੰਦੀ," ਗਾਵੇਨ ਨੇ ਸਿਮੋਰ ਦੀਆਂ ਅੱਖਾਂ ਨਾਲ ਅੱਖਾਂ ਮਿਲਾਉਂਦਿਆਂ ਕਿਹਾ।

"ਜੋ ਕੁਝ ਕਹਿਣਾ ਹੈ ਕਹੋ," ਸਿਮੋਰ ਡੇਨ ਨੇ ਕਿਹਾ।

"ਮੈਂ ਕੇਵਲ ਏਹੋ ਕਹਿਣਾ ਹੈ ਕਿ ਮਨੁਖ ਬਹੁਤੀ ਵਾਰ ਇਕੋ ਪਾਸਾ ਵੇਖ ਸਕਦਾ ਹੈ। ਪਹਿਲੇ ਮੈਂ ਲੰਟੈਨਕ ਦਾ ਕਾਲਾ ਪਾਸਾ ਤੱਕਿਆ ਸੀ, ਹੁਣ ਉਜਲਾ। ਪਹਿਲੇ ਮੈਂ ਉਸ ਨੂੰ ਮਾਰਨ ਨੂੰ ਫਿਰਦਾ ਸਾਂ, ਹੁਣ ਉਸ ਨੂੰ ਕਢ ਦਿੱਤਾ ਹੈ, ਤੇ ਉਸ ਦੀ ਥਾਂ ਤੇ ਮਰਨ ਲਈ ਖੜਾ ਹਾਂ," ਗਾਵੇਨ ਨੇ ਕਿਹਾ, "ਮੇਰਾ ਬਿਆਨ ਕੇਵਲ ਏਹੋ ਹੈ।"

"ਚੰਗੀ ਤਰ੍ਹਾਂ ਸੋਚ ਲੈ। ਜੇ ਕੁਝ ਹੋਰ ਕਹਿਣਾ ਹੋਵੇ ਤਾਂ ਉਹ ਵੀ ਕਹਿ ਲੈ," ਸਿਮੋਰ ਡੇਨ ਨੇ ਕਿਹਾ, "ਕੀ ਤੇਰਾ ਸਿਰ ਚਕਰਾ ਰਿਹਾ ਹੈ ?"

"ਮੇਰਾ ਸਿਰ ਠੀਕ ਹੈ, ਮੇਰੇ ਹੋਸ਼ ਕਾਇਮ ਹਨ। ਮੈਂ ਇਕ ਚੀਜ਼ ਹੋਰ ਮੰਗਦਾ ਹਾਂ—ਮਿਸਾਲਾਂ।"

"ਦਿਨ ਵੇਲੇ ਮਸਾਲਾਂ ਕੀ ਕਰਨੀਆਂ ਹਨ ?"

"ਰਾਤ ਵੇਲੇ ਮਸਾਲਾਂ ਨਾਲ ਕੰਮ ਸਰ ਸਕਦਾ ਹੈ, ਪਰ ਦਿਨ ਵੇਲੇ ਆਦਮੀ ਦੀਆਂ ਆਪਣੀਆਂ ਮਿਸਾਲਾਂ ਨਾਲ ਦੇਸ਼ਾਂ ਨੂੰ ਚਾਨਣਾ ਮਿਲ ਸਕਦਾ ਹੈ। ਚਾਹੀਦਾ ਤਾਂ ਇਹ ਸੀ ਕਿ ਪਹਿਲੇ ਗੁਰੂ ਕੁਰਬਾਨੀ ਦੀ ਮਿਸਾਲ ਕਾਇਮ ਕਰਦਾ ਤੇ ਪਿਛੋਂ ਚੇਲਾ। ਪਰ ਚੂੰਕਿ ਜ਼ਿੰਦਗੀ ਕ੍ਰਮ-ਵਾਰ ਚਲਣ ਵਾਲੀ ਚੀਜ਼ ਨਹੀਂ, ਇਸ ਵਿਚ ਅੱਗਾ ਪਿਛਾ ਹੋ ਸਕਦਾ ਹੈ," ਗਾਵੇਨ ਨੇ ਕਿਹਾ।

"ਬਹੁਤ ਹਛਾ, ਯਤਨ ਕੀਤਾ ਜਾਵੇਗਾ," ਕਹਿਕੇ ਸਿਮੋਰਡੇਨ ਨੇ ਇਸ਼ਤਿਹਾਰ ਪੜ੍ਹਕੇ ਸੁਣਾਏ ਜਿਨ੍ਹਾਂ ਵਿਚ ਲੰਟੈਨਕ ਨੂੰ ਬਾਗੀ ਠਹਿਰਾਇਆ ਗਿਆ ਸੀ। ਉਹ ਵੀ ਪਾਲਾਂ ਸੁਣਾਈਆਂ ਗਈਆਂ ਜਿਨ੍ਹਾਂ ਵਿਚ ਬਾਗੀ ਦੀ ਮਦਦ ਕਰਨ ਵਾਲੇ ਨੂੰ ਬਾਗੀ ਵਾਲੀ ਸਜ਼ਾ ਦੇਣ ਲਈ ਲਿਖਿਆ ਸੀ। ਸਿਮੋਰ ਡੇਨ ਨੇ ਕਿਹਾ, "ਹੁਣ ਜੋ ਬਹੁਗਿਣਤੀ ਫੈਸਲਾ ਕਰੇਗੀ, ਉਹ ਕੀਤਾ ਜਾਵੇਗਾ। ਮੈਂ ਗੂਸ਼ੇਪ ਨੂੰ ਬੇਨਤੀ ਕਰਦਾ ਹਾਂ ਕਿ ਉਹ ਕਾਨੂੰਨ ਨੂੰ ਸਾਹਮਣੇ ਰਖਕੇ ਆਪਣਾ ਫੈਸਲਾ ਦੇਣ।"

ਗੂਸ਼ੇਪ ਉਠਿਆ ਤੇ ਉਠਕੇ ਰੁਮਾਲ ਨਾਲ ਆਪਣਾ ਨੱਕ ਸਾਫ ਕੀਤਾ। ਉਸ ਤੋਂ ਪਿਛੋਂ ਉਸੇ ਰੁਮਾਲ ਨਾਲ ਮੂੰਹ ਸਾਫ ਕੀਤਾ ਤੇ ਬੋਲਿਆ, "ਫੌਜੀਆਂ ਨੂੰ ਕਨੂੰਨ ਮਾਫਿਕ ਕੰਮ ਕਰਨਾ ਚਾਹੀਏ। ਆਪਣੇ ਸਾਹਬ ਕੋ ਸਲੂਟ ਦੇਣਾ ਚਾਹੀਏ।" ਗੂਸ਼ੇਪ ਨੇ ਸਲੂਟ ਦੇਕੇ ਕਿਹਾ, "ਇਸ ਮਾਫਕ ਮੇਰਾ ਇਹ ਫੈਸਲਾ ਹੈ।" ਗੂਸ਼ੇਪ ਕੁਰਸੀ ਤੇ ਬੈਠ ਗਿਆ।

ਸਿਮੋਰਡੇਨ ਨੇ ਉਠਕੇ ਕਿਹਾ, "ਸ੍ਰੀ ਮਾਨ ਗੂਸ਼ੇਪ, ਮੈਂ ਗਾਵੇਨ ਦੇ ਮੁਕੱਦਮੇ ਦਾ ਫੈਸਲਾ ਪੁਛਦਾ ਹਾਂ ?"

"ਮੈਨੂੰ ਤੁਹਾਡੇ ਤੇ ਇਤਬਾਰ ਹੈ। ਜੋ ਤੁਸੀਂ ਕਹੋਗੇ ਮੈਨੂੰ ਮਨਜ਼ੂਰ ਹੈ," ਫੌਜੀ ਸਲਾਮ ਕਰਦੇ ਹੋਏ ਗੂਸ਼ੇਪ ਨੇ ਕਿਹਾ।

"ਤੁਹਾਨੂੰ ਆਪਣੀ ਰਾਇ ਆਪ ਦਸਣੀ ਪਵੇਗੀ," ਸਿਮੋਰ ਨੇ ਕਿਹਾ ।

ਗੁਸ਼ੇਪ ਉਠਿਆ ਤੇ ਖੰਘੂਰਾ ਮਾਰਕੇ ਗਲਾ ਸਾਫ ਕਰਦਾ ਬੋਲਿਆ, "ਮੈਂ ਆਪਣੇ ਅਫਸਰ ਦੇ ਹੁਕਮ ਮਾਫਿਕ ਫੈਸਲਾ ਦੇਂਦਾ ਹਾਂ, ਜੋ ਗਾਵੇਨ ਨੂੰ ਫਾਂਸੀ ਲਾ ਦਿੱਤਾ ਜਾਵੇ।......ਇਕ ਸੀ ਰਾਜਾ, ਇਕ ਸੀ ਰਾਣੀ। ਰਾਣੀ ਦੇ ਘਰ ਪੁਤਰ ਹੋਇਆ। ਜਦੋਂ ਉਹ ਵੱਡਾ ਹੋਇਆ, ਉਸ ਨੇ ਕਿਸੇ ਦਾ ਕੁਕੜ ਚੁਰਾ ਲਿਆ। ਰਾਜੇ ਅਗੇ ਕੁਕੜ ਵਾਲੇ ਨੇ ਫਰਿਆਦ ਕੀਤੀ। ਰਾਜੇ ਨੇ ਆਪਣੇ ਲੜਕੇ ਨੂੰ ਪੁਛਿਆ ਕੁਕੜ ਕਿਥੇ ਹੈ ? ਉਸਨੇ ਕਿਹਾ, 'ਮੈਂ ਖਾ ਲਿਆ ਹੈ।'

"ਰਾਜੇ ਨੇ ਹੁਕਮ ਦਿੱਤਾ, 'ਕੁਕੜ ਵਾਲੇ ਨੂੰ ਹੁਕਮ ਕੀਤਾ ਜਾਂਦਾ ਹੈ, ਉਹ ਚੋਰ ਨੂੰ ਕੁਕੜ ਵਾਂਗ ਮਰੋੜਕੇ ਮਾਰ ਦੇਵੇ ਤੇ ਪਿਛੋਂ ਖਾਵੇ। ਜੇ ਇਸ ਤਰ੍ਹਾਂ ਨਾ ਕੀਤਾ ਗਿਆ ਤਾਂ ਤੇਰੇ ਸਾਰੇ ਪਰਵਾਰ ਨੂੰ ਏਸੇ ਮਾਫਿਕ ਕੀਤਾ ਜਾਵੇਗਾ।'

"ਸੋ ਕਹਾਣੀ ਤੋਂ ਵੀ ਸਿਧ ਹੁੰਦਾ ਹੈ, ਗਾਵੇਨ ਨੂੰ ਫਾਂਸੀ ਦਿੱਤਾ ਜਾਵੇ।" ਗੁਸ਼ੇਪ ਜੱਜਾਂ ਵਾਂਗ ਆਕੜ ਕੇ ਬੈਠਾ।

ਸਿਮੋਰਡੇਨ ਨੇ ਮੁਣਸ਼ੀ ਨੂੰ ਕਿਹਾ—"ਲਿਖੋ, ਮੌਤ ਦੀ ਸਜ਼ਾ।"

ਮੁਣਸ਼ੀ ਨੇ ਲਿਖਿਆ, "ਗੁਸ਼ੇਪ ਦੀ ਰਾਇ ਵਿਚ ਮੌਤ ਦੀ ਸਜ਼ਾ ।"

ਸਿਮੋਰਡੇਨ ਨੇ ਰੇਡੋ ਨੂੰਕਿਹਾ, "ਤੁਸੀਂ ਆਪਣਾ ਫੈਸਲਾਦਿਓ।"

ਰੇਡੋ ਉਠਿਆ ਤੇ ਗਾਵੇਨ ਨੂੰ ਫੌਜੀ ਸਲਾਮ ਕੀਤਾ ਤੇ ਫੁਰਕਦੇ ਬੁਲ੍ਹਾਂ ਨਾਲ ਬੋਲਿਆ, "ਜੋ ਕੁਝ ਗਾਵੇਨ ਨੇ ਕੀਤਾ ਹੈ, ਜੇ ਇਸ ਥਾਂ ਨੂੰ ਮੈਂ ਮੱਲ ਸਕਦਾ, ਤਾਂ ਗਾਵੇਨ ਨੂੰ ਕਦੀ ਏਥੇ ਪਹੁੰਚਣ ਹੀ ਨਾ ਦੇਂਦਾ। ਜੋ ਕੁਝ ਲੰਟੈਨਕ ਨੇ ਅੱਗ ਵਿਚੋਂ ਬੱਚੇ ਕਢਕੇ ਕੀਤਾ ਹੈ, ਉਹ ਔਣ ਵਾਲੀਆਂ ਨਸਲਾਂ ਲਈ ਉਦਾਹਰਣ ਹੋਣਾ ਚਾਹੀਦਾ ਹੈ। ਜੇ ਲੰਟੈਨਕ ਬੱਚੇ ਨਾ ਕਢਦਾ, ਵੀਰਾਂ ਦੀ

ਫੌਜ ਬਦਨਾਮ ਹੋ ਜਾਂਦੀ। ਵੀਰਾਂ ਦੀ ਫੌਜ ਕੀ ਹੈ? ਲੋਕ-ਰਾਜ ਦਾ ਸਭ ਤੋਂ ਤਕੜਾ ਹਥਿਆਰ। ਜੇ ਲੋਕ ਸਭਾ ਨੇ ਜਿਤ ਪਿਛੋਂ ਅਪਣੇ ਸੈਨਾਪਤੀ ਨੂੰ ਏਹੋ ਕੁਝ ਦੇਣਾ ਹੈ, ਤਾਂ ਮੈਂ ਸਤ ਸਲਾਮਾਂ ਕਰਦਾ ਹਾਂ, ਲੋਕ-ਰਾਜ ਵਾਲਿਆਂ ਨੂੰ। ਜੇ ਸਿਰ ਹੀ ਕਟਣਾ ਹੈ ਤਾਂ ਮੇਰਾ ਕਟ ਲਵੋ।" ਰੇਡੋ ਦੀ ਪੱਟੀ ਲਹੂ ਨਾਲ ਭਰ ਗਈ। ਜ਼ੋਰ ਨਾਲ ਬੋਲਣ ਕਰਕੇ ਜਖਮ ਹਿਲ ਗਿਆ ਸੀ।

"ਕੀ ਤੁਸੀਂ ਰਿਹਾਈ ਦਾ ਫੈਸਲਾ ਦੇਂਦੇ ਹੋ?" ਸਿਮੌਰਡੇਨ ਨੇ ਪੁਛਿਆ।

"ਮੈਂ ਕਹਿੰਦਾ ਹਾਂ, ਸਭ ਤੋਂ ਵੱਡਾ ਫੌਜੀ ਅਫਸਰ ਬਣਾਇਆ ਜਾਵੇ।"

"ਕੇਵਲ ਹਾਂ ਜਾਂ ਨਾ ਵਿਚ ਉਤਰ ਦਿਉ," ਸਿਮੌਰ ਨੇ ਕਿਹਾ।

"ਗਾਵੇਨ ਦੀ ਥਾਂ ਮੇਰਾ ਸਿਰ ਕੱਟਿਆ ਜਾਵੇ," ਰੇਡੋ ਨੇ ਕਿਹਾ।

ਮੁਣਸ਼ੀ ਨੂੰ ਸਿਮੌਰ ਨੇ ਕਿਹਾ, "ਰੇਡੋ ਦਾ ਫੈਸਲਾ—ਰਿਹਾਈ।"

ਥੋੜਾ ਚਿਰ ਚੁਪ ਰਹਿਣ ਪਿਛੋਂ ਸਿਮੌਰਡੇਨ ਉਠਿਆ। ਮੱਥੇ ਤੋਂ ਤ੍ਰੇਲੀ ਪੂੰਝਕੇ ਬੋਲਿਆ, "ਦੋਹਾਂ ਜੱਜਾਂ ਦੀ ਰਾਇ ਅੱਡ ਅੱਡ ਹੈ। ਹੁਣ ਬਾਕੀ ਕੇਵਲ ਮੇਰੀ ਰਾਇ ਹੈ।" ਟੋਪੀ ਲਾਹਕੇ ਸਿਮੌਰਡੇਨ ਨੇ ਕਿਹਾ, "ਮੈਂ...ਮ...ਮ...ਹਾਂ ਜੀ, ਮੌਤ ਦੀ ਸਜ਼ਾ...ਹੈਂ ਜੀ...ਦੇਂਦਾ ਹਾਂ।" ਇਹ ਕਹਿਕੇ ਸਿਮੌਰ ਡੇਨ ਕੁਰਸੀ ਤੇ ਧੜਮ ਕਰਕੇ ਡਿਗ ਪਿਆ। ਰੇਡੋ ਪਹਿਲੇ ਹੀ ਬੇ-ਹੋਸ਼ ਹੋ ਗਿਆ ਸੀ। ਗੂਸ਼ੇਪ ਸਿਗਰਟ ਪੀ ਰਿਹਾ ਸੀ। ਸਿਮੌਰਡੇਨ ਗਮ ਖਾ ਰਿਹਾ ਸੀ। ਗਾਵੇਨ ਮਸਤੀ ਦੇ ਪਿਆਲੇ ਪੀ ਰਿਹਾ ਸੀ। ਤੇ ਫੌਜੀ ਕਚੀਚੀਆਂ ਵੱਟ ਰਹੇ ਸਨ।

ਗਾਵੇਨ ਨੂੰ ਬੰਦ ਕਰ ਦਿਤਾ ਗਿਆ—ਤੇ ਖੁਲ੍ਹਾ ਕੌਣ ਸੀ?

# ਕਬਰ ਵਿਚ ਚਾਨਣ

ਜਦੋਂ ਲੈਂਟੇਨਕ ਨੂੰ ਗਾਵੇਨ ਨੇ ਬਾਹਰ ਕਢ ਦਿਤਾ, ਫੌਜੀਆਂ ਨੇ ਗਾਵੇਨ ਦੇ ਉਲਟ ਗੱਲਾਂ ਕੀਤੀਆਂ। ਜਦੋਂ ਅਦਾਲਤ ਵਿਚ ਗਾਵੇਨ ਗਿਆ ਤਾਂ ਸਿਮੋਰਡੇਨ ਦੇ ਉਲਟ ਗੱਲਾਂ ਹੋਈਆਂ ਜੋ ਇਹ ਕੇਵਲ ਲੋਕਾਂ ਦੀਆਂ ਅਖਾਂ ਵਿਚ ਘਟਾ ਪੌਣ ਲਈ ਸਭ ਕੁਝ ਹੋ ਰਿਹਾ ਹੈ। ਜਦੋਂ ਮੌਤ ਦੀ ਸਜ਼ਾ ਦਿਤੀ ਗਈ, ਫਿਰ ਸਿਮੋਰਡੇਨ ਦੀ ਪਥਰ ਦਿਲੀ ਦੀਆਂ ਵਾਰਾਂ ਛਿੜ ਪਈਆਂ। ਸ਼ੈਤਾਨ ਲੋਕਾਂ ਨੂੰ ਗਲਾਂ ਕਰਨ ਦਾ ਸਮਾਂ ਮਿਲਣਾ ਚਾਹੀਦਾ ਹੈ, ਤੇ ਉਹ ਵੀ ਭੈੜੀਆਂ, ਜਿਨ੍ਹਾਂ ਨਾਲ ਕੋਈ ਬਰਬਾਦ ਹੋ ਜਾਵੇ। ਚੱਕੀ ਦਾ ਪੀਠਾ ਚੰਗਾ ਤੇ ਦੰਦਾਂ ਦਾ ਪੀਠਾ ਮੰਦਾ, ਪਰ ਪੀਹਣ ਵਾਲਿਆਂ ਨੂੰ ਕੀ ਲੱਗੇ।

ਅੰਧੇਰੇ ਹੋਣ ਤੇ ਕੁਝ ਸਿਪਾਹੀਆਂ ਨੂੰ ਸਿਮੋਰਡੇਨ ਨੇ ਕਿਹਾ, "ਗਿਲੋਟੀਨ ਪੁਟ ਦਿਉ ਤੇ ਬੰਦ ਕਰਕੇ ਉਥੇ ਰਖ ਦਿਉ, ਜਿਥੇ ਬਹਿਕੇ ਮੌਤ ਦਾ ਫੈਸਲਾ ਦਿਤਾ ਗਿਆ ਸੀ।" ਕਹਿਕੇ ਸਿਮੋਰ ਚਲਿਆ ਗਿਆ। ਸਿਪਾਹੀਆਂ ਨੇ ਗਿਲੋਟੀਨ ਪੁਟਦਿਆਂ ਗੱਲਾਂ ਸ਼ੁਰੂ ਕਰ ਦਿੱਤੀਆਂ, "ਸਾਨੂੰ ਪਹਿਲੇ ਹੀ ਪਤਾ ਸੀ ਜੋ ਏਹੋ ਕੁਝ ਹੋਣਾ ਹੈ।"

ਸਿਮੋਰਡੇਨ ਰੇਡੋ ਵਲ ਗਿਆ। ਡਾਕਟਰ ਨੇ ਕਿਹਾ, "ਇਸ ਵੇਲੇ ਰੇਡੋ ਨੂੰ ਬੁਲਾਉਣਾ ਠੀਕ ਨਹੀਂ।"

ਸਿਮੋਰਡੇਨ ਫਿਰ ਆਪਣੇ ਤੰਬੂ ਵਿਚ ਆ ਗਿਆ। ਉਥੇ ਵੀ ਉਹ ਬੇ-ਚੈਨ ਹੋਕੇ ਫਿਰਦਾ ਰਿਹਾ। ਕੁਝ ਚਿਰ ਪਿਛੋਂ ਇਕ ਸਿਪਾਹੀ ਨੇ ਕਿਹਾ, "ਗਿਲੋਟੀਨ ਪੁਟਕੇ ਉਥੇ ਰੱਖ ਦਿਤੀ ਹੈ।"

"ਚੰਗਾ ਕੀਤਾ, ਜਾਉ ਆਰਾਮ ਕਰੋ।" ਸਿਮੋਰਡੇਨ ਦਾ ਸਿਰ ਫਟ ਰਿਹਾ ਸੀ। ਉਹ ਇਕ ਪਾਸੇ ਤੁਰ ਪਿਆ ਤੇ ਸਿਪਾਹੀਆਂ ਨੂੰ ਕਿਹਾ, "ਗਿਲੋਟੀਨ ਮੇਰੀ ਕੁਰਸੀ ਦੇ ਲਾਗੇ ਗੱਡ ਦਿਉ ਅਤੇ ਲੇਟਕੇ ਵੇਖਣਾ ਜੋ ਲੇਟੇ ਹੋਏ ਆਦਮੀ ਦੀਆਂ ਅੱਖਾਂ ਕੁਰਸੀ ਤੇ ਬੈਠੇ ਹੋਏ ਆਦਮੀ ਨਾਲ ਮਿਲ ਸਕਣ।" ਸਿਮੋਰਡੇਨ ਅਪਣੇ ਕਮਰੇ ਵਿਚ ਆਇਆ। ਕੁਝ ਚਿਰ ਰੁਕਕੇ ਇਕ ਲੈਂਪ ਲਈ ਤੇ ਕਾਹਲੇ ਕਾਹਲੇ ਪੈਰੀਂ ਗਾਵੇਨ ਦੀ ਕੋਠੜੀ ਵਲ ਗਿਆ। ਰਾਹ ਵਿਚ ਗਿਲੋਟੀਨ ਖੜੀ ਕੀਤੀ ਜਾ ਰਹੀ ਸੀ, ਪਰ ਸਿਮੋਰਡੇਨ ਨੇ ਕਾਲ ਕੋਠੜੀ ਅਗੇ ਜਾਕੇ ਸੰਤਰੀ ਨੂੰ ਕਿਹਾ, "ਛੇਤੀ ਬੂਹਾ ਖੋਲੋ।"

ਬੂਹਾ ਖੁਲ ਗਿਆ। ਗਾਵੇਨ ਆਪਣੇ ਬਾਬੇ ਵਾਲੀ ਥਾਂ ਤੇ ਡੂੰਘੀ ਨੀਂਦੇ ਸੁਤਾ ਪਿਆ ਸੀ। ਬਾਬੇ ਦੇ ਕਪੜਿਆਂ ਵਿਚ ਗਾਵੇਨ ਸਚ ਮੁਚ ਬਾਬਾ ਸੀ। ਸਿਮੋਰਡੇਨ ਨੇ ਬੜੀ ਸਧਰਾਈ ਨਜ਼ਰ ਨਾਲ ਗਾਵੇਨ ਨੂੰ ਵੇਖਿਆ। ਗਾਵੇਨ ਦੇ ਹੱਥ ਨੂੰ ਮੂੰਹ ਨਾਲ ਕਿੰਨਾ ਚਿਰ ਚੁੰਮਦਾ ਰਿਹਾ। ਗਾਵੇਨ ਤ੍ਰਬਕ ਕੇ ਜਾਗ ਪਿਆ ਤੇ ਬੋਲਿਆ, "ਆਉ, ਮੇਰੇ ਗੁਰਦੇਵ, ਮੈਂ ਤਾਂ ਸੁਪਨੇ ਵਿਚ ਵੇਖ ਰਿਹਾ ਸਾਂ ਮੌਤ ਮੇਰੇ ਹਥ ਨੂੰ ਬਰਫ ਵਰਗੇ ਠੰਢੇ ਹਥਾਂ ਨਾਲ ਫੜਕੇ ਖਿਚ ਰਹੀ ਹੈ।"

ਸਿਮੋਰਡੇਨ ਕੰਬ ਗਿਆ ਤੇ ਬੋਲਿਆ, "ਮੇਰੇ ਗਾਵੇਨ !"

"ਹਾਂ, ਗੁਰਦੇਵ"

"ਮੇਰੇ ਬੱਚੇ ਗਾਵੇਨ !"

"ਹਾਂ, ਮੇਰੇ ਗੁਰਦੇਵ।"

"ਮੇਰੇ ਸਭ ਕੁਝ ਗਾਵੇਨ !"

"ਹਾਂ, ਮੇਰੇ ਗੁਰਦੇਵ, ਹੁਕਮ ਕਰੋ, ਕੀ ਗਲ ਹੈ?" ਗਾਵੇਨ ਨੇ ਬਾਹੋਂ ਫੜਕੇ ਹਲੂਣਦਿਆਂ ਹੋਇਆਂ ਕਿਹਾ।

"ਮੇਰਾ ਦਿਲ ਕਰਦਾ ਹੈ, ਸਾਰੀ ਰਾਤ ਅਵਾਜ਼ਾਂ ਦੇਈ ਜਾਵਾਂ, ਮੈਂ ਅਨੁਭਵ ਕਰ ਰਿਹਾ ਹਾਂ ਜਿਵੇਂ ਮਾਂ ਬਣਦਾ ਜਾਂਦਾ ਹਾਂ।" ਸਿਮੋਰਡੇਨ ਦੀਆਂ ਅਖਾਂ ਮਾਂ ਵਾਂਗ ਛਲ੍ਹਕ ਰਹੀਆਂ ਸਨ।

"ਮੇਰੇ ਗੁਰੂਦੇਵ, ਹਰ ਚੰਗੀ ਜ਼ਿੰਦੜੀ ਮਾਂ ਬਣਦੀ ਹੈ। ਸਦੀਆਂ ਭਰ ਦੀ ਦੌੜ ਪਿੱਛੋਂ ਇਕ ਜ਼ਿੰਦਗੀ ਮਾਂ ਬਣਕੇ ਕੂਕਦੀ ਹੈ। ਤੁਸੀਂ ਤਾਂ ਹੋ ਹੀ ਮੇਰੀ ਮਾਂ। ਮਾਵਾਂ ਵਾਂਗ ਮੇਰੀਆਂ ਬਲਾਵਾਂ ਤੁਸੀਂ ਆਪਣੇ ਵਲ ਖਿਚੀਆਂ। ਮੇਰੇ ਤੇ ਔਣ ਵਾਲੀਆਂ ਤਲਵਾਰਾਂ ਤੁਸਾਂ ਆਪਣੇ ਚੇਹਰੇ ਤੇ ਝੱਲੀਆਂ। ਮੀਂਹ ਵਾਂਗ ਵਹ੍ਹਦੀਆਂ ਗੋਲੀਆਂ ਵਿਚ ਤੁਸੀਂ ਮੇਰੇ ਲਈ ਢਾਲ ਬਣਕੇ ਨਾਲ ਨਾਲ ਫਿਰਦੇ ਰਹੇ। ਮੇਰੇ ਪਾਸ ਜੋ ਕੁਝ ਹੈ, ਉਹ ਆਪ ਦਾ ਦਿੱਤਾ ਹੈ। ਮੈਂ ਉਥੇ ਪੈਦਾ ਹੋਇਆ ਸਾਂ, ਜਿਥੇ ਸਚੀ ਜ਼ਿੰਦਗੀ ਦੀ ਅਵਾਜ਼ ਕਦੀ ਪਹੁੰਚ ਹੀ ਨਹੀਂ ਸੀ ਸਕਦੀ। ਤੁਸੀਂ ਮੇਰੇ ਰੇਸ਼ਮੀ ਬੰਧਨ ਤੋੜਕੇ ਮੈਨੂੰ ਅਜ਼ਾਦ ਕੀਤਾ। ਮੈਂ ਅਮੀਰ ਸਾਂ, ਆਪ ਨੇ ਮੈਨੂੰ ਮਨੁਖ ਬਣਾਇਆ। ਮੈਂ ਬਾਲ ਸਾਂ, ਆਪ ਨੇ ਮੈਨੂੰ ਵਿਦਿਆ ਦਿੱਤੀ, ਦਿਲ ਦਿੱਤਾ, ਇਨਸਾਫ ਦਿੱਤਾ, ਆਤਮਾ ਤੇ ਅਣਖ ਦਿੱਤੀ ਤੇ ਸਚੀ ਜ਼ਿੰਦਗੀ ਦੇ ਅਰਥ ਸਮਝਾਏ। ਤੁਸੀ ਮੇਰੇ ਪਿਤਾ, ਤੁਸੀਂ ਮੇਰੇ ਗੁਰਦੇਵ ਹੋ, ਤੁਸੀਂ ਮੇਰੇ ਮਿੱਤ੍ਰ ਹੋ, ਤੁਸੀਂ ਮੇਰੇ ਅਫਸਰ ਹੋ, ਪਰ ਸਭ ਤੋਂ ਬਹੁਤੇ ਤੁਸੀਂ ਮੇਰੀ ਮਾਂ ਹੋ।" ਗਾਵੇਨ ਨੇ ਬੱਚਿਆਂ ਵਾਂਗ ਅਗੇ ਬਾਹਵਾਂ ਕਰਕੇ ਆਖਿਆ।

ਸਿਮੋਰਡੇਨ ਨੇ ਗਾਵੇਨ ਨੂੰ ਆਪਣੇ ਪਟ ਤੇ ਬੈਠਾ ਲਿਆ ਤੇ ਕਿਹਾ, "ਕੇਡਾ ਚੰਗਾ ਹੋਵੇ, ਜੇ ਅਸੀਂ ਲੰਘ ਗਏ ਸਮੇਂ ਕੋਲ ਪਹੁੰਚ ਸਕੀਏ।"

"ਗੁਰਦੇਵ, ਸਾਡੀਆਂ ਬਾਹਵਾਂ ਤੇ ਲਤਾਂ ਤੇ ਅੱਖਾਂ ਅੱਗੇ ਨੂੰ ਦੌੜਦੀਆਂ ਹਨ। ਕਿਸ ਲਈ? ਕੇਵਲ ਅਗੇ ਜਾਣ ਲਈ। ਜੋ

ਕੁਦਰਤ ਨੇ ਬੁਢੇਪੇ ਤੇ ਜੁਵਾਨੀ ਨੂੰ ਬਚਪਨ ਵਿਚ ਭੇਜਣਾ ਹੁੰਦਾ ਤਾਂ ਉਹ ਗਿੱਚੀ ਵਿਚ ਅੱਖਾਂ ਲਾਉਂਦੀ। ਮੈਂ ਤੁਹਾਡਾ ਹੁਣ ਵੀ ਬੱਚਾ ਹਾਂ, ਤੇ ਹੋਰ ਪਾਠ ਪੁਛਦਾ ਹਾਂ," ਗਾਵੇਨ ਨੇ ਕਿਹਾ।

"ਪੁਤਰ, ਨ ਸੋਚ, ਗਾਵੇਨ, ਮੈਨੂੰ ਭੁਖ ਲਗੀ ਹੈ, ਰੋਟੀ ਦੇ, ਬੇਟਾ, ਨ ਸੋਚ, ਗਾਵੇਨ।" ਸਿਮੋਰਡੇਨ ਦਾ ਦਿਲ ਸ਼ਬਦਾਂ ਵਿਚ ਤੇ ਹਰਕਤਾਂ ਵਿਚ ਪਿਘਲ ਕੇ ਵਗ ਰਿਹਾ ਸੀ।

ਗਾਵੇਨ ਨੇ ਲੰਟੇਨਕ ਵਾਲੀ ਰੋਟੀ ਘੜੇ ਤੋਂ ਚੁਕੀ ਤੇ ਸਿਮੋਰ ਡੇਨ ਦੇ ਹਥ ਤੇ ਰਖ ਦਿੱਤੀ। ਸਿਮੋਰਡੇਨ ਨੇ ਥੋੜਾ ਜੇਹਾ ਭੋਰਾ ਗਾਵੇਨ ਦੇ ਮੂੰਹ ਵਿਚ ਦਿੱਤਾ ਤੇ ਕਿਹਾ, "ਮੇਰਾ ਦਿਲ ਕਰਦਾ ਹੈ ਮੈਂ ਤੁਹਾਨੂੰ ਆਪਣੇ ਹਥਾਂ ਨਾਲ ਰੋਟੀ ਖਵਾਵਾਂ।"

ਗਾਵੇਨ ਖਾ ਰਿਹਾ ਸੀ ਤੇ ਸਿਮੋਰਡੇਨ ਨਾਲੇ ਖਾ ਰਿਹਾ ਸੀ, ਨਾਲੇ ਖੁਵਾ ਰਿਹਾ ਸੀ। ਗੁਰੂ ਨੇ ਪਾਣੀ ਮੰਗਿਆ, ਚੇਲੇ ਨੇ ਕਸੋਰਾ ਭਰਕੇ ਦਿੱਤਾ। ਸਿਮੋਰਡੇਨ ਬੋਲਿਆ, "ਪਹਿਲੋਂ ਤੁਸੀਂ ਇਕ ਘੁਟ ਭਰਕੇ ਪੀਵੋ, ਫਿਰ ਮੈਂ ਪੀਵਾਂਗਾ।"

ਗਾਵੇਨ ਨੇ ਇਕ ਘੁਟ ਪਾਣੀ ਪੀਤਾ, ਉਸਤੋਂ ਪਿਛੋਂ ਸਿਮੋਰਡੇਨ ਨੇ ਦੋ ਤਿੰਨ ਕਸੋਰੇ ਪਾਣੀ ਦੇ ਭਰਕੇ ਪੀਤੇ। ਉਸਦੇ ਅੰਦਰ ਅੱਗ ਲਗੀ ਹੋਈ ਸੀ।

ਸਿਮੋਰ ਡੇਨ ਰੋਟੀ ਵਲੋਂ ਵੇਹਲਾ ਹੋਕੇ ਕਹਿਣ ਲਗਾ, "ਅਜ ਮੈਂ ਕੁਝ ਗੱਲਾਂ ਫ਼ਰਾਂਸ ਬਾਰੇ ਕਰਨੀਆਂ ਹਨ। ਜੋ ਕੁਝ ਹੋ ਰਿਹਾ ਹੈ, ਇਸ ਸੰਬੰਧੀ ਤੁਹਾਡੇ ਕੀ ਖਿਆਲ ਹਨ?"

"ਜੋ ਕੁਝ ਹੋ ਰਿਹਾ ਹੈ, ਇਹ ਇਤਨਾ ਉੱਚਾ, ਇਤਨਾ ਚੌੜਾ ਤੇ ਇਤਨਾ ਧੁੰਧਲਾ ਹੈ ਕਿ ਇਸਦੇ ਉਹਲੇ ਲੁਕੀ ਚੀਜ਼ ਦਾ ਦਿਸਣਾ ਬੜਾ ਕਠਨ ਹੈ। ਦਿਲ ਫਿਰ ਵੀ ਕਹਿੰਦਾ ਹੈ, ਇਸਦੇ ਪਿਛੇ ਇਕ ਸੁੰਦਰ ਦੁਨੀਆ ਹੈ। ਕਈ ਸੁੰਦਰ ਦੁਨੀਆਂ ਆਈਆਂ ਤੇ ਕਈ ਲੰਘ ਗਈਆਂ। ਹਰ ਬਹਾਰ ਸੁੰਦਰ ਹੁੰਦੀ ਹੈ, ਤੇ ਹਰ ਪਤ-ਝੜ

ਭੇੜੀ, ਪਰ ਕੋਈ ਬਹਾਰ ਪਤ-ਝੜ ਦੇ ਪਹਿਲੋਂ ਆ ਹੀ ਨਹੀਂ ਸਕਦੀ।" ਗਾਵੇਨ ਦੀਆਂ ਨਜ਼ਰਾਂ ਔਣ ਵਾਲੀ ਦੁਨੀਆ ਤੇ ਗੱਡੀਆਂ ਹੋਈਆਂ ਸਨ।

"ਇਹ ਕੇਡੀ ਚੰਗੀ ਗਲ ਹੋਵੇਗੀ, ਜਦੋਂ ਇਨਸਾਫ ਸਭ ਨੂੰ ਇਕੋ ਜੇਹਾ ਮਿਲੇਗਾ। ਤਰੱਕੀ ਕਰਨ ਦਾ ਸਭ ਨੂੰ ਇਕੋ ਜੇਹਾ ਹੱਕ ਹੋਵੇਗਾ। ਹਰ ਇਕ ਨੂੰ ਫੌਜੀ ਬਣਨਾ ਪਵੇਗਾ। ਸਭ ਤੋਂ ਉਚਾ ਲੋਕ ਰਾਜ ਹੈ," ਸਿਮੋਰਡੇਨ ਨੇ ਮਾਨ ਨਾਲ ਕਿਹਾ।

"ਮੈਂ ਲੋਕ ਰਾਜ ਚਾਹੁੰਦਾ ਹਾਂ, ਪਰ ਉਸਦੇ ਉਤੇ ਆਦਰਸ਼ ਵਾਦ ਨੂੰ ਥਾਂ ਦੇਂਦਾ ਹਾਂ। ਮੈਂ ਮਨੁਖ ਮਨ ਨੂੰ ਆਦਰਸ਼ ਵਾਦ ਦੇ ਨਕਸ਼ੇ ਵਿਚ ਰੰਗਾਂ ਦੇ ਥਾਂ ਵਰਤਣਾ ਚਹੁੰਦਾ ਹਾਂ। ਮੈਂ ਚਾਹੁੰਦਾ ਹਾਂ ਦੋਸ਼ੀ ਤੇ ਕਨੂੰਨ ਦੇ ਸੰਬੰਧ ਮਿਠੇ ਹੋ ਜਾਣ, ਲੜਾਈਆਂ ਮਿਠੀਆਂ ਬਣਾਈਆਂ ਜਾਣ, ਜਿਵੇਂ ਮਾਂ ਤੇ ਬੱਚੇ ਦਾ ਝਗੜਾ ਹੁੰਦਾ ਹੈ। ਤੁਸੀਂ ਕਹਿੰਦੇ ਹੋ, ਸਭ ਨੂੰ ਸਿਪਾਹੀ ਬਣਾਇਆ ਜਾਵੇ, ਮੈਂ ਕਹਿੰਦਾ ਹਾਂ, ਸਭ ਨੂੰ ਵਿਦਿਆਰਥੀ ਬਣਾਇਆ ਜਾਵੇ। ਤੁਸੀਂ ਕਿਲੇ ਵਧਾਉਣੇ ਚਾਹੁੰਦੇ ਹੋ, ਮੈਂ ਪਾਠਸ਼ਾਲਾਂ ਵਧਾਉਣੀਆਂ ਚਾਹੁੰਦਾ ਹਾਂ। ਤੁਸੀਂ ਜਿੰਦਗੀ ਨੂੰ ਮਸ਼ੀਨ ਵਾਂਗ ਗਿਣਦੇ ਹੋ, ਮੈਂ ਉਸ ਨੂੰ ਪੰਛੀ ਵਾਂਗ ਅਕਾਸ਼ ਵਿਚ ਉਡਦੀ ਤੱਕਦਾ ਹਾਂ।"

ਗਾਵੇਨ ਦੀਆਂ ਅੱਖਾਂ ਵਿਚ ਸੁਨਹਿਰੀ ਸੰਸਾਰ ਸੀ।

"ਤੁਸੀਂ ਏਨੀ ਉਚੀ ਉਡਾਰੀ ਮਾਰਦੇ ਹੋ ਕਿ ਧਰਤੀ ਭੁਲ ਜਾਂਦੇ ਹੋ," ਸਿਮੋਰਡੇਨ ਨੇ ਜ਼ੋਰ ਦੇਕੇ ਕਿਹਾ।

"ਤੁਸੀਂ ਭੀ ਆਂਕੜਿਆਂ ਵਿਚ ਫਸ ਜਾਂਦੇ ਹੋ, ਤੇ ਅਸਲੀ ਜੀਵਨ ਨੂੰ ਧਿਆਨ ਨਾਲ ਵੇਖਦੇ ਤੱਕ ਨਹੀਂ," ਗਾਵੇਨ ਨੇ ਕਿਹਾ।

"ਆਂਕੜਿਆਂ ਵਾਲੇ ਇੱਕੋ ਸਿੱਟੇ ਤੇ ਪੁਜਦੇ ਹਨ, ਤੇ ਉਨ੍ਹਾਂ ਲਈ ਇੱਕੋ ਰਾਹ ਹੁੰਦਾ ਹੈ ਤੇ ਉਹੋ ਹੀ ਠੀਕ ਹੈ," ਸਿਮੋਰ ਨੇ ਕਿਹਾ।

"ਪਰ ਮਨੁਖ ਜਮੈਟਰੀ ਨਹੀਂ, ਮਸ਼ੀਨ ਨਹੀਂ, ਇਹ ਇਕ

ਮਧੁਰਤਾ ਹੈ। ਮੈਂ ਚਾਹੁੰਦਾ ਹਾਂ ਯੂਨਾਨ ਦੇ ਕਵੀ ਹੋਮਰ ਦੇ ਕਹਿਣ ਵਾਂਗ ਮਨੁਖ ਹੋਣ, ਉਸ ਨਾਲ ਜੁੜਨ ਵਾਲੀਆਂ ਸਭ ਚੀਜ਼ਾਂ ਕੋਮਲ ਹੁਨਰ ਭਰਪੂਰ ਤੇ ਸੁਰੀਲੀਆਂ ਹੋਣ।" ਗਾਵੇਨ ਦੇ ਕੰਨਾਂ ਵਿਚ ਸੁਰੀਲੀਆਂ ਅਵਾਜ਼ਾਂ ਦਾ ਹੜ ਸੀ।

"ਕਵੀਆਂ ਦੀਆਂ ਗੱਲਾਂ ਕੇਵਲ ਦਿਮਾਗੀ ਰੋਗ ਦਾ ਬਕੜਵਾਦ ਹੁੰਦਾ ਹੈ, ਸਾਡੀ ਸ੍ਰਿਸ਼ਟੀ ਨਾਲ ਉਨ੍ਹਾਂ ਦਾ ਕੋਈ ਸੰਬੰਧ ਨਹੀਂ ਹੁੰਦਾ," ਸਿਮੋਰ ਨੇ ਹਸਦਿਆਂ ਕਿਹਾ।

"ਕੀ ਜੋ ਕੁਝ ਅਸੀਂ ਵੇਖਦੇ ਹਾਂ, ਉਨ੍ਹਾਂ ਦੀ ਚੋਣ ਨਹੀਂ ਕਰ ਸਕਦੇ? ਫੁੱਲਾਂ ਨੂੰ ਵੇਖਕੇ ਅਸੀਂ ਸੁਹਣੇ ਤੇ ਮਹਿਕ ਵਾਲੇ ਕਿਉਂ ਨ ਬਣੀਏ? ਤਾਰਿਆਂ ਨੂੰ ਵੇਖਕੇ ਅਸੀਂ ਚਮਕੀਲੇ ਹੋ ਕਿਉਂ ਨ ਚਮਕੀਏ? ਹਰ ਵੇਲੇ ਸੋਮੇ ਵਾਂਗ ਉਛਲੀਏ ਕਿਉਂ ਨ? ਅਸੀਂ ਚੋਣ ਵੀ ਕਰਦੇ ਹਾਂ, ਪਰ ਵਲਗਣਾਂ ਵਿੱਚੋਂ; ਮੈਂ ਚਾਹੁੰਦਾ ਹਾਂ ਅਸੀਂ ਚੁਣੀਏ, ਪਰ ਖੁੱਲੇ ਮੈਦਾਨਾਂ ਵਿਚੋਂ,"ਗਾਵੇਨ ਨੇ ਦੀਵੇ ਦੀ ਬੱਤੀ ਉਚੀ ਕਰਦਿਆਂ ਕਿਹਾ।

"ਆਦਰਸ਼ ਦੀਆਂ ਗਲਾਂ ਆਦਮੀ ਦਾ ਪੇਟ ਨਹੀਂ ਭਰ ਸਕਦੀਆਂ ਤੇ ਨਾ ਨੰਗਿਆਂ ਤੇ ਕਪੜਾ ਦੇਂਦੀਆਂ ਹਨ।"

"ਸਭਿਅਤਾ ਦੀ ਭੁਖ ਚੰਗੇ ਵਿਚਾਰ ਹਨ ਤੇ ਮਨੁਖ ਵਿਚ ਇਸਦਾ ਸਭ ਤੋਂ ਬਹੁਤਾ ਵਿਕਾਸ ਹੈ। ਏਸੇ ਚੀਜ਼ ਨੇ ਸਾਨੂੰ ਪਸ਼ੂਆਂ ਨਾਲੋਂ ਵਖ ਕੀਤਾ ਹੈ," ਗਾਵੇਨ ਨੇ ਕਿਹਾ।

"ਏਸੇ ਕਰਕੇ ਮੈਂ ਇਨਸਾਫ ਨੂੰ ਸਭ ਤੋਂ ਉੱਚਾ ਕਹਿੰਦਾ ਹਾਂ। ਇਨਸਾਫ ਵਿਚ ਸਾਰੇ ਵਿਚਾਰ ਆ ਜਾਂਦੇ ਹਨ।"

"ਇਸਤੋਂ ਵੀ ਉੱਤੇ ਪਿਆਰ ਹੈ। ਇਨਸਾਫ ਨੂੰ ਵਿਚਾਰ ਨਾਲੋਂ ਬਹੁਤੀਆਂ ਘਟਨਾਵਾਂ ਤੇ ਬੋਲੀ ਦੀ ਲੋੜ ਹੁੰਦੀ ਹੈ, ਪਰ ਪਿਆਰ ਨੂੰ ਨਿਮਾਣੀਆਂ ਜਿੰਦੜੀਆਂ ਦੇ ਬਲਵਾਨ ਕਰਨ ਦਾ ਖਿਆਲ ਹੁੰਦਾ ਹੈ," ਗਾਵੇਨ ਨੇ ਕਿਹਾ, "ਤੁਸੀਂ ਚਾਹੁੰਦੇ ਹੋ,

ਨਿਮਾਣਿਆਂ ਦੀ ਸਹਾਇਤਾ ਕੀਤੀ ਜਾਵੇ। ਮੈਂ ਚਹੁੰਦਾ ਹਾਂ, ਨਿਮਾਣੇ ਹੋਣੇ ਬੰਦ ਕਰ ਦਿਤੇ ਜਾਣ। ਤੁਸੀਂ ਕਹਿੰਦੇ ਹੋ ਡਟਕੇ ਮੁਕਾਬਲਾ ਕੀਤਾ ਜਾਵੇ, ਮੈਂ ਕਹਿੰਦਾ ਹਾਂ, ਲੜਾਈ ਹੋਣ ਹੀ ਨ ਦਿਓ।"

"ਇਹ ਕਿਸਤਰਾਂ ਹੋ ਸਕਦਾ ਹੈ ?"

"ਅਸੀਂ ਨਿਮਾਣੇ ਤੇ ਭੁਖੇ ਕਿਉਂ ਹਾਂ ? ਇਸ ਕਰਕੇ ਜੋ ਕਈ ਬਹੁਤ ਤਕੜੇ ਹਨ, ਤੇ ਬਹੁਤ ਰੱਜੇ ਹੋਏ। ਮੁਲਕਾਂ ਦੇ ਸੁਕੇ ਪਿੰਜਰ ਤੇ ਵੱਡੀਆਂ ਵੱਡੀਆਂ ਤਨਖਾਹ ਦੀਆਂ ਬੋਰੀਆਂ ਰਖੀਆਂ ਹੋਈਆਂ ਹਨ, ਇਹ ਹਟਾ ਦਿਓ। ਮੁਲਕ ਸਿਧਾ ਹੋਕੇ ਖੜੋ ਜਾਵੇਗਾ। ਜਿੱਨੇ ਆਦਮੀ ਸੂਆਂ ਲਾਂਦੇ ਹਨ, ਜੋ ਅਸੀਂ ਕੀ ਗਲਾਂ ਕਰਦੇ ਹਾਂ, ਉੱਨੇ ਆਦਮੀਆਂ ਨੂੰ ਧਰਤੀ ਵਿਚ ਖਾਨਾਂ, ਜੋ ਦਿਲ ਵਾਂਗ ਧੜਕਦੀਆਂ ਹਨ, ਲਭਣ ਲਈ ਲਾ ਦਿਉ। ਜਿੰਨਾ ਜ਼ੋਰ ਕਿਲੇ ਬਣਾਉਣ ਵਿਚ ਲਗ ਰਿਹਾ ਹੈ, ਉਹ ਵੈਰਾਨ ਪਈਆਂ ਜ਼ਮੀਨਾਂ ਨੂੰ ਅਬਾਦ ਕਰਨ ਤੇ ਲਾਇਆ ਜਾਵੇ। ਹਵਾ ਦਾ ਇਕਇਕਬੁੱਲਾ,ਸੂਰਜ ਦੀ ਇਕ ਇਕ ਕਿਰਨ ਤੇ ਪਾਣੀਦੀ ਹਰ ਇਕ ਲਹਿਰ ਸਾਨੂੰ ਕੁਝ ਦੇਕੇ ਜਾਵੇ। ਕੁਦਰਤ ਦਾ ਇੰਜਣ ਚਲ ਰਿਹਾ ਹੈ। ਜੇ ਪਟੇ ਸੁਟਕੇ ਅਸੀਂ ਨਿੱਕੀਆਂ ਮਸ਼ੀਨਾਂ ਚਾਲੂ ਨਹੀਂ ਕਰਦੇ ਤਾਂ ਕਸੂਰ ਕਿਸਦਾ ?" ਬੁਝਣ ਵਾਲੇ ਦੀਵੇ ਦੇ ਚਾਨਣ ਵਾਂਗ ਗਾਵੇਨ ਦੇ ਵਿਚਾਰ ਫੈਲ ਰਹੇ ਸਨ।

"ਇਸਤ੍ਰੀਆਂ ਸੰਬੰਧੀ ਤੇਰੇ ਕੀ ਖਿਆਲ ਹਨ ?"

"ਇਹ ਸਾਡੀ ਸਭਿਅਤਾ ਦਾ ਵਿਕਾਸ ਹਨ। ਜਿੰਨਾਂ ਚਿਰ ਇਹ ਅੰਧੇਰੇ ਵਿਚ ਹਨ, ਸਾਡੀਆਂ ਔਣ ਵਾਲੀਆਂ ਨਸਲਾਂ ਅੰਧੇਰੇ ਵਿਚ ਹਨ। ਜਿੰਨਾਂ ਚਿਰ ਸਾਵੇਂ ਜ਼ੋਰ ਨਾਲ ਤੇ ਸਾਂਝੇ ਹਥਾਂ ਨਾਲ ਇਸਤ੍ਰੀਆਂ ਕੰਮ ਨਹੀਂ ਕਰਨਗੀਆਂ, ਸਭਿਅਤਾ ਦਾ ਮੰਦਰ ਪੂਰਨ ਨਹੀਂ ਹੋ ਸਕਦਾ। ਮੇਰਾ ਯਕੀਨ ਹੈ, ਮਧੁਰਤਾ ਤੇ ਲਚਕ ਸਾਨੂੰ ਏਸੇ ਪਛੜੇ ਭਾਗ ਤੋਂ ਮਿਲਣੀ ਹੈ। ਮਨੁਖ ਹੱਡੀਆਂ ਦਾ ਢਾਂਚਾ ਹੈ ਤੇ ਇਸਤ੍ਰੀ ਹੋਰ ਸਭ ਕੁਝ, ਜੋ ਆਦਮੀ ਦਾ ਸਰੀਰ ਪੂਰਣ ਕਰਦੀ ਹੈ।

ਮੈਂ ਚਾਹੁੰਦਾ ਹਾਂ ਇਸਤ੍ਰੀ ਦੇ ਅਰਥ ਸਜਨੀ ਕੀਤੇ ਜਾਣ," ਗਾਵੇਨ ਨੇ ਕਿਹਾ।

"ਬੱਚਿਆਂ ਲਈ ਤੁਸਾਂ ਕੀ ਸੋਚਿਆ ਹੈ?"

"ਅੱਧਾ ਰਬ ਨੇ ਸੋਚ ਛਡਿਆ ਹੈ, ਕੇਵਲ ਅੱਧਾ ਹੀ ਅਸੀਂ ਸੋਚਣਾ ਹੈ। ਪਹਿਲੋਂ ਬੱਚੇ ਨੇ ਮਾਂ ਦੇ ਵਿਚ ਬੈਠਕੇ ਮਾਂ ਕੋਲੋਂ ਬਹੁਤ ਕੁਝ ਲੈਣਾ ਹੈ, ਉਸਤੋਂ ਪਿਛੋਂ ਟੱਬਰ ਤੇ ਗੁਵਾਂਢੀਆਂ ਪਾਸੋਂ, ਉਸਤੋਂ ਪਿੱਛੋਂ ਕਿਸੇ ਗੁਰਦੇਵ ਕੋਲੋਂ। ਏਦੂੰ ਪਿਛੋਂ ਕਿਤੇ ਸ਼ਹਿਰੀ ਬਣੇਗਾ," ਗਾਵੇਨ ਨੇ ਕਿਹਾ।

"ਬੱਸ?"

"ਕੇਵਲ ਏੱਨਾ ਹੋਰ ਕਿ ਮੁਲਕ ਦੀ ਬਣ ਰਹੀ ਕਿਸਮਤਵਿਚ ਉਸਦਾ ਹਥ ਹੋਵੇ। ਮੁਲਕ ਲਈ ਉਹ ਮਰ ਸਕੇ। ਨਗਰ ਜਾਂ ਸ਼ਹਿਰ ਵਿਚ ਰਹਿੰਦਾ ਉਹ ਚੰਗਾ ਬੰਦਾ ਬਣ ਸਕੇ। ਮਾਪਿਆਂ ਦਾ ਚੰਗਾ ਪੁਤਰ, ਗੁਰੂ ਦਾ ਚੰਗਾ ਚੇਲਾ, ਦੋਸਤਾਂ ਦਾ ਨਿਘਾ ਦੋਸਤ, ਇਸਤ੍ਰੀ ਦਾ ਚੰਗਾ ਮਾਲਕ ਤੇ ਦੇਸ਼ ਦਾ ਪੂਰਾ ਪੂਰਾ ਭਗਤ ਬਣ ਜਾਵੇ," ਗਾਵੇਨ ਨੇ ਕਿਹਾ।

"ਤੂੰ ਈਸ਼ਰ ਦਾ ਨਾਮ ਹੀ ਨਹੀਂ ਲਿਆ, ਕਾਫਰਾ," ਸਿਮੋਰ ਨੇ ਕਿਹਾ।

ਈਸ਼ਰ ਤੱਕ ਜੇਹੜੀ ਪੌੜੀ ਜਾਂਦੀ ਹੈ, ਇਹ ਸਾਰੇ ਉਸਦੇ ਡੰਡੇ ਹਨ। ਕਈ ਐਸੇ ਵੀ ਹਨ, ਜੋ ਈਸ੍ਵਰ ਤੱਕ ਜਾਣਾ ਚਾਹੁੰਦੇ ਹਨ, ਪਰ ਏਨ੍ਹਾਂ ਡੰਡਿਆਂ ਤੇ ਪੈਰ ਹੀ ਨਹੀਂ ਰਖਦੇ," ਗਾਵੇਨ ਨੇ ਕਿਹਾ।

"ਬੇਟਾ ਗਾਵੇਨ, ਏੱਨਾ ਛੇਤੀ ਛੇਤੀ ਨ ਬੋਲ," ਸਿਮੋਰ ਨੇ ਕਿਹਾ।

"ਮੇਰ ਗੁਰਦੇਵ, ਮੇਰੇ ਪਾਸ ਸਮਾਂ ਬੜਾ ਥੋੜਾ ਹੈ," ਗਾਵੇਨ ਨੇ ਤਰਲੇ ਨਾਲ ਕਿਹਾ।

"ਮੈਂ ਇਕ ਗਲ ਹੋਰ ਪੁਛਣੀ ਚਾਹੁੰਦਾ ਹਾਂ। ਨਵਾਂ ਯੁਗ ਔਣ ਵਾਲਾ ਹੈ ਤੇ ਪੁਰਾਣਾ ਮਿਟ ਗਿਆ ਹੈ। ਵਿਚਲੇ ਸਮੇਂ ਵਾਲੇ ਝਖੜਾਂ ਦਾ ਕੀ ਇਲਾਜ ਹੈ?"

"ਝਖੜ, ਜੰਗਲ ਦੇ ਸੁੱਕੇ ਪਤੇ, ਕਮਜ਼ੋਰ ਟਾਹਣੀਆਂ ਤੇ ਬੋਡੀਆਂ ਜੜ੍ਹਾਂ ਪੁਟਕੇ ਸੁਟ ਦੇਂਦੇ ਹਨ। ਕਿਸ ਲਈ? ਤਾਕਿ ਉਹ ਦੂਜਿਆਂ ਦੀ ਖੁਰਾਕ ਬਣ ਸਕਣ। ਬਣ ਢੁਕੀਆਂ ਸਭਿਅਤਾਂ ਵਿਚ ਸਦੀਆਂ ਪਿਛੋਂ ਖ਼ੂਨ ਰੁਕ ਜਾਂਦਾ ਹੈ। ਕੁਦਰਤ ਕੋਈ ਹੋਰ ਝਖੜ ਵਗਾਕੇ ਸਫਾਇਆ ਕਰ ਦੇਂਦੀ ਹੈ। ਕਿਉਂ? ਇਸ ਲਈ ਜੋ ਕੁਚਲੇ ਹੋਏ ਵੀ ਕੋਈ ਆਪਣੀ ਸਭਿਅਤਾ ਘੜ ਸਕਣ। ਕੀ ਫੋੜੇ ਸਾਡੇ ਚੰਗੇ ਖ਼ੂਨ ਦੀ ਨਿਸ਼ਾਨੀ ਹੈ? ਕੀ ਬੁਖਾਰ ਦੀ ਗਰਮੀ ਸਾਡੇ ਅਰੋਗ ਹੋਣ ਦੀ ਨਿਸ਼ਾਨੀ ਹੈ? ਏਸੇਤਰਾਂ ਸਾਡੀ ਸਭਿਅਤਾ ਵਿਚ ਵੀ ਫੋੜੇ ਹੁੰਦੇ ਹਨ। ਉਹ ਚੀਰੇ ਜਾਂਦੇ ਹਨ, ਇਤਿਹਾਸ ਦੇ ਸਫਿਆਂ ਤੇ ਬੈਠਕੇ ਉਸਦੇ ਨਿਸ਼ਾਨ ਸਾਡੇ ਪਾਸ ਪਹੁੰਚਦੇ ਹਨ। ਤਵਾਰੀਖ ਵਿਚ ਕਿੰਨੇ ਦਾਗ ਹੁੰਦੇ ਹਨ?" ਗਾਵੇਨ ਨੇ ਕਿਹਾ, "ਸਾਡਾ ਸਮਾਜ ਕੁਦਰਤ ਤੋਂ ਵੱਡਾ ਹੈ।"

"ਉਹ ਕਿਸਤਰਾਂ?" ਸਿਮੋਰ ਡੇਨ ਨੇ ਪੁਛਿਆ।

"ਅਸੀਂ ਕੁਦਰਤ ਨਾਲ ਜੁੜਦੇ ਹਾਂ ਕੇਵਲ ਖੁਰਾਕ ਲੈਣ ਲਈ, ਜਿਵੇਂ ਕੰਵਲ ਚਿਕੜ ਵਿਚੋਂ। ਕੁਦਰਤੀ ਰਹਿਣਾ ਜਾਂਗਲੀ ਪੁਣਾ ਹੈ। ਮਨੁਖ ਦਾ ਸਮਾਜ ਕੁਦਰਤ ਦੀ ਜੋਤ ਹੈ, ਕੁਦਰਤ ਦਾ ਨਿਚੋੜ ਹੈ। ਭਾਵੇਂ ਲੱਖਾਂ ਕੰਵਲਾਂ ਨੇ ਚਿਕੜ ਵਿਚੋਂ ਉਠਣਾ ਹੈ, ਪਰ ਚਿਕੜ ਚਿਕੜ ਹੈ ਤੇ ਕੰਵਲ ਕੰਵਲ," ਗਾਵੇਨ ਨੇ ਕਿਹਾ।

"ਬੇਟਾ, ਮੈਨੂੰ ਵੀ ਨਾਲ ਮਿਲਾ ਲੈ," ਸਿਮੋਰਡੇਨ ਨੇ ਤਰਲੇ ਨਾਲ ਕਿਹਾ।

"ਜ਼ਿੰਦਗੀ ਵਿਚ ਘੁੰਡੀਆਂ ਬੜੀਆਂ ਘਟ ਹਨ। ਜੇ ਘੁੰਡੀਆਂ ਹੁੰਦੀਆਂ ਤਾਂ ਅਸੀਂ ਮਸ਼ੀਨ ਹੁੰਦੇ, ਪੇਚ ਇਕ ਦੂਜੇ ਨਾਲ ਜੁੜ ਜਾਂਦੇ,

ਪਰ ਅਸੀਂ ਇਹ ਕੁਝ ਨਹੀਂ ਹਾਂ,'' ਗਾਵੇਨ ਨੇ ਕਿਹਾ।

ਸਿਮੋਰਡੇਨ ਨੂੰ ਪੇਚਾਂ ਤੋਂ ਕੋਈ ਗਲ ਯਾਦ ਆ ਗਈ। ਉਸ ਦੇ ਕੰਨਾਂ ਵਿਚ ਠੱਕ ਠੱਕ ਦਾ ਖੜਾਕ ਵੀ ਆਇਆ ਤੇ ਉਸਨੇ ਗਾਵੇਨ ਨੂੰ ਕਿਹਾ, ''ਬੇਟਾ, ਅੱਖਾਂ ਕਿਉਂ ਮੀਟ ਰਿਹਾ ਏਂ ?''

''ਸਦਾ ਲਈ ਅੱਖਾਂ ਮੀਟਣ ਤੋਂ ਪਹਿਲਾਂ ਅਭਿਆਸ ਕਰ ਰਿਹਾ ਹਾਂ।'' ਗਾਵੇਨ ਦੇ ਵਾਕ ਵਿਚ ਰੂਹ ਜਿੰਨਾ ਜ਼ੋਰ ਸੀ।

ਸਿਮੋਰਡੇਨ ਨੂੰ ਆਪਣੇ ਕੋਲੋਂ ਡਰ ਆਇਆ, ਗਾਵੇਨ ਕੋਲੋਂ ਵੀ ਡਰ ਆਇਆ ਤੇ ਉਹ ਇਕ ਦਮ ਪਿਛਲੇ ਪੈਰੀਂ ਦਰਵਾਜੇ ਤੋਂ ਬਾਹਰ ਆ ਗਿਆ। ਲਾਲਟੈਨ ਗਾਵੇਨ ਪਾਸ ਹੀ ਰਹਿ ਗਈ ਸੀ ਤੇ ਸਿਮੋਰਡੇਨ ਦੇ ਅੰਦਰ ਬਾਹਰ ਅੰਧੇਰਾ ਸੀ।

ਗਾਵੇਨ ਨੇ ਆਪਣੇ ਬਾਬੇ ਦੇ ਕੱਪੜਿਆਂ ਨੂੰ ਦੋ ਤਿੰਨ ਵਾਰ ਚੁੰਮਿਆਂ ਤੇ ਵੱਡੀ ਨੀਂਦਰ ਤੋਂ ਪਹਿਲਾਂ ਸੌਂ ਗਿਆ।

# ਦੋ ਪੰਖੇਰੂ

ਪ੍ਰਭਾਤ ਵੇਲੇ ਸਾਰੇ ਸਿਪਾਹੀ ਨੀਂਦਰ ਭਰੀਆਂ ਅਖਾਂ ਨਾਲ ਉਠੇ। ਹਰ ਘੰਟੀ ਅਜ ਮੌਤ ਵਾਂਗ ਸੁਣੀਂਦੀ ਸੀ। ਰਾਤ ਭਰ ਲੋਕ ਕਈ ਕੁਝ ਸੋਚਦੇ ਰਹੇ। ਕਈ ਗਾਵੇਨ ਨੂੰ ਸੁਪਨੇ ਵਿਚ ਰਿਹਾ ਕਰ ਚੁਕੇ ਸਨ ਤੇ ਕਈ ਗਿਲੋਟੀਨ ਦੀ ਭੇਟਾ।

ਸੂਰਜ ਦੀਆਂ ਕਿਰਨਾਂ ਲਾਲ ਕਿਲੇ ਤੇ ਵੀ ਪਈਆਂ ਤੇ ਉਚੀ ਟੰਗੀ ਹੋਈ ਗਿਲੋਟੀਨ ਦੀ ਛੁਰੀ ਤੇ ਵੀ। ਕਿਲਾ ਚਿਖਾ ਵਾਂਗ ਸੜ ਰਿਹਾ ਸੀ ਤੇ ਗਿਲੋਟੀਨ ਦੀ ਛੁਰੀ ਬਿਜਲੀ ਵਾਂਗ ਚਮਕ ਰਹੀ ਸੀ।

ਕਈ ਵਾਰ ਨਿਰਜੀਵ ਚੀਜ਼ਾਂ ਵੀ ਵੇਖਦੀਆਂ ਹਨ, ਜਿਵੇਂ ਜੁਵਾਰ ਭਾਟਾ ਜਹਾਜ਼ਾਂ ਨੂੰ, ਕਬਰ ਮਨੁਖਾਂ ਨੂੰ ਤੇ ਭੁਚਾਲ ਵੱਡੇ ਵੱਡੇ ਸ਼ਹਿਰਾਂ ਨੂੰ। ਗਿਲੋਟੀਨ ਕਿਲੇ ਨੂੰ ਵੇਖ ਰਹੀ ਸੀ ਤੇ ਕਿਲਾ ਲਾਲ ਅਖਾਂ ਨਾਲ ਗਿਲੋਟੀਨ ਨੂੰ।

ਲਾਲ ਕਿਲ੍ਹੇ ਨੇ ਤੇ ਇਸ ਦੇ ਮਾਲਕ, ਰਾਜਿਆਂ ਮਹਾਰਾਜਿਆਂ ਨੇ, ਕਈਆਂ ਸਦੀਆਂ ਤੋਂ ਇਨ੍ਹਾਂ ਵਿਚ ਮਨੁਖਾਂ ਨੂੰ ਬੰਦ ਕੀਤਾ ਤੇ ਮਾਰਿਆ। ਅਨੇਕਾਂ ਚੰਗੇ ਮਨੁਖਾਂ ਦੀ ਉਮਰ ਇਸ ਦੀਆਂ ਅੰਧੇਰ ਕੋਠੜੀਆਂ ਵਿਚ ਲੰਘੀ। ਕਾਨੂੰਨ, ਜਾਗੀਰਦਾਰਾਂ, ਹਾਕਮਾਂ ਤੇ ਪਾਦਰੀਆਂ ਨੇ ਮਿਲਕੇ ਸਦੀਆਂ ਭਰ ਚੰਮ ਦੀਆਂ ਚਲਾਈਆਂ, ਪਰ ਅਜ ਸਭ ਕੁਝ ਸੜ ਰਿਹਾ ਸੀ, ਸ਼ਖਸੀ ਰਾਜ ਦਾ ਸਾਰਾ ਸਾਮਾਨ ਸੁਵਾਹ ਦਾ ਢੇਰ ਬਣ ਰਿਹਾ ਸੀ ਤੇ ਲੋਕ ਰਾਜ ਦੀ ਗਿਲੋਟੀਨ ਉੱਚੀ ਹੋ

ਰਹੀ ਸੀ। ਕਿਲ੍ਹੇ ਦੇ ਆਲੇ ਦੁਆਲੇ ਦੂਰ ਤੱਕ ਤੇ ਪਤਾ ਨਹੀਂ ਕਿੰਨੀ ਦੂਰ ਤੱਕ ਖਾਈਆਂ ਵਿਚ ਮੁਰਦੇ ਦੱਬੇ ਹੋਏ ਸਨ। ਕਿਲ੍ਹੇ ਨੇ ਉਮਰ ਭਰ ਏਹੋ ਕਮਾਈ ਕੀਤੀ ਸੀ।

ਘੰਟੀਆਂ ਸਮੇਂ ਸਿਰ ਵਜਦੀਆਂ ਗਈਆਂ ਤੇ ਸਿਪਾਹੀਆਂ ਦੇ ਕਦਮ ਤੇ ਜਜਾਂ ਦੇ ਪੈਰ ਉਨ੍ਹਾਂ ਨੂੰ ਗਿਲੋਟੀਨ ਵਾਲੇ ਥਾਂ ਲੈ ਆਏ। ਰੇਡੋ ਤੇ ਸਿਮੋਰਡੇਨ ਦਾ ਚੇਹਰਾ ਵਸਾਰ ਵਰਗਾ ਸੀ। ਸਿਮੋਰਡੇਨ ਨੇ ਮੁਰਦਿਆਂ ਵਾਂਗ ਰੇਡੋ ਨੂੰ ਕਿਹਾ, "ਤੁਸੀਂ ਗਿਲੋਟੀਨ ਹੇਠਾਂ ਲੇਟ ਕੇ ਵੇਖੋ, ਜੋ ਤੁਹਾਡੀਆਂ ਤੇ ਮੇਰੀਆਂ ਅਖਾਂ ਆਪ ਵਿਚ ਦੀ ਵੇਖ ਸਕਦੀਆਂ ਹਨ।"

ਰੇਡੋ ਲੇਟ ਗਿਆ ਤੇ ਕੁਰਸੀ ਏਧਰ ਉਧਰ ਕਰਕੇ ਅਖੀਰ ਦੋਹਾਂ ਨੇ ਕਿਹਾ, "ਹੁਣ ਠੀਕ ਹੈ।"

ਦੂਰ ਦੂਰ ਤੱਕ ਫੌਜੀ ਸਭ ਕੁਝ ਵੇਖ ਰਹੇ ਸਨ। ਉਨ੍ਹਾਂ ਦੇ ਮੂੰਹ ਵਿੱਚੋਂ ਜ਼ਬਾਨ ਨਿਕਲ ਚੁਕੀ ਸੀ। ਪਰ ਘੰਟਿਆਂ ਦੀ ਅਵਾਜ਼ ਬੜੀ ਵੱਡੀ ਹੋ ਗਈ ਸੀ। ਉਹ ਸਮੇਂ ਸਿਰ ਔਂਦੇ ਤੇ ਮੌਤ ਦਾ ਸੁਵਾਗਤ ਕਰ ਜਾਂਦੇ।

ਜੱਜ ਬੈਠ ਗਏ ਤੇ ਸਿਮੋਰਡੇਨ ਉਠਿਆ, ਕਿੰਨਾ ਚਿਰ ਚੁਪ ਕਰਕੇ ਖੜਾ ਰਿਹਾ ਤੇ ਫਿਰ ਗਰਜਕੇ ਬੋਲਿਆ, "ਦੋਸ਼ੀ ਨੂੰ ਲਿਆਵੋ।"

ਗਾਵੇਨ ਵੀ ਘੰਟੇ ਗਿਣ ਰਿਹਾ ਸੀ। ਘੜਿਆਲ ਵੱਜਣ ਤੋਂ ਪਹਿਲਾਂ ਉਹ ਕਿੰਨਾ ਕੁਝ ਸੋਚਦਾ। ਉਸ ਦੇ ਅਗੇ ਉਸ ਦੀ ਦਾਦੀ ਔਂਦੀ, ਬਚਪਨ ਦੀਆਂ ਯਾਦਾਂ ਆਉਂਦੀਆਂ, ਬਾਬੇ ਦਾ ਫੌਜ ਵਿੱਚੋਂ ਆਕੇ ਪਿਆਰ ਕਰਨਾ ਯਾਦ ਆਉਂਦਾ ਤੇ ਕਈ ਵਾਰ ਉਹ ਕਿਸੇ ਲੰਘ ਚੁਕੇ ਸਮੇਂ ਦੀ ਗੋਦ ਵਿਚ ਮਸਤ ਵੀ ਹੋ ਜਾਂਦਾ, ਪਰ ਘੜਿ-ਆਲ ਉਸ ਨੂੰ ਖਿਚਕੇ ਕਾਲ ਕੋਠੜੀ ਵਿਚ ਲੈ ਆਉਂਦੇ। ਯਾਦਾਂ ਸਦਾ ਤੋਂ ਸਮੇਂ ਦੀ ਤਿਖੀ ਛੁਰੀ ਹੇਠੋਂ ਮਨੁਖ ਨੂੰ ਕਢਣ ਦਾ ਯਤਨ ਕਰਦੀਆਂ ਆਈਆਂ ਹਨ, ਪਰ ਸਮੇਂ ਦੇ ਹਥ ਬੜੇ ਤਕੜੇ ਹਨ।

ਗਾਵੇਨ ਤਿਆਰ ਹੋ ਚੁਕਾ ਸੀ ਤੇ ਸਿਪਾਹੀਆਂ ਦੇ ਪੈਰਾਂ ਨੂੰ ਭਵਿਖਤ ਦੀਆਂ ਅਵਾਜ਼ਾਂ ਵਾਂਗ ਕੰਨ ਲਾਕੇ ਸੁਣ ਰਿਹਾ ਸੀ। ਅੰਤ ਨੂੰ ਭਵਿਖਤ ਵਰਤਮਾਨ ਵਿਚ ਆ ਗਿਆ ਤੇ ਵਰਤਮਾਨ ਬੀਤ ਗਏ ਵਿਚ ਗੁੰਮ ਹੋ ਗਿਆ।

ਸਿਪਾਹੀਆਂ ਨੇ ਬੂਹਾ ਖੋਲਿਆ ਤੇ ਗਾਵੇਨ ਨੂੰ ਲੈ ਕੇ ਸਹਿਜੇ ਸਹਿਜੇ, ਮੌਤ ਦੇ ਕਦਮਾਂ ਵਾਂਗ ਗਿਲੋਟੀਨ ਦੇ ਲਾਗੇ ਪਹੁੰਚ ਗਏ।

ਇਕ ਸਰਪਟ ਦੌੜਦਾ ਘੋੜਾ ਪੈਰਸ ਪਹੁੰਚਾ ਤੇ ਉਸ ਨੇ ਇਕ ਕਾਗਜ਼ ਲੋਕ-ਰਾਜ ਦੇ ਆਗੂਆਂ ਅਗੇ ਰੱਖ ਦਿੱਤਾ। ਕਾਗਜ਼ ਪੜ੍ਹਕੇ ਤਿੰਨੇ ਨੱਚ ਉਠੇ ਤੇ ਉਨ੍ਹਾਂ ਨੇ ਸਾਰੇ ਸ਼ਹਿਰ ਵਾਸੀਆਂ ਨੂੰ ਖੁਸ਼ੀਆਂ ਮਨਾਉਣ ਲਈ ਢੰਡੋਰਾ ਫਿਰਾਇਆ। ਸਾਰਾ ਪੈਰਸ ਵਾਜਿਆਂ ਤੇ ਮਿਠੇ ਗੀਤਾਂ ਨਾਲ ਗੂੰਜ ਉਠਿਆ। ਲੰਟੇਨਕ ਦਾ ਫੜਿਆ ਜਾਣਾ ਕੋਈ ਮਾਮੂਲੀ ਗਲ ਨਹੀਂ ਸੀ।

ਸਮੇਂ ਦੇ ਕੰਨਾਂ ਵਿਚ ਦੋਵੇਂ ਅਵਾਜ਼ਾਂ ਸਨ, ਪੈਰਸ ਦੀਆਂ ਵੀ ਤੇ ਲਾਲ ਕਿਲ੍ਹੇ ਦੀਆਂ ਵੀ। ਅਕਾਸ਼ ਦੀ ਲਾਲ ਅਖ ਵੀ ਦੋਵੇਂ ਝਾਕੀਆਂ ਵੇਖ ਰਹੀ ਸੀ। ਪਰ ਸਿਪਾਹੀ ਗਾਵੇਨ ਨੂੰ ਵੇਖ ਰਹੇ ਸਨ ਤੇ ਪੈਰਸ ਵਾਲੇ ਵਾਜਿਆਂ ਨੂੰ ਸੁਣ ਰਹੇ ਸਨ।

ਘੰਟਿਆਂ ਦੀਆਂ ਆਵਾਜ਼ਾਂ ਮੌਤ ਦੇ ਪੈਰਾਂ ਵਾਂਗ ਫਿਰ ਆਈਆਂ ਤੇ ਇਹ ਮਧਮ ਜਹੀਆਂ ਹੋਕੇ ਪੈਰਸ ਤੱਕ ਵੀ ਪਹੁੰਚੀਆਂ, ਪਰ ਪੈਰਸ ਵਾਲੇ ਵੱਡੀਆਂ ਅਵਾਜ਼ਾਂ ਵਿਚ ਮਸਤ ਸਨ। ਅਵਾਜ਼ਾਂ ਹੋਰ ਅਗੇ ਲੰਘੀਆਂ ਤੇ ਉਹ ਪਿੰਡਾਂ ਤੇ ਕਿਸਾਨਾਂ ਦੇ ਖੇਤਾਂ ਵਿਚ ਦੀ ਗਈਆਂ। ਖੇਤਾਂ ਦੇ ਸਿੱਟੇ ਸਿਰ ਧੁਣ ਰਹੇ ਸਨ ਤੇ ਕਿਸਾਨ ਸਿੱਟੇ ਵੇਖਕੇ ਮਸਤੀ ਵਿਚ ਝੂਲ ਰਹੇ ਸਨ। ਅਵਾਜ਼ਾਂ ਮਲਾਹਾਂ ਦੀਆਂ ਬੇੜੀਆਂ ਤੇ ਕਪਤਾਨਾਂ ਦੇ ਜਹਾਜ਼ਾਂ ਤੱਕ ਪਹੁੰਚੀਆਂ। ਉਨ੍ਹਾਂ ਦੇ ਝੰਡਿਆਂ ਵਿਚੋਂ ਕੋਈ ਅਵਾਜ਼ ਤਾਂ ਪੈਦਾ ਹੋਈ, ਪਰ ਉਸ ਨੂੰ ਕੋਈ ਵੀ ਸਮਝ ਨ ਸਕਿਆ। ਹਰ ਪਲ ਅੰਦਰ ਸੈਂਕੜੇ ਖਬਰਾਂ ਦੁਨੀਆਂ ਵਿਚ ਘੁੰਮਦੀਆਂ

ਹਨ ਤੇ ਘੁੰਮ ਘੁੰਮ ਕੇ ਥਕ ਟੁਟ ਕੇ ਬੈਠ ਜਾਂਦੀਆਂ ਹਨ।

ਗਾਵੇਨ ਨੂੰ ਸਿਮੋਰ ਵੇਖ ਰਿਹਾ ਸੀ ਤੇ ਸਿਮੋਰ ਨੂੰ ਸਾਰੇ ਸਿਪਾਹੀ। ਦੋਵੇਂ ਚੁਪ ਚਾਪ ਖੜੇ ਸਨ ਤੇ ਗਿਲੋਟੀਨ ਦਾ ਪ੍ਰਛਾਵਾਂ ਕਬਰ ਵਾਂਗ ਮਿਣ ਰਿਹਾ ਸੀ। ਘੰਟੇ ਹੋਰ ਆਏ ਤੇ ਲਾਗਦੀ ਲੰਘੇ। ਸਿਮੋਰਡੇਨ ਨੇ ਸਿਪਾਹੀਆਂ ਨੂੰ ਕਿਹਾ, "ਦੋਸ਼ੀ ਨੂੰ ਗਿਲੋਟੀਨ ਹੇਠਾਂ ਕਰ ਦਿਓ।"

ਗਾਵੇਨ ਗਿਲੋਟੀਨ ਦੇ ਹੇਠ ਸੀ।

ਸਿਮੋਰਡੇਨ ਨੇ ਦੋਵੇਂ ਪਸਤੌਲ ਦੋਹਾਂ ਹਥਾਂ ਵਿਚ ਫੜ ਲਏ ਤੇ ਕਿਹਾ, "ਪਹਿਲੀ ਪਸਤੌਲ ਦੀ ਗੋਲੀ ਨਾਲ ਤਿਆਰ ਹੋ ਜਾਣਾ ਤੇ ਦੂਜੀ ਨਾਲ.........ਖਤਮ !"

ਰੇਡੋ ਨੇ ਕਿਹਾ, "ਅਜ ਤੱਕ ਇਕ ਦੋ ਤਿੰਨ ਕਹਿਕੇ......"

ਵਿਚੋਂ ਟੋਕਕੇ ਸਿਮੋਰਡੇਨ ਬੋਲਿਆ, "ਮੇਰੇ ਪਾਸ ਦੋ ਪਸਤੌਲ ਨੇ ਤੇ ਦੋਹਾਂ ਵਿਚ ਇਸ ਵੇਲੇ ਇਕੋ ਇਕ ਗੋਲੀ ਹੈ। ਹਾਂ, ਦੋਸ਼ੀ ਗਾਵੇਨ, ਤੂੰ ਮੇਰੇ ਦਿਲ ਤੇ ਨਜ਼ਰ ਰਖਣੀ ਹੋਵੇਗੀ।"

ਗਾਵੇਨ ਨੇ ਕਿਹਾ "ਚੰਗਾ, ਗੁਰਦੇਵ।"

ਰੇਡੋ ਨੇ ਆਪਣਾ ਪਸਤੌਲ ਕਢਕੇ ਪਹਿਲੋਂ ਸਿਮੋਰ ਨੂੰ ਦੇਣਾ ਚਾਹਿਆ, ਪਰ ਫਿਰ ਉਹ ਚੁਪ ਕਰ ਗਿਆ।

ਸਿਮੋਰ ਨੇ ਕਿਹਾ, "ਦੋਸ਼ੀ, ਧਿਆਨ ਮੇਰੇ ਵਿਚ"—ਤੇ ਨਾਲ ਹੀ ਗੋਲੀ ਖੱਬੇ ਹਥ ਵਾਲੇ ਪਸਤੌਲ ਵਿੱਚੋਂ ਚਲਾ ਦਿੱਤੀ।

ਗਾਵੇਨ ਦਾ ਧਿਆਨ ਆਪਣੇ ਉਸਤਾਦ ਦੇ ਦਿਲ ਤੇ ਸੀ ਤੇ ਗੁਸ਼ੇਪ ਦਾ ਹਥ ਗਿਲੋਟੀਨ ਦੀ ਕਲਾ ਉਤੇ। ਸਿਪਾਹੀਆਂ ਨੇ ਅਖਾਂ ਮੀਟੀਆਂ ਹੋਈਆਂ ਸਨ ਤੇ ਸਿਮੋਰਡੇਨ ਦਾ ਧਿਆਨ ਕਿਥੇ ਸੀ ?

ਸਿਮੋਰਡੇਨ ਨੇ ਉਚੀ ਸਾਰੀ ਕਿਹਾ, "ਮਸਾਲ", ਤੇ ਦੂਜੀ ਗੋਲੀ ਚਲਾ ਦਿਤੀ। ਬਿਜਲੀ ਵਾਂਗ ਛੁਰੀ ਹੇਠਾਂ ਨੂੰ ਆ ਰਹੀ ਸੀ ਤੇ ਗਾਵੇਨ ਦੀਆਂ ਅਖਾਂ ਨੂੰ ਆਪਣੇ ਉਸਤਾਦ ਦੇ ਦਿਲ ਵਿਚੋਂ ਲਹੂ

ਦੀ ਧਾਰ ਬਾਹਰ ਨਿਕਲਦੀ ਦਿਸ ਰਹੀ ਸੀ। ਇਕ ਹੋਰ ਉਚੀ ਅਵਾਜ਼ ਆਈ, ''ਤਿੰਨ'' ਤੇ ਨਾਲ ਪਸਤੌਲ ਚੱਲਿਆ।

ਚਿੱਟੇ ਧੂੰਏ ਦੇ ਤਿੰਨ ਵਰੋਲੇ ਅਕਾਸ਼ ਵਿਚ ਜਾ ਰਹੇ ਸਨ, ਤੇ ਨਾਲ ਦੋ ਦੀ ਥਾਂ ਤਿੰਨ ਚਿੱਟੇ ਖੰਭਾਂ ਵਾਲੇ ਪੰਖੇਰੂ ਜਾ ਰਹੇ ਸਨ—ਸਿਮੋਰ ਗਾਵੇਨ ਤੇ ਰੇਡੇ।

# ਆਲ੍ਹਣੇ

ਪੰਛੀਆਂ ਦੇ ਕੱਖਾਂ ਦੇ ਆਲ੍ਹਣੇ ਹੁੰਦੇ ਹਨ ਤੇ ਗਰੀਬਾਂ ਦੀਆਂ ਕੱਖਾਂ ਦੀਆਂ ਝੁਗੀਆਂ। ਇੱਕੋ ਝੁਗੀ ਵਿਚ ਤਿੰਨ ਬੱਚੇ ਤੇ ਵੋਧੀ ਮਾਂ ਰਹਿੰਦੀ ਸੀ। ਉਨ੍ਹਾਂ ਦੇ ਲਾਗੇ ਤਿੰਨ ਕਬਰਾਂ ਸਨ ਤੇ ਉਨ੍ਹਾਂ ਦੇ ਸਿਰਹਾਣੇ ਇਕ ਇਕ ਪੱਕੀ ਸਿਲਾ। ਸਿਲਾ ਦੇ ਅੱਖਰਾਂ ਨੂੰ ਸ਼ਾਮ ਦੇ ਫੈਲ ਰਹੇ ਅੰਧੇਰੇ ਵਿਚ ਇਕ ਡੰਗੋਰੀ ਵਾਲਾ ਆਦਮੀ ਪੜ੍ਹ ਰਿਹਾ ਸੀ। ਪਹਿਲੀ ਤੇ ਲਿਖਿਆ ਹੋਇਆ ਸੀ: "ਅਸੂਲ ਸਭ ਤੋਂ ਵੱਡਾ ਹੈ।" ਬੁਢਾ ਮੂੰਹ ਵਿਚ ਬੁੜ ਬੁੜ ਕਰਦਾ ਦੂਜੀ ਕਬਰ ਵੱਲ ਵਧਿਆ। ਉਸ ਤੇ ਲਿਖਿਆ ਸੀ: "ਧਰਮੀ ਬਾਬਲ ਤੇ ਸਿਪਾਹੀ।" ਬੁਢੇ ਨੇ ਉਸ ਪੱਥਰ ਨੂੰ ਦੋ ਤਿੰਨ ਵਾਰ ਸੁੱਕੇ ਬੁੱਲਾਂ ਨਾਲ ਚੁੰਮਿਆ ਤੇ ਡੰਗੋਰੀ ਫੜਕੇ ਤੀਜੀ ਕਬਰ ਵੱਲ ਵਧਿਆ। ਉਸ ਦੀ ਸਿਲਾ ਤੇ ਉਕਰੇ ਅੱਖਰਾਂ ਨੂੰ ਬੜੀ ਔਖਿਆਈ ਨਾਲ ਬੁਢੇ ਨੇ ਪੜ੍ਹਿਆ, "ਮਨੁਖਤਾ ਸਭ ਤੋਂ ਵੱਡੀ ਹੈ।" ਬੁਢੇ ਨੇ ਉਸ ਕਬਰ ਨੂੰ ਮੱਥਾ ਟੇਕਿਆ ਤੇ ਕਿੰਨਾ ਚਿਰ ਗੋਡੇ ਟੇਕਕੇ ਬੈਠਾ ਰਿਹਾ। ਬੁਢੇ ਦੀਆਂ ਝਿਮਣੀਆਂ ਵਿਚ ਅੱਥਰੂ ਪ੍ਰੋਤੇ ਹੋਏ ਸਨ ਤੇ ਅਕਾਸ਼ ਵਿਚ ਤਾਰੇ।

ਬੁਢੇ ਦੇ ਕੰਨੀਂ ਅਵਾਜ਼ ਪਈ। ਉਸ ਨੇ ਵੇਖਿਆ ਕੋਈ ਤਿੰਨ ਦੀਵੇ ਜਗਾਕੇ ਏਧਰ ਆ ਰਿਹਾ ਹੈ। ਉਹ ਪਿਛੇ ਹਟ ਗਿਆ ਤੇ ਦੀਵਿਆਂ ਵਾਲੀ ਬੁਢੀ ਮਾਂ ਬੱਚਿਆਂ ਨੂੰ ਨਾਲ ਲਈ ਉਥੇ ਆ ਪਹੁੰਚੀ। ਤਿੰਨਾਂ ਕਬਰਾਂ ਤੇ ਦੀਵੇ ਜਗ ਰਹੇ ਸਨ ਤੇ ਮਾਂ ਬੋਲੀ,

ਤੇ ਪੁੱਤਰ, ਬੈਠ ਜਾਵੇ "?

ਤਿੰਨੇ ਬੱਚੇ ਹਥ ਜੋੜਕੇ ਬੈਠ ਗਏ ਤੇ ਮਾਂ ਬੋਲੀ, "ਪਹਿਲੇ ੜੀ ਬਾਤ ਸੁਣਾਵਾਂ ?"

ਜੀਨ ਬੋਲਿਆ, "ਧਰਮੀ ਬਾਬਲ ਰੋਡੋ ਦੀ।"

ਲੇਨ ਬੋਲਿਆ, "ਪਹਿਲੋਂ ਟੈਲੀਮਾਰਚ ਦੀ।"

ਜੈਂਟ ਬੋਲੀ, "ਦੂਜੀ ਮਾਂ, ਲੰਟੇਨਕ ਦੀ।"

ਮਾਂ ਬੋਲੀ, "ਮੈਂ ਸਭੇ ਬਾਤਾਂ ਸੁਣਾਵਾਂਗੀ, ਹੁਣ ਚੁਪ ਕਰੋ ਸੁਣੋ, ਤੇਲ ਥੋੜ੍ਹਾ ਹੈ।"

ਮਾਂ ਬਾਤਾਂ ਸੁਣਾਉਣ ਲਗ ਪਈ ਤੇ ਬੁਢਾ ਹੋਰ ਲਾਰੇ ਹੋਕੇ ਸਭ ਕੁਝ ਸੁਣਦਾ ਗਿਆ। ਉਸਦੀ ਬਾਤ ਵੀ ਆਈ ਤੇ ਉਸ ਨੇ ਣੀ। ਬਾਤਾਂ ਖਤਮ ਹੋਈਆਂ, ਦੀਵੇ ਬੁਝ ਗਏ। ਮਾਂ ਬੱਚਿਆਂ ਨੂੰ ੋ ਆਪਣੇ ਆਲ੍ਹਣੇ ਵੱਲ ਜਾ ਰਹੀ ਸੀ ਤੇ ਟੈਲੀਮਾਰਚ ਡੰਗੋਰੀ ਕੇ ਸੋਚਦਾ ਜਾ ਰਿਹਾ ਸੀ, "ਉਹ ਵੀ ਚੰਗੇ ਹਨ ਜੇਹੜੇ ਚੰਗੀ ਤ ਬਣ ਸਕਦੇ ਹਨ।"

ਕਬਰਾਂ ਦਾ ਨਾਮ ਨਿਸ਼ਾਨ ਨਹੀਂ ਰਹਿ ਗਿਆ। ਪਰ ਹੁਣ । ਸ਼ਾਮਾਂ ਨੂੰ ਦੀਵੇ ਜਗਦੇ ਹਨ ਤੇ ਮਾਵਾਂ ਆਪਣੇ ਬੱਚਿਆਂ ਨੂੰ ਾਤਾਂ ਸੁਣਾਉਂਦੀਆਂ ਹਨ।

—: ਅੰਤ :—

S31M

# ਛਪ ਚੁਕੀਆਂ ਪੁਸਤਕਾਂ

੧. ਮਾਂ ੨/
੨. ਕੈਦੀ ੧॥)
੩. ਸਤੀ ਸਾਵਿਤ੍ਰੀ ੧)

## ਛਪ ਰਹੀਆਂ

੧. ਨਹਿਰੂ ਘਰਾਣਾ ੧॥)
੨. ਸ਼ੇਕਸਪੀਅਰ ਦੀਆਂ ਕਹਾਣੀਆਂ ੧।)
੩. ਠੇਡੇ (ਕਹਾਣੀਆਂ) ੧)
੪. ਨੋਬਲ ਪ੍ਰਾਈਜ਼ ਨੂੰ ੩੯ ਸਾਲ ਤੋਂ ਲੈਣ ਵਾਲਿਆਂ ਦੇ ਜੀਵਨ ਤੇ ਰਚਨਾ ੨॥)

ਸੋਲ ਏਜੰਟ

**ਪ੍ਰੀਤ ਬੁਕ ਏਜੰਸੀ, ਚੌਂਕ ਘੰਟਾ ਘਰ**

ਅਮ੍ਰਿਤਸਰ

ਵਜ਼ੀਰ ਹਿੰਦ ਪ੍ਰੈਸ ਹਾਲ ਬਾਜ਼ਾਰ ਅੰਮ੍ਰਿਤਸਰ
ਵਿਚ ਸਰਦਾਰ ਭੁਪਿੰਦਰ ਸਿੰਘ ਬੀ. ਏ., ਐਲਐਲ. ਬੀ.
ਪ੍ਰਿੰਟਰ ਦੇ ਯਤਨ ਨਾਲ ਛਪੀ ਤੇ ਭਾਈ ਕ੍ਰਿਪਾਲ ਸਿੰਘ
ਨੇ ਚੌਂਕ ਘੰਟਾ ਘਰ ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤੀ।